
ਖਾਲਸਾ ਜੋਧੇ

(ਭਾਗ ਦੂਜਾ)

-ਮਨਿੰਦਰ ਸਿੰਘ ਬਾਜਾ



KHARKOO YODHE (Vol. II)

Written by:
Maninder Singh Baja
(M): 94171-29956

Proof Reading by:
Bhai Baghel Singh Bagi

© ਪ੍ਰਕਾਸ਼ਕ

ਪਹਿਲੀ ਵਾਰ : 2012

ਕੀਮਤ : 230/- ਰੁਪਏ

ਪ੍ਰਕਾਸ਼ਕ :
ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)
ਦੁਕਾਨ ਨੰ: 154, ਸਕੂਟਰ ਸਟੈਂਡ ਦੇ ਉੱਪਰ,
ਦਰਬਾਰ ਸਾਹਿਬ ਦੇ ਸਾਹਮਣੇ, ਨਿਊ ਘੰਟਾ ਘਰ ਮਾਰਕੀਟ, ਅੰਮ੍ਰਿਤਸਰ।
ਫ਼ੋਨ ਨੰ: 0183-2558302

ਪ੍ਰਿੰਟਰ :
ਦਸ਼ਮੇਸ਼ ਪ੍ਰਿੰਟਿੰਗ ਪ੍ਰੈੱਸ, ਜਲੰਧਰ।

ਤਤਕਰਾ

1.	ਦੋ ਸ਼ਬਦ	5
2.	ਸ਼ਹੀਦ ਭਾਈ ਗੁਰਦੇਵ ਸਿੰਘ 'ਉਸਮਾਨਵਾਲਾ'	12
3.	ਸ਼ਹੀਦ ਭਾਈ ਸੁਖਵੰਤ ਸਿੰਘ ਉਸਮਾਨਵਾਲਾ	37
4.	ਭਾਈ ਰਣਧੀਰ ਸਿੰਘ ਧੀਰਾ ਉਸਮਾਨਵਾਲਾ ਦੀ ਕਹਾਣੀ	40
5.	ਜੁਝਾਰੂ ਯੋਧਾ ਡਾ. ਸੁਖਦੇਵ ਸਿੰਘ ਸੁੱਖਾ ਸੰਗਤਪੁਰਾ	41
6.	ਮਾਤਾ ਸੁਰਜੀਤ ਕੌਰ ਦੇ ਭੱਜਣ ਦੀ ਕਹਾਣੀ	49
7.	ਡਾ. ਸੁੱਖਾ ਭਾਊ ਦਾ ਪਿਤਾ ਬਾਪੂ ਮਹਿੰਦਰ ਸਿੰਘ ਜਦੋਂ ਪੁਲਿਸ ਦੇ ਨਾਲ ਜਾਣ ਤੋਂ ਬਾਗੀ ਹੋ ਗਿਆ	53
8.	ਸ਼ਹੀਦ ਭਾਈ ਪ੍ਰਗਟ ਸਿੰਘ ਸੰਗਤਪੁਰਾ	56
9.	ਭਾਈ ਪ੍ਰਗਟ ਸਿੰਘ ਫੌਜੀ ਸੰਗਤਪੁਰਾ ਅਤੇ ਭਾਈ ਮਨਜਿੰਦਰ ਸਿੰਘ ਤਲਵੰਡੀ ਰਾਏ ਦੀ ਸ਼ਹੀਦੀ ਦੇ ਸੋਹਿਲੇ ਗਾਉਂਦੀਆਂ ਅਖਬਾਰਾਂ ਵਿਚੋਂ ਵੰਨਗੀ	63
10	ਦਲੇਰ ਸੂਰਮਾ ਸ਼ਹੀਦ ਭਾਈ ਰਸਾਲ ਸਿੰਘ ਆਰਫਕੇ	65
11.	ਸ਼ਹੀਦ ਭਾਈ ਦੁਰਗਾ ਸਿੰਘ ਆਰਫਕੇ ਦੀ ਕਹਾਣੀ	76
12.	ਤੱਤ ਖਾਲਸਾ ਆਗੂ ਦੁਰਗਾ ਸਿੰਘ ਪੁਲਿਸ ਮੁਕਾਬਲੇ ਵਿੱਚ ਹਲਾਕ	98
13.	ਸ਼ਹੀਦ ਭਾਈ ਰਛਪਾਲ ਸਿੰਘ	101
14.	ਕਾਲੀਆ ਸਕੱਤਰਾ ਦੇ ਸਿੰਘਾਂ ਦੀ ਕਹਾਣੀ	111
15	ਸ਼ਹੀਦ ਭਾਈ ਪਿੱਪਲ ਸਿੰਘ ਤੂਫਾਨ (ਕਾਲੀਆ ਸਕੱਤਰਾ)	116
16.	ਭਾਈ ਬੋਹੜ ਸਿੰਘ ਕਾਲੀਆ ਸਕੱਤਰਾ	119
17.	ਮਰਦ ਦਲੇਰ ਸੂਰਮਾ ਭਾਈ ਸਵਰਨ ਸਿੰਘ ਗ੍ਰੰਥੀ (ਕਾਲੀਆ ਸਕੱਤਰਾ)	121
18.	ਯੋਧਾ ਅਕਬਰ ਸਿੰਘ ਕਾਲੀਆ ਸਕੱਤਰਾ	131
19.	ਸ਼ਹੀਦ ਭਾਈ ਸੁਖਬੀਰ ਸਿੰਘ ਕਾਲਾ, ਠੱਠੀ ਜੈਮਲ ਸਿੰਘ	135
20.	ਸ਼ਹੀਦ ਭਾਈ ਸ਼ਲਵਿੰਦਰ ਸਿੰਘ ਕਾਲੀਆ ਸਕੱਤਰਾ	137
21.	ਸ਼ਹੀਦ ਭਾਈ ਬਗੀਚਾ ਸਿੰਘ ਖਾਲਸਾ (ਕਾਲੀਆ ਸਕੱਤਰਾ)	140
22.	ਸ਼ਹੀਦ ਭਾਈ ਵਿਰਸਾ ਸਿੰਘ (ਕਾਲੀਆ ਸਕੱਤਰਾ)	149
23.	ਸ਼ਹੀਦ ਭਾਈ ਗੁਰਸਾਹਿਬ ਸਿੰਘ (ਕਾਲੀਆ ਸਕੱਤਰਾ)	152
24.	ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ (ਕਾਲੀਆ ਸਕੱਤਰਾ)	156
25.	ਸ਼ਹੀਦ ਭਾਈ ਸ਼ਿੰਦਰ ਸਿੰਘ (ਕਾਲੀਆ ਸਕੱਤਰਾ)	161
26.	ਸ਼ਹੀਦ ਭਾਈ ਗੁਰਮੁਖ ਸਿੰਘ ਘੋਖਾ (ਕਾਲੀਆ ਸਕੱਤਰਾ)	166
27.	ਸ਼ਹੀਦ ਭਾਈ ਜਸਕਰਨ ਸਿੰਘ ਕਾਲਾ, ਠੱਠੀ ਜੈਮਲ ਸਿੰਘ	169
28.	ਸ਼ਹੀਦ ਭਾਈ ਸੁਰਜੀਤ ਸਿੰਘ ਝੱਖੜ ਉਰਫ ਸੀਤਲ ਸਿੰਘ ਠੱਠੀ ਜੈਮਲ ਸਿੰਘ	173

29. ਬਹਾਦਰ ਯੋਧਾ ਭਾਈ ਰਸਾਲ ਸਿੰਘ ਠੱਠੀ ਜੈਮਲ ਸਿੰਘ 179
30. ਸ਼ਹੀਦ ਭਾਈ ਜੋਗਾ ਸਿੰਘ ਠੱਠੀ ਜੈਮਲ ਸਿੰਘ 182
31. ਸ਼ਹੀਦ ਭਾਈ ਗੁਰਨਾਮ ਸਿੰਘ ਠੱਠੀ ਜੈਮਲ ਸਿੰਘ 185
32. ਸ਼ਹੀਦ ਭਾਈ ਸਾਰਜ ਸਿੰਘ ਠੱਠੀ ਜੈਮਲ ਸਿੰਘ 189
33. ਸੂਰਮਾ ਭਾਈ ਕੇਵਲ ਸਿੰਘ ਦੂਹਲ ਕੋਹਨਾ 191
34. ਸ਼ਹੀਦ ਭਾਈ ਹਰਜਿੰਦਰ ਸਿੰਘ ਉਰਫ ਮੁਸੀਬਤ ਸਿੰਘ ਵੈਰੜ 194
35. ਸ਼ਹੀਦ ਭਾਈ ਕੇਵਲ ਸਿੰਘ ਦੂਹਲ ਕੋਹਨਾ 205
36. ਸ਼ਹੀਦ ਭਾਈ ਕਾਬਲ ਸਿੰਘ ਮੱਲ ਕਟੋਰਾ (ਮਲੋਟ) ਉਰਫ ਭਾਈ ਨਿਰੰਤਰ ਸਿੰਘ 206
37. ~~ਗੱਲਾਂ ਹੁੰਦੀਆਂ ਨੇ ਘਰ-ਘਰ ਸਾਰੇ ਬਾਈ ਹੁਸਨ ਸਿੰਘ ਹੁਸਨਾ ਦੀਆਂ 216~~
38. ਸ਼ਹੀਦ ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਵਾਲਿਆਂ ਦੀ ਕਹਾਣੀ
ਉਸਦੇ ਸਾਥੀਆਂ ਦੀ ਜ਼ੁਬਾਨੀ 228
39. ਪੁਲਿਸ ਹਿਰਾਸਤ ਦੌਰਾਨ ਬਾਬਾ ਚਰਨ ਸਿੰਘ ਬੀੜ ਸਾਹਿਬ ਵਾਲਿਆਂ ਨੂੰ
ਜਦੋਂ ਅਸੀਂ ਮਿਲੇ ਸੀ - ਸ੍. ਜੋਗਿੰਦਰ ਸਿੰਘ ਠੱਠਗੜ੍ਹ 232
40. ਅਮਰ ਸ਼ਹੀਦ ਭਾਈ ਨਿਰਮਲ ਸਿੰਘ ਸਮਾਲਸਰ 236
41. ਸ਼ਹੀਦ ਭਾਈ ਗੁਰਸਾਹਿਬ ਸਿੰਘ ਮੰਡਿਆਲਾ ਉਰਫ ਅਮਰਜੋਤ ਸਿੰਘ
ਉਰਫ ਭਾਈ ਇੰਦਰਪਾਲ ਸਿੰਘ ਖਾਲਸਾ 238
42. ਸ਼ਹੀਦ ਗੁਰਮੁਖ ਸਿੰਘ ਬੱਗਾ ਉਰਫ ਗੰਭੀਰ ਸਿੱਟਾ 243
43. ਸ: ਹਰਬੰਸ ਸਿੰਘ ਹੌਲਦਾਰ (ਪੰਜਾਬ ਆਰਮਡ ਪੁਲਿਸ) ਕਾਲੀਆ ਸਕੱਤਰਾ 253

ਦੋ ਸ਼ਬਦ

ਸਿੱਖ ਕੌਮ ਨੇ ਹਿੰਦੁਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਲਈ 85% ਤੋਂ ਵੱਧ ਕੁਰਬਾਨੀਆਂ ਕੀਤੀਆਂ। ਸਿੱਖਾਂ ਦੇ ਅਕਲੋਂ ਕੋਰੇ ਲੀਡਰਾਂ/ਆਗੂਆਂ ਨਹਿਰੂ/ਗਾਂਧੀ, ਬਾਹਮਣ ਬਾਣੀਆਂ ਦੇ ਝੂਠੇ ਵਾਅਦਿਆਂ ਦੇ ਮਗਰ ਲੱਗ ਕੇ ਸਿੱਖ ਕੌਮ ਦਾ ਘਾਣ ਕਰਾ ਦਿੱਤਾ। ਅੰਗਰੇਜ਼ ਤਾਂ 15 ਅਗਸਤ 1947 ਨੂੰ ਹਿੰਦੁਸਤਾਨ ਛੱਡ ਕੇ ਚਲੇ ਗਏ। ਮੁਸਲਮਾਨ ਕੌਮ ਦੇ ਸਿਆਣੇ ਦੂਰ-ਅੰਦੇਸ਼ੀ ਆਗੂ ਮੁਹੰਮਦ ਅਲੀ ਜਿਨਾਹ ਨੇ ਆਪਣੀ ਕੌਮ ਦੀ ਆਜ਼ਾਦੀ ਦਾ ਵੱਖਰਾ ਘਰ ਪਾਕਿਸਤਾਨ ਲੈ ਲਿਆ ਅਤੇ ਬਾਹਮਣ/ਬਾਣੀਆਂ ਅਜ਼ਾਦ ਹਿੰਦੁਸਤਾਨ 'ਤੇ ਕਾਬਜ਼ ਹੋ ਗਏ ਤੇ ਸਿੱਖ ਗੁਲਾਮ ਦਰ ਗੁਲਾਮ ਹੋ ਗਏ।

ਸਿੱਖ ਕੌਮ ਸ਼ੇਰਾਂ ਦੀ ਤੇ ਲੀਡਰ ਗਧੇ, ਜਿਹੜੇ ਹਿਣਕਦੇ ਰਹੇ, ਪਰ ਸਿੱਖਾਂ ਵਾਸਤੇ ਹਾਸਲ ਕੁਝ ਵੀ ਨਾ ਕਰ ਸਕੇ। ਆਪਣੀ ਕੌਮ ਦਾ ਘਰ ਤਾਂ ਕੀ ਬਣਾਉਣਾ ਸੀ, ਸਗੋਂ ਮੁਸਲਮਾਨ ਕੌਮ ਦੇ ਕੌਮੀ ਘਰ ਪਾਕਿਸਤਾਨ ਬਨਣ ਦਾ ਵਿਰੋਧ ਕਰਦੇ ਰਹੇ ਤੇ ਰਲ-ਮਿਲ ਇਕੱਠੇ ਵੱਸਦਿਆਂ ਸਿੱਖਾਂ-ਮੁਸਲਮਾਨ ਭਰਾਵਾਂ 'ਚ ਵਿਰੋਧ ਦੀ ਦੁਸ਼ਮਣੀ ਵਧਾ ਦਿੱਤੀ। ਆਖਰ ਪਾਕਿਸਤਾਨ 14 ਅਗਸਤ 1947 ਨੂੰ ਆਜ਼ਾਦ ਹੋ ਗਿਆ ਤੇ ਨਾਲ ਹੀ ਨਵੇਂ ਬਣੇ ਮੁਲਕ ਪਾਕਿਸਤਾਨ ਅੰਦਰ ਸਿੱਖਾਂ ਦੇ ਖੂਨ ਦੀਆਂ ਨਦੀਆਂ ਵਹਿ ਗਈਆਂ ਤੇ ਇਧਰ ਪੰਜਾਬ ਅੰਦਰ ਮੁਸਲਮਾਨਾਂ ਦੇ ਖੂਨ ਦੀਆਂ ਨਦੀਆਂ ਵਹਿ ਗਈਆਂ। ਦੋਵਾਂ ਕੌਮਾਂ ਦੀਆਂ ਧੀਆਂ-ਭੈਣਾਂ ਦੀਆਂ ਇੱਜ਼ਤਾਂ ਰੁਲੀਆਂ। ਜ਼ਮੀਨਾਂ-ਜਾਇਦਾਦਾਂ ਦੇ ਮਾਲਕ ਹਾਲ ਫਕੀਰਾਂ ਦੇ ਹੋ ਗਏ।

ਨਵੇਂ ਬਣੇ ਮੁਲਕ ਪਾਕਿਸਤਾਨ ਦੀ ਸਰਕਾਰ ਨੇ ਇਧਰੋਂ ਉੱਜੜ ਕੇ ਗਏ ਆਪਣੇ ਮੁਸਲਮਾਨ ਭਰਾਵਾਂ ਦਾ ਮੁੜ ਵਸੇਬੇ ਲਈ ਈਮਾਨਦਾਰੀ ਅਤੇ ਹਮਦਰਦੀ ਨਾਲ ਕੰਮ ਕੀਤਾ, ਜ਼ਮੀਨਾਂ ਸਵਾਈਆਂ ਅਲਾਟ ਕੀਤੀਆਂ। 4 ਕਿੱਲੇ ਵਾਲੇ ਨੂੰ 5 ਕਿੱਲੇ ਤੇ 8 ਕਿੱਲੇ ਵਾਲੇ ਨੂੰ 10 ਕਿੱਲੇ ਜ਼ਮੀਨ ਦਿੱਤੀ ਗਈ ਅਤੇ ਇਧਰ ਹਿੰਦੁਸਤਾਨ ਅੰਦਰ ਬਾਹਮਣ-ਬਾਣੀਆਂ ਨੇ ਹਕੂਮਤ ਸੰਭਾਲਦਿਆਂ ਨਹਿਰੂ-ਪਟੇਲ ਵਰਗੇ ਹਿੰਦੂ ਆਗੂ ਵਾਅਦਿਆਂ ਤੋਂ ਮੁੱਕਰ ਗਏ। ਸਿੱਖ ਲੀਡਰ ਮਾਸਟਰ ਤਾਰਾ ਸਿੰਘ ਨੇ ਪੰਡਤ ਜਵਾਹਰ ਲਾਲ ਨਹਿਰੂ ਨੂੰ ਆਜ਼ਾਦੀ ਤੋਂ ਬਾਅਦ ਸਿੱਖਾਂ ਦੇ ਸਵੈਮਾਨ ਤੇ ਆਜ਼ਾਦੀ ਦਾ ਨਿੱਘ ਮਾਣਨ ਦੇ ਵਾਅਦੇ ਪੂਰੇ ਕਰਨ ਲਈ ਕਿਹਾ ਤਾਂ ਨਹਿਰੂ ਪੂਰੀ ਢੀਠਤਾਈ ਤੇ ਬੇਸ਼ਰਮੀ ਨਾਲ ਕਹਿਣ ਲੱਗਾ—'ਉਦੋਂ ਸਮਾਂ ਹੋਰ ਸੀ ਤੇ ਹੁਣ ਸਮਾਂ ਬਦਲ ਗਿਆ।' ਪਟੇਲ ਨੇ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਨੂੰ ਚਿੱਠੀ ਭੇਜੀ ਕਿ ਸਿੱਖਾਂ ਉੱਤੇ ਕਰੜੀ ਨਿਗ੍ਹਾ ਰੱਖੀ ਜਾਵੇ।

ਸਿੱਖ ਜਰਾਇਮ-ਪੇਸ਼ਾ ਲੋਕ ਹਨ। ਪਾਕਿਸਤਾਨ ਤੋਂ ਉੱਜੜ ਕੇ ਆਏ ਸਿੱਖਾਂ ਨੂੰ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਕਰ ਦਿੱਤਾ। ਸਿੱਖਾਂ ਨੂੰ ਜ਼ਮੀਨਾਂ ਦੀ ਕੱਟ ਲਾ ਦਿੱਤੀ। ਲੀਡਰ ਮੋਰਚੇ ਲਾ ਕੇ, ਕਦੀ ਪੰਜਾਬੀ ਸੂਬਾ ਕਦੀ ਕਪੂਰੀ ਦਾ, ਸਿੱਖ ਕੌਮ ਨੂੰ ਮੋਰਚਿਆਂ ਵਿੱਚ ਉਲਝਾਉਣ ਲੱਗੇ। ਜੇ ਵੇਖਿਆ-ਵਿਚਾਰਿਆ ਜਾਵੇ ਤਾਂ ਇਹ ਗੱਲ ਪ੍ਰਤੱਖ ਸਾਹਮਣੇ ਆ ਚੁੱਕੀ ਹੈ ਕਿ ਅਖੌਤੀ ਅਕਾਲੀ ਪੰਥਕ ਲੀਡਰ ਜਦੋਂ ਕੇਂਦਰ ਸਰਕਾਰ ਨਾਲ ਮੋਰਚੇ ਲਾਉਂਦੇ ਹਨ, ਸਿੱਖ ਕੌਮ ਦੀ ਆਜ਼ਾਦੀ ਲਈ ਨਾਅਰੇ ਤਾਂ ਲਾਉਂਦੇ ਹਨ, ਸਿੱਖਾਂ ਨੂੰ ਸੰਘਰਸ਼ ਦੇ ਰਾਹ ਪਾਉਂਦੇ ਹਨ, ਹਕੂਮਤ ਨੂੰ ਸਿੱਖਾਂ ਦਾ ਕਤਲੇਆਮ ਕਰਨ ਦਾ ਬਹਾਨਾ ਮਿਲ ਜਾਂਦਾ ਹੈ। ਪਰ ਅਕਾਲੀ ਲੀਡਰਾਂ ਦਾ ਮਨੋਰਥ ਕੁਝ ਕੁ ਰਿਆਇਤਾਂ ਤੇ ਕੁਰਸੀ ਖਾਤਰ ਯੁੱਧ ਹੁੰਦਾ ਹੈ। ਭਰਾਵੋ! ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ, ਸਾਰੇ ਸੰਤਾਪ ਨੂੰ ਆਪਾਂ ਅੱਖੀਂ ਵੇਖਿਆ ਤੇ ਹੱਡੀਂ ਹੰਡਾਇਆ ਹੈ।

ਹਿੰਦ ਦੀ ਬ੍ਰਾਹਮਣਵਾਦੀ ਸੋਚ ਦੀ ਧਾਰਨੀ ਕੇਂਦਰ ਸਰਕਾਰ ਅਤੇ ਉਸ ਦੀ ਕਠਪੁਤਲੀ ਪੰਜਾਬ ਰਾਜ ਸਰਕਾਰਾਂ ਨੇ ਕਦੇ ਵੀ ਸਿੱਖ ਕੌਮ ਨੂੰ ਨਾ ਤਾਂ ਸਿੱਖੀ ਦੀ ਵੱਖਰੀ ਹੋਂਦ ਨੂੰ ਸਵੀਕਾਰਿਆ ਹੈ ਤੇ ਨਾ ਹੀ ਸਿੱਖਾਂ ਦੀ ਚੜ੍ਹਦੀ ਕਲਾ ਵਿੱਚ ਵੇਖਣਾ ਪਸੰਦ ਕੀਤਾ ਹੈ। ਸਿੱਖਾਂ ਨੂੰ ਆਰਥਿਕ ਪੱਖੋਂ ਤਬਾਹ ਕਰਨ ਲਈ ਪੰਜਾਬ ਦੇ ਕੁਦਰਤੀ ਸੋਮਿਆਂ ਪਾਣੀ, ਬਿਜਲੀ ਨੂੰ ਲੁੱਟਿਆ ਹੀ ਹੈ, ਪੰਜਾਬੀ ਬੋਲਦੇ ਇਲਾਕੇ ਧੱਕੇ ਨਾਲ ਖੋਹੇ ਹਨ ਤੇ ਸਿੱਖ ਕੌਮ ਨੂੰ ਧਾਰਮਿਕ ਤੌਰ 'ਤੇ ਖੋਰਾ ਲਾਉਣ, ਆਪਣੀ ਸਰਪ੍ਰਸਤੀ ਹੇਠ ਨਕਲੀ ਨਿਰੰਕਾਰੀ, ਰਾਧਾ ਸੁਆਮੀਏ, ਸਿਰਸੇ ਵਾਲੇ, ਨੂਰਮਹਿਲੀਏ, ਭਨਿਆਰੀਏ ਤੇ ਅਨੇਕਾਂ ਨਾਮਧਾਰੀਏ, ਸਿੱਖੀ ਦੇ ਸ਼ਰੀਕ ਪੈਦਾ ਕੀਤੇ ਹਨ ਤੇ ਸਿੱਖਾਂ ਦੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੁਟਿਆਉਣ ਦੇ ਮਨਮਤੀਏ ਨਿੱਤ ਦਿਹਾੜੇ ਪਖੰਡ ਦੇ ਅਡੰਬਰ ਰਚਦੇ ਹਨ।

ਸਿੱਖ ਕੌਮ ਸ਼ੇਰਾਂ ਦੀ ਤੇ ਅਖੌਤੀ ਪੰਥਕ ਅਕਾਲੀ ਬਾਦਲ ਟੋਹੜਾ ਲੀਡਰ ਪਖੰਡੀਆਂ, ਦੇਹ-ਧਾਰੀਆਂ ਦੇ ਪੈਰਾਂ ਵਿੱਚ ਬੈਠਦੇ ਇਸ ਕਰਕੇ ਸ਼ਰਮ ਨਹੀਂ ਮੰਨਦੇ, ਕਿਉਂਕਿ ਇਹਨਾਂ ਗੱਦਾਰਾਂ ਨੇ ਇਹਨਾਂ ਦੀਆਂ ਵੋਟਾਂ ਲੈਣੀਆਂ ਹੁੰਦੀਆਂ ਹਨ। ਸਿੱਖ ਕੌਮ ਦੇ ਗੱਦਾਰ ਲੀਡਰ, ਗੁਰੂ-ਨਿੰਦਕਾਂ ਦਾ ਸ਼ਾਂਤਮਈ ਵਿਰੋਧ ਕਰਦੇ, ਸਿੱਖਾਂ ਉੱਤੇ ਇਹਨਾਂ ਦੀਆਂ ਖਾਕੀ ਵਰਦੀ ਵਾਲੀਆਂ ਅਬਹਾਦਰ ਫੋਰਸਾਂ ਸਿੱਖਾਂ ਉੱਤੇ ਗੋਲੀਆਂ ਦੇ ਮੀਂਹ ਵਰ੍ਹਾ ਦਿੰਦੀਆਂ ਹਨ ਤੇ ਸ਼ਹੀਦ ਕਰਦੀਆਂ ਹਨ। ਉਦੋਂ ਇਨ੍ਹਾਂ ਦੀ ਬਹਾਦਰੀ ਕਿਸ ਖੂੰਜੇ ਵਿੱਚ ਸੌਂ ਜਾਂਦੀ ਹੈ ਜਦੋਂ ਦਸੰਬਰ ੨੦੦੯ ਨੂੰ ਭੂਤਰੇ ਹੋਏ ਬਿਹਾਰੀ ਬਈਏ 900 ਕਰੋੜ ਦੀ ਜਾਇਦਾਦ ਲੁਧਿਆਣੇ ਸ਼ਹਿਰ ਵਿੱਚ ਸਾੜਫੂਕ ਕੇ ਨੁਕਸਾਨ ਕਰਦੇ ਹਨ ਤੇ ਪੰਜਾਬ ਪੁਲਿਸ ਦੇ ਬਹਾਦਰ ਜਵਾਨਾਂ ਤੇ ਲੁਧਿਆਣਾ 'ਚ ਬਈਆਂ ਨੇ ਹਮਲਾ ਕਰਕੇ ਬੰਦੀ ਬਣਾ ਲਿਆ ਤਾਂ ਉਸ ਵੇਲੇ ਲੁਧਿਆਣਾ ਦਾ ਡਿਪਟੀ ਕਮਿਸ਼ਨਰ ਪੰਜਾਬ ਪੁਲਿਸ ਦੇ ਜਵਾਨਾਂ ਨੂੰ ਛੁਡਾਉਣ ਲਈ ਗੋਲੀ ਚਲਾਉਣ ਦਾ ਹੁਕਮ ਕਿਉਂ ਨਹੀਂ ਸੀ

ਦੇ ਰਿਹਾ। ਉਦੋਂ ਤਾਂ ਪੇਂਡੂ ਸਿੱਖਾਂ ਨੇ ਪੰਜਾਬ ਪੁਲਿਸ ਨੂੰ ਤੇ ਮੁਸਾਫਰਾਂ ਦੀ ਬਈਆਂ ਵਲੋਂ ਅਗਵਾਹ ਕੀਤੀ ਰੇਲ ਗੱਡੀ ਨੂੰ ਆਜ਼ਾਦ ਕਰਾਇਆ।

13 ਅਪ੍ਰੈਲ 1978 ਦੇ ਵਿਸਾਖੀ ਦਿਹਾੜੇ ਸ੍ਰੀ ਅੰਮ੍ਰਿਤਸਰ ਦੀ ਧਰਤੀ 'ਤੇ ਨਕਲੀ ਨਿਰੰਕਾਰੀ ਗੁਰਬਚਨੇ ਨਰਕਧਾਰੀਏ ਦੀ ਗੁੰਡਾ ਬਰਗੇਡ ਵੱਲੋਂ ਸ਼ਾਂਤਮਈ ਰੋਸ ਪ੍ਰਗਟ ਕਰ ਰਹਿਆਂ ਵਿਚੋਂ 13 ਸਿੰਘਾਂ ਨੂੰ ਗੋਲੀਆਂ ਤੇ ਛਵੀਆਂ ਨਾਲ ਸ਼ਹੀਦ ਕਰ ਦਿੱਤਾ ਗਿਆ। 150 ਤੋਂ ਵੱਧ ਸਿੰਘ ਜ਼ਖਮੀ ਹੋਏ। ਜਿਸ 'ਤੇ ਅਖੌਤੀ ਪੰਥਕ ਸਰਕਾਰ ਅਤੇ ਕੇਂਦਰ ਸਰਕਾਰ ਸਿੱਖਾਂ ਦੇ ਕਾਤਲਾਂ ਨੂੰ ਸਜ਼ਾ ਨਾ ਦੇ ਕੇ, ਇਤਿਹਾਸ ਦੇ ਨਵੇਂ ਕਾਂਡ ਦਾ ਆਰੰਭ ਹੋਇਆ। ਸਿੱਖ ਕੌਮ ਅੰਦਰ ਸ਼ਹੀਦ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਮੁੜ ਇੱਕ ਅਜਿਹਾ ਸਿੱਖ ਹੱਕਾਂ ਦਾ ਰਾਖਾ, ਇਨਕਲਾਬੀ ਯੋਧਾ ਜਰਨੈਲ ਪੈਦਾ ਹੋਇਆ, ਜਿਹੜਾ ਸੰਤ ਅਤੇ ਸਿਪਾਹੀ ਵੀ ਸੀ। ਉਸ ਮਰਦ ਦੀ ਗਰਜ਼ ਨੇ ਸਿੱਖਾਂ ਨੂੰ ਸਿੱਖੀ ਸਵੈਮਾਣ ਦੀ ਬਹਾਲੀ ਖਾਤਰ ਮਰਨ-ਮਿਟਣ ਦਾ ਅਜਿਹਾ ਪਾਠ ਪੜ੍ਹਾਇਆ ਕਿ ਕਵੀਆਂ ਦੀਆਂ ਕਲਮਾਂ ਉਸ ਦੀ ਮਰਦਾਨਗੀ ਦੀ ਉਪਮਾ ਦੇ ਸੋਹਲੇ ਗਾਉਣ ਲੱਗੀਆਂ :

ਬੁੱਕਿਆ ਸਿੰਘ ਦਸਮੇਸ਼ ਦਾ
ਵਾਰਸ ਸਿਰ ਲੱਖੇ ਸਿਰਦਾਰ ਦਾ
ਜੀਹਦੀ ਗਰਜ਼ ਤੋਂ ਦਿੱਲੀ ਕੰਬ ਗਈ
ਮਾਣ ਟੁੱਟਿਆ ਹਿੰਦ ਸਰਕਾਰ ਦਾ।

.....

ਖ਼ੁਦਾ ਤੁਮਕੋ ਨਹੀਂ ਕਹਿਤੇ
ਮਗਰ ਸ਼ਾਨੇ ਖ਼ੁਦਾ ਤੁਮ ਹੋ।

ਉਸ ਖ਼ੁਦਾ ਵਰਗੇ ਮਰਦ ਦਾ ਨਾਂ ਸੀ—ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਾ। ਉਸ ਮਰਦ ਦੀ ਇਹ ਸਿਫਤ ਸੀ ਕਿ ਉਹ ਮੌਤ ਤੋਂ ਡਰਦਾ ਨਹੀਂ ਸੀ ਤੇ ਪੈਸੇ ਨਾਲ ਵਿਕਦਾ ਨਹੀਂ ਸੀ।

ਸਿੱਖ ਹੱਕਾਂ ਦੀ ਪ੍ਰਾਪਤੀ ਲਈ ਸ਼੍ਰੋਮਣੀ ਅਕਾਲੀ ਦਲ ਨੇ ਗੱਦਾਰ ਹਰਚੰਦ ਸਿਹੁੰ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਮਤਾ ਸ੍ਰੀ ਅਨੰਦਪੁਰ ਦੇ ਨਾਂ ਹੇਠ ਧਰਮ ਯੁੱਧ ਮੋਰਚਾ ਲਾਇਆ। ਸ਼ਾਂਤਮਈ ਮੋਰਚਾ 4 ਅਗਸਤ 1982 ਨੂੰ ਅਰੰਭ ਹੋਇਆ ਜਿਸ ਦੀਆਂ ਮੁੱਖ ਮੰਗਾਂ ਸਨ :—

* ਜਮਨਾ ਲਿੰਕ ਨਹਿਰ ਦੀ ਉਸਾਰੀ ਰੋਕਣੀ, ਜੋ ਕਿ ਪੰਜਾਬ ਦਾ ਪਾਣੀ ਖੋਹ ਕੇ ਹਰਿਆਣਾ ਨੂੰ ਦੇਣ ਲਈ ਬਣਾਈ ਜਾ ਰਹੀ ਸੀ।
* ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਪੰਜਾਬ ਦੇ ਹਵਾਲੇ ਕਰਨਾ।
* ਸੰਵਿਧਾਨ ਦੀ ਧਾਰਾ 25 ਦੀ ਸੋਧ, ਜੋ ਸਿੱਖਾਂ ਨੂੰ ਹਿੰਦੂਆਂ ਨਾਲੋਂ ਵੱਖਰੀ ਕੌਮ

ਨਹੀਂ ਮੰਨਦੀ।

* ਹਿਮਾਚਲ, ਹਰਿਆਣਾ ਅਤੇ ਰਾਜਸਥਾਨ ਦੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨਾਲ ਜੋੜਨੇ।
* ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਸ਼ਬਦ ਕੀਰਤਨ ਰੀਲੇਅ ਕਰਨ (ਸਿੱਧਾ ਪ੍ਰਸਾਰਣ) ਲਈ ਰੇਡੀਉ ਟਰਾਂਸ ਦੀ ਮਨਜ਼ੂਰੀ।
* ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ, ਮੀਟ, ਸ਼ਰਾਬ, ਤਮਾਕੂ- ਨੋਸ਼ੀ ਤੋਂ ਮੁਕਤ ਕਰਨ।

ਮੁੱਖ ਮੰਗਾਂ ਸਨ। ਜਿਹੜੀਆਂ ਭਾਰਤੀ ਸੰਵਿਧਾਨ ਵਿੱਚ ਰਹਿ ਕੇ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਮੰਨੀਆਂ ਜਾ ਸਕਦੀਆਂ ਸਨ ਪਰ ਕੇਂਦਰ ਸਰਕਾਰ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਪਿਛਲੇ ਸਮੇਂ ਦਾ ਇਹ ਤਜਰਬਾ ਸੀ ਕਿ ਅਕਾਲੀ ਆਗੂ ਧਰਮ ਯੁੱਧ ਮੋਰਚਾ, ਸਿੱਖ ਕੌਮ ਲਈ ਨਹੀਂ ਲੜ ਰਹੇ। ਇਹ ਕੁਰਸੀ ਯੁੱਧ ਲਈ ਲੜ ਰਹੇ ਹਨ। ਇਹ ਉਸਦਾ ਵਿਚਾਰ ਪੂਰਾ ਸੱਚਾ ਵੀ ਸੀ। ਪਰ ਇਸ ਵਾਰੀ ਕਮਾਂਡ ਖੁਦਗਰਜ਼ ਅਤੇ ਮੌਕਾ ਪ੍ਰਸਤ ਅਕਾਲੀਆਂ ਦੀ ਬਜਾਏ-ਇੱਕ ਧਰਮੀ ਇਨਕਲਾਬੀ ਯੋਧੇ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਹੱਥ ਵਿੱਚ ਆ ਗਈ ਸੀ ਜਿਹੜਾ ਮੰਜੀ ਸਾਹਿਬ ਦੀਵਾਨ ਹਾਲ ਅਤੇ ਗੁਰੂ ਰਾਮਦਾਸ ਲੰਗਰ ਦੀ ਦੂਜੀ ਮੰਜ਼ਿਲ ਤੋਂ ਸਿੱਖਾਂ ਨੂੰ ਸੰਬੋਧਨ ਕਰ ਕੇ ਕਹਿੰਦਾ ਸੀ—'ਐਤਕੀਂ ਅਕਾਲੀ ਆਗੂਆਂ ਦੇ ਮੂੰਹ ਜੂਸ ਪਿਲਾ ਕੇ ਮੋਰਚੇ ਦਾ ਭੋਗ ਨਹੀਂ ਪਵੇਗਾ। ਅੰਦਰਖਾਤੇ ਕੀਤਾ ਗਿਆ ਕੋਈ ਵੀ ਸਮਝੌਤਾ ਪ੍ਰਵਾਨ ਨਹੀਂ ਕੀਤਾ ਜਾਵੇਗਾ। ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀ ਇੱਕ-ਇੱਕ ਮੰਗ ਜਦੋਂ ਤੱਕ ਪ੍ਰਧਾਨ ਮੰਤਰੀ ਇੰਦਰਾ ਨਹੀਂ ਮੰਨਦੀ, ਧਰਮ ਯੁੱਧ ਮੋਰਚਾ ਜਾਰੀ ਰਹੇਗਾ। ਭਾਵੇਂ ਕਿੰਨੀਆਂ ਵੀ ਕੁਰਬਾਨੀਆਂ ਕਰਨੀਆਂ ਪੈਣ, ਕਰਾਂਗੇ। ਅਸੀਂ ਸਿੱਖ ਆਜ਼ਾਦੀ ਮੰਗਦੇ ਹਾਂ। ਭਾਵੇਂ ਸਰਕਾਰ ਸਾਨੂੰ ਨਾਲ ਰੱਖ ਕੇ ਦੇ ਦੇਵੇ, ਭਾਵੇਂ ਵੱਖ ਕਰ ਕੇ ਦੇ ਦੇਵੇ।' ਇਨਕਲਾਬੀ ਯੋਧੇ ਦਾ ਐਲਾਨ ਸੀ—'ਅਸੀਂ ਖਾਲਿਸਤਾਨ ਮੰਗਦੇ ਨਹੀਂ, ਜੇ ਸਰਕਾਰ ਖਾਲਿਸਤਾਨ ਦੇਵੇਗੀ ਜ਼ਰੂਰ ਲਵਾਂਗੇ। 1947 ਵਾਲੀ ਗਲਤੀ ਕਰਦੇ ਨਹੀਂ। ਸਾਨੂੰ ਸਰਕਾਰ ਦੱਸੇ ਕਿ ਜੇ ਤਾਂ ਸਾਨੂੰ ਸਿੱਖਾਂ ਨੂੰ ਨਾਲ ਰੱਖਣਾ ਤਾਂ ਬਰਾਬਰ ਦੇ ਸ਼ਹਿਰੀ ਬਣਾ ਕੇ ਰੱਖੇ। ਅਸੀਂ ਦੋ ਨੰਬਰ ਦੇ ਸ਼ਹਿਰੀ ਬਣ ਕੇ ਹਿੰਦੁਸਤਾਨ ਨਾਲ ਨਹੀਂ ਰਹਿਣਾ। ਜਿਸ ਦਿਨ ਹਿੰਦ ਸਰਕਾਰ ਦੀ ਫੌਜ ਸ੍ਰੀ ਦਰਬਾਰ ਸਾਹਿਬ ਉੱਪਰ ਹਮਲਾ ਕਰੇਗੀ, ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ।

ਜਦੋਂ ਗੱਦਾਰ ਲੌਂਗੋਵਾਲ ਨੇ ਵੇਖਿਆ ਕਿ ਸਿੱਖ ਜਵਾਨੀ ਤਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਦੀਵਾਨੀ ਹੋ ਗਈ, ਨੌਜਵਾਨੀ ਸਿਰਾਂ ਉੱਤੇ ਕਫਨ ਬੰਨ੍ਹ, ਸਿਰ ਤਲੀ 'ਤੇ ਧਰ ਕੇ ਮੈਦਾਨ ਵਿੱਚ ਨਿੱਤਰ ਆਈ। ਸਿੱਖ ਕੌਮ ਵਿੱਚ ਉਸ ਦੀ ਕੋਈ ਪੁੱਛ-ਪ੍ਰਤੀਤ ਹੀ ਨਹੀਂ ਰਹੀ ਤਾਂ ਲੌਂਗੋਵਾਲ ਗੱਦਾਰ ਤੇ ਇਹਦੀ ਜੁੰਡਲੀ ਨੇ ਕੇਂਦਰ ਸਰਕਾਰ

ਨਾਲ ਰਲ ਕੇ ਸਾਜ਼ਿਸ਼ਾਂ ਘੜਨੀਆਂ ਸ਼ੁਰੂ ਕੀਤੀਆਂ ਕਿ ਸੰਤ ਭਿੰਡਰਾਂਵਾਲੇ ਨੂੰ ਖਤਮ ਕੀਤਾ ਜਾਵੇ। ਸੰਤ ਜਰਨੈਲ ਸਿੰਘ ਜੀ ਖਾਲਸਾ ਦੀ ਸੱਜੀ ਬਾਂਹ ਭਾਈ ਸੁਰਿੰਦਰ ਸਿੰਘ ਸੋਢੀ, ਜਿਸ ਨੂੰ ਸੰਤ ਜਰਨੈਲ ਸਿੰਘ ਜੀ ਬੜੇ ਮਾਣ ਨਾਲ 'ਮੇਰਾ ਨਲੂਆ ਸ਼ੇਰ' ਦਾ ਖਿਤਾਬ ਦਿਆ ਕਰਦੇ ਸੀ, ਉਸਨੂੰ ਹਰਚੰਦ ਲੌਂਗੋਵਾਲ ਤੇ ਉਸ ਦੇ ਸਕੱਤਰ ਗੁਰਚਰਨ ਸਿੰਹੁ ਨੇ 14 ਅਪ੍ਰੈਲ 1984 ਨੂੰ ਸਿੰਧੀ ਹੋਟਲ, ਗੁਰੂ ਰਾਮਦਾਸ ਸਰਾਂ ਦੇ ਗੇਟ ਦੇ ਬਾਹਰ ਸੁਪਾਰੀ ਦੇ ਕੇ, ਸ਼ਿੰਦੇ ਕਾਤਲ ਤੇ ਉਸ ਦੀ ਸਾਥਣ ਬਲਜੀਤ ਤੋਂ ਗੋਲੀਆਂ ਮਰਵਾ ਕੇ ਸ਼ਹੀਦ ਕਰਵਾ ਦਿੱਤਾ ਤੇ ਲੌਂਗੋਵਾਲ ਵਲੋਂ ਗੁਰਚਰਨ ਸਿਹੁੰ ਸਕੱਤਰ ਨੂੰ ਸੰਤ ਭਿੰਡਰਾਂਵਾਲੇ ਦੇ ਸਿੰਘਾਂ ਤੋਂ ਬਚਾਉਣ ਲਈ ਬੱਬਰ ਖਾਲਸਾ ਜਥੇਬੰਦੀ ਦੀ ਮਦਦ ਤੱਕ ਲਈ ਗਈ। ਗੁਰਚਰਨ ਸਿਹੁੰ ਨੂੰ ਬਚਾਉਣ ਵਾਸਤੇ, ਲੌਂਗੋਵਾਲੀਏ ਗੱਦਾਰ ਨੇ ਇੰਦਰਾ ਗਾਂਧੀ ਦੇ ਸਕੱਤਰ ਧਵਨ ਨੂੰ ਚਿੱਠੀਆਂ ਲਿਖੀਆਂ ਕਿ ਇਹ ਭਿੰਡਰਾਂਵਾਲਾ ਸਾਡੇ ਤੋਂ ਨਹੀਂ ਕਾਬੂ ਹੁੰਦਾ, ਫੌਜ ਭੇਜੋ। ਭਿੰਡਰਾਂਵਾਲੇ ਦੇ ਬੰਦੇ ਫੌਜ ਵੇਖ ਕੇ ਭੱਜ ਜਾਣਗੇ ਤੇ ਹੋ ਸਕਦੈ ਭਿੰਡਰਾਂਵਾਲਾ ਵੀ ਫੌਜ ਵੇਖ ਕੇ ਭੱਜ ਜਾਵੇ। ਬਾਕੀ ਸਾਰੀਆਂ ਗੱਲਾਂ ਪ੍ਰਕਾਸ਼ ਸਿੰਹੁ ਬਾਦਲ ਦੱਸ ਦੇਵੇਗਾ ਤੇ ਦੂਜੇ ਪਾਸੇ ਅਕਾਲੀ ਗੱਦਾਰ ਇਹ ਬਿਆਨ ਦਾਗਦੇ ਰਹੇ ਕਿ ਜੇ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਅੰਦਰ ਫੌਜ ਭੇਜੀ, ਤਾਂ ਫੌਜ ਸਾਡੀਆਂ ਲਾਸ਼ਾਂ ਉਤੋਂ ਦੀ ਲੰਘ ਕੇ ਅੰਦਰ ਜਾਵੇਗੀ। ਜਦੋਂ ਸਿੱਖ ਕੌਮ ਦੇ ਗੱਦਾਰ ਲੀਡਰਾਂ ਦੀ ਮਿਲੀ-ਭੁਗਤ ਨਾਲ ਦੁਸ਼ਮਣ ਇੰਦਰਾ ਗਾਂਧੀ ਨੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਅਤੇ 37 ਹੋਰ ਗੁਰਧਾਮਾਂ 'ਤੇ 2 ਜੂਨ 1984 ਨੂੰ ਫੌਜੀ ਹਮਲਾ, ਤੋਪਾਂ ਟੈਂਕਾਂ ਨਾਲ ਕਰਵਾ ਕੇ ਹਜ਼ਾਰਾਂ ਸਿੰਘ-ਸਿੰਘਣੀਆਂ, ਬੱਚਿਆਂ-ਬਜ਼ੁਰਗਾਂ ਨੂੰ ਮਸ਼ੀਨਗੰਨਾਂ, ਬੰਬਾਂ ਨਾਲ ਮੌਤ ਦੇ ਘਾਟ ਉਤਾਰ ਦਿੱਤਾ, ਫੌਜ ਨੇ 17 ਦਿਨਾਂ ਦੇ ਬੱਚਿਆਂ ਤੱਕ ਨੂੰ ਪ੍ਰਕਰਮਾਂ ਵਿੱਚ ਪਟਕਾ-ਪਟਕਾ ਕੇ ਮਾਵਾਂ ਦੀ ਗੋਦੀ 'ਚੋਂ ਖੋਹ ਕੇ ਮਾਰ ਦਿੱਤਾ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਦੇ ਜਾਂਬਾਜ਼ ਸਿੰਘਾਂ ਨੇ ਜਨਰਲ ਸ਼ਬੇਗ ਸਿੰਘ ਦੀ ਕਮਾਂਡ ਹੇਠ ਜਿਸ ਬਹਾਦਰੀ ਨਾਲ ਭਾਰਤੀ ਫੌਜ ਦਾ ਮੁਕਾਬਲਾ ਕੀਤਾ, ਉਸ ਦੀ ਦੁਨੀਆਂ ਦੇ ਹੋਰ ਕਿਸੇ ਇਤਿਹਾਸ ਵਿੱਚ ਮਿਸਾਲ ਨਹੀਂ ਮਿਲਦੀ। ਤੋਪਾਂ, ਟੈਂਕਾਂ, ਮਸ਼ੀਨਗੰਨਾਂ ਦਾ ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੁਸਤਾਨੀ ਫੌਜ ਦਾ ਮੁਕਾਬਲਾ ਤਿੰਨ ਕੁ ਸੌ ਸਿੰਘਾਂ ਨੇ ਕਰਨਾ ਉਹ ਵੀ ਬੰਦੂਕਾਂ, ਸਟੇਨਗੰਨਾਂ ਤੇ ਦੇਸੀ ਬੰਬਾਂ ਨਾਲ, 72 ਘੰਟਿਆਂ 'ਚ ਹਿੰਦੁਸਤਾਨੀ ਫੌਜ ਦੇ ਆਹੂ ਲਾਹ ਦਿੱਤੇ ਅਤੇ ਚਮਕੌਰ ਸਾਹਿਬ ਦੀ ਜੰਗ ਦਾ ਇਤਿਹਾਸ ਦੁਹਰਾਇਆ। ਭਾਰਤੀ ਫੌਜ ਦੇ ਹਮਲਾਵਰ ਜਰਨੈਲ ਇਹ ਕਹਿਣ ਲਈ ਮਜਬੂਰ ਹੋ ਗਏ ਕਿ ਸਿਖਲਾਈ ਪ੍ਰਾਪਤ ਸਿੰਘ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਹਨ, ਜਿਹੜੇ ਆਖਰੀ ਸਾਹ ਅਤੇ ਆਖਰੀ ਗੋਲੀ ਤੱਕ ਲੜੇ। ਸੰਤ ਜਰਨੈਲ ਸਿੰਘ ਜੀ ਖਾਲਸਾ, ਭਾਈ ਅਮਰੀਕ ਸਿੰਘ ਜੀ, ਜਨਰਲ ਸ਼ਬੇਗ ਸਿੰਘ, ਬਾਬਾ ਠਾਰਾ ਸਿੰਘ ਜੀ ਸੈਂਕੜੇ ਸਿੰਘਾਂ ਦੇ ਨਾਲ ਸ਼ਹਾਦਤ ਦਾ ਜਾਮ ਪੀ ਕੇ ਸਿੱਖ ਇਤਿਹਾਸ ਦਾ ਸੁਨਹਿਰੀ ਕਾਂਡ ਸਿਰਜ ਗਏ। ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਕਰਦਿਆਂ, ਸਿੱਖ ਕੌਮ ਦੀ ਆਜ਼ਾਦੀ

ਲਈ ਲੜਦਿਆਂ ਕਹਿਣੀ ਤੇ ਕਰਨੀ ਨੂੰ ਪੂਰਾ ਕਰਦਿਆਂ 6 ਜੂਨ 1984 ਦੀ ਸਵੇਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਦੋ ਨਿਸ਼ਾਨ ਸਾਹਿਬਾਂ ਦੀ ਛਾਂ ਹੇਠਾਂ ਸ਼ਹਾਦਤ ਦਾ ਜਾਮ ਪੀ ਕੇ ਇਹ ਦ੍ਰਿੜ੍ਹ ਕਰਵਾ ਦਿੱਤਾ ਕਿ ਸਿੰਘੋ! ਮਰਨਾ ਸਿੱਖਾਂਗੇ ਤਾਂ ਆਜ਼ਾਦੀ ਮਿਲਣੀ ਹੈ। ਜਦੋਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜੁਝਾਰੂ ਖਾਲਸੇ ਦੀ ਕਮਾਂਡ ਕਰਦਿਆਂ ਸ਼ਹਾਦਤ ਦਾ ਜਾਮ ਪੀ ਗਏ ਤਾਂ ਕੋਈ ਨਹੀਂ ਸੀ ਕਹਿੰਦਾ ਕਿ ਸਿੱਖ ਦੁਬਾਰਾ ਫੇਰ ਉੱਠਣਗੇ ਤੇ ਹਿੰਦੁਸਤਾਨੀ ਹਕੂਮਤ ਨਾਲ ਮੱਥਾ ਲਾਉਣਗੇ। ਪਰ ਸਮਾਂ ਬਹੁਤਾ ਨਹੀਂ ਸੀ ਹੋਇਆ, ਸਿੱਖੀ ਦੇ ਮੁਰੀਦ, ਸ਼ਹੀਦ ਭਾਈ ਕਿਹਰ ਸਿੰਘ, ਭਾਈ ਬਿਅੰਤ ਸਿੰਘ, ਭਾਈ ਸਤਵੰਤ ਸਿੰਘ ਬਹਾਦਰ ਯੋਧਿਆਂ ਨੇ ਮਤਾ ਕਰ ਕੇ ਸ੍ਰੀ ਦਰਬਾਰ ਸਾਹਿਬ ਦੀ ਕੀਤੀ ਬੇਅਦਬੀ ਅਤੇ ਸਿੱਖਾਂ ਦੀ ਕਤਲੇਆਮ ਦਾ ਬਦਲਾ 31 ਅਕਤੂਬਰ 1984 ਨੂੰ ਦਿਨ ਦੇ 9 ਵਜ ਕੇ 18 ਮਿੰਟ ਤੇ ਜੂਨ 1984 ਦੇ ਘੱਲੂਘਾਰੇ ਦੀ ਜ਼ਿੰਮੇਵਾਰ ਇੰਦਰਾ ਗਾਂਧੀ, ਹਿੰਦੁਸਤਾਨੀ ਪ੍ਰਧਾਨ ਮੰਤਰੀ ਨੂੰ ਉਸਦੇ ਸੁਰੱਖਿਆ ਕਿਲ੍ਹੇ ਅੰਦਰ ਹੀ ਗੋਲੀਆਂ ਮਾਰ ਕੇ ਲੈ ਲਿਆ ਤੇ ਦੁਨੀਆਂ ਨੂੰ ਇਹ ਦੱਸ ਦਿੱਤਾ ਸੀ ਕਿ ਸਿੱਖਾਂ ਦੇ ਸ੍ਰੀ ਦਰਬਾਰ ਸਾਹਿਬ ਦੀ ਹਕੂਮਤ ਬੇਅਦਬੀ ਕਰੇ, ਹਜ਼ਾਰਾਂ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦੇਵੇ, ਸਿੱਖਾਂ ਦੇ ਧਾਰਮਿਕ ਰਹਿਨੁਮਾ ਆਗੂ ਦੀ ਜ਼ਾਲਮ ਹਕੂਮਤ ਹੱਥੋਂ ਸ਼ਹਾਦਤ ਹੋਵੇ ਤੇ ਸਿੱਖ ਦਰਸ਼ਕ ਬਣ ਕੇ ਵੇਖਦੇ ਰਹਿਣ, ਇਹ ਕਦੇ ਨਹੀਂ ਹੋ ਸਕਦਾ।

ਵੀਹਵੀਂ ਸਦੀ ਦੇ ਮਹਾਨ ਇਨਕਲਾਬੀ ਯੋਧੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਕਹੇ ਵਿਸ਼ਵ ਪ੍ਰਸਿਧ ਬਚਨਾਂ ਅਨੁਸਾਰ ਜਦੋਂ ਫੌਜ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰੇਗੀ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਜੂਨ 1984 ਵਿੱਚ ਖਾਲਿਸਤਾਨ ਦੀ ਨੀਂਹ ਰੱਖੀ ਗਈ ਹੈ। ਖਾਲਿਸਤਾਨ ਦੀ ਉਸਾਰੀ/ਆਜ਼ਾਦੀ ਲਈ ਜੂਨ 1984 ਵੇਲੇ ਸ੍ਰੀ ਦਰਬਾਰ ਸਾਹਿਬ ਤੋਂ ਬਾਹਰ, ਜਾਂ ਬਚ ਨਿਕਲੇ ਸਿੰਘਾਂ ਨੇ ਲਾਮਬੰਦ ਹੋਣਾ ਸ਼ੁਰੂ ਕੀਤਾ, ਜਿਨ੍ਹਾਂ ਵਿੱਚ ਭਾਈ ਮਨਬੀਰ ਸਿੰਘ ਚਹੇੜੂ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਸੁਖਦੇਵ ਸਿੰਘ ਸਖੀਰਾ, ਗਿਆਨੀ ਅਰੂੜ ਸਿੰਘ, ਭਾਈ ਸੁਰਜੀਤ ਸਿੰਘ ਬਹਿਲਾ, ਭਾਈ ਮੋਹਕਮ ਸਿੰਘ, ਭਾਈ ਗੁਰਨਾਮ ਸਿੰਘ, ਜਥੇਦਾਰ ਦੁਰਗਾ ਸਿੰਘ ਆਰਫਕੇ, ਭਾਈ ਤਰਸੇਮ ਸਿੰਘ ਕੁਹਾੜ, ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਅਨੋਖ ਸਿੰਘ ਬੱਬਰ, ਭਾਈ ਅਵਤਾਰ ਸਿੰਘ ਬ੍ਰਹਮਾ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਸੁਖਵਿੰਦਰ ਸਿੰਘ ਸੰਘਾ, ਭਾਈ ਰਛਪਾਲ ਸਿੰਘ ਛੰਦੜਾ, ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਮਲਕੀਤ ਸਿੰਘ ਬਾਪੂ, ਭਾਈ ਕੁਲਦੀਪ ਸਿੰਘ ਮੁੱਛਲ, ਜਨਰਲ ਲਾਭ ਸਿੰਘ ਦਾ ਵੀ ਇਹਨਾਂ ਜੁਝਾਰੂ ਸਿੰਘਾਂ ਦੇ ਕਾਫਲੇ ਵਿੱਚ ਨਾਮ ਆਉਂਦਾ ਹੈ। ਜੁਝਾਰੂ ਸਿੰਘਾਂ ਨੇ ਖਾਲਿਸਤਾਨ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਸਿੱਖ ਸੰਘਰਸ਼ ਦੀ ਅਗਵਾਈ ਕਰਨ ਲਈ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਸਿੱਖ ਸੰਗਤਾਂ ਦੁਆਰਾ ਸੇਵਾ ਕਰਨ ਲਈ ਦਮਦਮੀ ਟਕਸਾਲ ਤੇ ਪੰਥਕ ਧਿਰਾਂ ਵੱਲੋਂ ਸੱਦੇ ਗਏ ਸਰਬੱਤ ਖਾਲਸੇ ਵਿੱਚ ਪੰਜ ਮੈਂਬਰੀ

ਪੰਥਕ ਕਮੇਟੀ ਦੀ ਸਥਾਪਨਾ ਕੀਤੀ ਗਈ, ਸਰਬੱਤ ਖਾਲਸੇ ਨੇ ਜੈਕਾਰੇ ਗਜਾ ਕੇ ਪੰਥਕ ਕਮੇਟੀ ਬਨਣ ਦੇ ਮਤੇ ਨੂੰ ਪ੍ਰਵਾਨਗੀ ਦਿੱਤੀ। ਪੰਜ ਮੈਂਬਰੀ ਪੰਥਕ ਕਮੇਟੀ ਦੇ ਜਿਹੜੇ ਪੰਜ ਸਿੰਘਾਂ ਦੇ ਨਾਮ ਦਾ ਐਲਾਨ ਕੀਤਾ ਗਿਆ ਉਹ ਇਹ ਸਨ :—

ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਧੰਨਾ ਸਿੰਘ, ਵੱਸਣ ਸਿੰਘ ਜ਼ਫ਼ਰਵਾਲ, ਗਿਆਨੀ ਅਰੂੜ ਸਿੰਘ ਡੱਲਾ ਅਤੇ ਭਾਈ ਗੁਰਦੇਵ ਸਿੰਘ ਉਸਮਾਨਵਾਲਾ।

ਸਿੱਖ ਕੌਮ ਦੇ ਗਲੋਂ ਗੁਲਾਮੀ ਦੀਆਂ ਜ਼ੰਜੀਰਾਂ ਲਾਹੁਣ ਲਈ ਸਿੱਖ ਕੌਮ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਅਰੰਭੇ ਸਿੱਖਾਂ ਦੇ ਹੱਕੀ ਸੰਘਰਸ਼ ਦੌਰਾਨ 'ਸੰਤ ਜਰਨੈਲ ਸਿੰਘ ਜੀ ਖਾਲਸਾ' ਦੀ ਲਾਸਾਨੀ ਸ਼ਹਾਦਤ ਤੋਂ ਬਾਅਦ ਸਿੱਖਾਂ ਦੇ ਕੌਮੀ ਘਰ ਖਾਲਿਸਤਾਨ ਦੀ ਪ੍ਰਾਪਤੀ ਲਈ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਵਿਖੇ 26 ਜਨਵਰੀ 1986 ਨੂੰ ਹੋਏ ਸਰਬੱਤ ਖਾਲਸਾ ਸਮਾਗਮ ਦੌਰਾਨ ਸਥਾਪਤ ਕੀਤੀ ਪੰਜ ਮੈਂਬਰੀ ਪੰਥਕ ਕਮੇਟੀ ਦੀ ਅਗਵਾਈ ਵਿੱਚ ਸਿੱਖ ਹਲੀਮੀ ਰਾਜ ਖਾਲਿਸਤਾਨ ਦੀ ਪ੍ਰਾਪਤੀ ਲਈ ਜੂਝ ਕੇ, ਜ਼ਾਲਮ ਸਰਕਾਰ ਨਾਲ ਟੱਕਰ ਲੈਂਦਿਆਂ ਬੇਮਿਸਾਲ ਬਹਾਦਰੀ ਭਰੇ ਐਕਸ਼ਨ ਕਰਨ ਵਾਲੇ ਅਸਹਿ ਤੇ ਅਕਹਿ ਕਸ਼ਟ ਸਹਾਰਦਿਆਂ ਹੋਇਆਂ, ਸ਼ਹਾਦਤਾਂ ਦਾ ਜਾਮ ਪੀਣ ਵਾਲੇ, ਸਿੰਘਾਂ 'ਸੂਰਾ ਸੋ ਪਹਿਚਾਨੀਐ ਜੁ ਲੜੇ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥' ਜਾਂਬਾਜ ਸਿੰਘਾਂ ਦੀ ਗਾਥਾ ਨੂੰ ਕਲਮਬੰਦ ਕਰਨ ਲਈ ਨਿਮਾਣਾ ਜਿਹਾ ਯਤਨ ਕਰ ਰਿਹਾ ਹਾਂ ਕਿ ਸ਼ਹੀਦ ਸਿੰਘਾਂ ਦੇ ਇਤਿਹਾਸ ਨੂੰ ਸੰਭਾਲਿਆ ਜਾ ਸਕੇ। ਇਤਿਹਾਸ ਨੂੰ ਪੜ੍ਹ ਕੇ ਕੌਮਾਂ ਬੀਤੇ ਤੋਂ ਪ੍ਰੇਰਨਾ ਲੈਂਦਿਆਂ ਵਰਤਮਾਨ ਸੰਵਾਰਦੀਆਂ ਹਨ ਅਤੇ ਭਵਿੱਖ ਸਿਰਜਦੀਆਂ ਹਨ। ਇਤਿਹਾਸ ਦੇ ਲੇਖਕਾਂ ਦਾ ਮੁੱਢਲਾ ਫਰਜ਼ ਹੁੰਦਾ ਹੈ ਕਿ ਸਮਕਾਲੀ ਤੌਰ 'ਤੇ ਹੀ ਇਤਿਹਾਸ ਨੂੰ ਸੱਚਾ ਤੇ ਸੁੱਚਾ ਰੱਖਣ ਲਈ ਆਪਣੀਆਂ ਸੇਵਾਵਾਂ ਸਮਰਪਿਤ ਕਰ ਦੇਣ। ਇਹ ਵੀ ਸੰਘਰਸ਼ ਦੀ ਕੌਮੀ ਸੇਵਾ ਹੁੰਦੀ ਹੈ।

—ਲੇਖਕ

ਸਰਬੱਤ ਖਾਲਸਾ (26 ਜਨਵਰੀ 1986) ਮੌਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰਵਾਨਿਤ ਪੰਥਕ ਕਮੇਟੀ ਦੇ ਮੈਂਬਰ-ਸ਼ਹੀਦ ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਵਾਰਿਸ ਸ਼ਹੀਦ ਭਾਈ ਗੁਰਦੇਵ ਸਿੰਘ 'ਉਸਮਾਨਵਾਲਾ'

ਜਦੋਂ ਮੌਜੂਦਾ ਸਿੱਖ ਸੰਘਰਸ਼ ਦੀ ਗੱਲ ਚੱਲਦੀ ਹੈ ਤਾਂ ਪੰਥਕ ਕਮੇਟੀ ਮੈਂਬਰ ਸ਼ਹੀਦ ਭਾਈ ਗੁਰਦੇਵ ਸਿੰਘ 'ਉਸਮਾਨਵਾਲਾ' ਦਾ ਨਾਮ ਅਤੇ ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ ਤੇ ਸਿੱਖ ਇਤਿਹਾਸ ਦਾ ਲੇਖਕ ਹੋਣ ਦੇ ਨਾਤੇ ਮੈਂ ਜਦੋਂ ਵੀ ਮੌਜੂਦਾ ਖਾਲਿਸਤਾਨੀ ਸੰਘਰਸ਼ ਦੇ ਯੋਧਿਆਂ ਦੇ ਇਤਿਹਾਸ ਇਕੱਤਰ ਕਰਨ ਸਬੰਧੀ ਖੋਜ ਕਰਨ ਵਾਸਤੇ ਲੋਕਾਂ ਨੂੰ ਮਿਲਿਆ ਹਾਂ ਤਾਂ ਸ਼ਹੀਦ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦੇ ਨਾਂ ਦਾ ਥਾਂ-ਥਾਂ 'ਤੇ ਜ਼ਿਕਰ ਹੁੰਦਾ ਹੈ। ਇਸ ਤੋਂ ਪਹਿਲਾਂ, ਮੇਰੇ ਵਲੋਂ 'ਖਾੜਕੂ ਯੋਧੇ' ਕਿਤਾਬ ਵਿੱਚ ਮੁੱਢਲੀ ਪੰਥਕ ਕਮੇਟੀ ਮੈਂਬਰ ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਸ਼ਹੀਦ ਗਿਆਨੀ ਅਰੂੜ ਸਿੰਘ ਡੱਲਾ ਦੇ ਜੀਵਨ ਸਬੰਧੀ ਲਿਖਿਆ ਗਿਆ ਹੈ। ਪਾਠਕਾਂ ਦਾ ਮੇਰੇ 'ਤੇ ਸਵਾਲ ਹੁੰਦਾ ਹੈ ਕਿ ਵੀਰ ਜੀ, ਸ਼ਹੀਦ ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਸ਼ਹੀਦ ਭਾਈ ਦੁਰਗਾ ਸਿੰਘ ਆਰਫਕੇ, ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ, ਸ਼ਹੀਦ ਭਾਈ ਹੁਸਨ ਸਿੰਘ ਹੁਸਨਾ, ਸ਼ਹੀਦ ਭਾਈ ਕਾਬਲ ਸਿੰਘ ਮੱਲ ਕਟੋਰਾ (ਨਰਕਧਾਰੀ ਸੋਧਕ), ਭਾਈ ਦਲਬੀਰ ਸਿੰਘ ਅਭਿਆਸੀ (ਲਾਲਾ ਜਗਤ ਨਰਾਇਣ ਸੋਧਕ), ਭਾਈ ਸਵਰਨ ਸਿੰਘ ਰੋਡੇ (ਲਾਲਾ ਸੋਧਕ) ਬਾਰੇ ਕਿਉਂ ਨਹੀਂ ਲਿਖਦੇ। ਇਸ ਸਵਾਲ ਦੇ ਜਵਾਬ ਲਈ ਮੈਂ ਆਪਣੇ ਦੋਸਤ ਛੋਟੇ ਵੀਰ ਗੁਰਚਰਨ ਸਿੰਘ ਚੰਨਾ ਨਾਲ 1 ਅਕਤੂਬਰ 2009 ਨੂੰ ਪਿੰਡ ਉਸਮਾਨਵਾਲਾ ਦੀ ਢਾਣੀ 'ਤੇ ਸ਼ਹੀਦ ਦੀ ਮਾਤਾ ਪ੍ਰਸਿੰਨ ਕੌਰ ਜੀ, ਦੋਵਾਂ ਪੁੱਤਰਾਂ ਸ਼ਰਨਜੀਤ ਸਿੰਘ, ਭੁਪਿੰਦਰ ਪਾਲ ਸਿੰਘ, ਚਚੇਰੇ ਅਤੇ ਮਾਸੀ ਦੇ ਪੁੱਤ ਰਣਧੀਰ ਸਿੰਘ, ਮਾਸੀ ਤੇ ਚਾਚੀ ਸੁਰਜੀਤ ਕੌਰ ਨੂੰ ਮਿਲਿਆ। ਮਿਲਣੇ 'ਤੇ ਪਤਾ ਲੱਗਾ ਕਿ ਮਾਤਾ ਗੁਰਦੇਵ ਕੌਰ ਤੇ ਮਾਤਾ ਸੁਰਜੀਤ ਕੌਰ ਦੋਵਾਂ ਭੈਣਾਂ ਦੇ ਪੁੱਤਰ ਭਾਈ ਗੁਰਦੇਵ ਸਿੰਘ ਤੇ ਭਾਈ ਸੁਖਵੰਤ ਸਿੰਘ ਉਸਮਾਨਵਾਲਾ, ਖਾਲਿਸਤਾਨੀ ਸੰਘਰਸ਼ ਵਿੱਚ ਜੂਝ ਕੇ ਸ਼ਹੀਦ ਹੋਏ ਹਨ। ਜੋ ਜਾਣਕਾਰੀ ਪਰਿਵਾਰ ਤੋਂ ਹਾਸਲ ਹੋਈ, ਉਸ

ਨੂੰ ਕਲਮਬੰਦ ਕਰ ਰਹੇ ਹਾਂ, ਇਹ ਇਤਫਾਕ ਹੀ ਸੀ ਕਿ ਸ਼ਹੀਦ ਭਾਈ ਗੁਰਦੇਵ ਸਿੰਘ ਜੀ ਉਸਮਾਨਵਾਲਾ ਦੀ ਸ਼ਹੀਦੀ ਦੀ ਯਾਦ ਵਿੱਚ ਘਰ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਗ੍ਰੰਥੀ ਸਿੰਘ ਕਰ ਰਿਹਾ ਸੀ, 5 ਅਕਤੂਬਰ ਨੂੰ ਸ਼ਹੀਦੀ ਦੀ ਯਾਦ ਵਿੱਚ ਗੁਰਮੁਖ ਪਰਿਵਾਰ ਵੱਲੋਂ ਭੋਗ ਪਾਇਆ ਜਾਣਾ ਸੀ।

ਪੰਥਕ ਕਮੇਟੀ ਮੈਂਬਰ ਸ਼ਹੀਦ ਭਾਈ ਗੁਰਦੇਵ ਸਿੰਘ ਜੀ ਉਸਮਾਨਵਾਲਾ ਦਾ ਜਨਮ 23 ਜੁਲਾਈ 1958, 8 ਸਾਵਣ ਬਿਕ੍ਰਮੀ ਸੰਮਤ 2015 ਮੁਤਾਬਿਕ, ਮਾਤਾ ਪ੍ਰਸਿੰਨ ਕੌਰ ਜੀ ਦੀ ਕੁਖੋਂ ਪਿਤਾ ਭਾਈ ਜਰਨੈਲ ਸਿੰਘ ਜੀ (ਹੌਲਦਾਰ ਆਰਮੀ) ਦੇ ਘਰ ਕੁਆਟਰ ਝਾਂਸੀ (ਹਰਿਆਣਾ) ਜਿਥੇ ਪਿਤਾ ਜੀ ਫੌਜ ਦੇ ਤੋਪਖਾਨਾ 'ਚ ਸਰਵਿਸ ਕਰਦੇ ਸਨ, ਵਿਖੇ ਹੋਇਆ। ਭਾਈ ਜਰਨੈਲ ਸਿੰਘ ਜੀ ਗੁਰਬਾਣੀ ਦੇ ਨਿਤਨੇਮੀ ਸਨ। ਮਾਤਾ ਪ੍ਰਸਿੰਨ ਕੌਰ ਜੀ ਰੋਜ਼ਾਨਾ ਪੰਜ ਗ੍ਰੰਥੀ ਦਾ ਪਾਠ ਕਰਦੇ ਸਨ। ਭਾਈ ਗੁਰਦੇਵ ਸਿੰਘ ਨੂੰ ਸਿੱਖੀ ਪ੍ਰੇਮ ਦੀ ਗੁੜ੍ਹਤੀ ਮਾਤਾ-ਪਿਤਾ ਤੋਂ ਮਿਲੀ। ਪਿਤਾ ਭਾਈ ਜਰਨੈਲ ਸਿੰਘ ਫੌਜ ਵਿੱਚੋਂ ਸੇਵਾ ਮੁਕਤ ਹੋਣ ਤੋਂ ਬਾਅਦ ਪਿੰਡ ਉਸਮਾਨਵਾਲਾ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਆ ਵੱਸੇ। ਭਾਈ ਗੁਰਦੇਵ ਸਿੰਘ ਜੀ ਦੀਆਂ ਤਿੰਨ ਭੈਣਾਂ, ਉਪਦੇਸ਼ ਕੌਰ, ਸੁਖਵਿੰਦਰ ਕੌਰ, ਹਰਵਿੰਦਰ ਕੌਰ ਆਪਣੇ ਸਹੁਰੇ ਘਰੀਂ ਪਰਿਵਾਰ ਸਮੇਤ ਵੱਸ ਰਹੀਆਂ ਹਨ।

ਜਦ ਦਮਦਮੀ ਟਕਸਾਲ ਦੇ ਮੁਖੀ ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇ ਸਮੇਤ ਪਿੰਡ ਝੋਕ ਹਰੀਹਰ (ਨੇੜੇ ਫਿਰੋਜ਼ਪੁਰ) ਵਿਖੇ ਕਥਾ-ਕੀਰਤਨ, ਗੁਰਬਾਣੀ, ਅੰਮ੍ਰਿਤ-ਸੰਚਾਰ ਕਰਨ ਲਈ ਸੰਨ 1966 ਵਿੱਚ ਆਏ ਤਾਂ ਮਾਤਾ ਜੀ ਆਪਣੇ ਪੁੱਤਰ ਗੁਰਦੇਵ ਸਿੰਘ ਨੂੰ ਉਸਮਾਨਵਾਲਾ ਤੋਂ, ਗੁਰਮਤਿ ਪ੍ਰਚਾਰ ਸਮਾਗਮ ਵਿੱਚ ਲੈ ਕੇ ਗਏ। ਇਥੇ ਇਸੇ ਦਿਨ ਜਥੇਦਾਰ ਜਗੀਰ ਸਿੰਘ ਜੀ ਮੋਹਰੇ ਵਾਲਾ ਪਿੰਡ ਤੋਂ ਆਪਣੇ ਸਪੁੱਤਰ ਮੋਹਕਮ ਸਿੰਘ ਨੂੰ ਵੀ ਅੰਮ੍ਰਿਤ ਛਕਾਉਣ ਲਈ ਲੈ ਕੇ ਆਏ ਹੋਏ ਸਨ। ਭਾਈ ਗੁਰਦੇਵ ਸਿੰਘ ਤੇ ਭਾਈ ਮੋਹਕਮ ਸਿੰਘ ਦੀ ਉਮਰ 8 ਕੁ ਸਾਲ ਦੇ ਕਰੀਬ ਸੀ ਤੇ ਦੋਵੇਂ ਭੁਝੰਗੀ ਸਿਰ ਉੱਤੇ ਬਸੰਤੀ ਦਸਤਾਰਾਂ ਸਜਾਈ ਤੇ ਚਿੱਟੇ ਕਛਹਿਰੇ ਪਹਿਨ ਇਕੱਠੇ ਖੇਡ ਰਹੇ ਸਨ, ਤਾਂ ਵੇਖ ਕੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਨੇ ਕਿਹਾ ਕਿ ਇਹ ਭੁਝੰਗੀ ਸਿੱਖ ਕੌਮ ਦੀ ਅਮਾਨਤ ਹਨ, ਸਿੱਖ ਕੌਮ ਲਈ ਸੇਵਾ ਕਰਨਗੇ। ਮਾਤਾ ਪ੍ਰਸਿੰਨ ਕੌਰ ਜੀ ਤੇ ਬਾਪੂ ਜਥੇਦਾਰ ਜਗੀਰ ਸਿੰਘ ਤੋਂ ਸੰਤ ਜੀ ਨੇ ਸਹਿਮਤੀ ਲੈ ਲਈ ਕਿ ਇਹ ਦੋਵੇਂ ਭੁਝੰਗੀ ਦਮਦਮੀ ਟਕਸਾਲ ਦੇ ਵਿਦਿਆਲੇ ਵਿੱਚ ਗੁਰਬਾਣੀ ਸੰਥਿਆ ਕਰਨ ਲਈ ਸਾਨੂੰ ਦੇ ਦੇਵੋ। ਮਾਤਾ ਜੀ ਤੇ ਜਥੇਦਾਰ ਜੀ ਨੇ ਸਤ-ਬਚਨ ਕਹਿ ਦਿੱਤਾ। ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਸੰਨ 1968 ਵਿੱਚ ਪਿੰਡ ਉਸਮਾਨਵਾਲਾ, ਭਾਈ ਜਰਨੈਲ ਸਿੰਘ ਦੇ ਘਰ ਜਥੇ ਸਮੇਤ ਆਏ, ਗੁਰਦੇਵ ਸਿੰਘ ਨੂੰ ਅਤੇ ਮੋਹਰੇ ਵਾਲੇ ਤੋਂ ਭਾਈ ਮੋਹਕਮ ਸਿੰਘ ਨੂੰ ਜਥੇ ਨਾਲ ਮਹਿਤੇ ਗੁ: ਗੁਰਦਰਸ਼ਨ ਪ੍ਰਕਾਸ਼ ਲੈ ਗਏ ਤੇ ਗੁਰਮਤਿ ਵਿਦਿਆ ਦੇ ਕੇ ਗੁਣੀ ਗਿਆਨੀ ਤਿਆਰ-ਬਰ-ਤਿਆਰ

ਸਿੰਘ ਬਣਾ ਦਿੱਤਾ। ਸੰਤ ਜੀ ਨੇ ਕੁਝ ਚਿਰ ਮਹਿਤੇ ਗੁਰਬਾਣੀ ਸੰਥਿਆ ਕਰਵਾ ਕੇ ਭਾਈ ਗੁਰਦੇਵ ਸਿੰਘ ਨੂੰ ਪਿੰਡ ਉਸਮਾਨਵਾਲਾ ਭੇਜ ਦਿੱਤਾ, ਸਕੂਲ ਦੀ ਪੜ੍ਹਾਈ ਅੱਠਵੀਂ ਤੱਕ ਹੀ ਕੀਤੀ। ਪਿਤਾ ਭਾਈ ਜਰਨੈਲ ਸਿੰਘ ਜੀ 16 ਜਨਵਰੀ 1973 ਨੂੰ ਅਕਾਲ ਚਲਾਣਾ ਕਰ ਗਏ। ਪਰਿਵਾਰਕ ਜ਼ਿੰਮੇਵਾਰੀ ਵੀ ਨਿਭਾਉਂਦੇ ਰਹੇ, ਜਦੋਂ ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਸੁਨੇਹਾ ਆ ਜਾਂਦਾ ਤਾਂ ਉਸ ਵੇਲੇ ਹੱਥਲਾ ਕੰਮ ਵਿੱਚੇ ਛੱਡ ਕੇ ਮਹਿਤੇ ਵੱਲ ਤੁਰ ਪੈਂਦੇ ਸਨ। ਭਾਈ ਗੁਰਦੇਵ ਸਿੰਘ ਨੂੰ ਰਿਸ਼ਤਾ ਸੰਤ ਕਰਤਾਰ ਸਿੰਘ ਜੀ ਨੇ ਕਰਾਇਆ ਸੀ। ਭਾਈ ਗੁਰਦੇਵ ਸਿੰਘ ਜੀ ਦਾ ਅਨੰਦ ਕਾਰਜ ਬੀਬੀ ਹਰਬੰਸ ਕੌਰ ਸਪੁੱਤਰੀ ਭਾਈ ਗੁਰਚਰਨ ਸਿੰਘ ਝੋਕ ਹਰੀਹਰ ਜੋ ਦਮਦਮੀ ਟਕਸਾਲ ਦੇ ਪੁਰਾਣੇ ਸਿੰਘ ਸਨ, ਨਾਲ ਹੋਣੀ ਤੈਅ ਹੋਈ। ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਭਾਈ ਗੁਰਦੇਵ ਸਿੰਘ ਜੀ ਦੇ ਵਿਆਹ ਦੇ ਸਬੰਧ ਵਿੱਚ ਭਾਈ ਗੁਰਦਿਆਲ ਸਿੰਘ ਉਸਮਾਨਵਾਲਾ ਜੋ ਟਕਸਾਲ ਦੇ ਹੀ ਸਿੰਘ ਸਨ, ਦੀ ਡਿਊਟੀ ਲਾ ਦਿੱਤੀ। ਇਨ੍ਹੀਂ ਦਿਨੀਂ ਸੰਤ ਕਰਤਾਰ ਸਿੰਘ ਜੀ ਖਾਲਸਾ ਪਟਿਆਲਾ ਦੇ ਇਲਾਕੇ ਵਿੱਚ ਸਿੱਖੀ ਪ੍ਰਚਾਰ, ਅੰਮ੍ਰਿਤ-ਸੰਚਾਰ ਕਰਨ ਲਈ ਗਏ ਹੋਏ ਸਨ। ਭਾਈ ਜਰਨੈਲ ਸਿੰਘ ਜੀ ਅਭਿਆਸੀ ਰੋਡੇ (ਬਾਅਦ ਵਿੱਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ) ਨੂੰ ਕਹਿਣ ਲੱਗੇ—'ਭਾਈ ਜਰਨੈਲ ਸਿੰਘ, ਭਲਕੇ ਭਾਈ ਗੁਰਦੇਵ ਸਿੰਘ ਦਾ ਵਿਆਹ ਹੈ! ਜਥੇ ਦੀ ਬੱਸ ਲੈ ਜਾਵੋ, ਸ਼ਾਮ ਤੱਕ ਸਿੱਧਾ ਉਸ ਦੇ ਘਰ ਪਿੰਡ ਉਸਮਾਨਵਾਲਾ ਜ਼ਰੂਰ ਪਹੁੰਚਣਾ ਹੈ।' ਸੰਤ ਕਰਤਾਰ ਸਿੰਘ ਜੀ ਖਾਲਸਾ ਦੇ ਹੁਕਮ 'ਤੇ ਭਾਈ ਜਰਨੈਲ ਸਿੰਘ, ਜਥੇ ਦੀ ਬੱਸ ਲੈ ਕੇ ਪਿੰਡ ਉਸਮਾਨਵਾਲਾ (ਫਿਰੋਜ਼ਪੁਰ) ਨੂੰ ਚੱਲ ਪਏ, ਪਿੰਡ ਦੇ ਨੇੜੇ ਪਹੁੰਚ ਗਏ, ਮੀਂਹ ਪੈ ਰਿਹਾ ਸੀ। ਅੱਗੇ ਰਸਤਾ ਬੜਾ ਖਰਾਬ ਸੀ, ਖੇਤਾਂ ਵਿੱਚ ਡੇਰਾ ਹੋਣ ਕਰਕੇ, ਘਰ ਨਾ ਲੱਭੇ। ਉਸ ਵਕਤ ਭਾਈ ਦਰਸ਼ਨ ਸਿੰਘ ਝੋਕ ਹਰੀਹਰ ਨਾਲ ਸਨ, ਕਹਿੰਦੇ ਕਿ ਭਾਈ ਜਰਨੈਲ ਸਿੰਘ ਜੀ ਰਾਤ ਹਨੇਰਾ ਹੋ ਗਿਆ ਹੈ, ਘਰ ਦਾ ਪਤਾ ਨਹੀਂ ਹੈ, ਇਥੇ ਪਿੰਡ ਉਸਮਾਨਵਾਲਾ ਵਿੱਚ ਰਾਤ ਕਿਸੇ ਸਿੰਘ ਦੇ ਘਰ ਕੱਟ ਲਈਏ, ਸਵੇਰੇ ਦਿਨ ਚੜ੍ਹੇ, ਡੇਰੇ ਪਹੁੰਚ ਜਾਵਾਂਗੇ! ਭਾਈ ਜਰਨੈਲ ਸਿੰਘ ਜੀ ਦਾ ਜਵਾਬ ਸੀ—'ਭਾਈ ਸਵਰਨ ਸਿੰਘ ਜੀ, ਮਹਾਂਪੁਰਖਾਂ ਦਾ ਹੁਕਮ ਹੈ ਭਾਈ ਗੁਰਦੇਵ ਸਿੰਘ ਦੇ ਸਿੱਧਾ ਘਰ ਜਾਣਾ।' ਸਿੰਘ ਪੈਦਲ ਹੀ ਪੁੱਛਦੇ-ਪੁਛਾਉਂਦੇ ਤੁਰ ਪਏ। ਰਾਤ ਹਨੇਰੀ ਸੀ, ਅੱਗੇ ਕੁਝ ਸਮਝ ਨਹੀਂ ਸੀ ਪੈਂਦੀ। ਸਿੰਘ ਰਾਤ ਦੇ ਹਨੇਰੇ ਵਿੱਚ ਪੁਰਾਣੇ ਢੱਠੇ ਖੂਹ ਵਿੱਚ ਡਿੱਗ ਪੈਂਦੇ ਜੇ ਕੁਦਰਤੀ ਬਿਜਲੀ ਨਾ ਲਿਸ਼ਕਦੀ। ਬਿਜਲੀ ਲਿਸ਼ਕਣ ਦੇ ਚਾਨਣ ਨਾਲ ਸਿੰਘਾਂ ਨੂੰ ਅੱਗੇ ਖੂਹ ਦਿਸ ਪਿਆ। ਸਿੰਘ ਉਨ੍ਹੀਂ ਕਦਮੀਂ ਰੁਕ ਗਏ। ਆਖਰ ਸਿੰਘਾਂ ਨੂੰ ਡੇਰਾ ਲੱਭ ਗਿਆ। ਸਿੰਘਾਂ ਪ੍ਰਸ਼ਾਦਾ-ਪਾਣੀ ਛਕਿਆ, ਰਾਤ ਦਾ ਵਿਸ਼ਰਾਮ ਕੀਤਾ। ਸਿੰਘਾਂ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਪਾਣੀ ਕੀਤਾ, ਨਿਤਨੇਮ ਕੀਤਾ। ਸਿੰਘਾਂ ਜੰਞ ਦੀ ਤਿਆਰੀ ਕੀਤੀ। ਭਾਈ ਗੁਰਦੇਵ ਸਿੰਘ ਨੇ ਆਪ ਹੀ ਨਲਕੇ ਤੋਂ ਇਸ਼ਨਾਨ ਕਰ

ਕੇ ਕੱਪੜੇ ਪਾ ਲਏ ਤੇ ਸਾਈਕਲ 'ਤੇ ਚੜ੍ਹ ਕੇ ਗਿਆ ਤੇ ਨਾਲ ਮੋਹਕਮ ਸਿੰਘ ਨੂੰ ਸਰਬਾਲਾ ਬਣਾ ਕੇ, ਸਾਈਕਲ ਦੇ ਡੰਡੇ 'ਤੇ ਅੱਗੇ ਬਿਠਾ ਲਿਆ ਤੇ ਹੱਸਦਾ ਹੋਇਆ ਇਹ ਕਹਿ ਰਿਹਾ ਸੀ—'ਭਈ ਮੇਰੇ ਜਾਂਵੀਓ, ਮੇਰੇ ਮਗਰ-ਮਗਰ ਭੱਜੇ ਆਉ, ਖਾਲਸੇ ਦਾ ਘੋੜਾ ਚੱਲ ਪਿਆ ਜੇ।' ਭਾਈ ਗੁਰਦੇਵ ਸਿੰਘ ਗੁਰਦੁਆਰਾ ਸਾਹਿਬ ਪਹੁੰਚ ਗਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੀਸ ਝੁਕਾ, ਹੁਕਮਨਾਮਾ ਸੁਣ ਕੇ, ਜਥਾ ਭਿੰਡਰਾਂ ਦੀ ਬੱਸ ਕੋਲ ਪਹੁੰਚੇ। ਟਕਸਾਲ ਦੇ ਸਿੰਘ ਅਤੇ ਰਿਸ਼ਤੇਦਾਰ ਸਨਬੰਧੀ, ਬੱਸ ਵਿੱਚ ਸਵਾਰ ਹੋ ਕੇ, ਝੋਕ ਹਰੀਹਰ ਪਹੁੰਚ ਗਏ। ਸਿੱਖੀ ਦੀ ਗੁਰਮਤਿ ਰਹਿਤ ਮਰਿਆਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੀਬੀ ਹਰਬੰਸ ਕੌਰ ਨਾਲ ਅਨੰਦ ਕਾਰਜ ਹੋਇਆ। ਇਸ ਸੁਭਾਗੀ ਜੋੜੀ ਦੇ ਘਰ, ਦੋ ਪੁੱਤਰਾਂ ਸ਼ਰਨਜੀਤ ਸਿੰਘ, ਭੁਪਿੰਦਰ ਪਾਲ ਸਿੰਘ ਅਤੇ ਪੁੱਤਰੀਆਂ ਗੁਰਜੀਤ ਕੌਰ, ਬਲਜੀਤ ਕੌਰ ਨੇ ਜਨਮ ਲਿਆ। ਗ੍ਰਹਿਸਤੀ ਜੀਵਨ ਦੀ ਅਰੰਭਤਾ ਤੋਂ ਬਾਅਦ ਵੀ ਭਾਈ ਗੁਰਦੇਵ ਸਿੰਘ ਜੀ ਦਮਦਮੀ ਟਕਸਾਲ ਨਾਲ ਜੁੜੇ ਰਹੇ। ਸੰਤ ਕਰਤਾਰ ਸਿੰਘ ਜੀ ਖਾਲਸਾ ਜਥੇ ਸਮੇਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਦਰਸ਼ਨਾਂ ਨੂੰ ਗਏ, ਭਾਈ (ਸੰਤ) ਜਰਨੈਲ ਸਿੰਘ ਅਭਿਆਸੀ ਨੂੰ ਉਥੇ ਰਹਿ ਕੇ 6 ਸਿੰਘਾਂ ਨੂੰ ਸ੍ਰੀ ਜਪੁਜੀ ਸਾਹਿਬ ਦੇ ਰੋਜ਼ਾਨਾ 105 ਪਾਠ ਕਰਨ ਦੀ ਸੇਵਾ ਲਾਈ ਸੀ। ਉਨ੍ਹਾਂ ਸਿੰਘਾਂ ਵਿੱਚ ਸੰਤ ਜਰਨੈਲ ਸਿੰਘ ਜੀ ਖਾਲਸਾ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਸਵਰਨ ਸਿੰਘ ਰੋਡੇ, ਭਾਈ ਦਲਬੀਰ ਸਿੰਘ ਅਭਿਆਸੀ, ਗਿਆਨੀ ਬਲਵਿੰਦਰ ਸਿੰਘ ਕੰਨੂ ਸਨ। (ਭਾਈ ਮੋਹਕਮ ਸਿੰਘ ਜੀ ਤੋਂ—3 ਜਨਵਰੀ 2010 ਨੂੰ ਟੈਲੀਫੋਨ 'ਤੇ ਇਹ ਜਾਣਕਾਰੀ ਹਾਸਲ ਕੀਤੀ ਸਮਾਂ ਰਾਤ 8 ਵੱਜ ਕੇ 10 ਮਿੰਟ 'ਤੇ) ਭਾਈ ਗੁਰਦੇਵ ਸਿੰਘ ਜੀ ਦੀ ਮਾਤਾ ਪ੍ਰਸਿੰਨ ਕੌਰ ਨੇ ਦੱਸਿਆ ਕਿ ਭਾਈ ਗੁਰਦੇਵ ਸਿੰਘ ਜੀ ਦੱਸਿਆ ਕਰਦੇ ਸਨ ਕਿ ਇਕ ਦਿਨ ਰਾਤ ਵੇਲੇ ਸਾਰੇ ਸਿੰਘ ਸੁੱਤੇ ਪਏ ਸਨ, ਮੈਂ ਤੇ ਸੰਤ ਜਰਨੈਲ ਸਿੰਘ ਜੀ ਦੋਵੇਂ ਇਕ ਕਮਰੇ ਵਿੱਚ ਸੀ, ਅਸੀਂ ਸਾਰੇ ਸਿੰਘ ਸੌਂ ਜਾਂਦੇ, ਪਰ ਸੰਤ ਜਰਨੈਲ ਸਿੰਘ ਸਮਾਧੀ ਲਾ ਕੇ ਵਾਹਿਗੁਰੂ ਨਾਮ ਦੇ ਸਿਮਰਨ ਵਿੱਚ ਲੀਨ ਰਹਿੰਦੇ ਸਨ। 110 ਜਪੁਜੀ ਸਾਹਿਬ ਦੇ ਪਾਠ ਦੇ ਨਿਤਨੇਮੀ ਸਨ। ਉਸ ਰਾਤ ਸੰਤ ਜੀ ਬੜੇ ਵੈਰਾਗ ਵਿੱਚ ਆਏ ਤਾਂ ਖਾਲਸਾ ਪੰਥ ਦੀ ਮਾਤਾ ਸਾਹਿਬ ਕੌਰ ਜੀ ਨੇ ਦਰਸ਼ਨ ਦਿੱਤੇ ਤੇ ਪੁੱਛਿਆ ਕਿ ਪੁੱਤਰ ਜਰਨੈਲ ਸਿੰਘ! ਇੰਨਾ ਵੈਰਾਗ ਕਿਉਂ ਕਰ ਰਿਹਾਂ, ਹਰ ਵੇਲੇ ਹੱਥ ਜੋੜ ਬੇਨਤੀ ਕਰਦਾ ਰਹਿਨਾਂ ? ਸੰਤ ਜਰਨੈਲ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਦੇ ਚਰਨਾਂ 'ਤੇ ਆਤਮਿਕ ਸੀਸ ਝੁਕਾਇਆ ਤੇ ਕਿਹਾ—ਮਾਤਾ ਜੀ, ਜਿਵੇਂ ਤੁਸੀਂ ਆਪਣੇ ਪੁੱਤਰ ਨੂੰ ਦਰਸ਼ਨ ਦਿੱਤੇ, ਬਾਪੂ ਦਸਮੇਸ਼ ਪਿਤਾ ਜੀ ਨੂੰ ਵੀ ਕਹੋ, ਪੁੱਤਰ ਨੂੰ ਦਰਸ਼ਨ ਦੇਵੇ। ਮਾਤਾ ਸਾਹਿਬ ਕੌਰ ਜੀ ਦਰਸ਼ਨ ਦੇ ਕੇ ਚਲੇ ਗਏ ਤੇ ਦਸਮੇਸ਼ ਪਿਤਾ ਜੀ ਨੂੰ ਕਿਹਾ—ਸਾਹਿਬ ਜੀ, 'ਜਰਨੈਲ ਸਿੰਘ' ਦਰਸ਼ਨਾਂ ਲਈ ਬਿਹਬਲ ਹੈ। ਵੈਰਾਗ ਵਿਚ ਹਰ ਵੇਲੇ ਅਰਜ਼ ਕਰਦਾ ਰਹਿੰਦਾ। ਪੁੱਤਰ ਨੂੰ ਦਰਸ਼ਨ ਦੇ ਕੇ ਨਿਹਾਲ ਕਰੋ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਤ ਜਰਨੈਲ ਸਿੰਘ ਜੀ ਨੂੰ ਦਰਸ਼ਨ ਦਿੱਤੇ, ਤਾਂ ਉਸ ਵੇਲੇ ਰਾਤ ਹਨੇਰੇ ਕਮਰੇ ਅੰਦਰ ਚਾਨਣ ਹੀ ਚਾਨਣ ਹੋ ਰਿਹਾ ਸੀ, ਤੇ ਸੰਤ ਜਰਨੈਲ ਸਿੰਘ ਜੀ ਦਾ ਚਿਹਰਾ ਲਾਲ ਸੁਰਖ ਅੰਗਿਆਰਾਂ ਵਾਂਗ ਭਖ ਰਿਹਾ ਸੀ। ਸੰਤ ਜਰਨੈਲ ਸਿੰਘ ਜੀ ਨੇ ਅਰਜ਼ ਕੀਤੀ—ਪਿਤਾ ਜੀ, ਦੁਨਿਆਵੀ ਕੰਮਾਂ ਵਿੱਚ ਦਿਲ ਨਹੀਂ ਲੱਗਦਾ। ਆਪਣੇ ਕੋਲ ਸੱਦ ਲਵੋ। ਮਹਾਰਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ—ਪੁੱਤਰ ਜਰਨੈਲ ਸਿੰਘ! ਤੂੰ ਕੌਮ ਦਾ ਜਰਨੈਲ ਬਣ ਕੇ, ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਦੀ ਅਗਵਾਈ ਕਰਨੀ ਹੈ। ਤੂੰ ਤਾਂ ਬਿਪਰਾਂ ਦੀ ਫੌਜ ਨੂੰ ਭਾਜੜਾਂ ਪਾਉਣੀਆਂ। ਬਿਪਰਾਂ ਤੇਰੇ ਨਾਂ ਤੋਂ ਕੰਬਣਾ। ਸਿੱਖ ਕੌਮ ਨੂੰ ਤੇਰੀ ਅਗਵਾਈ ਦੀ ਲੋੜ ਹੈ। ਮੁਸਲਮਾਨ ਜਰਨੈਲ ਲੱਲਾ ਬੇਗ, ਦੇ ਛੱਕੇ ਵੀ ਤੂੰ ਛੁਡਾਏ ਸਨ। ਹੁਣ ਤੂੰ ਸਿੱਖੀ ਵਿਰੋਧੀ ਬਿਪਰਾਂ ਨੂੰ ਵੀ ਭਾਜੜਾਂ ਪਾਉਣੀਆਂ ਹਨ। ਹੁਣ ਵੀ ਅਕਾਲ ਪੁਰਖ ਨੇ ਤੇਰੇ ਤੋਂ ਵੱਡੀ ਸੇਵਾ ਲੈਣੀ ਹੈ। ਨਿਸ਼ਚਾ ਰੱਖ, ਜਿਊਣਾ ਹੈ ਤਾਂ ਅਣਖ ਨਾਲ, ਮਰਨਾ ਹੈ ਤਾਂ ਅਣਖ ਨਾਲ। ਜੇ ਜਿਊਣਾ ਹੈ ਤਾਂ ਸਿੱਖ ਕੌਮ ਦੀ ਚੜ੍ਹਦੀ ਕਲਾ ਵਾਸਤੇ, ਮਰਨਾ ਹੈ ਤਾਂ ਸਿੱਖ ਕੌਮ ਦੀ ਚੜ੍ਹਦੀ ਕਲਾ ਵਾਸਤੇ। ਸੰਤ ਜਰਨੈਲ ਸਿੰਘ ਜੀ ਗੁਰੂ ਦਸਮੇਸ਼ ਪਿਤਾ ਦੇ ਬਚਨ ਸੁਣ ਕੇ, ਵਿਚਾਰ ਕਰਨ ਲੱਗੇ ਕਿ ਨਾਲਦੇ ਸਿੰਘ ਨੂੰ ਵੀ ਦਰਸ਼ਨ ਕਰਾ ਦੇਵਾਂ, ਦਸਮੇਸ਼ ਪਿਤਾ ਜੀ ਦੇ। ਸੰਤ ਜਰਨੈਲ ਸਿੰਘ ਜੀ ਨੂੰ ਅਜੇ ਇਹ ਫੁਰਨਾ ਆਇਆ ਸੀ ਕਿ ਉਪਰੋਂ ਭਾਈ ਗੁਰਦੇਵ ਸਿੰਘ ਜੀ ਦੇ ਪੇਟ ਵਿਚ ਸਖਤ ਦਰਦ ਹੋਣ ਲੱਗ ਪਈ। ਉਸ ਵੇਲੇ ਸੰਤ ਜਰਨੈਲ ਸਿੰਘ ਜੀ ਦਾ ਗੁਟ ਫੜ੍ਹ ਕੇ ਪੁੱਛਿਆ ਕਿ ਅੰਦਰ ਇੰਨਾ ਚਾਨਣ ਹੋ ਰਿਹਾ ਹੈ, ਕੀ ਕੌਤਕ ਵਰਤ ਰਿਹਾ ਹੈ ? ਸੰਤ ਜਰਨੈਲ ਸਿੰਘ ਜੀ ਦੀ ਸਮਾਧੀ ਖੁੱਲ੍ਹ ਗਈ, ਗੁੱਸੇ ਵਿੱਚ ਵਾਹਿਗੁਰੂ-ਵਾਹਿਗੁਰੂ ਕਹਿੰਦੇ ਹੋਏ ਉੱਠੇ। ਭਾਈ ਗੁਰਦੇਵ ਸਿੰਘ ਜੀ ਦੱਸਦੇ ਸਨ ਕਿ ਉਸ ਵਕਤ ਸੰਤ ਜਰਨੈਲ ਸਿੰਘ ਜੀ ਦਾ ਚਿਹਰਾ ਅੱਗ ਦੇ ਲਾਲ ਅੰਗਿਆਰਾਂ ਵਾਂਗ ਭਖ ਰਿਹਾ ਸੀ ਤੇ ਅੰਦਰ ਚਾਨਣ ਹੀ ਚਾਨਣ ਸੀ। ਮੈਂ ਵੇਖ ਕੇ ਡਰ ਗਿਆ ਸੀ ਤੇ ਕਮਰੇ ਵਿੱਚੋਂ ਬਾਹਰ ਨਿਕਲ ਗਿਆ। ਸੰਤ ਜਰਨੈਲ ਸਿੰਘ ਜੀ ਨੇ ਗੁੱਸੇ ਵਿੱਚ ਗੁੱਟ ਵਾਲੀ ਘੜੀ ਤੋੜ ਕੇ ਸੁੱਟ ਦਿੱਤੀ। ਕਹਿੰਦੇ ਕਿ ਇਸ ਘੜੀ ਨੇ ਰੰਗ ਵਿਚ ਭੰਗ ਪਾ ਦਿੱਤੀ ਹੈ। ਦਿਨ ਚੜ੍ਹਿਆ, ਸੰਤਾਂ ਦਾ ਗੁੱਸਾ ਠੰਡਾ ਹੋਇਆ, ਭਾਈ ਗੁਰਦੇਵ ਸਿੰਘ ਜੀ ਨੂੰ ਜੱਫੀ ਵਿੱਚ ਲੈ ਕੇ ਕਹਿੰਦੇ ਕਿ ਤੂੰ ਕੰਮ ਖਰਾਬ ਕਰ ਦਿੱਤਾ। ਭਾਈ ਗੁਰਦੇਵ ਸਿੰਘ ਨੇ ਜ਼ਿਦ ਕਰਕੇ ਪੁੱਛਿਆ ਕਿ ਉਹ ਕਿਹੜਾ ਕੰਮ ਜੋ ਮੇਰੇ ਅਨਜਾਣਪੁਣੇ ਵਿੱਚ ਖਰਾਬ ਹੋ ਗਿਆ। ਸੰਤ ਜਰਨੈਲ ਸਿੰਘ ਜੀ ਕਹਿੰਦੇ ਦੱਸਣ ਵਾਲਾ ਨਹੀਂ। ਭਾਈ ਗੁਰਦੇਵ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਜਾਂ ਤਾਂ ਭਾਈ ਸਾਹਿਬ ਜੀਉ ਬੁਝਾਰਤ ਨਹੀਂ ਸੀ ਪਾਉਣੀ ਜਾਂ ਹੁਣ ਜੋ ਵੀ ਕੌਤਕ ਹੋਇਆ ਦੱਸੋ ? ਇਹ ਤਾਂ ਮੈਨੂੰ ਪਤਾ ਹੈ ਕਿ ਕੋਈ ਕੌਤਕ ਜ਼ਰੂਰ ਵਰਤਿਆ ਹੈ। ਭਾਈ ਸਾਹਿਬ ਨੇ ਜ਼ੋਰ ਨਾਲ, ਮਿੰਨਤ ਤਰਲੇ ਨਾਲ, ਸਾਰੀ ਵਾਰਤਾਲਾਪ ਪੁੱਛ ਲਈ। ਭਾਈ ਗੁਰਦੇਵ ਸਿੰਘ ਜੀ ਕਿਹਾ ਕਰਦੇ ਸਨ ਕਿ ਜੇ ਸਾਡੀ

ਨਾਮ ਦੀ ਅਭਿਆਸ ਦੀ ਕਮਾਈ ਸੰਤ ਜਰਨੈਲ ਸਿੰਘ ਜੀ ਖਾਲਸਾ ਜਿੰਨੀ ਹੁੰਦੀ ਤਾਂ ਦਸਮੇਸ਼ ਪਿਤਾ ਸਾਨੂੰ ਵੀ ਦਰਸ਼ਨ ਜ਼ਰੂਰ ਦਿੰਦੇ। ਮੈਨੂੰ ਇਸ ਗੱਲ ਦਾ ਵੈਰਾਗ ਆਇਆ ਕਿ ਅਸੀਂ ਗੁਰੂ ਦਸਮੇਸ਼ ਪਿਤਾ ਜੀ ਅੱਗੇ ਆਪਣੀ ਨਾਮ ਕਮਾਈ ਦੀ ਘਾਟ ਕਰਕੇ ਪ੍ਰਵਾਨ ਨਹੀਂ ਚੜ੍ਹ ਸਕੇ। ਸੰਤ ਜਰਨੈਲ ਸਿੰਘ ਜੀ ਕਹਿੰਦੇ ਕਿ ਭਾਈ ਗੁਰਦੇਵ ਸਿੰਘ ਝੋਰਾ ਨਹੀਂ ਕਰਨਾ, ਮੈਨੂੰ ਵਿਸ਼ਵਾਸ ਹੈ ਕਿ ਸਮਾਂ ਆਉਣ 'ਤੇ ਤੂੰ ਜ਼ਰੂਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਹਾਦਰ ਸਪੁੱਤਰ ਹੋਣ ਦੀ ਅਮਰ-ਪਦਵੀ (ਸ਼ਹਾਦਤ) ਪ੍ਰਾਪਤ ਕਰੇਂਗਾ। ਗੁਰੂ ਸਮਰੱਥ ਹੈ, ਸਿੱਖ ਦਾ ਉਸ ਉੱਤੇ ਪੂਰਨ ਭਰੋਸਾ ਹੋਣਾ ਚਾਹੀਦਾ ਹੈ। ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਆਪਣੇ ਜੀਵਨ ਵਿੱਚ ਅਮਲੀ ਤੌਰ 'ਤੇ ਅਪਣਾ ਲਿਆ। ਬੁਰਿਆਈਆਂ ਤੋਂ ਮੁਕਤ ਹੋ ਗਿਆ, ਸਮਝੋ ਜਿਉਂਦੇ ਜੀਅ ਮੁਕਤ ਹੋ ਗਿਆ, ਇਹੋ ਗੁਰੂ ਸਾਹਿਬ ਦਾ ਮੁਕਤੀ ਸਿਧਾਂਤ ਹੈ। ਸੰਤ ਜਰਨੈਲ ਸਿੰਘ ਜੀ ਖਾਲਸਾ ਤੇ ਭਾਈ ਗੁਰਦੇਵ ਸਿੰਘ ਦੋਵੇਂ ਪਿਆਰ ਨਾਲ ਇੱਕਠੇ ਰਹਿੰਦੇ ਰਹੇ। ਸੰਤ ਕਰਤਾਰ ਸਿੰਘ ਜੀ ਖਾਲਸਾ ਦੇ ਹੁਕਮ ਮੁਤਾਬਕ ਘਰ ਦਾ ਕੰਮ ਖੇਤੀਬਾੜੀ ਕਰਨ ਆ ਗਏ।

ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਜਦੋਂ ਹਾਦਸੇ ਦੌਰਾਨ ਸੱਚਖੰਡ ਜਾ ਬਿਰਾਜੇ, ਉਦੋਂ ਭਾਈ ਗੁਰਦੇਵ ਸਿੰਘ ਜੀ ਪਿੰਡ ਉਸਮਾਨਵਾਲਾ ਵਿਚ ਰਹਿ ਕੇ ਖੇਤੀ ਕਰ ਰਹੇ ਸਨ ਤੇ ਖਬਰ ਸੁਣਦਿਆਂ ਸਾਰ ਟਕਸਾਲ ਦੇ ਹੈੱਡ ਕਵਾਟਰ ਮਹਿਤੇ ਪਹੁੰਚ ਗਏ। ਦਮਦਮੀ ਟਕਸਾਲ ਦੇ ਅਤਿ ਸਨਮਾਨਯੋਗ ਬਾਬਾ ਠਾਕੁਰ ਸਿੰਘ ਜੀ ਨੇ ਸੰਤ ਕਰਤਾਰ ਸਿੰਘ ਜੀ ਖਾਲਸਾ ਦੇ ਦਸੌਹਿਰੇ ਦੇ ਭੋਗ 'ਤੇ ਦਮਦਮੀ ਟਕਸਾਲ ਦੇ ਮੁਖੀ ਦੀ ਦਸਤਾਰਬੰਦੀ ਕਰਨ ਲੱਗਿਆਂ ਬਚਨ ਕਹੇ—ਗੁਰੂ ਰੂਪ ਪਿਆਰੀ ਸਾਧ ਸੰਗਤ ਜੀਉ, ਦਮਦਮੀ ਟਕਸਾਲ ਸ਼ਾਂਤੀ ਬਣਾਈ ਰੱਖਣ ਲਈ, ਜੰਗੀ ਰੂਪ ਧਾਰਨ ਕਰਨ ਲੱਗੀ ਹੈ, ਟਕਸਾਲ ਨੂੰ ਜਰਨੈਲ ਦੀ ਲੋੜ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਭਾਈ ਜਰਨੈਲ ਸਿੰਘ ਜੀ ਨੂੰ ਦਮਦਮੀ ਟਕਸਾਲ ਦੀ ਦਸਤਾਰਬੰਦੀ ਕੀਤੀ ਜਾਂਦੀ ਹੈ, ਕਲਗੀਧਰ ਦਸਮੇਸ਼ ਪਿਤਾ ਸੰਤ ਜਰਨੈਲ ਸਿੰਘ ਖਾਲਸਾ ਤੋਂ ਸਿੱਖ ਕੌਮ ਦੀ ਯੋਗ ਅਗਵਾਈ ਲੈਣਗੇ, ਆਪਾਂ ਸਾਰਿਆਂ ਨੇ ਸੰਤ ਜਰਨੈਲ ਸਿੰਘ ਜੀ ਖਾਲਸਾ ਦਾ ਸਾਥ ਦੇਣਾ ਹੈ। ਇਸ ਵੇਲੇ ਭਾਈ ਗੁਰਦੇਵ ਸਿੰਘ ਜੀ ਉਸਮਾਨਵਾਲਾ ਟਕਸਾਲ ਦੇ 45 ਚੋਣਵੇਂ ਸਿੰਘਾਂ ਵਿੱਚ ਸ਼ਾਮਲ ਸਨ, ਜਿਨ੍ਹਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਦੀ ਦਮਦਮੀ ਟਕਸਾਲ ਦੀ ਮੁਖੀ ਵਾਸਤੇ ਚੋਣ ਕੀਤੀ ਸੀ ਤੇ ਆਖਰੀ ਸਵਾਸਾਂ ਤੱਕ ਸੰਤਾਂ ਦੀ ਲਾਈ ਸੇਵਾ ਨੂੰ ਨੇਪਰੇ ਚਾੜ੍ਹਨ ਲਈ ਪ੍ਰਣ ਕੀਤਾ ਸੀ।

ਸੰਤ ਕਰਤਾਰ ਸਿੰਘ ਜੀ ਖਾਲਸਾ ਦੇ 16 ਅਗਸਤ 1977 ਨੂੰ ਅਕਾਲ ਚਲਾਣਾ ਤੋਂ ਬਾਅਦ ਹਿੰਦ ਸਰਕਾਰ ਦੇ ਪਾਲਤੂ ਕੁੱਤੇ ਨਕਲੀ ਨਿਰੰਕਾਰੀ ਮੰਡਲ ਦਿੱਲੀ ਦਾ ਸਰਗਨਾ ਗੁਰਬਚਨਾ ਨਰਕਧਾਰੀ ਤੇ ਉਸ ਦੀ ਗੁੰਡਾ ਬ੍ਰਿਗੇਡ ਨੇ ਸਿੱਖ ਧਰਮ ਵਿਰੋਧੀ

ਸਰਗਰਮੀਆਂ ਵਧਾ ਦਿੱਤੀਆਂ। ਥਾਂ-ਥਾਂ ਸਿੱਖੀ ਰਵਾਇਤਾਂ ਦਾ ਮਖੌਲ ਉਡਾਇਆ ਜਾਣ ਲੱਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿੰਦਿਆ ਕੀਤੀ ਜਾਣ ਲੱਗੀ। ਪੰਥ ਦੋਖੀ ਨੇ ਗੁਰੂ ਸਾਹਿਬਾਂ ਨੂੰ ਭਿਖਾਰੀ ਅਤੇ ਸ਼ਿਕਾਰੀ ਤੱਕ ਕਿਹਾ। ਉਸ ਨੇ ਪੰਜਾਬ ਦੇ ਅਖੌਤੀ ਅਕਾਲੀ ਪੰਥਕ ਸਰਕਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਹੁ ਬਾਦਲ ਦੀ ਸਹਿਮਤੀ ਤੇ ਸਹਿਯੋਗ ਦੇ ਨਾਲ, ਸਿੱਖਾਂ ਦੇ ਇਤਿਹਾਸਕ ਕੇਂਦਰੀ ਸ਼ਹਿਰ ਸ੍ਰੀ ਅੰਮ੍ਰਿਤਸਰ ਖਾਲਸਾ ਪੰਥ ਦੇ ਜਨਮ ਦਿਹਾੜੇ 'ਤੇ ਆਪਣਾ ਕੂੜ ਪ੍ਰਚਾਰ ਸਿੱਖ ਕੌਮ ਨੂੰ ਚਿੜਾਉਣ ਅਤੇ ਨੀਵਾਂ ਵਿਖਾਉਣ ਵਾਸਤੇ, ਲੱਖਾਂ ਗੁੰਡੇ ਇਕੱਠੇ ਕਰਕੇ ਸਮਾਗਮ 'ਚ ਕੀਤਾ। ਜਿਸਨੂੰ ਕਿਸੇ ਵੀ ਨੀਲੀ ਪੱਗ ਵਾਲੇ ਅਕਾਲੀ ਦਲ ਦੀ ਪੰਥਕ ਸਰਕਾਰ ਦੇ ਸੂਰਮੇ ਨੇ ਰੋਕਣ ਦੀ ਕੋਸ਼ਿਸ਼ ਨਾ ਕੀਤੀ, ਸਗੋਂ ਆਉਣ ਵਾਲੇ ਸਮੇਂ ਵਿੱਚ 'ਨਰਕਧਾਰੀਆਂ' ਤੋਂ ਵੋਟਾਂ ਰੂਪੀ ਜੂਠ ਬੁਰਕੀ ਲਈ ਪੂਛ ਹਿਲਾਉਂਦੇ ਹੋਏ ਨਜ਼ਰ ਆਏ। ਗੁਰੂ ਨਿੰਦਿਆ ਨੂੰ ਨਾ ਸਹਾਰਦਿਆਂ, ਅਖੰਡ ਕੀਰਤਨੀ ਜਥੇ ਦੇ ਮੁਖੀ ਭਾਈ ਫੌਜਾ ਸਿੰਘ ਜੀ (ਸ਼ਹੀਦ). ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਦੀ ਹਿੰਮਤ ਸਦਕਾ, ਭਾਈ ਫੌਜਾ ਸਿੰਘ ਅਤੇ ਭਾਈ ਰਣਬੀਰ ਸਿੰਘ ਫੌਜੀ ਦੀ ਅਗਵਾਈ ਵਿੱਚ ਨਕਲੀ ਨਿਰੰਕਾਰੀਆਂ ਨੂੰ ਗੁਰੂ ਨਿੰਦਿਆ ਤੋਂ ਰੋਕਣ ਲਈ, ਸ਼ਾਂਤਮਈ ਰੋਸ ਪ੍ਰਗਟ ਕਰਨ ਲਈ ਸਿੱਖਾਂ ਦਾ ਜਥਾ ਗਿਆ ਤਾਂ ਪੰਜਾਬ ਦੀ ਅਖੌਤੀ ਪੰਥਕ ਅਕਾਲੀ ਸਰਕਾਰ ਦੀ ਪੁਲਿਸ ਦੀ ਮੌਜੂਦਗੀ ਵਿੱਚ ਅਤੇ ਇਸ ਦੇ ਅਫਸਰਾਂ ਦੀ ਸ਼ਹਿ 'ਤੇ ਕੇਂਦਰ ਸਰਕਾਰ ਦੇ ਪਾਲਤੂ ਨਰਕਧਾਰੀ ਗੁਰਬਚਨੇ ਨੇ, ਸਿੱਖਾਂ ਦੇ ਖੂਨ ਦੀ ਅੰਮ੍ਰਿਤਸਰ ਦੀ ਧਰਤੀ ਉੱਤੇ ਹੋਲੀ ਖੇਡੀ। ਗੋਲੀ ਚਲਾ ਕੇ 13 ਸਿੰਘ ਸ਼ਹੀਦ ਕਰ ਦਿੱਤੇ, 150 ਤੋਂ ਵੱਧ ਸਿੱਖ ਜ਼ਖਮੀ ਹੋਏ। ਪੰਜਾਬ ਦੀ ਅਖੌਤੀ ਪੰਥਕ ਸਰਕਾਰ ਦੀ ਬਹਾਦਰ ਪੁਲਿਸ ਨੇ ਗੁਰਬਚਨੇ ਨੂੰ ਗ੍ਰਿਫਤਾਰ ਤਾਂ ਕੀ ਕਰਨਾ ਸੀ ਸਗੋਂ ਕਰਨਾਲ (ਹਰਿਆਣਾ) ਤੱਕ ਆਪਣੀ ਹਿਫਾਜ਼ਤ ਅਧੀਨ ਸਰਕਾਰੀ ਵਾਹਨ ਵਿੱਚ ਛੱਡ ਕੇ ਆਏ। ਅੰਮ੍ਰਿਤਸਰ ਦੇ ਖੂਨੀ ਸਾਕੇ ਦੇ ਸ਼ਹੀਦ ਸਿੰਘਾਂ ਦੇ ਕਾਤਲਾਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਤਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਦੀ ਅਗਵਾਈ ਵਿੱਚ ਦਮਦਮੀ ਟਕਸਾਲ ਨੇ ਜੰਗੀ ਰੂਪ ਧਾਰਨ ਕੀਤਾ। ਬਾਬਾ ਠਾਕੁਰ ਸਿੰਘ ਜੀ ਦੀ ਦਸਤਾਰਬੰਦੀ ਵੇਲੇ ਕੀਤੀ ਭਵਿੱਖਬਾਣੀ ਸੱਚੀ ਸਾਬਤ ਹੋਈ। ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਲਲਕਾਰ ਕੇ ਕਿਹਾ ਕਿ ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਾਤਲਾਂ, ਨਿੰਦਕਾਂ, ਸਿੱਖਾਂ ਦੇ ਕਾਤਲਾਂ ਦਾ ਸੋਧਾ ਲਾਵੇਗਾ, ਉਸਨੂੰ ਮੈਂ ਸੰਭਾਲਾਂਗਾ ਤੇ ਜਿਹੜੀ ਮੈਨੂੰ ਕੀਮਤ ਤਾਰਨੀ ਪਈ, ਤਾਰਾਂਗਾ। ਸਿੰਘਾਂ ਨੇ ਛੇਤੀ ਹੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 'ਜ਼ਫਰਨਾਮਾ' ਦੇ ਫੁਰਮਾਨ :

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ ਸਮਸ਼ੀਰ ਦਸਤ ॥

ਦੀ ਰੋਸ਼ਨੀ ਵਿੱਚ ਗੁਰਬਚਨੇ ਨਰਕਧਾਰੀ ਤੇ ਉਸਦੇ ਮੁੱਖ ਸਿਤਾਰੇ ਪ੍ਰਤਾਪੇ ਨੂੰ ਉਸ ਦੇ

ਘਰ ਅੰਦਰ ਹੀ ਤਾੜ-ਤਾੜ ਕਰਦੀਆਂ ਗੋਲੀਆਂ ਮਾਰ ਕੇ ਨਰਕਧਾਮ ਦੀ ਗੱਡੀ ਚੜ੍ਹਾ ਦਿੱਤਾ। ਸਿੱਖੀ ਵਿਰੋਧੀ ਮਹਾਸ਼ਾ ਲਾਲਾ ਜਗਤ ਨਰਾਇਣ ਵੀ ਸਿੰਘਾਂ ਨੇ ਗੁਰਬਚਨੇ ਦੇ ਪਿੱਛੇ ਤੋਰ ਦਿੱਤਾ। ਅੱਗੇ ਗੁਰਬਚਨੇ ਦਾ ਜੀਅ ਨਹੀਂ ਸੀ ਲੱਗਦਾ ਤੇ ਪਿੱਛੇ ਲਾਲਾ ਜਗਤ ਨਰਾਇਣ ਵੀ ਨਰਕਧਾਰੀ ਨੂੰ ਅਖਬਾਰਾਂ ਵਿੱਚ ਰੋ-ਰੋ ਕੇ ਬੜਾ ਯਾਦ ਕਰਦਾ ਸੀ। ਸਿੰਘਾਂ ਨੇ ਪੁੰਨ ਦਾ ਕੰਮ ਕੀਤਾ, ਨਾਲੇ ਦੋਵਾਂ ਦੁਸ਼ਟਾਂ ਨੂੰ ਇਕੋ ਜਗ੍ਹਾ ਭੇਜ ਦਿੱਤਾ। ਨਾਲ ਹੀ ਸਿੱਖਾਂ ਦੇ ਸਿਰ ਇਨ੍ਹਾਂ ਵੱਲੋਂ ਸਿੱਖੀ ਵਿਰੋਧੀ ਪ੍ਰਚਾਰ ਦਾ ਚੜ੍ਹਿਆ ਕਰਜ਼ਾ ਲਾਹ ਦਿੱਤਾ ਤਾਂ ਸਿੱਖਾਂ ਦੇ ਹੌਂਸਲੇ ਬੁਲੰਦ ਹੋ ਗਏ ਅਤੇ ਸਿੱਖੀ ਵਿਰੋਧੀਆਂ ਦੀਆਂ, ਸਿੱਖੀ ਸਰੂਪ ਵਾਲੇ ਸਿੱਖ ਗੱਭਰੂਆਂ ਨੂੰ ਵੇਖ ਕੇ ਲੱਤਾਂ ਕੰਬਣ ਲੱਗ ਪੈਂਦੀਆਂ ਸਨ।

ਭਾਈ ਗੁਰਦੇਵ ਸਿੰਘ ਉਸਮਾਨਵਾਲਾ 'ਸੰਤ ਜਰਨੈਲ ਸਿੰਘ ਜੀ ਖਾਲਸਾ' ਦੇ ਨਜ਼ਦੀਕੀ ਸਿੰਘਾਂ ਵਿੱਚ ਗਿਣੇ ਜਾਂਦੇ ਸਨ। ਭਾਈ ਸਾਹਿਬ ਸਿੱਖਾਂ ਨੂੰ ਆਪਣੇ ਫਰਜ਼ਾਂ ਪ੍ਰਤੀ ਜਾਣੂ ਕਰਵਾਉਂਦੇ ਰਹਿੰਦੇ ਸਨ ਤੇ ਚੌਧਰ ਦੇ ਭੁੱਖੇ ਮੁਖਬਰ ਭਾਈ ਸਾਹਿਬ ਦੀ ਸ਼ਖ਼ਸੀਅਤ ਨਾਲ ਮਾੜਾ ਕਰਦੇ ਸਨ। ਪਿੰਡ ਉਸਮਾਨਵਾਲਾ ਦੇ ਕਾਂਗਰਸੀ ਭਾਈ ਗੁਰਦੇਵ ਸਿੰਘ ਦੇ ਸਿੱਖੀ ਪ੍ਰਚਾਰ ਤੋਂ ਬੜੇ ਔਖੇ ਸਨ। ਸਰਕਾਰ ਪੁਲਿਸ ਕੋਲ ਰਿਪੋਰਟਾਂ ਕਰਨ ਲੱਗੇ। ਸਮੇਂ ਦੀ ਨਾਜ਼ੁਕਤਾ ਨੂੰ ਸਮਝਦੇ ਹੋਏ ਭਾਈ ਗੁਰਦੇਵ ਸਿੰਘ ਘਰ ਤੋਂ ਆਸਾ-ਪਾਸਾ ਕਰਕੇ ਰਹਿੰਦੇ ਸਨ। ਇਕ ਮੁਖਬਰ ਨੂੰ ਸੋਧਿਆ, ਪਰ ਉਸਦਾ ਪਰਿਵਾਰ ਸਰਕਾਰ ਦੇ ਲਾਲਚ ਤੋਂ ਬਚ ਨਾ ਸਕਿਆ। ਪਿੰਡ ਕਮਾਲਾ ਬੋਦਲਾਂ ਦੇ ਬਲਰਾਮ (ਕਾਂਗਰਸੀ ਲੀਡਰ) ਨੇ ਬੜੇ ਚੈਲੰਜ ਨਾਲ ਤੂਫਾਨੀ ਦੌਰਾ ਰੱਖ ਲਿਆ। ਭਾਈ ਗੁਰਨਾਮ ਸਿੰਘ ਬੰਡਾਲਾ ਦਮਦਮੀ ਟਕਸਾਲ ਦੇ ਸਿੰਘ ਨੇ ਆ ਕੇ ਦੱਸਿਆ ਕਿ ਭਾਈ ਸਾਹਿਬ ਜੀ, ਇਸ ਨੂੰ ਭਜਾਉਣਾ, ਕੁਝ ਕਰੀਏ ? ਸੰਤ ਕਰਤਾਰ ਸਿੰਘ ਜੀ ਮਹਾਂਪੁਰਖ ਕਿਹਾ ਕਰਦੇ ਸਨ— ਸਿੰਘਾਂ ਦਾ ਮਿਸ਼ਨ ਕੌਮੀ ਹੋਵੇ ਤਾਂ ਸਿੰਘ ਗਿਣਤੀਆਂ-ਮਿਣਤੀਆਂ ਵਿੱਚ ਨਹੀਂ ਪੈਂਦੇ ਹੁੰਦੇ। ਭਾਈ ਗੁਰਨਾਮ ਸਿੰਘ ਨੇ ਆਪ ਕਮਾਲਾ ਬੋਦਲਾਂ ਪਹੁੰਚ ਕੇ, ਹਰ ਹੀਲੇ ਬਲਰਾਮ ਦਾ ਪ੍ਰੋਗਰਾਮ ਫੇਲ੍ਹ ਕਰਨ (ਰੋਕਣ) ਦਾ ਨਿਸ਼ਚਾ ਕਰ ਲਿਆ। ਬਲਰਾਮ ਭਾਰੀ ਇਕੱਠ ਵਿੱਚ ਜਦੋਂ ਸਟੇਜ ਤੋਂ ਮਾਈਕ 'ਤੇ ਬੋਲਣ ਲੱਗਾ ਤਾਂ ਦੋਵੇਂ ਯੋਧੇ ਵਿੱਚ ਹੀ ਬੈਠੇ ਸਨ, ਜਦੋਂ ਹੀ ਉਸਨੇ, ਸੰਤ ਭਿੰਡਰਾਂਵਾਲਿਆਂ ਵਿਰੁੱਧ ਅਤੇ ਸਿੱਖਾਂ ਵਿਰੋਧੀ ਫੂੰਕਾਰਾ ਮਾਰਿਆ ਕਿ ਸੰਤ ਭਿੰਡਰਾਂਵਾਲਾ ਸਿੱਖਾਂ ਨੂੰ ਹਿੰਦੂਆਂ ਵਿਰੁੱਧ ਭੜਕਾ ਰਿਹਾ ਹੈ। ਸਿੱਖਾਂ ਨੂੰ ਸੋਚਣਾ ਚਾਹੀਦਾ ਹੈ ਕਿ ਸਾਡੀ ਹਿੰਦੁਸਤਾਨ ਵਿੱਚ ਕਿੰਨੀ ਕੁ ਗਿਣਤੀ ਹੈ। ਦੋਵੇਂ ਸਿੰਘ ਜੋ ਜੱਟਾਂ ਦੇ ਭੇਸ ਵਿੱਚ ਸਨ, ਭਾਈ ਗੁਰਨਾਮ ਸਿੰਘ ਨੇ ਕੰਬਲ ਦੀ ਬੁੱਕਲ ਮਾਰੀ ਸੀ, ਤੇ ਬੁੱਕਲ ਵਿੱਚ ਸ੍ਰੀ ਸਾਹਿਬ ਸੀ, ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦਾ ਜੈਕਾਰਾ ਛੱਡਿਆ ਤਾਂ ਇਕੱਠ ਵਿੱਚੋਂ ਸਿੱਖਾਂ ਨੇ ਸਹਿਜ ਸੁਭਾਅ ਸਤਿ ਸ੍ਰੀ ਅਕਾਲ ਦਾ ਜਵਾਬ ਦਿੱਤਾ। ਭਾਈ ਗੁਰਦੇਵ ਸਿੰਘ ਛਾਲ ਮਾਰ ਕੇ ਸਟੇਜ 'ਤੇ ਚੜ੍ਹ ਗਿਆ। ਦੋ-ਤਿੰਨ ਨੂੰ ਧੱਕੇ ਮਾਰ ਕੇ ਸਟੇਜ ਤੋਂ ਹੇਠਾਂ ਸੁੱਟ ਦਿੱਤਾ। ਖੱਬੇ ਹੱਥ ਨਾਲ ਬਲਰਾਮ ਦੀ ਗਿੱਚੀ ਫੜ੍ਹ ਲਈ ਤੇ

ਸੱਜੇ ਹੱਥ ਨਾਲ ਮਾਈਕ ਖੋਹ ਲਿਆ। ਭਾਈ ਗੁਰਨਾਮ ਸਿੰਘ ਨੇ ਇੱਕ ਵਾਰ ਫੇਰ ਬੋਲੇ ਸੋ ਨਿਹਾਲ ਦਾ ਜੈਕਾਰਾ ਗਜਾਇਆ ਤਾਂ ਰਾਅ ਤੇ ਬਾਗੜੀਏ 'ਸਿੰਘ ਆ ਪਏ ਈ ਓਏ ਨਿਕਲ ਚਲੋ ਭੈਣ ਦੇ ਵੀਰੋ! ਮਾਰਦੇ ਈ ਸਾਲਿਓ, ਕਿਤੇ ਨਿਕਲ ਚਲੋ, ਭੱਜ ਨਿਕਲੋ' ਦਾ ਰੋਲਾ ਪਾਉਂਦੇ ਭੱਜ ਗਏ। ਕਾਂਗਰਸੀ ਬਲਰਾਮ ਦਾ ਪਜਾਮੇ 'ਚ ਮੂਤ ਨਿਕਲ ਗਿਆ ਤੇ ਸਟੇਜ ਗਿੱਲੀ ਹੋ ਗਈ। ਬਲਰਾਮ ਬੇਇੱਜ਼ਤੀ ਕਰਾ ਕੇ ਗਿਆ। ਮੈਦਾਨ ਸਿੰਘਾਂ ਦੇ ਹੱਥ ਰਿਹਾ, ਕਈਆਂ ਦੀਆਂ ਭੱਜੇ ਜਾਂਦਿਆਂ ਦੀਆਂ ਜੁੱਤੀਆਂ ਲਹਿ ਗਈਆਂ ਸਨ। ਉਥੇ ਗੋਲੀ ਚੱਲ ਗਈ। ਭਾਈ ਗੁਰਦੇਵ ਸਿੰਘ ਪੁਲਿਸ ਦੇ ਕਾਬੂ ਆ ਗਏ। ਪੁਲਿਸ ਜ਼ੀਰੇ ਦੇ ਸਦਰ ਥਾਣੇ ਲੈ ਗਈ। ਇਲਾਕੇ ਦੀ ਸੰਗਤ ਜ਼ੀਰੇ ਥਾਣੇ ਦੇ ਬਾਹਰ ਇਕੱਠੀ ਹੋ ਗਈ ਤੇ ਥਾਣੇ ਅੰਦਰ ਵੜ ਕੇ ਧੱਕੇ ਨਾਲ ਬਾਹਰ ਕਢਾ ਲਿਆ ਭਾਈ ਗੁਰਦੇਵ ਸਿੰਘ ਨੂੰ। ਪੁਲਿਸ ਥਾਣੇ ਜ਼ੀਰੇ 'ਚੋਂ ਸਿੱਖ ਸੰਗਤ ਵੱਲੋਂ ਛੁਡਾਉਣ ਤੋਂ ਬਾਅਦ, ਭਾਈ ਗੁਰਦੇਵ ਸਿੰਘ ਤੇ ਭਾਈ ਗੁਰਨਾਮ ਸਿੰਘ, ਸੰਤ ਜਰਨੈਲ ਸਿੰਘ ਜੀ ਖਾਲਸਾ ਪਾਸ ਪੁੱਜ ਗਏ, ਸੰਤ ਜੀ ਨੇ ਸਿੰਘਾਂ ਨੂੰ ਜੱਫੀ ਵਿੱਚ ਲੈ ਕੇ ਪਿਆਰ ਕੀਤਾ।

ਹਿੰਦੂ ਸ਼ਿਵ ਸੈਨਾ ਦੇ ਭੂਤਰੇ ਹੋਏ ਗੁੰਡਿਆਂ ਨੇ ਫਿਰੋਜ਼ਪੁਰ ਸ਼ਹਿਰ ਵਿੱਚ ਹੁਲੜਬਾਜ਼ੀ ਕੀਤੀ, ਸਿੱਖਾਂ ਦੀਆਂ ਦੁਕਾਨਾਂ ਸਾੜੀਆਂ, ਸਿੱਖੀ ਵਿਰੋਧੀ ਨਾਅਰੇ ਲਾ ਰਹੇ ਸਨ। ਸੰਤ ਜਰਨੈਲ ਸਿੰਘ ਜੀ ਖਾਲਸਾ ਨੇ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਹਰਭਜਨ ਸਿੰਘ ਮੰਡ, ਭਾਈ ਗੁਰਜੀਤ ਸਿੰਘ ਝੋਕ ਹਰੀਹਰ, ਭਾਈ ਗੁਰਨਾਮ ਸਿੰਘ, ਭਾਈ ਰਸਾਲ ਸਿੰਘ ਆਰਫਕੇ, ਭਾਈ ਦੁਰਗਾ ਸਿੰਘ ਆਰਫਕੇ ਜੋ ਕਿ ਪੰਜ ਸਿੰਘ ਹੀ ਸੂਰਬੀਰ ਯੋਧੇ ਸਨ, ਸ਼ਿਵ ਸੈਨਾ ਦਾ ਮੁਕਾਬਲਾ ਕਰਨ ਦੀ ਡਿਊਟੀ ਲਾਈ। ਇਕ ਪਾਸੇ 5 ਸਿੰਘਾਂ ਕੋਲ ਨੰਗੀਆਂ ਸ਼ਮਸ਼ੀਰਾਂ ਸਨ ਤੇ ਦੂਜੇ ਪਾਸੇ 1500 ਹਿੰਦੂ ਸੈਨਾ ਦੇ ਕਾਗਜ਼ੀ ਸ਼ੇਰ ਸਨ, ਸਿੰਘਾਂ ਨੇ ਜਦੋਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਕੇ ਹੱਲਾ ਬੋਲਿਆ, ਸ਼ਿਵ ਸੈਨਿਕਾਂ ਦੀਆਂ ਮੌਰਾਂ ਕੁੱਟ ਕੇ ਮੰਦਰਾਂ 'ਚ ਵਾੜ ਕੇ ਆਏ ਸਨ। ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਦੀ ਰਾਖੀ ਕਰਨ ਦੀ ਡਿਊਟੀ, ਸੰਤ ਜਰਨੈਲ ਸਿੰਘ ਜੀ ਖਾਲਸਾ ਨੇ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਗੁਰਜੀਤ ਸਿੰਘ ਝੋਕ ਹਰੀਹਰ, ਭਾਈ ਹਰਭਜਨ ਸਿੰਘ ਮੰਡ, ਭਾਈ ਰਸਾਲ ਸਿੰਘ ਆਰਫਕੇ, ਭਾਈ ਦੁਰਗਾ ਸਿੰਘ ਆਰਫਕੇ, ਭਾਈ ਗੁਰਨਾਮ ਸਿੰਘ ਦੀ ਲਗਾਈ ਸੀ, ਜਿਸ ਨੂੰ ਸਿੰਘਾਂ ਨੇ ਬੜੀ ਸਿਦਕਦਿਲੀ ਨਾਲ ਨਿਭਾਇਆ। ਸ਼ਿਵ ਸੈਨਾ ਤੇ ਪੁਲਿਸ ਦੀ ਜੁਰਅਤ ਨਹੀਂ ਸੀ ਪਈ ਕਿ ਉਹ ਗੁਰਦੁਆਰਾ ਖਾਲਸਾ ਦੀ ਹਦੂਦ ਅੰਦਰ ਦਾਖਲ ਹੋ ਸਕੇ। ਉਦੋਂ ਸਿੰਘ, ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਬਚਨਾਂ ਉੱਤੇ ਪਹਿਰਾ ਦਿੰਦੇ ਆਪਾ ਵਾਰਨ ਲਈ ਤੱਤਪਰ ਸਨ। ਸਿੰਘਾਂ ਦੇ ਸਿਰੜ-ਸਿਦਕ ਅੱਗੇ ਸਰਕਾਰ ਨੂੰ ਝੁਕਣਾ ਪਿਆ। ਪੰਜਾਬ ਦੇ ਗਵਰਨਰ ਬੀ.ਡੀ.ਪਾਂਡੇ ਨੇ ਗੁਰਦੁਆਰਾ ਖਾਲਸਾ ਫਿਰੋਜ਼ਪੁਰ ਦੇ ਚੁਫੇਰਿਓਂ ਘੇਰਾ ਚੁੱਕ ਲਿਆ ਤਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਪੂਰੀ ਤਸੱਲੀ ਹੋ ਜਾਣ ਤੋਂ ਬਾਅਦ ਉਪਰੋਕਤ ਸਿੰਘਾਂ

ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਬੁਲਾ ਲਿਆ।

ਮਈ 1984 ਦੇ ਅਖੀਰਲੇ ਹਫਤੇ ਸ੍ਰੀ ਦਰਬਾਰ ਸਾਹਿਬ ਦੇ ਦੁਆਲੇ ਹਿੰਦੁਸਤਾਨੀ ਕੇਂਦਰੀ ਫੋਰਸਾਂ, ਸੀ.ਆਰ.ਪੀ. ਅਤੇ ਹੋਰ ਕੇਂਦਰੀ ਬਲਾਂ ਦੀ ਘੇਰਾਬੰਦੀ ਸਖਤ ਹੋ ਗਈ ਸੀ। ਜੂਨ ਦਾ ਮਹੀਨਾ ਚੜ੍ਹਦੇ ਸਾਰ, ਹਿੰਦ ਸਰਕਾਰ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮ 'ਤੇ ਪੰਜਾਬ ਨੂੰ ਫੌਜ ਦੇ ਹਵਾਲੇ ਕਰ ਦਿੱਤਾ। ਸੰਤ ਜਰਨੈਲ ਸਿੰਘ ਜੀ ਖਾਲਸਾ, ਸ੍ਰੀ ਦਰਬਾਰ ਸਾਹਿਬ ਉੱਪਰ ਹੋਣ ਵਾਲੇ ਭਾਰਤੀ ਫੌਜ ਦੇ ਸੰਭਾਵੀ ਹਮਲੇ ਤੋਂ ਜਾਣੂ ਸਨ। ਸੰਤ ਜੀ ਨੇ ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਕਿ ਸ੍ਰੀ ਦਰਬਾਰ ਸਾਹਿਬ 'ਤੇ ਵਾਪਰਣ ਵਾਲੇ ਘੱਲੂਘਾਰੇ ਤੋਂ ਬਾਅਦ ਸਿੱਖ ਕੌਮ ਨੂੰ ਅਜ਼ਾਦੀ ਦੀ ਪ੍ਰਾਪਤੀ ਲਈ ਹਿੰਦ ਹਕੂਮਤ ਨਾਲ ਲੰਬੀ ਲੜਾਈ ਲੜਨੀ ਪੈਣੀ ਹੈ। ਇਸ ਮੁਸ਼ੱਕਤ ਲਈ, ਮਾਮੂਲੀ ਕੰਮਾਂ 'ਤੇ ਡਿਊਟੀਆਂ ਲਾ ਕੇ ਭਾਈ ਮਨਬੀਰ ਸਿੰਘ ਚਹੇੜੂ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਗਿਆਨੀ ਅਰੂੜ ਸਿੰਘ, ਭਾਈ ਤਰਸੇਮ.ਸਿੰਘ ਕੁਹਾੜ, ਭਾਈ ਗੁਰਦੇਵ ਸਿੰਘ ਢਿੱਲਵਾਂ, ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਗੁਰਨਾਮ ਸਿੰਘ, ਭਾਈ ਸੁਖਦੇਵ ਸਿੰਘ ਸਖੀਰਾ ਨੂੰ ਬਾਹਰ ਭੇਜ ਦਿੱਤਾ ਸੀ। ਸ੍ਰੀ ਦਰਬਾਰ ਸਾਹਿਬ 'ਤੇ ਜੂਨ 1984 ਵਿੱਚ ਹਮਲਾ ਹੋਇਆ। ਇਕੱਲੇ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਹੀ ਨਹੀਂ, ਹਿੰਦੁਸਤਾਨੀ ਫੌਜਾਂ ਨੇ ਤੋਪਾਂ, ਟੈਂਕਾਂ, ਮਸ਼ੀਨਗੰਨਾਂ ਦੀ ਸਿੱਖ ਸ਼ਰਧਾਲੂਆਂ ਉੱਤੇ ਵੀ ਵਰਤੋਂ ਕੀਤੀ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਏ ਸਨ। ਹਜ਼ਾਰਾਂ ਸਿੰਘਾਂ, ਸਿੰਘਣੀਆਂ, ਬੱਚਿਆਂ ਅਤੇ ਬਜ਼ੁਰਗਾਂ ਨੂੰ 37 ਗੁਰਦੁਆਰਿਆਂ ਅੰਦਰ ਬੇਰਹਿਮੀ ਨਾਲ ਕਤਲੇਆਮ ਰੂਪ ਵਿੱਚ ਸ਼ਹੀਦ ਕਰ ਦਿੱਤਾ। ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਨੂੰ ਢਾਹ-ਢੇਰੀ ਕਰ ਦਿੱਤਾ। ਜੂਨ 1984 ਦਾ ਘੱਲੂਘਾਰਾ ਸਿਰਫ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਦੇ ਖਿਲਾਫ ਨਹੀਂ, ਸਗੋਂ ਸਮੁੱਚੀ ਸਿੱਖ ਕੌਮ ਦੇ ਖਿਲਾਫ਼ ਸੀ। ਸੰਤ ਜਰਨੈਲ ਸਿੰਘ ਜੀ ਖਾਲਸਾ ਦੀ ਅਗਵਾਈ ਹੇਠ ਜਨਰਲ ਸ਼ੁਬੇਗ ਸਿੰਘ, ਭਾਈ ਅਮਰੀਕ ਸਿੰਘ, ਬਾਬਾ ਠਾਹਰਾ ਸਿੰਘ ਨੇ ਮੁੱਠੀ ਭਰ ਸਿੰਘਾਂ ਨਾਲ ਹਿੰਦੁਸਤਾਨੀ ਫੌਜ ਦਾ ਮੁਕਾਬਲਾ ਕੀਤਾ ਤੇ ਵੱਡੀ ਗਿਣਤੀ ਵਾਲੀ ਫ਼ੌਜ ਨਾਲ ਟਾਕਰਾ ਕਰਦੇ ਹੋਏ ਸ਼ਹੀਦ ਹੋ ਗਏ।

ਸਿੰਘਾਂ ਦਾ ਜਨਮ ਹੀ ਤਲਵਾਰ ਦੀ ਧਾਰ ਵਿਚੋਂ ਹੋਇਆ ਹੈ ਤੇ ਗੁੜ੍ਹਤੀ ਖੰਡੇ ਦੀ ਧਾਰ ਦੀ ਲਈ ਹੋਵੇ ਤੇ ਉਹ ਮੌਤ ਤੇ ਹਕੂਮਤ ਦਾ ਭੈ ਮੰਨ ਕੇ, ਚੁੱਪ ਕਰ ਕੇ ਘਰੀਂ ਬੈਠ ਜਾਣ, ਇਹ ਤਾਂ ਕਦੇ ਹੋ ਹੀ ਨਹੀਂ ਸਕਦਾ।

ਜੂਨ 1984 ਦੇ ਘੱਲੂਘਾਰੇ ਤੋਂ ਬਾਅਦ, ਸਿੱਖ ਸੰਘਰਸ਼ ਨੂੰ ਨਵੇਂ ਸਿਰਿਓਂ ਅਰੰਭ ਕਰਨ ਲਈ ਖਿੰਡੇ-ਪੁੰਡੇ ਸਿੰਘਾਂ ਦੀ ਇੱਕ ਮੀਟਿੰਗ/ਇਕੱਤਰਤਾ ਮਾਲਵੇ ਦੇ ਪਿੰਡ ਪਿੰਡੀ ਬਲੋਚਾਂ (ਨੇੜੇ ਸਾਦਿਕ) ਜਥੇਦਾਰ ਮਾਨ ਸਿੰਘ ਦੀ ਢਾਣੀ 'ਤੇ ਹੋਈ, ਜਿਸ ਵਿੱਚ ਭਾਈ ਮੋਹਕਮ ਸਿੰਘ ਮੋਹਰੇਵਾਲਾ, ਭਾਈ ਗੁਰਨਾਮ ਸਿੰਘ, ਭਾਈ ਜਗੀਰ ਸਿੰਘ ਮਸਤ,

ਕਵੀਸ਼ਰ ਭਾਈ ਨਿਰਮਲ ਸਿੰਘ ਚੋਹਲਾ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਦਲੀਪ ਸਿੰਘ ਰੋਡੇ, ਭਾਈ ਮਨਬੀਰ ਸਿੰਘ ਚਹੇੜੂ, ਭਾਈ ਧੰਨਾ ਸਿੰਘ, ਭਾਈ ਬਲਬੀਰ ਸਿੰਘ ਰਾਏਪੁਰ, ਜਥੇਦਾਰ ਮਾਨ ਸਿੰਘ ਪਿੰਡੀ ਬਲੋਚਾਂ ਆਦਿ ਸਿੰਘਾਂ ਨੇ ਵਿਚਾਰਾਂ ਕੀਤੀਆਂ ਤੇ ਨਵੇਂ ਸਿਰਿਓਂ ਸੰਘਰਸ਼ ਨੂੰ ਤੋਰਨ ਲਈ ਸਿੰਘਾਂ ਦੀਆਂ ਡਿਊਟੀਆਂ ਲਾਈਆਂ ਗਈਆਂ। ਭਾਈ ਮੋਹਕਮ ਸਿੰਘ ਦੀ ਡਿਊਟੀ, ਮੇਲੇ ਮੱਸਿਆ ਦੇ ਸਿੱਖ ਸੰਗਤਾਂ ਦੇ ਇਕੱਠ ਵਿੱਚ ਪ੍ਰਚਾਰ ਦੀ ਲਾਈ ਗਈ, ਭਾਈ ਜਗੀਰ ਸਿੰਘ ਮਸਤ ਅਤੇ ਭਾਈ ਨਿਰਮਲ ਸਿੰਘ ਚੋਹਲਾ ਦੀ ਸਿੱਖ ਇਤਿਹਾਸ ਦੀਆਂ ਬੀਰ ਰਸੀ ਵਾਰਾਂ ਗਾ ਕੇ, ਸਿੱਖਾਂ ਵਿੱਚ ਜੋਸ਼ ਭਰਨ ਦੀ ਡਿਊਟੀ ਲਾਈ ਗਈ। ਕੁਝ ਸਿੰਘਾਂ ਦੀ ਡਿਊਟੀ ਹਥਿਆਰਾਂ ਦਾ ਪ੍ਰਬੰਧ, ਭਾਈ ਦਲੀਪ ਸਿੰਘ ਰੋਡੇ ਖਜ਼ਾਨਚੀ ਤੇ ਐਕਸ਼ਨ ਦਾ ਪਲੈਨਿੰਗ ਮਾਸਟਰ, ਭਾਈ ਮਨਬੀਰ ਸਿੰਘ ਚਹੇੜੂ ਦਮਦਮੀ ਟਕਸਾਲ, ਭਾਈ ਗੁਰਦੇਵ ਸਿੰਘ ਉਸਮਾਨਵਾਲਾ ਖਾੜਕੂ ਯੋਧੇ ਤਿਆਰ ਕਰਨ, ਭਾਈ ਧੰਨਾ ਸਿੰਘ ਦੀ ਬੰਬਈ ਦੀ ਸੰਗਤ ਤੋਂ ਸੰਘਰਸ਼ ਵਾਸਤੇ ਪੈਸੇ ਦੀ ਮਦਦ ਦੀ ਡਿਊਟੀ ਲਾਈ ਗਈ। ਭਾਈ ਬਲਬੀਰ ਸਿੰਘ ਰਾਏਪੁਰ ਦੀ ਦੁਸ਼ਟਾਂ ਦੀ ਸੁਧਾਈ ਲਈ ਐਕਸ਼ਨ ਸਿਰੇ ਚਾੜ੍ਹਨ ਦੀ ਡਿਊਟੀ ਲਾਈ ਗਈ।

ਜੁਝਾਰੂ ਸਿੰਘਾਂ ਨੇ ਜਥੇਦਾਰ ਮਾਨ ਸਿੰਘ ਪਿੰਡੀ ਬਲੋਚਾਂ ਦੇ ਘਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅਰਦਾਸ ਕਰਕੇ, ਡਿਊਟੀਆਂ ਸੰਭਾਲ ਲਈਆਂ। ਵਕਤ ਬੜਾ ਕਠਨ ਸੀ ਤੇ ਕੰਮ ਤੇ ਜ਼ਿੰਮੇਵਾਰੀਆਂ ਬੜੀਆਂ ਵੱਡੀਆਂ ਸਨ। ਸਭ ਤੋਂ ਪਹਿਲਾਂ, ਸਿੰਘਾਂ ਨੇ ਬਾਬਾ ਠਾਕੁਰ ਸਿੰਘ ਜੀ ਨੂੰ ਮਿਲਣ ਦਾ ਫੈਸਲਾ ਕੀਤਾ ਕਿ ਰੱਬ ਨਾਲ ਇਕਮਿਕ ਹੋਈ ਰੂਹ, ਬਾਬਾ ਠਾਕੁਰ ਸਿੰਘ ਜੀ, ਦਮਦਮੀ ਟਕਸਾਲ ਨੂੰ ਪੈਰਾਂ ਸਿਰ ਕਰਨ ਲਈ ਅੱਗੇ ਆਉਣ ਤਾਂ ਹੀ ਸਿੱਖ ਸੰਘਰਸ਼ ਨੂੰ ਅਗਲੇ ਪੜਾਅ ਵੱਲ ਤੋਰਿਆ ਜਾ ਸਕਦਾ ਹੈ। ਕਿਉਂਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਭਵਿੱਖ ਦੀਆਂ ਚੁਣੌਤੀਆਂ ਦੇ ਮੱਦੇ-ਨਜ਼ਰ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਦਮਦਮੀ ਟਕਸਾਲ ਦੀ ਸਾਰੀ ਜ਼ਿੰਮੇਵਾਰੀ ਬਾਬਾ ਠਾਕੁਰ ਸਿੰਘ ਜੀ ਦੇ ਮੋਢਿਆਂ ਉੱਤੇ ਹੋਵੇਗੀ, ਸਾਨੂੰ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਹੈ। ਸਿੰਘਾਂ ਦੇ ਨਾਲ ਪੰਥ ਨਾਲ ਦਰਦ ਰੱਖਣ ਵਾਲੀ ਸ਼ਖ਼ਸੀਅਤ ਪੱਤਰਕਾਰ ਸ: ਦਲਬੀਰ ਸਿੰਘ ਜੀ ਵੀ ਚੱਲ ਪਏ ਸਨ ਤੇ ਹਰ ਪੈਰ ਸਮੇਂ ਦੇ ਲਿਹਾਜ਼ ਨਾਲ ਚੱਲਣ ਲਈ ਅੱਗੇ ਵੱਧਣ ਲਈ ਆਪਣੇ ਵਿਚਾਰ ਸਾਂਝੇ ਕਰਦੇ ਸਨ। ਬਾਬਾ ਠਾਕੁਰ ਸਿੰਘ ਜੀ ਨੂੰ ਮਹਿਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਲੈ ਆਂਦਾ ਤੇ ਬਾਬਾ ਜੀ ਦਾ ਹਰ ਹੁਕਮ ਖਿੱੜੇ ਮੱਥੇ ਮੰਨਣ ਦਾ ਨਿਸ਼ਚਾ ਕੀਤਾ ਗਿਆ। ਬਾਬਾ ਠਾਕੁਰ ਸਿੰਘ ਜੀ ਉਹ ਮਹਾਨ ਆਤਮਾ ਹੋਏ ਹਨ, ਜਿਨ੍ਹਾਂ ਨੇ ਦਮਦਮੀ ਟਕਸਾਲ ਦੇ ਕਹਿਣੀ ਦੇ ਪੂਰੇ ਤੇ ਕਰਨੀ ਦੇ ਸੂਰੇ ਸਿੰਘਾਂ ਵਿੱਚ ਪੰਚ ਪ੍ਰਵਾਨ-ਪੰਚ ਪ੍ਰਧਾਨ ਦੇ ਅਸੂਲ ਨੂੰ ਲਾਗੂ ਕੀਤਾ। ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਜਦੋਂ ਵੀ ਪੰਜ ਸਿੰਘਾਂ ਨੇ ਬਾਬਾ ਜੀ ਅੱਗੇ ਵਿਚਾਰ ਰੱਖੇ, ਬਾਬਾ ਠਾਕੁਰ ਸਿੰਘ ਜੀ ਨੇ ਕਿਹਾ—ਸਿੰਘੋ! ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਪਰ ਪੂਰਨ

ਭਰੋਸਾ ਰੱਖ ਕੇ ਅਰਦਾਸ ਬੇਨਤੀ ਕਰਕੇ ਜੋ ਵੀ ਕਰੋਗੇ ਵਾਹਿਗੁਰੂ ਸਹਾਈ ਹੋਣਗੇ। ਸਿੰਘਾਂ ਨੇ ਸਭ ਤੋਂ ਪਹਿਲਾਂ ਸਿੱਖ ਸੰਗਤ ਨਾਲ ਵਿਚਾਰ ਸਾਂਝੇ ਕਰਨ ਲਈ, ਮਹਿਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਜੂਨ 84 ਦੇ ਘੱਲੂਘਾਰੇ ਦੇ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਰੱਖਿਆ, ਬਾਬਾ ਠਾਕੁਰ ਸਿੰਘ ਜੀ ਨੇ ਕਿਹਾ—ਸਿੰਘੋ! ਨੇਕੀ ਦਾ ਕੰਮ ਆ ਤਕੜੇ ਹੋ ਕੇ ਕਰੋ। ਸਿੰਘਾਂ ਨੇ ਹਿੰਮਤ ਕੀਤੀ, ਸ਼ਹੀਦੀ ਸਮਾਗਮ ਦੀਆਂ ਤਿਆਰੀਆਂ ਅਰੰਭ ਹੋਈਆਂ, ਬਾਬਾ ਜੋਗਿੰਦਰ ਸਿੰਘ ਜੀ ਕਹਿਣ ਲੱਗੇ—ਬਾਬਾ ਠਾਕੁਰ ਸਿੰਘ ਜੀ! ਤੁਸੀਂ ਮਹਿਤੇ ਸ਼ਹੀਦੀ ਸਮਾਗਮ ਰੱਖ ਲਿਆ। ਸਰਕਾਰ ਤਾਂ ਪਹਿਲਾਂ ਹੀ ਦਮਦਮੀ ਟਕਸਾਲ ਉੱਤੇ ਬਹੁਤ ਔਖੀ ਆ। ਸ਼ਹੀਦੀ ਸਮਾਗਮ ਨਹੀਂ ਹੋਣਾ ਚਾਹੀਦਾ। ਬਾਬਾ ਠਾਕੁਰ ਸਿੰਘ ਜੀ ਕਹਿੰਦੇ ਕਿ ਨਾ ਕਰੋ। ਬਾਬਾ ਜੋਗਿੰਦਰ ਸਿੰਘ ਕਹਿੰਦੇ, ਬਾਬਾ ਠਾਕੁਰ ਸਿੰਘ ਕਹਿੰਦੇ ਸਮਾਗਮ ਨਹੀਂ ਕਰਨਾ। ਭਾਈ ਮਨਬੀਰ ਸਿੰਘ ਚਹੇੜੂ, ਭਾਈ ਮੋਹਕਮ ਸਿੰਘ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਦਲੀਪ ਸਿੰਘ ਰੋਡੇ, ਭਾਈ ਗੁਰਨਾਮ ਸਿੰਘ ਨੇ, ਬਾਬਾ ਠਾਕੁਰ ਸਿੰਘ ਜੀ ਅੱਗੇ ਬੇਨਤੀ ਕੀਤੀ ਕਿ ਬਾਬਾ ਜੀ, ਅਖਬਾਰਾਂ ਵਿੱਚ ਸ਼ਹੀਦੀ ਸਮਾਗਮ ਕਰਨ ਬਾਰੇ ਇਸ਼ਤਿਹਾਰ ਦੇ ਦਿੱਤੇ ਹਨ, ਬੰਬੇ ਤੱਕ ਸੰਗਤ ਨੂੰ ਸੁਨੇਹੇ ਭੇਜ ਦਿੱਤੇ ਹਨ, ਵਿਦੇਸ਼ਾਂ ਵਿੱਚੋਂ ਵੀ ਸੰਗਤ ਆ ਰਹੀ ਹੈ। ਹੁਣ ਤੁਸੀਂ ਕਹਿੰਦੇ ਸਮਾਗਮ ਨਹੀਂ ਕਰਦੇ। ਬਾਬਾ ਠਾਕੁਰ ਸਿੰਘ ਜੀ ਕਹਿੰਦੇ—ਸਿੰਘੋ! ਮੈਂ ਤੁਹਾਨੂੰ ਤਾਂ ਨਹੀਂ ਕਿਹਾ ਸ਼ਹੀਦੀ ਸਮਾਗਮ ਨਹੀਂ ਕਰਨਾ। ਤੁਸੀਂ ਤਕੜੇ ਹੋ ਕੇ ਸ਼ਹੀਦੀ ਸਮਾਗਮ ਕਰੋ, ਸ਼ਹੀਦਾਂ ਦੇ ਪਰਿਵਾਰਾਂ ਤੇ ਧਰਮੀ ਫੌਜੀ ਸਿੰਘਾਂ ਨੂੰ 2100-2100 ਰੁਪਏ ਤੇ ਸਿਰੋਪੇ ਵੀ ਦਿਉ। ਤੁਹਾਡੀ ਗੱਲ ਤੁਹਾਡੇ ਨਾਲ ਆ। ਬਾਬਾ ਜੋਗਿੰਦਰ ਸਿੰਘ ਕਹਿੰਦੇ ਕਿ ਨਹੀਂ ਕਰਨਾ, ਉਨ੍ਹਾਂ ਨੂੰ ਕਿਹਾ ਨਾ ਕਰੋ। ਉਨ੍ਹਾਂ ਨਾਲ ਬਚਨ ਉਨ੍ਹਾਂ ਨਾਲ ਆ। ਸਿੰਘ ਖੁਸ਼ ਹੋ ਗਏ। ਸਿੰਘਾਂ ਦੇ ਦਿਨ ਰਾਤ ਇੱਕ ਕਰਕੇ, ਸਮਾਗਮ ਨੇਪਰੇ ਚੜ੍ਹਾਇਆ। ਸਿੱਖ ਸੰਗਤਾਂ ਨੇ ਪੂਰਾ ਸਹਿਯੋਗ ਦਿੱਤਾ। ਇਸ ਸਮਾਗਮ ਦੌਰਾਨ ਹੀ ਸਿੰਘਾਂ ਨੇ ਸਿੱਖ ਸੰਗਤਾਂ ਤੋਂ ਸਹਿਮਤੀ ਲੈ ਲਈ ਕਿ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਕਾਰ ਸੇਵਾ ਸਿੱਖ ਰਵਾਇਤਾਂ ਅਨੁਸਾਰ ਕਰਨ, ਸਰਕਾਰੀ ਠੇਕੇ 'ਤੇ ਹਿੰਦ ਸਰਕਾਰ ਵੱਲੋਂ ਤਿਆਰ ਕੀਤੀ ਇਮਾਰਤ ਨੂੰ ਢਾਹ ਕੇ ਦੁਬਾਰਾ ਕਾਰ ਸੇਵਾ ਰਾਹੀਂ ਸ਼ੁਰੂ ਕਰਨ ਲਈ ਸਰਬੱਤ ਖਾਲਸਾ ਇਕੱਠ ਕੀਤਾ ਜਾਵੇਗਾ। ਭਾਈ ਗੁਰਦੇਵ ਸਿੰਘ ਜੀ ਕਹਿੰਦੇ ਸਨ ਕਿ ਸਿੱਖ ਕੌਮ ਦਾ ਧਾਰਮਿਕ ਕਾਰਜਾਂ ਅਤੇ ਧਾਰਮਿਕ ਸਥਾਨਾਂ ਦਾ ਇੰਨਾ ਜ਼ਿਆਦਾ ਨੁਕਸਾਨ ਹੋ ਚੁੱਕਾ ਹੈ ਕਿ ਸਿੱਖ ਕੌਮ ਦੇ ਅਜ਼ਾਦ ਕੌਮੀ ਘਰ ਖਾਲਿਸਤਾਨ ਦੀ ਪ੍ਰਾਪਤੀ ਤੋਂ ਘੱਟ ਸਿੱਖ ਕੌਮ ਦਾ ਸਵੈਮਾਣ ਬਹਾਲ ਨਹੀਂ ਹੋ ਸਕਦਾ। ਮਿਥੇ ਦਿਨ 'ਤੇ ਮਹਿਤੇ ਸ਼ਹੀਦੀ ਸਮਾਗਮ ਹੋਇਆ, ਸ਼ਹੀਦ ਪਰਿਵਾਰਾਂ ਨੂੰ ਸਨਮਾਨਤ ਕੀਤਾ ਗਿਆ। ਬਾਬਾ ਜੋਗਿੰਦਰ ਸਿੰਘ ਜੀ, ਸੰਤ ਜਰਨੈਲ ਸਿੰਘ ਜੀ ਦੀ ਸਿੰਘਣੀ ਸਤਿਕਾਰਯੋਗ ਮਾਤਾ ਪ੍ਰੀਤਮ ਕੌਰ ਜੀ ਨੂੰ ਸਨਮਾਨਤ ਨਾ ਕਰਨ ਲਈ ਅੜੀ

ਕਰ ਗਏ। ਹਾਲਾਂ ਕਿ ਸਿੰਘਾਂ ਦਾ ਵਿਚਾਰ ਸੀ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਦੀ ਕੁਰਬਾਨੀ ਦਾ ਰੁਤਬਾ ਇੰਨਾ ਮਹਾਨ ਹੈ ਕਿ ਜਿੰਦਾ ਸ਼ਹੀਦ ਦੇ ਤੌਰ 'ਤੇ ਵੀ ਮਾਤਾ ਜੀ ਨੂੰ ਸਨਮਾਨਤ ਕੀਤਾ ਜਾਣਾ ਬਣਦਾ ਸੀ।

26 ਜਨਵਰੀ 1986 ਦਾ ਸਰਬੱਤ ਖਾਲਸਾ ਸੱਦਣ ਦਾ ਸ਼ਹੀਦੀ ਸਮਾਗਮ ਦੀ ਸਟੇਜ ਤੋਂ ਐਲਾਨ ਕੀਤਾ ਗਿਆ। ਕੌਮੀ ਗੱਦਾਰ ਜੁੰਡਲੀ, ਕੇਂਦਰ ਸਰਕਾਰ ਦੇ ਹੱਕ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰ ਸੇਵਾ ਦੁਬਾਰਾ ਸ਼ੁਰੂ ਨਾ ਕਰਨ ਦੇ ਹੱਕ ਵਿੱਚ ਸੀ ਤੇ 26 ਜਨਵਰੀ 1986 ਦਾ ਸਰਬੱਤ ਖਾਲਸਾ ਵੀ ਨਹੀਂ ਸੀ ਹੋਣ ਦੇਣਾ ਚਾਹੁੰਦੀ। ਟੌਹੜਾ, ਬਾਦਲ, ਤਲਵੰਡੀ, ਬਰਨਾਲਾ, ਚੰਦੂਮਾਜਰਾ ਸਾਰੇ ਵਿਰੋਧੀ ਸਨ। ਸੁਰਜੀਤ ਸਿੰਹੋ ਬਰਨਾਲਾ ਅਖੌਤੀ ਪੰਥਕ ਸਰਕਾਰ ਦਾ ਮੁੱਖ ਮੰਤਰੀ ਸੀ, ਜੋ ਹਿੰਦੁਸਤਾਨ ਦੀ ਕੇਂਦਰ ਸਰਕਾਰ ਦੇ ਜ਼ੁਲਮੀ ਕੁਹਾੜੇ ਦਾ ਦਸਤਾ ਬਣਿਆ ਹੋਇਆ ਸੀ।

ਦਮਦਮੀ ਟਕਸਾਲ ਦੇ ਸਿੰਘਾਂ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਨਵੀਨਰ ਭਾਈ ਹਰਿੰਦਰ ਸਿੰਘ ਕਾਹਲੋਂ ਅਤੇ ਬਾਬਾ ਜੋਗਿੰਦਰ ਸਿੰਘ ਦਾ ਸੰਯੁਕਤ ਅਕਾਲੀ ਦਲ ਅਤੇ ਪੰਥ ਦਰਦੀ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਸਰਬੱਤ ਖਾਲਸਾ ਹਰ ਹੀਲੇ ਕਰਨ ਲਈ ਤੱਤਪਰ ਸਨ। ਪਰ ਦੂਜੇ ਪਾਸੇ ਬਰਨਾਲਾ ਟੌਹੜਾ ਜੁੰਡਲੀ ਵਿਰੋਧ ਵਿੱਚ ਸੀ, ਆਖਰ ਇਸ ਸਬੰਧੀ ਕੌਮ ਵੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਭਾਵੀ ਟਕਰਾਅ ਨੂੰ ਟਾਲਣ ਲਈ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਨੇ ਅਹਿਮ ਭੂਮਿਕਾ ਨਿਭਾਈ। ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ (ਠੱਟਾ) ਨੇੜੇ ਝਬਾਲ ਸੰਤ ਬਾਬਾ ਖੜਕ ਸਿੰਘ ਜੀ ਦੇ ਕਮਰੇ ਵਿੱਚ ਟੌਹੜਾ ਐਂਡ ਪਾਰਟੀ ਪਹੁੰਚੀ। ਟਕਸਾਲ ਵੱਲੋਂ ਭਾਈ ਸੁਖਦੇਵ ਸਿੰਘ ਸਖੀਰਾ, ਭਾਈ ਬਲਵਿੰਦਰ ਸਿੰਘ ਲੱਡੂ ਸਰਹਿੰਦ ਪਹੁੰਚੇ। ਗਿਆਨੀ ਪੂਰਨ ਸਿੰਘ ਵੀ ਪਹੁੰਚੇ। ਸ੍ਰੀ ਅਕਾਲ ਤਖਤ ਸਾਹਿਬ ਦੀ, ਸਿੱਖੀ ਰਵਾਇਤਾਂ ਅਨੁਸਾਰ 26 ਜਨਵਰੀ 1986 ਨੂੰ ਸਰਬੱਤ ਖਾਲਸਾ ਤੋਂ ਆਗਿਆ ਲੈ ਕੇ ਸਰਕਾਰੀ ਠੇਕੇ 'ਤੇ ਸੰਤਾ ਸਿਹੁੰ ਨਿਹੰਗ ਦੇ ਨਾਂ 'ਤੇ ਕਰਵਾਈ ਸਰਕਾਰੀ ਸੇਵਾ ਨੂੰ ਢਾਹ ਕੇ ਦੁਬਾਰਾ ਸ਼ੁਰੂ ਕਰਨੀ ਸੀ। ਪਰ ਗੁਰਚਰਨ ਸਿੰਹੋ ਟੌਹੜਾ ਦੀਆਂ ਕੇਂਦਰੀ ਸਰਕਾਰ ਦੇ ਦਬਾਅ ਕਾਰਨ ਲੱਤਾਂ ਕੰਬ ਰਹੀਆਂ ਸਨ। ਦੋਵਾਂ ਧਿਰਾਂ ਨੇ ਆਪਣੀਆਂ ਦਲੀਲਾਂ ਦਿੱਤੀਆਂ, ਫੈਸਲਾ ਸੰਤ ਬਾਬਾ ਖੜਕ ਸਿੰਘ ਜੀ 'ਤੇ ਸੁੱਟ ਦਿੱਤਾ ਗਿਆ। ਬਾਬਾ ਖੜਕ ਸਿੰਘ ਜੀ ਨੇ ਦਮਦਮੀ ਟਕਸਾਲ ਦੇ ਭਾਈ ਸੁਖਦੇਵ ਸਿੰਘ ਸਖੀਰਾ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕੀਤੀ ਤੇ ਕਿਹਾ ਕਿ ਸਰਬੱਤ ਖਾਲਸਾ ਵੀ ਹੋਣਾ ਚਾਹੀਦਾ ਹੈ ਤੇ ਕਾਰ ਸੇਵਾ ਸ੍ਰੀ ਅਕਾਲ ਤਖਤ ਸਾਹਿਬ ਦੀ ਦੁਬਾਰਾ ਕਰਨੀ ਚਾਹੀਦੀ ਹੈ। ਉਥੇ ਤਾਂ ਟੌਹੜਾ ਮੰਨ ਗਿਆ ਪਰ ਫਿਰ ਮੁਕਰ ਗਿਆ। ਭਾਈ ਬਲਵਿੰਦਰ ਸਿੰਘ ਲੱਡੂ ਸਰਹਿੰਦ ਨੇ ਪਿਸਤੌਲ ਟੌਹੜੇ ਦੇ ਸਾਹਮਣੇ ਮੇਜ ਉੱਤੇ ਰੱਖ ਦਿੱਤਾ ਤਾਂ ਟੌਹੜੇ ਨੂੰ ਵੇਖ ਕੇ ਤਰੇਲੀ ਆ ਗਈ ਤੇ ਜ਼ੁਬਾਨ ਤਾਲੂ ਨਾਲ ਲੱਗ ਗਈ, ਕਹਿੰਦਾ ਮੈਂ ਨਹੀਂ ਰੋਕਦਾ ਤੁਹਾਨੂੰ ਤੇ ਆਪਣੀ ਮਜਬੂਰੀ ਸੁਰਜੀਤ ਬਰਨਾਲੇ

ਨੂੰ ਦੱਸ ਦਿੱਤੀ। ਉਸ ਨੇ ਆਪਣੇ ਫਰਜ਼ੰਦ ਗਗਨਦੀਪ ਬਰਨਾਲਾ, ਯੂਥ ਅਕਾਲੀ ਦਲ ਪ੍ਰੇਮ ਸਿੰਹੋਂ ਚੰਦੂਮਾਜਰਾ ਨੂੰ ਮਾਲਵੇ ਬਰਨਾਲੇ ਤੋਂ ਵੰਗਾਰ ਕੇ ਪਹਾੜੇ ਦੇ ਟੱਟੂ ਤੇ ਹਥਿਆਰ ਦੇ ਕੇ ਇਥੋਂ ਤੱਕ ਕੇ ਆਪਣੇ ਨਾਂ 'ਤੇ ਲਾਈਸੈਂਸੀ ਰਾਈਫਲ ਦੇ ਕੇ 26 ਜਨਵਰੀ 1986 ਦਾ ਸਰਬੱਤ ਖਾਲਸਾ ਰੋਕਣ, ਬੱਸਾਂ ਭਰ ਕੇ ਸ੍ਰੀ ਦਰਬਾਰ ਸਾਹਿਬ ਭੇਜ ਦਿੱਤੀਆਂ। ਕੁਚਰ ਦਾਹੜੀਆਂ ਵਾਲੇ, ਸਰਾਵਾਂ ਅਤੇ ਪਰਕਰਮਾਂ ਵਿੱਚ ਬੰਦੂਕਾਂ ਚੁੱਕੀ ਘੁੰਮਦੇ ਫਿਰਦੇ ਸਨ ਜਿਵੇਂ ਕਿਸੇ ਜੰਞ 'ਚ ਆਏ ਹੋਣ। ਇਹ ਉਹ ਲੋਕ ਸਨ ਜਿਨ੍ਹਾਂ ਨੂੰ ਸਿੱਖ ਧਰਮ ਅਤੇ ਸਿੱਖਾਂ ਦੀ ਅਣਖ-ਗੈਰਤ ਅਤੇ ਇਤਿਹਾਸਕ ਵਿਰਸੇ ਦੀ ਕੋਈ ਸੋਝੀ ਨਹੀਂ ਸੀ। ਸਿੰਘਾਂ ਨੇ 24 ਜਨਵਰੀ 1986 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਅਰੰਭ ਕਰਨਾ ਸੀ, ਪਰ ਟੌਹੜੇ ਨੇ ਇਸ ਦੀ ਆਗਿਆ ਨਾ ਦਿੱਤੀ। ਭਾਈ ਮਨਬੀਰ ਸਿੰਘ ਚਹੇੜੂ, ਬਾਬਾ ਦਲੀਪ ਸਿੰਘ ਰੋਡੇ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਗੁਰਨਾਮ ਸਿੰਘ, ਭਾਈ ਮੋਹਕਮ ਸਿੰਘ ਨੇ, ਬਾਬਾ ਠਾਕੁਰ ਸਿੰਘ ਨਾਲ ਵਿਚਾਰ ਕੀਤੀ, ਬਾਬਾ ਜੀ ਕਹਿੰਦੇ ਪਰਕਰਮਾਂ ਵਿੱਚ ਇਕ ਪਾਸੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰ ਦੇਵੋ। ਸਿੰਘਾਂ ਨੇ 24 ਜਨਵਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਅਰੰਭ ਕਰ ਦਿੱਤਾ ਤੇ ਕੱਪੜੇ ਦੇ ਪਰਦੇ ਤਾਣ ਕੇ, ਕਮਰੇ ਦਾ ਰੂਪ ਦੇ ਦਿੱਤਾ। ਸਿੱਖ ਸੰਗਤਾਂ ਵੀ ਸਰਬੱਤ ਖਾਲਸਾ ਵਿੱਚ ਪਹੁੰਚਣੀਆਂ ਸ਼ੁਰੂ ਹੋ ਗਈਆਂ। ਬੀਬੀ ਬਿਮਲ ਕੌਰ ਖਾਲਸਾ ਸਿੰਘਣੀ ਸ਼ਹੀਦ ਸ. ਬੇਅੰਤ ਸਿੰਘ (ਇੰਦਰਾ ਕਤਲ ਕਾਂਡ) ਸਿੱਖ ਸੰਗਤਾਂ ਦਾ ਜੱਥਾ ਲੈ ਕੇ ਪਹੁੰਚੇ। ਸਿੱਖ ਸੰਗਤ ਵਿੱਚ ਬੜਾ ਉਤਸ਼ਾਹ ਸੀ। ਦੂਜੇ ਪਾਸੇ ਸੁਰਜੀਤ ਬਰਨਾਲਾ ਮੁੱਖ ਮੰਤਰੀ ਪੰਜਾਬ ਹਰ ਹਾਲਤ ਵਿੱਚ ਸਰਬੱਤ ਖਾਲਸਾ ਰੋਕ ਕੇ ਕੇਂਦਰ ਸਰਕਾਰ ਦੀ ਨਿਗ੍ਹਾ ਵਿੱਚ ਵਫਾਦਾਰ ਵਜੋਂ ਪ੍ਰਵਾਨ ਚੜ੍ਹਨਾ ਚਾਹੁੰਦਾ ਸੀ। ਉਸ ਨੇ ਆਪਣੇ ਲਾਡਲੇ ਫਰਜ਼ੰਦ ਗਗਨਦੀਪ ਅਤੇ ਖਾਸਮਖਾਸ ਪ੍ਰੇਮ ਸਿੰਹੋ ਚੰਦੂਮਾਜਰਾ ਨੂੰ ਭੇਜ ਦਿੱਤਾ ਕਿ ਦਮਦਮੀ ਟਕਸਾਲ ਦੇ ਸਿੰਘਾਂ ਨੂੰ ਸ੍ਰੀ ਦਰਬਾਰ ਸਾਹਿਬ ਵਿੱਚੋਂ ਭੇਜ ਕੇ ਵਾਪਸ ਆਉਣਾ। ਗੱਦਾਰ ਕੀ ਜਾਣਨ ਜਿਹੜੇ ਮਰਜੀਵੜੇ ਸੀਸ ਤਲੀ ਉੱਤੇ ਟਿਕਾ ਕੇ ਲੜਨਾ ਜਾਣਦੇ ਹੋਣ, ਜਿਹੜੇ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਲਈ ਸੀਸ ਭੇਟ ਕਰਨਾ ਜਾਣਦੇ ਹੋਣ, ਜਿਹੜੇ ਅਬਦਾਲੀ, ਇੰਦਰਾ ਦੀਆਂ ਫੌਜਾਂ ਨੂੰ ਲੋਹੇ ਦੇ ਚਣੇ ਚਬਾਉਣਾ ਜਾਣਦੇ ਹੋਣ, ਉਨ੍ਹਾਂ ਦਾ ਮੁਕਾਬਲਾ ਦਿੱਲੀ ਸਰਕਾਰ ਦੇ ਪਾਲਤੂ, ਉਸ ਅੱਗੇ ਪੂਛ ਹਿਲਾ ਕੇ ਜੂਠੀ ਬੁਰਕੀ ਬੁੱਚਣ ਵਾਸਤੇ ਲਾਲਾਂ ਸੁੱਟਣ ਵਾਲੇ ਪਹਾੜੇ ਦੇ ਟੱਟੂ ਕੀ ਕਰ ਸਕਦੇ ਹਨ। ਆਖਰ ਗਗਨਦੀਪ ਤੇ ਚੰਦੂ ਬ੍ਰਿਗੇਡ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਂਹਮਣੇ ਗੋਲੀ ਚਲਾਈ। ਭਾਈ ਲੱਖਾ ਸਿੰਘ ਜੀ ਭੂਰਿਆਂ ਵਾਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪਾਠ ਕਰ ਰਹੇ ਸਨ। ਸਿੰਘ ਦੇ ਚੁਫੇਰੇ ਗੋਲੀ ਚੱਲ ਰਹੀ ਸੀ ਪਰ ਉਹ ਮਰਦ ਨਿਸ਼ਚਿੰਤ ਹੋ ਕੇ ਗੁਰਬਾਣੀ ਦਾ ਪਾਠ ਕਰਦਾ ਰਿਹਾ। ਸਿੰਘਾਂ ਨੇ ਖਾਲੀ ਹੱਥੀਂ ਬਰਨਾਲਾ ਦੇ ਹਮਲਾਵਰ ਬ੍ਰਿਗੇਡ ਤੋਂ ਉਨ੍ਹਾਂ ਦੀ ਰਾਈਫਲਾਂ ਖੋਹ ਲਈਆਂ ਤੇ ਉਨ੍ਹਾਂ ਦੀਆਂ ਰਾਈਫਲਾਂ ਦੇ ਬੱਟਾਂ

ਨਾਲ ਹੀ ਹਮਲਾਵਰਾਂ ਦੇ ਮੋਰ ਕੁੱਟੇ। ਪੱਤਰਕਾਰ ਸ: ਮਹਿੰਦਰ ਸਿੰਘ ਦੱਸਿਆ ਕਰਦੇ ਸਨ ਕਿ ਸਿੰਘਾਂ ਨੇ ਕਿਵੇਂ ਮਾਰ-ਮਾਰ ਕੇ ਪਰਕਰਮਾਂ ਵਿਚ ਗਗਨਦੀਪ ਤੇ ਚੰਦੂ ਦੇ ਵੰਗਾਰੇ ਪਹਾੜੇ ਦੇ ਟੱਟੂ ਭਜਾਏ।

ਜੁਝਾਰੂ ਸਿੰਘਾਂ ਨੇ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਹੜੇ ਧਰਮੀ ਸਿੱਖਾਂ ਦਾ ਸਰਬੱਤ ਖਾਲਸਾ ਸਮਾਗਮ ਕੀਤਾ, ਜਿਸ ਵਿੱਚ ਸਿੱਖ ਸੰਗਤਾਂ ਤੋਂ ਜੈਕਾਰੇ ਗਜਾ ਕੇ ਮਨਜ਼ੂਰੀ ਲਈ ਗਈ। ਸਿੱਖ ਸੰਘਰਸ਼ ਨੂੰ ਸੇਧ ਦੇਣ ਲਈ ਰਾਜਨੀਤਕ ਫੈਸਲੇ ਕਰਨ ਲਈ, ਖਾਲਸਾਈ ਅਸੂਲਾਂ 'ਤੇ ਅਧਾਰਤ ਪੰਜ ਮੈਂਬਰੀ ਪੰਥਕ ਕਮੇਟੀ ਬਣਾਈ ਗਈ, ਜਿਸ ਦੇ ਮੈਂਬਰ ਦਮਦਮੀ ਟਕਸਾਲ ਦੀਆਂ ਖਾਲਸਾਈ ਰਵਾਇਤਾਂ ਉੱਤੇ ਪਹਿਰਾ ਦੇਣ ਵਾਲੇ ਹੋਣ। ਜੋ ਨਿੱਜੀ ਗਰਜਾਂ ਕਰਨ, ਖੁਦਗਰਜ਼ 'ਕਾਲੀਆਂ ਵਾਂਗ ਵਿਕਣ ਵਾਲੇ ਨਾ ਹੋਣ। ਜਿਹੜੇ ਪੰਜ ਮੈਂਬਰੀ ਪੰਥਕ ਕਮੇਟੀ ਦੀ ਸਰਬੱਤ ਖਾਲਸੇ ਤੋਂ ਮਨਜ਼ੂਰੀ ਲਈ ਗਈ ਉਨ੍ਹਾਂ ਸਿੰਘਾਂ ਦੇ ਨਾਂ ਸਨ—ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਗਿਆਨੀ ਅਰੂੜ ਸਿੰਘ ਡੱਲਾ, ਭਾਈ ਧੰਨਾ ਸਿੰਘ ਅਤੇ ਵੱਸਣ ਸਿੰਘ ਜਫਰਵਾਲ। ਸਰਬੱਤ ਖਾਲਸਾ ਵੱਲੋਂ ਬਾਬਾ ਗੁਰਬਚਨ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਗਿਆ। ਬਾਬਾ ਜੋਗਿੰਦਰ ਸਿੰਘ ਰੋਡੇ ਸਰਬੱਤ ਖਾਲਸਾ ਦੇ ਮਤਿਆਂ ਨਾਲ ਸਹਿਮਤ ਨਹੀਂ ਸਨ, ਉਹ ਹਰ ਹੀਲੇ ਸਿੱਖ ਸੰਘਰਸ਼ ਉੱਤੇ ਆਪਣੀ ਪਰਿਵਾਰਕ ਚੌਧਰ ਕਾਇਮ ਰੱਖਣੀ ਚਾਹੁੰਦੇ ਸਨ। ਉਨ੍ਹਾਂ ਨੇ ਜ਼ੋਰ ਪਾ ਕੇ ਆਪਣੇ ਪੋਤਰੇ ਜਸਬੀਰ ਸਿੰਘ ਰੋਡੇ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਐਲਾਨ ਕਰਵਾਇਆ। ਬਾਬਾ ਜੋਗਿੰਦਰ ਸਿੰਘ ਨੇ ਵੀ ਜੂਨ 84 ਦੇ ਘੱਲੂਘਾਰੇ 'ਚ ਦੋ ਪੁੱਤਰ ਸੰਤ ਜਰਨੈਲ ਸਿੰਘ ਖਾਲਸਾ, ਭਾਈ ਜਗੀਰ ਸਿੰਘ ਰੋਡੇ, ਪੋਤਰੇ ਭਾਈ ਸਵਰਨ ਸਿੰਘ ਰੋਡੇ, ਭਾਈ ਹਰਦੀਪ ਸਿੰਘ ਰੋਡੇ ਸ਼ਹੀਦ ਹੋਣ ਦੇ ਬਾਵਜੂਦ ਦਿਲ ਨਹੀਂ ਸੀ ਹਾਰਿਆ, ਸਗੋਂ 90 ਸਾਲ ਦੀ ਬਜ਼ੁਰਗ ਉਮਰ ਵਿੱਚ ਹੋਣ ਦੇ ਬਾਵਜੂਦ ਸਿੱਖੀ ਪ੍ਰਚਾਰ, ਅੰਮ੍ਰਿਤ-ਸੰਚਾਰ ਦੀ ਲਹਿਰ, ਪਿੰਡ ਪਿੰਡ ਸ਼ੁਰੂ ਕੀਤੀ ਹੋਈ ਸੀ ਤੇ ਲੋਕਾਂ ਵਿੱਚ ਸਤਿਕਾਰ ਵੀ ਸੀ। ਜਿਸ ਪਿੰਡ ਵਿੱਚ ਵੀ ਬਾਬਾ ਜੋਗਿੰਦਰ ਸਿੰਘ ਧਰਮ ਪ੍ਰਚਾਰ ਲਈ ਜਾਂਦੇ ਸੀ, ਉਥੇ ਵੱਡੀ ਗਿਣਤੀ ਵਿੱਚ ਸੰਗਤ ਪਹੁੰਚਦੀ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਬੁਲਾਰੇ ਸਿੱਖ ਸੰਘਰਸ਼ ਦੀ ਗੱਲ ਕਰਨ ਵਿੱਚ ਕਾਮਯਾਬ ਹੁੰਦੇ ਸਨ। ਸੈਂਕੜੇ ਸਿੱਖ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਵਾਲੇ ਬਣਦੇ ਸਨ। ਜਸਬੀਰ ਸਿੰਘ ਰੋਡੇ ਸੰਤ ਭਿੰਡਰਾਂਵਾਲਿਆਂ ਦਾ ਭਤੀਜਾ ਸੀ, ਤੇ ਡੁਬਈ ਵਿੱਚ ਆਪਣਾ ਕਾਰੋਬਾਰ ਕਰਦਾ ਸੀ। ਪਾਕਿਸਤਾਨ ਦੇ ਗੁਰਧਾਮਾਂ ਵਿੱਚ ਭੜਕਾਊ ਭਾਸ਼ਣ ਦੇਣ ਦੇ ਦੋਸ਼ ਵਿੱਚ, ਹਿੰਦ ਸਰਕਾਰ ਨੇ ਉਸ ਨੂੰ ਡੁਬਈ ਤੋਂ ਭਾਰਤ ਵਾਪਸ ਮੰਗਵਾ ਲਿਆ ਤੇ ਦੇਸ਼ ਵਿਰੁੱਧ ਭਾਸ਼ਣ ਦੇਣ ਦੇ ਦੋਸ਼ ਵਿੱਚ ਮੱਧ ਪ੍ਰਦੇਸ਼ ਦੀ ਸਾਗਰ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ ਸੀ।

ਸਿੰਘਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰ ਸੇਵਾ ਸ਼ੁਰੂ ਕਰ ਦਿੱਤੀ। ਅਕਾਲੀ

ਦਲ ਨਾਲੋਂ, ਬਾਬਾ ਜੋਗਿੰਦਰ ਸਿੰਘ ਦੇ ਬੰਦਿਆਂ ਵੱਲੋਂ ਪੰਥਕ ਕਮੇਟੀ ਦਾ ਵਿਰੋਧ ਜ਼ਿਆਦਾ ਕੀਤਾ ਗਿਆ। ਕੈਪਟਨ ਹਰਚਰਨ ਸਿੰਘ ਰੋਡੇ ਸਭ ਤੋਂ ਜ਼ਿਆਦਾ ਵਿਰੋਧ ਕਰਦਾ ਰਿਹਾ।

29 ਅਪ੍ਰੈਲ 1986 ਨੂੰ ਪੰਜ ਮੈਂਬਰੀ ਪੰਥਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾਂ ਵਿਚਲੇ ਆਪਣੇ ਦਫਤਰ ਵਿੱਚ ਪ੍ਰੈਸ ਕਾਨਫਰੰਸ ਕਰਕੇ ਖਾਲਿਸਤਾਨ ਦੀ ਪ੍ਰਾਪਤੀ ਦਾ ਐਲਾਨ ਕਰ ਦਿੱਤਾ ਗਿਆ ਤੇ ਸਿੱਖ ਪੰਥਕ ਕਮੇਟੀ ਮੈਂਬਰ ਤੇ ਹੋਰ ਚੋਟੀ ਦੇ ਖਾੜਕੂ ਖਾਲਿਸਤਾਨ ਦਾ ਐਲਾਨ ਕਰਨ ਤੋਂ ਤੁਰੰਤ ਬਾਅਦ ਸ੍ਰੀ ਦਰਬਾਰ ਸਾਹਿਬ 'ਚੋਂ ਭੇਸ ਵਟਾ ਬਾਹਰ ਨਿਕਲ ਕੇ ਰੂਪੋਸ਼ ਹੋ ਗਏ। ਬਰਨਾਲੇ ਨੇ ਦੁਸ਼ਟਪੁਣੇ ਦੀ ਸਿਖਰ ਨੂੰ ਛੂਹਿਆ। ਸੁਰਜੀਤ ਬਰਨਾਲੇ ਨੇ ਸਿੱਖ ਹੋਣ ਦੇ ਬਾਵਜੂਦ ਇੰਦਰਾ ਦੇ ਜੂਨ 84 ਦੇ ਹਮਲੇ ਨੂੰ ਸਹੀ ਦਰਸਾਉਣ ਦੀ ਮੋਹਰ ਲਾ ਦਿੱਤੀ ਕਿ ਸ੍ਰੀ ਦਰਬਾਰ ਸਾਹਿਬ ਅੰਦਰੋਂ ਖਾੜਕੂ ਸਿੰਘਾਂ ਨੂੰ ਕੱਢਣ ਲਈ, ਪੁਲਿਸ ਫੋਰਸ ਭੇਜਣੀ ਜ਼ਰੂਰੀ ਹੈ। ਪੁਲਿਸ ਸ੍ਰੀ ਦਰਬਾਰ ਸਾਹਿਬ ਅੰਦਰ ਭੇਜੀ ਗਈ ਤੇ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਅਤੇ ਕਾਰ ਸੇਵਾ ਕਰ ਰਹੇ ਸਿੰਘਾਂ ਨੂੰ ਫੜ੍ਹ ਕੇ ਲੈ ਗਈ। ਸਰਕਾਰ ਨੇ ਮੰਨਿਆ ਕਿ ਸ੍ਰੀ ਦਰਬਾਰ ਸਾਹਿਬ ਅੰਦਰੋਂ ਕੋਈ ਖਤਰਨਾਕ ਅੱਤਵਾਦੀ ਨਹੀਂ ਮਿਲਿਆ। ਪੰਜ ਮੈਂਬਰੀ ਪੰਥਕ ਕਮੇਟੀ ਬਣਨ ਤੋਂ ਬਾਅਦ ਪੰਥਕ ਕਮੇਟੀ ਦੀ ਦੇਖ-ਰੇਖ ਹੇਠਾਂ ਖਾੜਕੂ ਜਥੇਬੰਦੀਆਂ ਹੋਂਦ ਵਿਚ ਆਈਆਂ। ਛੋਟੇ-ਛੋਟੇ ਗਰੁੱਪਾਂ ਵਿੱਚ ਕੰਮ ਕਰ ਰਹੀਆਂ ਜਥੇਬੰਦੀਆਂ ਨੂੰ ਭੰਗ ਕਰ ਕੇ, ਮਜ਼ਬੂਤ ਜਥੇਬੰਦੀਆਂ ਬਣਾਈਆਂ ਗਈਆਂ। ਪੰਥਕ ਕਮੇਟੀ ਮੈਂਬਰ ਗਿਆਨੀ ਗੁਰਦਿਆਲ ਸਿੰਘ ਡੱਲਾ ਉਰਫ ਗਿਆਨੀ ਅਰੂੜ ਸਿੰਘ, ਭਾਈ ਮਨਜੀਤ ਸਿੰਘ ਖੁਜਾਲਾ, ਭਾਈ ਸੁਖਦੇਵ ਸਿੰਘ ਸਖੀਰਾ, ਭਾਈ ਦੁਰਗਾ ਸਿੰਘ ਆਰਫਕੇ, ਭਾਈ ਅਵਤਾਰ ਸਿੰਘ ਬ੍ਰਹਮਾ, ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਗੁਰਮੇਜ ਸਿੰਘ ਢਿੱਲਵਾਂ ਦੇ ਯਤਨਾਂ ਸਦਕਾ ਸੂਝ-ਬੂਝ ਨਾਲ ਸੱਤ ਜਥੇਬੰਦੀਆਂ ਨੂੰ ਭੰਗ ਕਰ ਕੇ 'ਖਾਲਿਸਤਾਨ ਲਿਬਰੇਸ਼ਨ ਫੋਰਸ' ਦੀ ਸਥਾਪਨਾ ਕੀਤੀ ਗਈ। ਦੂਜੀ ਜਥੇਬੰਦੀ ਭਾਈ ਮਨਬੀਰ ਸਿੰਘ ਚਹੇੜੂ, ਭਾਈ ਤਰਸੇਮ ਸਿੰਘ ਕੁਹਾੜ, ਪੰਥਕ ਕਮੇਟੀ ਮੈਂਬਰ ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਧੰਨਾ ਸਿੰਘ, ਵੱਸਣ ਸਿੰਘ ਜਫਰਵਾਲ, ਭਾਈ ਰਛਪਾਲ ਸਿੰਘ ਫੌਜੀ, ਭਾਈ ਬਲਬੀਰ ਸਿੰਘ ਫੌਜੀ ਰਾਏਪੁਰ ਦੇ ਯਤਨਾਂ ਸਦਕਾ 'ਖਾਲਿਸਤਾਨ ਕਮਾਂਡੋ ਫੋਰਸ' ਬਣਾਈ ਗਈ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਨਵੀਨਰ ਭਾਈ ਹਰਿੰਦਰ ਸਿੰਘ ਕਾਹਲੋਂ ਦੀ ਗ੍ਰਿਫਤਾਰੀ ਤੋਂ ਬਾਅਦ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਕਨਵੀਨਰ ਭਾਈ ਗੁਰਜੀਤ ਸਿੰਘ ਝੋਕ ਹਰੀਹਰ ਨੂੰ ਬਣਾਇਆ ਗਿਆ। ਜਥੇਦਾਰ ਬਾਬਾ ਗੁਰਬਚਨ ਸਿੰਘ ਜੀ ਮਾਨੋਚਾਹਲ ਵੱਲੋਂ ਭਿੰਡਰਾਂਵਾਲਾ ਟਾਈਗਰ ਫੋਰਸ ਦੀ ਸਥਾਪਨਾ ਕੀਤੀ ਗਈ ਤੇ ਹਿੰਦ ਸਰਕਾਰ ਦੀਆਂ ਫੌਜਾਂ ਨੂੰ ਤੇ ਸਿੱਖਾਂ ਦੇ ਕਾਤਲਾਂ ਨੂੰ ਆਪਣੇ ਧੜੱਲੇਦਾਰ ਐਕਸ਼ਨਾਂ ਕਰਕੇ ਭਾਜੜਾਂ ਪਾ ਦਿੱਤੀਆਂ। ਪੰਥਕ ਕਮੇਟੀ ਦੀ ਅਗਵਾਈ ਹੇਠ ਭਾਈ ਮਥਰਾ ਸਿੰਘ ਚੌੜਾ ਮਧਰਾ, ਭਾਈ

ਹਰਜਿੰਦਰ ਸਿੰਘ ਜਿੰਦਾ ਦੇ ਗਰੁੱਪ ਵੱਲੋਂ ਪੰਜਾਬ ਤੋਂ ਬਾਹਰ ਸਿੱਖਾਂ ਦੇ ਕਾਤਲਾਂ, ਸਿੱਖ ਕਤਲੇਆਮ ਦੇ ਦੋਸ਼ੀਆਂ, ਮੈਂਬਰ ਪਾਰਲੀਮੈਂਟ ਅਰਜਨ ਦਾਸ, ਲਲਿਤ ਮਾਕਨ ਜੂਨ 84 ਦੇ ਘੱਲੂਘਾਰੇ ਦੇ ਮੁੱਖ ਦੋਸ਼ੀ ਭਾਰਤੀ ਫੌਜ ਦੇ ਮੁਖੀ ਚੀਫ ਜਨਰਲ ਅਰੁਨ ਕੁਮਾਰ ਵੈਦਿਆ ਨੂੰ ਪੂਨੇ ਦੇ ਚੌਂਕ ਵਿੱਚ 10 ਅਗਸਤ 1986 ਨੂੰ ਦਿਨ ਦੀਵੀਂ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਪੰਜਾਬ ਦੀਆਂ ਜੇਲ੍ਹਾਂ ਦੇ ਡਾਇਰੈਕਟਰ ਜਨਰਲ ਕਟੋਚ, ਜਿਹੜਾ ਜੇਲ੍ਹਾਂ ਵਿੱਚ ਬੰਦ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲੇ ਬਨਾਉਣ ਦਾ ਦੋਸ਼ੀ ਸੀ, ਉਸਨੂੰ ਚੰਡੀਗੜ੍ਹ ਵਿੱਚ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਸਿੰਘਾਂ ਵੱਲੋਂ ਖਾੜਕੂ ਜਥੇਬੰਦੀਆਂ ਵੱਲੋਂ ਅਖਬਾਰਾਂ ਵਿੱਚ ਪੂਰੇ ਧੜੱਲੇ ਨਾਲ ਜ਼ਿੰਮੇਵਾਰੀ ਲਈ ਜਾਂਦੀ ਸੀ। ਜ਼ਿਕਰਯੋਗ ਹੈ ਕਿ ਖਾਲਿਸਤਾਨ ਕਮਾਂਡੋ ਫੋਰਸ, ਖਾਲਿਸਤਾਨ ਲਿਬਰੇਸ਼ਨ ਫੋਰਸ, ਭਿੰਡਰਾਂਵਾਲਾ ਟਾਈਗਰ ਫੋਰਸ ਦੇ ਮੋਢੀ ਜੁਝਾਰੂ ਸਿੰਘ ਦਮਦਮੀ ਟਕਸਾਲ ਦੇ ਸਿੰਘ ਸਨ, ਤੇ ਉਨ੍ਹਾਂ ਦੇ ਪ੍ਰਭਾਵ ਨੂੰ ਕਬੂਲ ਕਰਦੇ ਹੋਏ, ਆਪਣਾ ਕੌਮੀ ਫਰਜ਼ ਪਛਾਣਦੇ ਹੋਏ, ਸਿੱਖ ਗੱਭਰੂ ਜੁਝਾਰੂ ਸਿੰਘਾਂ ਦੇ ਕਾਫਲੇ ਵਿੱਚ ਰਲ ਰਹੇ ਸਨ। ਅਠਾਰ੍ਹਵੀਂ ਸਦੀ ਦੇ ਇਤਿਹਾਸ ਦਾ ਕਾਂਡ ਹੈ, ਜਦ ਸਿੰਘਾਂ ਨੇ ਨਾਦਰਸ਼ਾਹ ਦੀ ਵਹੀਰ ਨੂੰ ਲੁੱਟ ਲਿਆ ਤਾਂ ਉਸ ਨੇ ਲਾਹੌਰ ਪਹੁੰਚ ਕੇ ਸੂਬਾ ਜ਼ਕਰੀਆ ਖਾਨ ਨੂੰ ਪੁੱਛਿਆ—ਇਹ ਕੌਣ ਹਨ, ਜਿਨ੍ਹਾਂ ਨੇ ਮੈਨੂੰ ਲੁੱਟਿਆ ? ਮੈਂ ਇਹਨਾਂ ਦੇ ਘਰ-ਘਾਟ ਤਬਾਹ ਕਰ ਦੇਵਾਂਗਾ। ਜਿਨ੍ਹਾਂ ਨੇ ਮੇਰੀ ਸ਼ਹਿਨਸ਼ਾਹੀ ਦਾ ਭੈਅ ਵਿਸਾਰ ਛੱਡਿਆ ਹੈ ? ਇਹ ਕੌਣ ਹਨ ਮੇਰੇ ਵਹੀਰ 'ਤੇ ਹਮਲਾ ਕਰਨ ਵਾਲੇ ? ਮੇਰੀ ਫੌਜ ਅੱਗੇ ਲਾਹੌਰ ਤੇ ਦਿੱਲੀ ਦੀ ਫੌਜ ਨਹੀਂ ਟਿਕ ਸਕੀ। ਇਨ੍ਹਾਂ ਮੇਰੇ ਦਿੱਲੀ ਦੀ ਲੁੱਟ ਦੇ ਮਾਲ ਵਿੱਚੋਂ 50 ਹਜ਼ਾਰ ਦੀ ਗਿਣਤੀ ਵਿੱਚੋਂ 36 ਹਜ਼ਾਰ ਮੁੰਡੇ ਕੁੜੀਆਂ ਖੋਹ ਕੇ ਲੈ ਗਏ ਹਨ। ਮੇਰੀ ਫੌਜ ਦੇ ਜਵਾਨ ਕਤਲ ਕੀਤੇ। ਮੇਰਾ ਖਜ਼ਾਨਾ ਲੁੱਟ ਕੇ ਲੈ ਗਏ। ਤਾਂ ਜ਼ਕਰੀਆ ਖਾਨ ਸੂਬਾ ਲਾਹੌਰ ਨੇ ਕਿਹਾ ਕਿ ਜਹਾਂਪਨਾਹ! ਇਹ ਸਿੱਖ ਹਨ। ਇਹ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਸਿੱਖ ਹਨ। ਇਨ੍ਹਾਂ ਦੇ ਘਰ ਘਾਟ ਅਸੀਂ ਉਜਾੜ ਦਿੱਤੇ ਹਨ। ਹਜ਼ਾਰਾਂ ਸਿੱਖ ਕਤਲ ਕੀਤੇ ਹਨ। ਇਹ ਘੋੜਿਆਂ ਦੀਆਂ ਕਾਠੀਆਂ ਉੱਤੇ ਸੌਂਦੇ ਹਨ। ਸਾਗ ਪੱਤਾ, ਗੰਨਾ, ਗਾਜਰ, ਮੂਲੀ ਖਾ ਕੇ ਵੀ ਗੁਜ਼ਾਰਾ ਕਰ ਲੈਂਦੇ ਹਨ। ਇਹ ਓਨੇ ਜੰਮ ਕੇ ਨਹੀਂ ਵੱਧਦੇ, ਇਹ ਲੜਾਕੇ ਸਿੱਖਾਂ ਵਿੱਚ ਪਲੇ-ਪਲਾਏ ਆ ਰਲਦੇ ਹਨ। ਇਹ ਕਿਸੇ ਹੋਰ ਧਰਮ ਦੇ ਬੰਦੇ ਨੂੰ ਧੱਕੇ ਨਾਲ ਆਪਣੇ ਧਰਮ ਵਿੱਚ ਨਹੀਂ ਲਿਆਉਂਦੇ। ਜੇ ਕੋਈ ਆਪਣੀ ਖੁਸ਼ੀ ਨਾਲ ਸਿੰਘ ਬਨਣਾ ਚਾਹੇ ਤਾਂ ਇਹ ਅੰਮ੍ਰਿਤ ਛਕਾ ਕੇ ਆਪਣੇ ਨਾਲ ਰਲਾ ਲੈਂਦੇ ਹਨ। ਇਨ੍ਹਾਂ ਸਿੱਖਾਂ ਦਾ ਦਸਵਾਂ ਗੁਰੂ ਗੋਬਿੰਦ ਸਿੰਘ ਆਪਣੇ ਸਿੱਖਾਂ ਨੂੰ ਅੰਮ੍ਰਿਤ ਤਿਆਰ ਕਰਨ ਦੀ ਜੁਗਤੀ ਦੱਸ ਗਿਆ ਹੈ।

ਨਾਦਰ ਸ਼ਾਹ—ਇਹ ਅੰਮ੍ਰਿਤ ਕੀ ਚੀਜ਼ ਹੈ ?

ਜ਼ਕਰੀਆ ਖਾਨ—ਜਹਾਂਪਨਾਹ! ਇਹ ਸਿੱਖ ਇੱਕ ਲੋਹੇ ਦਾ ਕੜਾਹਾ ਲੈ ਕੇ ਉਸ

ਵਿੱਚ ਪਾਣੀ ਤੇ ਪਤਾਸੇ ਪਾ ਕੇ ਦੋ ਧਾਰਾ ਕਰਦਾ ਫੇਰਦੇ ਹਨ ਤੇ ਆਪਣੇ ਗੁਰੂ ਦਾ ਦੱਸਿਆ ਕਲਮਾ ਪੜ੍ਹਦੇ ਹਨ ਤੇ ਤਿਆਰ ਕੀਤਾ ਜਲ ਜਿਸ ਮਾੜੇ ਜਿਹੇ ਬੰਦੇ ਨੂੰ ਵੀ ਪਿਆ ਦਿੰਦੇ ਹਨ, ਉਹ ਹੀ ਇਨ੍ਹਾਂ ਸਿੰਘਾਂ ਵਰਗਾ ਲੜਾਕਾ ਬਣ ਜਾਂਦਾ ਹੈ। ਇਹ ਜੰਗ ਵਿਚ ਮਰ ਜਾਣ ਵਾਲੇ ਸਾਥੀ ਨੂੰ ਸ਼ਹੀਦ ਕਹਿੰਦੇ ਹਨ। ਇਹ ਸਿੱਖ ਵਿਸਾਖੀ, ਦਿਵਾਲੀ ਨੂੰ ਅੰਮ੍ਰਿਤਸਰ ਅਕਾਲ ਤਖਤ 'ਤੇ ਇਕੱਠੇ ਹੋ ਕੇ ਹਕੂਮਤ ਨਾਲ ਲੜਨ ਦੀਆਂ ਸਲਾਹਾਂ ਕਰਦੇ ਹਨ, ਸੌਂਹਾਂ ਖਾਂਦੇ ਹਨ। ਦਸ ਸਿੱਖ ਹਕੂਮਤ ਗ੍ਰਿਫਤਾਰ ਕਰਦੀ ਹੈ, 20 ਸਿੱਖ ਮਾਰ ਦੇਂਦੀ ਹੈ ਪਰ 50 ਸਿੱਖ ਹੋਰ ਤਿਆਰ ਹੋ ਜਾਂਦੇ ਹਨ। ਇਨ੍ਹਾਂ ਸਿੱਖਾਂ ਨੇ ਸਾਡੇ ਵੱਡੇ-ਵੱਡੇ ਕਾਜ਼ੀ, ਮੁੱਲਾਂ, ਫੌਜ ਦੇ ਅਫਸਰ ਮਾਰ ਦਿੱਤੇ ਹਨ। ਇਹ ਭੁੱਖੇ-ਤਿਹਾਏ, ਉੱਜੜੇ ਹੋਏ, ਜੰਗਲ-ਬੇਲਿਆਂ ਵਿੱਚ ਦਿਨ ਕੱਟੀ ਕਰਦੇ ਹੋਏ ਵੀ ਸਿੱਖ ਰਾਜ ਪਾਤਿਸ਼ਾਹੀ ਕਰਨ ਦਾ ਹੋਕਾ ਦਿੰਦੇ ਹਨ—ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ...।

ਨਾਦਰ ਸ਼ਾਹ ਨੇ ਭਵਿੱਖਬਾਣੀ ਕੀਤੀ ਸੀ ਕਿ ਜੇ ਤੇਰੀ ਗੱਲ ਸੱਚੀ ਹੈ ਤਾਂ ਇਹ ਇੱਕ ਦਿਨ ਜ਼ਰੂਰ ਪੰਜਾਬ ਦੇ ਵਾਰਸ ਬਨਣਗੇ। ਉਪਰੋਕਤ ਇਤਿਹਾਸ ਦਾ ਪ੍ਰਸੰਗ ਵੇਖਿਆ ਜਾਵੇ ਤਾਂ 26 ਜਨਵਰੀ 1986 ਦੇ ਸਰਬੱਤ ਖਾਲਸੇ ਤੋਂ ਬਾਅਦ ਪੰਥਕ ਕਮੇਟੀ ਦੀ ਅਗਵਾਈ 'ਚ ਜੁਝਾਰੂ ਸਿੰਘਾਂ ਨੇ ਅਠਾਰ੍ਹਵੀਂ ਸਦੀ ਦੇ ਇਤਿਹਾਸ ਨੂੰ ਸੀਨਾ-ਬ-ਸੀਨਾ ਦੁਹਰਾ ਕੇ ਸ਼ਹਾਦਤਾਂ ਦੀ ਝੜੀ ਲਾ ਦਿੱਤੀ। ਚਾਰੇ ਪਾਸੇ ਰਾਜ ਕਰੇਗਾ ਖਾਲਸਾ, ਖਾਲਿਸਤਾਨ ਜਿੰਦਾਬਾਦ ਦੀਆਂ ਗੂੰਜਾਂ ਪੈਣ ਲੱਗੀਆਂ।

ਮੈਂ ਇਤਿਹਾਸ ਦਾ ਨਿਮਾਣਾ ਜਿਹਾ ਵਿਦਿਆਰਥੀ ਹੋਣ ਤੇ ਆਪਣੇ ਦਿਲੀ ਅਨੁਭਵ ਦੇ ਨਾਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਠਾਰ੍ਹਵੀਂ ਸਦੀ ਦੇ ਸ਼ਹੀਦ ਸਿੰਘਾਂ ਭਾਈ ਤਾਰੂ ਸਿੰਘ ਜੀ, ਦਸਮ ਗ੍ਰੰਥ ਦੇ ਸੰਗ੍ਰਹਿ ਕਰਤਾ ਸ਼ਹੀਦ ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ ਮੁਖੀ ਦਮਦਮੀ ਟਕਸਾਲ, ਬਾਬਾ ਗੁਰਬਖਸ਼ ਸਿੰਘ ਜੀ ਦੂਸਰੇ ਮੁਖੀ ਦਮਦਮੀ ਟਕਸਾਲ, ਬਾਬਾ ਬੰਦਾ ਸਿੰਘ ਜੀ ਬਹਾਦਰ, ਬਾਬਾ ਤਾਰਾ ਸਿੰਘ ਜੀ ਵਾਂ, ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਜੀ, ਭਾਈ ਸ਼ੁਬੇਗ ਸਿੰਘ, ਭਾਈ ਸ਼ਾਹਬਾਜ਼ ਸਿੰਘ ਜੀ, ਭਾਈ ਬੋਤਾ ਸਿੰਘ, ਭਾਈ ਗਰਜਾ ਸਿੰਘ, ਭਾਈ ਬਾਘੜ ਸਿੰਘ, ਭਾਈ ਰਾਵਣ ਸਿੰਘ, ਭਾਈ ਹਾਠੋ ਸਿੰਘ, ਜਥੇਦਾਰ ਸ਼ਾਮ ਸਿੰਘ ਨਾਰਲਾ, ਜਥੇਦਾਰ ਬਾਬਾ ਬੁੱਢਾ ਸਿੰਘ, ਬਾਬਾ ਨੱਥਾ ਸਿੰਘ ਖੈਹਰਾ ਅਤੇ ਸੈਂਕੜੇ ਸ਼ਹੀਦ ਸਿੰਘਾਂ ਨੇ ਸਿੱਖ ਧਰਮ ਵਿੱਚ ਦੁਬਾਰਾ ਜਨਮ ਲੈ ਕੇ 13 ਅਪ੍ਰੈਲ 1978 ਤੋਂ ਲੈ ਕੇ ਵਰਤਮਾਨ ਸਮੇਂ ਤੱਕ ਖਾਲਿਸਤਾਨ ਦੀ ਪ੍ਰਾਪਤੀ ਲਈ ਸਿੱਖ ਸੰਘਰਸ਼ ਵਿੱਚ ਜੂਝ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ਅਠਾਰ੍ਹਵੀਂ ਸਦੀ ਦੇ ਉਪਰੋਕਤ ਸ਼ਹੀਦ ਸਿੰਘਾਂ ਦੀ ਕੁਰਬਾਨੀ ਦੇ, ਇਸ ਲਿਖਤ ਵਿੱਚ ਮੌਜੂਦਾ ਸਿੱਖ ਸੰਘਰਸ਼ ਦੌਰਾਨ ਜੂਝਣ ਵਾਲੇ ਸ਼ਹੀਦਾਂ ਦਾ ਜ਼ਿਕਰ ਕੀਤਾ ਗਿਆ ਹੈ, ਰੂਹਾਂ ਦੇ ਦਰਸ਼ਨ ਹੁੰਦੇ ਹਨ। ਧਰਮ ਆਧਾਰਿਤ ਇਨਕਲਾਬ ਦੀ ਨਿਗਾਹ ਮਾਰਿਆਂ ਅਠਾਰ੍ਹਵੀਂ ਸਦੀ ਦਾ ਸ਼ਹੀਦ ਸਿੰਘ ਤੁਹਾਨੂੰ ਮੌਜੂਦਾ ਸਿੱਖ ਸੰਘਰਸ਼ ਵਿੱਚ ਜੂਝਦਾ ਨਜ਼ਰ

ਆਵੇਗਾ। ਸ਼ਹੀਦ ਸਿੰਘ ਆਉਣ ਵਾਲੇ ਸਮੇਂ ਵਿੱਚ ਆਪਣੀ ਬਹਾਦਰੀ ਦੇ ਜੌਹਰ ਦਿਖਾਉਣ ਲਈ ਫਿਰ ਆਉਣਗੇ ਅਤੇ ਆਉਂਦੇ ਹੀ ਰਹਿਣਗੇ। ਸ਼ਹੀਦ ਸਿੰਘਾਂ ਦੀ ਆਤਮਾ ਅਮਰ ਹੁੰਦੀ ਹੈ। ਚੋਲਾ ਬਦਲ ਕੇ ਫਿਰ ਆਪਣੇ ਮਿਸ਼ਨ ਦੀ ਪ੍ਰਾਪਤੀ ਅਤੇ ਕੌਮੀ ਆਜ਼ਾਦੀ ਦੇ ਸੰਘਰਸ਼ ਤੇ ਮੰਜ਼ਿਲ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖੇਗੀ। ਇਹ ਇਕ ਸਦੀ ਦੀ ਸੱਚਾਈ ਹੈ ਜਿਸ ਤੋਂ ਮੁਕਰਿਆ ਨਹੀਂ ਜਾ ਸਕਦਾ, ਇਹ ਮੇਰਾ ਵਿਸ਼ਵਾਸ ਹੈ।

ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦੇ ਨਜ਼ਦੀਕੀ ਸਾਥੀ ਜਿਨ੍ਹਾਂ ਨਾਲ ਉਹ ਸੰਘਰਸ਼ ਵਿੱਚ ਵਿਚਰਦੇ ਸਨ—ਭਾਈ ਮਨਬੀਰ ਸਿੰਘ ਚਹੇਡੂ, ਜਨਰਲ ਲਾਭ ਸਿੰਘ, ਭਾਈ ਗੁਰਜੰਟ ਸਿੰਘ ਰਾਜਸਥਾਨੀ, ਭਾਈ ਸ਼ਬੇਗ ਸਿੰਘ ਲੁਬਾਣਿਆਂਵਾਲੀ, ਭਾਈ ਗੁਰਜੀਤ ਸਿੰਘ ਝੋਕ ਹਰੀਹਰ, ਭਾਈ ਗੁਰਨਾਮ ਸਿੰਘ, ਭਾਈ ਰਛਪਾਲ ਸਿੰਘ ਫੌਜੀ, ਭਾਈ ਬਲਬੀਰ ਸਿੰਘ ਫੌਜੀ, ਬਾਪੂ ਮਲਕੀਤ ਸਿੰਘ ਰਾਜਸਥਾਨੀ, ਭਾਈ ਕੁਲਦੀਪ ਸਿੰਘ ਲੱਧੂ (ਭਿੱਖੀਵਿੰਡ), ਭਾਈ ਗੁਰਚਰਨ ਸਿੰਘ ਵਾਦੀਆਂ, ਭਾਈ ਧੰਨਾ ਸਿੰਘ, ਭਾਈ ਸੁਖਦੇਵ ਸਿੰਘ ਝਾਮਕਾ, ਵੱਸਣ ਸਿੰਘ ਜ਼ਫਰਵਾਲ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਡਾ. ਜਗਦੀਸ਼ ਸਿੰਘ ਬੁੱਟਰ, ਜਥੇਦਾਰ ਮਾਨ ਸਿੰਘ ਪਿੰਡੀ ਬਲੋਚਾਂ, ਜਥੇਦਾਰ ਦੁਰਗਾ ਸਿੰਘ ਆਰਫਕੇ, ਭਾਈ ਰਸਾਲ ਸਿੰਘ ਆਰਫਕੇ, ਭਾਈ ਕੁਲਵੰਤ ਸਿੰਘ ਆਰਫਕੇ, ਭਾਈ ਗੁਰਦੇਸ ਸਿੰਘ ਸਤੀਏਵਾਲਾ, ਭਾਈ ਹਰਭਜਨ ਸਿੰਘ ਮੰਡ, ਭਾਈ ਅਮਰੀਕ ਸਿੰਘ ਹਰਚੋਵਾਲ ਜਿਹੇ ਸੂਰਮੇ ਸਿੰਘ ਹੋਏ ਹਨ ਜਿਨ੍ਹਾਂ ਨੇ ਸਿੱਖ ਸੰਘਰਸ਼ ਨੂੰ ਬੁਲੰਦੀਆਂ 'ਤੇ ਪਹੁੰਚਾ ਕੇ ਆਪਣੇ ਖੂਨ ਨਾਲ ਸਿੱਖ ਇਤਿਹਾਸ ਸਿਰਜਿਆ ਹੈ।

ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਹਰ ਵੇਲੇ ਗੁਰਬਾਣੀ ਪਾਠ ਦਾ ਤੁਰਦੇ-ਫਿਰਦੇ ਸਿਮਰਨ ਕਰਦੇ ਰਹਿੰਦੇ ਸਨ, ਗੁਰੀਲਾ ਯੁੱਧ ਨੀਤੀ ਦੇ ਬੜੇ ਸਿਖਰ ਦੇ ਮਾਹਰ ਸਨ, ਇੱਕ ਥਾਂ ਟਿਕ ਕੇ ਨਹੀਂ ਸਨ ਬੈਠਦੇ, ਜੁਝਾਰੂ ਸਿੰਘਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ, ਉਹਨਾਂ ਨੂੰ ਮਿਲਦੇ ਰਹਿੰਦੇ, ਸਿੰਘਾਂ ਨੂੰ ਆਪ ਹੁਦਰੀਆਂ ਕਾਰਵਾਈਆਂ ਕਰਨ ਤੋਂ ਸਖਤੀ ਨਾਲ ਰੋਕਦੇ ਸਨ, ਗੁਰੂ ਆਸ਼ੇ ਅਨੁਸਾਰ ਗੁਰਸਿੱਖੀ ਜੀਵਨ ਜਿਉਣ ਦੀ ਪ੍ਰੇਰਨਾ ਦੇਂਦੇ ਸਨ। ਭਾਈ ਸਾਹਿਬ ਜੀ ਦੇ ਘਰੋਂ ਭਗੌੜੇ ਹੋਣ ਕਾਰਨ, ਸੰਨ 1984 ਤੋਂ ਪੰਜਾਬ ਪੁਲਿਸ ਨੇ ਘਰ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਸਨ। ਪਰਿਵਾਰ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਸੀ। ਭਾਈ ਸਾਹਿਬ ਜੀ ਦੀ ਮਾਤਾ ਤੋਂ ਗੱਲੀਂ-ਬਾਤੀਂ ਪੁਲਿਸ ਵਾਲੇ ਪੁੱਛਗਿੱਛ ਕਰਦੇ ਸਨ, ਸਿੰਘਣੀ ਤੋਂ ਵੀ ਗੱਲੀਂ-ਬਾਤੀਂ ਪੁੱਛਦੇ ਸਨ ਕਿ ਗੁਰਦੇਵ ਸਿੰਘ ਦਾ ਟਿਕਾਣਾ ਕਿੱਥੇ ਹੈ। ਉਹ ਕਹਿ ਦੇਂਦੀਆਂ ਘਰੋਂ ਤਾਂ ਮਹਿਤੇ ਟਕਸਾਲ ਵਿੱਚ ਸੇਵਾ ਕਰਨ ਗਿਆ ਸੀ, ਹੁਣ ਸਾਨੂੰ ਕਦੀ ਮਿਲਿਆ ਨਹੀਂ, ਪਤਾ ਨਹੀਂ ਕਿਥੇ ਰਹਿੰਦਾ ਹੈ। ਪੰਜਾਬ ਪੁਲਿਸ ਨੇ ਕਹਿਰ ਵਰਤਾਉਂਦਿਆਂ ਘਰ ਦੇ ਮਕਾਨ ਦੀ ਛੱਤ ਪੁੱਟ ਦਿੱਤੀ, ਜ਼ਮੀਨ ਵਾਹੁਣ ਨਹੀਂ ਸੀ ਦੇਂਦੇ, ਜੋ ਬੰਜਰ ਹੋ ਗਈ। ਪਰਿਵਾਰ ਨੂੰ ਘਰੋਂ ਬਾਹਰ ਰਹਿ

ਕੇ ਦਿਨ ਕੱਟੀ ਕਰਨੀ ਪਈ। ਪੰਜਾਬ ਪੁਲਿਸ ਵਾਲੇ, ਚਾਚੇ ਤੇ ਮਾਸੜ ਕਰਤਾਰ ਸਿੰਘ ਦੇ ਪੁੱਤਰਾਂ ਨੂੰ ਥਾਣੇ ਲਿਜਾ ਕੇ ਤਸ਼ੱਦਦ ਕਰਦੇ ਸਨ ਕਿ ਗੁਰਦੇਵ ਸਿੰਘ ਨੂੰ ਫੜਾਓ। ਉਨਾਂ ਪੁਲਿਸ ਦੇ ਜ਼ੁਲਮ ਤੋਂ ਤੰਗ ਆ ਕੇ, ਰਾਜਸਥਾਨ ਵਿੱਚ ਠੇਕੇ 'ਤੇ ਪੈਲੀ ਲੈ ਕੇ ਵਾਹੀ ਕੀਤੀ ਤੇ ਵਕਤ ਲੰਘਾਉਂਦੇ ਰਹੇ।

ਭਾਈ ਗੁਰਦੇਵ ਸਿੰਘ ਨੂੰ ਕਿਸੇ ਮੁਖਬਰ ਦੀ ਇਤਲਾਹ 'ਤੇ ਬੱਸ ਵਿੱਚ ਸਫਰ ਕਰਦਿਆਂ ਨਕੋਦਰ-ਜਲੰਧਰ ਦਰਮਿਆਨ ਬੱਸ ਵਿੱਚੋਂ ਨਕੋਦਰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਪੁਲਿਸ ਦੀ ਹਿਰਾਸਤ ਵਿੱਚ, ਭਾਈ ਗੁਰਦੇਵ ਸਿੰਘ ਨੇ ਆਪਣਾ ਨਾਂ ਹੋਰ ਦੱਸਿਆ। ਪਿੰਡ ਉਸਮਾਨ ਵਾਲੇ ਦੇ ਕਾਂਗਰਸੀ ਟਾਊਟ ਨੇ ਪੁਲਿਸ ਹਿਰਾਸਤ ਵਿਚ ਸ਼ਨਾਖਤ ਕੀਤੀ। ਪੁਲਿਸ ਦੀ ਹਿਰਾਸਤ ਵਿੱਚ ਭਾਈ ਗੁਰਦੇਵ ਸਿੰਘ ਉੱਤੇ ਪੁਲਿਸ ਦੇ ਜ਼ੁਲਮ-ਤਸ਼ੱਦਦ ਦੀ ਅਣਮਨੁੱਖੀ ਖੇਡ ਖੇਡੀ ਜਾਣ ਲੱਗੀ। ਜਲੰਧਰ ਦੇ ਇੰਟੈਰੋਗੇਸ਼ਨ ਸੈਂਟਰ ਵਿੱਚ ਲਿਜਾਇਆ ਗਿਆ। ਚਾਰ ਜ਼ਿਲ੍ਹਿਆਂ ਦੇ ਐਸ.ਐਸ.ਪੀ. ਇਕੱਠੇ ਹੋ ਗਏ, ਪੰਜਾਬ ਪੁਲਿਸ ਦਾ ਮੁਖੀ ਜੂਲੀਉ ਫਰਾਂਸਿਸ ਰਿਬੈਰੋ ਵੀ ਮੌਕੇ 'ਤੇ ਪਹੁੰਚ ਗਿਆ। ਗਰਮ ਪਰੈਸਾਂ ਲਾ ਕੇ ਛਾਤੀ ਸਾੜ ਦਿੱਤੀ, ਹੱਥਾਂ ਪੈਰਾਂ ਦੇ ਨਹੁੰ ਜੰਮੂਰਾਂ ਨਾਲ ਪੁੱਟ ਦਿੱਤੇ ਗਏ। ਪੁਲਿਸ ਵਾਲੇ, ਭਾਈ ਗੁਰਦੇਵ ਸਿੰਘ ਉਸਮਾਨਵਾਲਾ ਤੋਂ ਪੰਥਕ ਕਮੇਟੀ ਮੈਂਬਰਾਂ ਤੇ ਚੋਟੀ ਦੇ ਜੁਝਾਰੂ ਸਿੰਘਾਂ ਜਨਰਲ ਭਾਈ ਲਾਭ ਸਿੰਘ ਪੰਜਵੜ, ਸ੍ਰੀ ਅਕਾਲ ਤਖਤ ਦੇ ਜਥੇਦਾਰ, ਪੰਥਕ ਕਮੇਟੀ ਮੈਂਬਰ, ਭਿੰਡਰਾਂਵਾਲਾ ਟਾਈਗਰ ਫੋਰਸ ਦੇ ਮੁਖੀ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਦਲਵਿੰਦਰ ਸਿੰਘ, ਬਾਬਾ ਚੁੱਪ ਉਗਰੇਵਾਲ, ਭਾਈ ਗੁਰਨਾਮ ਸਿੰਘ, ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ, ਭਾਈ ਸੁਖਦੇਵ ਸਿੰਘ ਝਾਮਕਾ, ਭਾਈ ਗੁਰਜੀਤ ਸਿੰਘ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਨਵੀਨਰ ਨੂੰ ਫੜਾਉਣ, 30 ਅਪ੍ਰੈਲ 1986 ਨੂੰ ਪੰਜ ਮੈਂਬਰੀ ਪੰਥਕ ਕਮੇਟੀ ਵੱਲੋਂ ਖਾਲਿਸਤਾਨ ਦੀ ਆਜ਼ਾਦੀ ਦੀ ਪ੍ਰਾਪਤੀ ਦਾ ਐਲਾਨ ਵਾਪਸ ਲੈਣ ਕਿ ਪੰਥਕ ਕਮੇਟੀ ਨੇ ਖਾਲਿਸਤਾਨ ਬਣਾਉਣ ਦਾ ਐਲਾਨ ਪਾਕਿਸਤਾਨ ਦੇ ਕਹਿਣ 'ਤੇ ਕੀਤਾ ਗਿਆ ਸੀ। ਅਸੀਂ ਭਾਰਤੀ ਸੰਵਿਧਾਨ ਵਿੱਚ ਰਹਿ ਕੇ ਆਪਣੀਆਂ ਮੰਗਾਂ ਕੇਂਦਰ ਸਰਕਾਰ ਤੋਂ ਮਨਾਉਣ ਦੇ ਹੱਕ ਵਿੱਚ ਹਾਂ, ਪ੍ਰੈਸ ਕਾਨਫਰੰਸ ਵਿੱਚ ਐਲਾਨ ਕਰਨ ਨਾਲ ਤੇਰੀ ਜਾਨ ਬਖਸ਼ੀ ਕੀਤੀ ਜਾ ਸਕਦੀ ਹੈ। ਤੇਰੇ ਮੁੜ ਵਸੇਬੇ ਲਈ ਭਾਰਤ ਸਰਕਾਰ ਹਰ ਤਰ੍ਹਾਂ ਦੀ ਮਦਦ ਕਰਨ ਲਈ ਤਿਆਰ ਹੈ।

ਭਾਈ ਗੁਰਦੇਵ ਸਿੰਘ ਨੇ ਰਿਬੈਰੋ ਨੂੰ ਸਾਫ ਤੇ ਸਪੱਸ਼ਟ ਉੱਤਰ ਦੇਂਦਿਆਂ ਕਿਹਾ— ਅਸੀਂ ਖੁਦਗਰਜ਼ ਨਹੀਂ ਹਾਂ। ਅਸੀਂ ਸਿੱਖ ਕੌਮ ਦਾ ਅਜ਼ਾਦ ਕੌਮੀ ਘਰ ਖਾਲਿਸਤਾਨ ਚਾਹੁੰਦੇ ਹਾਂ ਤੇ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਹਾਂ। ਪੰਥਕ ਕਮੇਟੀ ਨੇ ਇਹ ਐਲਾਨ ਸ੍ਰੀ ਅਕਾਲ ਤਖਤ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਤੋਂ ਕੀਤਾ ਹੈ। ਫਤਹਿ ਜਾਂ ਸ਼ਹਾਦਤ ਸਾਡਾ ਨਿਸ਼ਾਨਾ ਹੈ, ਇਸ ਤੋਂ ਅਸੀਂ ਪਿੱਛੇ ਨਹੀਂ ਹਟਾਂਗੇ। ਤੁਸੀਂ ਆਪਣੀ ਡਿਊਟੀ

ਕਰ ਰਹੇ ਹੋ। ਅਸੀਂ ਆਪਣਾ ਕੌਮੀ ਫਰਜ਼ ਨਿਭਾ ਰਹੇ ਹਾਂ। ਜਿਹੜੇ ਜੁਝਾਰੂ ਸਿੰਘਾਂ ਨੂੰ ਤੁਸੀਂ ਫੜਾਉਣ ਦੀ ਗੱਲ ਕਰਦੇ ਹੋ, ਉਹ ਇੱਕ ਥਾਂ 'ਤੇ ਨਹੀਂ ਰਹਿੰਦੇ। ਸਾਨੂੰ ਇੱਕ ਦੂਜੇ ਦੇ ਟਿਕਾਣੇ ਦਾ ਕੋਈ ਭੇਤ ਨਹੀਂ। ਅਸੀਂ ਆਪਣੇ ਸਾਥੀਆਂ ਨੂੰ ਬਚਾਉਣ ਲਈ ਵਚਨਬੱਧ ਹਾਂ। ਸਾਥੀ ਸਿੰਘਾਂ ਨੂੰ ਫੜਾ ਕੇ ਆਪਣੀ ਜਾਨ ਬਖਸ਼ੀ ਕਰਾਉਣੀ ਸਾਡੇ ਧਰਮ ਵਿੱਚ ਨਹੀਂ ਹੈ। ਪੰਜਾਬ ਪੁਲਿਸ ਦੇ ਜੇ.ਐਫ. ਰਿਬੈਰੋ ਦੀ ਹਾਜ਼ਰੀ ਵਿੱਚ, ਜਲੰਧਰ ਦੇ ਇੰਟੈਰੋਗੇਸ਼ਨ ਸੈਂਟਰ ਵਿੱਚ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਨੂੰ ਕੇਸਾਂ ਤੋਂ ਫੜ ਕੇ ਲੱਕੜ ਦੇ ਗੱਡੇ ਅੱਡੇ 'ਤੇ ਲੈ ਗਏ। ਅੱਡੇ 'ਤੇ ਹੱਥ ਰੱਖ ਕੇ ਕਿੱਲ ਠੋਕ ਦਿੱਤੇ। ਭਾਈ ਸਾਹਿਬ ਨੇ ਗੁਰੂ ਨਾਨਕ ਸਾਹਿਬ ਜੀ ਦੀ ਬਖਸ਼ਿਸ਼ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ। ਜਲਾਦ ਪੁਲਸੀਏ ਵੱਡੇ ਵੱਡੇ ਭੇਤ ਲੈ ਕੇ ਆਪਣੇ ਮੋਢਿਆਂ ਦੇ ਸਟਾਰ ਵਧਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਸਿੰਘ ਦੇ ਬੰਦ-ਬੰਦ ਕੱਟਣੇ ਸ਼ੁਰੂ ਕਰ ਦਿੱਤੇ। ਸਿੰਘ ਅਡੋਲ ਚਿਤ ਜਪੁਜੀ ਸਾਹਿਬ ਦਾ ਪਾਠ ਕਰ ਰਿਹਾ ਸੀ, ਜਦੋਂ ਸੱਜੀ ਬਾਂਹ, ਮੋਢੇ ਤੋਂ ਵੱਢ ਦਿੱਤੀ। ਜਦੋਂ ਸੱਜੀ ਬਾਂਹ ਵੱਢੀ ਗਈ, ਇਕ ਪੁਲਿਸ ਅਫਸਰ ਜੋ ਮੌਕੇ 'ਤੇ ਸੀ, ਦੇ ਦੱਸਣ ਅਨੁਸਾਰ ਭਾਈ ਗੁਰਦੇਵ ਸਿੰਘ ਜੀ—"ਨਾ ਉਹ ਮਰੈ ਨਾ ਠਾਗੈ ਜਾਇ॥ ਜਿਨ ਕੇ ਰਾਮ ਵਸੇ ਮਨ ਮਾਹਿ॥" ਦੀ ਪੰਗਤੀ 'ਤੇ ਸਨ।

ਜਪੁਜੀ ਸਾਹਿਬ ਜੀ ਪਾਠ ਦਾ — ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ 'ਤੇ ਭੋਗ ਪਾ ਕੇ ਬੇਹੋਸ਼ ਹੋ ਗਏ। ਭਾਈ ਗੁਰਦੇਵ ਸਿੰਘ ਜੀ ਪੁਲਿਸ ਦੇ ਤਸੀਹੇ ਸਰੀਰ 'ਤੇ ਝੱਲਦੇ ਹੋਏ ਪੁਰਾਤਨ ਸ਼ਹੀਦ ਸਿੰਘਾਂ ਦੀ ਮਿਸਾਲ ਕਾਇਮ ਰੱਖਦੇ ਹੋਏ ਸ਼ਹੀਦ ਹੋ ਗਏ। ਹਿੰਦੁਸਤਾਨ ਦੀ ਹਿੰਦੂ ਹਕੂਮਤ ਦੇ ਜ਼ੁਲਮ ਸਿਤਮ ਅੱਗੇ ਝੁਕੇ ਨਹੀਂ, ਹਿੰਦੂ ਹਕੂਮਤ ਦੀ ਈਨ ਨਹੀਂ ਮੰਨੀ। ਸ਼ਹਾਦਤ ਪ੍ਰਾਪਤ ਕਰਕੇ, ਸਿੱਖ ਇਤਿਹਾਸ ਵਿੱਚ ਅਮਰ ਹੋ ਗਏ। ਭਾਈ ਗੁਰਨਾਮ ਸਿੰਘ ਬੁੰਡਾਲਾ ਦੱਸਦੇ ਹਨ ਕਿ ਜੇ ਭਾਈ ਸਾਹਿਬ ਹਕੂਮਤ ਹਿੰਦੁਸਤਾਨ ਦੇ ਜ਼ੁਲਮ ਅੱਗੇ ਡੋਲ ਜਾਂਦੇ ਤਾਂ ਬਾਬਾ ਗੁਰਬਚਨ ਸਿੰਘ ਮਾਨੋਚਾਹਾਲ, ਜਨਰਲ ਭਾਈ ਲਾਭ ਸਿੰਘ, ਭਾਈ ਦਲਵਿੰਦਰ ਸਿੰਘ, ਬਾਬਾ ਚੁੱਪ ਉਗਰੇਵਾਲ, ਭਾਈ ਕੰਵਰਜੀਤ ਸਿਘ ਸੁਲਤਾਨਵਿੰਡ, ਭਾਈ ਗੁਰਜੀਤ ਸਿੰਘ, ਭਾਈ ਸੁਖਦੇਵ ਸਿੰਘ ਝਾਮਕਾ ਆਦਿ ਚੋਟੀ ਦੇ ਜੁਝਾਰੂ ਸਿੰਘ ਅਤੇ ਬਹੁਤ ਸਾਰਾ ਸਾਮਾਨ ਪੁਲਿਸ ਦੇ ਹੱਥ ਆ ਜਾਣਾ ਸੀ। ਪਰ ਭਾਈ ਉਸਮਾਨਵਾਲਾ ਡੋਲਣ ਲਈ ਨਹੀਂ, ਬਲਕਿ ਡਟਣ ਲਈ ਬਣੇ ਸਨ। ਭਾਈ ਗੁਰਦੇਵ ਸਿੰਘ ਉਸਮਾਨਵਾਲਾ ਨੇ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਬਚਨ ਕਿ 'ਗੁਰਬਾਣੀ ਦਾ ਅਭਿਆਸ ਕਰਨ ਵਾਲਾ ਸਿੱਖ ਹੀ ਬੰਦ-ਬੰਦ ਕਟਵਾ ਸਕਦਾ ਤੇ ਖੋਪਰ ਲੁਹਾ ਸਕਦਾ ਹੈ', ਸੱਚ ਕਰ ਵਿਖਾਇਆ। ਦਮਦਮੀ ਟਕਸਾਲ ਦੇ ਯੋਧਿਆਂ ਨੇ ਸਿੱਖ ਇਤਿਹਾਸ ਵਿੱਚ ਆਪਣਾ ਨਾਂ ਸ਼ਹਾਦਤ ਦਾ ਜਾਮ ਪੀ ਕੇ ਲਿਖਵਾਇਆ ਹੈ। ਦਮਦਮੀ ਟਕਸਾਲ ਦੇ ਸਿੰਘਾਂ ਦੀਆਂ ਸ਼ਹਾਦਤਾਂ ਦਾ ਜਦੋਂ ਜ਼ਿਕਰ ਹੁੰਦਾ ਹੈ ਤਾਂ ਸ਼ਹੀਦ ਭਾਈ ਗੁਰਦੇਵ ਸਿੰਘ ਜੀ ਉਸਮਾਨਵਾਲਾ ਦੀ ਤਸਵੀਰ ਅੱਖਾਂ

ਸਾਹਮਣੇ ਆ ਜਾਂਦੀ ਹੈ।

6 ਅਕਤੂਬਰ 1987 ਨੂੰ ਰੇਡੀਓ ਤੋਂ ਮੁੱਖ ਖਬਰ ਆਈ ਕਿ ਪੰਜ ਮੈਂਬਰੀ ਪੰਥਕ ਕਮੇਟੀ ਮੈਂਬਰ ਖਤਰਨਾਕ ਏ ਸ਼੍ਰੇਣੀ ਦਾ ਚੋਟੀ ਦਾ ਖਾੜਕੂ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਥਾਣਾ ਸ਼ਾਹਕੋਟ ਪੈਂਦੇ ਪਿੰਡ ਮਹਿਮੋਵਾਲ ਜ਼ਿਲ੍ਹਾ ਜਲੰਧਰ ਵਿੱਚ ਪੰਜਾਬ ਪੁਲਿਸ ਨਾਲ ਹੋਏ ਮੁਕਾਬਲੇ ਦੌਰਾਨ ਮਾਰਿਆ ਗਿਆ। ਉਹ ਅਨੇਕਾਂ ਕਤਲਾਂ ਤੇ ਬੈਂਕ ਡਾਕਿਆਂ ਲਈ ਜ਼ਿੰਮੇਵਾਰ ਸੀ।

ਅਜੀਤ ਜਲੰਧਰ : (ਵੀਰਵਾਰ 22 ਅੱਸੂ 8 ਅਕਤੂਬਰ 1987) ਭਾਈ ਗੁਰਦੇਵ ਸਿੰਘ ਉਸਮਾਨਵਾਲਾ ਮੁਕਾਬਲੇ ਵਿੱਚ ਹਲਾਕ। ਪੰਜਾਬ ਦੇ ਵੱਖ-ਵੱਖ ਥਾਈਂ 10 ਬੰਦੇ ਕਤਲ।

ਚੰਡੀਗੜ੍ਹ (ਯੂ.ਐਨ.ਆਈ., ਪੀ.ਟੀ.ਆਈ. ਅਤੇ ਵੱਖ-ਵੱਖ ਪੱਤਰ ਪ੍ਰੇਰਕਾਂ ਰਾਹੀਂ) : ਪੰਜਾਬ ਵਿਚ ਪਿਛਲੇ 24 ਘੰਟਿਆਂ ਦੌਰਾਨ ਪੰਥਕ ਕਮੇਟੀ ਮੈਂਬਰ ਦਾ ਇਕ ਪ੍ਰਮੁੱਖ ਮੈਂਬਰ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਕਥਿਤ ਤੌਰ 'ਤੇ ਪੁਲਿਸ ਮੁਕਾਬਲੇ ਵਿੱਚ ਹਲਾਕ ਹੋ ਗਿਆ...। ਉਸਮਾਨਵਾਲਾ ਦੀ ਮੌਤ ਪਿੱਛੋਂ ਪੰਜਾਬ ਭਰ ਵਿੱਚ ਪੁਲਿਸ ਨੂੰ ਅਤਿ ਚੌਕਸੀ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ।

ਭਾਈ ਗੁਰਦੇਵ ਸਿੰਘ ਉਸਮਾਨਵਾਲਾ ਮਾਰਿਆ ਗਿਆ।

ਜਲੰਧਰ—ਬੀਤੀ ਰਾਤ ਜਲੰਧਰ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿੱਚ ਪੰਜ ਮੈਂਬਰੀ ਪੰਥਕ ਕਮੇਟੀ ਮੈਂਬਰ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਨੂੰ ਮਾਰ ਦਿੱਤਾ ਗਿਆ। ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਜੇ.ਐਫ. ਰਿਬੈਰੋ ਨੇ ਦੱਸਿਆ ਕਿ ਇਹ ਮੁਕਾਬਲਾ ਥਾਣਾ ਸ਼ਾਹਕੋਟ ਦੇ ਪਿੰਡ ਮਹਿਮੋਵਾਲ ਵਿਖੇ ਹੋਇਆ। ਉਸ ਦੀ ਗ੍ਰਿਫਤਾਰੀ ਲਈ ਇੱਕ ਲੱਖ ਰੁਪਏ ਦਾ ਇਨਾਮ ਸੀ।

ਰਿਬੈਰੋ ਨੇ ਚੰਡੀਗੜ੍ਹ ਵਿੱਚ ਦੱਸਿਆ ਕਿ ਉਸਮਾਨਵਾਲਾ ਪੰਥਕ ਕਮੇਟੀ ਦੇ ਉਨ੍ਹਾਂ 'ਅਸਲੀ' ਪੰਜ ਮੈਂਬਰਾਂ ਵਿੱਚੋਂ ਇੱਕ ਸਨ, ਜਿਨ੍ਹਾਂ ਖਾਲਿਸਤਾਨ ਬਣਾਉਣ ਦਾ ਐਲਾਨ ਤੇ ਸੱਦਾ ਦਿੱਤਾ ਸੀ। ਪੰਥਕ ਕਮੇਟੀ ਦੇ ਅਸਲੀ ਦੋ ਮੈਂਬਰ ਪਹਿਲਾਂ ਹੀ ਪੁਲਿਸ ਗ੍ਰਿਫਤਾਰ ਕਰ ਚੁੱਕੀ ਹੈ। ਬੀਤੀ ਰਾਤ ਜ਼ਿਲ੍ਹਾ ਜਲੰਧਰ ਦੇ ਥਾਣਾ ਸ਼ਾਹਕੋਟ ਦੇ ਪਿੰਡ ਮਿਦਾ ਅਤੇ ਮਹਿਮੋਵਾਲ ਦੇ ਵਿਚਾਲੇ ਇਕ ਨਾਲੇ ਦੇ ਪੁਲ 'ਤੇ ਜਦੋਂ ਨਾਕਾ ਪਾਰਟੀ ਨੇ ਤਿੰਨ ਸ਼ੱਕੀ ਨੌਜਵਾਨਾਂ ਨੂੰ ਆਉਂਦੇ ਵੇਖ ਕੇ ਲਲਕਾਰਿਆ ਤਾਂ ਉਨ੍ਹਾਂ ਨੇ ਗੋਲੀ ਚਲਾ ਦਿੱਤੀ। ਸਿੱਟੇ ਵਜੋਂ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਮਾਰੇ ਗਏ ਤੇ ਉਨ੍ਹਾਂ ਦੇ ਦੋ ਸਾਥੀ ਨੱਸ ਗਏ। ਪੁਲਿਸ ਨੇ ਘਟਨਾ ਵਾਲੀ ਥਾਂ ਤੋਂ 9 ਐਮ.ਐਮ. ਦਾ ਇਕ ਪਿਸਤੌਲ, 2 ਕਾਰਤੂਸ, 6 ਖਾਲੀ ਕਾਰਤੂਸ ਤੇ ਇਕ ਹੱਥ ਗੋਲਾ ਮਿਲਣ ਦਾ ਦਾਅਵਾ ਕੀਤਾ ਹੈ। ਅਜੀਤ ਦੇ ਪੱਤਰਕਾਰ ਰੱਤੂ ਨੇ ਘਟਨਾ ਵਾਲੀ ਥਾਂ ਦਾ ਦੌਰਾ ਕਰਨ ਉਪਰੰਤ ਦੱਸਿਆ ਕਿ ਉਕਤ ਜਗ੍ਹਾ ਜਿਥੇ ਪੁਲਿਸ ਮੁਕਾਬਲਾ ਹੋਇਆ ਦੱਸਿਆ ਜਾਂਦਾ ਹੈ, ਕੋਈ ਸੱਚਾਈ ਨਹੀਂ

ਜਾਪਦੀ।

ਨਕੋਦਰ ਵਿੱਚ ਇਸ ਕਥਿਤ ਪੁਲਿਸ ਮੁਕਾਬਲੇ ਵਿਰੁੱਧ ਸਿੱਖ ਹਲਕਿਆਂ ਵਿੱਚ ਵਿਆਪਕ ਰੋਸ ਦੀ ਲਹਿਰ ਜਾਰੀ ਹੈ। ਯੂ.ਏ.ਡੀ. ਨਕੋਦਰ ਦੇ ਆਗੂ ਜਥੇਦਾਰ ਕਰਤਾਰ ਸਿੰਘ ਅਨੁਸਾਰ ਪੁਲਿਸ ਸਿੱਖ ਨੌਜਵਾਨਾਂ ਨੂੰ ਕਥਿਤ ਤੌਰ 'ਤੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮੁਕਾਬਲੇ ਵਿੱਚ ਪੁਲਿਸ ਦੇ ਕਿਸੇ ਵਿਅਕਤੀ ਨੂੰ ਝਰੀਟ ਤੱਕ ਨਹੀਂ ਆਈ। ਉਨ੍ਹਾਂ ਸਰਕਾਰ ਤੋਂ ਇਸ ਮੁਕਾਬਲੇ ਦੀ ਤੁਰੰਤ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ।

ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦੇ ਪੁਲਿਸ ਨਾਲ ਮੁਕਾਬਲੇ ਵਿੱਚ ਮਾਰੇ ਜਾਣ ਦੀ ਖਬਰ 7 ਅਕਤੂਬਰ 1987 ਨੂੰ ਆਈ ਤਾਂ ਪਿੰਡ ਉਸਮਾਨਵਾਲਾ ਦੇ ਮੋਹਤਬਰ ਬੰਦੇ ਮਹਿਲ ਸਿੰਘ, ਭਾਈ ਸਾਹਿਬ ਦਾ ਜੀਜਾ ਬਲਵਿੰਦਰ ਸਿੰਘ, ਮਸੀ ਅਤੇ ਚਾਚੇ ਦਾ ਪੁੱਤ ਭਰਾ ਰਣਧੀਰ ਸਿੰਘ ਇਕੱਠੇ ਹੋ ਕੇ ਆਪਣੇ ਨੇੜੇ ਦੇ. ਥਾਣਾ ਮੱਲਾਂਵਾਲਾ (ਫਿਰੋਜ਼ਪੁਰ) ਗਏ। ਐਸ.ਐਚ.ਓ. ਨਾਲ ਗੱਲ ਕੀਤੀ ਤਾਂ ਉਸ ਨੇ ਥਾਣਾ ਸ਼ਾਹਕੋਟ (ਜਲੰਧਰ) ਭੇਜ ਦਿੱਤਾ। ਮਹਿਲ ਸਿੰਘ ਸਰਪੰਚ ਉਸਮਾਨਵਾਲਾ, ਥਾਣਾ ਸ਼ਾਹਕੋਟ ਦੇ ਮੁਨਸ਼ੀ ਨੂੰ ਮਿਲਿਆ ਤੇ ਗੱਲ ਕੀਤੀ ਤੇ ਉਸ ਨੇ ਰਣਧੀਰ ਸਿੰਘ ਨੂੰ ਥਾਣੇ ਅੰਦਰ ਬੁਲਾਇਆ ਤੇ ਕਿਹਾ ਕਿ ਇਹ ਮੁਕਾਬਲਾ ਗੁਰਬਚਨ ਸਿੰਹੁ ਇੰਸਪੈਕਟਰ ਚਾਰ ਨੰਬਰ ਚੌਂਕੀ ਉਸਨੂੰ ਪਤੈ, ਸਾਰੀ ਕਾਰਵਾਈ ਉਹਦੀ ਹੈ, ਉਹ ਦੱਸ ਸਕਦੈ।

ਗੁਰਬਚਨ ਸਿੰਹੁ ਇੰਨਸਪੈਕਟਰ ਨੂੰ ਮਹਿਲ ਸਿੰਘ ਸਰਪੰਚ ਤੇ ਬਲਵਿੰਦਰ ਸਿੰਘ ਮਿਲੇ। ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦੀ ਲਾਸ਼ ਦੀ ਮੰਗ ਕੀਤੀ। ਰਣਧੀਰ ਸਿੰਘ ਨੂੰ ਵੀ ਬੁਲਾਇਆ, ਹੁਲੀਆ ਪੁੱਛਿਆ। ਰਣਧੀਰ ਸਿੰਘ ਨੇ ਦੱਸਿਆ ਕਿ ਗੁਰਦੇਵ ਸਿੰਘ ਦਾ ਸਰੀਰ ਭਲਵਾਨਾਂ ਵਰਗਾ ਤਕੜਾ ਸੀ, ਦੰਦ ਵਿੱਚ ਤਾਰ ਪਾਈ ਸੀ। ਗੁਰਬਚਨ ਸਿੰਹੁ ਐਸ.ਐਚ.ਓ. ਨੇ ਫੋਟੋ ਵਿਖਾਈ ਜੋ ਮਾਰੇ ਗਏ ਭਾਈ ਗੁਰਦੇਵ ਸਿੰਘ ਦੀ ਸੀ। ਫੋਟੋ ਵੇਖ ਕੇ ਪਛਾਣ ਨਹੀਂ ਸੀ ਆਉਂਦੀ। ਉਸ ਨੇ ਕਿਹਾ ਐਸ.ਐਸ.ਪੀ. ਨੂੰ ਮਿਲੋ, ਉਹ ਚਾਹੇ ਤਾਂ ਤੁਹਾਨੂੰ ਫੁੱਲ ਦੇ ਸਕਦੈ। ਫਿਰ ਪਤਾ ਨਹੀਂ ਉਸਦੇ ਮਨ ਵਿੱਚ ਕੀ ਗੱਲ ਆਈ, ਆਪ ਹੀ ਐਸ.ਐਸ.ਪੀ. ਜਲੰਧਰ ਨਾਲ ਫੋਨ 'ਤੇ ਗੱਲ ਕੀਤੀ ਤੇ ਪੰਚਾਇਤ ਨੂੰ ਕਹਿੰਦਾ ਕਿ ਤੁਸੀਂ ਇੰਸਪੈਕਟਰ ਨੱਥਾ ਸਿੰਹੁ ਨੂੰ ਮਿਲੋ। ਉਸਨੂੰ ਮਿਲਣ 'ਤੇ ਉਸਨੇ ਕਿਹਾ ਕਿ ਸ਼ਹਿਰ ਦੇ ਬਾਹਰ ਸ਼ਮਸ਼ਾਨ ਘਾਟ ਵਿੱਚ 3 ਸਿਵੇ ਬਲ ਰਹੇ ਹਨ, ਚੌਂਕੀਦਾਰ ਤੋਂ ਗੁਰਦੇਵ ਸਿੰਘ ਵਾਲਾ ਸਿਵਾ ਪੁੱਛ ਕੇ, ਫੁੱਲ ਚੁਣ ਲਿਉ ਜੇ। ਜਾ ਕੇ ਪੰਚਾਇਤ ਨੇ ਚੌਂਕੀਦਾਰ ਨੂੰ ਪੁੱਛਿਆ ਤਾਂ ਉਸ ਨੇ ਗੁਰਦੇਵ ਸਿੰਘ ਦਾ ਸਿਵਾ ਦੱਸਿਆ ਤੇ ਨਾਲ ਇਹ ਵੀ ਦੱਸਿਆ ਕਿ ਬਾਲਣ ਥੋੜ੍ਹਾ ਸੀ, ਦੁਬਾਰਾ ਰਿਪੋਰਟ ਕਰਨ 'ਤੇ ਪੁਲਿਸ ਹੋਰ ਬਾਲਣ ਪਾ ਕੇ ਗਈ ਆ। ਸਿਵਾ ਬਲ ਰਿਹਾ ਸੀ, ਪੰਚਾਇਤ ਮੁੜ ਨਕੋਦਰ ਥਾਣੇ ਆ ਗਈ ਤਾਂ ਪੁਲਿਸ ਵਾਲਿਆਂ ਕਿਹਾ—ਭਲੇਮਾਣਸੋ, ਪਤਾ ਨਹੀਂ ਐਸ.ਐਸ.ਪੀ. ਸਾਹਿਬ ਦੇ

ਕਿਵੇਂ ਮਨ ਮਿਹਰ ਪੈ ਗਈ, ਉਨ੍ਹਾਂ ਤੁਹਾਨੂੰ ਇੰਨੇ ਵੱਡੇ ਖਾੜਕੂ ਦੇ ਫੁੱਲ ਚੁਗਣ ਦੀ ਆਗਿਆ ਦੇ ਦਿੱਤੀ। ਜੇ ਤੁਸੀਂ ਕਹੋ ਕੱਲ੍ਹ ਨੂੰ ਫੁੱਲ ਚੁਗ ਲਵਾਂਗੇ, ਕੱਲ ਦਾ ਸਮਾਂ ਹੋਰ ਹੋ ਸਕਦੈ। ਪਾਣੀ ਪਾ ਕੇ ਸਿਵਾ ਠੰਡਾ ਕਰ ਕੇ ਫੁੱਲ ਚੁਗ ਕੇ ਲੈ ਜਾਵੋ। ਐਸ.ਐਚ.ਓ. ਨੱਥਾ ਸਿੰਹੁ ਨੇ ਸਾਰੇ ਪੰਚਾਇਤ ਦੇ ਬੰਦਿਆਂ ਦੇ ਨਾਂ ਲਿਖ ਲਏ ਤੇ ਕਿਹਾ ਕਿ ਪੰਚਾਇਤ ਦੇ ਤੌਰ 'ਤੇ ਤੁਸੀਂ ਆਏ ਜੇ, ਤੁਹਾਨੂੰ ਗੁਰਦੇਵ ਸਿੰਘ ਦੇ ਫੁੱਲ ਦੇ ਦਿੱਤੇ ਆ ਤੇ ਤੁਸੀਂ ਇਥੇ ਕਾਵਾਂ ਵਾਲੇ ਪੱਤਣ 'ਤੇ ਫੁੱਲ ਤੇ ਸਵਾਹ ਜਲ ਪ੍ਰਵਾਹ ਕਰ ਜਾਵੋ। ਪੰਚਾਇਤ ਨੇ ਫੁੱਲ ਤੇ ਸਵਾਹ ਚਾਦਰ ਤੇ ਬੋਰੀ ਵਿੱਚ ਪਾ ਲਏ ਸਨ। ਐਸ.ਐਚ.ਓ. ਨੱਥਾ ਸਿੰਹੁ ਨੇ ਕਿਹਾ—ਤੁਸੀਂ ਫੁੱਲ ਚੁਗ ਕੇ ਪੰਗਾ ਲੈ ਲਿਆ, ਜੇ ਤੁਸੀਂ ਪਿੰਡ ਲੈ ਗਏ ਤਾਂ ਲੋਕਾਂ ਤੇ ਟਕਸਾਲ ਵਾਲਿਆਂ ਫੁੱਲ ਪਾਉਣ ਲਈ ਜਲੂਸ ਕੱਢਣਾ, ਸਾਨੂੰ ਉੱਤੋਂ ਪੁੱਛ-ਗਿੱਛ ਹੋਣੀ ਆ ਤੇ ਅਸੀਂ ਤੁਹਾਨੂੰ ਜਾ ਕਾਬੂ ਕਰਨਾ, ਤੁਹਾਡਾ ਫਾਇਦਾ ਇਸ ਵਿੱਚ ਆ ਕਿ ਫੁੱਲ ਹੁਣੇ ਪ੍ਰਵਾਹ ਕਰ ਆਓ। ਪੰਚਾਇਤ ਨੇ ਵੀ ਸਮੇਂ ਦੀ ਨਾਜ਼ੁਕਤਾ ਨੂੰ ਸਮਝਦਿਆਂ ਭਾਈ ਗੁਰਦੇਵ ਸਿੰਘ ਦੇ ਫੁੱਲ ਤੇ ਰਾਖ ਕਾਵਾਂ ਵਾਲੇ ਪੱਤਣ 'ਤੇ ਸਤਲੁਜ ਦਰਿਆ ਵਿੱਚ ਜਲ ਪ੍ਰਵਾਹ ਕਰ ਦਿੱਤੇ। ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ 16 ਅਕਤੂਬਰ 1987 ਨੂੰ ਉਨ੍ਹਾਂ ਦੇ ਘਰ ਪਿੰਡ ਉਸਮਾਨਵਾਲਾ ਦੇ ਡੇਰੇ ਵਿੱਚ ਪਾਏ ਗਏ। ਪੰਜਾਬ ਪੁਲਿਸ ਤੇ ਸੀ.ਆਰ.ਪੀ. ਨੇ ਲੋਕਾਂ ਨੂੰ ਨਾਕਾਬੰਦੀ ਕਰ ਕੇ ਭੋਗ 'ਤੇ ਜਾਣ ਤੋਂ ਸਖਤੀ ਨਾਲ ਰੋਕਿਆ। ਮਹਿੰਦਰ ਸਿੰਹੁ ਹੌਲਦਾਰ ਭਾਈ ਗੁਰਦੇਵ ਸਿੰਘ ਦੇ ਜੀਜਾ ਬਲਵਿੰਦਰ ਸਿੰਘ ਤੇ ਉਸ ਦੇ ਭਰਾ ਅਤੇ ਪਿਤਾ ਨੂੰ ਫੜ ਕੇ ਥਾਣੇ ਮੱਲਾਂਵਾਲੇ ਲੈ ਗਿਆ। ਪੰਚਾਇਤ ਅਗਲੇ ਦਿਨ ਛੁਡਾ ਕੇ ਲਿਆਈ। ਜੁਝਾਰੂ ਸਿੰਘਾਂ ਵੱਲੋਂ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦੀ ਸ਼ਹੀਦੀ ਤੋਂ ਉਸ ਦੀ ਥਾਂ ਭਾਈ ਕੁਲਦੀਪ ਸਿੰਘ ਲੱਧੂ (ਭਿੱਖੀਵਿੰਡ/ਖੇਮਕਰਨ) ਨੂੰ ਪੰਜ ਮੈਂਬਰੀ ਪੰਥਕ ਕਮੇਟੀ ਮੈਂਬਰ ਨਿਯੁਕਤ ਕੀਤਾ ਤੇ ਐਲਾਨ ਕੀਤਾ ਕਿ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦੀ ਸ਼ਹਾਦਤ ਦੇ ਜ਼ਿੰਮੇਵਾਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ, ਸ਼ਹੀਦੀ ਦਾ ਬਦਲਾ ਹਰ ਹਾਲਤ ਵਿੱਚ ਲਿਆ ਜਾਵੇਗਾ। ਕੁਝ ਚਿਰ ਬਾਅਦ ਜੁਝਾਰੂ ਸਿੰਘਾਂ ਨੇ ਬਲਕਾਰ ਸਿੰਘ ਸਰਪੰਚ ਮਿੱਠਾ ਤੇ ਉਸ ਦੇ ਬੇਟਿਆਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ ਤੇ ਜ਼ਿੰਮੇਵਾਰੀ ਅਖਬਾਰ ਵਿੱਚ ਲੈਂਦਿਆਂ ਕਿਹਾ ਸੀ ਕਿ ਬਲਕਾਰ ਸਿੰਘ ਮਿੱਠਾ ਪੁਲਿਸ ਦਾ ਟਾਊਟ ਸੀ ਤੇ ਇਸ ਨੇ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਨੂੰ ਪੁਲਿਸ ਹਿਰਾਸਤ ਵਿਚ ਠੁੱਡੇ ਮਾਰੇ ਸਨ, ਇਸ ਕਰਕੇ ਖਾਲਿਸਤਾਨ ਕਮਾਂਡੋ ਫੋਰਸ ਦੇ ਭਾਈ ਗੁਰਜੰਟ ਸਿੰਘ ਰਾਜਸਥਾਨੀ, ਭਾਈ ਕੁਲਵੰਤ ਸਿੰਘ ਕਾਲਾ ਆਰਫਕੇ, ਭਾਈ ਸ਼ਬੇਗ ਸਿੰਘ ਲੁਬਾਣਿਆਂਵਾਲੀ ਤੇ ਹੋਰ ਸਿੰਘਾਂ ਨੇ ਜ਼ਿੰਮੇਵਾਰੀ ਆਪਣੇ ਸਿਰ ਲਈ ਹੈ।

ਨੋਟ—ਸ. ਰਣਧੀਰ ਸਿੰਘ ਉਸਮਾਨਵਾਲਾ (ਮਸੇਰ ਤੇ ਚਚੇਰਾ ਭਰਾ) ਸ਼ਹੀਦ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦੱਸਦਾ ਹੈ ਕਿ ਸਰਪੰਚ ਬਲਕਾਰ ਸਿੰਘ ਮਿੱਠਾ

ਪਿੰਡ ਤੇ ਉਸ ਦੇ ਪੁੱਤਰਾਂ ਦਾ ਨਿੱਜੀ ਰੰਜਸ਼ 'ਤੇ ਕਤਲ ਕੀਤਾ ਗਿਆ ਤੇ ਝੂਠੀ ਜ਼ਿੰਮੇਵਾਰੀ ਭਾਈ ਗੁਰਜੰਟ ਸਿੰਘ ਰਾਜਸਥਾਨੀ ਤੇ ਕਾਲਾ ਆਰਫਕੇ ਦੇ ਨਾਂ 'ਤੇ ਅਖਬਾਰ ਵਿੱਚ ਛਪੀ। ਬਲਕਾਰ ਸਿੰਘ ਸਰਪੰਚ ਮਿੱਠਾ ਤੇ ਉਸ ਦੇ ਪੁੱਤਰਾਂ ਦਾ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦੀ ਸ਼ਹੀਦੀ ਜਾਂ ਸ਼ਨਾਖਤ ਵਿਚ ਹੱਥ ਨਹੀਂ ਸੀ। ਰਾਜਸਥਾਨੀ ਤੇ ਕਾਲਾ ਆਰਫਕੇ ਨੇ ਇਸ ਕਤਲ ਤੋਂ ਇਨਕਾਰ ਕੀਤਾ ਸੀ। ਸਰਪੰਚ ਬਲਕਾਰ ਸਿੰਘ ਦੇ ਪਰਿਵਾਰ ਦੇ ਸਾਡੇ ਨਾਲ ਸ਼ੁਰੂ ਤੋਂ ਚੰਗੇ ਸਬੰਧ ਹਨ ਤੇ ਹੁਣ ਵੀ ਮਿਲਵਰਤਣ ਹੈ। ਲੋਕਾਂ ਵਿਚ ਇਹ ਵੀ ਦੰਦ ਕਥਾ ਹੈ ਕਿ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਅਤੇ ਸ਼ਹੀਦ ਭਾਈ ਦੁਰਗਾ ਸਿੰਘ ਆਰਫਕੇ ਨੂੰ ਫੜਾਉਣ ਵਾਲਾ ਸੁਰਜੀਤ ਕੈਟ ਸਿੱਖੀ ਸਰੂਪ ਵਿੱਚ ਅੱਜ ਵੀ ਜਿੰਦਾ ਹੈ।

ਸ਼ਹੀਦ ਭਾਈ ਸੁਖਵੰਤ ਸਿੰਘ ਉਸਮਾਨਵਾਲਾ (ਖਾਲਿਸਤਾਨ ਕਮਾਂਡੋ ਫੋਰਸ)

ਵੀਹਵੀਂ ਸਦੀ ਦੇ ਮਹਾਨ ਇਨਕਲਾਬੀ ਜਰਨੈਲ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੀ ਆਜ਼ਾਦੀ ਲਈ ਅਰੰਭੇ ਸਿੱਖ ਸੰਘਰਸ਼ ਦੌਰਾਨ ਹਜ਼ਾਰਾਂ ਸਿੰਘਾਂ ਨੇ ਹਿੰਦੁਸਤਾਨ ਦੀ ਹਕੂਮਤ ਨਾਲ ਲੜਦਿਆਂ ਸਿੱਖਾਂ ਦੇ ਆਜ਼ਾਦ ਕੌਮੀ ਘਰ ਖਾਲਿਸਤਾਨ ਦੀ ਆਜ਼ਾਦੀ ਲਈ ਸ਼ਹਾਦਤਾਂ ਦੇ ਜਾਮ ਪੀਤੇ ਹਨ। ਇਨ੍ਹਾਂ ਸੂਰਬੀਰ ਬਹਾਦਰ ਸਿੰਘਾਂ ਵਿੱਚ ਲੜਨ ਵਾਲੇ ਯੋਧੇ ਪਿੰਡ ਉਸਮਾਨਵਾਲਾ ਦੇ ਹੋਏ ਹਨ, ਸ਼ਹੀਦ ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਸ਼ਹੀਦ ਭਾਈ ਸੁਖਵੰਤ ਸਿੰਘ ਉਸਮਾਨਵਾਲਾ।

ਸ਼ਹੀਦ ਭਾਈ ਸੁਖਵੰਤ ਸਿੰਘ ਉਸਮਾਨਵਾਲਾ ਦਾ ਜਨਮ ਪਿਤਾ ਸ. ਕਰਤਾਰ ਸਿੰਘ ਦੇ ਘਰ ਮਾਤਾ ਸੁਰਜੀਤ ਕੌਰ ਦੀ ਕੁੱਖੋਂ 17 ਦਸੰਬਰ 1959, 3 ਪੋਹ ਬਿਕ੍ਰਮੀ ਸੰਮਤ 2016 ਨੂੰ ਪਿੰਡ ਉਸਮਾਨਵਾਲਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ।

ਸ. ਕਰਤਾਰ ਸਿੰਘ ਉਸਮਾਨਵਾਲਾ ਹੱਥੀਂ ਕਿਰਤ ਕਰਨ ਵਾਲੇ ਕਿਸਾਨ ਸਿੱਖ ਸਨ ਤੇ ਉਨ੍ਹਾਂ ਨੂੰ ਅਕਾਲ ਪੁਰਖ ਵਾਹਿਗੁਰੂ ਵੱਲੋਂ ਪੰਜ ਪੁੱਤਰਾਂ ਦੀ ਦਾਤ ਪ੍ਰਾਪਤ ਹੋਈ। ਵੱਡੇ ਪੁੱਤਰ ਬਗੀਚਾ ਸਿੰਘ, ਅਜੀਤ ਸਿੰਘ, ਸੁਖਚੈਨ ਸਿੰਘ, ਸੁਖਵੰਤ ਸਿੰਘ (ਸ਼ਹੀਦ) ਅਤੇ ਰਣਧੀਰ ਸਿੰਘ ਹਨ।

ਭਾਈ ਸੁਖਵੰਤ ਸਿੰਘ ਨੇ ਦਸਵੀਂ ਤੱਕ ਪੜ੍ਹਾਈ ਸਰਕਾਰੀ ਹਾਈ ਸਕੂਲ ਆਰਫਕੇ ਤੋਂ ਚੰਗੇ ਨੰਬਰ ਹਾਸਲ ਕਰਕੇ ਪਾਸ ਕੀਤੀ।

ਚਾਚੇ ਦਾ ਤੇ ਮਾਸੀ (ਚਚੇਰਾ ਤੇ ਮਸੇਰ ਭਰਾ) ਦਾ ਪੁੱਤ ਭਰਾ ਪੰਥਕ ਕਮੇਟੀ ਮੈਂਬਰ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਚੋਟੀ ਦਾ ਜੁਝਾਰੂ ਜਰਨੈਲ ਹੋਣ ਕਰਕੇ ਪੰਜਾਬ ਪੁਲਿਸ ਪਰਿਵਾਰ ਨੂੰ ਤਸ਼ੱਦਦ ਦਾ ਨਿਸ਼ਾਨਾ ਬਣਾਉਂਦੀ ਰਹਿੰਦੀ ਸੀ। ਘਰ ਵਿੱਚ ਸਿੰਘਾਂ ਦਾ ਆਉਣਾ ਜਾਣਾ ਸੀ। ਭਾਈ ਗੁਰਦੇਵ ਸਿੰਘ ਦੇ ਸ਼ਹੀਦ ਹੋ ਜਾਣ ਤੋਂ ਬਾਅਦ ਵੀ ਪੁਲਿਸ ਪਰਿਵਾਰ ਨੂੰ ਤੰਗ ਕਰ ਰਹੀ ਸੀ। ਪੁਲਿਸ ਦੇ ਜ਼ੁਲਮਾਂ ਤੋਂ ਤੰਗ ਆ ਕੇ ਪਰਿਵਾਰ ਨੇ ਪਿੰਡ ਉਸਮਾਨਵਾਲਾ ਛੱਡ ਕੇ ਸੰਨ 1984 ਵਿੱਚ ਰਾਜਸਥਾਨ 'ਚ ਜਾ ਕੇ ਜ਼ਮੀਨ ਠੇਕੇ 'ਤੇ ਲੈ ਕੇ ਵਾਹੀ ਕੀਤੀ, ਉਥੇ ਹੀ ਭਾਈ ਗੁਰਨਾਮ ਸਿੰਘ ਬੁੰਡਾਲਾ ਜਾਂਦਾ ਸੀ। ਭਾਈ ਸੁਖਵੰਤ ਸਿੰਘ ਦਾ ਭਾਈ ਗੁਰਨਾਮ ਸਿੰਘ ਨਾਲ ਨੇੜ ਹੋ ਗਿਆ ਤੇ ਉਸ ਦੇ ਸੰਪਰਕ ਵਿੱਚ ਆਉਣ ਸਦਕਾ ਮਹਿਤਾ ਚਲਾ ਗਿਆ। ਗੁਰਦੁਆਰਾ

ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਗੁਰਬਾਣੀ ਦੀ ਸੰਥਿਆ ਕੀਤੀ। ਭਾਈ ਗੁਰਨਾਮ ਸਿੰਘ ਨਾਲ ਨੇੜ ਹੋਣ ਕਰਕੇ ਜੁਝਾਰੂ ਸਿੰਘ ਘਰ ਆ ਕੇ ਪ੍ਰਸ਼ਾਦਾ-ਪਾਣੀ ਛਕਦੇ ਸਨ। ਖਾੜਕੂ ਸਫਾਂ ਵਿੱਚ ਭਾਈ ਸੁਖਵੰਤ ਸਿੰਘ 'ਗੁਰਤੇਜ ਸਿੰਘ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਪੁਲਿਸ ਭਾਈ ਸੁਖਵੰਤ ਸਿੰਘ ਨੂੰ ਜੁਝਾਰੂ ਸਿੰਘਾਂ ਦਾ ਮੱਦਦਗਾਰ ਮੰਨਦੀ ਸੀ। ਪੁਲਿਸ ਭਾਈ ਸੁਖਵੰਤ ਸਿੰਘ ਨੂੰ ਫੜਨ ਲਈ ਪੂਰੀ ਵਾਹ ਲਾ ਰਹੀ ਸੀ। ਉਹ ਰੂਪੋਸ਼ ਹੋ ਕੇ ਸਿੰਘਾਂ ਵਿੱਚ ਵਿਚਰ ਰਹੇ ਸਨ। ਪੰਜਾਬ ਪੁਲਿਸ ਆਪਣਾ ਗੁੱਸਾ ਪਰਿਵਾਰ ਉੱਤੇ ਕੱਢ ਰਹੀ ਸੀ। ਅਟਾਰੀ ਮੁਕਾਬਲੇ ਦਾ ਝੂਠਾ ਕੇਸ ਪਾ ਕੇ ਛੋਟੇ ਭਰਾ ਰਣਧੀਰ ਸਿੰਘ ਨੂੰ 7 ਮਹੀਨੇ ਨਾਭਾ ਜੇਲ੍ਹ ਵਿੱਚ, 2 ਮਹੀਨੇ ਫਿਰੋਜ਼ਪੁਰ, 11 ਮਹੀਨੇ ਫਿਰ ਫਿਰੋਜ਼ਪੁਰ ਜੇਲ੍ਹ ਵਿੱਚ ਬੰਦ ਰੱਖਿਆ ਤੇ ਅਦਾਲਤ ਵੱਲੋਂ ਕੇਸ ਨੂੰ ਝੂਠਾ ਮੰਨ ਕੇ ਭਾਈ ਰਣਧੀਰ ਸਿੰਘ ਨੂੰ ਸੰਨ 1984 ਵਿੱਚ ਬਰੀ ਕਰ ਦਿੱਤਾ ਗਿਆ। ਭਾਈ ਸੁਖਵੰਤ ਸਿੰਘ ਉਸਮਾਨਵਾਲਾ ਹਥਿਆਰਬੰਦ ਜੰਗਜੂ ਬਣ ਗਏ ਸਨ। 6 ਫਰਵਰੀ 1989. ਨੂੰ ਡੀ.ਐਸ.ਪੀ. ਪੰਜਾਬ ਪੁਲਿਸ ਰੁਪਿੰਦਰਪਾਲ ਸਿੰਘ, ਡੀ.ਐਸ.ਪੀ.-ਸੀ.ਆਰ.ਪੀ. ਅਵਤਾਰ ਸਿੰਘ, ਸੀ.ਆਰ.ਪੀ. ਦਾ ਕਮਾਂਡੈਂਟ ਆਰ. ਐਲ. ਸ਼ਰਮਾ ਨੇ ਵੱਡੀ ਗਿਣਤੀ ਵਿੱਚ ਫੋਰਸ ਲੈ ਕੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਫੋਰਸ ਤਲਾਸ਼ੀ ਕਰਦੀ ਹੋਈ, ਪਿੰਡ ਰੁਕਨੇਵਾਲਾ, ਗੁਲਜ਼ਾਰ ਸਿੰਘ ਦੀ ਢਾਣੀ 'ਤੇ ਪਹੁੰਚੀ ਤਾਂ ਅੱਗੋਂ ਸਿੰਘਾਂ ਨੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਸਵਾਗਤ ਕੀਤਾ। ਪੰਜਾਬ ਪੁਲਿਸ ਤੇ ਸੀ.ਆਰ.ਪੀ. ਦੇ ਜਵਾਨ ਪੁਜ਼ੀਸ਼ਨਾਂ ਲੈਣ ਲਈ ਪਿੱਛੇ ਭੱਜ ਤੁਰੇ। ਉਸ ਵਕਤ ਭਾਈ ਗੁਲਜ਼ਾਰ ਸਿੰਘ ਦੇ ਡੇਰੇ 'ਤੇ ਭਾਈ ਸੁਖਵੰਤ ਸਿੰਘ ਉਸਮਾਨਵਾਲਾ ਤੇ ਉਸ ਦਾ ਸਾਥੀ ਭਾਈ ਬਲਵਿੰਦਰ ਸਿੰਘ ਬਾਸਰਕੇ (ਭਿੱਖੀਵਿੰਡ) ਬੈਠੇ ਸਨ। ਸਿੰਘਾਂ ਨੇ ਫੋਰਸਾਂ ਨੂੰ ਲਲਕਾਰਿਆ। "ਖਾਲਿਸਤਾਨ ਜਿੰਦਾਬਾਦ" "ਖਾਲਿਸਤਾਨ ਕਮਾਂਡੋ ਫੋਰਸ ਜਿੰਦਾਬਾਦ" ਦੇ ਨਾਅਰੇ ਲਾਏ ਤੇ ਬਾਹਵਾਂ ਭਾਰ ਤੁਰ ਕੇ ਢਾਣੀ 'ਚੋਂ ਬਾਹਰ ਨਿਕਲ ਕੇ ਹਿੰਦੁਸਤਾਨੀ ਫੋਰਸਾਂ ਨਾਲ ਮੁਕਾਬਲਾ ਕੀਤਾ ਕਿ ਢਾਣੀ ਵਾਲਾ ਬੇਦੋਸ਼ਾ ਪਰਿਵਾਰ ਨਾ ਮਾਰਿਆ ਜਾਵੇ। ਅਫਸਰਾਂ ਨੇ ਹੈੱਡ ਕੁਆਰਟਰ ਨੂੰ ਵਾਇਰਲੈਸ ਕਰਕੇ ਇਤਲਾਹ ਦਿੱਤੀ ਤੇ ਹੋਰ ਫੋਰਸ ਮੰਗਵਾ ਲਈ। ਮੁਕਾਬਲਾ 4 ਵਜੇ ਸ਼ੁਰੂ ਹੋਇਆ ਤੇ ਦੋ ਘੰਟੇ ਜ਼ਬਰਦਸਤ ਮੁਕਾਬਲਾ ਹੋਇਆ। ਇਕ ਪਾਸੇ ਸਿਰਫ ਦੋ ਜੁਝਾਰੂ ਸੂਰਬੀਰ ਯੋਧੇ ਸਨ ਜਿਨ੍ਹਾਂ ਕੋਲ ਦੋ ਏ.ਕੇ.ਸੰਤਾਲੀ ਰਾਈਫਲਾਂ ਸਨ, ਦੂਜੇ ਪਾਸੇ ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੁਸਤਾਨੀ ਫੋਰਸਾਂ ਨੇ ਦਸ ਕਿਲੋਮੀਟਰ ਤੱਕ ਚੁਫੇਰੇ ਘੇਰਾ ਪਾਇਆ ਹੋਇਆ ਸੀ। ਸਿੰਘਾਂ ਕੋਲ ਜਿੰਨਾ ਚਿਰ ਗੋਲੀ ਸਿੱਕਾ ਰਿਹਾ ਸਰਕਾਰੀ ਤਨਖਾਹਾਂ 'ਤੇ ਲੜਨ ਵਾਲਿਆਂ ਨੂੰ ਨੇੜੇ ਨਹੀਂ ਸੀ ਢੁੱਕਣ ਦਿੱਤਾ। ਗੋਲੀ ਸਿੱਕਾ ਖਤਮ ਹੋ ਜਾਣ 'ਤੇ ਦੋਵਾਂ ਜੁਝਾਰੂ ਸਿੰਘਾਂ ਨੇ ਜਿਊਂਦੇ ਜੀਅ ਪੁਲਿਸ ਫੋਰਸਾਂ ਦੇ ਹੱਥ ਆਉਣ ਨਾਲੋਂ ਸ਼ਹੀਦੀ ਪਾਉਣ ਨੂੰ ਉੱਤਮ ਸਮਝਿਆ ਤੇ ਸਾਇਆਨਾਈਡ ਦੇ ਕੈਪਸੂਲ ਖਾ ਕੇ ਸ਼ਹੀਦੀ ਪ੍ਰਾਪਤ ਕਰ ਗਏ। ਇਹ

ਮੁਕਾਬਲਾ 4 ਵਜੇ ਤੋਂ 6 ਵਜੇ ਤੱਕ ਸ਼ਾਮੀ 6 ਫਰਵਰੀ 1989 ਤੱਕ ਚੱਲਿਆ ਸੀ। ਜਿਊਂਦੇ ਜੀਅ ਜੁਝਾਰੂ ਸਿੰਘਾਂ ਦੇ ਨੇੜੇ ਨਾ ਢੁੱਕਣ ਵਾਲੀਆਂ ਹਿੰਦੁਸਤਾਨੀ ਬਹਾਦਰ ਫੋਰਸਾਂ ਦੇ ਬਹਾਦਰ ਜਵਾਨਾਂ ਨੇ ਆਪਣੀ ਬਹਾਦਰੀ ਦੇ ਜੌਹਰ ਦਾ ਵਿਖਾਵਾ ਕਰਨ ਲਈ ਸ਼ਹੀਦ ਹੋਏ ਸਿੰਘਾਂ ਦੇ ਚਿਹਰੇ ਤੇ ਛਾਤੀਆਂ ਗੋਲੀਆਂ ਨਾਲ ਵਿੰਨ ਦਿੱਤੀਆਂ ਤੇ ਅਗਲੇ ਦਿਨ 7 ਫਰਵਰੀ 1989 ਨੂੰ ਅਖਬਾਰਾਂ ਅਤੇ ਰੇਡੀਓ ਵਿੱਚ ਮੁੱਖ ਖਬਰ ਸੀ ਕਿ ਥਾਣਾ ਮੱਲਾਂਵਾਲਾ ਅਧੀਨ ਪਿੰਡ ਰੁਕਨਾਵਾਲਾ ਦੀ ਢਾਣੀ (ਬਹਿਕ) ਉੱਤੇ ਪੰਜਾਬ ਪੁਲਿਸ ਤੇ ਸੀ.ਆਰ.ਪੀ. ਨਾਲ ਹੋਏ ਜ਼ਬਰਦਸਤ ਮੁਕਾਬਲੇ ਦੌਰਾਨ ਖਾਲਿਸਤਾਨ ਕਮਾਂਡੋ ਫੋਰਸ ਦੇ ਦੋ ਚੋਟੀ ਦੇ ਅੱਤਵਾਦੀ ਮਾਰੇ ਗਏ। ਖਤਰਨਾਕ ਅੱਤਵਾਦੀ ਸੁਖਵੰਤ ਸਿੰਘ ਉਸਮਾਨਵਾਲਾ ਤੇ ਉਸ ਦਾ ਸਾਥੀ ਬਲਵਿੰਦਰ ਸਿੰਘ ਬਾਸਰਕੇ (ਜ਼ਿਲ੍ਹਾ ਅੰਮ੍ਰਿਤਸਰ) ਦਾ ਸੀ। ਸਰਕਾਰ ਵੱਲੋਂ ਉਨ੍ਹਾਂ ਦੇ ਸਿਰਾਂ ਦਾ 25-25 ਹਜ਼ਾਰ ਰੁਪਏ ਇਨਾਮ ਰੱਖਿਆ ਹੋਇਆ ਸੀ। ਉਨ੍ਹਾਂ ਕੋਲੋਂ ਦੋ ਏ.ਕੇ.ਸੰਤਾਲੀ ਰਾਈਫਲਾਂ ਬਰਾਮਦ ਹੋਈਆਂ ਹਨ। ਉਹ ਅਨੇਕਾਂ ਕਤਲ ਦੇ ਕੇਸਾਂ ਅਤੇ ਸੁਰੱਖਿਆ ਫੋਰਸਾਂ ਉਤੇ ਘਾਤ ਲਾ ਕੇ ਹਮਲਾ ਕਰਨ ਦੇ ਦੋਸ਼ ਵਿੱਚ ਪੁਲਿਸ ਨੂੰ ਲੋੜੀਂਦੇ ਸਨ। ਸੁਖਵੰਤ ਸਿੰਘ ਪੰਥਕ ਕਮੇਟੀ ਮੈਂਬਰ ਗੁਰਦੇਵ ਸਿੰਘ ਉਸਮਾਨਵਾਲਾ ਜੋ ਪਹਿਲਾਂ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ, ਉਸ ਦਾ ਭਤੀਜਾ ਸੀ (ਅਸਲ ਵਿਚ ਚਚੇਰਾ ਤੇ ਮਸੇਰ ਭਰਾ ਸੀ)।

ਪਿੰਡ ਉਸਮਾਨਵਾਲਾ ਦਾ ਸਰਪੰਚ ਮਹਿਲ ਸਿੰਘ, ਬਲਵਿੰਦਰ ਸਿੰਘ ਨੇ ਥਾਣਾ ਮੱਲਾਂਵਾਲਾ ਜਾ ਕੇ ਪੁਲਿਸ ਤੱਕ ਪਹੁੰਚ ਕੀਤੀ ਤਾਂ ਪਤਾ ਲੱਗਾ ਕਿ ਦੋਵੇਂ ਸ਼ਹੀਦੀ ਦੇਹਾਂ ਜ਼ੀਰਾ ਸਰਕਾਰੀ ਹਸਪਤਾਲ ਪੋਸਟਮਾਰਟਮ ਲਈ ਭੇਜ ਦਿੱਤੀਆਂ ਗਈਆਂ ਹਨ। ਪੁਲਿਸ ਤੱਕ ਪਹੁੰਚ ਕਰਨ 'ਤੇ ਪੋਸਟਮਾਰਟਮ ਤੋਂ ਬਾਅਦ ਭਾਈ ਸੁਖਵੰਤ ਸਿੰਘ ਦੀ ਦੇਹ ਪੰਚਾਇਤ ਨੂੰ ਦਿੱਤੀ ਗਈ ਤੇ ਪੰਜਾਬ ਪੁਲਿਸ ਦੀ ਨਿਗਰਾਨੀ ਹੇਠ ਜਿਸ ਥਾਂ ਉਤੇ ਹੁਣ ਗੁਰਦੁਆਰਾ ਸਾਹਿਬ ਬਣਿਆ ਹੈ, ਅੰਤਮ ਸੰਸਕਾਰ ਕੀਤਾ ਗਿਆ। ਭਾਈ ਬਲਵਿੰਦਰ ਸਿੰਘ ਦਾ ਸਸਕਾਰ ਪੁਲਿਸ ਨੇ ਆਪ ਕੀਤਾ ਸੀ। ਦੋਵਾਂ ਸਿੰਘਾਂ ਦੀ ਯਾਦ ਵਿੱਚ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੇ ਭੋਗ 16 ਫਰਵਰੀ 1989 ਨੂੰ ਉਸਮਾਨਵਾਲਾ ਵਿਖੇ ਪਾਏ ਗਏ। ਉਸ ਸਮੇਂ ਸ਼ਹੀਦ ਭਾਈ ਸੁਖਵੰਤ ਸਿੰਘ ਦਾ ਛੋਟਾ ਭਰਾ ਭਾਈ ਰਣਧੀਰ ਸਿੰਘ ਪੁਲਿਸ ਦੀ ਹਿਰਾਸਤ ਵਿੱਚ ਸੀ। ਜਿਸ ਸਥਾਨ 'ਤੇ ਭਾਈ ਸੁਖਵੰਤ ਸਿੰਘ ਜੀ ਉਸਮਾਨਵਾਲਾ ਅੰਤਮ ਸੰਸਕਾਰ ਕੀਤਾ ਗਿਆ ਸੀ, ਉਸ ਸਥਾਨ ਉੱਤੇ ਗੁਰਦੁਆਰਾ ਸ਼ਹੀਦਾਂ—ਸ਼ਹੀਦ ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਸ਼ਹੀਦ ਭਾਈ ਸੁਖਵੰਤ ਸਿੰਘ ਉਸਮਾਨਵਾਲਾ ਸੁਸ਼ੋਭਿਤ ਹੈ ਜੋ ਸ਼ਹੀਦ ਸਿੰਘਾਂ ਦੀ ਸਿੱਖ ਕੌਮ ਪ੍ਰਤੀ ਕੀਤੀ ਕੁਰਬਾਨੀ ਦੀ ਯਾਦ ਦਿਵਾਉਂਦਾ ਹੈ।

ਭਾਈ ਰਣਧੀਰ ਸਿੰਘ ਧੀਰਾ ਉਸਮਾਨਵਾਲਾ ਦੀ ਕਹਾਣੀ ਅਖ਼ਬਾਰਾਂ ਵਿੱਚ ਪੁਲਿਸ ਦੀ ਜ਼ਬਾਨੀ... !

27 ਜੁਲਾਈ 1989 (ਫਿਰੋਜ਼ਪੁਰ ਤੋਂ ਬਾਗੀ) ਅਨੁਸਾਰ ਪੁਲਿਸ ਨੇ ਇਕ ਖਤਰਨਾਕ ਦਹਿਸ਼ਤਪਸੰਦ ਏ ਸ਼੍ਰੇਣੀ ਦੇ ਰਣਧੀਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਫਿਰੋਜ਼ਪੁਰ ਜ਼ਿਲ੍ਹੇ ਵਿੱਚ ਦਹਿਸ਼ਤਵਾਦੀ ਸਰਗਰਮੀਆਂ ਪਿੱਛੇ ਉਸ ਦਾ ਦਿਮਾਗ ਕੰਮ ਕਰਦਾ ਸੀ। ਐਸ.ਐਸ.ਪੀ. (ਹੈੱਡ ਕੁਆਰਟਰ) ਸ੍ਰੀ ਐਸ.ਕੇ. ਗੋਇਲ ਨੇ ਦੱਸਿਆ ਕਿ ਪੁਲਿਸ ਦੀ ਇਕ ਗਸ਼ਤੀ ਪਾਰਟੀ 'ਤੇ ਬੀਤੀ ਰਾਤ ਲਗਭਗ 9:40 ਵਜੇ ਸਦਰ ਥਾਣਾ ਖੇਤਰ ਦੇ ਪਿੰਡ ਨੇੜੇ ਦਹਿਸ਼ਤਪਸੰਦਾਂ ਨੇ ਘਾਤ ਲਾ ਕੇ ਹਮਲਾ ਕਰ ਦਿੱਤਾ। ਪੁਲਿਸ ਵੱਲੋਂ ਵੀ ਜਵਾਬੀ ਫਾਇਰਿੰਗ ਕੀਤੀ ਗਈ। ਇਸ ਦੌਰਾਨ ਪੁਲਿਸ ਨੇ ਰਣਧੀਰ ਸਿੰਘ ਉਰਫ ਧੀਰਾ ਵਾਸੀ ਉਸਮਾਨਵਾਲਾ ਨੂੰ ਗ੍ਰਿਫਤਾਰ ਕਰ ਲਿਆ। ਉਸ ਦੇ ਸਿਰ ਉੱਪਰ 25 ਹਜ਼ਾਰ ਰੁਪਏ ਦਾ ਇਨਾਮ ਰੱਖਿਆ ਗਿਆ ਸੀ। ਉਹ ਖਾਲਿਸਤਾਨ ਕਮਾਂਡੋ ਫੋਰਸ ਦੇ ਗੁਰਨਾਮ ਸਿੰਘ ਬੁੰਡਾਲਾ ਗਿਰੋਹ ਵਾਸਤੇ ਵਾਰਦਾਤਾਂ ਕਰਨ ਲਈ ਯੋਜਨਾ ਤਿਆਰ ਕਰਦਾ ਸੀ। ਪੁਲਿਸ ਪਾਰਟੀ ਨੇ ਉਸ ਪਾਸੋਂ ਗਿਲੇਟਿਨ ਦੇ 4 ਪੈਕੇਟ, 4 ਡੈਟੋਨੇਟਰ, 10 ਟਾਈਮ ਪੈਨਸਿਲਾਂ, 30 ਮੀਟਰ ਲੰਮੀ ਤਾਰ ਅਤੇ ਏ.ਕੇ. ਸੰਤਾਲੀ ਦੇ 50 ਕਾਰਤੂਸ ਬਰਾਮਦ ਕੀਤੇ ਹਨ। ਸ੍ਰੀ ਗੋਇਲ ਨੇ ਦੱਸਿਆ ਕਿ ਰਣਧੀਰ ਸਿੰਘ ਗੁਰਨਾਮ ਸਿੰਘ ਬੁੰਡਾਲਾ ਦਾ ਸਭ ਤੋਂ ਪੁਰਾਣਾ ਸਾਥੀ ਹੈ। ਉਨ੍ਹਾਂ ਕਿਹਾ ਕਿ ਰਣਧੀਰ ਸਿੰਘ ਪਿੰਡ ਉਸਮਾਨਵਾਲਾ ਵਿਚ ਦਹਿਸ਼ਤਪਸੰਦਾਂ ਦੇ ਪ੍ਰਸਿੱਧ ਪਰਿਵਾਰ ਨਾਲ ਸਬੰਧ ਰੱਖਦਾ ਹੈ। ਉਸ ਦਾ ਚਾਚਾ (ਅਸਲ ਵਿਚ ਚਚੇਰਾ ਤੇ ਮਸੇਰ ਭਰਾ-ਲੇਖਕ) ਗੁਰਦੇਵ ਸਿੰਘ ਉਸਮਾਨਵਾਲਾ ਪੰਥਕ ਕਮੇਟੀ ਮੈਂਬਰ ਸੀ। ਉਸ ਦਾ ਸਕਾ ਭਰਾ ਸੁਖਵੰਤ ਸਿੰਘ ਵੀ ਖਾਲਿਸਤਾਨ ਕਮਾਂਡੋ ਫੋਰਸ ਦਾ ਇਕ ਖਤਰਨਾਕ ਦਹਿਸ਼ਤਪਸੰਦ ਸੀ, ਜਿਹੜਾ ਹਾਲ ਵਿੱਚ ਹੀ ਹੋਏ ਪੁਲਿਸ ਤੇ ਸੀ.ਆਰ.ਪੀ. ਨਾਲ ਗਹਿਗੱਚ ਮੁਕਾਬਲੇ ਵਿੱਚ ਮਾਰਿਆ ਗਿਆ ਸੀ। ਉਹ ਬੁੰਡਾਲਾ ਤੇ ਨਿਸ਼ਾਨ ਸਿੰਘ ਨਾਲ ਸੰਪਰਕ ਸੂਤਰਾਂ ਦਾ ਕੰਮ ਕਰਦਾ ਸੀ। ਉਹ ਨਵੇਂ ਦਹਿਸ਼ਤਪਸੰਦਾਂ ਦੀ ਭਰਤੀ ਲਈ ਪ੍ਰੇਰਨਾ ਦਾ ਕੰਮ ਵੀ ਕਰਦਾ ਸੀ ਤੇ ਹਥਿਆਰਾਂ ਦੀ ਸਪਲਾਈ ਵੀ ਕਰਦਾ ਸੀ।

(ਜੱਗਬਾਣੀ 27 ਜੁਲਾਈ 1989 ਸਫਾ 6 ਕਾਲਮ 6)

ਸ਼ਹੀਦ ਡਾ. ਸੁਖਦੇਵ ਸਿੰਘ ਸੁੱਖਾ ਸੰਗਤਪੁਰਾ

ਖਾਲਿਸਤਾਨ ਲਿਬਰੇਸ਼ਨ ਫੋਰਸ ਵੱਲੋਂ ਸਿੱਖ ਕੌਮ ਦੀ ਆਜ਼ਾਦੀ ਲਈ ਲੜੇ ਜਾ ਰਹੇ ਸਿੱਖ ਸੰਘਰਸ਼ ਦੀਆਂ ਗੱਲਾਂ ਹੁੰਦੀਆਂ ਹਨ ਤਾਂ ਡਾ. ਸੁਖਦੇਵ ਸਿੰਘ ਸੁੱਖਾ ਸੰਗਤਪੁਰਾ ਅਤੇ ਸ਼ਹੀਦ ਭਾਈ ਪ੍ਰਗਟ ਸਿੰਘ ਫੌਜੀ ਸੰਗਤਪੁਰਾ ਦਾ ਨਾਂ ਬੜੇ ਫਖਰ ਨਾਲ ਲਿਆ ਜਾਂਦਾ ਹੈ।

ਪਿੰਡ ਸੰਗਤਪਰਾ ਜ਼ਿਲ੍ਹਾ ਮੋਗਾ ਦੇ ਥਾਣਾ ਬਾਘਾਪੁਰਾਣਾ ਤੋਂ ਦੱਖਣ ਦਿਸ਼ਾ ਵੱਲ 12 ਕਿਲੋਮੀਟਰ 'ਤੇ ਵੱਸਿਆ ਪਿੰਡ ਹੈ। ਇਸ ਇਲਾਕੇ ਦੀ ਧਰਤੀ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਸ ਧਰਤੀ ਦੇ ਜਾਏ ਛੇਵੇਂ ਪਾਤਸ਼ਾਹ ਦੀ ਸੰਗਤ ਕਰਨ ਵਾਲੇ ਬੜੇ ਸੂਰਬੀਰ ਬਹਾਦਰ ਯੋਧੇ ਹਨ, ਸਿੱਖੀ ਸਵੈਮਾਣ ਖਾਤਰ, ਹਕੂਮਤ ਨਾਲ ਟੱਕਰ ਲੈਂਦੇ ਆ ਰਹੇ ਹਨ। ਸਿੱਖ ਧਰਮ, ਸਿੱਖ ਕੌਮ ਦੇ ਹੱਕਾਂ ਦੀ ਪ੍ਰਾਪਤੀ ਲਈ ਜ਼ਾਲਮ ਹਕੂਮਤਾਂ ਨਾਲ ਲੜਾਈ ਲੜਨੀ ਜਾਣਦੇ ਹਨ। ਇਸ ਇਲਾਕੇ ਨੂੰ ਮਾਲਵਾ ਕਿਹਾ ਜਾਂਦਾ ਹੈ। ਪੰਜਾਬ ਦੀ ਧਰਤੀ ਦੇ ਪਲੇ ਹੋਏ ਯੋਧੇ ਮਝੈਲ ਭਾਊ ਹੋਣ, ਦੁਆਬੀਏ ਹੋਣ ਜਾਂ ਮਲਵਈ ਯੋਧੇ, ਜਦੋਂ ਜ਼ਾਲਮ ਹਕੂਮਤ ਵਿਰੁੱਧ ਮੈਦਾਨ ਵਿੱਚ ਆ ਕੇ ਗਰਜਦੇ ਹਨ ਇਨ੍ਹਾਂ ਦੀ ਗਰਜ ਦਿੱਲੀ ਤਾਂ ਕੀ ਸੱਤ ਸਮੁੰਦਰੋਂ ਪਾਰ ਵੀ ਸੁਣਦੀ ਹੈ ਤੇ ਦੁਸ਼ਮਣ ਦਹਿਲ ਜਾਂਦੇ ਹਨ। ਦਿੱਲੀ ਤੋਂ ਲੈ ਕੇ ਰੋਮਾਨੀਆਂ ਤੱਕ ਧਰਤੀ ਹਿਲਾ ਦਿੰਦੇ ਹਨ। ਦੁਨੀਆਂ ਦੇ ਆਲਮੀ ਤਾਕਤਾਂ ਦੀਆਂ ਬੈਠਕਾਂ/ਮੀਟਿੰਗਾਂ ਵਿੱਚ ਜੁਝਾਰੂ ਬੱਬਰ ਸ਼ੇਰਾਂ ਦੀ ਗਰਜ ਦੇ ਅਖਬਾਰਾਂ, ਰੇਡੀਓ, ਟੈਲੀਵਿਜ਼ਨ 'ਤੇ ਸੋਹਲੇ ਗਾਉਂਦੇ ਹਨ।

ਡਾਕਟਰ ਸੁਖਦੇਵ ਸਿੰਘ 'ਸੁੱਖਾ ਭਾਊ' ਦਾ ਜਨਮ ਪਿਤਾ ਸ. ਮਹਿੰਦਰ ਸਿੰਘ ਦੇ ਘਰ ਮਾਤਾ ਸੁਰਜੀਤ ਕੌਰ ਦੀ ਕੁੱਖੋਂ 3 ਅਪ੍ਰੈਲ 1969, 21 ਚੇਤਰ ਬਿਕ੍ਰਮੀ ਸੰਮਤ 2026 ਨੂੰ ਪਿੰਡ ਖਾਰਾ, ਨੇੜੇ ਸਰਹਾਲੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਸੰਨ 1971 ਵਿੱਚ ਸ. ਮਹਿੰਦਰ ਸਿੰਘ ਨੇ ਪਿੰਡ ਖਾਰਾ ਤੋਂ ਜ਼ਮੀਨ ਵੇਚ ਕੇ ਪਿੰਡ ਸੰਗਤਪੁਰਾ ਵਿੱਚ ਜ਼ਮੀਨ ਮੁੱਲ ਖਰੀਦ ਲਈ ਤੇ ਆ ਵੱਸੇ। ਡਾ. ਸੁਖਦੇਵ ਸਿੰਘ ਪੰਜ ਭੈਣ ਭਰਾਵਾਂ ਵਿਚੋਂ ਸਾਰਿਆਂ ਤੋਂ ਵੱਡੇ ਸਨ, ਛੋਟੇ ਭਰਾ ਬਲਦੇਵ ਸਿੰਘ, ਸਾਹਿਬ ਸਿੰਘ, ਦਿਲਬਾਗ ਸਿੰਘ ਅਤੇ ਭੈਣ ਬਲਵਿੰਦਰ ਕੌਰ ਹਨ। ਡਾ. ਸੁਖਦੇਵ ਸਿੰਘ ਨੇ ਮੁੱਢਲੀ ਪੜ੍ਹਾਈ ਅੱਠਵੀਂ ਤੱਕ ਪਿੰਡ ਸੰਗਤਪੁਰਾ ਦੇ ਸਰਕਾਰੀ ਸਕੂਲ ਵਿੱਚ, ਦਸਵੀਂ ਤੱਕ ਪਿੰਡ ਥਰਾਜ ਦੇ ਸਕੂਲ

'ਚੋਂ, 12ਵੀਂ ਤੱਕ ਦੀ ਪੜ੍ਹਾਈ ਪਿੰਡ ਮਾੜੀ ਮੁਸਤਫਾ ਦੇ ਸਕੂਲ 'ਚੋਂ ਪਾਸ ਕੀਤੀ। ਬਾਰ੍ਹਵੀਂ ਜਮਾਤ ਦੀ ਪੜ੍ਹਾਈ ਤੋਂ ਬਾਅਦ ਸੁਖਦੇਵ ਸਿੰਘ, ਪਿੰਡ ਮਾੜੀ ਮੁਸਤਫਾ ਦੇ ਡਾ. ਬਲਵੀਰ ਸਿੰਘ ਕੋਲ ਡਾਕਟਰੀ ਸਿੱਖਣ ਜਾਂਦੇ ਸਨ। ਇਸ ਸਮੇਂ ਦੌਰਾਨ ਹਿੰਦੁਸਤਾਨ ਦੀ ਬ੍ਰਾਹਮਣਵਾਦੀ ਸਰਕਾਰ ਨੇ ਸਿੱਖਾਂ ਦੇ ਜਾਨ ਤੋਂ ਪਿਆਰੇ ਸ੍ਰੀ ਦਰਬਾਰ ਸਾਹਿਬ ਉੱਤੇ ਫੌਜੀ ਹਮਲਾ ਕਰ ਕੇ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਨੂੰ ਤੋਪਾਂ, ਟੈਂਕਾਂ ਦੇ ਬੰਬਾਂ ਨਾਲ ਅਤੇ ਹੋਰ ਅਨੇਕਾਂ ਗੁਰਧਾਮਾਂ ਨੂੰ ਢਹਿ ਢੇਰੀ ਕਰ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਈਆਂ ਸਿੱਖ ਸੰਗਤਾਂ ਨੂੰ ਹਿੰਦੁਸਤਾਨੀ ਫੌਜ ਨੇ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ। ਸੰਤ ਜਰਨੈਲ ਸਿੰਘ ਜੀ ਖਾਲਸਾ, ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ, ਬਾਬਾ ਠਾਹਰਾ ਸਿੰਘ ਜੀ ਦੀਆਂ ਸ਼ਹਾਦਤਾਂ ਨੇ ਸਿੱਖ ਜਵਾਨੀ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਬਚਨ ਸਿੱਖ ਜਵਾਨੀ ਲਈ ਇਲਾਹੀ ਪੈਗਾਮ ਬਣ ਕੇ ਹਿਰਦਿਆਂ ਅੰਦਰ ਹਲਚਲ ਮਚਾਉਣ ਲੱਗੇ। ਸੰਤ ਜਰਨੈਲ ਸਿੰਘ ਜੀ ਖਾਲਸਾ ਦਾ ਬਚਨ—ਜਿਸ ਦਿਨ ਹਿੰਦੁਸਤਾਨ ਸਰਕਾਰ ਨੇ ਫੌਜ ਨਾਲ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰਵਾ ਦਿੱਤਾ, ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਸਿੰਘੋ, ਮਰਨਾ ਸਿੱਖੋ ਤਾਂ ਗੁਲਾਮੀ ਗਲੋਂ ਲੱਥੇਗੀ। ਜੂਨ 1984 ਦੇ ਘੱਲੂਘਾਰੇ ਨੇ ਹੋਰ ਸਿੰਘਾਂ ਵਾਂਗ ਉਸਨੂੰ ਵੀ ਉਦਾਸ ਕਰ ਦਿੱਤਾ। ਉਸ ਦੇ ਹਾਸੇ ਤੇ ਖੁਸ਼ੀਆਂ ਜਾਂਦੀਆਂ ਰਹੀਆਂ। ਸੁਖਦੇਵ ਸਿੰਘ ਪਿੰਡ ਮਾੜੀ ਮੁਸਤਫਾ ਡਾਕਟਰੀ ਸਿੱਖਣ ਜਾਂਦਾ, ਘਰ ਆ ਕੇ ਕਿਸੇ ਨਾਲ ਕੋਈ ਗੱਲਬਾਤ ਨਾ ਕਰਦਾ। ਅੰਦਰ ਵੜ ਕੇ ਅਖਬਾਰ ਪੜ੍ਹਦਾ ਤੇ ਕਦੀ-ਕਦੀ ਰੋਣ ਲੱਗ ਪੈਂਦਾ! ਮਾਤਾ ਪੁੱਛਦੀ ਕਿ ਸੁੱਖੇ ਕੀ ਗੱਲ ਆ ਰੋਂਦਾ ਕਿਉਂ ਆਂ ? ਕਹਿੰਦਾ—ਬੀਬੀ ਸਾਡਾ ਸਿੱਖਾਂ ਦਾ ਕਾਹਦਾ ਜਿਉਣਾ! ਸਰਕਾਰ ਨੇ ਸਾਡਾ ਸੰਤ ਭਿੰਡਰਾਂਵਾਲਾ, ਸੱਚਾ ਰਹਿਬਰ, ਸ਼ਹੀਦ ਕਰ ਦਿੱਤਾ। ਮਾਤਾ ਨੇ ਕਹਿਣਾ ਕਿ ਪੁੱਤਰ, ਹੋਰ ਵੀ ਦੁਨੀਆਂ ਵੱਸਦੀ ਆਂ, ਤੇਰੇ ਵਾਂਗ ਤਾਂ ਨਹੀਂ ਰੋਂਦੇ ? ਬੀਬੀ ਦੁਨੀਆਂ ਜਿਵੇਂ ਮਰਜ਼ੀ ਵੱਸਦੀ ਪਰ ਮੇਰੇ ਤੋਂ ਢੱਠਾ ਹੋਇਆ ਸ੍ਰੀ ਅਕਾਲ ਤਖਤ ਜਰ ਨਹੀਂ ਹੁੰਦਾ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਦੇ ਬੋਲ ਮੇਰਾ ਪਿੱਛਾ ਨਹੀਂ ਛੱਡਦੇ। ਮੇਰੇ ਦਿਮਾਗ ਵਿੱਚ ਹਰ ਵੇਲੇ ਗੂੰਜਦੇ ਨੇ—ਸਿੰਘੋ ਜ਼ਰਾ ਸੋਚੋ! ਗੁਲਾਮ ਰਹਿ ਕੇ ਜ਼ਿੰਦਗੀ ਦੇ ਦਿਨ ਬਤੀਤ ਕਰਨੇ ਨੇ ਜਾਂ ਗੁਲਾਮੀ ਗਲੋਂ ਲਾਹ ਕੇ ਅਜ਼ਾਦ ਹੋ ਕੇ ਜਿਉਣਾ ਹੈ।

"ਸਿੱਖੋ ਮਰਨਾ ਸਿੱਖੋਗੇ ਤਾਂ ਗਲੋਂ ਗੁਲਾਮੀ ਲਹਿਣੀ ਆ...।"

"ਜ਼ੁਲਮ ਕਰਨਾ ਪਾਪ ਆ, ਜ਼ੁਲਮ ਸਹਿਣਾ ਉਸ ਤੋਂ ਵੀ ਵੱਡਾ ਪਾਪ ਆ...।"

"ਮੈਂ ਸਰੀਰਕ ਮੌਤ ਨੂੰ ਮੌਤ ਨਹੀਂ ਮੰਨਦਾ। ਜ਼ਮੀਰ ਦਾ ਮਰ ਜਾਣਾ ਯਕੀਨਨ ਮੌਤ ਹੈ।"

ਡਾ. ਸੁਖਦੇਵ ਸਿੰਘ ਕਿਸੇ ਨਾਲ ਬੋਲਦਾ ਨਹੀਂ ਸੀ। ਉਸ ਨੇ 1987 ਵਿੱਚ ਅੰਮ੍ਰਿਤ

ਛਕ ਕੇ ਗੁਰਸਿੱਖੀ ਜੀਵਨ ਵਿੱਚ ਪ੍ਰਪੱਕ ਹੋਣ ਦਾ ਮਨ ਬਣਾ ਲਿਆ। ਗੁਰਬਾਣੀ ਦਾ ਨਿੱਤਨੇਮ ਗੁਟਕਾ ਪੜ੍ਹਕੇ ਰੋਜ਼ਾਨਾ ਪਾਠ ਕਰਨ ਲੱਗ ਪਿਆ। ਅੰਮ੍ਰਿਤ-ਸੰਚਾਰ ਕਰਨ ਲਈ ਪੰਜ ਪਿਆਰੇ ਆਏ। ਡਾ. ਸੁਖਦੇਵ ਸਿੰਘ ਨੇ ਆਪਣੇ ਮਾਤਾ ਪਿਤਾ ਨੂੰ ਕਿਹਾ ਕਿ ਮੈਂ ਅੰਮ੍ਰਿਤ ਛਕਣਾ ਹੈ। ਪੰਜਾਂ ਪਿਆਰਿਆਂ ਕਿਹਾ ਕਿ ਤੁਹਾਡੇ ਮਾਤਾ ਪਿਤਾ ਨੇ ਜੇ ਅੰਮ੍ਰਿਤ ਨਹੀਂ ਛਕਿਆ ਤਾਂ ਉਨ੍ਹਾਂ ਦਾ ਵੀ ਅੰਮ੍ਰਿਤ ਛਕਣਾ ਜ਼ਰੂਰੀ ਹੈ। ਮਾਤਾ ਜੀ ਕਹਿੰਦੇ—ਇਹ ਤੂੰ ਕਹਿੰਦਾ ਏਂ ਕਿ ਪੰਜਾਂ ਪਿਆਰਿਆਂ ਦਾ ਹੁਕਮ ਆ ? ਡਾ. ਕਹਿੰਦਾ—ਇਸੇ ਵੇਲੇ ਤਾਂ ਮੈਂ ਹੀ ਤੁਹਾਨੂੰ ਕਹਿ ਰਿਹਾ ਹਾਂ। ਮੈਨੂੰ ਪੰਜਾਂ ਪਿਆਰਿਆਂ ਅੰਮ੍ਰਿਤ ਛਕਾਇਆ ਨਹੀਂ, ਮੈਂ ਤੁਹਾਨੂੰ ਲੈਣ ਆ ਗਿਆ। ਬਾਪੂ ਕਹਿੰਦਾ—ਸੁੱਖੇ ਸਾਡੇ ਕੋਲ ਨਾ ਕਛਹਿਰਾ ਨਾ ਕਿਰਪਾਨ...ਸਾਨੂੰ ਅੰਮ੍ਰਿਤ ਕਿਵੇਂ ਛਕਾ ਦੇਣਗੇ ? ਸੁੱਖੇ ਨੇ ਚਾਰ ਕਛਹਿਰੇ ਤੇ ਦੋ ਕਿਰਪਾਨਾਂ, ਕੰਘੇ ਤੇ ਪਰਨੇ ਵਾਲਾ ਥੈਲਾ ਫੜਾਉਂਦਿਆਂ ਕਿਹਾ, "ਇਹ ਕਕਾਰ ਹਨ, ਮੈਂ ਕੇਸੀਂ ਇਸ਼ਨਾਨ ਕਰਕੇ ਗਿਆ ਸੀ, ਬੀਬੀ ਤੇ ਭਾਊ ਤੁਸੀਂ ਕੇਸੀਂ ਇਸ਼ਨਾਨ ਕਰੋ। ਅੰਮ੍ਰਿਤ ਛਕਣਾ ਈ ਛਕਣਾ।" ਡਾ. ਸੁਖਦੇਵ ਸਿੰਘ ਨੇ ਮਾਤਾ ਸੁਰਜੀਤ ਕੌਰ ਤੇ ਪਿਤਾ ਮਹਿੰਦਰ ਸਿੰਘ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਪਹੁੰਚ ਕੇ ਪੰਜਾਂ ਪਿਆਰਿਆਂ ਹੱਥੋਂ ਖੰਡੇ-ਬਾਟੇ ਦੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਅੰਮ੍ਰਿਤ ਛਕ ਕੇ ਮਾਤਾ ਪਿਤਾ ਸਮੇਤ ਗੁਰਸਿੱਖੀ ਜੀਵਨ ਵਿੱਚ ਦਾਖਲ ਹੋ ਗਿਆ।

ਡਾ. ਸੁਖਦੇਵ ਸਿੰਘ ਪਿੰਡ ਚੌਧਰੀਵਾਲ ਡਾਕਟਰੀ ਦੀ ਦੁਕਾਨ ਕਰਨ ਲੱਗਾ। ਸਵੇਰੇ ਜਾਣਾ ਸ਼ਾਮ ਨੂੰ ਘਰ ਆ ਜਾਣਾ। ਇਕ ਦਿਨ ਰਸਤੇ ਵਿੱਚ ਪੁਲਿਸ ਨਾਲ ਮੁਕਾਬਲੇ 'ਚ ਜ਼ਖਮੀ ਹੋਇਆ ਸਿੰਘ ਮਿਲਿਆ ਤੇ ਉਸ ਨੂੰ ਸੁਰੱਖਿਅਤ ਥਾਂ 'ਤੇ ਲਿਜਾ ਕੇ ਉਸ ਦੀ ਲੱਤ ਵਿੱਚੋਂ ਗੋਲੀ ਕੱਢੀ, ਜ਼ਖਮ ਸਾਫ ਕਰਕੇ ਮਲ੍ਹਮ ਪੱਟੀ ਕੀਤੀ। ਉਹ ਜ਼ਖਮੀ ਸਿੰਘ ਦਾ ਇਲਾਜ ਕਰਦਾ ਰਿਹਾ। ਸਿੰਘ ਠੀਕ ਹੋ ਗਿਆ। ਉਸ ਸਿੰਘ ਨੂੰ ਰਾਮਪੁਰਾ ਫੂਲ ਬਠਿੰਡਾ ਦੀ ਪੁਲਿਸ ਨੇ ਫੜ ਲਿਆ ਤੇ ਡਾਕਟਰੀ ਇਲਾਜ ਕਿੱਥੋਂ ਕਰਵਾਇਆ ਬਾਰੇ ਪੁੱਛ-ਗਿੱਛ ਕੀਤੀ ਤਾਂ ਡਾ. ਸੁਖਦੇਵ ਸਿੰਘ ਸੰਗਤਪੁਰਾ ਦਾ ਨਾਂ ਸਾਹਮਣੇ ਆਇਆ। ਪੁਲਿਸ ਨੇ ਡਾ. ਸੁਖਦੇਵ ਸਿੰਘ ਨੂੰ ਮਾੜੀ ਮੁਸਤਫਾ ਤੋਂ ਗ੍ਰਿਫਤਾਰ ਕਰ ਲਿਆ ਤੇ ਘਰ ਪਿੰਡ ਸੰਗਤਪੁਰਾ ਲੈ ਆਏ ਤੇ ਘਰ ਦੀ ਰਸਮੀ ਜਿਹੀ ਅੰਦਰ ਵੜ ਕੇ ਤਲਾਸ਼ੀ ਲਈ। ਮਾਤਾ ਵੇਖ ਕੇ ਕਹਿੰਦੀ—"ਵਾਹਿਗੁਰੂ, ਵਾਹਿਗੁਰੂ, ਤੁਸੀਂ ਮੇਰੇ ਸੁੱਖੇ ਨੂੰ ਕਿਸ ਕਸੂਰ ਬਦਲੇ ਫੜ੍ਹ ਲਿਆ ? ਜੀ ਇਹਨੇ ਤਾਂ ਕਦੀ ਕੋਈ ਮਾੜਾ ਕੰਮ ਕੀਤਾ ਈ ਨਹੀਂ। ਸਾਨੂੰ ਪੁੱਤ ਇਹਦਾ ਕਸੂਰ ਤਾਂ ਦੱਸੋ ?" ਪੁਲਿਸ ਵਾਲੇ ਕਹਿੰਦੇ—"ਮਾਤਾ, ਤੂੰ ਕਹਿੰਦੀ ਇਹਨੇ ਮਾੜਾ ਕੰਮ ਨਹੀਂ ਕੀਤਾ। ਇਹ ਤਾਂ ਬੜੇ ਵੱਡੇ ਕੰਮ ਕਰਦਾ, ਮਾਤਾ, ਤੂੰ ਆਪਣੇ ਪੁੱਤ ਨੂੰ ਆਪ ਹੀ ਪੁੱਛ ਲਾ ?" ਮਾਤਾ ਕਹਿੰਦੀ—"ਸੁੱਖੇ ਤੈਨੂੰ ਕਾਹਦੇ 'ਚ ਫੜ ਕੇ ਲਿਆਏ ਆ ?" ਸੁੱਖਾ ਕਹਿੰਦਾ—"ਬੀਬੀ! ਮੈਂ ਕੰਮ ਤਾਂ ਮਾੜਾ ਕੋਈ ਨਹੀਂ ਕੀਤਾ। ਜ਼ਖਮੀ ਸਿੰਘ ਦਾ ਇਲਾਜ ਕੀਤਾ ਸੀ। ਜੋ ਸਿੱਖੀ ਦਾ ਅਸੂਲ ਹੈ। ਤੂੰ ਫਿਕਰ ਨਾ ਕਰ, ਜੇ

ਨੇਕੀ ਦੇ ਕੰਮ 'ਚ ਕੀਮਤ ਤਾਰਨੀ ਪਵੇ ਤਾਂ ਕੋਈ ਪ੍ਰਵਾਹ ਨਹੀਂ।" ਪੁਲਿਸ ਵਾਲੇ ਆਪਣੀ ਗੱਡੀ 'ਚ ਬਿਠਾ ਕੇ ਲੈ ਗਏ। ਪੁਲਿਸ ਤਸ਼ੱਦਦ ਕਰਕੇ ਹੋਰ ਸਿੰਘਾਂ ਦੇ ਟਿਕਾਣੇ ਪੁੱਛਦੀ ਸੀ। ਸੁੱਖੇ ਨੇ ਕਿਹਾ ਕਿ ਮੈਂ ਜ਼ਖਮੀ ਸਿੰਘ ਦਾ ਇਲਾਜ ਕੀਤਾ, ਮੁੱਕਰ ਤਾਂ ਨਹੀਂ ਰਿਹਾ, ਹੋਰ ਮੈਨੂੰ ਕਿਸੇ ਦਾ ਪਤਾ ਨਹੀਂ। ਜਦ ਸੱਤ ਦਿਨਾਂ ਬਾਅਦ ਪੁਲਿਸ ਨੇ ਛੱਡਿਆ, ਤੁਰ ਵੀ ਨਹੀਂ ਸੀ ਸਕਦਾ। ਕੁਝ ਚਿਰ ਘਰ ਰਿਹਾ। ਡਾਕਟਰੀ ਦੀ ਦੁਕਾਨ ਛੱਡ ਦਿੱਤੀ।

ਪਰਿਵਾਰ ਦੇ ਕਹਿਣ 'ਤੇ ਪਿੰਡ ਹਕੂਮਤ ਸਿੰਘ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਡਾਕਟਰੀ ਦੀ ਦੁਕਾਨ ਖੋਲ੍ਹ ਲਈ। ਡਾਕਟਰੀ ਦਾ ਕੰਮ ਵਧੀਆ ਚੱਲਿਆ ਹੋਇਆ ਸੀ। ਪੁਲਿਸ ਨੂੰ ਸ਼ੱਕ ਸੀ ਕਿ ਜੁਝਾਰੂ ਸਿੰਘ ਡਾ. ਸੁਖਦੇਵ ਸਿੰਘ ਕੋਲ ਦਵਾਈ-ਦਾਰੂ ਲੈਣ ਆਉਂਦੇ ਹਨ। ਫਿਰੋਜ਼ਪੁਰ ਪੁਲਿਸ ਨੇ ਫੜ੍ਹ ਕੇ 5 ਦਿਨ ਤਸ਼ੱਦਦ ਕੀਤਾ ਕਿ ਤੇਰੇ ਕੋਲ ਅੱਤਵਾਦੀ ਦਵਾਈ ਲੈਣ ਆਉਂਦੇ ਹਨ, ਉਨ੍ਹਾਂ ਨੂੰ ਪੁਲਿਸ ਕੋਲ ਫੜਾ। ਡਾ..ਸੁਖਦੇਵ ਸਿੰਘ ਦਾ ਕਹਿਣਾ ਸੀ ਕਿ ਜੇ ਕੋਈ ਦਵਾਈ ਲੈਣ ਮੇਰੇ ਕੋਲ ਆਉਂਦਾ ਹੈ, ਮੈਂ ਉਸ ਨੂੰ ਇਹ ਕਿਵੇਂ ਪੁੱਛ ਸਕਦਾ ਹਾਂ ਕਿ ਤੂੰ ਦੱਸ ਅੱਤਵਾਦੀ ਹੈਂ ਤੇ ਕਿਸ ਪਿੰਡ ਦਾ ਹੈਂ ? ਪਿਤਾ ਸ. ਮਹਿੰਦਰ ਸਿੰਘ ਤੇ ਪੰਚਾਇਤ ਨੇ ਪੈਰਵਾਈ ਕਰਕੇ ਫਿਰੋਜ਼ਪੁਰ ਪੁਲਿਸ ਦੀ ਹਿਰਾਸਤ ਵਿੱਚੋਂ ਛੁਡਾਇਆ। ਕੁਝ ਦਿਨ ਘਰ ਰਹਿ ਕੇ ਆਰਾਮ ਕੀਤਾ ਤੇ ਪਿੰਡ ਹਕੂਮਤ ਸਿੰਘ ਵਾਲਾ ਤੋਂ ਦੁਕਾਨ ਵਿੱਚੋਂ ਸਾਮਾਨ ਚੁੱਕ ਕੇ ਘਰ ਲੈ ਆਇਆ। ਪਰਿਵਾਰ ਨੇ ਪਿੰਡ ਸੰਗਤਪੁਰਾ ਵਿੱਚ ਦੁਕਾਨ ਖੋਲ੍ਹਣ ਲਈ ਕਿਹਾ ਤਾਂ ਡਾ. ਸੁਖਦੇਵ ਸਿੰਘ ਨੇ ਮਾਤਾ ਪਿਤਾ ਨੂੰ ਕਹਿ ਦਿੱਤਾ ਕਿ ਹੁਣ ਡਾਕਟਰੀ ਦੀ ਦੁਕਾਨ ਖੋਲ੍ਹਣ ਤੋਂ ਗੱਲ ਬਹੁਤ ਅੱਗੇ ਲੰਘ ਗਈ ਹੈ।

ਸੰਨ 1989 'ਚ ਜੁਝਾਰੂ ਲਹਿਰ ਪੂਰੀ ਚੜ੍ਹਤ ਵਿੱਚ ਸੀ। ਮਾਝੇ ਵਿੱਚ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਭਿੰਡਰਾਂਵਾਲਾ ਟਾਈਗਰ ਫੋਰਸ ਅਤੇ ਮਾਲਵੇ ਵਿੱਚ ਖਾੜਕੂ ਜਰਨੈਲ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੀ ਚੜ੍ਹਤ ਸੀ। ਭਾਈ ਗੁਰਜੰਟ ਸਿੰਘ ਆਪਣੇ ਚਾਰ ਹੋਰ ਸਾਥੀਆਂ ਸਮੇਤ ਪਿੰਡ ਸੰਗਤਪੁਰਾ ਡਾ. ਸੁਖਦੇਵ ਸਿੰਘ ਦੇ ਘਰ ਆਏ। ਰਾਤ ਸਿੰਘ ਪ੍ਰਸ਼ਾਦਾ-ਪਾਣੀ ਛਕ ਕੇ ਟਿਕ ਗਏ। ਕਿਹਾ ਜਾਂਦਾ ਹੈ ਕਿ ਖਾੜਕੂ ਜਰਨੈਲ ਜਥੇਦਾਰ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਨੂੰ ਜਿਹੜਾ ਸਿੰਘ ਉਸਦੀ ਨਜ਼ਰ ਵਿੱਚ ਸਿੱਖ ਸੰਘਰਸ਼ ਵਿੱਚ ਸਾਥ ਦੇਣ ਵਾਲਾ ਮਨ ਨੂੰ ਭਾਅ ਜਾਵੇ, ਉਹ ਉਸ ਦੇ ਘਰ ਜਾਂਦਾ ਤਾਂ ਅਪਣਤ ਨਾਲ ਇਸ ਤਰ੍ਹਾਂ ਗੱਲਬਾਤ ਕਰਦਾ ਕਿ ਉਹ ਸਿੰਘ ਘਰ-ਬਾਰ ਤਿਆਗ ਕੇ ਸਿੱਖ ਸੰਘਰਸ਼ ਵਿੱਚ ਜੂਝਣ ਲਈ ਤਿਆਰ ਹੋ ਜਾਂਦਾ ਸੀ। ਡਾ. ਸੁਖਦੇਵ ਸਿੰਘ ਨਾਲ ਵੀ ਇੰਜ ਹੀ ਹੋਇਆ। ਘਰ ਦੇ ਜੀਆਂ ਤੇ ਮਾਤਾ ਪਿਤਾ ਨੂੰ ਕਹਿੰਦਾ, ਮੈਂ ਸਿੰਘਾਂ ਨੂੰ ਤੋਰ ਆਵਾਂ। ਸਿੰਘਾਂ ਨੂੰ ਤੋਰਨ ਗਿਆ ਮੁੜ ਕੇ ਘਰ ਵਾਪਸ ਨਹੀਂ ਆਇਆ। ਜਿਸ ਦਿਨ ਡਾ. ਸੁਖਦੇਵ ਸਿੰਘ ਘਰੋਂ ਸਿੰਘਾਂ ਦੀ ਜਥੇਬੰਦੀ ਖਾਲਿਸਤਾਨ

ਲਿਬਰੇਸ਼ਨ ਫੋਰਸ ਦੇ ਖਾੜਕੂ ਜਰਨੈਲ ਜਥੇਦਾਰ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਨਾਲ ਪੱਕੇ ਤੌਰ 'ਤੇ ਜੁੜ ਗਿਆ, ਤਿੰਨ ਭਾਦਰੋਂ—18 ਅਗਸਤ 1989 ਦਾ ਦਿਨ ਸੀ। ਤਿੰਨ ਮਹੀਨੇ ਬਾਅਦ 'ਚ ਪੰਜ ਸਿੰਘ, ਡਾ. ਸੁਖਦੇਵ ਸਿੰਘ ਨੂੰ ਪਰਿਵਾਰ ਨੂੰ ਮਿਲਾਉਣ ਲਿਆਏ। ਮਾਤਾ ਨੂੰ ਕਹਿੰਦਾ—"ਬੀਬੀ, ਸਿੱਖ ਮਾਵਾਂ ਦੇ ਪੁੱਤ ਈ ਸਿੱਖ ਕੌਮ ਦੇ ਕੌਮੀ ਘਰ ਖਾਲਿਸਤਾਨ ਬਣਾਉਣ ਲਈ ਲੜ ਰਹੇ ਹਨ। ਵਾਹਿਗੁਰੂ ਉੱਤੇ ਭਰੋਸਾ ਰੱਖਣਾ, ਡੋਲਣਾ ਨਹੀਂ, ਤੈਨੂੰ ਉਲਾਂਭਾ ਨਹੀਂ ਦਿਵਾਉਂਦਾ। ਜਦੋਂ ਕੌਮੀ ਸੰਘਰਸ਼ ਲੜੇ ਜਾਂਦੇ ਹਨ, ਮੁਸੀਬਤਾਂ ਆਉਂਦੀਆਂ ਹੀ ਨੇ। ਮੁਸੀਬਤਾਂ ਨੂੰ ਖਿੜੇ ਮੱਥੇ ਝੱਲ ਕੇ ਹੀ ਆਜ਼ਾਦੀ ਮਿਲਦੀ ਹੈ ਤੇ ਮੌਤ ਦਾ ਭੈਅ ਨਹੀਂ ਰੱਖਣਾ। ਇਹ ਅਕਾਲ ਪੁਰਖ ਵੱਲੋਂ ਜਨਮ ਤੋਂ ਪਹਿਲਾਂ ਨਿਸਚਿਤ ਕਰ ਦਿੱਤੀ ਜਾਂਦੀ ਹੈ ਕਿ ਇਸ ਤਰ੍ਹਾਂ ਤੇ ਇਸ ਵਕਤ ਜੀਵ ਤੇਰਾ ਇਸ ਤਰ੍ਹਾਂ ਅੰਤ ਹੋਣਾ ਹੈ। ਫਿਰ ਗਿਲ੍ਹਾ ਕਿਸ 'ਤੇ ਕਰਨਾ। ਜੋ ਕੁਝ ਅਸੀਂ ਕਰ ਰਹੇ ਹਾਂ ਸਿੱਖ ਕੌਮ ਦੀ ਅਣਖ ਗੈਰਤ ਕਾਇਮ ਰੱਖਣ ਲਈ ਹੀ ਕਰ ਰਹੇ ਹਾਂ। ਸਿੱਖ ਕੌਮ ਦੇ ਉੱਜਲੇ ਭਵਿੱਖ ਲਈ ਨਿਮਾਣੇ ਸਿੱਖ ਵਜੋਂ ਆਪਣੇ ਫਰਜ਼ ਨਿਭਾ ਰਹੇ ਹਾਂ। ਮਾਤਾ ਜੀ, ਫਤਿਹ ਜਾਂ ਸ਼ਹਾਦਤ ਸਾਡਾ ਨਿਸ਼ਾਨਾ ਹੈ। ਚੜ੍ਹਦੀ ਕਲਾ ਦੀ ਅਰਦਾਸ ਕਰਿਆ ਕਰੋ। ਵਾਹਿਗੁਰੂ ਦਾ ਸਿਮਰਨ ਕਰਿਆ ਕਰੋ। ਵਾਹਿਗੁਰੂ ਸੱਚੇ ਪਾਤਸ਼ਾਹ ਦਾ ਨਾਮ ਹੀ ਜੀਵ ਨੂੰ ਡੋਲਣ ਤੋਂ ਬਚਾਉਂਦਾ ਹੈ।"

ਡਾ. ਸੁਖਦੇਵ ਸਿੰਘ ਦੇ ਕੇਸ ਕਟਾਉਣ ਦਾ ਜਦੋਂ ਮਾਤਾ ਜੀ ਨੂੰ ਪਤਾ ਲੱਗਾ ਤਾਂ ਮਨ ਬੜਾ ਦੁਖੀ ਹੋਇਆ। ਕਿਸੇ ਤੋਂ ਜਦੋਂ ਇਹ ਸੁਣਿਆ ਕਿ ਡਾ. ਸੁੱਖਾ ਭਾਊ ਨੇ ਕੇਸ ਕਟਾ ਲਏ ਹਨ ਮੈਂ ਆਪ ਦੇਖਿਆ। ਤਾਂ ਮਾਤਾ ਸਿੱਖੀ ਦੇ ਵੈਰਾਗ ਵਿੱਚ ਕਹਿਣ ਲੱਗੀ—"ਸੁੱਖੇ ਨੇ ਕੀ ਕਰ ਦਿੱਤਾ, ਸਾਨੂੰ ਸਿੱਖੀ ਦੇ ਲੜ ਲਾਉਣ ਵਾਲਾ, ਆਪ ਦਸਮੇਸ਼ ਪਿਤਾ ਦਾ ਪੁੱਤਰ ਬਣਿਆ ਸੀ, ਇਹਦੀ ਮੱਤ ਨੂੰ ਕੀ ਹੋ ਗਿਆ। ਜਿਨ੍ਹੇ ਸਿੱਖੀ ਸਰੂਪ ਤੋਂ ਬੇਮੁੱਖ ਹੋ ਕੇ ਗੁਰੂ ਦਸਮੇਸ਼ ਪਿਤਾ ਨੂੰ ਬੇਦਾਵਾ ਦੇ ਦਿੱਤਾ। ਚੰਗਾ ਹੁੰਦਾ, ਸੁੱਖੇ ਦੇ ਕੇਸ ਕਟਾਉਣ ਦੀ ਖਬਰ ਨਾਲੋਂ ਮੈਂ ਸੁੱਖੇ ਦੇ ਸ਼ਹੀਦ ਹੋਣ ਦੀ ਖਬਰ ਸੁਣ ਲੈਂਦੀ। ਮੈਂ ਦਸਮੇਸ਼ ਪਿਤਾ ਅੱਗੇ ਜੋਦੜੀ ਕਰਦੀ ਹਾਂ, ਅਰਦਾਸ ਕਰਦੀ ਹਾਂ ਕਿ ਹੇ ਸੱਚੇ ਪਾਤਸ਼ਾਹ! ਤੇਰਾ ਪੁੱਤਰ ਸਿੱਖੀ ਦੇ ਸਕੂਲ ਵਿੱਚੋਂ ਪੇਪਰ ਦੇ ਕੇ ਪਾਸ ਹੋਇਆ ਹੈ। ਆਪਣੇ ਪੁੱਤਰ ਨੂੰ ਗਲ ਨਾਲ ਲਾ ਲਵੀਂ। ਮੈਂ ਸਬਰ ਕਰ ਲੈਂਦੀ, ਮੈਂ ਹੰਝੂ ਨਾ ਕੇਰਦੀ। ਮੈਂ ਪੁੱਤਰ ਦੀ ਸ਼ਹਾਦਤ ਉੱਤੇ ਫਖਰ ਮਹਿਸੂਸ ਕਰਦੀ।" ਮਾਤਾ ਕਈ ਦਿਨ ਰੋਂਦੀ ਰਹੀ।

ਇਕ ਦਿਨ ਇਕ ਸਿੱਖ ਮੁੰਡੇ ਨੇ ਆ ਕੇ ਸੁਨੇਹਾ ਦਿੱਤਾ ਕਿ ਮਾਂ ਜੀ ਸੁੱਖਾ ਤੁਹਾਨੂੰ ਮਿਲਣਾ ਚਾਹੁੰਦਾ। ਮਾਤਾ ਕਹਿੰਦੀ—ਉਹ ਮੈਨੂੰ ਕਿਉਂ ਮਿਲਣਾ ਚਾਹੁੰਦਾ। ਮੁੰਡਾ ਕਹਿੰਦਾ—ਸੁੱਖੇ ਨੇ ਕੇਸ ਕਟਾ ਦਿੱਤੇ ਆ ਤੇ ਉਹ ਕਹਿੰਦਾ ਮਾਤਾ ਜੀ ਨੇ ਬੜੀਆਂ ਰੀਝਾਂ ਨਾਲ ਮੇਰੇ ਕੇਸ ਸੰਭਾਲੇ ਸਨ, ਮੈਨੂੰ ਬੜਾ ਦੁੱਖ ਆ, ਮੈਂ ਆਪਣੀ ਮਾਤਾ ਤੋਂ ਮਾਫੀ ਮੰਗਣੀ ਚਾਹੁੰਦਾ ਹਾਂ, ਨਹੀਂ ਤਾਂ ਮੈਨੂੰ ਦਸਵੇਂ ਪਾਤਸ਼ਾਹ ਨੇ ਵੀ ਨਹੀਂ ਬਖਸ਼ਣਾ। ਮਾਤਾ ਬੀੜ

ਬਾਬਾ ਬੁੱਝਾ ਸਾਹਿਬ ਦੇ ਗੁਰਦੁਆਰਾ ਸਾਹਿਬ ਪਹੁੰਚ ਗਈ। ਗੁਰਦੁਆਰਾ ਸਾਹਿਬ ਮੱਥਾ ਟੇਕ ਕੇ ਉਪਰਲੀ ਮੰਜ਼ਲ ਉੱਤੇ ਦਰਸ਼ਨ ਕਰਨ ਲਈ ਪੌੜੀਆਂ ਚੜ੍ਹ ਕੇ ਗਈ। ਸਿਰ 'ਤੇ ਸਾਫਾ ਬੰਨ੍ਹੀ ਸਿੱਧ ਪੱਧਰਾ ਜਿਹਾ ਗੱਭਰੂ ਜਿਸ ਨੇ ਦਾਹੜੀ ਵੀ ਕਟਾਈ ਹੋਈ ਸੀ, ਮਾਤਾ ਜੀ ਮੱਥਾ ਟੇਕਦਾਂ ਕਹਿ ਕੇ ਪੈਰਾਂ 'ਤੇ ਸਿਰ ਰੱਖ ਦਿੱਤਾ। ਜਦੋਂ ਉਹ ਸਿਰ ਉਤਾਂਹ ਚੁੱਕ ਕੇ ਮਾਤਾ ਦੇ ਗਲ ਲੱਗ ਕੇ ਮਿਲਿਆ ਤਾਂ ਮਾਤਾ ਪੁੱਤਰ ਦੇ ਮੂੰਹ ਵੱਲ ਵੇਖ ਕੇ ਕਹਿੰਦੀ—ਸੁੱਖੇ ਇਹ ਕੀ ਕੀਤਾ ? ਸਾਨੂੰ ਅੰਮ੍ਰਿਤ ਛਕਾ ਕੇ ਆਪ ਜਾਨ ਬਚਾਉਣ ਵਾਸਤੇ ਪੁਲਿਸ ਦੇ ਫੜ੍ਹੇ ਜਾਣ ਦੇ ਡਰ ਤੋਂ ਸਿੱਖੀ ਤੋਂ ਬੇਮੁੱਖ ਹੋ ਗਿਆਂ। ਸੁੱਖੇ ਇਤਿਹਾਸ ਨੂੰ ਭੁੱਲ ਗਿਐਂ। ਮਾਤਾ ਭਾਗ ਕੌਰ ਨੇ ਤਾਂ ਮਾਝੇ ਦੇ ਚਾਲੀ ਸਿੰਘ ਬੇਦਾਵਾ ਦੇਣ ਵਾਲਿਆਂ ਨੂੰ ਲਾਹਣਤਾਂ ਪਾਈਆਂ ਸਨ ਕਿ ਗੁਰੂ ਨੂੰ ਬੇਦਾਵਾ ਲਿਖ ਕੇ ਦੇਣ ਵਾਲਿਓ, ਹੱਥਾਂ ਵਿਚ ਚੂੜੀਆਂ ਪਾ ਲਵੋ, ਸਿਰ 'ਤੇ ਚੁੰਨੀਆਂ ਲੈ ਕੇ ਘਰ ਦੇ ਕੰਮ ਕਰੋ। ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਜਾ ਕੇ ਜੰਗਾਂ ਵਿੱਚ ਲੜਾਂਗੀਆਂ। ਸੁੱਖੇ ਤੇਰੀ ਮੱਤ ਮਾਰੀ ਗਈ, ਤੂੰ ਗੁਰੂ ਨੂੰ ਬੇਦਾਵਾ ਦੇ ਕੇ ਆਹ ਮੂੰਹ ਵਿਖਾਉਣ ਲਈ ਸੱਦਿਆ। ਮੈਨੂੰ ਆਖਦਾ ਹੁੰਦਾ ਸੀ ਮਾਂ ਤੈਨੂੰ ਉਲਾਂਭਾ ਨਹੀਂ ਦਿਵਾਉਂਦਾ। ਮਾਤਾ ਦਾ ਸਿੱਖੀ ਜਜ਼ਬਾ-ਪੁੱਤਰ ਮੋਹ ਤੋਂ ਉੱਚਾ ਹੋ ਗਿਆ। ਮਾਤਾ ਕਹਿੰਦੀ—ਸੁੱਖੇ, ਮੈਂ ਤੇਰੇ ਸ਼ਹੀਦ ਹੋਣ ਦੀ ਖਬਰ ਸੁਣ ਲੈਂਦੀ। ਮੈਂ ਸਬਰ ਕਰ ਲੈਂਦੀ। ਸੁੱਖਾ ਜਿਸ ਰਸਤੇ ਤੁਰਿਆ ਸੀ, ਉਸ ਦਾ ਅੰਤ ਸ਼ਹਾਦਤ 'ਤੇ ਈ ਹੋਣਾ ਸੀ। ਸੁੱਖਾ ਹੱਥ ਜੋੜ ਕੇ ਮਾਂ ਦੇ ਗਿਲੇ ਸੁਣੀ ਗਿਆ। ਮਾਂ ਨੇ ਕਮੀਜ਼ ਦੇ ਗਲੇਵੇਂ ਤੋਂ ਫੜ੍ਹ ਕੇ ਝੰਜੋੜਿਆ, ਵੇ ਹੁਣ ਮੂੰਹ ਉਤਾਂਹ ਕਰਕੇ ਕੁਝ ਬੋਲੇਂਗਾ ਵੀ ? ਸੁੱਖੇ ਦੇ ਹੱਥ ਜੁੜੇ ਹੋਏ ਸਨ, ਕਹਿੰਦਾ—ਮਾਂ ਮੇਰੀ ਗੱਲ ਸੁਣ, ਮੈਂ ਜਾਨ ਬਚਾਉਣ ਵਾਸਤੇ ਕੇਸ ਨਹੀਂ ਕਟਾਏ। ਸਾਡੇ ਜਥੇਦਾਰ ਦਾ ਹੁਕਮ ਆ (ਜ: ਗੁਰਜੰਟ ਸਿੰਘ ਬੁੱਧਸਿੰਘ ਵਾਲਾ) ਕਿ ਸਿੱਖੀ ਸਰੂਪ ਵਿੱਚ ਕੰਮ ਹੋਣ ਵਾਲਾ ਨਹੀਂ। ਇਸ ਲਈ ਮੈਂ ਕੇਸ ਕਟਾ ਦਿੱਤੇ ਹਨ। ਤੇਰੇ ਉਲਾਂਭੇ ਨਾਲੋਂ ਸਾਨੂੰ ਜਥੇਦਾਰ ਦਾ ਹੁਕਮ ਮੰਨਣਾ ਜ਼ਰੂਰੀ ਆ। ਮਾਂ ਤੇਰੇ ਤੋਂ ਮਾਫੀ ਮੰਗਦਾਂ, ਮੈਨੂੰ ਮਾਫ ਕਰ ਦੇ। ਮਾਤਾ ਨੇ ਸਿਰ 'ਤੇ ਪਿਆਰ ਦਿੱਤਾ, ਪੁੱਤਰ ਨੂੰ ਗਲ ਨਾਲ ਲਾ ਲਿਆ। ਸੰਗਤ 'ਚੋਂ ਕੋਈ ਵਿਰਲਾ ਹੀ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਦੀ ਉਪਰਲੀ ਮੰਜ਼ਿਲ 'ਤੇ ਦਰਸ਼ਨ ਕਰਨ ਲਈ ਜਾਂਦਾ ਹੈ। ਮਾਂ-ਪੁੱਤਰ ਵਾਹਵਾ ਚਿਰ ਗੱਲਾਂ ਕਰਦੇ ਰਹੇ। ਮਾਤਾ ਜੀ ਨੂੰ ਮੱਥਾ ਟੇਕ ਕੇ ਪਿਆਰ ਲੈ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ, ਮਾਤਾ ਜੀ ਵੀ ਮੱਥਾ ਟੇਕ ਕੇ ਗੁਰਦੁਆਰਾ ਸਾਹਿਬ ਤੋਂ ਹੇਠਾਂ ਬਾਹਰ ਆ ਗਏ। ਪੁੱਤਰ ਆਪਣੇ ਅਣਦੱਸੇ ਰਾਹ ਨੂੰ ਚਲਾ ਗਿਆ। ਮਾਤਾ ਦੀ ਝਬਾਲ ਪਿੰਡ ਵਿੱਚ ਰਿਸ਼ਤੇਦਾਰੀ ਸੀ, ਉਥੇ ਚਲੀ ਗਈ।

ਜੁਝਾਰੂ ਜਰਨੈਲ ਗੁਰਜੰਟ ਸਿੰਘ ਬੁੱਧਸਿੰਘਵਾਲਾ ਦੀ ਕਮਾਂਡ ਹੇਠ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਜੁਝਾਰੂ ਸਿੰਘਾਂ ਵੱਲੋਂ 9 ਸਤੰਬਰ 1991 ਨੂੰ ਜਨਰਲ ਅਰੁਨ ਕੁਮਾਰ ਵੈਦਿਆ ਦੇ ਕਤਲ ਦੇ ਕੇਸ ਵਿੱਚ ਪੂਨੇ ਦੀ ਯਰਵੇੜਾ ਜੇਲ੍ਹ ਵਿੱਚ ਬੰਦ ਭਾਈ ਹਰਜਿੰਦਰ

ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਨਿਰਮਲ ਸਿੰਘ ਨਿੰਮਾ ਦੀ ਰਿਹਾਈ ਲਈ, ਰੋਮਾਨੀਆਂ ਦੇ ਰਾਜਦੂਤ ਰਿਵਿਊ ਰਾਦੂ ਨੂੰ 6 ਸਿੰਘਾਂ ਵੱਲੋਂ ਦਿੱਲੀ ਦੇ ਉਸ ਦੇ ਘਰ ਤੋਂ ਦਫਤਰ ਜਾਂਦੇ ਨੂੰ ਉਸ ਦੀ ਕਾਰ ਰੋਕ ਕੇ ਉਸ ਦੀ ਕਾਰ ਵਿੱਚ ਹੀ ਅਗਵਾ ਕਰ ਲਿਆ ਗਿਆ ਸੀ ਤੇ ਉਸਦੀ ਕਾਰ ਅੱਗੇ ਜਾ ਕੇ ਛੱਡ ਦਿੱਤੀ ਤੇ ਰਾਦੂ ਨੂੰ ਸਿੰਘ ਆਪਣੇ ਕਬਜ਼ੇ ਵਾਲੀ ਅਣਦੱਸੀ ਥਾਂ 'ਤੇ ਲੈ ਗਏ। ਖਾਲਿਸਤਾਨ ਲਿਬਰੇਸ਼ਨ ਫੋਰਸ ਵੱਲੋਂ ਰਾਦੂ ਅਗਵਾ ਕਾਂਡ ਦੀ ਜ਼ਿੰਮੇਵਾਰੀ ਲੈਣ ਤੇ ਵੈਦਿਆ ਕਾਂਡ ਦੇ ਦੋਸ਼ੀ ਐਲਾਨੇ ਗਏ ਭਾਈ ਜਿੰਦਾ, ਸੁੱਖਾ, ਨਿੰਮਾ ਦੀ ਰਿਹਾਈ ਦੀ ਮੰਗ ਕੀਤੀ ਗਈ। ਰੋਮਾਨੀਆਂ ਦੇ ਰਾਜਦੂਤ ਰਾਦੂ ਦਾ ਭਾਰਤ ਦੀ ਰਾਜਧਾਨੀ ਵਿੱਚੋਂ ਅਗਵਾ ਹੋ ਜਾਣਾ, ਭਾਰਤ ਸਰਕਾਰ ਵਾਸਤੇ ਬੜੀ ਨਮੋਸ਼ੀ ਵਾਲੀ ਗੱਲ ਤਾਂ ਹੈ ਈ ਸੀ, ਉਥੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਇਸ ਧੜੱਲੇਦਾਰ ਐਕਸ਼ਨ ਨਾਲ ਸਿੱਖ ਸੰਘਰਸ਼ ਦੀ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਹੋਣੀ ਸੁਭਾਵਿਕ ਹੀ ਸੀ। ਸਿੰਘਾਂ ਵੱਲੋਂ ਰਾਜਦੂਤ ਰਾਦੂ ਨੂੰ ਅਗਵਾ ਕਰਕੇ ਗੁਪਤ ਥਾਂ 'ਤੇ ਰੱਖਿਆ ਗਿਆ। ਉਸ ਨੂੰ ਸੋਫੇ 'ਤੇ ਬਿਠਾ ਕੇ ਨਾਲ ਹੀ ਹਥਿਆਰਬੰਦ ਸਿੰਘ ਪੂਰੀ ਤਰ੍ਹਾਂ ਚਿਹਰੇ ਢੱਕੇ ਹੋਏ, ਕਾਲੇ ਚਸ਼ਮੇ ਲਗਾਈ ਦੋਵਾਂ ਹੱਥਾਂ ਵਿੱਚ ਏ.ਕੇ. 56 ਵਰਗੀਆਂ ਅਸਾਲਟ ਰਾਈਫਲਾਂ ਨਾਲ ਲੈਸ ਅਤੇ ਕੋਲ ਹੋਰ ਹਥਿਆਰਾਂ ਦਾ ਪ੍ਰਦਰਸ਼ਨ ਕਰਦਿਆਂ ਸਿੰਘਾਂ ਨੇ ਅਖਬਾਰਾਂ ਵਿਚ ਤਸਵੀਰ ਭੇਜੀ ਗਈ ਜੋ ਸਾਰੇ ਹੀ ਅਖਬਾਰਾਂ ਨੇ ਮੁੱਖ ਸਫੇ 'ਤੇ ਛਾਪੀ ਤੇ ਹੋਰ ਵੇਰਵੇ ਵੀ ਲਿਖੇ ਸਨ। ਜਦ ਸਿੰਘ ਰਾਦੂ ਨਾਲ ਹਥਿਆਰਬੰਦ ਤਸਵੀਰ ਵਿੱਚ ਨਜ਼ਰ ਆ ਰਹੇ ਸਨ, ਕਿਹਾ ਜਾਂਦਾ ਹੈ ਕਿ ਉਨ੍ਹਾਂ ਸਿੰਘਾਂ ਵਿੱਚ ਰਾਦੂ ਦੇ ਇਕ ਪਾਸੇ ਭਾਈ ਹਰੀ ਸਿੰਘ ਖਾਲਸਾ ਤੇ ਇਕ ਪਾਸੇ ਡਾ. ਸੁਖਦੇਵ ਸਿੰਘ ਸੁੱਖਾ ਸੰਗਤਪੁਰਾ ਵਾਲਾ ਬੈਠੇ ਨਜ਼ਰ ਆ ਰਹੇ ਹਨ। ਰਾਜਦੂਤ ਰਿਵਿਊ ਰਾਦੂ ਅਗਵਾ ਕਾਂਡ ਤੋਂ ਦੂਜੇ ਦਿਨ ਡਾ. ਸੁਖਦੇਵ ਸਿੰਘ ਦੇ ਛੋਟੇ ਭਰਾ ਬਲਦੇਵ ਸਿੰਘ ਨੂੰ ਪੰਜਾਬ ਪੁਲਿਸ ਫੜ੍ਹ ਕੇ ਲੈ ਗਈ ਤੇ ਰਿਸ਼ਤੇਦਾਰੀਆਂ ਵਿੱਚ ਛਾਪੇ ਮਾਰਨ ਲਈ ਉਸ ਨੂੰ ਨਾਲ ਲੈ ਕੇ ਪੁਲਿਸ ਨੇ ਸਾਰੀਆਂ ਰਿਸ਼ਤੇਦਾਰੀਆਂ ਭੂਆ, ਮਾਸੀਆਂ, ਮਾਮੇ, ਚਾਚੇ, ਤਾਏ ਚੁੱਕ ਲਏ। ਮਾਤਾ, ਪਿਤਾ, ਭਰਾ ਸਾਰੇ ਹੀ ਚੁੱਕ ਕੇ ਥਾਣਿਆਂ ਵਿੱਚ ਬੰਦ ਕਰ ਦਿੱਤੇ। ਜਿੰਨਾ ਚਿਰ ਸਿੰਘਾਂ ਨੇ ਰਾਦੂ ਨੂੰ ਨਾ ਛੱਡਿਆ ਓਨਾ ਚਿਰ ਪਰਿਵਾਰ ਤੇ ਰਿਸ਼ਤੇਦਾਰ ਹਿਰਾਸਤ ਵਿੱਚ ਰਹੇ। ਸਿੰਘਾਂ ਵਲੋਂ ਰਾਦੂ ਨੂੰ ਲੰਬਾ ਸਮਾਂ ਆਪਣੇ ਕੋਲ ਰੱਖਣ ਤੋਂ ਬਾਅਦ ਸੁਰੱਖਿਅਤ ਉਸ ਦੇ ਘਰ ਦਿੱਲੀ ਪਹੁੰਚਾ ਦਿੱਤਾ ਗਿਆ ਤਾਂ ਡਾ. ਸੁਖਦੇਵ ਸਿੰਘ ਸੰਗਤਪੁਰਾ ਦੇ ਪਰਿਵਾਰ ਨੂੰ ਛੱਡਿਆ ਗਿਆ। ਸਿੰਘਾਂ ਨੇ ਰਾਦੂ ਨੂੰ ਆਪਣੇ ਕੋਲ ਫੁੱਲਾਂ ਵਾਂਗ ਰੱਖਿਆ। ਉਸ ਨੇ ਘਰ ਪਹੁੰਚਣ 'ਤੇ ਪ੍ਰੈਸ ਕਾਨਫਰੰਸ ਵਿੱਚ ਕਿਹਾ ਸੀ—ਸਰਕਾਰ ਜੋ ਮਰਜ਼ੀ ਕਹੇ ਪਰ ਮੈਂ ਉਨ੍ਹਾਂ (ਅਗਵਾਕਾਰਾਂ) ਨੂੰ ਅੱਤਵਾਦੀ ਨਹੀਂ ਮੰਨਦਾ। ਉਨ੍ਹਾਂ ਮੇਰੀ ਹਿਫਾਜ਼ਤ ਅਤੇ ਸੇਵਾ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਉਹ ਆਪਣਾ ਕੌਮੀ ਸੰਘਰਸ਼ ਬੜੀ ਸੂਝ-ਬੂਝ ਨਾਲ ਲੜ ਰਹੇ ਹਨ। ਉਨ੍ਹਾਂ ਨੂੰ ਅੱਤਵਾਦੀ ਕਹਿ ਕੇ ਭੰਡਣਾ ਸਿਆਣਪ ਨਹੀਂ

ਹੈ।

29 ਜੁਲਾਈ 1992 ਨੂੰ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਜੁਝਾਰੂ ਜਰਨੈਲ ਗੁਰਜੰਟ ਸਿੰਘ ਬੁੱਧਸਿੰਘਵਾਲਾ ਦੀ ਪੁਲਿਸ ਨਾਲ ਕਥਿਤ ਮੁਕਾਬਲੇ ਵਿੱਚ ਸ਼ਹਾਦਤ ਹੋ ਗਈ। ਜਰਨੈਲ ਦੀ ਸ਼ਹਾਦਤ ਦੀ ਖਬਰ ਕੀ ਸੀ, ਸਿੱਖ ਕੌਮ ਦੇ ਦਿਲਾਂ 'ਚੋਂ ਰੁੱਗ ਭਰ ਕੇ ਲੈ ਗਈ। ਸਿੱਖਾਂ ਦੇ ਹੱਥਾਂ ਵਿਚੋਂ ਬੁਰਕੀਆਂ ਡਿੱਗ ਪਈਆਂ। ਪੰਜਾਬ ਪੁਲਿਸ ਤੇ ਪੰਜਾਬ ਸਰਕਾਰ ਨੂੰ ਖਤਰਾ ਸੀ ਕਿ ਖਾੜਕੂ ਜਰਨੈਲ ਦੀ ਸ਼ਹਾਦਤ ਤੋਂ ਰੋਹ ਵਿੱਚ ਆ ਕੇ ਡਾ. ਸੁਖਦੇਵ ਸਿੰਘ ਸੰਗਤਪੁਰਾ ਵਰਗੇ ਖਾੜਕੂ ਬਦਲੇ ਵਜੋਂ ਕੋਈ ਵੱਡੀ ਕਾਰਵਾਈ ਕਰਨਗੇ। ਇਸ ਬੁਖਲਾਹਟ ਵਿੱਚ ਪੰਜਾਬ ਪੁਲਿਸ ਨੇ ਲਿਬਰੇਸ਼ਨ ਫੋਰਸ ਦੇ ਹੋਰ ਚੋਟੀ ਦੇ ਜੁਝਾਰੂਆਂ ਅਤੇ ਡਾ. ਸੁਖਦੇਵ ਸਿੰਘ ਸੰਗਤਪੁਰਾ ਦੇ ਪਰਿਵਾਰ ਨੂੰ ਚੁੱਕਣ ਲਈ ਪੰਜਾਬ ਪੁਲਿਸ ਨੇ ਛਾਪਾ ਮਾਰਿਆ ਤੇ ਮਾਤਾ ਸੁਰਜੀਤ ਕੌਰ ਤੇ ਪਿਤਾ ਬਾਪੂ ਮਹਿੰਦਰ ਸਿੰਘ ਨੂੰ ਪੁਲਿਸ ਫੜ ਕੇ ਲੈ ਗਈ। ਭਰਾ ਅੱਗੇ ਪਿੱਛੇ ਹੋ ਕੇ ਦਿਨ ਕਟੀ ਕਰਨ ਲੱਗੇ। ਬਾਪੂ ਮਹਿੰਦਰ ਸਿੰਘ ਨੂੰ ਬਾਘਾ ਪੁਰਾਣਾ ਥਾਣੇ ਵਿੱਚ ਰੱਖਿਆ। ਮਾਤਾ ਸੁਰਜੀਤ ਕੌਰ ਨੂੰ ਪੁਲਿਸ ਵੱਲੋਂ ਪਿੰਡ ਚੌਅ ਦੀ ਪੁਲਿਸ ਚੌਂਕੀ ਵਿੱਚ ਰੱਖਿਆ ਗਿਆ। ਇਸ ਸਮੇਂ ਪੰਜਾਬ ਸਰਕਾਰ ਦੇ ਸੂਬੇਦਾਰ ਬੇਅੰਤੇ ਤੇ ਕੇ.ਪੀ.ਗਿੱਲ ਦੋ ਬੁੱਚੜਾਂ ਦੀ ਜੋੜੀ ਨੇ ਸਿੱਖ ਜਵਾਨੀ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਨ ਦੀ ਵਾਢੀ ਪਾਈ ਹੋਈ ਸੀ ਤੇ ਜੁਝਾਰੂ ਸਿੰਘਾਂ ਦੇ ਪਰਿਵਾਰ ਵੀ ਕਤਲ ਕੀਤੇ ਜਾ ਰਹੇ ਸਨ ਕਿ ਸਿੱਖਾਂ ਵਿੱਚ ਇਸ ਕਦਰ ਦਹਿਸ਼ਤ ਪਾ ਦਿੱਤੀ ਜਾਵੇ ਕਿ ਕੋਈ ਸਿੱਖ ਨੌਜਵਾਨ ਸਿੱਖ ਸੰਘਰਸ਼ ਵਿੱਚ ਜੂਝਣ ਦੀ ਹਿੰਮਤ ਨਾ ਕਰ ਸਕੇ।

ਪਿੰਡ ਚੌਅ ਦੀ ਪੁਲਿਸ ਚੌਂਕੀ ਵਿੱਚੋਂ ਮਾਤਾ ਸੁਰਜੀਤ ਕੌਰ ਦੇ ਭੱਜਣ ਦੀ ਕਹਾਣੀ ਮਾਤਾ ਜੀ ਦੀ ਆਪਣੀ ਜ਼ੁਬਾਨੀ

ਮੈਨੂੰ ਪੰਜਾਬ ਪੁਲਿਸ ਵਾਲੇ 31 ਜੁਲਾਈ ਨੂੰ ਫੜ ਕੇ ਲੈ ਗਏ। ਪਿੰਡ ਚੌਅ ਦੇ ਖੇਤਾਂ ਵਿੱਚ ਕੋਠੀ ਸੀ, ਜਿਥੇ ਪੁਲਿਸ ਦਾ ਕਬਜ਼ਾ ਸੀ। ਕੋਠੀ ਚੰਗੀ ਵੱਡੀ ਦੋ ਮੰਜ਼ਲੀ ਸੀ। ਪੁਲਿਸ ਵਾਲਿਆਂ ਨੇ ਮੈਨੂੰ ਦੂਜੀ ਮੰਜ਼ਿਲ 'ਤੇ ਲਿਜਾ ਕੇ ਬਿਠਾ ਦਿੱਤਾ। ਪੰਜਾਬ ਪੁਲਿਸ ਦਾ ਮੁੰਡਾ ਸਿੱਖ ਸਿਪਾਹੀ ਸੀ, ਉਸਦੀ ਰੋਟੀ ਪਾਣੀ ਖਵਾਉਣ ਦੀ ਡਿਊਟੀ ਲਾ ਦਿੱਤੀ। ਜਦੋਂ ਕਿਸੇ ਖਾੜਕੂ ਸਿੰਘ ਦੇ ਪੁਲਿਸ ਹੱਥੋਂ ਮਾਰੇ ਜਾਣ ਦੀ ਖਬਰ ਵਾਇਰਲੈਸ 'ਤੇ ਆਉਂਦੀ ਤਾਂ ਪੁਲਿਸ ਵਾਲੇ ਇਕ ਦੂਜੇ ਨੂੰ ਦੱਸ ਕੇ ਬੜੇ ਖੁਸ਼ ਹੁੰਦੇ ਸਨ। ਮੈਨੂੰ ਉਨ੍ਹਾਂ ਦੀ ਖੁਸ਼ੀ 'ਤੇ ਬੜਾ ਗੁੱਸਾ ਆਉਂਦਾ ਤੇ ਮੈਂ ਇਕ ਵਾਰੀ ਬੜੇ ਗਿਲੇ ਨਾਲ ਕਿਹਾ ਕਿ ਪੁਲਿਸ ਵਾਲਿਓ! ਇੰਨੀ ਖੁਸ਼ੀ ਮਨਾਉਂਦੇ ਜੇ, ਇਹ ਵੀ ਤੁਹਾਡੇ ਸਿੱਖ ਭਰਾ ਹਨ ਜੇ ਤੁਹਾਨੂੰ ਨੌਕਰੀ ਨਾ ਮਿਲੀ ਹੁੰਦੀ, ਹੋ ਸਕਦਾ ਸੀ ਤੁਸੀਂ ਵੀ ਇਨ੍ਹਾਂ ਦੇ ਨਾਲ ਸ਼ਾਮਲ ਹੁੰਦੇ। ਪੁਲਿਸ ਵਾਲੇ ਕਹਿੰਦੇ—ਮਾਤਾ, ਪੁਲਿਸ ਦਾ ਮਹਿਕਮਾ ਹੀ ਐਸਾ ਹੈ। ਇਥੇ ਇੰਨਾ ਸੋਚਣ ਵੀ ਨਹੀਂ ਦਿੱਤਾ ਜਾਂਦਾ ਜੇ ਸੋਚੀਏ ਤਾਂ ਖਾੜਕੂ ਸਾਡੇ ਈ ਭਰਾ ਹਨ। ਵਾਹਿਗੁਰੂ ਨੇ ਸਾਡੀ ਡਿਊਟੀ ਇਧਰ ਲਾਈ ਆ। ਸਿੰਘਾਂ ਦੀ ਵਾਹਿਗੁਰੂ ਨੇ ਡਿਊਟੀ ਉਧਰ ਲਾ ਦਿੱਤੀ। ਉਹ ਇੰਨੀ ਗੱਲ ਕਰਕੇ ਚੁੱਪ ਹੋ ਗਏ, ਫਿਰ ਮੇਰੇ ਹੁੰਦਿਆਂ ਕਿਸੇ ਨੇ ਉੱਚੀ ਸਾਹ ਨਹੀਂ ਲਿਆ। ਪਤਾ ਨਹੀਂ ਉਹ ਇਸ ਗੱਲ ਦੀ ਸ਼ਰਮ ਮੰਨ ਗਏ। ਮੈਂ ਚਾਰ ਦਿਨ ਉਸ ਚੌਂਕੀ ਵਿੱਚ ਰਹੀ। ਰੱਖੜ ਪੁੰਨਿਆਂ ਸਾਵਣ ਮਹੀਨੇ ਦਾ ਦਿਨ ਸੀ। ਸੂਰਜ ਛਿਪਣ ਵਾਲਾ ਸੀ। ਪੁਲਿਸ ਚੌਂਕੀ ਖੇਤਾਂ ਵਿੱਚ ਹੋਣ ਕਰਕੇ ਦੂਰ ਤੱਕ ਨਰਮੇ ਦੀ ਫਸਲ ਬੰਦੇ ਦੇ ਸਿਰ ਜਿੰਨੀ ਉੱਚੀ ਖੜੀ ਸੀ। ਕੋਈ ਸਿੰਘ ਸ਼ਹੀਦ ਹੋਇਆ, ਵਾਇਰਲੈਸ 'ਤੇ ਉਸਦੀ ਖਬਰ ਆ ਰਹੀ ਸੀ। ਸਾਰੇ ਪੁਲਿਸ ਵਾਲੇ ਵਾਇਰਲੈਸ ਵਾਲੇ ਕਮਰੇ ਵਿੱਚ ਇਕੱਠੇ ਹੋਏ ਸਨ। ਪੁਲਿਸ ਦੀ ਡਿਊਟੀ ਇਸ ਸਮੇਂ ਬਦਲਦੀ ਸੀ। ਜਿਸ ਪੁਲਿਸ ਵਾਲੇ ਦੀ ਡਿਊਟੀ ਮੇਰੇ 'ਤੇ ਨਿਗਰਾਨੀ ਰੱਖਣ 'ਤੇ ਸੀ, ਉਹ ਹੇਠਾਂ ਚਲਾ ਗਿਆ, ਦੂਜੇ ਨੇ 10 ਮਿੰਟ ਠਹਿਰ ਕੇ ਆਉਣਾ ਸੀ। ਮੈਂ ਬਾਥਰੂਮ ਜਾਣ ਦੇ ਬਹਾਨੇ ਹੇਠਾਂ ਆ ਗਈ, ਪੁਲਿਸ ਵਾਲਿਆਂ ਨੇ ਮੈਨੂੰ ਬਾਥਰੂਮ 'ਚ ਵੜ੍ਹਦੀ ਨੂੰ ਵੇਖ ਲਿਆ ਸੀ। ਜਦੋਂ ਮੈਂ ਬਾਥਰੂਮ ਵਿੱਚੋਂ ਬਾਹਰ ਨਿਕਲ ਕੇ ਵੇਖਿਆ ਤਾਂ ਸਾਹਮਣੇ ਕੋਈ ਨਹੀਂ ਸੀ ਵੇਖਦਾ। ਮੈਂ ਦਲੇਰੀ ਕੀਤੀ ਕਿ ਮਨਾਂ ਅੱਠ

ਫੁੱਟ ਉੱਚੀ ਕੰਧ ਆ। ਹੇਠਾਂ ਚਾਰ ਫੁੱਟ 9 ਇੰਚੀ ਸੀ ਤੇ ਉੱਪਰ ਚਾਰ ਫੁਟ ਚਾਰ ਇੰਚੀ ਚੌੜੀ ਕੰਧ ਸੀ। ਚਾਰ ਫੁੱਟ ਵਾਲੀ 9 ਇੰਚੀ ਕੰਧ ਦਾ 4 ਇੰਚੀ ਦੀ ਥਾਂ ਪੈਰ ਰੱਖ ਕੇ ਕੰਧ ਉੱਪਰ ਚੜ੍ਹਨ ਲਈ ਮਦਦ ਕੰਮ ਕਰਦੀ ਸੀ। ਮੈਂ ਰਾਣੀ ਜਿੰਦਾਂ ਦਾ ਇਤਿਹਾਸ ਪੜ੍ਹਿਆ ਸੀ ਕਿ ਉਹ ਕਿਵੇਂ ਆਪਣੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਮਿਲਣ ਦੀ ਦਿਲ ਵਿੱਚ ਤਾਂਘ ਲੈ ਕੇ ਅੰਗਰੇਜ਼ਾਂ ਦੀ ਕੈਦ ਵਿੱਚੋਂ ਨਿਕਲ ਗਈ ਸੀ। ਮੇਰੇ ਮਨ ਵਿੱਚ ਸੀ ਚੱਲ ਮਨਾਂ ਹਿੰਮਤ ਕਰ, ਬਹਾਦਰ ਸੁਖਦੇਵ ਸਿੰਘ ਦੀ ਮਾਂ! ਚੜ੍ਹ ਜਾ ਕੰਧ 'ਤੇ ਮਾਰ ਕੇ ਛਾਲ, ਨਿਕਲ ਜਾ। ਸੱਚੇ ਪਾਤਸ਼ਾਹ ਵਾਹਿਗੁਰੂ ਨੂੰ ਯਾਦ ਕੀਤਾ, ਸੱਚੇ ਪਾਤਸ਼ਾਹ ਜੋ ਹੋਣਾ ਤੇਰੇ ਹੁਕਮ ਵਿੱਚ ਈ ਹੋਣਾ, ਅੰਗ ਸੰਗ ਸਹਾਈ ਹੋ, ਆਪਣੀ ਧੀ ਦੀ ਮਦਦ ਕਰ, ਤੂੰ ਹੀ ਦੁਸ਼ਮਣ ਦੀ ਕੈਦ ਵਿੱਚੋਂ ਕੱਢਣਾ। ਮੇਰੀ ਰੱਖਿਆ ਕਰਨੀ। ਮੈਂ ਕੰਧ 'ਤੇ ਚੜ੍ਹ ਕੇ ਪੁਲਿਸ ਚੌਂਕੀ (ਕੋਠੀ) 'ਚੋਂ ਬਾਹਰ ਛਾਲ ਮਾਰ ਦਿੱਤੀ ਤੇ ਨਿਕਲ ਗਈ। ਅੱਗੇ ਨਰਮੇ ਦੀ ਫਸਲ ਸੀ ਤੇ ਅੱਗੇ ਸੂਆ ਸੀ, ਜਿਸ ਵਿੱਚ ਪਾਣੀ ਵਗ ਰਿਹਾ ਸੀ, ਉਹ ਟੱਪ ਨਹੀਂ ਸੀ ਸਕਦੀ। ਚੌਕੀ ਤੋਂ ਤਿੰਨ ਕਿੱਲੇ ਦੂਰ ਨਰਮੇ ਵਿੱਚ ਬੈਠੀ ਰਹੀ। ਪੁਲਿਸ ਨੇ ਮੇਰੀ ਭਾਲ ਕਰਨੀ ਸ਼ੁਰੂ ਕੀਤੀ ਤੇ ਆਪਸ ਵਿੱਚ ਹੀ ਲੜੀ ਜਾਣ। ਕੋਈ ਕਹਿੰਦਾ ਸੀ— ਸਾਲਿਆ ਐਸ.ਐਸ.ਪੀ. ਸਾਹਿਬ ਨੂੰ ਕੀ ਜਵਾਬ ਦੇਵੋਗੇ। ਦੂਜਾ ਕਹਿ ਰਿਹਾ ਸੀ— ਤੁਹਾਡੇ ਜੀਜੇ ਨੂੰ ਜਦੋਂ ਪਤਾ ਲੱਗਾ, ਉਹਨੇ ਆਖਣਾ ਮੇਰੀ ਮਾਂ ਪੁਲਿਸ ਨੇ ਮਾਰ ਦਿੱਤੀ, ਉਹ ਪਤਾ ਨਹੀਂ ਕੀ ਤੂਫਾਨ ਲਿਆਊ, ਪੰਜਾਬ 'ਚ। ਭੈਣ ਦੇਣਿਓ ਲੱਭੋ ਮਾਂ ਨੂੰ। ਮੈਨੂੰ ਉਨ੍ਹਾਂ ਦੀਆਂ ਗਾਲ੍ਹਾਂ ਸੁਣਦੀਆਂ ਸਨ। ਪੁਲਿਸ ਵਾਲਿਆਂ ਨੇ ਪਿੰਡ ਚੌਅ ਦੇ ਗੁਰਦੁਆਰੇ ਤੋਂ ਅਨਾਊਂਸਮੈਂਟ/ਬੇਨਤੀ ਕਰਵਾਈ ਕਿ ਪੁਲਿਸ ਚੌਂਕੀ ਵਿੱਚੋਂ ਪੁਲਿਸ ਦੀ ਹਿਰਾਸਤ ਵਿੱਚੋਂ ਖਤਰਨਾਕ ਅੱਤਵਾਦੀ ਡਾ. ਸੁਖਦੇਵ ਸਿੰਘ ਸੁੱਖਾ ਭਾਊ ਸੰਗਤਪੁਰਾ ਵਾਲੇ ਦੀ ਮਾਤਾ ਦੌੜ ਗਈ ਹੈ। ਜੇ ਕੋਈ ਕਿਸੇ ਸ਼ੱਕੀ ਔਰਤ ਨੂੰ ਵੇਖੇ ਤਾਂ ਤੁਰੰਤ ਪੁਲਿਸ ਨੂੰ ਇਤਲਾਹ ਦੇਵੇ। ਪੁਲਿਸ ਉਸਨੂੰ ਇਨਾਮ ਦੇਵੇਗੀ। ਸੂਏ ਦੀ ਪੱਟੜੀ 'ਤੇ ਮੈਨੂੰ ਇੱਕ ਆਦਮੀ ਨੇ ਵੇਖ ਲਿਆ ਸੀ ਤੇ ਉਸ ਨੇ ਜਾ ਕੇ ਪੁਲਿਸ ਨੂੰ ਦੱਸ ਦਿੱਤਾ। ਪੁਲਿਸ ਨੇ ਦੋ ਫਾਇਰ ਕੀਤੇ। ਮੈਂ ਬੈਠੀ ਰਹੀ। ਪੁਲਿਸ ਵਾਲੇ ਲੱਭ ਕੇ ਮੁੜ ਗਏ ਪਰ ਮੈਨੂੰ ਲੱਭ ਨਾ ਸਕੇ।

ਮੈਂ ਰਾਤ ਪੈਲੀਆਂ ਵਿੱਚ ਹੀ ਤੁਰਦੀ ਗਈ। ਅੱਠ ਕਿਲੋਮੀਟਰ ਤੁਰ ਕੇ ਪਿੰਡ ਝੋਕ ਪਹੁੰਚ ਗਈ। ਇਕ ਘਰੋਂ ਚਾਹ ਪੀਤੀ ਤੇ ਅੱਗੇ ਤੁਰ ਪਈ। ਤੜ੍ਹਕੇ ਅੰਮ੍ਰਿਤ ਵੇਲੇ 4 ਵਜੇ ਤੱਕ ਤੁਰਦੀ ਗਈ, ਅੱਗੇ ਮੋਟਰ 'ਤੇ (ਬੰਬੀ) ਇਕ ਮੁੰਡਾ ਪਾਣੀ ਲਾ ਰਿਹਾ ਸੀ। ਉਸਨੇ ਮੈਨੂੰ ਪੁੱਛਿਆ, ਮਾਤਾ ਤੂੰ ਇਸ ਵੇਲੇ ਕਿਵੇਂ ? ਰਾਹੋਂ ਕੁਰਾਹੇ ਪਈ ਫਿਰਦੀ ਏਂ। ਮੈਂ ਕਿਹਾ ਪੁੱਤ, ਮੇਰਾ ਦਿਮਾਗ ਚੱਕਰ ਖਾ ਗਿਆ, ਸਮਝ ਨਹੀਂ ਆਉਂਦੀ। ਮੈਂ ਤਪੇ ਪਿੰਡ ਜਾਣਾ। ਉਸ ਮੁੰਡੇ ਨੇ ਮੈਨੂੰ ਚਾਹ ਬਣਾ ਕੇ ਪਿਆਈ। ਮੁੰਡਾ ਬੜਾ ਸਾਊ ਸੁਭਾਅ

ਦਾ ਸੀ। ਉਸ ਨੇ ਮੈਨੂੰ ਤਪੇ ਦੇ ਰਾਹ ਪਾ ਦਿੱਤਾ। ਮੇਰੇ ਰਾਤ ਤੁਰ-ਤੁਰ ਕੇ ਮਿੱਟੀ ਤੇ ਤਰੇਲ ਨਾਲ ਕੱਪੜੇ ਭਿੱਜ ਕੇ ਖਰਾਬ ਹੋ ਗਏ ਸਨ। ਪੁਲਿਸ ਮੇਰੀ ਭਾਲ ਕਰ ਰਹੀ ਸੀ। ਰਾਹ ਜਾਂਦਿਆਂ ਮੈਨੂੰ ਪੁਲਿਸ ਸ਼ੱਕ ਪੈਣ 'ਤੇ ਫੜ੍ਹ ਸਕਦੀ ਸੀ। ਮੈਂ ਰਾਹ ਛੱਡ ਕੇ ਨਰਮੇ ਵਿੱਚ ਦੀ ਤੁਰ ਪਈ। ਮੁੰਡਾ ਫਿਰ ਪਿੱਛੇ ਭੱਜ ਕੇ ਆਇਆ ਤੇ ਕਹਿੰਦਾ—ਮਾਤਾ ਤੂੰ ਫਿਰ ਭੁੱਲ ਗਈ। ਉਸ ਮੁੰਡੇ ਨੇ ਮੈਨੂੰ ਸਾਈਕਲ ਦੇ ਮਗਰ ਬਿਠਾ ਕੇ ਤਪੇ ਪਹੁੰਚਾ ਦਿੱਤਾ। ਤਪੇ ਪਿੰਡ ਸੁੱਖੇ ਦੇ ਬਾਪੂ ਦੀ ਮਾਸੀ ਦੀ ਧੀ ਸੀ, ਉਹ ਮੇਰੀ ਨਨਾਣ ਲੱਗਦੀ ਸੀ। ਉਸਦਾ ਨਾਂ ਅਜੈਬ ਕੌਰ ਸੀ। ਮੈਂ ਨਨਾਣ ਦੇ ਘਰੋਂ ਕੱਪੜੇ ਬਦਲੇ। ਉਸ ਘਰ ਵੀ ਪੁਲਿਸ ਦੇ ਛਾਪੇ ਪੈਣ ਦਾ ਡਰ ਸੀ। ਸੁੱਖੇ ਦੀ ਭਾਲ ਵਿੱਚ ਪੁਲਿਸ ਉਸ ਘਰ 'ਤੇ ਨਿਗਰਾਨੀ ਵੀ ਰੱਖਦੀ ਸੀ। ਉਸ ਦਿਨ ਉਥੇ ਹੜਤਾਲ ਸੀ। ਬੱਸਾਂ ਨਹੀਂ ਸੀ ਚੱਲਦੀਆਂ। ਉਥੇ ਮੈਂ ਇਕ ਰਿਕਸ਼ੇ ਵਾਲੇ ਨੂੰ ਮੌੜ (ਮਾਨਸਾ) ਜਾਣ ਵਾਸਤੇ 20 ਰੁਪਏ ਦੇਣੇ ਕਰਕੇ ਰਿਕਸ਼ੇ 'ਤੇ ਬੈਠ ਗਈ। ਰਾਹ ਬੜਾ ਮਾੜਾ ਸੀ, ਰਿਕਸ਼ੇ ਵਾਲਾ ਕਹੇ ਮਾਤਾ 20 ਰੁਪਏ ਮੇਰੇ ਤੋਂ ਲੈ ਲਾ ਮੈਂ ਤੇਰੇ ਅੱਗੇ ਹੱਥ ਜੋੜਦਾਂ, ਮੈਂ ਅੱਗੇ ਨਹੀਂ ਜਾ ਸਕਦਾ। ਮੈਂ ਉਸਨੂੰ ਪਿਆਰ ਨਾਲ ਕਿਹਾ ਕਿ ਪੁੱਤਰ ਤੈਨੂੰ 20 ਰੁਪਏ ਹੋਰ ਦੇ ਦੇਵਾਂਗੀ, ਤੂੰ ਮੈਨੂੰ ਮੌੜ ਪਹੁੰਚਾ ਦੇ। ਬੜੀ ਔਖਿਆਈ ਨਾਲ ਰਿਕਸ਼ੇ ਵਾਲਾ ਮੰਡਾ ਮੈਨੂੰ ਮੌੜ (ਮਾਨਸਾ-ਬਠਿੰਡਾ) ਲੈ ਕੇ ਪਹੁੰਚਿਆ। ਰਿਕਸ਼ੇ ਵਾਲੇ ਨੂੰ ਨਹਾ ਕੇ ਰੋਟੀ ਖਵਾਈ, ਚਾਹ-ਪਾਣੀ ਪਿਆਇਆ। ਮੈਂ ਘਰ ਵਾਲਿਆਂ ਤੋਂ 50 ਰੁਪਏ ਦਿਵਾਏ। ਮੇਰੀ ਚੁੰਨੀ ਪੱਲੇ 5 ਰੁਪਏ ਸੀ ਉਹ ਖੋਲ੍ਹ ਕੇ ਦਿੱਤੇ, ਪੰਤਾਲੀ ਉਨ੍ਹਾਂ ਤੋਂ ਦਿਵਾਏ ਸੀ। ਉਥੇ ਪੁਲਿਸ ਪਹੁੰਚਣ ਦਾ ਡਰ ਨਹੀਂ ਸੀ। ਮੇਰੀ ਸੱਚੇ ਪਾਤਸ਼ਾਹ ਵਾਹਿਗੁਰੂ ਨੇ ਮਦਦ ਕੀਤੀ, ਦਸਮੇਸ਼ ਪਿਤਾ ਦੀ ਮਿਹਰ ਸਦਕਾ, ਮੈਂ ਪੰਜਾਬ ਪੁਲਿਸ ਦੀ ਹਿਰਾਸਤ 'ਚੋਂ ਪਿੰਡ ਚੌਅ ਦੀ ਚੌਂਕੀ ਵਿਚੋਂ ਨਿਕਲ ਕੇ ਮੌੜ ਪਿੰਡ ਪਹੁੰਚੀ। ਕੁਝ ਚਿਰ ਮੌੜ ਰਹੀ, ਫਿਰ ਮੈਂ ਪਿੰਡ ਝਬਾਲ, ਰਿਸ਼ਤੇਦਾਰੀ ਵਿੱਚ (ਜ਼ਿਲ੍ਹਾ ਅੰਮ੍ਰਿਤਸਰ) ਮਾਝੇ ਪਹੁੰਚ ਗਈ। ਉਥੇ ਹੀ ਸੁੱਖੇ ਦਾ ਬਾਪੂ ਪਹੁੰਚ ਗਿਆ। ਇਹ ਵੀ ਪੁਲਿਸ ਦੀ ਚੌਂਕੀ ਵਿਚੋਂ ਚੋਰੀ ਭੱਜ ਕੇ ਗਿਆ ਸੀ। ਪੁੱਤ ਜਿਵੇਂ ਮੇਰੇ ਨਾਲ ਹੋਈ ਬੀਤੀ ਮੈਂ ਉਸੇ ਤਰ੍ਹਾਂ ਤੁਹਾਨੂੰ ਦੱਸ ਦਿੱਤਾ। ਬੜੀਆਂ ਮੁਸੀਬਤਾਂ ਝੱਲੀਆਂ। ਅਖਬਾਰਾਂ ਵਿੱਚ ਖਬਰ ਆਈ ਸੀ ਕਿ ਰਿਸ਼ੀਕੇਸ਼-ਲਖਨਊ (ਯੂ.ਪੀ.) ਵਿੱਚ ਸਤੰਬਰ 1993 ਵਿੱਚ ਪੁਲਿਸ ਨੇ ਇਕ ਟਰੱਕ ਵਿੱਚੋਂ ਪੰਜਾਬ ਦੇ ਖਾੜਕੂਆਂ ਤੋਂ ਵੱਡੀ ਮਾਤਰਾ ਵਿੱਚ ਅਸਲਾ ਫੜਿਆ। ਕੁਲਦੀਪ ਸਿੰਘ ਸ਼ੇਖੂਪੁਰਾ ਤੇ ਦਿਆਦੀਪਕ ਸਿੰਘ ਖਾਲਿਸਤਾਨ ਲਿਬਰੇਸ਼ਨ ਫੋਰਸ ਨੇ ਸਾਇਆਨਾਈਡ ਦੇ ਕੈਪਸੂਲ ਖਾ ਕੇ ਖੁਦਕੁਸ਼ੀ ਕਰ ਲਈ। ਸੁਖਦੇਵ ਸਿੰਘ ਸੁੱਖਾ ਸੰਗਤਪੁਰਾ ਤੇ ਪਰਮਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਸੀ। ਜਿਨ੍ਹਾਂ ਨੂੰ ਲੁਧਿਆਣਾ ਪੁਲਿਸ ਪੰਜਾਬ ਲੈ ਆਈ ਸੀ। ਪੰਜਾਬ ਪੁਲਿਸ ਨੇ ਡਾ. ਸੁਖਦੇਵ ਸਿੰਘ ਸੰਗਤਪੁਰਾ ਅਤੇ

ਪਰਮਜੀਤ ਸਿੰਘ ਬਾਰੇ ਬਾਅਦ ਵਿੱਚ ਕੁਝ ਨਹੀਂ ਦੱਸਿਆ ਕਿ ਉਹ ਕਿਥੇ ਹਨ। ਨਾ ਤਾਂ ਉਨ੍ਹਾਂ ਨੂੰ ਪੁਲਿਸ ਨੇ ਮਾਰੇ ਗਏ ਐਲਾਨ ਕੀਤਾ ਤੇ ਨਾ ਹੀ ਉਨ੍ਹਾਂ ਬਾਰੇ ਕਿਥੇ ਰਖਿਆ ਗਿਆ ਸਾਨੂੰ ਦੱਸ ਰਹੇ ਨੇ। ਅਸੀਂ ਕੀ ਕਰੀਏ ? ਅਸੀਂ ਨਾ ਤਾਂ ਸੁੱਖੇ ਦੇ ਪਾਠ ਦਾ ਭੋਗ ਹੀ ਪਵਾਇਆ। ਸਾਨੂੰ ਕੋਈ ਪਤਾ ਨਹੀਂ, ਪੁਲਿਸ ਨੇ ਸੁਖਦੇਵ ਸਿੰਘ ਸੁੱਖਾ ਸੰਗਤਪੁਰਾ ਤੇ ਪਰਮਜੀਤ ਸਿੰਘ ਨੂੰ ਮਾਰ ਦਿੱਤਾ ਜਾਂ ਆਪਣੀ ਹਿਰਾਸਤ ਵਿੱਚ ਰੱਖਿਆ ਹੋਇਆ।

ਡਾ. ਸੁੱਖਾ ਭਾਊ ਦੇ ਪਿਤਾ ਬਾਪੂ ਮਹਿੰਦਰ ਸਿੰਘ ਜਦੋਂ ਪੁਲਿਸ ਦੇ ਨਾਲ ਜਾਣ ਤੋਂ ਬਾਗੀ ਹੋ ਗਏ।

ਬਾਪੂ ਮਹਿੰਦਰ ਸਿੰਘ ਦੀ ਮਾਤਾ ਆਖਰੀ ਸਾਹਾਂ ਉੱਤੇ ਸੀ। ਕੋਈ ਪਤਾ ਨਹੀਂ ਸੀ ਕਿ ਉਹ ਦੋ ਦਿਨ ਵਿੱਚ ਸਵਾਸ ਪੂਰੇ ਕਰ ਜਾਏ ਜਾਂ ਇੱਕ ਦਿਨ 'ਚ ਅਕਾਲ ਚਲਾਣਾ ਕਰ ਜਾਵੇ। ਬਾਪੂ ਮਹਿੰਦਰ ਸਿੰਘ ਮਾਂ ਦੀ ਸੇਵਾ ਕਰ ਰਿਹਾ ਸੀ। ਜ਼ਿਲ੍ਹਾ ਫਰੀਦਕੋਟ .ਦਾ ਡੀ.ਐਸ.ਪੀ. ਬਾਪੂ ਮਹਿੰਦਰ ਸਿੰਘ ਨੂੰ ਫੜ੍ਹ ਕੇ ਨਾਲ ਲਿਜਾਣ ਲਈ ਪੁਲਿਸ ਪਾਰਟੀ ਨਾਲ ਆ ਧਮਕਿਆ। ਕਹਿੰਦਾ—ਬਾਬਾ, ਚੱਲ ਗੱਡੀ ਵਿੱਚ ਬੈਠ। ਤੇਰੇ ਮੁੰਡੇ ਨੇ ਸਰਕਾਰ ਨੂੰ ਵਖਤ ਪਾਇਆ ਹੋਇਆ। ਬਾਪੂ ਕਹਿੰਦਾ—ਨਹੀਂ ਜਾਣਾ ਓਏ ਮੈਂ ਤੁਹਾਡੇ ਨਾਲ। ਮੇਰੀ ਮਾਂ ਮਰਨ ਕੰਡੇ ਆ। ਤੂੰ ਆ ਗਿਆ ਵੱਡਾ ਨਾਢੂ ਖਾਂ। ਤੁਸੀਂ ਤਾਂ ਸਾਨੂੰ ਰੋਜ਼ ਈ ਖਿੱਚੀ ਫਿਰਨਾ, ਮੇਰੀ ਮਾਂ ਨੇ ਰੋਜ਼-ਰੋਜ਼ ਨਹੀਂ ਮਰਨਾ। ਉਏ ਜਿਸ ਦਿਨ ਸੁੱਖਾ ਤੁਹਾਡੇ ਕਾਬੂ ਆ ਗਿਆ ਜਾਂ ਮਾਰਤਾ ਉਹਦਾ ਤਾਂ ਤੁਸੀਂ ਮਰੇ ਦਾ ਵੀ ਮੂੰਹ ਨਹੀਂ ਵਿਖਾਉਣਾ। ਉਹ ਸਰਕਾਰ ਦਾ ਬਾਗੀ ਆ। ਮੈਨੂੰ ਮੇਰੀ ਮਾਂ ਮਰਦੀ ਤਾਂ ਵੇਖ ਲੈਣ ਦਿਉ। ਦੱਸੋ, ਕਿਹੜੇ ਥਾਣੇ ਲਿਜਾਣਾ ਜੇ ਮੈਨੂੰ, ਮੈਂ ਆਪਣੀ ਮਾਂ ਦਾ ਸਸਕਾਰ ਕਰਕੇ ਆਪੇ ਆ ਜਾਊਂ। ਬਾਪੂ ਮਹਿੰਦਰ ਸਿੰਘ ਦੇ ਖਾੜਕੂ ਬੋਲਾਂ ਅੱਗੇ ਡੀ.ਐਸ.ਪੀ. ਤੇ ਪੁਲਿਸ ਪਾਰਟੀ ਫਰੀਦਕੋਟ ਦਾ ਕੋਈ ਵੀ ਮੁਲਾਜ਼ਮ ਬੋਲ ਨਾ ਸਕਿਆ। ਜਿਪਸੀਆਂ 'ਚ ਬੈਠ ਕੇ ਖਾਲੀ ਹੱਥ ਵਾਪਸ ਮੁੜ ਗਏ। ਬਾਪੂ ਮਹਿੰਦਰ ਸਿੰਘ ਆਪਣੀ ਮਾਂ ਦੀ ਸੇਵਾ ਕਰਦਾ ਰਿਹਾ। ਆਪਣੀ ਮਾਂ ਦੇ ਅਕਾਲ ਚਲਾਣਾ ਕਰਨ 'ਤੇ ਸਾਰੀਆਂ ਜ਼ਿੰਮੇਵਾਰੀਆਂ ਹੱਥੀਂ ਨਿਭਾਈਆਂ। ਬਾਪੂ ਮਹਿੰਦਰ ਸਿੰਘ ਸੰਗਤਪੁਰਾ ਦੇ ਪੁਲਿਸ ਨਾਲ ਜਾਣ ਤੋਂ ਨਾਂਹ ਕਰਨ ਦੇ ਅੱਜ ਵੀ ਲੋਕ ਪਿੰਡ ਵਿੱਚ ਚਰਚਾ ਕਰਦੇ ਹਨ ਕਿ ਬਈ ਸੁੱਖੇ ਭਾਊ ਦੇ ਬਾਪੂ ਮਝੈਲ ਮਹਿੰਦਰ ਸਿੰਘ ਨੇ ਕਮਾਲ ਕਰਤੀ, ਬਈ ਜਮਾਂ ਨਹੀਂ ਡਰਿਆ ਡੀ.ਐਸ.ਪੀ. ਤੋਂ।

ਖਾੜਕੂ ਜਰਨੈਲ ਗੁਰਜੰਟ ਸਿੰਘ ਬੁੱਧਸਿੰਘਵਾਲਾ ਦੀ ਸ਼ਹੀਦੀ ਤੋਂ ਬਾਅਦ ਅਗਲੇ ਦਿਨ ਡਾ. ਸੁੱਖਾ ਭਾਊ ਦੇ ਮਾਤਾ ਪਿਤਾ ਨੂੰ ਪੰਜਾਬ ਪੁਲਿਸ ਫੜ੍ਹ ਕੇ ਲੈ ਗਈ ਸੀ। ਮਾਤਾ ਨੂੰ ਪਿੰਡ ਚੌਅ ਦੀ ਚੌਂਕੀ ਵਿੱਚ ਰੱਖਿਆ ਗਿਆ ਸੀ। ਜਿਥੋਂ ਉਹ ਰੱਖੜ ਪੁੰਨਿਆਂ ਵਾਲੇ ਦਿਨ ਅਗਸਤ 1992 ਨੂੰ ਅੱਠ ਫੁੱਟ ਉੱਚੀ ਕੰਧ ਟੱਪ ਕੇ ਪੁਲਿਸ ਦੀ ਹਿਰਾਸਤ ਵਿੱਚੋਂ ਨਿਕਲ ਗਈ ਸੀ। ਬਾਪੂ ਮਹਿੰਦਰ ਸਿੰਘ ਨੂੰ ਬਾਘਾ ਪੁਰਾਣਾ ਥਾਣੇ ਵਿੱਚ ਕੁਝ ਦਿਨ ਰੱਖਿਆ। ਫਿਰ ਨੱਥੂਵਾਲਾ ਗਰਬੀ ਪੁਲਿਸ ਚੌਂਕੀ ਵਿੱਚ ਲੈ ਗਏ। ਇਹਨੀਂ ਦਿਨੀਂ

ਪੁਲਿਸ ਵਾਲੇ ਬਾਪੂ ਮਹਿੰਦਰ ਸਿੰਘ ਨੂੰ ਇੱਜ਼ਤ ਨਾਲ ਹੀ ਰੱਖ ਰਹੇ ਸਨ। ਪੱਖਾ ਲਾ ਕੇ ਦੇਂਦੇ ਸੀ। ਬਾਪੂ ਪੁਲਿਸ ਚੌਂਕੀ ਵਿੱਚ ਖੁੱਲ੍ਹਾ ਤੁਰ ਫਿਰ ਸਕਦਾ ਸੀ, ਕੋਈ ਸਖਤੀ ਨਹੀਂ ਸੀ। ਡਾ. ਸੁੱਖਾ ਭਾਊ ਦੇ ਬਾਹਰ ਹੋਣ ਕਰਕੇ ਡਰਦੇ ਵੀ ਸੀ। ਬਾਪੂ ਨੇ ਇਕ ਦਿਨ ਪੁਛਿਆ—ਉਏ ਮੁੰਡਿਓ, ਕਦੀ ਸੰਗਤਪੁਰਾ ਗਏ ਜੇ ? ਪੁਲਿਸ ਵਾਲੇ ਕਹਿੰਦੇ—ਬਾਪੂ ਰੋਜ਼ ਜਾਂਦੇ ਹਾਂ। ਸਾਡੇ ਘਰ ਦਾ ਕੀ ਹਾਲ ਆ, ਸਾਡੇ ਘਰ ਗਏ ਜੇ ਕਦੀ ? ਪੁਲਿਸ ਵਾਲੇ ਕਹਿੰਦੇ—ਬਾਪੂ ਘਰ ਤੇਰਾ ਖਾਲੀ ਪਿਆ, ਬੂਹੇ ਖੁੱਲ੍ਹੇ ਆ। ਪਸ਼ੂ ਪਿੰਡ ਵਿੱਚ ਖੁਲ੍ਹੇ ਫਿਰਦੇ ਆ। ਇੱਕ ਪੁਲਿਸ ਵਾਲਾ ਕਹਿੰਦਾ—ਬਾਪੂ ਕਿਸੇ ਕੋਲ ਗੱਲ ਨਾ ਕਰੀਂ, ਸੁੱਖੇ ਭਾਊ ਦੀ ਮਾਤਾ ਪੁਲਿਸ ਚੌਂਕੀ ਚੌਅ ਵਿੱਚੋਂ ਕੰਧ ਟੱਪ ਕੇ ਭੱਜ ਗਈ ਆ। ਪੁਲਿਸ ਉਸਦੀ ਭਾਲ ਕਰ ਰਹੀ ਆ। ਤਾਹੀਓਂ ਤੇਰੇ ਤੋਂ ਪੁਲਿਸ ਵਾਲੇ ਦੂਰ ਦੀਆਂ ਰਿਸ਼ਤੇਦਾਰੀਆਂ ਪੁੱਛਦੇ ਸੀ। ਬਾਪੂ ਪਹਿਲਾਂ ਤਾਂ ਸੋਚਾਂ ਵਿੱਚ ਪੈ ਗਿਆ ਕਿ ਪੁਲਿਸ ਨੇ ਸੁੱਖੇ ਦੀ ਮਾਂ ਨੂੰ ਕਿਧਰੇ ਮਾਰ ਖਪਾ ਦਿੱਤਾ ਹੋਣਾ। ਭੱਜ ਜਾਣ ਦਾ ਐਵੇਂ ਡਰਾਮਾ. ਖੇਡਦੇ ਆ। ਫਿਰ ਮਨ 'ਚ ਆਇਆ ਜੇ ਕੋਈ ਆਪਣਾ ਮਰ ਜਾਵੇ ਤਾਂ ਬਿਨਾਂ ਦੱਸੇ ਹੀ ਦਿਲ ਰੋ ਪੈਂਦਾ ਹੁੰਦਾ ਆ। ਮੇਰਾ ਦਿਲ ਤੇ ਖੁਸ਼-ਖੁਸ਼ ਆ ਤੇ ਸੁੱਖੇ ਦੀ ਮਾਂ ਦਲੇਰ ਵੀ ਬੜੀ ਆ ਤੇ ਬੰਦੇ ਨਾਲੋਂ ਤਕੜੀ ਵੀ ਆ। ਹਿੰਮਤ ਹਾਰਨ ਵਾਲੀ ਤਾਂ ਉਹ ਹੈ ਨਹੀਂ, ਵਾਕਿਆ ਈ ਭੱਜ ਗਈ ਹੋਣੀ ਆ। ਬਾਪੂ ਨੇ ਸੋਚਿਆ ਕਿ ਮਨਾਂ ਤੇਰੇ ਨਾਲੋਂ ਸੁੱਖੇ ਦੀ ਮਾਂ ਦਲੇਰ ਤੇ ਤਕੜੀ ਨਿਕਲੀ ਜਿਹੜੀ ਪੁਲਿਸ ਚੌਂਕੀ ਵਿੱਚੋਂ ਭੱਜ ਗਈ, ਤੂੰ ਵੀ ਖੁੱਲ੍ਹਾ ਫਿਰਦਾਂ ਪੁਲਿਸ ਚੌਂਕੀ ਵਿੱਚ, ਤੇਰੇ ਪੈਰਾਂ ਨੂੰ ਕਿਹੜੀਆਂ ਪੁਲਿਸ ਨੇ ਬੇੜੀਆਂ ਪਾਈਆਂ। ਦਿਲ 'ਚ ਪੱਕੀ ਧਾਰ ਲਈ ਕਿ ਹੁਣ ਪੁਲਿਸ ਚੌਂਕੀ ਵਿੱਚੋਂ ਭੱਜ ਜਾਣਾ। ਫਰੀਦਕੋਟ ਪੁਲਿਸ ਵਾਲਿਆਂ ਦੀ ਮੀਟਿੰਗ ਸੀ। ਥਾਣੇਦਾਰ ਫਰੀਦਕੋਟ ਮੀਟਿੰਗ ਵਿੱਚ ਚਲਾ ਗਿਆ। ਕੁਝ ਪੁਲਿਸ ਮੁਲਾਜ਼ਮ ਉਸ ਦੇ ਨਾਲ ਚਲੇ ਗਏ। ਸਿਪਾਹੀ ਇਧਰ ਉਧਰ ਚਲੇ ਗਏ। ਬਾਪੂ ਨੇ ਹੱਥ ਵਿੱਚ ਪਾਣੀ ਵਾਲਾ ਡੱਬਾ ਫੜ੍ਹ ਲਿਆ ਤੇ ਸੰਤਰੀ ਦੇ ਕੋਲੋਂ ਪੁੱਛ ਕੇ ਬਾਹਰ ਜੰਗਲ-ਪਾਣੀ ਜਾਣ ਦੇ ਬਹਾਨੇ ਤੁਰ ਪਿਆ। ਪੁਲਿਸ ਵਾਲੇ ਸੰਤਰੀ ਨੇ ਵੀ ਇਹੋ ਸੋਚਿਆ ਬਾਪੂ ਨੇ ਮੈਦਾਨ ਜਾ ਕੇ ਆ ਈ ਜਾਣਾ, ਪਰ ਬਾਪੂ ਨੇ ਅੱਜ ਭੱਜ ਜਾਣ ਦਾ ਇਰਾਦਾ ਕਰ ਲਿਆ ਸੀ। ਬਾਪੂ ਨੇ ਨਿਸ਼ਾਨ ਸਾਹਿਬ ਵੱਲ ਮੂੰਹ ਕਰਕੇ ਮੱਥਾ ਟੇਕਿਆ ਤੇ ਕਿਹਾ—ਸੱਚੇ ਪਾਤਸ਼ਾਹ! ਤੇਰੇ ਨਿਸ਼ਾਨ ਸਾਹਿਬ ਨੂੰ ਉੱਚਾ ਰੱਖਣ ਲਈ ਸੁੱਖਾ ਹਕੂਮਤ ਨਾਲ ਮੱਥਾ ਲਾ ਕੇ ਲੜ ਰਿਹਾ। ਮੈਂ ਪੁਲਿਸ ਚੌਂਕੀ ਵਿਚੋਂ ਨਿਕਲ ਰਿਹਾਂ ਮੇਰੀ ਮਦਦ ਕਰੀਂ। ਸੱਚੇ ਪਾਤਸ਼ਾਹ! ਤੇਰਾ ਆਸਰਾ। ਅੱਗੇ ਗਿਆ ਤੇ ਇਕ ਕਿਸਾਨ ਨਰਮੇ ਨੂੰ ਸਪਰੇਅ ਕਰ ਰਿਹਾ ਸੀ, ਉਸ ਨੂੰ ਦੱਸਿਆ ਕਿ ਮੈਂ ਸੁੱਖੇ ਭਾਊ ਸੰਗਤਪੁਰੇ ਦਾ ਪਿਉ ਹਾਂ ਤੇ ਪੁਲਿਸ ਦੀ ਚੌਂਕੀ ਵਿੱਚੋਂ ਭੱਜ ਕੇ ਆਇਆ ਹਾਂ। ਉਹ ਕਹਿੰਦਾ ਕਿ ਬਾਪੂ ਦੱਸ ਮੈਂ ਤੇਰੀ ਕੀ ਮਦਦ ਕਰਾਂ ? ਬਾਪੂ ਨੇ ਆਪਣੇ ਕੱਪੜੇ, ਚੋਲਾ, ਦਸਤਾਰ ਲਾਹ ਕੇ ਉਸ ਨੂੰ ਦੇ ਦਿੱਤੇ। ਉਸ ਦੇ ਸਪਰੇਅ ਵਾਲੇ ਲਿੱਬੜੇ ਕੱਪੜੇ ਜੋ ਪਾਟੇ ਪੁਰਾਣੇ ਕਮੀਜ਼ ਪਜਾਮਾ ਤੇ ਸਾਫਾ ਲੈ

ਕੇ ਆਪ ਪਾ ਲਏ। ਉਸ ਕਿਸਾਨ ਨੇ ਇਕ ਸਪਰੇਅ ਦਾ ਭਰਿਆ ਲੀਟਰ ਫੜਾ ਦਿੱਤਾ ਕਿ ਜੇ ਕੋਈ ਰਾਹ ਵਿੱਚ ਪੁੱਛੇ ਤਾਂ ਦੱਸ ਦੇਵੇ ਕਿ ਮੁੰਡਾ ਆਖਦਾ ਸੀ ਸਪਰੇਅ ਮਾੜੀ ਆ, ਬਦਲ ਕੇ ਲਿਆਇਆਂ। ਉਸ ਜ਼ਿਮੀਂਦਾਰ ਨੇ ਹੱਥ 'ਚ ਸਪਰੇਅ ਵਾਲਾ ਡੱਬਾ ਫੜਾ ਕੇ ਟਰੈਕਟਰ ਜੋ ਰਾਹੇ ਜਾਂਦਾ ਸੀ, ਰੋਕ ਕੇ ਉਸ ਉੱਤੇ ਚੜ੍ਹਾ ਦਿੱਤਾ, ਉਸ ਨੇ ਦੋ ਸੌ ਰੁਪਏ ਘਰੋਂ ਲਿਆ ਕੇ ਦਿੱਤੇ ਕਿ ਬਾਪੂ ਤੈਨੂੰ ਲੋੜ ਪੈਣੀ ਆ। ਟਰੈਕਟਰ ਵਾਲੇ ਨੂੰ ਕਹਿੰਦਾ ਕਿ ਬਾਪੂ ਨੂੰ ਰੋਡੇ ਬੱਸ ਅੱਡੇ ਕੋਟਕਪੂਰੇ ਵਾਲੀ ਬੱਸ ਚੜ੍ਹਾ ਦੇਵੀਂ। ਬਾਪੂ ਨੇ ਕੋਟਕਪੂਰੇ ਸਪਰੇਅ ਬਦਲ ਕੇ ਲਿਆਉਣੀ ਆ। ਰੋਡੇ ਬੱਸ ਅੱਡੇ ਵਿੱਚ ਪੁਲਿਸ ਵਾਲੇ ਖੜ੍ਹੇ ਸਨ। ਉਨ੍ਹਾਂ ਰੋਕਿਆ ਨਹੀਂ ਤੇ ਬਾਪੂ ਬੱਸ ਚੜ੍ਹ ਕੇ ਕੋਟਕਪੂਰੇ ਤੇ ਉਥੋਂ ਬੱਸ ਚੜ੍ਹ ਕੇ ਤਰਨਤਾਰਨ ਤੇ ਉਥੋਂ ਝਬਾਲ ਚਲਾ ਗਿਆ। ਜਦੋਂ ਬਾਪੂ ਝਬਾਲ ਪਿੰਡ ਰਿਸ਼ਤੇਦਾਰੀ 'ਚ ਘਰ ਪਹੁੰਚਿਆ ਅੱਗੇ ਸੁੱਖੇ ਦੀ ਮਾਂ ਵੀ ਮੌਜੂਦ ਸੀ, ਵੇਖ ਕੇ ਬੜਾ ਖੁਸ਼ ਹੋਇਆ ਕਿ ਸਾਨੂੰ ਤਾਂ ਉਮੀਦ ਨਹੀਂ ਸੀ ਦੁਬਾਰਾ ਮਿਲਣ ਦੀ। ਬੇਅੰਤੇ ਅਤੇ ਕੇ.ਪੀ. ਗਿੱਲ ਦੀ ਜੋੜੀ ਜੁਝਾਰੂ ਸਿੰਘਾਂ ਨੂੰ ਖਤਮ ਕਰ ਰਹੀ ਸੀ, ਸਾਨੂੰ ਵੀ ਖਤਮ ਕਰ ਦੇਵੇਗੀ। ਸੱਚੇ ਪਾਤਸ਼ਾਹ ਵਾਹਿਗੁਰੂ ਦੀ ਮਿਹਰ ਸਦਕਾ ਸੁੱਖੇ ਦੀ ਮਾਤਾ ਸੁਰਜੀਤ ਕੌਰ ਅਤੇ ਪਿਤਾ ਬਾਪੂ ਮਹਿੰਦਰ ਸਿੰਘ ਪੁਲਿਸ ਦੀ ਹਿਰਾਸਤ ਵਿੱਚੋਂ ਭੱਜਣ ਵਿੱਚ ਸਫਲ ਹੋਏ ਤੇ ਪਿੰਡ ਝਬਾਲ ਇਕੱਠੇ ਹੋ ਜਾਣਾ ਇਹ ਇਕ ਸੱਚੇ ਪਾਤਸ਼ਾਹ ਵਾਹਿਗੁਰੂ ਦਾ ਕ੍ਰਿਸ਼ਮਾ ਹੀ ਕਿਹਾ ਜਾ ਸਕਦਾ ਹੈ।

ਦੁਸ਼ਮਣ 'ਤੇ ਹਮਲਾ ਕਰਨ ਵਿਚ ਮਾਹਿਰ

ਸ਼ਹੀਦ ਭਾਈ ਪ੍ਰਗਟ ਸਿੰਘ ਸੰਗਤਪੁਰਾ
ਖਾਲਿਸਤਾਨ ਲਿਬਰੇਸ਼ਨ ਫੋਰਸ

ਜ਼ਿਲ੍ਹਾ ਫਰੀਦਕੋਟ ਦੇ ਬਾਘਾਪੁਰਾਣਾ ਕਸਬੇ (ਹੁਣ ਜ਼ਿਲ੍ਹਾ ਮੋਗਾ) ਤੋਂ ਦੱਖਣ ਦਿਸ਼ਾ ਵੱਲ 12 ਕੁ ਕਿਲੋਮੀਟਰ 'ਤੇ ਪਿੰਡ ਸੰਗਤਪੁਰਾ ਹੈ। ਬੜੀ ਸੋਹਣੀ ਪੱਧਰੀ ਸਰਜ਼ਮੀਨ ਹੈ। ਇਹ ਪਿੰਡ ਮਾਲਵੇ ਦਾ ਤੇ ਸਿੱਖ ਵਸੋਂ ਵਾਲਾ ਹੈ। ਇਸ ਪਿੰਡ ਵਿੱਚ ਇਕ ਖੁਸ਼ੀ ਮੁਹੰਮਦ ਗੁੱਜਰ ਮੁਸਲਮਾਨ ਰਹਿੰਦਾ ਸੀ ਜੋ ਬੜਾ ਨੇਕ ਇਨਸਾਨ ਸੀ। ਦਸਾਂ ਨੌਹਾਂ ਦੀ ਕਿਰਤ ਕਮਾਈ ਕਰਨ ਵਾਲਾ ਸੀ। ਸੰਨ 1947 ਦੀ ਭਾਰਤ ਪਾਕਿਸਤਾਨ ਵੰਡ ਵੇਲੇ ਉਹ ਪਾਕਿਸਤਾਨ ਚਲਾ ਗਿਆ। ਉਥੇ ਉਸਦਾ ਜੀਅ ਨਾ ਲੱਗਾ ਤੇ ਵਾਪਸ ਪਿੰਡ ਸੰਗਤਪੁਰੇ ਆ ਗਿਆ। ਉਸ ਦੀ ਸ਼ਾਦੀ ਨਸੀਬ ਕੌਰ ਨਾਲ ਹੋ ਗਈ। ਸਾਰਾ ਪਿੰਡ ਖੁਸ਼ੀ ਮੁਹੰਮਦ ਦੀ ਬੜੀ ਇੱਜ਼ਤ ਕਰਦਾ ਸੀ। ਉਹ ਕਿਰਸਾਨੀ ਦਾ ਖੇਤੀਬਾੜੀ ਦਾ ਕੰਮ ਬਹੁਤ ਵਧੀਆ ਕਰਨਾ ਜਾਣਦਾ ਸੀ। ਜ਼ਮੀਨ ਠੇਕੇ 'ਤੇ ਲੈ ਕੇ ਵਾਹੁੰਦਾ ਸੀ। ਉਸਦੇ ਚਾਰ ਬੱਚੇ ਸਨ, ਵੱਡਾ ਪੁੱਤਰ ਸ਼ਮਿੰਦਰ, ਸ਼ਿੰਦਾ, ਪ੍ਰਗਟ ਸਿੰਘ ਤੇ ਧੀ ਸ਼ਿੰਦਰ ਕੌਰ। ਪ੍ਰਗਟ ਸਿੰਘ ਸਭ ਤੋਂ ਛੋਟਾ ਸੀ। ਪ੍ਰਗਟ ਬਚਪਨ ਤੋਂ ਹੀ ਸਿੱਖੀ ਦੀ ਵਿਚਾਰਧਾਰਾ ਵਿੱਚ ਰੰਗਿਆ ਹੋਇਆ ਸੀ। ਮਾਤਾ ਨਸੀਬ ਕੌਰ ਉਸ ਦਾ ਜੂੜਾ ਕਰਦੀ ਸੀ ਤੇ ਉਹ ਆਪਣੀ ਮਾਂ ਨਾਲ ਗੁਰਦੁਆਰਾ ਸਾਹਿਬ ਜਾਂਦਾ ਸੀ। ਗੁਰਬਾਣੀ ਸੁਣਦਾ ਸੀ ਤੇ ਗੁਟਕੇ ਤੋਂ ਨਿੱਤਨੇਮ ਬਚਪਨ ਵਿੱਚ ਹੀ ਕਰਨ ਲੱਗ ਪਿਆ ਸੀ। ਪਿਤਾ ਭਾਵੇਂ ਗੁੱਜਰ ਮੁਸਲਮਾਨ ਸੀ, ਪਰ ਪ੍ਰਗਟ ਆਪਣੇ ਆਪ ਨੂੰ ਹਮੇਸ਼ਾਂ ਗੁਰੂ ਦਾ ਸਿੰਘ ਸਦਾਉਂਦਾ ਸੀ। ਗੁਰਸਿੱਖੀ ਉਹਦੇ ਮਨ ਦੀ ਰੀਝ ਸੀ। ਸਿੱਖੀ ਦੇ ਸ਼ਹੀਦਾਂ/ਮੁਰੀਦਾਂ ਦਾ ਇਤਿਹਾਸ ਉਸਦੇ ਰੋਮ-ਰੋਮ ਵਿੱਚ ਸਮਾਇਆ ਹੋਇਆ ਸੀ। ਪ੍ਰਗਟ ਸਿੰਘ ਨੇ ਅੱਠਵੀਂ ਤੱਕ ਪੜ੍ਹਾਈ ਪਿੰਡ ਸੰਗਤਪੁਰੇ ਦੇ ਸਕੂਲ ਤੋਂ ਪਾਸ ਕੀਤੀ। ਨੌਵੀਂ, ਦਸਵੀਂ ਬਾਘਾਪੁਰਾਣਾ ਸਕੂਲ ਵਿੱਚੋਂ ਪਾਸ ਕੀਤੀ। ਪ੍ਰਗਟ ਸਿੰਘ ਦਸਵੀਂ ਜਮਾਤ ਪਾਸ ਕਰਕੇ ਫੌਜ ਵਿੱਚ ਭਰਤੀ ਹੋ ਗਿਆ। ਬੜੀ ਇਮਾਨਦਾਰੀ ਅਤੇ ਲਗਨ ਨਾਲ ਫੌਜ ਦੀ ਨੌਕਰੀ ਕਰ ਰਿਹਾ ਸੀ। ਪ੍ਰਗਟ ਸਿੰਘ ਦੀ ਬਰੇਲੀ ਯੂਨਿਟ ਵਿਖੇ ਅਫਸਰ ਨਾਲ ਤਕਰਾਰ ਹੋ ਗਈ। ਅਫਸਰ ਪ੍ਰਗਟ ਸਿੰਘ ਦੇ ਕਾਗਜ਼ ਵੇਖ ਕੇ ਕਹਿੰਦਾ—ਪ੍ਰਗਟ! ਇਹ ਕੀ ਮਾਮਲਾ ਹੈ। ਤੂੰ ਆਪਣਾ ਨਾਂ ਪ੍ਰਗਟ ਸਿੰਘ

ਲਿਖ ਰਿਹਾ ਹੈਂ। ਤੇਰੇ ਪਿਤਾ ਦਾ ਨਾਂ ਖੁਸ਼ੀ ਮੁਹੰਮਦ ਹੈ। ਪ੍ਰਗਟ ਸਿੰਘ ਕਹਿੰਦਾ—ਸਰ, ਪਿਤਾ ਜੀ ਦਾ ਨਾਂ ਠੀਕ ਖੁਸ਼ੀ ਮੁਹੰਮਦ ਹੈ, ਮੇਰਾ ਪਿਤਾ ਮੁਸਲਮਾਨ ਗੁੱਜਰ ਹੈ। ਅਫਸਰ ਕਹਿੰਦਾ—ਪ੍ਰਗਟ, ਫਿਰ ਤੂੰ ਆਪਣੇ ਨਾਂ ਦੇ ਨਾਲ ਪ੍ਰਗਟ ਖਾਨ ਲਿਖ, ਤੂੰ ਪ੍ਰਗਟ ਖਾਨ ਹੈਂ। ਤੂੰ ਪ੍ਰਗਟ ਸਿੰਘ ਨਹੀਂ ਬਣ ਸਕਦਾ। ਪ੍ਰਗਟ ਸਿੰਘ—ਸਾਹਿਬ, ਮੈਂ ਪ੍ਰਗਟ ਖਾਨ ਨਹੀਂ, ਪ੍ਰਗਟ ਸਿੰਘ ਹਾਂ ਤੇ ਪ੍ਰਗਟ ਸਿੰਘ ਬਣ ਕੇ ਦੁਨੀਆਂ ਨੂੰ ਵਿਖਾਵਾਂਗਾ। ਸਾਹਿਬ, ਮੇਰੀ ਗੱਲ ਯਾਦ ਰੱਖਣਾ, ਜੇ ਮੈਂ ਗੁਰੂ ਦਾ ਸਿੱਖ ਹੋਇਆ ਤਾਂ ਦੁਨੀਆਂ ਆਪੇ ਕਹੇਗੀ ਪ੍ਰਗਟ ਸਿੰਘ ਫੌਜੀ ਸੰਗਤਪੁਰਾ, ਪ੍ਰਗਟ ਸਿੰਘ ਫੌਜੀ ਸੰਗਤਪੁਰਾ।

ਪ੍ਰਗਟ ਸਿੰਘ ਦੇ ਸਿਰੜ ਸਿੱਦਕ ਅਤੇ ਦ੍ਰਿੜ੍ਹ ਇਰਾਦੇ ਅੱਗੇ ਹਿੰਦੂ ਅਫਸਰ ਦੀ ਕੋਈ ਵਾਹ ਪੇਸ਼ ਨਾ ਗਈ। ਉਸ ਨੇ ਉਥੋਂ ਜਾਣਾ ਹੀ ਠੀਕ ਸਮਝਿਆ। ਆਪ ਮੁਹਾਰੇ ਅਫਸਰ ਦੇ ਬੋਲ ਸਨ—ਹਰੇ ਰਾਮ ਕਿਤਨਾ ਜ਼ਿੱਦੀ ਲੜਕਾ। ਮੁਸਲਮਾਨ ਦਾ ਪੁੱਤ ਹੋ ਕੇ ਵੀ ਸਿੱਖ! ਸਿੱਖ! ਸਿੱਖ ਹਾਂ ਕਹਿ ਰਿਹਾ ਹੈ। ਮੁਸਲਮਾਨ ਹੋ ਕੇ ਵੀ ਸਿੱਖੀ ਦਾ ਆਸ਼ਕ ਬਣਿਆ। ਮਨ ਡਰ ਗਿਆ ਸੀ ਕਿ ਜੇ ਪ੍ਰਗਟ ਨਾਲ ਹੋਰ ਬਹਿਸ ਕੀਤੀ, ਇਹ ਜ਼ਿੱਦੀ ਜਵਾਨ ਕੁਝ ਵੀ ਕਰ ਸਕਦਾ ਹੈ।

ਪ੍ਰਗਟ ਸਿੰਘ ਮਨ ਵਿੱਚ ਕਹਿ ਰਿਹਾ ਸੀ, ਬਾਹਮਣਾਂ ਤੂੰ ਤਾਂ ਕੀ ਤੇਰੀ ਮਾਂ ਦਿੱਲੀ ਆਖੇਗੀ, "ਪ੍ਰਗਟ ਸਿੰਘ ਆ....ਪ੍ਰਗਟ ਖਾਨ ਨਹੀਂ।" ਪ੍ਰਗਟ ਸਿੰਘ ਬੀਤੇ ਸਮੇਂ ਦੇ ਇਤਿਹਾਸ ਦੇ ਵਹਿਣ ਵਿੱਚ ਵਹਿ ਗਿਆ। ਆਜ਼ਾਦੀ ਲਈ ਹਿੰਦੁਸਤਾਨ ਵਿੱਚੋਂ ਅੰਗਰੇਜ਼ਾਂ ਨੂੰ ਕੱਢਣ ਲਈ 85% ਕੁਰਬਾਨੀਆਂ ਸਿੱਖ ਕਰਦੇ ਰਹੇ। ਚਲਾਕ ਬਾਹਮਣ ਬਾਣੀਆਂ ਦੇਸ਼ ਦੇ ਹਾਕਮ ਬਣ ਬੈਠੇ। ਦੇਸ਼ ਵੰਡ ਸਮੇਂ ਮਾਰੇ ਗਏ, ਲੱਖਾਂ ਸਿੱਖ ਤੇ ਮੁਸਲਮਾਨ। ਚੰਗਾ ਹੋਇਆ ਮੁਹੰਮਦ ਅਲੀ ਜਿਨਾਹ, ਸਮੇਂ ਸਿਰ ਸੋਚ ਗਿਆ ਤੇ ਮੁਸਲਮਾਨ ਕੌਮ ਲਈ ਆਪਣਾ ਆਜ਼ਾਦ ਵੱਖਰਾ ਘਰ ਪਾਕਿਸਤਾਨ ਲੈ ਲਿਆ। ਬਾਹਮਣ ਨਹਿਰੂ ਬਾਣੀਆ ਗਾਂਧੀ ਲੈ ਗਏ ਆਜ਼ਾਦੀ। ਜਿਨਾਹ ਲੈ ਲਿਆ ਪਾਕਿਸਤਾਨ। ਸਿੱਖ ਰਹਿ ਗਏ ਮਰਨ ਜੋਗੇ, ਪੱਲੇ ਪਈ ਬਰਬਾਦੀ। ਬਾਹਮਣ ਅਫਸਰ ਦੀ ਨੋਕ ਝੋਕ ਨੇ ਪ੍ਰਗਟ ਸਿੰਘ ਦੇ ਦਿਲ ਅੰਦਰ ਹਲਚਲ ਮਚਾ ਦਿੱਤੀ। ਪੰਜਾਬ ਦੀ ਧਰਤੀ 'ਤੇ ਚੱਲ ਰਹੀ ਖਾਲਿਸਤਾਨੀ ਲਹਿਰ ਉਸ ਨੂੰ ਹੱਕੀ ਜਾਪਣ ਲੱਗੀ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਦੀ ਹੱਥ ਵਿੱਚ ਤੀਰ ਫੜੀ ਤਸਵੀਰ ਉਸ ਨੂੰ ਲਲਕਾਰ ਲੱਗੀ—ਸਿੰਘੋ! ਜ਼ਰਾ ਸੋਚੋ, ਗੁਲਾਮ ਰਹਿ ਕੇ ਜ਼ਿੰਦਗੀ ਦੇ ਦਿਨ ਬਤੀਤ ਕਰਨੇ ਹਨ ਜਾਂ ਗੁਲਾਮੀ ਗਲੋਂ ਲਾਹ ਕੇ ਜਿਊਣਾ ਹੈ। ਸੰਤ ਜਰਨੈਲ ਸਿੰਘ ਉਸ ਨੂੰ ਮੁਕਤੀਦਾਤਾ ਦਿੱਸਣ ਲੱਗਾ। ਸਿੰਘ ਸੰਘਰਸ਼ ਵਿੱਚ ਸਿੱਖੀ ਸਵੈਮਾਣ ਲਈ ਜੂਝ ਰਹੇ ਖਾੜਕੂ ਸਿੰਘ ਉਸ ਨੂੰ ਆਪਣੇ ਭਰਾ ਲੱਗਣ ਲੱਗੇ। ਉਸ ਦਾ ਦਿਲ ਕਹਿ ਰਿਹਾ ਸੀ, ਸੱਚੇ ਪਾਤਸ਼ਾਹ! ਮਿਹਰ ਕਰ, ਬਾਹਮਣ ਬਾਣੀਏ ਦੀ ਗੁਲਾਮੀ/ਨੌਕਰੀ ਨਾਲੋਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਵੱਲੋਂ ਸਿੱਖ ਕੌਮ ਦੀ ਆਜ਼ਾਦੀ, ਸਿੱਖ ਕੌਮ ਦੇ ਕੌਮੀ ਘਰ ਖਾਲਿਸਤਾਨ ਦੀ ਪ੍ਰਾਪਤੀ ਲਈ

ਜ਼ਾਲਮ ਸਰਕਾਰ, ਜਿਹੜੀ ਸਿੱਖਾਂ ਨੂੰ ਗੁਲਾਮ ਬਣਾ ਕੇ ਰੱਖਣਾ ਚਾਹੁੰਦੀ ਹੈ ਉਸਦੇ ਨਾਲ ਟੱਕਰ ਲੈਂਦਿਆਂ ਜੂਝਦਿਆਂ ਸ਼ਹੀਦ ਹੋ ਜਾਣਾ। ਗੁਲਾਮੀ ਦੀ ਜ਼ਿੰਦਗੀ ਜਿਊਣ ਨਾਲੋਂ ਸਿੱਖੀ ਸਵੈਮਾਣ ਨਾਲ ਮਰ ਜਾਣਾ ਸੌ ਦਰਜੇ ਚੰਗਾ ਹੈ।

ਪ੍ਰਗਟ ਸਿੰਘ ਨੇ ਤਿੰਨ ਸਾਲ ਛੇ ਮਹੀਨੇ ਫੌਜ ਦੀ ਨੌਕਰੀ ਕੀਤੀ। ਬਰੇਲੀ ਤੋਂ ਘਰ ਛੁੱਟੀ ਕੱਟਣ ਆਇਆ ਸੀ। ਇਨ੍ਹੀਂ ਦਿਨੀਂ ਮਾਲਵੇ ਦੇ ਮੋਗਾ, ਲੁਧਿਆਣਾ ਇਲਾਕੇ ਵਿੱਚ ਖਾਲਿਸਤਾਨ ਲਿਬਰੇਸ਼ਨ ਫੋਰਸ ਦੀ ਚੜ੍ਹਤ ਸੀ। ਖਾੜਕੂ ਜਰਨੈਲ ਗੁਰਜੰਟ ਸਿੰਘ ਬੁੱਧਸਿੰਘਵਾਲਾ ਨੇੜੇ ਦੇ ਪਿੰਡ ਦਾ ਹੋਣ ਕਰਕੇ ਉਸ ਦੀ ਜਾਂਬਾਜ਼ੀ ਬਹਾਦਰੀ ਦੀਆਂ ਗੱਲਾਂ ਘਰ ਘਰ ਹੁੰਦੀਆਂ ਸਨ। ਸਿੱਖ ਗੁਰਜੰਟ ਸਿੰਘ ਬੁੱਧਸਿੰਘਵਾਲਾ ਦੇ ਦੀਵਾਨੇ ਸਨ। ਉਹ ਉਸਦੇ ਦਰਸ਼ਨਾਂ ਨੂੰ ਲੋਚਦੇ ਸਨ। ਜੇ ਕਿਤੇ ਇਤਫਾਕ ਨਾਲ ਗੁਰਜੰਟ ਸਿੰਘ ਮਿਲ ਪਵੇ ਤੇ ਭਰਾਵਾਂ ਵਾਂਗ ਜੱਫੀ ਪਾ ਕੇ ਮਿਲੇ ਤੇ ਫਿਰ ਇਹ ਕਿਵੇਂ ਹੋ ਸਕਦਾ ਕਿ ਸਿੱਖ ਗੱਭਰੂ ਉਸ ਦੇ ਨਾਲ ਨਾ ਤੁਰੇ। ਜੁਝਾਰੂ ਸਿੰਘਾਂ ਦਾ ਪਿੰਡ ਵਿੱਚ ਆਉਣਾ ਜਾਣਾ ਸੀ। ਪ੍ਰਗਟ ਸਿੰਘ ਦਾ ਉਨ੍ਹਾਂ ਨਾਲ ਸੰਪਰਕ ਹੋ ਗਿਆ। ਖਾੜਕੂ ਜਰਨੈਲ ਗੁਰਜੰਟ ਸਿੰਘ ਬੁੱਧਸਿੰਘਵਾਲਾ ਸਾਥੀਆਂ ਸਮੇਤ ਆ ਕੇ ਪ੍ਰਗਟ ਸਿੰਘ ਫੌਜੀ ਨੂੰ ਮਿਲਿਆ। ਸਿੱਖਾਂ ਦੇ ਕੌਮੀ ਆਜ਼ਾਦ ਘਰ ਦੀ ਪ੍ਰਾਪਤੀ ਬਾਰੇ ਗੱਲਾਂ ਹੋਈਆਂ। ਪ੍ਰਗਟ ਸਿੰਘ ਫੌਜੀ ਨੇ ਸਿੱਖ ਸੰਘਰਸ਼ ਵਿੱਚ ਸੇਵਾ ਕਰਨ ਲਈ ਆਪਣੇ ਮਨ ਦੀ ਇੱਛਾ ਪ੍ਰਗਟ ਕੀਤੀ। ਜਥੇਦਾਰ ਗੁਰਜੰਟ ਸਿੰਘ ਬੁੱਧਸਿੰਘਵਾਲਾ ਨੇ ਕਿਹਾ ਕਿ ਠੀਕ ਹੈ ਪ੍ਰਗਟ ਸਿੰਘ, ਅਸੀਂ ਤੇਰੀ ਭਾਵਨਾ ਦੀ ਕਦਰ ਕਰਦੇ ਹਾਂ। ਤੇਰੇ ਵਰਗੇ ਟਰੇਂਡ ਸਿੰਘਾਂ ਦੀ ਖਾਲਿਸਤਾਨ ਲਿਬਰੇਸ਼ਨ ਫੋਰਸ ਨੂੰ ਬਹੁਤ ਲੋੜ ਹੈ। ਅਸੀਂ ਤੈਨੂੰ ਆਪਣੀ ਜਥੇਦਾਰੀ ਵਿੱਚ ਸ਼ਾਮਲ ਕਰਨ ਤੋਂ ਪਹਿਲਾਂ 15 ਦਿਨ ਸੋਚਣ ਦਾ ਸਮਾਂ ਦੇਂਦੇ ਹਾਂ। ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਰਸਤਾ ਕੰਡਿਆਂ ਨਾਲ ਭਰਿਆ ਤੇ ਬੜੀ ਔਖੀ ਘਾਟੀ ਚੜ੍ਹਨ ਵਾਲੀ ਗੱਲ ਹੈ। ਇਹ ਰਸਤਾ ਮੌਤ ਨਾਲ ਜੱਫੀ ਪਾ ਕੇ ਉਸ ਵਿੱਚੋਂ ਜ਼ਿੰਦਗੀ ਭਾਲਣ ਵਾਲਾ ਹੈ। ਸਾਡਾ ਮਿਸ਼ਨ ਫਤਿਹ ਜਾਂ ਸ਼ਹਾਦਤ ਹੈ। ਕਾਹਲ ਵਿੱਚ ਚੁੱਕਿਆ ਕਦਮ ਠੀਕ ਨਹੀਂ ਹੁੰਦਾ। ਕਈ ਵਾਰ ਬੰਦਾ ਪਛਤਾਵਾ ਕਰਦਾ ਹੈ। ਇਸੇ ਲਈ ਅਸੀਂ ਤੈਨੂੰ ਸੋਚਣ ਦਾ ਸਮਾਂ ਦਿੱਤਾ ਹੈ ਕਿ ਪ੍ਰਗਟ ਸਿੰਘ ਤੂੰ ਗਲਤ ਸਹੀ ਰਸਤੇ ਦਾ ਫੈਸਲਾ ਕਰ ਸਕੇਂ। ਪ੍ਰਗਟ ਸਿੰਘ ਘਰ ਮੁੜ ਆਇਆ। ਖਾੜਕੂ ਜਰਨੈਲ ਗੁਰਜੰਟ ਸਿੰਘ ਬੁੱਧਸਿੰਘਵਾਲਾ ਆਪਣੇ ਰਸਤੇ ਚਲਾ ਗਿਆ। ਦਿਨ ਬੀਤਦੇ ਗਏ। ਪ੍ਰਗਟ ਸਿੰਘ ਫੌਜੀ ਤਾਂ ਪਹਿਲਾਂ ਹੀ ਸਿੱਖੀ ਦਾ ਆਸ਼ਕ ਸੀ, ਉਸ ਘਾਟੇ-ਵਾਧੇ ਬਾਰੇ ਕੀ ਸੋਚਣਾ ਸੀ। ਪ੍ਰਗਟ ਸਿੰਘ ਫੌਜੀ ਦੀ ਛੁੱਟੀ ਖਤਮ ਹੋ ਚੱਲੀ ਸੀ। ਮਾਂ ਨੇ ਪੰਜੀਰੀ ਬਣਾ ਦਿੱਤੀ। ਕੱਪੜੇ ਧੋ ਕੇ ਪ੍ਰੈਸ ਕਰ ਕੇ ਫੌਜੀ ਟਰੰਕ ਵਿੱਚ ਪਾ ਦਿੱਤੇ। ਪੰਜੀਰੀ ਪੀਪੇ ਵਿੱਚ ਪਾ ਦਿੱਤੀ। ਮਾਂ ਸੋਚ ਰਹੀ ਸੀ ਕਿ ਮੇਰੇ ਪੁੱਤ ਨੇ ਛੁੱਟੀ ਕੱਟ ਕੇ ਬਰੇਲੀ ਯੂਨਿਟ ਆ ਫੌਜ ਦਾ, ਉਥੇ ਡਿਊਟੀ 'ਤੇ ਜਾਣਾ। ਮਾਂ ਭੋਲੀ ਕੀ ਜਾਣੇ ਕਿ ਮੇਰਾ ਪੁੱਤ ਬਚਪਨ ਤੋਂ ਲੈ ਕੇ ਸਿੱਖੀ ਦਾ ਆਸ਼ਕ ਸਿੱਖੀ ਦੀ ਦੁਸ਼ਮਣ ਹਕੂਮਤ ਦੀ ਨੌਕਰੀ

ਨੂੰ ਲੱਤ ਮਾਰ ਕੇ ਸਿੱਖ ਸੰਘਰਸ਼ ਵਿੱਚ ਜੂਝਣ ਲਈ ਹਿੰਦ ਆਰਮੀ ਨੂੰ ਛੱਡ ਕੇ ਖਾਲਿਸਤਾਨ ਲਿਬਰੇਸ਼ਨ ਫੋਰਸ ਵਿੱਚ ਸਿੱਖੀ ਦਾ ਆਸ਼ਕ ਸਿੱਖੀ ਤੋਂ ਕੁਰਬਾਨ ਹੋਣ ਦਾ ਅਹਿਦ ਕਰ ਚੁੱਕਿਆ ਹੈ। ਪ੍ਰਗਟ ਸਿੰਘ ਨੇ ਕੇਸੀਂ ਇਸ਼ਨਾਨ ਕੀਤਾ। ਮਾਂ ਤੋਂ ਕੇਸਾਂ ਵਿੱਚ ਤੇਲ ਲਵਾਇਆ, ਸਿਰ ਉੱਤੇ ਪਰਨਾ ਗੋਲ ਬੰਨ੍ਹ ਕੇ ਕਹਿੰਦਾ—ਮਾਂ ਵੇਖ ਮੈਨੂੰ ਪਰਨਾ ਸੋਹਣਾ ਲੱਗਦਾ ? ਮਾਂ ਕਹਿੰਦੀ—ਹਾਂ ਪੁੱਤ ਪ੍ਰਗਟ ਤੂੰ ਤਾਂ ਸਿਰ 'ਤੇ ਨੀਲਾ ਗੋਲ ਪਰਨਾ ਬੰਨ੍ਹ ਕੇ ਜਮਾਂ ਸੰਤ ਭਿੰਡਰਾਂਵਾਲੇ ਦੇ ਸਿੰਘਾਂ ਵਰਗਾ ਲੱਗਦਾਂ। ਉਰੇ ਆ ਪੁੱਤ ਤੇਰੇ ਉੱਤੋਂ ਦੀ ਮੈਂ ਮਿਰਚਾਂ ਵਾਰ ਲਵਾਂ, ਕਿਤੇ ਮੇਰੀ ਨਜ਼ਰ ਨਾ ਲੱਗ ਜਾਵੇ। ਮਾਂ ਸੱਚੀਂ ਮੈਂ ਭਿੰਡਰਾਂਵਾਲੇ ਦਾ ਸਿੰਘ ਲੱਗਦਾਂ ? ਪ੍ਰਗਟ ਸਿੰਘ ਨੇ ਮਾਂ ਤੋਂ ਦੁਬਾਰਾ ਪੁੱਛਿਆ। ਮਾਂ ਕਹਿੰਦੀ ਲੈ ਪੁੱਤ ਮੈਂ ਕੋਈ ਝੂਠ ਬੋਲਿਆ। ਇਸ ਤਰ੍ਹਾਂ ਵੇਖ ਕੇ ਤਾਂ ਤੈਨੂੰ ਸਾਰੇ ਹੀ ਸੰਤ ਭਿੰਡਰਾਂਵਾਲੇ ਦਾ ਸਿੰਘ ਕਹਿਣਗੇ। ਮਾਂ ਜੇ ਤੇਰੀ ਗੱਲ ਠੀਕ ਆ ਤਾਂ ਸਮਝ ਮੈਂ ਅੱਜ ਤੋਂ ਸੰਤ ਭਿੰਡਰਾਂਵਾਲੇ ਦਾ ਸਿੰਘ ਆਂ। ਮਾਂ ਨੂੰ ਮੱਥਾ ਟੇਕਿਆ ਤਾਂ ਮਾਂ ਕਹਿੰਦੀ ਪੁੱਤ ਤੂੰ ਤਾਂ ਕਹਿੰਦਾ ਸੀ ਕੱਲ ਨੂੰ ਰੇਲ ਚੜ੍ਹਨਾ। ਪ੍ਰਗਟ ਸਿੰਘ ਕਹਿੰਦਾ—ਮਾਂ ਮੈਂ ਤਾਂ ਤੈਨੂੰ ਮੱਥਾ ਇਸ ਕਰਕੇ ਟੇਕਿਆ ਕਿ ਮੈਂ ਬਾਈ ਸ਼ਮਿੰਦਰ ਕੋਲ ਖੇਤ ਚੱਲਿਆਂ। ਅੱਜ ਤੂੰ ਮੈਨੂੰ ਬੜੀ ਪਿਆਰੀ ਲੱਗੀ, ਤੂੰ ਮੈਨੂੰ ਵੱਡਾ ਖਿਤਾਬ ਦਿੱਤਾ ਕਿ ਮੇਰਾ ਪੁੱਤਰ ਸੰਤ ਭਿੰਡਰਾਂਵਾਲੇ ਦੇ ਸਿੰਘਾਂ ਵਰਗਾ। ਮਾਂ ਭੋਲੀ ਕੀ ਜਾਣੇ ਕਿ ਪ੍ਰਗਟ ਸਿੰਘ ਕਿਹੜੇ ਰਾਹਾਂ ਦਾ ਪਾਂਧੀ ਬਨਣ ਜਾ ਰਿਹਾ। ਪ੍ਰਗਟ ਸਿੰਘ ਘਰੋਂ ਵੱਡੇ ਭਰਾ ਸ਼ਮਿੰਦਰ ਕੋਲ ਖੇਤਾਂ ਨੂੰ ਗਿਆ ਸੀ। ਖੇਤ ਗਿਆ ਜ਼ਰੂਰ, ਬਾਈ ਨਾਲ ਗੱਲਾਂ ਕਰਦਾ ਰਿਹਾ, ਪਰ ਆਪਣੇ ਦਿਲ ਦੀ ਗੱਲ ਨਾ ਦੱਸੀ। ਸ਼ਮਿੰਦਰ ਕਹਿਣ ਲੱਗਾ—ਪ੍ਰਗਟ ਚੱਲ ਆਪਾਂ ਘਰ ਨੂੰ ਚੱਲੀਏ ? ਬਾਈ ਤੂੰ ਚੱਲ ਮੇਰੀ ਫਿਕਰ ਨਾ ਕਰ, ਮੈਂ ਆ ਜਾਵਾਂਗਾ। ਸ਼ਮਿੰਦਰ ਖੇਤੀ ਦਾ ਕੰਮ ਨਿਬੇੜ ਕੇ ਪਿੰਡ ਸੰਗਤਪੁਰਾ ਨੂੰ ਤੁਰ ਪਿਆ। ਪ੍ਰਗਟ ਸਿੰਘ ਆਪਣੀ ਮੰਜ਼ਿਲ ਦੇ ਪਾਂਧੀਆਂ ਦੀ ਉਡੀਕ ਕਰਨ ਲੱਗਾ। ਹਨੇਰਾ ਹੋ ਗਿਆ। ਸਿੰਘਾਂ ਨੇ ਆ ਦਰਸ਼ਨ ਦਿੱਤੇ। ਗੁਰੂ ਫਤਹਿ ਦੀ ਸਾਂਝ ਤੋਂ ਬਾਅਦ ਸਿੰਘਾਂ ਨੇ ਕਿਹਾ—ਹਾਂ ਬਾਈ ਫੌਜੀ ਸਾਹਿਬ, ਕਿਥੇ ਤੇਰੇ ਨਾਲਦੇ ਸਿੰਘ। ਜਥੇਦਾਰ ਜੀ, ਸਿੱਖ ਹਾਜ਼ਰ ਹੈ ਉਹ ਤਿੰਨੇ ਪਿੱਠ ਵਿਖਾ ਗਏ। ਪਹਿਲਾਂ ਤਾਂ ਰੋਜ਼ ਕਹਿੰਦੇ ਹੁੰਦੇ ਸੀ, ਬਾਈ ਪ੍ਰਗਟ ਸਿੰਘ ਆਪਾਂ ਵੀ ਸਿੱਖ ਸੰਘਰਸ਼ ਵਿੱਚ ਸੇਵਾ ਕਰੀਏ। ਕੱਲ੍ਹ ਕਹਿੰਦੇ—ਬਾਈ ਫੌਜੀਆ ਆਪਾਂ ਸੇਵਾ ਤਾਂ ਕਰ ਲੈਂਦੇ। ਸਿੰਘਾਂ ਨਾਲ ਰਲਣ ਨੂੰ ਜੀਅ ਤਾਂ ਬੜਾ ਕਰਦਾ ਪਰ ਸਰਕਾਰ ਤੇ ਪੁਲਿਸ ਵਾਲੇ ਪਰਿਵਾਰ ਨੂੰ ਬਹੁਤ ਤੰਗ ਕਰਨਗੇ। ਬਾਈ ਅਜੇ ਜ਼ਰਾ ਸੋਚ ਕੇ ਪੈਰ ਪੁੱਟਾਂਗੇ। ਜਥੇਦਾਰ ਜੀ ਮੈਂ ਤਾਂ ਉਨ੍ਹਾਂ ਨੂੰ ਕਹਿ ਦਿੱਤਾ ਠੀਕ ਆ ਬਾਈ ਜੀ, ਮਨ ਮੰਨੇ ਦਾ ਮੇਲਾ ਆ ਜੇ ਥੋਨੂੰ ਸਿੱਖ ਕੌਮ ਦੀ ਇੱਜ਼ਤ ਨਾਲੋਂ ਪਰਿਵਾਰ ਦਾ ਖਿਆਲ ਜ਼ਿਆਂਦਾ ਤਾਂ ਥੋਡੀ ਮਰਜ਼ੀ। ਸਿੰਘਾਂ ਨੇ ਕਿਹਾ—ਫੌਜੀ ਸਾਹਿਬ! ਇਹ ਵੀ ਚੰਗਾ ਹੋਇਆ, ਹੋ ਸਕਦਾ ਉਨ੍ਹਾਂ ਤਿੰਨਾਂ ਦੇ ਨਾ ਰਲਣ ਨਾਲ ਆਪਣਾ ਭਲਾ ਹੋਵੇ। ਪੁਲਸੀਏ ਦਾ ਵਿਸਾਹ ਨਹੀਂ ਕਰਨਾ ਚਾਹੀਦਾ ਤੇ ਦੂਜਾ ਸਿਆਸੀ ਜਿਹਾ ਬੰਦਾ ਵੀ ਸਾਨੂੰ

ਇੰਨਾ ਠੀਕ ਨਹੀਂ ਲੱਗਿਆ। ਦੂਜਾ ਸਿੰਘ ਕਹਿੰਦਾ—ਪ੍ਰਗਟ ਸਿੰਘ! ਅੱਜ ਤੋਂ ਇਨ੍ਹਾਂ ਬੰਦਿਆਂ 'ਤੇ ਵਿਸ਼ਵਾਸ ਨਹੀਂ ਕਰਨਾ, ਬਿਲਕੁਲ ਨਹੀਂ ਮਿਲਣਾ ਇਨ੍ਹਾਂ ਬੰਦਿਆਂ ਨੂੰ, ਇਹ ਧੋਖਾ ਦੇ ਸਕਦੇ ਹਨ। ਜੇ ਇਹ ਸਿੱਖ ਸੰਘਰਸ਼ ਦੇ ਹਮਦਰਦ ਹੋਏ ਤਾਂ ਤੇਰਾ ਸਿੰਘਾਂ 'ਚ ਸ਼ਾਮਲ ਹੋਣ ਬਾਰੇ ਕਿਸੇ ਕੋਲ ਗੱਲ ਨਹੀਂ ਕਰਨਗੇ। ਤੇਰਾ ਸਿੰਘਾਂ 'ਚ ਸ਼ਾਮਲ ਹੋਣ ਦਾ ਭੇਤ ਉਦੋਂ ਤੱਕ ਗੁਪਤ ਰਹੇਗਾ, ਜਦੋਂ ਤੱਕ ਤੇਰੇ ਯੂਨਿਟ ਵੱਲੋਂ ਤੇਰੇ ਡਿਊਟੀ 'ਤੇ ਹਾਜ਼ਰ ਨਾ ਹੋਣ ਬਾਰੇ ਪੜਤਾਲ ਨਹੀਂ ਹੁੰਦੀ। ਜੇ ਇਕ-ਦੋ ਦਿਨਾਂ ਵਿੱਚ ਹੀ ਪੁਲਿਸ ਤੇਰੇ ਘਰ ਪਹੁੰਚ ਗਈ ਤਾਂ ਸਮਝੋ.....! ਜਿਹੜੇ ਤੈਨੂੰ ਤਿੰਨ ਬੰਦੇ ਰੋਜ਼ ਸਿੰਘਾਂ ਨਾਲ ਰਲਣ ਬਾਰੇ ਸਲਾਹਾਂ ਕਰਦੇ ਸੀ, ਇਹ ਕਾਲੀਆਂ ਭੇਡਾਂ ਗੱਦਾਰ ਨੇ.....।

ਭਾਈ ਪ੍ਰਗਟ ਸਿੰਘ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਸਿੰਘਾਂ ਨਾਲ ਸਿੱਖ ਸੰਘਰਸ਼ ਵਿੱਚ ਸੇਵਾ ਕਰਨ ਲਈ ਤੁਰ ਪਿਆ। ਛੇ ਸਿੰਘਾਂ ਦਾ ਜਥਾ ਮੋਢੇ 'ਤੇ ਅਸਾਲਟਾਂ ਪਾਈ ਤੇ ਗੋਲੀ ਸਿੱਕਾ ਦੇ ਝੋਲੇ ਗਲ 'ਚ ਪਾਈ ਖੇਤਾਂ ਦੀਆਂ ਵੱਟਾਂ ਉੱਤੋਂ ਦੀ ਰਾਤ ਦੇ ਹਨੇਰੇ ਵਿੱਚ ਕਿਸੇ ਸੰਘਰਸ਼ ਲਈ ਹਮਾਇਤੀ ਠਾਹਰ ਵੱਲ ਜਾ ਰਿਹਾ ਸੀ। ਜ਼ਿਮੀਂਦਾਰਾਂ ਵੱਲੋਂ ਵੱਟਾਂ ਵੱਢ ਕੇ ਛੋਟੀਆਂ ਕੀਤੀ ਹੋਣ ਕਰਕੇ ਉਹ ਕਈ ਵਾਰ ਵੱਟਾਂ ਤੋਂ ਪੈਰ ਖਿਸਕ ਕੇ ਹੇਠਾਂ ਉੱਤਰ ਜਾਂਦੇ ਸਨ। ਰਾਤ ਵਾਹਵਾ ਹੋ ਗਈ ਸੀ। ਲੋਕ ਸੁੱਤੇ ਪਏ ਸਨ। ਕਿਤੇ ਕਿਤੇ ਕੁੱਤੇ ਭੌਂਕਣ ਦੀ ਆਵਾਜ਼ ਆ ਰਹੀ ਸੀ ਜਿਸ ਤੋਂ ਸਿੰਘ ਸੁਚੇਤ ਹੋ ਜਾਂਦੇ ਸਨ ਕਿ ਇਸ ਵੇਲੇ ਜ਼ਰੂਰ ਕੋਈ ਆਦਮੀ ਰਾਤ ਵੇਲੇ ਤੁਰ ਫਿਰ ਰਿਹਾ ਹੈ। ਇਹ ਪੁਲਿਸ ਵਾਲੇ, ਸਿੰਘਾਂ ਦੀ ਭਾਲ ਵਿੱਚ ਵੀ ਹੋ ਸਕਦੇ ਹਨ। ਸਿੰਘ ਤਾਂ ਰਾਤ ਦੇ ਹਨੇਰੇ ਵਿੱਚ ਟਟੀਰੀ ਬੋਲੇ ਤਾਂ ਅੰਦਾਜ਼ਾ ਲਾ ਲੈਂਦੇ ਹਨ ਕਿ ਅੱਗੇ ਪੁਲਿਸ ਦਾ ਨਾਕਾ ਹੋ ਸਕਦਾ। ਸਿੰਘ ਨਿੱਖੜ ਕੇ ਪੁਜ਼ੀਸ਼ਨਾਂ ਸੰਭਾਲ ਕੇ ਅੱਗੇ ਦੀ ਹਰਕਤ ਤੇ ਹਲਾਤ ਦਾ ਪਤਾ ਲਾ ਲੈਂਦੇ ਸਨ।

ਕੁਝ ਦਿਨਾਂ ਵਿੱਚ ਹੀ ਰੌਲਾ ਪੈ ਗਿਆ। ਪਿੰਡ ਸੰਗਤਪੁਰਾ ਦੀਆਂ ਕਾਲੀਆਂ ਭੇਡਾਂ ਨੇ ਗੱਲ ਪੁਲਿਸ ਤੱਕ ਪਹੁੰਚਾ ਦਿੱਤੀ ਸੀ।

ਅਖਾੜੇ ਪਿੰਡ ਦਾ ਐਸ.ਐਚ.ਓ. ਸਾਧ ਬੈਰਾਗੀ ਪ੍ਰਗਟ ਸਿੰਘ ਦੇ ਨਿਰਦੋਸ਼ ਭਰਾਵਾਂ ਨੂੰ ਕੁਟਾਪਾ ਚਾੜ੍ਹਦਾ ਸੀ, ਤਸ਼ੱਦਦ ਕਰਕੇ ਕਹਿੰਦਾ ਸੀ ਕਿ ਪ੍ਰਗਟ ਨੂੰ ਫੜਾਓ। ਪਰ ਭਰਾ ਵਿਚਾਰੇ ਕਿੱਥੋਂ ਫੜਾਉਂਦੇ। ਜਦੋਂ ਕਿਤੇ ਭਾਈ ਪ੍ਰਗਟ ਸਿੰਘ ਜੁਝਾਰੂ ਸਿੰਘਾਂ ਨਾਲ ਹੁੰਦਾ ਤਾਂ ਪੁਲਸੀਏ ਉਸ ਪਾਸੇ ਵੱਲ ਮੂੰਹ ਨਹੀਂ ਸੀ ਕਰਦੇ। ਪ੍ਰਗਟ ਸਿੰਘ ਆਪਣੀ ਜਾਂਬਾਜ਼ੀ ਸਦਕਾ ਛੇਤੀ ਹੀ ਜੁਝਾਰੂ ਜਰਨੈਲ ਗੁਰਜੰਟ ਸਿੰਘ ਬੁੱਧਸਿੰਘਵਾਲਾ ਦਾ ਨਜ਼ਦੀਕੀ ਸਿੰਘ ਸਮਝਿਆ ਜਾਣ ਲੱਗਾ। ਭਾਈ ਪ੍ਰਗਟ ਸਿੰਘ ਦੇ ਜਾਂਬਾਜ਼ ਐਕਸ਼ਨਾਂ ਦੇ ਅਖਬਾਰਾਂ ਸੋਹਲੇ ਗਾਉਂਦੀਆਂ ਸਨ। ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਖਾੜਕੂ ਜਰਨੈਲ ਗੁਰਜੰਟ ਸਿੰਘ ਬੁੱਧਸਿੰਘਵਾਲਾ ਦੀ ਲੁਧਿਆਣਾ ਦੀ ਇਕ ਕੋਠੀ ਵਿੱਚ ਪੁਲਿਸ ਹੱਥੋਂ ਸ਼ਹੀਦ ਜਾਣ ਤੋਂ ਬਾਅਦ ਪ੍ਰੈਸ ਕਾਨਫਰੰਸ ਦੌਰਾਨ ਪੰਜਾਬ ਪੁਲਿਸ ਦੇ ਮੁਖੀ ਕੇ.ਪੀ.ਗਿੱਲ ਨੇ ਪੱਤਰਕਾਰਾਂ

ਨੂੰ ਕਿਹਾ ਸੀ ਕਿ ਹੁਣ ਸਿਰਫ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਦੋ ਹੀ ਸੰਚਾਲਕ ਰਹਿ ਗਏ ਹਨ—ਕੁਲਦੀਪ ਸਿੰਘ ਸ਼ੇਖੂਪੁਰਾ ਅਤੇ ਪ੍ਰਗਟ ਸਿੰਘ ਫੌਜੀ ਸੰਗਤਪੁਰਾ। ਪ੍ਰਗਟ ਸਿੰਘ ਫੌਜੀ ਸੰਗਤਪੁਰਾ ਦੇ ਘਰੋਂ ਭਗੌੜਾ ਹੋਣ ਕਰਕੇ ਪਰਿਵਾਰ ਨੂੰ ਘਰੋਂ ਬੇਘਰ ਹੋ ਕੇ ਰਹਿਣਾ ਪੈਂਦਾ ਸੀ। ਖਾਲੀ ਘਰ ਵਿੱਚ ਪੁਲਿਸ ਵਾਲੇ ਬੈਠੇ ਰਹਿੰਦੇ ਸਨ।

ਭਾਈ ਪ੍ਰਗਟ ਸਿੰਘ ਫੌਜੀ ਸੰਗਤਪੁਰਾ ਅਤੇ ਮਨਜਿੰਦਰ ਸਿੰਘ ਤਲਵੰਡੀ ਰਾਏ ਕੀ ਵੱਲੋਂ ਨਥਾਨਾ ਲਾਗੇ (ਜ਼ਿਲ੍ਹਾ ਬਠਿੰਡਾ) ਡੀ.ਸੀ. ਦੀ ਗੱਡੀ 'ਤੇ ਬੰਬ ਚਲਾਇਆ ਗਿਆ। ਪਰ ਉਹ ਵਾਲ-ਵਾਲ ਬਚ ਗਿਆ ਸੀ। ਫੋਰਸਾਂ ਤੇ ਪੁਲਿਸ ਨੇ ਇਲਾਕੇ ਨੂੰ ਘੇਰ ਲਿਆ। ਘੇਰਾ ਪਾਉਣ 'ਤੇ ਪੁਲਿਸ ਮੁਕਾਬਲਾ ਸ਼ੁਰੂ ਹੋ ਗਿਆ। ਇਸ ਪੁਲਿਸ ਮੁਕਾਬਲੇ ਵਿੱਚ ਪੰਜਾਬ ਪੁਲਿਸ ਦਾ ਇਕ ਥਾਣੇਦਾਰ ਤੇ ਇੱਕ ਸਿਪਾਹੀ ਮਾਰਿਆ ਗਿਆ। ਪੁਲਿਸ ਦੇ ਕਈ ਜਵਾਨ ਜ਼ਖਮੀ ਹੋਏ। ਕਣਕਾਂ ਪੱਕੀਆਂ ਹੋਣ ਕਰਕੇ ਵਾਢੀ ਦੇ ਦਿਨ ਸਨ। ਭਾਈ ਪ੍ਰਗਟ ਸਿੰਘ ਫੌਜੀ ਸੰਗਤਪੁਰਾ ਅਤੇ ਭਾਈ ਮਨਜਿੰਦਰ ਸਿੰਘ ਤਲਵੰਡੀ ਰਾਏ ਕੀ, ਅਸਲਾ ਗੋਲੀ ਸਿੱਕਾ ਮੁੱਕ ਜਾਣ 'ਤੇ ਪੁਲਿਸ ਦੇ ਜਿਊਂਦੇ ਜੀਅ ਹੱਥ ਆਉਣ ਨਾਲੋਂ ਸਾਇਆਨਾਈਡ ਕੈਪਸੂਲ ਖਾ ਕੇ ਖਾਲਿਸਤਾਨੀ ਸ਼ਮ੍ਹਾ ਦੇ ਪ੍ਰਵਾਨੇ ਸ਼ਹੀਦ ਹੋ ਗਏ। ਗੋਲੀਬਾਰੀ ਬੰਦ ਹੋਣ 'ਤੇ ਪੁਲਿਸ ਅਫਸਰਾਂ ਨੇ ਲੋਕਾਂ ਨੂੰ ਅੱਗੇ ਲਾ ਕੇ ਢਾਲ ਵਜੋਂ ਵਰਤਿਆ। ਤਲਾਸ਼ੀ ਲਈ, ਜਿਥੇ ਭਾਈ ਪ੍ਰਗਟ ਸਿੰਘ ਫੌਜੀ ਅਤੇ ਭਾਈ ਮਨਜਿੰਦਰ ਸਿੰਘ ਦੀਆਂ ਸ਼ਹੀਦੀ ਦੇਹਾਂ ਮਿਲੀਆਂ, ਪੁਲਿਸ ਨੇ ਆਪਣੀ ਬਹਾਦਰੀ ਦਾ ਵਿਖਾਵਾ ਕਰਨ ਲਈ ਮ੍ਰਿਤਕ ਲਾਸ਼ਾਂ ਨੂੰ ਗੋਲੀਆਂ ਨਾਲ ਵਿੰਨ੍ਹ ਦਿੱਤਾ ਤੇ ਅਗਲੇ ਦਿਨ 24 ਅਪ੍ਰੈਲ 1993 ਨੂੰ ਦੋ ਖਤਰਨਾਕ ਖਾੜਕੂ ਨਥਾਨੇ ਲਾਗੇ ਪੁਲਿਸ ਮੁਕਾਬਲੇ ਵਿੱਚ ਮਾਰੇ ਜਾਣ ਅਤੇ ਇਕ ਥਾਣੇਦਾਰ ਤੇ ਇਕ ਸਿਪਾਹੀ ਦੇ ਮਾਰੇ ਜਾਣ ਤੇ ਪੁਲਿਸ ਦੀ ਬਹਾਦਰੀ ਦੀਆਂ ਖਬਰਾਂ ਛਪ ਗਈਆਂ। ਭਾਈ ਪ੍ਰਗਟ ਸਿੰਘ ਫੌਜੀ ਦੀ ਦੇਹ ਦੀ ਸ਼ਨਾਖਤ ਪਿੰਡ ਸੰਗਤਪੁਰਾ ਦੇ ਸਰਪੰਚ ਨੰਬਰਦਾਰ ਬਲਦੇਵ ਸਿੰਘ ਨੂੰ ਪੁਲਿਸ ਨੇ ਲਿਜਾ ਕੇ ਕਰਵਾਈ। ਸਸਕਾਰ ਵੀ ਪੁਲਿਸ ਨੇ ਹੀ ਕੀਤਾ ਸੀ। ਇਨ੍ਹੀਂ ਦਿਨੀਂ ਪਰਿਵਾਰ ਘਰੋਂ-ਬੇਘਰ ਪੁਲਿਸ ਦੇ ਕਹਿਰ ਤੋਂ ਡਰਦਾ ਦਿਨ ਕੱਟੀ ਕਰ ਰਿਹਾ ਸੀ। ਭਾਈ ਪ੍ਰਗਟ ਸਿੰਘ ਫੌਜੀ ਸੰਗਤਪੁਰਾ ਅਤੇ ਭਾਈ ਮਨਜਿੰਦਰ ਸਿੰਘ ਤਲਵੰਡੀ ਰਾਏ ਕੀ ਦੀ ਪਾਵਨ ਯਾਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਕਿਸੇ ਗੁਪਤ ਥਾਂ 'ਤੇ ਪਾਏ ਗਏ। ਅਖਬਾਰਾਂ ਵਿੱਚ ਚਾਰ ਸਿੰਘਾਂ ਸ਼ਹੀਦਾਂ ਦੇ ਪਾਠ ਦੇ ਭੋਗ ਦਾ ਤਸਵੀਰਾਂ ਸਮੇਤ ਇਸ਼ਤਿਹਾਰ ਦਿੱਤਾ ਗਿਆ ਸੀ। ਬਾਅਦ ਵਿੱਚ ਪਰਿਵਾਰ ਵਲੋਂ ਪਿੰਡ ਸੰਗਤਪੁਰਾ ਦੇ ਗੁਰਦੁਆਰਾ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ, ਸ਼ਹੀਦ ਭਾਈ ਪ੍ਰਗਟ ਸਿੰਘ ਫੌਜੀ ਸੰਗਤਪੁਰਾ ਦੀ ਪਾਵਨ ਯਾਦ ਵਿੱਚ ਪਾਏ ਗਏ।

ਸ਼ਹੀਦ ਭਾਈ ਪ੍ਰਗਟ ਸਿੰਘ ਫੌਜੀ ਦੇ ਇੱਕ ਵੱਡੇ ਭਰਾ ਸ਼ਿੰਦੇ ਦੀ ਹਾਦਸੇ ਦਾ ਸ਼ਿਕਾਰ ਹੋ ਕੇ ਮੌਤ ਹੋ ਗਈ ਹੈ। ਵੱਡਾ ਭਰਾ ਸ਼ਮਿੰਦਰ ਆਪਣੇ ਪਰਿਵਾਰ ਸਮੇਤ ਰਹਿੰਦਾ

ਹੈ ਮਾਤਾ ਨਸੀਬ ਕੌਰ ਬਜ਼ੁਰਗ ਹੈ, ਉਹ ਵੀ ਭਾਈ ਸ਼ਮਿੰਦਰ ਦੇ ਨਾਲ ਹੀ ਰਹਿੰਦੀ ਹੈ। ਭਾਈ ਸ਼ਮਿੰਦਰ ਸਿੰਘ ਠੇਕੇ 'ਤੇ ਜ਼ਮੀਨ ਲੈ ਕੇ ਜੂਨ ਗੁਜ਼ਾਰਾ ਕਰ ਰਿਹਾ ਹੈ। ਇਸ ਮੁਸਲਮਾਨ ਗੁੱਜਰ ਪਰਿਵਾਰ ਨੇ ਸਿੱਖੀ ਅਪਣਾ ਕੇ ਖਾਲਿਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਸੂਰਬੀਰ ਬਹਾਦਰ ਯੋਧਾ ਸ਼ਹੀਦ ਭਾਈ ਪ੍ਰਗਟ ਸਿੰਘ ਨੇ ਸ਼ਹੀਦੀ ਦੇ ਕੇ ਯੋਗਦਾਨ ਪਾਇਆ ਹੈ। ਪਰ ਕਦੀ ਵੀ ਕਿਸੇ ਜਥੇਬੰਦੀ ਨੇ ਪਰਿਵਾਰ ਨੂੰ ਸਹਾਰਾ ਨਹੀਂ ਦਿੱਤਾ।

ਭਾਈ ਪ੍ਰਗਟ ਸਿੰਘ ਫੌਜੀ ਸੰਗਤਪੁਰਾ ਅਤੇ ਭਾਈ ਮਨਜਿੰਦਰ ਸਿੰਘ ਤਲਵੰਡੀ ਰਾਏ ਦੀ ਸ਼ਹੀਦੀ ਦੇ ਸੋਹਿਲੇ ਗਾਉਂਦੀਆਂ ਅਖਬਾਰਾਂ ਵਿਚੋਂ ਵੰਨਗੀ

ਬਠਿੰਡਾ ਦਾ ਡੀ.ਸੀ. ਬੰਬ ਧਮਾਕੇ ਨਾਲ ਫੱਟੜ, ਐਸ.ਐਚ.ਓ. ਹਲਾਕ ਅਤੇ 6 ਹੋਰ ਜ਼ਖਮੀ, ਖਾੜਕੂਆਂ ਬੈਂਕ ਦੇ ਰਾਖੇ ਮਾਰ ਕੇ ਅਸਲਾ ਲੁੱਟਿਆ, ਕਾਂਗਰਸੀ ਨੇਤਾ ਦੀ ਮੋਹਾਲੀ 'ਚ ਹੱਤਿਆ, ਪੰਜਾਬ 'ਚ 7 ਖਾੜਕੂਆਂ ਸਣੇ 11 ਹੋਰ ਹਲਾਕ (ਪੱਤਰ ਪ੍ਰੇਰਕਾਂ ਅਤੇ ਹੋਰ ਏਜੰਸੀਆਂ ਦੁਆਰਾ) ਜਲੰਧਰ 23 ਅਪ੍ਰੈਲ 1993 — ਖਾੜਕੂਆਂ ਨੇ ਅੱਜ ਬਠਿੰਡਾ ਨੇੜੇ ਬੰਬ ਧਮਾਕਾ ਕਰਕੇ ਡਿਪਟੀ ਕਮਿਸ਼ਨਰ ਸ੍ਰੀ ਆਰ.ਸੀ. ਨਈਅਰ ਦੀ ਕਾਰ ਅਤੇ ਐਸਕਾਰਟ ਗੱਡੀ ਨੂੰ ਉਡਾ ਦਿੱਤਾ। ਬਠਿੰਡਾ ਤੋਂ ਅਜੀਤ ਦੇ ਪੱਤਰਕਾਰ ਸ੍ਰੀ ਹੁਕਮਚੰਦ ਸ਼ਰਮਾ, ਭਗਵਾਨ ਦਾਸ ਗਰਗ ਵੱਲੋਂ ਭੇਜੀ ਗਈ ਜਾਣਕਾਰੀ/ਰਿਪੋਰਟ ਮੁਤਾਬਿਕ ਅੱਜ ਬਾਅਦ ਦੁਪਹਿਰ ਤਿੰਨ ਵਜੇ ਬਠਿੰਡਾ ਤੋਂ 20 ਕਿਲੋਮੀਟਰ ਦੂਰ ਪਿੰਡ ਪੂਹਲਾ ਦੇ ਪਾਸ ਖਾੜਕੂਆਂ ਵੱਲੋਂ ਇੱਕ ਪੁਲੀ ਦੇ ਹੇਠਾਂ ਰੱਖੇ ਗਏ ਬੰਬ ਨੂੰ ਰਿਮੋਟ ਕੰਟਰੋਲ ਦੀ ਸਹਾਇਤਾ ਨਾਲ ਉਸ ਵੇਲੇ ਧਮਾਕਾ ਕਰਾ ਕੇ ਦੋ ਗੱਡੀਆਂ ਨੂੰ ਨਿਸ਼ਾਨਾ ਬਣ ਕੇ ਉਡਾ ਦਿੱਤਾ ਜਿਸ ਵੇਲੇ ਜ਼ਿਲ੍ਹਾ ਬਠਿੰਡਾ ਦੇ ਡੀ.ਸੀ. ਸ੍ਰੀ ਆਰ.ਸੀ. ਨਈਅਰ ਆਪਣੀ ਸੁਰੱਖਿਆ ਗਾਰਦ ਨਾਲ ਇਹ ਸੂਚਨਾ ਮਿਲਣ 'ਤੇ ਕਿ ਕੋਠਾ ਗੁਰੂ ਪਿੰਡ ਦੀ ਬੈਂਕ 'ਚ ਡਿਊਟੀ ਦੇ ਰਹੇ ਦੋ ਪੁਲਿਸ ਮੁਲਾਜ਼ਮਾਂ ਦੀ ਹੱਤਿਆ ਕਰਕੇ ਖਾੜਕੂ ਉਨ੍ਹਾਂ ਦਾ ਅਸਲਾ ਵੀ ਲੈ ਗਏ। ਡਿਪਟੀ ਕਮਿਸ਼ਨਰ ਸ੍ਰੀ ਨਈਅਰ ਮੌਕੇ 'ਤੇ ਜਾ ਰਹੇ ਸਨ, ਜਦੋਂ ਉਨ੍ਹਾਂ ਦੀਆਂ ਗੱਡੀਆਂ ਨੂੰ ਖਾੜਕੂਆਂ ਵੱਲੋਂ ਬੰਬ ਧਮਾਕੇ ਨਾਲ ਉਡਾ ਦਿੱਤਾ ਗਿਆ, ਜਿਸ ਨਾਲ ਡੀ.ਸੀ. ਦੀ ਕਾਰ ਉਲਟ ਗਈ ਤੇ ਗਾਰਦ ਵਾਲੀ ਐਸਕੌਰਟ ਗੱਡੀ ਨੂੰ ਵੀ ਨੁਕਸਾਨ ਪੁੱਜਾ, ਸੁਰਖਿਆ ਗਾਰਦ ਨੇ ਵੀ ਫਾਈਰਿੰਗ ਕੀਤੀ, ਜਿਸ 'ਤੇ ਖਾੜਕੂ ਉਥੋਂ ਖਿਸਕ ਗਏ। ਬੰਬ ਧਮਾਕੇ ਨਾਲ ਡੀ.ਸੀ. ਦੀ ਕਾਰ ਨੂੰ ਸਖਤ ਨੁਕਸਾਨ ਪਹੁੰਚਿਆ ਹੈ। ਇਸ ਹਮਲੇ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਆਰ.ਸੀ. ਨਈਅਰ ਜ਼ਖਮੀ ਹੋਏ ਹਨ ਤੇ ਉਨ੍ਹਾਂ ਦਾ ਗੰਨਮੈਨ ਇੰਦਰਜੀਤ ਸਿੰਘ, ਕਾਰ ਡਰਾਈਵਰ ਸੰਸਾਰ ਸਿੰਘ ਜ਼ਖਮੀ ਹੋ ਗਏ ਅਤੇ ਨਾਲ ਜਾ ਰਹੀ ਐਸਕੌਰਟ ਗੱਡੀ ਦਾ ਡਰਾਈਵਰ ਚੰਦ ਸਿੰਘ ਤੇ ਹੋਰ ਸੁਰੱਖਿਆ ਮੁਲਾਜ਼ਮ ਸਖਤ ਫੱਟੜ ਹੋ ਗਏ। ਪ੍ਰਤੱਖ ਵੇਖਣ ਵਾਲਿਆਂ ਦੇ ਦੱਸਣ ਮੁਤਾਬਕ ਐਸਕੌਰਟ ਗੱਡੀ ਵਾਲੇ ਜਵਾਨਾਂ ਨੇ ਹਮਲਾ ਹੋਣ 'ਤੇ ਜਵਾਬੀ ਫਾਈਰਿੰਗ ਵੀ ਕੀਤੀ ਜਿਸ 'ਤੇ ਖਾੜਕੂ

ਭੱਜ ਗਏ। ਜ਼ਖਮੀਆਂ ਨੂੰ ਬਠਿੰਡੇ ਦੇ ਹਸਪਤਾਲ ਵਿੱਚ ਲਿਆਂਦਾ ਗਿਆ, ਜਿਥੇ ਡਿਪਟੀ ਕਮਿਸ਼ਨਰ ਦੀ ਹਾਲਤ ਡਾਕਟਰਾਂ ਨੇ ਖਤਰੇ ਤੋਂ ਬਾਹਰ ਦੱਸੀ ਹੈ। ਜ਼ਖਮੀ ਜਵਾਨਾਂ ਦੇ ਹਸਪਤਾਲ ਵਿੱਚ ਡਾਕਟਰਾਂ ਵੱਲੋਂ ਅਪ੍ਰੇਸ਼ਨ ਕੀਤੇ ਗਏ ਹਨ।

ਇਸ ਘਟਨਾ ਦੀ ਸੂਚਨਾ ਮਿਲਦੇ ਹੀ ਸੁਰੱਖਿਆ ਬਲਾਂ ਨੇ ਇਲਾਕੇ ਨੂੰ ਘੇਰ ਲਿਆ ਅਤੇ ਨਥਾਣਾ ਦੇ ਪਾਸ ਗਿੱਦੜ ਪਿੰਡ ਦੇ ਖੇਤਾਂ ਵਿੱਚ ਨੇਹੀਆਂ ਵਾਲਾ ਥਾਣਾ ਦੀ ਪੁਲਿਸ ਦਾ ਖਾੜਕੂਆਂ ਨਾਲ ਮੁਕਾਬਲਾ ਹੋ ਗਿਆ। ਇਸ ਮੁਕਾਬਲੇ ਵਿੱਚ ਥਾਣਾ ਨੇਹੀਆਂ ਵਾਲਾ ਪੁਲਿਸ ਸਟੇਸ਼ਨ ਦਾ ਐਸ.ਐਚ.ਓ. ਜਸਵਿੰਦਰ ਸਿੰਘ ਮਾਰਿਆ ਗਿਆ। ਬਾਅਦ ਦੀ ਇਤਲਾਹ ਅਨੁਸਾਰ ਇਸ ਮੁਕਾਬਲੇ ਵਿਚ ਦੋ ਖਾੜਕੂ ਸਿੰਘ ਵੀ ਮਾਰੇ ਗਏ ਹਨ। ਜ਼ਿਲ੍ਹੇ ਦੇ ਉੱਚ ਅਧਿਕਾਰੀ ਡਿਪਟੀ ਕਮਿਸ਼ਨਰ ਸ੍ਰੀ ਏ.ਕੇ.ਸ਼ਰਮਾ ਮੌਕੇ 'ਤੇ ਪਹੁੰਚ ਗਏ ਹਨ। ਪੁਲਿਸ ਵਲੋਂ ਜਾਰੀ ਕੀਤੇ ਗਏ ਪ੍ਰੈਸ ਨੋਟ ਅਨੁਸਾਰ ਥਾਣਾ ਨੇਹੀਆਂ ਵਾਲਾ ਦੇ ਐਸ.ਐਚ.ਓ. 'ਤੇ ਖਾੜਕੂਆਂ ਵੱਲੋਂ ਉਸ ਵੇਲੇ ਘਾਤ ਲਾ ਕੇ ਹਮਲਾ ਕੀਤਾ ਗਿਆ ਜਿਸ ਵਿੱਚ ਕਿਹਾ ਗਿਆ ਹੈ ਕਿ ਐਸ.ਐਚ.ਓ. ਜਸਵਿੰਦਰ ਸਿੰਘ ਪੁਲਿਸ ਪਾਰਟੀ ਨਾਲ ਕੋਠਾ ਗੁਰੂ ਬੈਂਕ ਘਟਨਾ ਦੀ ਸੂਚਨਾ ਮਿਲਣ 'ਤੇ ਜਾ ਰਿਹਾ ਸੀ, ਖਾੜਕੂਆਂ ਨੇ ਗੋਲੀਆਂ ਚਲਾ ਕੇ ਐਸ.ਐਚ.ਓ. ਜਸਵਿੰਦਰ ਸਿੰਘ ਨੂੰ ਮਾਰ ਦਿੱਤਾ ਤੇ ਉਸ ਦੇ ਦੋ ਗੰਨਮੈਨ ਵੀ ਜ਼ਖਮੀ ਕਰ ਦਿੱਤੇ। ਇਸ ਘਟਨਾ ਤੋਂ ਬਾਅਦ ਖਾੜਕੂ ਸਕੂਟਰ 'ਤੇ ਗਿੱਦੜ ਪਿੰਡ ਤੋਂ ਨਾਥਪੁਰਾ ਪਿੰਡ ਵੱਲ ਚਲੇ ਗਏ, ਜਿਥੇ ਸੁਰੱਖਿਆ ਬਲਾਂ ਨਾਲ ਮੁਕਾਬਲਾ ਹੋ ਗਿਆ ਤੇ ਦੋਵੇਂ ਖਾੜਕੂ ਮਾਰੇ ਗਏ। ਨਥਾਣਾ ਵਿੱਚ ਐਸ.ਐਸ.ਪੀ. ਅਨਿਲ ਸ਼ਰਮਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਮਾਰੇ ਗਏ ਖਾੜਕੂਆਂ ਵਿੱਚ ਇਕ ਪ੍ਰਗਟ ਸਿੰਘ ਫੌਜੀ ਸੰਗਤਪੁਰਾ ਤੇ ਦੂਜਾ ਮਨਜਿੰਦਰ ਸਿੰਘ ਤਲਵੰਡੀ ਰਾਏ ਸੀ। ਪ੍ਰਗਟ ਸਿੰਘ ਫੌਜੀ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਲੈਫਟੀਨੈਂਟ ਜਨਰਲ ਸੀ ਤੇ 1000 ਤੋਂ ਵੱਧ ਕਤਲਾਂ ਲਈ ਜ਼ਿੰਮੇਵਾਰ ਸੀ ਅਤੇ ਉਸ ਦੇ ਸਿਰ 'ਤੇ ਸਰਕਾਰ ਵੱਲੋਂ 25 ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ ਤੇ ਉਹ ਪੁਲਿਸ ਦੀਆਂ ਗੱਡੀਆਂ ਉੱਤੇ ਹਮਲਾ ਕਰਨ ਦਾ ਮਾਹਰ ਸੀ।

ਦਲੇਰ ਸੂਰਮਾ ਸ਼ਹੀਦ ਭਾਈ ਰਸਾਲ ਸਿੰਘ ਆਰਫਕੇ

ਜਿਸ ਨੇ ਜੂਨ 84 ਦੇ ਸ੍ਰੀ ਦਰਬਾਰ ਸਾਹਿਬ 'ਤੇ ਹਿੰਦ ਸਰਕਾਰ ਵੱਲੋਂ ਵਰਤਾਏ ਤੀਜੇ ਘੱਲੂਘਾਰੇ ਸਮੇਂ ਹਿੰਦੁਸਤਾਨੀ ਫੌਜ ਦੇ ਸੱਥਰ ਵਿਛਾਏ

ਮੌਜੂਦਾ ਸਿੱਖ ਸੰਘਰਸ਼, ਕੌਮੀ ਆਜ਼ਾਦੀ ਅਰਥਾਤ ਸਿੱਖ ਕੌਮ ਦੇ ਹੱਕਾਂ ਦੀ ਪ੍ਰਾਪਤੀ ਲਈ ਲੜੇ ਜਾ ਰਹੇ ਸਿੱਖ ਸੰਘਰਸ਼ ਦੀ ਗੱਲ ਕਰਦਿਆਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸ਼ਖ਼ਸੀਅਤ ਦੀ ਤਸਵੀਰ ਆਪ ਮੁਹਾਰੇ ਅੱਖਾਂ ਸਾਹਮਣੇ ਆ ਜਾਂਦੀ ਹੈ ਤੇ ਮਨ ਵਿੱਚ ਸੰਤ ਜਰਨੈਲ ਸਿੰਘ ਜੀ ਦੀ ਸ਼ਖ਼ਸੀਅਤ ਦੇ ਪਹਿਲੂਆਂ ਨੂੰ ਜਾਨਣ ਲਈ ਮਨ ਅੰਦਰ ਵਲਵਲਿਆਂ ਦਾ ਤੂਫਾਨ ਆ ਜਾਂਦਾ ਹੈ। ਸਮਕਾਲੀ ਕਵੀਆਂ, ਕਲਮਯਾਰਾਂ ਦੀਆਂ ਕਲਮਾਂ ਆਪਣੇ ਅੰਦਾਜ਼ ਵਿੱਚ ਮਰਦ-ਏ-ਮੁਜਾਹਿਦ ਦੀਆਂ ਸਿਫਤਾਂ ਦੇ ਸੋਹਿਲੇ ਗਾਉਂਦੀਆਂ ਹਨ ਤੇ ਜਦੋਂ ਕਲਮਯਾਰ ਮੌਜੂਦਾ ਸਿੱਖ ਸੰਘਰਸ਼ ਦੇ ਯੋਧਿਆਂ ਦੀ ਜੀਵਨ ਗਾਥਾ ਲਿਖਣ ਲਈ ਘਰੋਂ ਨਿਕਲਦੇ ਹਨ ਤੇ ਇਤਿਹਾਸ ਦੇ ਸਮਕਾਲੀ ਪਾਤਰਾਂ ਨੂੰ ਮਿਲਦੇ ਹਨ ਤਾਂ ਇਹ ਪਤਾ ਵੀ ਲੱਗਦਾ ਹੈ ਕਿ ਸੰਤ ਜਰਨੈਲ ਸਿੰਘ ਜੀ ਪ੍ਰਮਾਤਮਾ ਵੱਲੋਂ ਭੇਜੇ ਗਏ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਦੇ ਰਹਿਬਰ ਸਨ; ਵਾਹਿਗੁਰੂ ਨੇ ਉਨ੍ਹਾਂ ਵਿੱਚ ਉਹ ਗੁਣ ਤੇ ਸ਼ਕਤੀ ਭਰੀ ਹੋਈ ਸੀ, ਜਿਸ ਸਦਕਾ ਸੰਤ ਜਰਨੈਲ ਸਿੰਘ ਜੀ ਦੇ ਦਰਸ਼ਨ ਕਰ ਕੇ ਅਨਪੜ੍ਹ ਤੇ ਕਠੋਰ ਬੰਦੇ ਗੁਣੀ ਗਿਆਨੀ ਬਣ ਗਏ; ਹਲਾਂ ਦੀ ਜੰਗੀ ਫੜ੍ਹ ਕੇ ਹਲ ਵਾਹੁਣ ਵਾਲੇ ਕਿਰਤੀ ਦਾਤਰੀ ਨਾਲ ਪੱਠੇ ਵੱਢਣ ਵਾਲੇ ਬੰਦੂਕਾਂ ਨਾਲ ਲੜਨ ਵਾਲੇ ਯੋਧੇ ਬਣ ਗਏ ਤੇ ਸ਼ਰਾਬੀ ਕਬਾਬੀ ਸੰਤ ਜੀ ਦੇ ਦਰਸ਼ਨ ਕਰ ਕੇ ਦੇਵਤੇ, ਸੂਰਬੀਰ ਯੋਧੇ ਬਣ ਗਏ।

ਭਾਈ ਰਸਾਲ ਸਿੰਘ ਆਰਫਕੇ (ਫਿਰੋਜ਼ਪੁਰ) ਵੀ ਅਜਿਹੇ ਬੰਦਿਆਂ ਵਿੱਚੋਂ ਸਨ। ਭਾਈ ਰਸਾਲ ਸਿੰਘ ਦਾ ਜਨਮ ਪਿਤਾ ਸ. ਤੇਜਾ ਸਿੰਘ ਦੇ ਘਰ ਮਾਤਾ ਇਕਬਾਲ ਕੌਰ ਦੀ ਕੁੱਖੋਂ ਸੰਨ 1949 ਵਿੱਚ ਪਿੰਡ ਆਰਫਕੇ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ। ਵੱਡੇ ਭਰਾ ਨਿਸ਼ਾਨ ਸਿੰਘ, ਕਰਤਾਰ ਸਿੰਘ ਤੇ ਭਾਈ ਰਸਾਲ ਸਿੰਘ, ਭੈਣਾਂ ਜੀਤ ਕੌਰ, ਜੋਗਿੰਦਰ ਕੌਰ ਹਨ।

ਭਾਈ ਰਸਾਲ ਸਿੰਘ ਦਾ ਆਨੰਦ ਕਾਰਜ ਸੰਨ 1975 ਵਿੱਚ ਜਸਬੀਰ ਕੌਰ ਪੁੱਤਰੀ ਸ. ਜੋਗਿੰਦਰ ਸਿੰਘ ਵਾਸੀ ਮੱਲਾਂਵਾਲਾਂ (ਫਿਰੋਜ਼ਪੁਰ) ਨਾਲ ਹੋਇਆ। ਆਪ ਦੇ ਚਾਰ

ਬੱਚੇ ਹੋਏ। ਵੱਡੀ ਪੁੱਤਰੀ ਰਾਜ ਕੌਰ, ਪੁੱਤਰ ਨਿਰਮਲ ਸਿੰਘ, ਗੁਰਮੁੱਖ ਸਿੰਘ, ਅਨੂਪ ਸਿੰਘ।

ਪਹਿਲਾਂ ਭਾਈ ਰਸਾਲ ਸਿੰਘ ਨਾਸਤਕ ਸੁਭਾਅ ਦੇ ਤੇ ਸ਼ਰਾਬੀ ਕਬਾਬੀ ਸਨ ਤੇ ਗੁਰਸਿੱਖੀ ਸਰੂਪ ਵੇਖ ਕੇ ਚਿੜ੍ਹਦੇ ਸਨ।

ਪਿੰਡ ਆਰਫਕੇ ਤੋਂ ਨੇੜਲੇ ਪਿੰਡ ਉਸਮਾਨਵਾਲਾ ਦੇ ਭਾਈ ਗੁਰਦੇਵ ਸਿੰਘ ਟਕਸਾਲੀ ਸਿੰਘ ਦਾ ਵਿਆਹ ਸੀ ਤੇ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਨੂੰ ਰਿਸ਼ਤਾ ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਟਕਸਾਲ ਦੇ ਪੁਰਾਣੇ ਸਿੰਘ ਭਾਈ ਗੁਰਚਰਨ ਸਿੰਘ ਝੋਕ ਹਰੀਹਰ ਦੀ ਸਪੁੱਤਰੀ ਬੀਬੀ ਹਰਬੰਸ ਕੌਰ ਨਾਲ ਕਰਾਇਆ ਸੀ। ਭਾਈ ਗੁਰਦੇਵ ਸਿੰਘ ਦੇ ਵਿਆਹ ਦੇ ਸਬੰਧ ਵਿੱਚ ਜ਼ਿੰਮੇਵਾਰੀ ਨਿਭਾਉਣ ਦੀ ਸੇਵਾ ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਭਾਈ ਗੁਰਦਿਆਲ ਸਿੰਘ ਉਸਮਾਨਵਾਲਾ ਟਕਸਾਲੀ ਸਿੰਘ ਦੀ ਲਗਾਈ ਸੀ। ਸੰਤ ਕਰਤਾਰ ਸਿੰਘ ਜੀ ਖਾਲਸਾ ਪਟਿਆਲਾ ਜ਼ਿਲ੍ਹੇ ਵਿੱਚ ਸਿੱਖੀ ਪ੍ਰਚਾਰ ਤੇ ਅੰਮ੍ਰਿਤ ਸੰਚਾਰ 'ਤੇ ਗਏ ਹੋਏ ਸਨ। ਸੰਤ ਕਰਤਾਰ ਸਿੰਘ ਜੀ ਖਾਲਸਾ ਨੇ ਭਾਈ ਜਰਨੈਲ ਸਿੰਘ ਰੋਡੇ ਨੂੰ ਕਿਹਾ ਕਿ ਭਾਈ ਜਰਨੈਲ ਸਿੰਘ ਜੀ! ਆਪਣੇ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦਾ ਕੱਲ੍ਹ ਨੂੰ ਆਨੰਦ ਕਾਰਜ ਹੈ ਤੇ ਜਥੇ ਦੀ ਬੱਸ ਲੈ ਜਾਵੋ ਤੇ ਸਵੇਰੇ ਜੰਞ ਚੜ੍ਹਨੀ ਹੈ। ਅੱਜ ਸਿੱਧਾ ਭਾਈ ਗੁਰਦੇਵ ਸਿੰਘ ਦੇ ਘਰ ਉਸਮਾਨਵਾਲੇ ਪਹੁੰਚਣਾ। ਭਾਈ ਜਰਨੈਲ ਸਿੰਘ ਰੋਡੇ, ਸੰਤ ਕਰਤਾਰ ਸਿੰਘ ਜੀ ਖਾਲਸਾ ਦੇ ਹੁਕਮ ਮੁਤਾਬਿਕ ਜਥੇ ਦੇ ਸਿੰਘਾਂ ਦੀ ਬੱਸ ਲੈ ਕੇ ਪਟਿਆਲਾ ਤੋਂ ਫਿਰੋਜ਼ਪੁਰ ਰਵਾਨਾ ਹੋਏ ਤੇ ਪਿੰਡ ਆਰਫਕੇ ਪਹੁੰਚ ਗਏ। ਦਿਨ ਛਿਪ ਚੁੱਕਾ ਸੀ ਤੇ ਭਾਰੀ ਮੀਂਹ ਪੈਣ ਨਾਲ ਜ਼ਮੀਨ 'ਤੇ ਪਾਣੀ ਭਰਿਆ ਹੋਇਆ ਤੇ ਰਾਹ ਦਾ ਪਤਾ ਨਹੀਂ ਸੀ ਲੱਗਦਾ। ਭਾਈ ਜਰਨੈਲ ਸਿੰਘ ਜੀ ਰੋਡੇ ਨੇ ਬੱਸ ਨੂੰ ਪਿੰਡ ਆਰਫਕੇ ਰੋਕ ਦਿੱਤਾ ਤੇ ਸਿੰਘਾਂ ਨਾਲ ਪੈਦਲ ਹੀ ਪਿੰਡ ਉਸਮਾਨਵਾਲਾ ਨੂੰ ਤੁਰ ਪਏ। ਪਿੰਡ ਦੇ ਨਾਲ ਹੀ ਸੇਮ ਨਾਲੇ ਦਾ ਪੁਲ ਹੈ ਤੇ ਲਾਗੇ ਹੀ ਭਾਈ ਰਸਾਲ ਸਿੰਘ ਦਾ ਘਰ ਹੈ। ਰਸਾਲ ਸਿੰਘ ਸੇਮ ਨਾਲੇ ਦੇ ਪੁਲ ਦੀ ਬੰਨੀ 'ਤੇ ਬੈਠਾ ਸ਼ਰਾਬ ਪੀ ਰਿਹਾ ਸੀ। ਸੰਤ ਜਰਨੈਲ ਸਿੰਘ ਨੇ ਪੁੱਛਿਆ, "ਭਾਈ ਗੁਰਮੁਖਾ, ਅਸੀਂ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦੇ ਘਰ ਜਾਣਾ ਜਾਂ ਭਾਈ ਗੁਰਦਿਆਲ ਸਿੰਘ ਉਸਮਾਨਵਾਲਾ ਦੇ ਘਰ ਦਾ ਰਸਤਾ ਦੱਸ ਦੇ ?" ਸੰਤ ਜਰਨੈਲ ਸਿੰਘ ਜੀ ਦੇ ਨਾਲ 40 ਦੇ ਕਰੀਬ ਸਿੰਘ ਸਨ। ਰਸਾਲ ਸਿੰਘ ਆਰਫਕੇ ਕਹਿੰਦਾ, "ਜਿਸ ਘਰ 40 ਜਾ ਵੜੇਗੇ, ਉਸ ਘਰ ਵਾਲਿਆਂ ਨੂੰ ਵਖਤ ਪਾ ਦੇਵੋਗੇ। ਉਤੋਂ ਮੀਂਹ ਪੈਂਦਾ ਪਿਆ, ਤੁਸੀਂ ਇਕੱਠੀ ਜੰਞ ਬਣੀ ਜਾਂਦੇ ਜੇ।" ਭਾਈ ਜਰਨੈਲ ਸਿੰਘ ਕਹਿੰਦੇ, "ਗੁਰਮੁਖਾ ਹੋ ਸਕਦਾ ਕੱਲ੍ਹ ਨੂੰ ਤੂੰ ਵੀ ਸਾਡੇ ਨਾਲ 41ਵਾਂ ਹੋਵੇਂ।"

ਰਸਾਲ ਦੇ ਨਾਲ ਉਸ ਸਮੇਂ ਦੁਰਗਾ ਸਿੰਘ ਸੀ ਜੋ ਰਿਸ਼ਤੇਦਾਰੀ ਤੋਂ ਭਰਾ ਲੱਗਦਾ

ਸੀ ਕਹਿੰਦਾ, "ਰਸਾਲ ਸਿੰਘ ਸੰਤ ਮਹਾਂਪੁਰਖਾਂ ਨਾਲ ਇੰਝ ਨਹੀਂ ਬੋਲੀਦਾ ਹੁੰਦਾ, ਜੇ ਕਿਤੇ ਸੰਤਾਂ ਦੇ ਮੂੰਹੋਂ ਕੋਈ ਬੋਲ ਨਿਕਲ ਗਿਆ ਤਾਂ ਸਰਾਪ ਲੱਗਜੂ।" ਰਸਾਲ ਸਿੰਘ ਕਹਿੰਦਾ, "ਦੁਰਗਾ ਸਿੰਘ ਮੈਨੂੰ ਕੀ ਸਰਾਪ ਦੇਣਗੇ ਤੇ ਕੀ ਸਰਾਪ ਲੱਗੂ, ਘਰਵਾਲੀ ਪਹਿਲਾਂ ਹੀ ਪੇਕੇ ਗਈ ਆ। ਚੁੱਲ੍ਹੇ 'ਚ ਅੱਗ ਨਹੀਂ ਬਲਦੀ ਤੇ ਗਾਂ ਦੀ ਪੂਛ ਲੰਡੀ ਆ। ਮੈਨੂੰ ਕੀ ਸਰਾਪ ਦੇ ਦੇਣਗੇ।" ਦੁਰਗਾ ਸਿੰਘ ਨੇ ਫਿਰ ਵਰਜਿਆ, "ਰਸਾਲ ਤੂੰ ਮੇਰਾ ਭਰਾ ਲੱਗਦਾਂ ਨ੍ਹੀਂ ਤਾਂ ਤੈਨੂੰ ਚੁੱਕ ਕੇ ਪੁਲ ਤੋਂ ਸੇਮ ਨਾਲੇ ਦੇ ਵਿੱਚ ਸੁੱਟ ਦੇਣਾ ਸੀ। ਸਗੋਂ ਆਖਿਆ ਭਾਈ ਗੁਰੂ ਦੇ ਸਿੰਘਾਂ ਨਾਲ ਤੁਰੇ ਜਾਂਦਿਆਂ ਨਾਲ ਐਵੇਂ ਨਹੀਂ ਆਹੜਾ ਲਾਈਦਾ।"

ਰਸਾਲ ਸਿੰਘ ਕਹਿੰਦਾ, "ਵੇਖ ਆਇਆਂ ਗੁਰੂ ਦੇ ਸਿੰਘਾਂ ਦਾ ਵੱਡਾ ਹਮਾਇਤੀ।" ਟਕਸਾਲ ਦੇ ਸਿੰਘ ਕਹਿੰਦੇ ਕਿ ਗੁਰਮੁਖਾ ਇਸ ਦੇ ਵੱਸ ਦੇ ਗੱਲ ਨਹੀਂ। ਸੱਚੇ ਪਾਤਸ਼ਾਹ ਮਿਹਰ ਕਰਨਗੇ ਆਪੇ ਸੁਧਰ ਜਾਵੇਗਾ। ਭਾਈ ਜਰਨੈਲ ਸਿੰਘ ਰੋਡੇ ਸਿੰਘਾਂ ਸਮੇਤ ਪਿੰਡ ਉਸਮਾਨਵਾਲਾ ਦੇ ਰਾਹ ਪੈ ਗਏ। ਦੁਰਗਾ ਸਿੰਘ, ਰਸਾਲ ਸਿੰਘ ਨਾਲ ਨਰਾਜ਼ ਹੋ ਕੇ ਪਿੰਡ ਨੂੰ ਤੁਰ ਪਿਆ। ਰਸਾਲ ਸਿੰਘ, "ਭਾਊ ਦੁਰਗਾ ਸਿੰਹਾਂ, ਨਰਾਜ਼ ਨਾ ਹੋ ਯਾਰ ਮੈਂ ਤਾਂ ਤੈਨੂੰ ਕੁਝ ਕਿਹਾ ਈ ਨਹੀਂ।" ਰਸਾਲ ਸਿੰਘ ਆਵਾਜ਼ਾਂ ਮਾਰਦਾ ਰਿਹਾ, ਪਰ ਦੁਰਗਾ ਸਿੰਘ ਆਪਣੇ ਘਰ ਨੂੰ ਚਲਾ ਗਿਆ।

ਸੰਤ ਜਰਨੈਲ ਸਿੰਘ ਸਿੰਘਾਂ ਦੇ ਜਥੇ ਸਮੇਤ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦੀ ਢਾਣੀ 'ਤੇ ਪਹੁੰਚ ਗਏ ਤੇ ਭਾਈ ਗੁਰਦੇਵ ਸਿੰਘ ਨੂੰ ਮਿਲਣ ਤੋਂ ਬਾਅਦ, ਰਾਤ ਦੇ ਬਿਸਰਾਮ ਲਈ, ਭਾਈ ਗੁਰਦਿਆਲ ਸਿੰਘ ਉਸਮਾਨਵਾਲਾ ਦੇ ਘਰ ਪਹੁੰਚ ਗਏ।

ਰਸਾਲ ਸਿੰਘ ਡਰੇਨ ਦੇ ਪੁਲ ਤੋਂ ਉੱਠ ਕੇ ਆਪਣੇ ਨੇੜੇ ਦੇ ਘਰ ਪਹੁੰਚ ਗਿਆ। ਰਾਤ ਰੋਟੀ ਨਾ ਖਾਧੀ ਤੇ ਸੌਂ ਗਿਆ। ਜਦੋਂ ਨੀਂਦ ਆਵੇ ਅੱਖ ਲੱਗੇ ਤਾਂ ਸਿੰਘ ਨਜ਼ਰ ਆਉਣ ਤੇ ਉਨ੍ਹਾਂ ਦੇ ਨਾਲ ਆਪ ਨੂੰ ਵੀ ਉਸੇ ਰੂਪ ਵਿੱਚ ਵੇਖ ਕੇ ਹੈਰਾਨ ਹੋ ਜਾਵੇ। ਸਾਰੀ ਰਾਤ ਸਿੰਘਾਂ ਨਾਲ ਫਿਰਦਿਆਂ ਹੀ ਲੰਘ ਗਈ। ਦਿਨ ਚੜ੍ਹਿਆ ਨਹਾ ਕੇ ਕੱਪੜੇ ਬਦਲੇ, ਸਿੰਘਾਂ ਤੋਂ ਗਲਤੀ ਦੀ ਮੁਆਫੀ ਮੰਗਣ ਲਈ, ਪਿੰਡ ਉਸਮਾਨਵਾਲਾ ਦੇ ਰਾਹ ਤੁਰ ਪਿਆ ਤੇ ਜਾ ਕੇ ਭਾਈ ਗੁਰਦਿਆਲ ਸਿੰਘ ਦੇ ਘਰ ਆਵਾਜ਼ ਮਾਰੀ। ਭਾਈ ਗੁਰਦਿਆਲ ਸਿੰਘ ਕਹਿੰਦਾ, "ਆ ਭਾਈ ਕਿਵੇਂ ਆਉਣਾ ਹੋਇਆ ?" ਰਸਾਲ ਸਿੰਘ ਕਹਿੰਦਾ, "ਜਥੇਦਾਰ ਜੀ, ਜਿਹੜੇ ਰਾਤੀਂ ਬਾਬੇ ਆਏ ਸੀ, ਉਨ੍ਹਾਂ ਨੂੰ ਮਿਲਾ ਦੇਵੋ। ਮੇਰੇ ਤੋਂ ਰਾਤੀਂ ਸ਼ਰਾਬੀ ਹੋਏ ਤੋਂ ਗਲਤੀ ਹੋ ਗਈ, ਮੈਂ ਬਾਬਿਆਂ ਤੋਂ ਮਾਫੀ ਮੰਗਣ ਆਇਆਂ। ਮੈਨੂੰ ਤਾਂ ਬਾਬਿਆਂ ਸਾਰੀ ਰਾਤ ਨਹੀਂ ਸੌਣ ਦਿੱਤਾ, ਆਪਣੇ ਨਾਲ ਈ ਲਈ ਫਿਰਦੇ ਰਹੇ ਆ।"

ਭਾਈ ਗੁਰਦਿਆਲ ਸਿੰਘ, ਰਸਾਲ ਸਿੰਘ ਨੂੰ ਆਪਣੇ ਘਰ ਸਿੰਘਾਂ ਦੇ ਕੋਲ ਲੈ

ਗਿਆ। ਰਸਾਲ ਸਿੰਘ ਪੈਰਾਂ ਤੋਂ ਜੁੱਤੀ ਲਾਹ ਕੇ, ਭਾਈ ਜਰਨੈਲ ਸਿੰਘ ਰੋਡੇ (ਸੰਤ) ਤੇ ਸਿੰਘਾਂ ਅੱਗੇ ਹੱਥ ਜੋੜ ਕੇ ਖਲੋ ਗਿਆ ਤੇ ਕਹਿਣ ਲੱਗਾ, "ਮਹਾਂਪੁਰਖੋ! ਗਰੀਬ ਨੂੰ ਬਖਸ਼ ਦੇਵੋ। ਮੈਂ ਸ਼ਰਾਬ ਪੀਤੀ ਸੀ, ਮੇਰੇ ਤੋਂ ਵੱਧ ਘੱਟ ਬੋਲਿਆ ਗਿਆ।" ਭਾਈ ਜਰਨੈਲ ਸਿੰਘ ਰੋਡੇ ਕਹਿੰਦੇ, "ਭਾਈ ਗੁਰਮੁਖਾ, ਸ਼ਰਾਬ ਛੱਡ ਦੇ, ਤੂੰ ਗਲਤ ਨਹੀਂ ਸੀ ਬੋਲਿਆ, ਸ਼ਰਾਬ ਈ ਗਲਤ ਬੁਲਾਉਂਦੀ ਆ।" ਰਸਾਲ ਸਿੰਘ ਕਹਿੰਦਾ, "ਮਹਾਂਪੁਰਖੋ! ਇਥੇ ਰਹਿ ਕੇ ਤਾਂ ਮੇਰੇ ਤੋਂ ਛੱਡੀ ਨਹੀਂ ਜਾਣੀ, ਮੈਨੂੰ ਆਪਣੇ ਨਾਲ ਲੈ ਜਾਵੋ, ਫਿਰ ਛੱਡ ਸਕਦਾਂ।" ਭਾਈ ਜਰਨੈਲ ਸਿੰਘ (ਸੰਤ) ਜੀ ਨੇ ਰਸਾਲ ਸਿੰਘ ਨੂੰ ਜੱਫੀ ਵਿੱਚ ਲੈ ਲਿਆ। ਸੰਤ ਜਰਨੈਲ ਸਿੰਘ ਜੀ ਦੀ ਗਲਵਕੜੀ ਨੇ ਰਸਾਲ ਸਿੰਘ ਦੇ ਸਾਰੇ ਜਨਮ ਜਨਮਾਂਤਰਾਂ ਦੇ ਪਾਪ ਧੋ ਦਿੱਤੇ। ਰਸਾਲ ਸਿੰਘ ਦੇ ਮਨ ਦੇ ਸਾਰੇ ਬੋਝ ਤੇ ਐਬ ਜਾਂਦੇ ਰਹੇ। ਟਕਸਾਲ ਦੇ ਸਿੰਘ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦੀ ਬਰਾਤ ਨਾਲ ਜਾਣ ਦੀ ਤਿਆਰੀ ਕਰ ਰਹੇ ਸਨ। ਸਿੰਘਾਂ ਨੇ ਰਸਾਲ ਸਿੰਘ ਨੂੰ ਚੋਲਾ ਕਛਹਿਰਾ ਪਵਾ ਦਿੱਤਾ ਤੇ ਸਿਰ 'ਤੇ ਗੋਲ ਦਸਤਾਰ ਸਜਾ ਕੇ ਬਰਾਤ ਦੇ ਨਾਲ ਤਿਆਰ ਕਰ ਲਿਆ। ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਬੀਤੀ ਰਾਤ ਕਹੇ ਬੋਲ ਸੱਚੇ ਹੋ ਗਏ ਕਿ ਹੋ ਸਕਦਾ 40 ਸਿੰਘਾਂ ਦੀ ਬਰਾਤ ਦੇ ਨਾਲ ਕੱਲ੍ਹ ਨੂੰ 41ਵਾਂ ਤੂੰ ਵੀ ਨਾਲ ਹੋਵੇਂ। ਸੱਚ-ਮੁੱਚ 41ਵਾਂ ਰਸਾਲ ਸਿੰਘ ਵੀ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦੀ ਬਰਾਤ ਵਿੱਚ ਟਕਸਾਲ ਦੇ ਜਥੇ ਦੇ ਸਿੰਘਾਂ ਨਾਲ ਸੀ।

ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦੀ ਬਰਾਤ ਰਿਸ਼ਤੇਦਾਰ, ਸਬੰਧੀਆਂ ਅਤੇ ਟਕਸਾਲ ਦੇ ਜਥੇ ਸਮੇਤ ਪਿੰਡ ਝੋਕ ਹਰੀਹਰ ਢੁਕੀ ਅਤੇ ਭਾਈ ਗੁਰਦੇਵ ਸਿੰਘ ਨੂੰ ਵਿਆਹ ਕੇ ਸ਼ਾਮ ਨੂੰ ਘਰ ਪਿੰਡ ਉਸਮਾਨਵਾਲਾ ਦੀ ਢਾਣੀ 'ਤੇ ਵਾਪਸ ਪਰਤ ਆਈ। ਰਾਤ ਦਾ ਬਿਸਰਾਮ ਭਾਈ ਗੁਰਦਿਆਲ ਸਿੰਘ ਉਸਮਾਨਵਾਲ ਦੇ ਘਰ ਟਕਸਾਲ ਦੇ ਸਿੰਘਾਂ ਨੇ ਕੀਤਾ। ਰਸਾਲ ਸਿੰਘ ਵੀ ਰਾਤ ਜਥੇ ਕੋਲ ਰਿਹਾ। ਅਗਲੇ ਦਿਨ ਟਕਸਾਲ ਦੇ ਸਿੰਘਾਂ ਨੇ ਮਹਿਤੇ ਜਾਣ ਦੀ ਤਿਆਰੀ ਕੀਤੀ। ਭਾਈ ਜਰਨੈਲ ਸਿੰਘ (ਸੰਤ) ਜੀ ਕਹਿਣ ਲੱਗੇ, "ਭਾਈ ਰਸਾਲ ਸਿੰਹਾਂ, ਘਰ ਸਲਾਹ ਕਰ ਆਉਣੀ ਸੀ ਤੇ ਦੱਸ ਆਉਣਾ ਸੀ।" ਰਸਾਲ ਸਿੰਘ ਕਹਿੰਦਾ, "ਮਹਾਂਪੁਰਖੋ! ਹੁਣ ਝੂਠੇ ਘਰ ਦੀ ਲੋੜ ਨਹੀਂ, ਆਪ ਜੀ ਨੇ ਮਿਹਰ ਕਰਕੇ ਸੱਚੇ ਘਰ ਦਾ ਰਾਹ ਵਿਖਾ ਦਿੱਤਾ ਹੈ।" ਸੰਤ ਜੀ ਕਹਿੰਦੇ, "ਰਸਾਲ ਸਿੰਹਾਂ, ਫਿਰ ਅਸੀਂ ਘਰ ਨਹੀਂ ਆਉਣ ਦੇਣਾ।" ਰਸਾਲ ਸਿੰਘ, "ਮਹਾਂਪੁਰਖੋ! ਜੇ ਤੁਸੀਂ ਆਪ ਭੇਜੋਗੇ ਫਿਰ ਵੀ ਨਹੀਂ ਆਵਾਂਗਾ, ਅਗਲੇ ਘਰ ਵੀ ਆਪਦੇ ਨਾਲ ਹੀ ਜਾਵਾਂਗਾ।" ਵਿਚਾਰਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਵਿਸ਼ਾਲ ਹਿਰਦੇ ਦੇ ਮਾਲਕ ਸਨ, ਜਿਨ੍ਹਾਂ ਭਾਈ ਰਸਾਲ ਸਿੰਘ ਦੇ ਸ਼ਰਾਬੀ ਹਾਲਤ ਵਿੱਚ ਕਹੇ ਬੋਲ ਦਾ ਗੁੱਸਾ ਕਰਕੇ ਸਰਾਪ ਨਹੀਂ ਦਿੱਤਾ। ਸਗੋਂ ਭਾਈ ਰਸਾਲ ਸਿੰਘ ਨੂੰ ਭਾਈ ਗੁਰਮੁਖਾ

ਕਹਿ ਕੇ ਕਿ ਕੱਲ੍ਹ ਨੂੰ ਤੂੰ ਵੀ 41ਵਾਂ ਸਿੰਘ ਸਾਡੇ ਨਾਲ ਹੋਵੇਂਗਾ, ਉਸ ਨੂੰ ਸ਼ੁਭ ਵਰ ਦੇ ਕੇ ਤਾਰ ਦਿੱਤਾ ਤੇ ਭਾਈ ਰਸਾਲ ਸਿੰਘ ਦੀ ਕਾਇਆ ਕਲਪ ਹੋ ਗਈ। ਉਹ ਨਾਸਤਕ ਤੋਂ ਗੁਰਸਿੱਖੀ ਜੀਵਨ ਵਾਲਾ ਬਹਾਦਰ ਸੂਰਬੀਰ ਯੋਧਾ ਬਣ ਗਿਆ ਤੇ ਉਸ ਨੇ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਨਾਲ ਹੀ ਸ਼ਹੀਦ ਹੋਣ ਦਾ ਸੰਕਲਪ ਵੀ ਲੈ ਲਿਆ, ਜੋ ਸੱਚੇ ਪਾਤਸ਼ਾਹ ਵਾਹਿਗੁਰੂ ਨੇ 6 ਜੂਨ 1984 ਨੂੰ ਹਿੰਦੁਸਤਾਨੀ ਫੌਜਾਂ ਨਾਲ ਟੱਕਰ ਲੈਂਦਿਆਂ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਦਿਆਂ ਸ਼ਹਾਦਤ ਦਾ ਜਾਮ ਪੀ ਕੇ ਸਿੱਖ ਸ਼ਹੀਦਾਂ ਦੇ ਇਤਿਹਾਸ ਵਿੱਚ ਅਮਰ ਹੋ ਗਏ। ਭਾਈ ਰਸਾਲ ਸਿੰਘ ਆਰਫਕੇ ਮਹਿਤੇ ਪਹੁੰਚ ਗਿਆ। ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਜਥੇ ਵਿੱਚ ਸ਼ਾਮਲ ਹੋ ਗਿਆ। ਪੰਜਾਂ ਪਿਆਰਿਆਂ ਹੱਥੋਂ ਅੰਮ੍ਰਿਤ ਛਕ ਕੇ ਦਮਦਮੀ ਟਕਸਾਲ ਦੇ ਜਥੇ ਵਿੱਚ ਰਲ ਗਿਆ। ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਜਥੇ ਦੇ ਸਿੰਘਾਂ ਨੂੰ ਘਰ ਜਾਣ ਦੀ ਆਪ ਛੁੱਟੀ ਦੇ ਦਿਆ ਕਰਦੇ ਸਨ।

ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸੜਕ ਹਾਦਸੇ ਵਿੱਚ ਅਕਾਲ ਚਲਾਣਾ ਕਰ ਜਾਣ ਤੋਂ ਪਿਛੋਂ ਦਮਦਮੀ ਟਕਸਾਲ ਦੇ ਨਵੇਂ ਮੁਖੀ ਦੀ ਚੋਣ ਸਬੰਧੀ ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਸਤਿਕਾਰਯੋਗ ਨਾਮ ਅਭਿਆਸੀ ਵਾਹਿਗੁਰੂ ਦੇ ਰੰਗ ਵਿੱਚ ਇਕਮਿਕ ਹੋਈ ਰੂਹ ਬਾਬਾ ਠਾਕੁਰ ਸਿੰਘ ਜੀ ਦੀ ਅਗਵਾਈ ਹੇਠ ਹੋਈ ਦਮਦਮੀ ਟਕਸਾਲ ਦੇ 45 ਸਿੰਘਾਂ ਦੀ ਮੀਟਿੰਗ ਵਿੱਚ ਭਾਈ ਰਸਾਲ ਸਿੰਘ ਆਰਫਕੇ ਵੀ ਮੌਜੂਦ ਸਨ। 13 ਅਪ੍ਰੈਲ 1978 ਦੇ ਵਿਸਾਖੀ ਦੇ ਦਿਹਾੜੇ ਨਰਕਧਾਰੀ ਗੁਰਬਚਨੇ ਵਲੋਂ ਕੀਤੇ ਗਏ ਕੂੜ-ਕੁਸੱਤ ਨੂੰ ਸ਼ਾਂਤਮਈ ਢੰਗ ਨਾਲ ਵਿਰੋਧ ਕਰਨ ਗਏ, ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ 'ਤੇ ਨਰਕਧਾਰੀ ਦੇ ਗੁੰਡਾ ਬ੍ਰਿਗੇਡ ਵੱਲੋਂ ਵਰਤਾਏ ਗਏ ਖੂਨੀ ਕਾਂਡ ਵਿੱਚ ਜ਼ਖਮੀ ਹੋਣ ਵਾਲੇ 150 ਤੋਂ ਵੱਧ ਸਿੰਘਾਂ ਵਿੱਚ ਰਸਾਲ ਸਿੰਘ ਵੀ ਸ਼ਾਮਲ ਸਨ ਤੇ ਹਿੰਦ ਸਰਕਾਰ ਦੀਆਂ ਅਦਾਲਤਾਂ ਵਲੋਂ ਦੋਸ਼ੀਆਂ ਨੂੰ ਸਾਫ ਬਰੀ ਕਰ ਦੇਣ ਤੋਂ ਬਾਅਦ, ਸ਼ਹੀਦਾਂ ਦੇ ਡੁੱਲ੍ਹੇ ਖੂਨ ਦਾ ਇਨਸਾਫ ਲੈਣ ਲਈ ਭਾਈ ਰਸਾਲ ਸਿੰਘ ਨੇ ਆਪਣੇ ਹਿੱਸੇ ਦੀ ਦੋ ਕਿੱਲੇ ਜ਼ਮੀਨ ਵੇਚ ਕੇ ਹਥਿਆਰ ਖਰੀਦੇ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਨਰਕਧਾਰੀਆਂ ਅਤੇ ਸਿੱਖ ਕੌਮ ਦੇ ਕਾਤਲਾਂ ਅਤੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਨ ਲਈ ਬੁੱਚੜ ਪੁਲਸੀਆਂ ਵਿਰੁੱਧ ਛੇੜੇ ਜਹਾਦ, ਮੋਟਰ ਸਾਈਕਲ ਸਵਾਰ ਸਿੰਘ ਸੂਰਮਿਆਂ ਵਿੱਚ ਮੰਨੇ ਜਾਂਦੇ ਹਨ।

4 ਅਪ੍ਰੈਲ 1983 ਨੂੰ ਧਰਮ ਯੁੱਧ ਮੋਰਚੇ ਦੌਰਾਨ ਅਕਾਲੀ ਦਲ, ਦਮਦਮੀ ਟਕਸਾਲ, ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਧਰਮ ਯੁੱਧ ਮੋਰਚਾ ਹਮਾਇਤੀ ਜਥੇਬੰਦੀਆਂ ਵੱਲੋਂ ਦਿੱਤੇ ਗਏ ਰਸਤਾ ਰੋਕੋ ਪ੍ਰੋਗਰਾਮ 'ਤੇ ਅਮਲ ਕਰਦਿਆਂ ਫਾਜ਼ਿਲਕਾ (ਜ਼ਿਲ੍ਹਾ

ਫਿਰੋਜ਼ਪੁਰ) ਤੋਂ ਗੁਰੂ ਹਰਸਹਾਇ ਰੋਡ 'ਤੇ ਪਿੰਡ ਜੱਟਾਂਵਾਲੀ ਦੇ ਚੜ੍ਹਦੀ ਕਲਾ ਵਾਲੇ ਸਿੰਘ ਜਥੇਦਾਰ ਲਹਿਰਾ ਸਿੰਘ ਨੇ ਮੁੱਖ ਸੜਕ 'ਤੇ ਸ਼ਤੀਰੀਆਂ ਰੱਖ ਕੇ ਆਪਣੀਆਂ 5 ਧੀਆਂ ਤੇ ਸਿੰਘਣੀ ਨੂੰ ਨਾਲ ਲੈ ਕੇ 7 ਜਾਣਿਆਂ ਨੇ ਦੋ ਘੰਟੇ ਰਸਤਾ ਰੋਕੀ ਰੱਖਿਆ। ਪੁਲਿਸ ਪ੍ਰਸ਼ਾਸਨ ਨੂੰ ਇਕ ਸਿੰਘ ਵੱਲੋਂ ਆਪਣੇ ਪਰਿਵਾਰ ਸਮੇਤ ਰਸਤਾ ਰੋਕਣ ਦੀ ਖਬਰ ਪਹੁੰਚੀ ਤਾਂ ਥਾਣੇਦਾਰ ਬਿੱਛੂ ਰਾਮ, ਜੋ ਬੜਾ ਜਵਾਨ ਆਕੜ ਖਾਂ ਸੀ, ਉਸ ਨੇ ਆਉਂਦੇ ਨੇ ਹੀ ਕਿਹਾ ਕਿ ਤੁਸੀਂ ਰਸਤਾ ਕਿਉਂ ਬੰਦ ਕੀਤਾ ? ਤਾਂ ਜਥੇਦਾਰ ਲਹਿਰਾ ਸਿੰਘ ਨੇ ਕਿਹਾ ਕਿ ਪੰਥ ਦਾ ਹੁਕਮ ਆ ਰਸਤਾ ਰੋਕਣਾ ਤਾਂ ਅਸੀਂ ਰੋਕ ਦਿੱਤਾ। ਥਾਣੇਦਾਰ ਬਿੱਛੂ ਰਾਮ ਕਹਿੰਦਾ ਕਿ ਤੂੰ ਅੰਮ੍ਰਿਤ ਕਿਥੋਂ ਛਕਿਆ ? ਜਥੇਦਾਰ ਕਹਿੰਦਾ ਭਿੰਡਰਾਂਵਾਲੇ ਜਥੇ ਤੋਂ। ਥਾਣੇਦਾਰ ਨੇ ਜਥੇਦਾਰ ਨੂੰ ਡਾਂਗਾਂ ਨਾਲ ਇੰਨਾ ਕੁਟਿਆ, ਉਸਦੀਆਂ ਲੱਤਾਂ ਸੁਜਾ ਦਿੱਤੀਆਂ, ਉਸਦੀ ਦਾੜ੍ਹੀ ਮੁੰਨ ਦਿੱਤੀ ਤੇ ਕਿਹਾ ਕਿ ਜਾਹ ਜਾ ਕੇ ਭਿੰਡਰਾਂਵਾਲੇ ਨੂੰ ਦੱਸ ਦੇ, ਮੈਂ ਜੋ ਕੀਤਾ ਹੈ। ਤੀਜੇ ਦਿਨ ਜਥੇਦਾਰ ਲਹਿਰਾ ਸਿੰਘ ਜੱਟਾਂਵਾਲੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚਿਆ। ਥਾਣੇਦਾਰ ਬਿੱਛੂ ਰਾਮ ਵੱਲੋਂ ਜਥੇਦਾਰ ਲਹਿਰਾ ਸਿੰਘ ਉੱਤੇ ਕੀਤੇ ਤਸ਼ੱਦਦ ਦੀ ਖਬਰ ਅਖਬਾਰਾਂ ਵਿੱਚ 2 ਅਪ੍ਰੈਲ ਨੂੰ ਹੀ ਛਪ ਗਈ ਸੀ। ਜਥੇਦਾਰ ਲਹਿਰਾ ਸਿੰਘ ਨੇ ਆਪਣੀ ਹੱਡ ਬੀਤੀ ਸੁਣਾਈ ਤਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ (ਸ੍ਰੀ ਅੰਮ੍ਰਿਤਸਰ) ਦੀ ਸਟੇਜ ਤੋਂ ਸਿੱਖ ਕੌਮ ਨੂੰ ਹਲੂਣਾ ਦਿੰਦਿਆਂ ਕਿਹਾ ਕਿ ਭਾਈ ਲਹਿਰਾ ਸਿੰਘ ਨੂੰ ਗੋਲੀ ਮਾਰ ਦੇਂਦੇ, ਜਿਥੇ ਹੋਰਨਾਂ ਸਿੰਘਾਂ ਨੂੰ ਸ਼ਰਧਾਂਜਲੀ ਦਿੱਤੀ ਉਥੇ ਉਸਦਾ ਪਾਠ ਕਰਾ ਕੇ ਸ਼ਰਧਾਂਜਲੀ ਦੇ ਦੇਂਦੇ, ਹੁਣ ਇਨ੍ਹੇ ਬਿੱਛੂ ਰਾਮ ਨੇ ਅੰਮ੍ਰਿਤਧਾਰੀ ਸਿੰਘ ਦੀ ਦਾੜ੍ਹੀ ਮੁੰਨ ਕੇ ਕਿਹਾ ਕਿ ਭਿੰਡਰਾਂਵਾਲੇ ਨੂੰ ਜਾ ਕੇ ਕਹਿ ਦੇਵੋ, ਜੋ ਕੁਝ ਉਹਨੇ ਕਰਨਾ ਕਰ ਲਵੇ। ਮੈਂ ਤੇ ਸਾਧ ਸੰਗਤ ਜੀ ਇਥੇ ਬੈਠਾ ਹਾਂ। ਬਾਹਰ ਮੈਂ ਜਾ ਨਹੀਂ ਸਕਦਾ। ਪਰ ਗੁਰੂ ਕੇ ਸਿੰਘ ਕਿਸੇ ਵੀ ਕੀਮਤ 'ਤੇ ਇਹਨੂੰ ਛੱਡਣਗੇ ਨਹੀਂ। ਜਿਸ ਦਿਨ ਗੁਰੂ ਕੇ ਲਾਲਾਂ ਨੇ ਇਸ ਨਾਲ ਹਿਸਾਬ ਚੁੱਕਤਾ ਕਰ ਦਿੱਤਾ, ਫਿਰ ਕਹਿਣਗੇ ਭਿੰਡਰਾਂਵਾਲੇ ਦਾ ਕੰਮ ਆ। ਮੈਂ ਤਾਂ ਇਥੇ ਬੈਠਾਂ ਬਾਹਰ ਜਾਂਦਾ ਨਹੀਂ। ਹੁਣ ਗੁਰੂ ਦੇ ਸਿੰਘਾਂ ਦਾ ਕੰਮ ਆ ਬਣੀ ਉਸ ਨਾਲ ਕਿਵੇਂ ਨਿਬੜਨਾ। ਮੈਂ ਤਾਂ ਉਸ ਨੂੰ ਕੁਝ ਕਹਿੰਦਾ ਨਹੀਂ। ਜਦੋਂ ਸੀ.ਆਈ.ਡੀ. ਵਾਲਿਆਂ ਨੇ ਬਿੱਛੂ ਰਾਮ ਨੂੰ ਰਿਪੋਰਟ ਭੇਜੀ ਕਿ ਬੱਚੂ ਪੰਗਾ ਤਾਂ ਲੈ ਲਿਆ ਈ ਹੁਣ ਤੇਰੀ ਖੈਰ ਨਹੀਓਂ। ਬਿੱਛੂ ਰਾਮ ਨੇ ਆਪਣੀ ਘਰਵਾਲੀ ਤੇ ਕੁੜੀਆਂ ਨੂੰ ਭੇਜ ਦਿੱਤਾ ਕਿ ਜਾਹ ਜਾ ਕੇ ਸੰਤਾਂ ਦੀ ਮਿੰਨਤ ਤਰਲਾ ਕਰ, ਸਿੰਘ ਬੀਬੀਆਂ 'ਤੇ ਵਾਰ ਨਹੀਂ ਕਰਦੇ। ਜੇ ਮੈਂ ਉਥੇ ਗਿਆ ਭਲਾ ਡੀ.ਆਈ.ਜੀ. ਅਟਵਾਲ ਵਾਂਗ ਕਿਤੇ ਉਥੇ ਈ ਨਾ ਬੁੜ੍ਹਕਾ ਦੇਣ। ਥਾਣੇਦਾਰ ਬਿੱਛੂ ਰਾਮ ਦੀ ਘਰਵਾਲੀ ਕੁੜੀਆਂ ਨੂੰ ਨਾਲ ਲੈ ਕੇ ਸੰਤ ਜੀ ਪਾਸ ਪਹੁੰਚੀ ਤੇ ਹੱਥ ਜੋੜ ਕੇ ਕਹਿਣ ਲੱਗੀ ਕਿ ਸੰਤ ਜੀ, ਸਾਡੀਆਂ ਜਵਾਨ

ਧੀਆਂ ਵਿਆਹੁਣ ਵਾਲੀਆਂ ਨੇ। ਇਕ ਵਾਰੀ ਮਾਫ ਕਰ ਦੇਵੋ। ਇਸ ਤੋਂ ਅੱਗੇ ਇਹੋ ਜਿਹੀ ਗਲਤੀ ਨਹੀਂ ਕਰੇਗਾ। ਸੰਤ ਜੀ ਨੇ ਕਿਹਾ ਕਿ ਸਿੰਘ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦੇਂਦਾ। ਪਰ ਸਿੱਖ ਦੀ ਦਾੜ੍ਹੀ ਕੱਟ ਕੇ ਭੇਜ ਦਿੱਤਾ ਮੇਰੇ ਕੋਲ, ਪਹਿਲਾਂ ਹੱਥ ਸਿਰ 'ਤੇ ਪਾ ਲੈਂਦੇ ਆ, ਫਿਰ ਕੰਬਦੇ ਵੀ ਜ਼ਿਆਦਾ ਨੇ। ਜਾਹ ਬੀਬੀ ਅਸੀਂ ਤੇਰੇ ਨਾਲ ਇੰਨਾ ਵਾਅਦਾ ਕਰਦੇ ਆਂ, ਆਪਣੀਆਂ ਧੀਆਂ ਦੇ ਵਿਆਹ ਕਰ। ਜਿਥੇ ਮਰਜ਼ੀ ਬਿੱਛੂ ਰਾਮ ਤੁਰਦਾ ਫਿਰੇ, ਗੁਰੂ ਕੇ ਸਿੰਘ ਧੀਆਂ ਭੈਣਾਂ ਦੇ ਵਿਆਹ 'ਚ ਵਿਘਨ ਨਹੀਂ ਪਾਉਂਦੇ।

ਥਾਣੇਦਾਰ ਬਿੱਛੂ ਰਾਮ ਨੇ ਆਪਣੀਆਂ ਧੀਆਂ ਦੇ ਵਿਆਹ ਕਰ ਦਿੱਤੇ, ਉਹ ਸਮਝਦਾ ਸੀ ਕਿ ਸਿੰਘਾਂ ਨੂੰ ਮੇਰਾ ਚੇਤਾ ਭੁੱਲ ਗਿਆ ਹੋਵੇਗਾ। ਉਹ ਕੀ ਜਾਣੇ ਕਿ ਇਹ ਤਾਂ ਜਲ੍ਹਿਆਂ ਵਾਲੇ ਬਾਗ ਦੇ ਖੂਨੀ ਸਾਕੇ ਦੇ ਜ਼ਿੰਮੇਵਾਰ ਉਡਵਾਇਰ ਨੂੰ 21 ਸਾਲ ਬਾਅਦ ਵੀ ਲੰਡਨ 'ਚ ਪਹੁੰਚ ਕੇ ਸ. ਊਧਮ ਸਿੰਘ ਨੇ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ।

4 ਅਪ੍ਰੈਲ 1983 ਨੂੰ ਬਿੱਛੂ ਰਾਮ ਨੇ ਸਿੱਖ 'ਤੇ ਜ਼ੁਲਮ ਢਾਹਿਆ ਸੀ, ਸਿੰਘ ਤੇ ਤਸ਼ੱਦਦ ਕੀਤਾ ਸੀ। ਸਿੱਖ ਦੀ ਦਾੜ੍ਹੀ ਕੱਟ ਦਿੱਤੀ ਸੀ। ਸਮਾਂ ਬੀਤਦਾ ਗਿਆ। ਗੁਰੂ ਦੇ ਸਿੰਘ ਦਮਦਮੀ ਟਕਸਾਲ ਦੇ ਯੋਧੇ, ਮੌਤ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਜਿਊਣ ਵਾਲੇ, ਭਾਈ ਅਜਾਇਬ ਸਿੰਘ ਮਹਾਂਕਾਲ, ਭਾਈ ਜਰਨੈਲ ਸਿੰਘ ਬੂਹ, ਭਾਈ ਰਸਾਲ ਸਿੰਘ ਆਰਫਕੇ ਨੂੰ ਜਥੇਦਾਰ ਦੁਰਗਾ ਸਿੰਘ ਆਰਫਕੇ ਨੇ ਦੱਸਿਆ ਕਿ ਥਾਣੇਦਾਰ ਬਿੱਛੂ ਰਾਮ ਇਸ ਸਮੇਂ ਥਾਣੇ ਵਿੱਚੋਂ ਨਿਕਲ ਕੇ ਘਰ ਨੂੰ ਜਾਂਦਾ ਹੈ ਤੇ ਆਹ ਸਮਾਂ ਸੋਧਣ ਲਈ ਮਦਦ ਕਰ ਸਕਦਾ ਹੈ। ਗੁਰੂ ਦੇ ਸਿੰਘਾਂ ਨੇ ਆਪਣੀ ਸਕੀਮ ਅਨੁਸਾਰ ਆਪਣਾ ਬੁਲਟ ਮੋਟਰ ਸਾਈਕਲ 'ਤੇ ਹਥਿਆਰਾਂ ਦਾ ਪ੍ਰਬੰਧ ਕਰ ਕੇ ਪੂਰੀ ਤਿਆਰੀ ਨਾਲ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਜਦੋਂ ਫਿਰੋਜ਼ਪੁਰ ਸ਼ਹਿਰ ਪਹੁੰਚੇ ਤਾਂ ਸਤੀਏ ਵਾਲਾ ਚੌਂਕ 'ਚ ਡੀ.ਐਸ.ਪੀ. ਕਪੂਰ ਪੁਲਿਸ ਪਾਰਟੀ ਨਾਲ ਨਾਕਾ ਲਾਈ ਖੜ੍ਹਾ ਸੀ। ਦਮਦਮੀ ਟਕਸਾਲ ਦੇ ਸਮਕਾਲੀ ਯੋਧੇ ਭਾਈ ਗੁਰਨਾਮ ਸਿੰਘ, ਭਾਈ ਜਰਨੈਲ ਸਿੰਘ ਬੂਹ, ਭਾਈ ਅਜਾਇਬ ਸਿੰਘ ਮਹਾਂਕਾਲ ਤੇ ਭਾਈ ਰਸਾਲ ਸਿੰਘ ਆਰਫਕੇ ਤਿੰਨਾਂ ਸਿੰਘਾਂ ਕੋਲ ਇਕ ਸਟੇਨਗੰਨ, ਇੱਕ ਕੱਟੀ ਹੋਈ 315 ਬੋਰ ਤੇ ਇਕ 55 ਬੋਰ ਦਾ ਰਿਵਾਲਵਰ ਹੁੰਦਾ ਸੀ। ਗੁਰੂ ਹਰਸਹਾਏ ਦਾ ਥਾਣੇਦਾਰ ਬਿੱਛੂ ਰਾਮ ਬਹੁਤ ਮਸਤਿਆ ਬੈਠਾ ਸੀ। ਇਸ ਨੇ ਲਹਿਰਾ ਸਿੰਘ ਦਾ ਦਾੜ੍ਹਾ ਕੱਟਿਆ, ਨਾਲੇ ਪਰਿਵਾਰ ਦੀ ਬੇਇੱਜ਼ਤੀ ਕੀਤੀ। ਇਹ ਖਬਰ ਕੌਮੀ ਮੁਜਾਹਿਦ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਖਾਲਸਾ ਕੋਲ ਪਹੁੰਚੀ ਤੇ ਉਨ੍ਹਾਂ ਸ੍ਰੀ ਦਰਬਾਰ ਸਾਹਿਬ ਮੰਜੀ ਸਾਹਿਬ ਦੀਵਾਨ ਹਾਲ ਦੀ ਸਟੇਜ ਤੋਂ ਕਿਹਾ ਕਿ ਬਿੱਛੂ ਰਾਮ, ਤੂੰ ਸਿੰਘ ਦੇ ਦਾੜ੍ਹੇ ਦੀ ਬੇਅਦਬੀ ਕੀਤੀ ਆ, ਹੁਣ ਤੈਨੂੰ ਗੁਰੂ ਦੇ ਲਾਲ ਹਰ ਹਾਲਤ ਵਿੱਚ ਮਿਲਣਗੇ, ਭਾਵੇਂ ਸਮੁੰਦਰ 'ਚ ਕੋਠੀ ਪਾ, ਤੈਨੂੰ ਛੱਡਣਾ ਨਹੀਂ।

ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨਾਂ ਸਿੰਘਾਂ ਨੇ ਪੂਰੀ ਤਿਆਰੀ ਕਰ ਕੇ ਮੋਟਰ ਸਾਈਕਲ 'ਤੇ ਸਵਾਰ ਹੋ ਕੇ 18 ਦਸੰਬਰ 1983 ਨੂੰ ਬਿੱਛੂ ਰਾਮ ਥਾਣੇਦਾਰ ਨੂੰ ਸੋਧਣ ਲਈ ਚੜ੍ਹਾਈ ਕੀਤੀ। ਤਿੰਨਾਂ ਸਿੰਘਾਂ ਨੇ ਸਿਆਲ ਦੇ ਦਿਨ ਹੋਣ ਕਰਕੇ ਬੁੱਕਲਾਂ ਮਾਰੀਆਂ ਹੋਈਆਂ ਸਨ ਤੇ ਬੁੱਕਲਾਂ ਵਿੱਚ ਹਥਿਆਰ ਸਨ। ਭਾਈ ਜਰਨੈਲ ਸਿੰਘ ਬੂਹ ਬੁਲਟ ਮੋਟਰ ਸਾਈਕਲ ਚਲਾ ਰਿਹਾ ਸੀ ਤੇ ਰਸਾਲ ਸਿੰਘ ਪਿੱਛੇ ਬੈਠਾ ਸੀ ਤੇ ਵਿਚਾਲੇ ਭਾਈ ਅਜਾਇਬ ਸਿੰਘ ਮਹਾਂਕਾਲ ਬੈਠਾ ਸੀ। ਜਦੋਂ ਸਿੰਘਾਂ ਦਾ ਮੋਟਰਸਾਈਕਲ ਫਿਰੋਜ਼ਪੁਰ ਛਾਉਣੀ ਸਤੀਏ ਵਾਲਾ ਚੌਂਕ ਕੋਲ ਪਹੁੰਚਿਆ ਉਥੇ ਡੀ.ਐਸ.ਪੀ ਕਪੂਰ ਨਾਕਾ ਲਾ ਕੇ ਬੈਠਾ ਸੀ। ਪੁਲਿਸ ਵਾਲਿਆਂ ਮੋਟਰਸਾਈਕਲ ਸਵਾਰ ਸਿੰਘਾਂ ਨੂੰ ਰੋਕ ਲਿਆ। ਪੁਲਿਸ ਵਾਲੇ ਕਹਿੰਦੇ, ਉਤਰ ਕੇ ਸਾਹਿਬ ਨੂੰ ਤਲਾਸ਼ੀ ਦਿਓ। ਭਾਈ ਰਸਾਲ ਸਿੰਘ ਕਹਿੰਦਾ ਕਿ ਭਾਈ ਵਿਚਕਾਰਲੇ ਸਿੰਘ ਨੂੰ ਬੁਖਾਰ ਆ, ਇਸ ਲਈ ਅਸੀਂ ਹਸਪਤਾਲ ਜਾਣਾ, ਉਤਰ ਨਹੀਂ ਸਕਦੇ। ਪੁਲਿਸ ਵਾਲੇ ਕਹਿੰਦੇ ਅਸੀਂ ਬੁਖਾਰ ਲਾਹੁਣ ਲਈ ਖਲੋਤੇ ਹਾਂ। ਭਾਈ ਰਸਾਲ ਸਿੰਘ ਕਹਿੰਦਾ, ਭਾਈ ਮਹਾਂਕਾਲ ਜੀ ਤੁਸੀਂ ਪਹਿਲਾਂ ਬੁਖਾਰ ਚੈਕ ਕਰਾ ਲਵੋ, ਫਿਰ ਮੈਂ ਇਹਨਾਂ ਨੂੰ ਤਲਾਸ਼ੀ ਕਰਾ ਦਊਂ। ਜਦੋਂ ਭਾਈ ਅਜਾਇਬ ਸਿੰਘ ਨੇ ਖੇਸ ਦੀ ਬੁੱਕਲ ਚੱਕ ਕੇ ਸਟੇਨਗੰਨ ਦਿਖਾਈ, ਪੁਲਿਸ ਵਾਲੇ ਨੂੰ ਨਾਲ ਹੀ ਗਸ਼ ਪੈ ਗਈ, ਮਾਰੇ ਜਾਵਾਂਗੇ ਉਏ ਬਚ ਜਾਉ, ਇੰਨਾ ਕਹਿੰਦਾ ਡਿੱਗ ਪਿਆ। ਥੋੜਾ ਜਿਹਾ ਪਿੱਛੇ ਖੜ੍ਹਾ ਪੁਲਸੀਆ ਕਹਿੰਦਾ, ਸਿੰਘ ਜੀ ਜਾਉ, ਛੇਤੀ ਹਸਪਤਾਲ ਲੈ ਕੇ ਜਾਉ, ਸਿੰਘ ਨੂੰ ਬੁਖਾਰ ਬਹੁਤ ਤੇਜ ਆ। ਸਿੰਘਾਂ ਨੇ ਮੋਟਰ ਸਾਈਕਲ 'ਤੇ ਅੱਗੇ ਨੂੰ ਚਾਲੇ ਪਾ ਦਿੱਤੇ। ਪੁਲਿਸ ਵਾਲਾ ਕਹਿੰਦਾ, ਜਨਾਬ, ਸਿੰਘ ਨੂੰ ਬੁਖਾਰ ਬਹੁਤ ਤੇਜ ਆ, ਕਿਤੇ ਹੋਰ ਨਾ ਪੁਆੜਾ ਪੈ ਜਾਵੇ। ਪੁਲਿਸ ਵਾਲੇ ਬੇਹੋਸ਼ ਸਾਥੀ ਦੀਆਂ ਤਲੀਆਂ ਝੱਸ ਕੇ ਹੋਸ਼ ਵਿੱਚ ਲਿਆਉਣ ਲੱਗੇ। ਸਿੰਘਾਂ ਦਾ ਮੋਟਰਸਾਈਕਲ ਗੁਰੂ ਹਰਸਹਾਇ ਦੀ ਦਾਣਾ ਮੰਡੀ ਪਹੁੰਚ ਗਿਆ। ਭਾਈ ਮਹਾਂਕਾਲ ਤੇ ਭਾਈ ਰਸਾਲ ਸਿੰਘ ਮੋਟਰ ਸਾਈਕਲ ਤੋਂ ਉਤਰ ਕੇ ਸ਼ਿਕਾਰ ਦੀ ਉਡੀਕ ਕਰਨ ਲੱਗੇ। ਭਾਈ ਜਰਨੈਲ ਸਿੰਘ ਬੂਹ ਮੋਟਰਸਾਈਕਲ ਪਾਸੇ ਖੜ੍ਹਾ ਕਰ ਕੇ, ਮੁਸ਼ਤੈਦੀ ਨਾਲ ਉਡੀਕ ਕਰਨ ਲੱਗਾ। ਬਿੱਛੂ ਰਾਮ ਆਕੜ ਨਾਲ ਤੁਰਦਾ ਹੋਇਆ ਸਿਰ 'ਤੇ ਕੁੱਲ੍ਹੇ ਵਾਲੀ ਟੋਪੀ ਪਾਈ, ਬਾਹਵਾਂ ਮਾਰਦਾ ਪੁਲਿਸ ਵਰਦੀ 'ਚ ਇੰਸਪੈਕਟਰ ਦੇ ਸਟਾਰਾਂ ਦੇ ਮਾਣ 'ਚ ਉਸਦੇ ਧਰਤੀ 'ਤੇ ਪੈਰ ਨਹੀਂ ਸੀ ਲੱਗਦੇ, ਦਾਣਾ ਮੰਡੀ ਵਿੱਚ ਆ ਗਿਆ। ਹੁਣ ਜੱਟਾਂ ਦੇ ਭੇਸ ਵਿੱਚ ਦੋ ਗੱਭਰੂ ਉਸ ਪਾਸੇ ਵੱਲ ਨੂੰ ਹੋ ਤੁਰੇ। ਦੋਵਾਂ ਸਿੰਘਾਂ ਨੇ ਨੇੜੇ ਹੋਣ 'ਤੇ ਲਲਕਾਰਾ ਮਾਰਿਆ—'ਉਏ ਬਿੱਛੂਆ, ਸਿੰਘ ਦੀ ਦਾੜ੍ਹੀ ਤੂੰ ਮੁੰਨੀ ਸੀ।' ਬਿੱਛੂ ਰਾਮ ਇਧਰ ਉਧਰ ਬਚਾਅ ਲਈ ਵੇਖਣ ਲੱਗਾ, ਤਰਲੇ ਕਰਨ ਲੱਗਾ, ਨਾ ਮਾਰੋ, ਨਾ ਮਾਰੋ। ਇੰਨੇ ਨੂੰ ਸਿੰਘਾਂ ਵਲੋਂ ਚਲਾਈਆਂ ਗਈਆਂ ਕੜ-ਕੜ ਕਰਦੀਆਂ ਗੋਲੀਆਂ ਉਸਦੀ ਛਾਤੀ ਵਿਚੋਂ ਲੰਘ ਗਈਆਂ। ਉਹ ਜ਼ਿਮੀਂਦਾਰ ਦੀ

ਨਰਮੇ ਦੀ ਪਈ ਢੇਰੀ ਉੱਤੇ ਡਿੱਗ ਪਿਆ। ਭਾਈ ਰਸਾਲ ਸਿੰਘ ਨੇ ਬਿੱਛੂ ਰਾਮ ਦਾ ਸਰਵਿਸ ਰਿਵਾਲਵਰ ਉਸ ਦੀ ਹਿੱਕ ਉੱਤੇ ਪੈਰ ਰੱਖ ਕੇ ਲਾਹਿਆ। ਅਜਾਇਬ ਸਿੰਘ ਕਹਿੰਦਾ, ਬੱਚੂ ਚੱਲ ਅੱਗੇ ਦੇ ਲੇਖੇ ਦੇਣ ਲਈ ਧਰਮਰਾਜ ਕੋਲ, ਸਾਡਾ ਕੰਮ ਇੰਨਾ ਹੀ ਸੀ। ਭਾਈ ਜਰਨੈਲ ਸਿੰਘ ਬੂਹ ਨੇ ਮੋਟਰ ਸਾਈਕਲ ਤਿਆਰ ਖੜ੍ਹਾ ਕੀਤਾ ਸੀ, ਸਿੰਘ ਹਵਾ ਹੋ ਗਏ। ਕੁਝ ਚਿਰ ਪਿਛੋਂ ਉਸ ਨੂੰ ਪੁਲਿਸ ਨੇ ਹਸਪਤਾਲ ਪਹੁੰਚਾਇਆ, ਉਸਦੀ ਹਸਪਤਾਲ ਜਾਣ ਤੋਂ ਪਹਿਲਾਂ ਮੌਤ ਹੋ ਗਈ ਸੀ। 18 ਦਸੰਬਰ 1983 ਨੂੰ ਸ਼ਾਮ 6 ਵਜੇ ਦੀ ਜਲੰਧਰ ਰੇਡੀਉ ਤੋਂ ਖਬਰ ਆਈ ਕਿ ਅੱਜ ਥਾਣਾ ਗੁਰੂ ਹਰਸਹਾਇ ਦੀ ਦਾਣਾ ਮੰਡੀ ਵਿੱਚ ਪੁਲਿਸ ਇੰਸਪੈਕਟਰ ਬਿੱਛੂ ਰਾਮ ਨੂੰ ਤਿੰਨ ਮੋਟਰਸਾਈਕਲ ਸਵਾਰ ਅੱਤਵਾਦੀਆਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਅੱਤਵਾਦੀ ਜਾਂਦੇ ਹੋਏ ਇੰਸਪੈਕਟਰ ਦਾ ਸਰਵਿਸ ਰਿਵਾਲਵਰ ਵੀ ਲਾਹ ਕੇ ਲੈ ਗਏ। ਜ਼ਿਲ੍ਹਾ ਫਿਰੋਜ਼ਪੁਰ ਪੁਲਿਸ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਹਨ ਤੇ ਅੱਤਵਾਦੀਆਂ ਨੂੰ ਫੜ੍ਹਨ ਲਈ ਪੁਲਿਸ ਨੂੰ ਚੌਕਸ ਕਰ ਦਿੱਤਾ ਗਿਆ ਹੈ।

ਥਾਣੇਦਾਰ ਬਿੱਛੂ ਰਾਮ ਨੂੰ ਸੋਧ ਕੇ ਸਿੰਘ ਖਾਲਸਾ ਗੁਰਦੁਆਰਾ ਫਿਰੋਜ਼ਪੁਰ ਛਾਉਣੀ ਆ ਗਏ ਸਨ। ਉਧਰੋਂ ਸ਼ਿਵ ਸੈਨਾ ਦਾ ਪ੍ਰਧਾਨ ਭੁਪਿੰਦਰ ਦੋਹਾਂ ਸੂਰਮਿਆਂ ਨੇ ਸੁੱਟ ਲਿਆ ਸੀ। ਗੁਰਦੁਆਰਾ ਸਾਹਿਬ ਨੂੰ ਪੁਲਿਸ ਤੇ ਸੀ.ਆਰ.ਪੀ. ਨੇ ਘੇਰਾ ਪਾ ਲਿਆ ਸੀ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਪੰਜਾਬ ਦੇ ਗਵਰਨਰ ਬੀ.ਡੀ.ਪਾਂਡੇ ਨੂੰ ਦਬਕਾ ਮਾਰਿਆ ਕਿ ਗੁਰਦੁਆਰਾ ਸਾਹਿਬ ਫਿਰੋਜ਼ਪੁਰ ਛਾਉਣੀ ਦੇ ਪਾਏ ਘੇਰੇ ਨੂੰ ਚੁੱਕ ਲਵੋ ਜਾਂ ਫਿਰ ਅਸੀਂ ਗੁਰੂ ਦੇ ਲਾਲਾਂ ਨੂੰ ਭੇਜੀਏ, ਉਹ ਆਪੇ ਆਣ ਕੇ ਘੇਰਾ ਚੁਕਾ ਲੈਣਗੇ। ਬੀ.ਡੀ. ਪਾਂਡੇ ਦੀਆਂ ਸੰਤ ਮਹਾਂਪੁਰਖਾਂ ਦਾ ਫੋਨ ਸੁਣ ਕੇ ਲੱਤਾਂ ਕੰਬ ਗਈਆਂ ਸਨ। ਗਵਰਨਰ ਪਾਂਡੇ ਵਲੋਂ ਪੁਲਿਸ ਤੇ ਸੀ.ਆਰ.ਪੀ. ਨੂੰ ਖਾਲਸਾ ਗੁਰਦੁਆਰਾ ਸਾਹਿਬ ਦੁਆਲਿਓਂ ਘੇਰਾ ਚੁੱਕਣ ਦੇ ਹੁਕਮ ਦਿੱਤੇ ਗਏ ਸਨ। ਸਿੰਘ ਇਥੋਂ ਨਿਕਲ ਕੇ ਗੁਰਦੁਆਰਾ ਬਜੀਦਪੁਰ ਸਾਹਿਬ ਚਲੇ ਗਏ। ਪੁਲਿਸ ਤੇ ਸੀ.ਆਰ.ਪੀ. ਨੇ ਉਥੇ ਜਾ ਘੇਰਾ ਪਾਇਆ। ਸਿੰਘ ਉਥੋਂ ਨਿਕਲਣ ਲੱਗੇ ਤਾਂ ਸੀ.ਆਰ.ਪੀ. ਵਾਲਿਆਂ ਨੇ ਅੱਗੇ ਵਧ ਕੇ ਸਿੰਘਾਂ ਨੂੰ ਫੜ੍ਹਨ ਦੀ ਕੋਸ਼ਿਸ਼ ਕੀਤੀ। ਜਦੋਂ ਅਗੋਂ ਸਿੰਘਾਂ ਨੇ ਹੱਥ ਗੋਲੇ ਸੁੱਟ ਕੇ ਸੀ.ਆਰ.ਪੀ. ਦੇ ਜਵਾਨਾਂ ਦਾ ਸਵਾਗਤ ਕੀਤਾ ਤਾਂ ਦੋ ਸੀ.ਆਰ.ਪੀ. ਦੇ ਜਵਾਨ ਮਾਰੇ ਗਏ। ਕੁਝ ਜ਼ਖਮੀ ਹੋਏ। ਬਾਕੀ ਚੀਕਾਂ ਮਾਰਦੇ ਮਾਰੇ ਗਏ, ਕੁਝ ਦੀਆਂ ਅਰੇ ਬਚਾਓ, ਕਰਦੇ ਹੋਏ ਜਾਨ ਬਚਾ ਕੇ ਭੱਜ ਗਏ। ਸਿੰਘ ਭੇਸ ਵਟਾ ਕੇ ਇਥੋਂ ਸੰਗਤ ਦੇ ਨਾਲ ਨਿਕਲ ਗਏ। ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਭਾਈ ਰਸਾਲ ਸਿੰਘ ਆਰਫਕੇ, ਭਾਈ ਦੁਰਗਾ ਸਿੰਘ ਆਰਫਕੇ, ਭਾਈ ਅਜਾਇਬ ਸਿੰਘ ਮਹਾਂਕਾਲ, ਭਾਈ ਜਰਨੈਲ ਸਿੰਘ ਬੂਹ, ਭਾਈ ਗੁਰਨਾਮ ਸਿੰਘ ਬੁੰਡਾਲਾ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਗੁਰਜੀਤ ਸਿੰਘ

ਝੋਕ ਹਰੀਹਰ ਨੂੰ ਸਾਰੇ ਸਿੰਘਾਂ ਨੂੰ ਸੁਨੇਹਾ ਭੇਜ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸੱਦ ਲਿਆ ਸੀ।

ਜੂਨ 1984 ਦੇ ਘੱਲੂਘਾਰੇ ਵੇਲੇ ਭਾਈ ਰਸਾਲ ਸਿੰਘ ਆਰਫਕੇ, ਭਾਈ ਅਜਾਇਬ ਸਿੰਘ ਮਹਾਂਕਾਲ, ਭਾਈ ਜੀਤ ਸਿੰਘ ਫਿਰੋਜ਼ਪੁਰ, ਭਾਈ ਜਰਨੈਲ ਸਿੰਘ ਬੂਹ ਦੇ ਮੋਰਚੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਬੁੰਗੇ ਦੇ ਕੋਲ ਸੀ। ਮੋਰਚੇ 'ਤੇ ਲੜ ਰਹੇ ਭਾਈ ਰਸਾਲ ਸਿੰਘ ਆਰਫਕੇ ਦੀ ਤਸਵੀਰ ਤੇ ਭਾਈ ਜੀਤ ਸਿੰਘ ਫਿਰੋਜ਼ਪੁਰ ਜੋ ਹੱਥ ਵਿਚ ਵਾਇਰਲੈਸ ਸੈਟ ਫੜ੍ਹੀ ਨਜ਼ਰ ਆ ਰਹੇ ਹਨ, ਜੂਨ 84 ਦੇ ਘੱਲੂਘਾਰੇ ਦੌਰਾਨ ਸਿੰਘਾਂ ਦੀ ਭਾਰਤੀ ਫੌਜ ਨਾਲ ਯੁੱਧ ਲੜਨ ਦਾ ਨਜ਼ਾਰਾ ਪੇਸ਼ ਕਰਦੀ ਹੈ। ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਰਾਖੀ ਕਰਦੇ ਹੋਏ ਭਾਈ ਰਸਾਲ ਸਿੰਘ ਆਰਫਕੇ, ਭਾਈ ਜੀਤ ਸਿੰਘ ਫਿਰੋਜ਼ਪੁਰ, ਭਾਈ ਅਜਾਇਬ ਸਿੰਘ ਮਹਾਂਕਾਲ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨਾਲ ਸਾਥ ਨਿਭਾਉਂਦੇ ਹੋਏ ਭਾਰਤੀ ਫੌਜਾਂ ਦੇ ਸੱਥਰ ਵਿਛਾਉਂਦੇ ਹੋਏ ਆਖਰੀ ਸਵਾਸ ਤੇ ਆਖਰੀ ਗੋਲੀ ਤੱਕ ਲੜਦੇ ਹੋਏ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਰੱਖਿਆ ਕਰਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ। ਭਾਈ ਜਰਨੈਲ ਸਿੰਘ ਬੂਹ ਕਿਸੇ ਤਰ੍ਹਾਂ ਬਚ ਨਿਕਲਣ ਵਿੱਚ ਕਾਮਯਾਬ ਹੋ ਗਏ ਤੇ ਉਹ ਸਿੱਖ ਸੰਘਰਸ਼ ਵਿੱਚ ਲੰਬਾ ਸਮਾਂ ਜੂਝਦੇ ਹੋਏ, ਹਿੰਦੁਸਤਾਨੀ ਫੋਰਸਾਂ ਦਾ ਮੁਕਾਬਲਾ ਕਰਦੇ ਹੋਏ ਮਾਝੇ ਦੇ ਪਿੰਡ ਖੋਜਕੀਪੁਰ ਵਿੱਚ ਸ਼ਹੀਦ ਹੋਏ ਸਨ। ਭਾਈ ਰਸਾਲ ਸਿੰਘ ਜੀ ਨੇ ਸੰਤ ਜਰਨੈਲ ਸਿੰਘ ਜੀ ਖਾਲਸਾ ਨਾਲ ਪਹਿਲੀ ਅਚਰਜ ਮਿਲਣੀ ਵਿੱਚ ਕਿਹਾ ਸੀ ਕਿ ਮੈਨੂੰ ਗਲਤ ਬੋਲੇ ਦੀ ਮਾਫੀ ਦੇਵੋ। ਘਰ ਰਹਿ ਕੇ ਸ਼ਰਾਬ ਛੱਡੀ ਨਹੀਂ ਜਾਣੀ। ਆਪਣੇ ਨਾਲ ਰਲਾ ਲਵੋ। ਜਦੋਂ ਸੰਤ ਮਹਾਂਪੁਰਖਾਂ ਨੇ ਕਿਹਾ ਸੀ ਫਿਰ ਅਸੀਂ ਘਰ ਨਹੀਂ ਆਉਣ ਦੇਣਾ। ਤਾਂ ਭਾਈ ਰਸਾਲ ਸਿੰਘ ਦਾ ਕਹਿਣਾ ਸੀ, ਅੱਜ ਤੋਂ ਤੁਹਾਡੇ ਨਾਲ ਹਾਂ। ਅੱਗੇ ਵੀ ਨਾਲ ਹੀ ਜਾਵਾਂਗਾ। ਭਾਈ ਰਸਾਲ ਸਿੰਘ ਆਪਣਾ ਬਚਨ ਨਿਭਾ ਗਏ।

ਭਾਈ ਰਸਾਲ ਸਿੰਘ ਆਰਫਕੇ ਦੀ ਸਿੰਘਣੀ ਨੇ ਬੱਚੇ ਬੜੇ ਸਿਰੜ ਤੇ ਸਿਦਕ ਨਾਲ ਗਰੀਬੀ ਦੀ ਹਾਲਤ ਵਿੱਚ ਪਾਲੇ ਹਨ। ਭਾਈ ਰਸਾਲ ਸਿੰਘ ਦੇ ਵੱਡੇ ਭਰਾ ਕਰਤਾਰ ਸਿੰਘ ਨੇ ਵੀ ਸ਼ਹੀਦ ਹੋ ਚੁੱਕੇ ਭਰਾ ਦੇ ਪਰਿਵਾਰ ਨਾਲ ਇਨਸਾਫ ਨਹੀਂ ਕੀਤਾ। ਵਿਧਵਾ ਭਰਜਾਈ ਦੇ ਭਤੀਜਿਆਂ ਨੂੰ ਢਾਈ ਕਿੱਲੇ ਜ਼ਮੀਨ ਦਿੱਤੀ ਹੈ ਤੇ ਆਪਣੇ ਨਾਂ 14 ਕਿਲੇ ਲਵਾ ਲਈ ਹੈ। ਭਰਾ ਨਿਸ਼ਾਨ ਸਿੰਘ ਨੂੰ ਤਾਂ ਬਣਦਾ ਹਿੱਸਾ ਵੰਡ ਦਿੱਤਾ ਹੈ। ਪਰ ਸ਼ਹੀਦ ਰਸਾਲ ਸਿੰਘ ਦਾ ਪਰਿਵਾਰ ਬੇਇਨਸਾਫੀ ਦਾ ਸ਼ਿਕਾਰ ਹੋਇਆ ਹੈ। ਭਾਈ ਰਸਾਲ ਸਿੰਘ ਦੇ ਪੁੱਤਰ ਗੁਰਮੁਖ ਸਿੰਘ ਦਾ ਸ਼ਗਨ ਲੱਗਣਾ ਸੀ, ਸਾਕ ਸਬੰਧੀ ਘਰ ਬੈਠੇ ਹੋਏ ਸਨ। ਗੁਰਮੁਖ ਸਿੰਘ ਪਿੰਡ ਕੋਈ ਸਮਾਨ ਲੈਣ ਗਿਆ। ਤੇਜ਼ ਰਫਤਾਰ ਟਰੱਕ ਨੇ ਫੇਟ ਮਾਰੀ ਜਿਸ ਨਾਲ ਐਕਸੀਡੈਂਟ ਵਿੱਚ ਉਸਦੀ ਮੌਤ ਹੋ ਗਈ ਸੀ। ਸ਼ਹੀਦ ਭਾਈ ਰਸਾਲ

ਸਿੰਘ ਆਰਫਕੇ ਦੇ ਦੋ ਪੁੱਤਰ ਜੋ ਵਿਆਹੇ ਹਨ। ਅਨੂਪ ਸਿੰਘ ਦੇ ਦੋ ਬੱਚੇ ਹਨ। ਜਦ ਕਿ ਭਾਈ ਨਿਰਮਲ ਸਿੰਘ ਦੇ 5 ਬੱਚੇ ਹਨ। ਜਮੀਨ ਥੋੜੀ ਹੈ ਗੁਜ਼ਾਰਾ ਨਹੀਂ ਹੁੰਦਾ। ਭਾਈ ਨਿਰਮਲ ਸਿੰਘ, ਗੁਰਦੁਆਰਾ ਬਾਬਾ ਰਾਮਲਾਲ ਆਰਫਕੇ ਵਿਖੇ ਕਾਰ ਸੇਵਾ ਵਾਲੇ ਬਾਬਾ ਸੁਬੇਗ ਸਿੰਘ ਨਾਲ 1500 ਰੁਪਏ ਮਹੀਨਾ 'ਤੇ ਗਾਜੀ ਦੀ ਸੇਵਾ ਕਰ ਰਿਹਾ ਹੈ। ਦੋ ਬੱਚੇ ਪਾਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਧਰਮ ਯੁੱਧ ਮੋਰਚਾ ਲਾਉਣ ਵਾਲੇ ਲੀਡਰਾਂ, ਦਮਦਮੀ ਟਕਸਾਲ ਜਾਂ ਸ਼ਹੀਦ ਪਰਿਵਾਰ ਦੀ ਸੰਭਾਲ ਕਰਨ ਲਈ ਬਣੇ ਟਰੱਸਟਾਂ ਦੇ ਆਗੂਆਂ ਨੇ ਸ਼ਹੀਦ ਭਾਈ ਰਸਾਲ ਸਿੰਘ ਆਰਫਕੇ ਦੇ ਪਰਿਵਾਰ ਦੀ ਸਾਰ ਨਹੀਂ ਲਈ। ਹੈ ਕੋਈ ਸੰਸਥਾ ਜਾਂ ਗੁਰਸਿੱਖ, ਜਿਹੜਾ ਮਦਦ ਨਹੀਂ ਤਾਂ ਕੋਈ ਪਰਿਵਾਰ ਨੂੰ ਰੋਜ਼ਗਾਰ ਹੀ ਦੇਵੇ। ਸ਼ਹੀਦ ਦੇ ਪੁੱਤਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਪੱਕੇ ਸੇਵਾਦਾਰ ਤੌਰ 'ਤੇ ਹੀ ਨੌਕਰੀ ਮਿਲ ਜਾਵੇ। ਸ਼ਹੀਦ ਦੇ ਪੁੱਤਰ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਤਾਂ ਕਰ ਸਕਣ। ਹੁਣ ਤਾਂ ਉਪਰੋਕਤ ਸ਼ਹੀਦ ਦੀ ਕੁਰਬਾਨੀ ਕਰਨ ਤੋਂ ਬਾਅਦ ਪਰਿਵਾਰ ਦੀ ਹਾਲਤ ਵੇਖ ਕੇ ਮੈਨੂੰ ਦੁਖ ਨਾਲ ਲਿਖਣਾ ਪੈ ਰਿਹਾ ਹੈ ਕਿ—

ਕੌਮ ਪਰ ਮਿਟਣੇ ਵਾਲੋਂ ਕੇ
ਪਰਿਵਾਰ ਕਾ ਯਹੀ ਹਾਲ ਹੋਗਾ?

ਨਰਕਧਾਰੀਆਂ ਅਤੇ ਕਾਤਲ ਪੁਲਸੀਆਂ ਨੂੰ ਸੋਧਣ ਵਾਲੀ
ਗੁਰੀਲਾ ਜਥੇਬੰਦੀ 'ਤੱਤ ਖਾਲਸਾ' ਦੇ ਮੁਖੀ ਜਥੇਦਾਰ

ਸ਼ਹੀਦ ਭਾਈ ਦੁਰਗਾ ਸਿੰਘ ਆਰਫਕੇ ਦੀ ਕਹਾਣੀ

ਉਸਦੀ ਭੈਣ ਤਾਰ ਕੌਰ ਦੀ ਜ਼ੁਬਾਨੀ...।

ਪੰਜਾਬ ਦੀ ਧਰਤੀ 'ਤੇ ਕਿਰਤੀ ਸਿੱਖਾਂ ਦੀ ਕਮਾਈ 'ਤੇ ਪਲਣ ਵਾਲੇ ਬਾਬਿਆਂ ਦੀਆਂ ਹੇੜ੍ਹਾਂ/ਵਗ ਤੁਰੇ ਫਿਰਦੇ ਹਨ ਤੇ ਆਪਣੇ ਆਪ ਨੂੰ ਸਿੱਖੀ ਪ੍ਰਚਾਰ ਕਰਨ ਦੇ ਦਾਅਵੇ ਕਰਦੇ ਹਨ। ਆਲੀਸ਼ਾਨ ਡੇਰਿਆਂ ਵਿੱਚ ਰਹਿੰਦੇ ਹਨ ਤੇ ਏ.ਸੀ. ਗੱਡੀਆਂ ਵਿੱਚ ਘੁੰਮਦੇ ਹਨ। ਸਿੱਖ ਸੰਗਤ ਦੇ ਲੱਖਾਂ ਰੁਪਏ ਖਰਚ ਕਰਾ ਕੇ ਦੀਵਾਨ ਕਰਾਉਂਦੇ ਹਨ, ਕੱਚੀਆਂ ਧਾਰਨਾ ਗਾ ਕੇ ਤੇ ਸਾਖੀਆਂ ਸੁਣਾ ਕੇ, ਜੇਬਾਂ ਭਰ ਕੇ ਤੁਰਦੇ ਬਣਦੇ ਹਨ। ਇਕ ਦੋ ਨੂੰ ਛੱਡ ਕੇ, ਕਿਸੇ ਦੀ ਵੀ ਦੇਹਧਾਰੀਆਂ ਦੇ ਵਿਰੁੱਧ ਬੋਲਣ ਦੀ ਜੁਰਅਤ ਨਹੀਂ ਹੈ। ਕਿਸੇ ਗਰੀਬ ਸਿੱਖ ਨੂੰ ਪਿਆਰ ਨਾਲ ਛਾਤੀ ਨਾਲ ਲਾਉਣ ਦੀ ਕਿਸੇ ਸੰਤ ਕੋਲ ਵੇਹਲ ਨਹੀਂ ਹੈ ਤੇ ਨਾ ਹੀ ਸਿੱਖ ਕੌਮ ਦੇ ਹੱਕਾਂ ਲਈ ਜੂਝ ਮਰਨ ਦੀ ਜਾਂ ਕੌਮੀ ਘਰ ਦੀ ਗੱਲ ਕਰਨ ਦੀ ਜੁਰਅਤ ਹੈ। ਫਿਰ ਇਹ ਕਿਵੇਂ ਹੋ ਸਕਦਾ ਹੈ ਕਿ ਇਸ ਡੇਰਾਵਾਦ ਬਾਬਿਆਂ, ਅਖੌਤੀ ਸੰਤਾਂ ਦਾ ਕੋਈ ਸਿੱਖ ਸੇਵਕ ਸਿੱਖ ਕੌਮ ਦੀਆਂ ਗੁਲਾਮੀ ਦੀਆਂ ਜੰਜੀਰਾਂ ਕੱਟਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ—

ਸੂਰਾ ਸੋ ਪਹਿਚਾਨੀਏ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ ॥

ਮਰਣੁ ਮੁਨਸਾ ਸੂਰਿਆ ਹਕੁ ਹੈ
ਜੇ ਮਰਣੁ ਹੋਇ ਪਰਵਾਣੈ ॥

ਦੇ ਰਾਹ 'ਤੇ ਤੁਰ ਸਕੇ। ਸਿੱਖ ਕੌਮ ਦੇ ਗਲੋਂ ਗੁਲਾਮੀ ਦਾ ਜੁਲਾ ਲਾਹ ਕੇ ਸਿੱਖ ਕੌਮ ਦੀ ਆਜ਼ਾਦੀ ਦਾ ਸੰਘਰਸ਼ ਲੜਨ ਲਈ ਜੋ ਜਿਹਾਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਕੀਤਾ, ਉਸ ਨੂੰ ਦੁਨੀਆਂ ਭਰ ਦੇ ਅਜ਼ਾਦੀ ਦੀ ਜੰਗ ਲੜਨ ਵਾਲੇ ਲੋਕ ਹੀ ਜਾਣ ਸਕਦੇ ਹਨ। ਨਿੱਜਪ੍ਰਸਤੀ ਦੀ ਜਿਲ੍ਹਣ ਵਿੱਚ ਫਸੇ ਲੋਕਾਂ ਵਾਸਤੇ ਤਾਂ ਇੱਕ ਅੱਤਵਾਦ ਵਰਤਾਰਾ ਹੀ ਸੀ। ਇਹ ਸੁਭਾਗ ਸੰਤ ਜਰਨੈਲ ਸਿੰਘ ਜੀ ਖਾਲਸਾ ਨੂੰ ਹੀ ਪ੍ਰਾਪਤ ਹੈ ਕਿ ਇਹ ਕਹਿਣੀ ਦਾ ਪੂਰਾ ਕਰਨੀ ਦਾ ਸੂਰਾ, ਸੰਤ ਵੀ ਸੀ ਤੇ

ਘਾਲਮਾਈ ਵਿਚਾਰਧਾਰਾ ਦਾ ਜਮਾਂਦਰੂ ਜਰਨੈਲ ਹੋਇਆ ਹੈ। ਉਸ ਦੀ ਗਲਵਕੜੀ ਦੇ ਨਿੰਘ ਨੇ ਨਾਸਤਕ ਬੰਦਿਆਂ ਨੂੰ ਦੇਵਤੇ ਬਣਾ ਦਿੱਤਾ। ਨਿਰਬਲ ਹੋਏ ਸ਼ਰਾਬ ਤੰਬਾਕੂ ਨਸ਼ਿਆਂ ਦੇ ਆਦੀ ਵਿਅਕਤੀਆਂ ਨੂੰ ਅੰਮ੍ਰਿਤ ਛਕਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਸੂਰਬੀਰ ਪੁੱਤਰ ਤੇ ਸਿੱਖ ਕੌਮ ਦੀ ਆਜ਼ਾਦੀ ਦੀ ਸ਼ਮ੍ਹਾ ਦੇ ਪ੍ਰਵਾਨੇ ਬਣਾ ਦਿੱਤਾ। ਜਦੋਂ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਦੀ ਗੱਲ ਚੱਲਦੀ ਹੈ ਤਾਂ ਜਥੇਦਾਰ ਭਾਈ ਦੁਰਗਾ ਸਿੰਘ ਆਰਫਕੇ ਦਾ ਨਾਂ ਬੜੇ ਫਖਰ ਨਾਲ ਲਿਆ ਜਾਂਦਾ ਹੈ। ਸ਼ਹੀਦ ਜਥੇਦਾਰ ਭਾਈ ਦੁਰਗਾ ਸਿੰਘ ਦਾ ਜਨਮ ਪਿਤਾ ਸ. ਬਹਾਦਰ ਸਿੰਘ ਦੇ ਘਰ ਮਾਤਾ ਨਿਰੰਜਣ ਕੌਰ ਦੀ ਕੁਖੋਂ ਸੰਨ 1945 'ਚ ਪਿੰਡ ਬੁਰਜ ਤਹਿਸੀਲ ਚੁਣੀਆਂ ਜ਼ਿਲ੍ਹਾ ਲਾਹੌਰ ਵਿੱਚ ਹੋਇਆ। ਵਰਨਣਯੋਗ ਹੈ ਕਿ ਦੁਰਗਾ ਸਿੰਘ ਦੇ ਦਾਦਾ ਸ. ਬਹਾਲ ਸਿੰਘ ਤੇ ਜੱਗਾ ਸਿੰਘ ਡਾਕੂ ਚਾਚੇ-ਤਾਏ ਦੇ ਪੁੱਤ ਭਰਾ ਸਨ। ਜੱਗਾ ਸਿੰਘ ਡਾਕੂ ਬੁਰਜ ਪਿੰਡ ਦਾ ਸੀ। ਇਸ ਲਈ ਜੱਗਾ ਸਿੰਘ ਡਾਕੂ ਦੁਰਗਾ ਸਿੰਘ ਦੇ.ਦਾਦੇ ਦਾ ਭਰਾ ਬਾਬਾ ਲੱਗਦਾ ਸੀ। ਦੁਰਗਾ ਸਿੰਘ ਦੇ ਦਾਦੇ ਸ. ਬਹਾਲ ਸਿੰਘ ਦੇ ਤਿੰਨ ਵਿਆਹ ਸਨ, ਤਿੰਨਾਂ ਵਿਚੋਂ ਤਿੰਨ ਪੁੱਤਰ ਸਨ। ਗੁਲਾਬ ਕੌਰ ਦੀ ਕੁਖੋਂ ਬਹਾਦਰ ਸਿੰਘ (ਦੁਰਗਾ ਸਿੰਘ ਦਾ ਪਿਤਾ), ਜੀਵਨ ਕੌਰ ਦੀ ਕੁਖੋਂ ਸੌਦਾਗਰ ਸਿੰਘ ਦਾ ਜਨਮ ਹੋਇਆ। ਗੁਰਦੇਵ ਕੌਰ ਦੀ ਕੁਖੋਂ ਬਾਜ ਸਿੰਘ ਦਾ ਜਨਮ ਹੋਇਆ। ਸੰਨ 1947 ਵਿੱਚ ਪਾਕਿਸਤਾਨ ਬਣ ਜਾਣ ਕਾਰਨ ਸ. ਬਹਾਦਰ ਸਿੰਘ ਦਾ ਪਰਿਵਾਰ ਪਿੰਡ ਆਰਫਕੇ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਆ ਵੱਸਿਆ।

ਸ. ਬਹਾਦਰ ਸਿੰਘ ਦੀ ਧੀ ਬੀਬੀ ਤਾਰ ਕੌਰ ਉਰਫ ਤਾਰੋ ਦਾ ਜਨਮ ਸੰਨ 1939 ਵਿੱਚ ਹੋਇਆ। ਸ. ਬਹਾਦਰ ਸਿੰਘ ਦੇ ਘਰ ਨਿਰੰਜਣ ਕੌਰ ਦੀ ਕੁਖੋਂ 5 ਪੁੱਤਰ ਤੇ 2 ਧੀਆਂ ਬਚਪਨ ਵਿੱਚ ਹੀ ਚੜ੍ਹਾਈ ਕਰ ਗਏ ਸਨ। ਪੁੱਤਰੀ ਤਾਰੋ ਦੀ ਉਮਰ 6 ਸਾਲ ਸੀ ਜਦੋਂ ਸੰਨ 1945 'ਚ ਦੁਰਗਾ ਸਿੰਘ ਦਾ ਜਨਮ ਹੋਇਆ। ਮਾਤਾ ਨਿਰੰਜਣ ਕੌਰ ਤੇ ਪਿਤਾ ਬਹਾਦਰ ਸਿੰਘ ਨੇ ਰੋਜ਼ਾਨਾ ਗੁਰਦੁਆਰਾ ਸਾਹਿਬ ਮੱਥਾ ਟੇਕਣਾ ਤੇ ਸੇਵਾ ਕਰਨੀ। ਗੁਰੂ ਘਰੋਂ ਪੁੱਤਰ ਦੀ ਦਾਤ ਮੰਗਦੇ ਸਨ। ਗੁਰੂ ਸਾਹਿਬ ਨੇ ਪੁੱਤਰ ਦੀ ਦਾਤ ਬਖਸ਼ਿਸ਼ ਕੀਤੀ ਤਾਂ ਮਾਤਾ ਪਿਤਾ ਨੇ ਪੁੱਤਰ ਦਾ ਨਾਂ ਗੁਰਚਰਨ ਸਿੰਘ ਰੱਖਿਆ। ਗੁਰਚਰਨ ਸਿੰਘ ਸਵਾ ਮਹੀਨੇ ਦਾ ਸੀ ਜਦ ਉਹ ਬੀਮਾਰ ਹੋ ਗਿਆ। ਕੋਈ ਦਵਾ ਨਾਲ ਠੀਕ ਨਹੀਂ ਸੀ ਹੋ ਰਿਹਾ। ਗੁਰਚਰਨ ਸਿੰਘ (ਦੁਰਗਾ ਸਿੰਘ) ਦੇ ਪਿੰਡ ਠੀਲਪੁਰ ਨਾਨਕੇ ਸਨ। ਉਥੋਂ ਮਾਸੀਆਂ ਲੀੜੇ ਕੱਪੜੇ ਤੇ ਪੰਜੀਰੀ ਲੈ ਕੇ ਆਈਆਂ ਤੇ ਆਪਣੀ ਨਨਾਣ ਨਿਰੰਜਣ ਕੌਰ ਨੂੰ ਕਹਿਣ ਲੱਗੀਆਂ ਕਿ ਬੀਬੀ ਜੀ ਆਪਾਂ ਕਾਕੇ ਨੂੰ ਕਸੂਰ ਮੰਦਰ ਮਾਤਾ ਚਿੰਤਪੁਰਨੀ ਮੱਥਾ ਟਿਕਾ ਲਿਆਈਏ। ਮਾਤਾ ਨਿਰੰਜਣ ਕੌਰ ਨੇ ਕਿਹਾ, ਭਾਬੀ ਪੁੱਤਰ ਦੀ ਦਾਤ ਸਾਨੂੰ ਗੁਰੂ ਘਰ ਵਿੱਚੋਂ ਪ੍ਰਾਪਤ ਹੋਈ ਆ। ਗੁਰਚਰਨ ਦਾ ਗੁਰੂ ਰਾਖਾ। ਪਰ ਬ੍ਰਾਹਮਣੀਆਂ ਮਤੇ ਵਾਲੀਆਂ ਭਰਜਾਈਆਂ ਨੇ ਜ਼ਿੱਦ ਕੀਤੀ ਤੇ ਨਨਾਣ ਨਿਰੰਜਣ ਕੌਰ ਕਾਕਾ ਗੁਰਚਰਨ ਤੇ ਤਾਰੋ ਜਿਸ ਦੀ ਉਮਰ ਉਦੋਂ 6-7 ਸਾਲ ਸੀ, ਨੂੰ ਨਾਲ ਲੈ ਕੇ ਮਾਤਾ ਦੇ ਮੰਦਰ

ਕਸੂਰ ਲੈ ਗਈਆਂ। ਗੁਰਚਰਨ ਨੂੰ ਮੰਦਰ ਦੀ ਪੁਜਾਰਨ ਮਾਤਾ ਨੇ ਚੁੱਕ ਕੇ ਮੰਦਰ ਵਿੱਚ ਚਿੰਤਪੁਰਨੀ ਦੀ ਮੂਰਤੀ ਅੱਗੇ ਅਰਦਾਸ ਕੀਤੀ ਕਿ ਹੇ ਦੇਵੀ ਮਾਤਾ! ਇਸ ਬੱਚੇ ਨੂੰ ਤੰਦਰੁਸਤੀ ਬਖਸ਼ੋ। ਮੰਦਰ ਦੀ ਪੁਜਾਰਨ ਮਾਤਾ ਕਹਿੰਦੀ, ਬੱਚੇ ਦਾ ਨਾਂ ਦੇਵੀ ਦਾਸ ਰੱਖ ਦੇਈਏ। ਬੀਬੀ ਨਿਰੰਜਣ ਕੌਰ ਕਹਿੰਦੀ ਨਹੀਂ ਅਸੀਂ ਗੁਰੂ ਦੇ ਸਿੱਖ ਹੁੰਦੇ ਹਾਂ, ਮੇਰੇ ਪੁੱਤ ਦਾ ਨਾਂ ਗੁਰਚਰਨ ਸਿੰਘ ਹੈ। ਅਸੀਂ ਦੇਵੀ ਦਾਸ ਨਾਂ ਨਹੀਂ ਰੱਖਣਾ। ਇਹ ਵੀ ਕੋਈ ਜੱਟਾਂ ਦੇ ਨਾਂ ਹੁੰਦੇ ਨੇ। ਪਰ ਮੰਦਰ ਦੀ ਪੁਰਾਜਨ ਕਹਿੰਦੀ, ਜੇ ਤੁਸੀਂ ਸਿੰਘ ਨਾਂ ਹੀ ਰੱਖਣਾ ਹੈ ਤਾਂ ਦੁਰਗਾ ਸਿੰਘ ਨਾਂ ਰੱਖ ਦੇਨੇ ਆਂ। ਸੋ ਇਸ ਬਿਧ ਨਾਲ ਗੁਰਚਰਨ ਸਿੰਘ ਦਾ ਨਾਂ ਦੁਰਗਾ ਸਿੰਘ ਪੈ ਗਿਆ। ਸਾਰੇ ਦੁਰਗਾ ਸਿੰਘ ਨਾਂ ਨਾਲ ਬੁਲਾਉਂਦੇ ਸਨ ਪਰ ਭੈਣ ਤਾਰੋ ਸਾਰੀ ਜ਼ਿੰਦਗੀ ਵੀਰ ਗੁਰਚਰਨ ਸਿੰਘ ਦੇ ਨਾਂ ਨਾਲ ਹੀ ਬੁਲਾਉਂਦੀ ਰਹੀ।

ਦੁਰਗਾ ਸਿੰਘ ਦੀਆਂ ਤਿੰਨ ਮਾਸੀਆਂ ਸਨ ਦਿਆਲ ਕੌਰ, ਕਰਤਾਰ ਕੌਰ ਅਤੇ ਗੁਲਾਬ ਕੌਰ। ਗੁਲਾਬ ਕੌਰ ਦਾ ਪੁੱਤਰ ਸ਼ਹੀਦ ਭਾਈ ਰਸਾਲ ਸਿੰਘ ਆਰਫਕੇ ਹੋਇਆ ਹੈ ਜਿਸ ਨੂੰ ਸਹੁਰੇ ਘਰ ਗੁਲਾਬ ਕੌਰ ਦੇ ਨਾਂ ਨਾਲ ਬੁਲਾਇਆ ਜਾਂਦਾ ਸੀ। ਦੁਰਗਾ ਸਿੰਘ ਦੀ ਉਮਰ 2 ਸਾਲ 6 ਮਹੀਨੇ ਸੀ ਜਦੋਂ ਮਾਤਾ ਨਿਰੰਜਣ ਕੌਰ ਦੀ ਮੌਤ ਹੋ ਗਈ। ਇਸ ਪਿੱਛੇ ਦੁਰਗਾ ਸਿੰਘ ਦੇ ਪਾਲਣ ਪੋਸ਼ਣ ਦੀ ਜਿੰਮੇਵਾਰੀ ਭੈਣ ਤਾਰੋ ਦੇ ਮੋਢਿਆਂ 'ਤੇ ਆ ਪਈ।

ਬੀਬੀ ਤਾਰ ਕੌਰ ਦਾ ਆਨੰਦ ਕਾਰਜ ਸ. ਜਸਵੰਤ ਸਿੰਘ ਫੌਜੀ ਨਾਲ ਪਿੰਡ ਨੂਰਪੁਰ ਮਾਛੀਵਾੜਾ (ਨੇੜੇ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ) ਨਾਲ ਕਰ ਦਿੱਤੀ ਗਿਆ। ਭਾਈ ਦੁਰਗਾ ਸਿੰਘ ਨੇ ਪੰਜਵੀਂ ਜਮਾਤ ਤੱਕ ਪੜ੍ਹਾਈ ਭੈਣ ਦੇ ਪਿੰਡ ਨੂਰਪੁਰ ਮਾਛੀਵਾੜਾ ਦੇ ਸਰਕਾਰੀ ਸਕੂਲ ਤੋਂ ਕੀਤੀ। ਸੰਨ 1958 ਵਿੱਚ 13 ਸਾਲ ਦੀ ਉਮਰ ਵਿੱਚ ਭਾਈ ਦੁਰਗਾ ਸਿੰਘ ਦਾ ਵਿਆਹ ਬੀਬੀ ਸੁਖਚੈਨ ਕੌਰ ਪੁੱਤਰੀ ਸੰਤੋਖ ਸਿੰਘ ਵਾਸੀ ਪਿੰਡ ਵੱਟੂ ਨੇੜੇ (ਬਾਜਾ ਮਰਾੜ, ਜ਼ਿਲ੍ਹਾ ਮੁਕਤਸਰ) ਨਾਲ ਹੋਇਆ। ਇਸ ਸੁਭਾਗੀ ਜੋੜੀ ਦੇ ਘਰ 6 ਬੱਚਿਆਂ ਨੇ ਜਨਮ ਲਿਆ—ਪੁੱਤਰੀ ਪਰਮਜੀਤ ਕੌਰ, ਮਹਿਮਾਜੀਤ ਕੌਰ, ਪਰਸਿੰਨ ਕੌਰ, ਗੁਰਜੀਤ ਕੌਰ ਅਤੇ ਪੁੱਤਰ ਝਿਰਮਲ ਸਿੰਘ, ਕੁਲਬੀਰ ਸਿੰਘ। ਦਮਦਮੀ ਟਕਸਾਲ ਦੇ ਜਥੇ ਵਿੱਚ ਰਹਿੰਦੇ ਭਾਈ ਦੁਰਗਾ ਸਿੰਘ ਦੇ ਮਾਮੇ ਦੇ ਪੁੱਤਰ ਭਰਾ ਖਾੜਕੂ ਯੋਧੇ ਭਾਈ ਰਸਾਲ ਸਿੰਘ ਆਰਫਕੇ ਵੱਲੋਂ ਪਿੰਡ ਦੇ ਗੁਰਦੁਆਰਾ ਬਾਬਾ ਰਾਮ ਲਾਲ ਜੀ ਦੇ ਸਥਾਨ 'ਤੇ ਦਮਦਮੀ ਟਕਸਾਲ ਵੱਲੋਂ ਗੁਰਬਾਣੀ ਕਥਾ ਕੀਰਤਨ ਦਾ ਪ੍ਰੋਗਰਾਮ ਕਰਾਇਆ ਜਾਂਦਾ ਸੀ। ਪਹਿਲੇ ਪ੍ਰੋਗਰਾਮ ਵਿੱਚ ਤਾਂ ਦੁਰਗਾ ਸਿੰਘ ਹਾਜ਼ਰ ਨਾ ਹੋਇਆ ਸਗੋਂ ਨਾਸਤਿਕਾਂ ਦੇ ਸ਼ਬਦ ਵਰਤਦਾ ਸੀ ਕਿ ਇਨ੍ਹਾਂ ਦੇ ਨੇੜੇ ਨਹੀਂ ਜਾਣਾ ਚਾਹੀਦਾ। ਪਰ ਦੁਰਗਾ ਸਿੰਘ ਇਹ ਨਹੀਂ ਸੀ ਜਾਣਦਾ ਕਿ ਮੈਂ ਵੀ ਇਕ ਦਿਨ ਇਨ੍ਹਾਂ ਅੰਮ੍ਰਿਤਧਾਰੀ ਸਿੰਘਾਂ ਦੇ ਰੂਪ ਵਿੱਚ ਰੰਗੇ ਜਾਣਾ ਹੈ। ਪਿੰਡ ਆਰਫਕੇ ਦੀ ਗਲੀ ਵਿੱਚ ਸੰਤ ਜਰਨੈਲ ਸਿੰਘ ਜੀ ਖਾਲਸਾ

ਜਥੇ ਸਮੇਤ ਪੈਦਲ ਹੀ ਲੰਘ ਰਹੇ ਸਨ। ਦੁਰਗਾ ਸਿੰਘ ਵੇਖ ਕੇ, ਅੱਗੋਂ ਪਾਸੇ ਹੋ ਕੇ ਖਲੋ ਗਿਆ ਤੇ ਮੂੰਹ ਹੇਠਾਂ ਕਰ ਲਿਆ, ਜਿਵੇਂ ਕਿਸੇ ਗੱਲੋਂ ਸ਼ਰਮਿੰਦਗੀ ਮਹਿਸੂਸ ਕਰ ਰਿਹਾ ਹੋਵੇ। ਦੁਰਗਾ ਸਿੰਘ ਨੂੰ ਉਹ ਘਟਨਾ ਚੇਤੇ ਆ ਗਈ ਸੀ, ਜਦੋਂ ਉਸਨੇ ਕੁਝ ਸਾਲ ਪਹਿਲਾਂ ਮਾਮੇ ਦੇ ਪੁੱਤ ਭਰਾ ਨੂੰ ਸੇਮ ਨਾਲੇ ਦੇ ਪੁਲ 'ਤੇ ਸ਼ਰਾਬੀ ਹੋਣ ਕਰਕੇ ਇਸੇ ਸੰਤ (ਜਰਨੈਲ ਸਿੰਘ) ਨਾਲ ਖਾਹ-ਮਖਾਹ ਆਹੜਾ ਲਾਉਣ ਤੋਂ ਰੋਕਦਿਆਂ ਕਿਹਾ ਸੀ ਕਿ ਰਸਾਲ ਸਿੰਘ, ਗੁਰੂ ਦੇ ਸਿੰਘਾਂ ਨਾਲ ਇਸ ਤਰ੍ਹਾਂ ਨਹੀਂ ਬੋਲੀਦਾ ਹੁੰਦਾ, ਸਿੰਘ ਸਰਾਪ ਦੇ ਦੇਣਗੇ। ਪਰ ਇਸ ਸੰਤ ਨੇ ਰਸਾਲ ਸਿੰਘ ਨੂੰ ਸਰਾਪ ਦੇਣ ਦੀ ਥਾਂ ਸਗੋਂ ਵਿਗੜੇ ਸ਼ਰਾਬੀ ਕਬਾਬੀ ਨੂੰ ਗੁਰਸਿੱਖੀ ਦੇ ਲੜ ਲਾ ਕੇ ਅੰਮ੍ਰਿਤ ਛਕਾ ਕੇ ਸਿੱਖੀ ਸਰੂਪ ਵਾਲਾ ਸੋਹਣਾ ਸਿਰਦਾਰ ਬਣਾ ਦਿੱਤਾ ਸੀ। ਤੇ ਅੱਜ ਉਹ ਸਿੰਘ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਮੋਢੇ ਨਾਲ ਗੰਨਮੈਨ ਦੇ ਤੌਰ 'ਤੇ ਖੜ੍ਹਾ ਸੀ। ਦੁਰਗਾ ਸਿੰਘ ਸੋਚ ਰਿਹਾ ਸੀ ਕਿ ਭੈਣ ਤੇਰੀ ਗੁਰਚਰਨ ਸਿੰਘ ਕਹਿ ਕੇ ਬੁਲਾਉਂਦੀ ਆ, ਦੁਰਗਾ ਸਿੰਹਾਂ, ਦਿਨ ਰਾਤ ਸ਼ਰਾਬ ਪੀਵੀ ਜਾਨਾਂ, ਗੁਰਚਰਨ ਸਿੰਘ ਅਖਵਾਉਣ ਦਾ ਤੂੰ ਹੱਕਦਾਰ ਨਹੀਂ, ਜਦੋਂ ਗੁਰੂ ਦੇ ਚਰਨਾਂ ਨਾਲ ਲੱਗਾ ਈ ਨਹੀਂ। ਸ਼ਰਾਬ ਦਾ ਆਦੀ ਆਂ, ਇਹ ਕੁਪੱਤੀ ਛੱਡੀ ਨਹੀਂ ਜਾਂਦੀ। ਦੁਰਗਾ ਸਿੰਘ ਅਜਿਹੀਆਂ ਸੋਚਾਂ ਸੋਚਦਾ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਜਥੇ ਦੇ ਸਿੰਘਾਂ ਦੇ ਮੱਥੇ ਲੱਗਣ ਤੋਂ ਸ਼ਰਮਿੰਦਗੀ ਮਹਿਸੂਸ ਕਰਦਾ ਹੋਇਆ ਪਾਸਾ ਕਰ ਰਿਹਾ ਸੀ। ਸੰਤ ਜਰਨੈਲ ਸਿੰਘ ਜੀ ਖਾਲਸਾ ਜਥੇ ਸਮੇਤ ਨੇੜੇ ਆਏ ਤਾਂ ਅਗੋਂ ਹੋ ਕੇ ਪਿਆਰ ਨਾਲ ਕਿਹਾ ਕਿ ਭਾਈ ਗੁਰਮੁਖਾ ਯੋਧਾ ਬਣ। ਇਸ ਤਰ੍ਹਾਂ ਪਾਸੇ ਹੋਇਆਂ ਨਹੀਂ ਸਰਨਾ। ਸਤਿਗੁਰੂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸੱਚੇ ਪਾਤਸ਼ਾਹ ਨੇ ਤੇਰੇ ਤੋਂ ਪੰਥ ਦੀ ਸੇਵਾ ਕਰਾਉਣੀ ਹੈ। ਦੁਰਗਾ ਸਿੰਘ ਹੱਥ ਜੋੜ ਕੇ ਖਲੋ ਗਿਆ, ਕਹਿੰਦਾ ਕਿ ਬਾਬਾ ਜੀ ਮੈਂ ਤਾਂ ਪਾਪੀ ਹਾਂ ਕਿਰਪਾ ਕਰੋ ਬਖਸ਼ ਲਵੋ। ਦੁਰਗਾ ਸਿੰਘ ਹੱਥ ਜੋੜੀ ਖੜ੍ਹਾ ਸੀ ਕਿ ਜੇ ਸੰਤ ਜੀ ਮਿਹਰਵਾਨ ਹੋ ਗਏ ਤਾਂ ਮੇਰਾ ਜੀਵਨ ਵੀ ਰਸਾਲ ਸਿੰਘ ਵਾਂਗ ਬਦਲ ਸਕਦੇ ਹਨ। ਸੰਤ ਜਰਨੈਲ ਸਿੰਘ ਜੀ ਨੇ ਦੁਰਗਾ ਸਿੰਘ ਨੂੰ ਘੁੱਟ ਕੇ ਜੱਫੀ ਵਿੱਚ ਲੈ ਲਿਆ ਤੇ ਪਿਆਰ ਨਾਲ ਪੁੱਛਿਆ—ਸਿੰਘਾ ਤੇਰਾ ਨਾਂ ਕੀ ਏ ? ਬਾਬਾ ਜੀ, ਮੈਨੂੰ ਦੁਰਗਾ ਸਿੰਘ ਕਹਿੰਦੇ ਹਨ। ਸੰਤ ਜੀ ਕਹਿੰਦੇ—ਦੁਰਗਾ ਸਿੰਘ, ਅੰਮ੍ਰਿਤ ਛਕ ਕੇ ਜਥੇਦਾਰ ਦੁਰਗਾ ਸਿੰਘ ਬਣ ਜਾ। ਦੁਰਗਾ ਸਿੰਘ—ਬਾਬਾ ਜੀ, ਮੇਰੇ ਪਾਪੀ ਵਿੱਚ ਇੰਨੀ ਹਿੰਮਤ ਨਹੀਂ ਹੈ। ਬਾਬਾ ਜੀ ਆਪਣੀ ਮਿਹਰ ਨਾਲ ਜੋ ਚਾਹੋ ਉਹੋ ਕਰਵਾ ਸਕਦੇ ਹੋ। ਸੰਤ ਜਰਨੈਲ ਸਿੰਘ ਜੀ ਖਾਲਸਾ ਕਹਿੰਦੇ—ਦੁਰਗਾ ਸਿੰਘ ਗੁਰੂ ਦਾ ਸਿੰਘ ਬਣ। ਅੰਮ੍ਰਿਤ ਛਕ, ਗੁਰਸਿੱਖੀ ਮਾਰਗ ਦਾ ਪਾਂਧੀ ਬਣ ਜਾ ਤੇ ਜੀਵਨ ਸਫਲ ਕਰ ਲੈ। ਬੜੇ ਵੱਡੇ ਭਾਗ ਹੋਣ ਤਾਂ ਅੰਮ੍ਰਿਤ ਦੀ ਦਾਤ ਪ੍ਰਾਪਤ ਹੁੰਦੀ ਹੈ ਤੇ ਗੁਰਸਿੱਖੀ ਜੀਵਨ ਮਿਲਦਾ ਹੈ। ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਇਕ ਵਿਗੜੇ ਸ਼ਰਾਬੀ ਦਾ ਪਿਆਰ ਭਰੀ ਮਿਲਣੀ ਨਾਲ ਜੀਵਨ ਬਦਲ ਦਿੱਤਾ। ਦੁਰਗਾ ਸਿੰਘ, ਸੰਤ ਜਰਨੈਲ ਸਿੰਘ

ਜੀ ਖਾਲਸਾ ਦੇ ਨਾਲ ਹੀ ਗੁਰਦੁਆਰਾ ਬਾਬਾ ਰਾਮ ਲਾਲ ਨੂੰ ਤੁਰ ਪਿਆ। ਉਸਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਸੰਤ ਜਰਨੈਲ ਸਿੰਘ ਖਾਲਸਾ ਨੇ ਉਸ ਦੀ ਸਾਰੀ ਜ਼ਿੰਦਗੀ ਦੇ ਪਾਪਾਂ ਦਾ ਭਾਰ ਉਸ ਦੇ ਸਿਰ ਤੋਂ ਲਾਹ ਦਿੱਤਾ ਹੋਵੇ। ਉਹ ਆਪਣੇ ਆਪ ਨੂੰ ਹੌਲਾ ਫੁੱਲ ਵਰਗਾ ਮਹਿਸੂਸ ਕਰ ਰਿਹਾ ਸੀ। ਗੁਰਦੁਆਰਾ ਬਾਬਾ ਰਾਮ ਲਾਲ ਜੀ ਵਿਖੇ ਦਮਦਮੀ ਟਕਸਾਲ ਵੱਲੋਂ ਗੁਰਮਤਿ ਸਮਾਗਮ ਕਥਾ ਕੀਰਤਨ ਕੀਤਾ ਜਾ ਰਿਹਾ ਸੀ। ਦੁਰਗਾ ਸਿੰਘ ਸ਼ਾਮ ਤੱਕ ਕਥਾ ਕੀਰਤਨ ਸੁਣਦਾ ਰਿਹਾ। ਰਾਤ ਹਨੇਰੇ ਹੋਏ ਘਰ ਆਇਆ। ਪ੍ਰਸ਼ਾਦਾ ਲੰਗਰ ਵਿੱਚੋਂ ਛਕ ਲਿਆ। ਘਰਵਾਲੀ ਰੋਟੀ ਲੈ ਕੇ ਆਈ। ਕਹਿੰਦਾ—ਗੁਰਦੁਆਰਾ ਸਾਹਿਬ ਤੋਂ ਛਕ ਆਇਆਂ। ਦੁਰਗਾ ਸਿੰਘ ਦੀ ਪਤਨੀ ਸੁਖਚੈਨ ਕੌਰ ਨੇ ਨਨਾਣ ਬੀਬੀ ਤਾਰੋ ਨੂੰ ਕਿਹਾ ਕਿ ਬੀਬੀ ਜੀ, ਵੀਰ ਤੁਹਾਡੇ ਨੇ ਰੋਟੀ ਨਹੀਂ ਖਾਧੀ। ਬੀਬੀ ਕਹਿੰਦੀ—ਗੁਰਚਰਨ ਰੋਟੀ ਖਾ ਲੈ। ਦੁਰਗਾ ਸਿੰਘ ਕਹਿੰਦਾ—ਬੀਬੀ ਮੈਂ ਗੁਰਦੁਆਰਾ ਸਾਹਿਬ ਗਿਆ ਸੀ ਮੱਥਾ ਟੇਕਣ, ਸੰਤਾਂ ਦੀ ਕਥਾ ਕੀਰਤਨ ਸੁਣਦਾ ਰਿਹਾ, ਮਨ ਨੂੰ ਬੜੀ ਸ਼ਾਂਤੀ ਮਿਲੀ। ਮੈਂ ਪ੍ਰਸ਼ਾਦਾ ਲੰਗਰ ਵਿੱਚੋਂ ਛਕ ਆਇਆਂ। ਹੁਣ ਬੀਬੀ ਮੈਂ ਅੱਜ ਤੋਂ ਸ਼ਰਾਬ ਛੱਡ ਦਿੱਤੀ। ਹੁਣ ਤੈਨੂੰ, ਮੈਨੂੰ ਕੁੱਟਣ ਦੀ ਲੋੜ ਨਹੀਂ ਪੈਣੀ। ਬੀਬੀ ਕਹਿੰਦੀ, ਸ਼ੁਕਰ ਆ ਅੱਜ ਮੇਰੇ ਵੀਰ ਗੁਰਚਰਨ ਸਿੰਘ ਨੇ ਗੁਰੂ ਘਰ ਵੱਲ ਮੂੰਹ ਕੀਤਾ। ਸੱਚੇ ਪਾਤਸ਼ਾਹ ਵਾਹਿਗੁਰੂ ਮਿਹਰ ਕਰਨ, ਮੇਰੇ ਵੀਰ ਦੇ ਨਾਂ ਗੁਰਚਰਨ ਸਿੰਘ ਦੀ ਲਾਜ ਰੱਖਣ। ਭੈਣ ਨੇ ਛੋਟੇ ਵੀਰ ਦਾ ਮੱਥਾ ਚੁੰਮਿਆ ਤੇ ਅਸੀਸ ਦਿੱਤੀ। ਰਾਤ ਸਾਰਾ ਪਰਿਵਾਰ ਸੌਂ ਗਿਆ। ਤੜ੍ਹਕੇ ਉਠ ਕੇ ਦੁਰਗਾ ਸਿੰਘ ਨਲਕੇ 'ਤੇ ਇਸ਼ਨਾਨ ਕਰਨ ਲੱਗ ਪਿਆ। ਪਿਤਾ ਬਹਾਦਰ ਸਿੰਘ ਕਹਿੰਦਾ—ਦੁਰਗਾ ਸਿੰਹਾਂ, ਉਏ ਅੱਜ ਤੂੰ ਤੜ੍ਹਕੇ ਹੀ ਨਹਾਉਣ ਲੱਗ ਪਿਐਂ, ਠੰਡ ਲੱਗ ਜਾਊ। ਦੁਰਗਾ ਸਿੰਘ ਕਹਿੰਦਾ—ਬਾਪੂ ਹੁਣ ਨਹੀਂ ਠੰਡ ਲੱਗਦੀ, ਮੈਂ ਗੁਰਦੁਆਰਾ ਸਾਹਿਬ ਮੱਥਾ ਟੇਕਣ ਜਾਣੈ। ਬਾਪੂ ਕਹਿੰਦਾ—ਸ਼ੁਕਰ ਆ ਪੁੱਤ ਕਿਤੇ ਅੱਜ ਤੂੰ ਵੀ ਗੁਰਦੁਆਰੇ ਜਾਣ ਦਾ ਸੋਚਿਆ। ਦੁਰਗਾ ਸਿੰਘ ਗੁਰਦੁਆਰਾ ਸਾਹਿਬ ਮੱਥਾ ਟੇਕ ਆਇਆ ਤੇ ਘਰ ਆ ਕੇ ਉਥੋਂ ਮਿਲਿਆ ਦੇਗ ਦਾ ਪ੍ਰਸ਼ਾਦ ਸਾਰੇ ਜੀਆਂ ਨੂੰ ਵਰਤਾ ਦਿੱਤਾ। ਬਾਪੂ ਮੱਝਾਂ ਨੂੰ ਪੱਠੇ ਪਾਉਣ ਲੱਗਾ ਸੀ। ਬਾਪੂ ਹੱਥੋਂ ਟੋਕਰਾ ਫੜ ਕੇ ਮੱਝਾਂ ਨੂੰ ਪੱਠੇ ਪਾਉਣ ਲੱਗ ਪਿਆ। ਮੱਝਾਂ ਨੂੰ ਪੱਠੇ ਪਾ ਕੇ, ਮੱਝਾਂ ਦੀ ਧਾਰ ਕੱਢ ਕੇ, ਭੈਣ ਨੂੰ ਕਹਿੰਦਾ—ਬੀਬੀ ਮੈਂ ਦੁੱਧ ਗੁਰਦੁਆਰਾ ਸਾਹਿਬ ਲੈ ਕੇ ਜਾਣਾ, ਗੁਰੂ ਕੇ ਲੰਗਰ ਵਿਚ ਉਥੇ ਸੰਗਤ ਬਹੁਤ ਆਉਣੀ ਆ। ਅੱਜ ਸੰਤਾਂ ਨੇ ਅੰਮ੍ਰਿਤ ਛਕਾਉਣਾ। ਭੈਣ ਕਹਿੰਦੀ, ਜਾਹ ਭਾਵੇਂ ਸਾਰਾ ਦੁੱਧ ਲੈ ਜਾ, ਅਸੀਂ ਚੰਗੇ ਕੰਮ ਤੋਂ ਨਹੀਂ ਰੋਕਣਾ। ਦੁਰਗਾ ਸਿੰਘ ਮੱਝਾਂ ਚੋਅ ਕੇ ਦੁੱਧ ਦੀ ਬਾਲਟੀ ਭਰ ਕੇ ਗੁਰਦੁਆਰਾ ਸਾਹਿਬ ਲੈ ਗਿਆ। ਦਮਦਮੀ ਟਕਸਾਲ ਦੇ ਜਥੇ ਵੱਲੋਂ ਅੰਮ੍ਰਿਤ ਸੰਚਾਰ ਕੀਤਾ ਗਿਆ। ਜਿਥੇ ਬਹੁਤ ਸਾਰੇ ਮਾਈ ਭਾਈ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਦੇ ਪਾਂਧੀ ਬਣੇ। ਇਨ੍ਹਾਂ ਗੁਰਸਿੱਖਾਂ ਵਿੱਚ ਦੁਰਗਾ ਸਿੰਘ ਵੀ ਸੀ। ਦੁਰਗਾ ਸਿੰਘ ਅੰਮ੍ਰਿਤ ਛਕ ਕੇ ਸਿੱਖੀ ਸਰੂਪ ਵਿੱਚ ਸ਼ਾਮ ਨੂੰ ਘਰ

ਪਹੁੰਚਿਆ। ਦੁਰਗਾ ਸਿੰਘ ਨੇ ਦੱਸਿਆ—ਬੀਬੀ ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਮੈਨੂੰ ਗਲੀ ਵਿੱਚ ਘੇਰ ਕੇ ਇੰਨੀ ਘੁੱਟ ਕੇ ਜੱਫੀ ਪਾਈ ਕਿ ਮੇਰੇ ਇਸ ਜਨਮ ਦੇ ਤੇ ਕੀ, ਅਗਲੇ ਪਿਛਲੇ ਜਨਮਾਂ ਦੇ ਵੀ ਵਲ ਕੱਢ ਦਿੱਤੇ ਆ ਤੇ ਸੰਤ ਜੀ ਨੇ ਕੱਲ੍ਹ ਬਚਨ ਕੀਤਾ ਸੀ ਕਿ ਦੁਰਗਾ ਸਿੰਘ ਤੂੰ ਤਾਂ ਸਿੱਖੀ ਦੇ ਦੁਸ਼ਮਣਾਂ, ਰਾਕਸ਼ਾਂ ਦੇ ਵਲ ਕੱਢਿਆ ਕਰਨੇ ਨੇ। ਬੀਬੀ ਤਾਰੋ ਕਹਿੰਦੀ—ਗੁਰਚਰਨ ਸਿੰਘ ਹੁਣ ਪਹਿਲੇ ਯਾਰਾਂ ਦਾ ਖਹਿੜਾ ਛੱਡ ਦੇ, ਤਾਂ ਹੀ ਅੰਮ੍ਰਿਤ ਨਿਭੇਗਾ। ਨਹੀਂ ਤਾਂ ਉਨ੍ਹਾਂ ਤੈਨੂੰ ਫਿਰ ਪਹਿਲੀਆਂ ਆਦਤਾਂ 'ਤੇ ਲਾ ਦੇਣਾ। ਦੁਰਗਾ ਸਿੰਘ ਕਹਿੰਦਾ—ਬੀਬੀ, ਤੂੰ ਫਿਕਰ ਨਾ ਕਰ, ਅੱਜ ਤੋਂ ਬਾਅਦ ਤੈਨੂੰ ਕੋਈ ਉਲਾਂਭਾ ਆਏਗਾ। ਹੁਣ ਜਦੋਂ ਸੰਤ ਯਾਰ ਮਿਲ ਗਿਆ ਤਾਂ ਫਿਰ ਭਲਾ ਮੈਂ ਸ਼ਰਾਬੀ ਕਬਾਬੀ ਯਾਰਾਂ ਕੋਲ ਕੀ ਲੈਣ ਜਾਣਾ ? ਹੁਣ ਤਾਂ ਜੋ ਯਾਰ ਸੰਤ ਭਿੰਡਰਾਂਵਾਲਾ ਕਹੇਗਾ ਉਸ ਦੇ ਬਚਨ ਮੰਨਣੇ ਆ। ਭੈਣ ਬੀਬੀ ਤਾਰੋ ਖੁਸ਼ ਸੀ। ਸ਼ੁਕਰ ਆ ਕਿਤੇ ਮੇਰਾ ਵੀਰ ਸਿੱਧੇ ਰਾਹ 'ਤੇ ਆਇਆ। ਉਹ ਹੱਥ ਜੋੜ ਕੇ ਸੱਚੇ ਪਾਤਸ਼ਾਹ ਵਾਹਿਗੁਰੂ ਦਾ ਸ਼ੁਕਰਾਨਾ ਕਰ ਰਹੀ ਸੀ।

13 ਅਪ੍ਰੈਲ 1978 ਨੂੰ ਨਕਲੀ ਨਿਰੰਕਾਰੀਆਂ ਵੱਲੋਂ ਸ੍ਰੀ ਅੰਮ੍ਰਿਤਸਰ ਦੀ ਧਰਤੀ 'ਤੇ ਗੁਰੂ ਨਿੰਦਿਆ ਨੂੰ ਸ਼ਾਂਤਮਈ ਰੋਸ ਪ੍ਰਗਟ ਕਰਨ ਗਏ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਉੱਤੇ, ਨਰਕਧਾਰੀ ਗੁੰਡਾ ਬ੍ਰਿਗੇਡ ਨੇ ਪੰਜਾਬ ਦੀ ਅਕਾਲੀ ਬਾਦਲ ਸਰਕਾਰ ਦੀ ਸ਼ਹਿ 'ਤੇ ਗੋਲੀ ਚਲਾ ਦਿੱਤੀ। ਜਿਸ ਨਾਲ 13 ਸਿੰਘ ਸ਼ਹੀਦ ਹੋ ਗਏ ਤੇ 150 ਤੋਂ ਵੱਧ ਜ਼ਖਮੀ ਹੋਏ। ਅਕਾਲੀ ਸਰਕਾਰ ਦੀ ਸਿੱਖ ਵਿਰੋਧੀ ਕਾਰਗੁਜ਼ਾਰੀ ਕਾਰਨ ਨਰਕਧਾਰੀ ਗੁਰਬਚਨਾ ਤੇ ਉਸਦੇ ਸਾਥੀ ਕਰਨਾਲ ਅਦਾਲਤ ਵਿੱਚੋਂ ਬਰੀ ਹੋ ਗਏ। ਅਕਾਲੀ ਸਰਕਾਰ ਬਾਦਲ ਨੇ ਹਾਈਕੋਰਟ ਵਿੱਚ ਅਪੀਲ ਪਟੀਸ਼ਨ ਨਾ ਪਾਈ "ਅਖੇ ਸਾਨੂੰ ਚੇਤਾ ਨਹੀਂ ਰਿਹਾ, ਮਿਆਦ ਲੰਘ ਗਈ।" ਨਰਕਧਾਰੀਏ ਸਗੋਂ ਭੂਤਰ ਪਏ। ਉਹ ਆਪਣੇ ਮੁਖੀਏ ਦੀ ਤੁਲਨਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬਰਾਬਰ ਤੋਂ ਅੱਗੇ ਕਰਨ ਲੱਗੇ। ਅਖੇ ਸਿੱਖਾਂ ਦਾ ਗੁਰੂ ਹਰਿਗੋਬਿੰਦ ਸਾਹਿਬ 52 ਬੰਦੀ ਛੁਡਾ ਕੇ ਲਿਆਇਆ ਸੀ। ਸਾਡਾ ਗੁਰੂ ਗੁਰਬਚਨ ਨਿਰੰਕਾਰੀ 65 ਬੰਦੀ ਛੁਡਾ ਕੇ ਲਿਆਇਆ। ਭਾਈ ਦੁਰਗਾ ਸਿੰਘ ਨੇ ਪਹਿਲੇ ਸੰਗੀਆਂ ਦਾ ਸਾਥ ਛੱਡ ਦਿੱਤਾ। ਗੁਰਬਾਣੀ ਦਾ ਨਿਤਨੇਮ ਅਤੇ ਦਮਦਮੀ ਟਕਸਾਲ ਦੇ ਜਥੇ ਵਿੱਚ ਰਹਿ ਕੇ ਸੰਥਿਆ ਕੀਤੀ। ਲੜਾਕਾ ਤਾਂ ਪਹਿਲਾਂ ਹੀ ਸੀ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸੰਗਤ ਨੇ ਜੁਝਾਰੂ ਜੋਧਾ ਬਣਾ ਦਿੱਤਾ। ਨਰਕਧਾਰੀਆਂ ਦੇ ਟਿਕਾਣਿਆਂ ਦਾ ਪਤਾ ਲਾਉਣ ਤੇ ਆਉਣ ਜਾਣ ਦੀਆਂ ਸਰਗਰਮੀਆਂ ਦੇ ਭੇਤ ਲੈਣ ਲਈ ਚੱਕਰਵਰਤੀ ਰਹਿ ਕੇ ਪੰਥ ਦੀ ਸੇਵਾ ਕਰਨ ਲੱਗਾ। ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਹੁਕਮਾਂ 'ਤੇ ਤੱਤ ਖਾਲਸਾ ਜਥੇਬੰਦੀ ਦੀ ਸਥਾਪਨਾ ਕੀਤੀ ਗਈ, ਜਿਸ ਦਾ ਕੰਮ ਨਰਕਧਾਰੀਆਂ ਤੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਨ

ਵਾਲੇ ਪੁਲਿਸ ਵਾਲਿਆਂ ਤੇ ਗੁਰੂ ਨਿੰਦਕਾਂ ਨਾਲ ਕਰਾਰੇ ਹੱਥੀਂ ਸਿੰਝਣਾ ਸੀ। ਸਿੰਘਾਂ ਵਿੱਚ ਜਥੇਦਾਰ ਬਿਜਲਾ ਸਿੰਘ ਦੇ ਨਾਂ ਨਾਲ ਵੀ ਬੁਲਾਇਆ ਜਾਂਦਾ ਸੀ। ਭਾਈ ਦੁਰਗਾ ਸਿੰਘ ਦੀਆਂ ਜੁਝਾਰੂ ਸਰਗਰਮੀਆਂ ਕਾਰਨ ਪੁਲਿਸ ਵੀ ਹਰਕਤ ਵਿੱਚ ਆ ਗਈ ਤੇ ਗ੍ਰਿਫਤਾਰੀ ਕਰਨ ਲਈ ਘਰ ਛਾਪੇ ਮਾਰਨ ਲੱਗੀ। ਭਾਈ ਦੁਰਗਾ ਸਿੰਘ ਨੇ ਪੁਲਿਸ ਨਾਲ ਸਿੱਧੀ ਟੱਕਰ ਲੈਣ ਦਾ ਫੈਸਲਾ ਕਰ ਲਿਆ। ਭਾਈ ਦੁਰਗਾ ਸਿੰਘ ਦੀਆਂ ਧੀਆਂ ਜਵਾਨ ਸਨ, ਉਸਨੇ ਭੈਣ ਤਾਰੋ ਨੂੰ ਕਿਹਾ ਕਿ ਬੀਬੀ ਇਨ੍ਹਾਂ ਦਾ ਵਿਆਹ ਕਰ ਦਈਏ। ਮੈਂ ਪੁਲਿਸ ਦੇ ਪੇਸ਼ ਹੋਣਾ ਨਹੀਂ, ਪੁਲਿਸ ਦੀ ਗੋਲੀ ਨਾਲ ਸ਼ਹੀਦੀ ਅੱਜ ਹੋ ਜਾਵੇ ਜਾਂ ਕੱਲ੍ਹ। ਧੀਆਂ ਦੇ ਆਨੰਦ ਕਾਰਜ ਕਰ ਦਿੱਤੇ। ਦੁਰਗਾ ਸਿੰਘ ਕੌਮੀ ਸੰਘਰਸ਼ ਵਿੱਚ ਦਿਨ ਰਾਤ ਕੰਮ ਕਰਦਾ ਰਿਹਾ, ਉਹ ਕਦੇ ਇਕ ਥਾਂ 'ਤੇ ਟਿਕ ਕੇ ਦਿਨ ਕਟੀ ਨਹੀਂ ਸੀ ਕਰਦਾ। ਦੁਰਗਾ ਸਿੰਘ ਵਗਦੇ ਦਰਿਆ ਦਾ ਵਹਿਣ ਸੀ, ਜਿਸ ਪਾਸੇ ਜਾਂਦਾ ਜੁਝਾਰੂ ਸੋਚ ਨਾਲ ਸਿੰਘਾਂ ਨੂੰ ਸਿੱਖ ਸ਼ੰਘਰਸ਼ ਨਾਲ ਜੋੜਦਾ ਹੀ ਜਾਂਦਾ ਸੀ। ਦੁਰਗਾ ਸਿੰਘ ਕਹਿਣੀ ਦਾ ਪੂਰਾ ਤੇ ਕਰਨੀ ਦਾ ਸੂਰਾ ਸੀ। ਜੋ ਉਸ ਨੇ ਜ਼ੁਬਾਨ ਵਿਚੋਂ ਇਕ ਵਾਰ ਕਹਿ ਦਿੱਤਾ, ਉਹ ਕੰਮ ਕੀਤੇ ਬਿਨਾਂ ਵਾਪਸ ਨਹੀਂ ਸੀ ਮੁੜਦਾ। ਸਿੱਖ ਸਿਧਾਤਾਂ ਲਈ ਮਰਨ ਲਈ ਤੇ ਮਾਰਨ ਲਈ ਉਹ ਸਦਾ ਤਿਆਰ ਰਹਿੰਦਾ ਸੀ। ਅਜਿਹੇ ਬਹਾਦਰਾਂ ਦੇ ਨਾਲ ਅਣਖੀ ਨੌਜਵਾਨ ਹਮੇਸ਼ਾਂ ਕਾਫਲਾ ਬਣਾਉਣ ਲਈ ਤਿਆਰ ਰਹਿੰਦੇ ਹਨ। ਜ਼ਿਲ੍ਹਾ ਫਿਰੋਜ਼ਪੁਰ ਵਿੱਚ ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਗੁਰਜੀਤ ਸਿੰਘ ਝੋਕ ਹਰੀਹਰ, ਭਾਈ ਗੁਰਨਾਮ ਸਿੰਘ, ਭਾਈ ਹਰਭਜਨ ਸਿੰਘ ਮੰਡ, ਭਾਈ ਜੀਤ ਸਿੰਘ ਫਿਰੋਜ਼ਪੁਰ (ਹਲਵਾਈ), ਭਾਈ ਰਸਾਲ ਸਿੰਘ ਆਰਫਕੇ, ਭਾਈ ਮਹਿੰਦਰ ਸਿੰਘ ਸਾਈਆਂ ਵਾਲਾ....ਹੋਰ ਸਿੰਘਾਂ ਦਾ ਨਾਂ ਸਿੱਖ ਸੰਘਰਸ਼ ਵਿੱਚ ਮਾਣ ਨਾਲ ਲਿਆ ਜਾਂਦਾ ਸੀ। ਗੁਪਤ ਤੌਰ 'ਤੇ ਅਨੇਕਾਂ ਸਿੰਘ ਸੇਵਾ ਤੇ ਸਹਿਯੋਗ ਕਰ ਰਹੇ ਸਨ। ਅਕਾਲੀ ਦਲ ਵੱਲੋਂ ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਧਰਮ ਯੁੱਧ ਮੋਰਚੇ ਦੌਰਾਨ ਜੇਲ੍ਹ ਭਰੋ ਅੰਦੋਲਨ ਸ਼ੁਰੂ ਕੀਤਾ ਗਿਆ। ਜਿਸ ਵਿੱਚ ਸਿੱਖ ਵਧ ਚੜ੍ਹ ਕੇ ਹਿੱਸਾ ਲੈ ਰਹੇ ਸਨ ਤੇ ਜੇਲ੍ਹਾਂ ਭਰ ਰਹੇ ਸਨ। ਭਾਈ ਦੁਰਗਾ ਸਿੰਘ ਤੇ ਭਾਈ ਰਸਾਲ ਸਿੰਘ ਆਰਫਕੇ ਨੇ ਵੀ ਧਰਮ ਯੁੱਧ ਮੋਰਚੇ ਵਿੱਚ ਗ੍ਰਿਫਤਾਰੀ ਦੇਣ ਲਈ ਆਪਣਾ ਨਾਂ ਲਿਖਾ ਦਿੱਤਾ। ਜਦੋਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੂੰ ਇਸ ਬਾਬਤ ਪਤਾ ਲੱਗਾ ਤਾਂ ਉਨ੍ਹਾਂ ਕਿਹਾ ਕਿ ਸਿੰਘੋ ਭਾਈ ਰਸਾਲ ਸਿੰਘ ਤੇ ਭਾਈ ਦੁਰਗਾ ਸਿੰਘ ਨੂੰ ਸੱਦ ਕੇ ਲਿਆਓ। ਸਿੰਘ ਭਾਈ ਦੁਰਗਾ ਸਿੰਘ ਤੇ ਭਾਈ ਰਸਾਲ ਸਿੰਘ ਨੂੰ ਸੱਦ ਲਿਆਏ। ਦੋਵੇਂ ਸਿੰਘ ਫਤਹਿ ਬੁਲਾ ਕੇ ਹੱਥ ਜੋੜ ਕੇ ਖਲੋ ਗਏ ਤੇ ਬੇਨਤੀ ਕੀਤੀ ਕਿ ਸੰਤ ਜੀ ਕੀ ਹੁਕਮ ਹੈ ? ਸੰਤ ਜਰਨੈਲ ਸਿੰਘ ਜੀ ਖਾਲਸਾ ਕਹਿਣ ਲੱਗੇ—ਸਿੰਘੋ ਤੁਹਾਨੂੰ ਕਿਸ ਨੇ ਕਿਹਾ ਗ੍ਰਿਫਤਾਰੀ ਦੇਣ ਲਈ ? ਦੋਵੇਂ ਸਿੰਘ ਨਿਮਰਤਾ ਨਾਲ ਕਹਿੰਦੇ ਕਿ ਸੰਤ ਜੀ ਅਸੀਂ ਸੋਚਿਆ, ਅਸੀਂ ਧਰਮ ਯੁੱਧ ਮੋਰਚੇ ਵਿੱਚ ਆਪਣਾ ਹਿੱਸਾ ਪਾ ਲਈਏ। ਸੰਤ ਜੀ ਕਹਿੰਦੇ—ਜਿਹੜੀ ਤੁਸੀਂ ਸੇਵਾ ਕਰ

ਰਹੇ ਹੋ ਉਹ ਹਿੱਸਾ ਨਹੀਂ ? ਆਪ ਤੁਸੀਂ ਜਾ ਕੇ ਜੇਲ੍ਹ ਵਿੱਚ ਬੈਠ ਜਾਓਗੇ, ਬਾਹਰ ਦੇ ਕੰਮ ਕਿਨ੍ਹੇ ਕਰਨੇ ਨੇ। ਉਹ ਵੀ ਜ਼ਰੂਰੀ ਆ। ਖਬਰਦਾਰ ਜੇ ਕਿਸੇ ਨੇ ਬਿਨਾਂ ਪੁੱਛੇ ਗ੍ਰਿਫਤਾਰੀ ਦਿੱਤੀ। ਤਾਂ ਦੋਵਾਂ ਸਿੰਘਾਂ ਨੇ ਸੰਤ ਜੀ ਦੇ ਬਚਨਾਂ ਅੱਗੇ ਸਿਰ ਨਿਵਾ ਦਿੱਤਾ। ਧਰਮ ਯੁੱਧ ਮੋਰਚੇ ਵਿੱਚ ਗ੍ਰਿਫਤਾਰੀ ਦੇਣ ਦੀ ਜ਼ਿੰਮੇਵਾਰੀ ਭਾਈ ਦੁਰਗਾ ਸਿੰਘ ਨੇ ਆਪਣੀ ਭੈਣ ਬੀਬੀ ਤਾਰੋ ਦੀ ਲਾ ਦਿੱਤੀ। ਆਪ ਬੀਬੀਆਂ ਨੂੰ ਪਿੰਡ ਪਿੰਡ ਜਾ ਕੇ ਪ੍ਰੇਰਿਆ ਤੇ ਗ੍ਰਿਫਤਾਰੀ ਦੇਣ ਲਈ ਤਿਆਰ ਕੀਤਾ। ਬੀਬੀ ਤਾਰੋ 150 ਬੀਬੀਆਂ ਦਾ ਜਥਾ ਲੈ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜੀ ਤਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਬੀਬੀ ਤਾਰੋ ਨੂੰ ਸਿਰੋਪਾ ਦੇ ਕੇ ਗ੍ਰਿਫਤਾਰੀ ਦੇਣ ਲਈ ਦੀਵਾਨ ਹਾਲ ਮੰਜੀ ਸਾਹਿਬ ਤੋਂ ਤੋਰਿਆ। ਬੀਬੀ ਤਾਰੋ ਦੀ ਅਗਵਾਈ ਵਾਲੇ ਬੀਬੀਆਂ ਦੇ ਜਥੇ ਨੂੰ ਸੱਤ ਦਿਨ ਲੁਧਿਆਣਾ ਜੇਲ੍ਹ ਵਿੱਚ ਰੱਖਿਆ ਗਿਆ। ਫਿਰ ਰਿਹਾਅ ਕਰ ਦਿੱਤਾ ਗਿਆ। ਦੂਜੀ ਵਾਰ ਫਿਰ ਬੀਬੀ ਤਾਰੋ ਦੀ ਅਗਵਾਈ ਵਿੱਚ 150 ਬੀਬੀਆਂ ਦੇ ਜਥੇ ਨੇ ਗ੍ਰਿਫਤਾਰੀ ਦਿੱਤੀ ਤਾਂ ਜਥੇ ਨੂੰ ਅੰਮ੍ਰਿਤਸਰ ਜੇਲ੍ਹ ਵਿੱਚ 7 ਦਿਨ ਰੱਖ ਕੇ ਰਿਹਾਅ ਕਰ ਦਿੱਤਾ ਗਿਆ। ਫਿਰੋਜ਼ਪੁਰ ਸ਼ਹਿਰ ਵਿੱਚ ਸਿੱਖਾਂ ਦੀ ਦੁਸ਼ਮਣ ਹਿੰਦੂ ਸ਼ਿਵ ਸੈਨਾ ਬਹੁਤ ਭੁਤਰੀ ਹੋਈ ਸੀ। ਉਸ ਸ਼ਹਿਰ 'ਚੋਂ ਹਿੰਦੂ ਪਰਿਵਾਰ ਵਿੱਚ ਇਕ ਗੱਭਰੂ ਸਿੰਘ ਸਜ ਗਿਆ। ਉਨ੍ਹਾਂ ਦੀ ਹਲਵਾਈ ਦੀ ਦੁਕਾਨ ਸੀ, ਸਿੰਘਾਂ ਦਾ ਉਥੇ ਆਉਣਾ ਜਾਣਾ ਸੀ। ਗੱਭਰੂ ਅੰਮ੍ਰਿਤ ਛਕ ਕੇ ਸਿੰਘ ਸੱਜ ਗਿਆ ਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਦਰਸ਼ਨ ਕਰਨ ਵਾਸਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਗਿਆ। ਇਸ ਗੱਭਰੂ ਦਾ ਨਾਂ ਅਜੀਤ ਸਿੰਘ ਰੱਖਿਆ ਗਿਆ ਤੇ ਇਸ 'ਤੇ ਉਹ ਬੜੀ ਸ਼ਰਧਾ ਨਾਲ ਫਲਾਂ ਦੀ ਟੋਕਰੀ ਲੈ ਕੇ ਸ੍ਰੀ ਅੰਮ੍ਰਿਤਸਰ ਗਿਆ ਤੇ ਮਨ 'ਤ ਸ਼ਰਧਾ ਸੀ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਇਨ੍ਹਾਂ ਫਲਾਂ ਵਿੱਚੋਂ ਛਕਣ ਤਾਂ ਮੇਰੇ ਮਨ ਦੀ ਰੀਝ ਪੂਰੀ ਹੋ ਜਾਵੇ। ਸੰਤ ਜਰਨੈਲ ਸਿੰਘ ਜੀ ਖਾਲਸਾ ਦਿਲਾਂ ਦੀ ਜਾਨਣ ਵਾਲੇ ਮਹਾਂਪੁਰਖ ਸਨ। ਸੰਤ ਜੀ ਸਟੇਜ ਤੋਂ ਉਤਰ ਕੇ ਦੀਵਾਨ ਹਾਲ ਵਿੱਚ ਬੈਠੇ ਗੱਭਰੂ ਕੋਲ ਆਏ ਤੇ ਕਹਿੰਦੇ ਕਿ ਭਾਈ ਅਜੀਤ ਸਿੰਘ ਜੀ ਸਾਡੇ ਵਾਸਤੇ ਜੋ ਭੇਟਾ ਲਿਆਏ ਹੋ ਉਹ ਹੁਣ ਪਿੱਛੇ ਰੱਖ ਕੇ ਕਿਉਂ ਬੈਠੇ ਹੋ ? ਤਾਂ ਅਜੀਤ ਸਿੰਘ ਦਾ ਮਨ ਬਾਗੋ ਬਾਗ ਹੋ ਗਿਆ ਕਿ ਸੰਤ ਜੀ ਦਿਲਾਂ ਦੀਆਂ ਜਾਨਣ ਵਾਲੇ ਹਨ। ਅਜੀਤ ਸਿੰਘ ਨੇ ਫਲਾਂ ਦੀ ਟੋਕਰੀ ਸੰਤ ਜਰਨੈਲ ਸਿੰਘ ਜੀ ਖਾਲਸਾ ਨੂੰ ਭੇਂਟ ਕੀਤੀ ਤੇ ਉਸ ਦਿਨ ਤੋਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਮੁਰੀਦ ਹੋ ਕੇ ਰਹਿ ਗਿਆ। ਭਾਈ ਅਜੀਤ ਸਿੰਘ ਸੰਤ ਜੀ ਤੋਂ ਆਗਿਆ ਲੈ ਕੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਕਰਨ ਤੋਂ ਬਾਅਦ ਫਿਰੋਜ਼ਪੁਰ ਸ਼ਹਿਰ ਆ ਗਿਆ ਤੇ ਆਪਣੀ ਹਲਵਾਈ ਦੀ ਦੁਕਾਨ 'ਤੇ ਕੰਮ ਕਰਨ ਲੱਗਾ। ਹਿੰਦੂ ਸ਼ਿਵ ਸੈਨਾ ਵਾਲੇ ਉਸ ਦਾ ਅੰਮ੍ਰਿਤ ਛਕ ਕੇ ਸਿੰਘ ਸੱਜਣ ਤੋਂ ਔਖੇ ਸਨ ਤੇ ਉਸਨੂੰ ਸਿੱਖੀ ਸਰੂਪ ਤਿਆਗਣ ਵਾਸਤੇ ਕਹਿੰਦੇ ਸਨ। ਪ੍ਰੰਤੂ ਭਾਈ ਅਜੀਤ ਸਿੰਘ ਸਿੱਖੀ ਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਨੂੰ ਦਿਲ ਦੀਆਂ

ਗਹਿਰਾਈਆਂ ਤੋਂ ਪਿਆਰ ਕਰਦਾ ਸੀ। ਉਹ ਕਹਿੰਦਾ ਸੀ—ਉਏ ਸੰਤ ਜੀ ਸੱਚ ਦਾ ਸੂਰਜ ਹਨ। ਸੂਰਜ ਦੀ ਰੌਸ਼ਨੀ ਉਲੂ ਦੀਆਂ ਅੱਖਾਂ ਚੁੰਧਿਆ ਦੇਂਦੀ ਹੈ, ਤੁਹਾਡੀ ਉਹ ਗੱਲ ਹੈ। ਤੁਹਾਡੇ ਤੋਂ ਸੰਤ ਜਰਨੈਲ ਸਿੰਘ ਜੀ ਦੀ ਸਚਿਆਈ ਦੀ ਵਿਚਾਰਧਾਰਾ ਜ਼ਰ ਨਹੀਂ ਹੁੰਦੀ। ਤੁਸੀਂ ਖਾਹ-ਮਖਾਹ ਸੰਤ ਜਰਨੈਲ ਸਿੰਘ ਨਾਲ ਈਰਖਾ ਕਰਦੇ ਹੋ। ਉਸ ਦਾ ਇੱਕ-ਇੱਕ ਸਿੰਘ ਤੁਹਾਡੇ ਵਰਗੇ ਸੈਂਕੜੇ ਭੇਡੂਆਂ 'ਤੇ ਭਾਰੂ ਹੈ। ਸ਼ਿਵ ਸੈਨਾ ਵਾਲੇ ਹਿੰਦੂ ਦਹਿਸ਼ਤਗਰਦਾਂ ਨੇ ਆਪਣੀ ਬਹਾਦਰੀ ਵਿਖਾਉਣ ਅਤੇ ਭਾਈ ਅਜੀਤ ਸਿੰਘ ਨੂੰ ਨੀਵਾਂ ਦਿਖਾਉਣ ਲਈ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਪੁਤਲਾ ਭਾਈ ਅਜੀਤ ਸਿੰਘ ਹਲਵਾਈ ਦੀ ਦੁਕਾਨ ਅੱਗੇ ਸਾੜਨ ਦਾ ਐਲਾਨ ਕੀਤਾ ਤੇ ਭਾਈ ਅਜੀਤ ਸਿੰਘ ਨੂੰ ਆਖਿਆ ਕਿ ਜਿਹੜੇ ਤੂੰ ਸੌ ਸੌ ਤੋਂ ਭਾਰੂ ਸਿੰਘਾਂ ਦੀ ਗੱਲ ਕਰਦਾਂ, ਉਨ੍ਹਾਂ ਨੂੰ ਸੱਦ ਲੈ, ਅਸੀਂ ਇਸ ਦਿਨ ਤੇਰੇ ਭਿੰਡਰਾਂਵਾਲੇ ਦਾ ਪੁਤਲਾ ਤੇਰੀ ਦੁਕਾਨ ਦੇ ਸਾਹਮਣੇ ਸਾੜਨਾ ਹੈ। ਜੇ ਕਿਸੇ ਸਿੱਖ ਵਿੱਚ ਹਿੰਮਤ ਹੈ ਤਾਂ ਸਾਨੂੰ ਰੋਕ ਕੇ ਵਿਖਾਵੇ। ਭਾਈ ਅਜੀਤ ਸਿੰਘ, ਸ. ਮਹਿੰਦਰ ਸਿੰਘ ਸਾਈਆਂਵਾਲਾ ਨੂੰ ਮਿਲਿਆ ਤੇ ਕਿਹਾ—ਚਾਚਾ ਜੀ, ਹਿੰਦੂ ਸ਼ਿਵ ਸੈਨਾ ਵਾਲੇ ਦਹਿਸ਼ਤਗਰਦਾਂ ਨੇ ਸੰਤ ਭਿੰਡਰਾਂਵਾਲੇ ਦਾ ਪੁਤਲਾ ਬਣਾ ਕੇ ਮੇਰੀ ਦੁਕਾਨ ਸਾਹਮਣੇ ਸਾੜਨ ਦਾ ਐਲਾਨ ਕੀਤਾ ਹੈ। ਆਪਾਂ ਨੂੰ ਇਨ੍ਹਾਂ ਸ਼ਿਵ ਸੈਨਿਕ ਦਹਿਸ਼ਤਗਰਦਾਂ ਨੂੰ ਰੋਕਣ ਲਈ ਕੋਈ ਚਾਰਾ ਕਰਨਾ ਚਾਹੀਦਾ ਹੈ। ਸ. ਮਹਿੰਦਰ ਸਿੰਘ ਸਾਈਆਂ ਵਾਲਾ ਨੇ ਭਾਈ ਅਜੀਤ ਸਿੰਘ ਨੂੰ ਹੌਂਸਲਾ ਦਿੱਤਾ ਕਿ ਤੇਰਾ ਕੰਮ ਸੀ ਸੁਨੇਹਾ ਦੇਣਾ। ਤੂੰ ਹੁਣ ਬੇਫਿਕਰ ਹੋ ਜਾ। ਹੁਣ ਗੁਰੂ ਦੇ ਸਿੰਘ ਸਾਰਾ ਕੰਮ ਆਪੇ ਸੰਭਾਲ ਲੈਣਗੇ। ਸ. ਮਹਿੰਦਰ ਸਿੰਘ ਸਾਈਆਂਵਾਲਾ ਨੇ ਆਪਣੇ ਪੁੱਤਰਾਂ ਗੁਰਪ੍ਰੀਤ ਸਿੰਘ ਨੂੰ ਸਾਰੀ ਗੱਲ ਸਮਝਾਈ ਤੇ ਕਿਹਾ ਕਿ ਪੁੱਤਰ ਜਾਹ ਇਨ੍ਹਾਂ ਥਾਵਾਂ 'ਤੇ ਸਿੰਘਾਂ ਨੂੰ ਮਿਲ ਤੇ ਮੇਰਾ ਸੁਨੇਹਾ ਦੇਣਾ। ਤੇ ਤੂੰ ਰਸਤੇ ਵਿੱਚ ਢਿੱਲੇ ਹੋ ਕੇ ਰੁਕਣਾ ਨਹੀਂ। ਇਹ ਘਰ ਦਾ ਕੰਮ ਨਹੀਂ, ਜੋ ਕੱਲ੍ਹ ਨੂੰ ਕਰ ਲਵਾਂਗੇ। ਸਿੱਖੀ ਸਵੈਮਾਣ ਤੇ ਖਾਲਸਾਈ ਸ਼ਾਨ ਕਾਇਮ ਰੱਖਣ ਵਾਸਤੇ ਸਿੰਘਾਂ ਨੂੰ ਕਹਿ ਦੇਣਾ ਕਿ ਜੋ ਵੀ ਕੁਰਬਾਨੀ ਕਰਨੀ ਪਈ ਕਰਾਂਗੇ ਪਿੱਛੇ ਨਹੀਂ ਹਟਾਂਗੇ।

ਪਿਤਾ ਦਾ ਹੁਕਮ ਮੰਨ ਕੇ ਗੁਰਪ੍ਰੀਤ ਸਿੰਘ ਭਾਈ ਹਰਭਜਨ ਸਿੰਘ ਮੰਡ ਨੂੰ ਮਿਲਿਆ। ਉਸ ਤੋਂ ਬਾਅਦ ਦੁਰਗਾ ਸਿੰਘ ਆਰਫਕੇ ਨੂੰ ਮਿਲਿਆ। ਉਸ ਦਿਨ ਭਾਈ ਦੁਰਗਾ ਸਿੰਘ ਪਿੰਡ ਆਇਆ ਹੋਇਆ ਸੀ। ਭਾਈ ਦੁਰਗਾ ਸਿੰਘ ਨੂੰ ਭਾਈ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਚਾਚਾ ਜੀ ਜੇ ਹਿੰਦੂ ਸ਼ਿਵ ਸੈਨਾ ਵਾਲਿਆਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਪੁਤਲਾ ਸਾੜਿਆ ਤੇ ਆਪਾਂ ਕੁਝ ਨਾ ਕੀਤਾ, ਸਮਝੋ ਆਪਾਂ ਜਿਊਂਦੇ ਮਰ ਗਏ। ਭਾਈ ਗੁਰਪ੍ਰੀਤ ਸਿੰਘ ਦੁਖੀ ਮਨ ਨਾਲ ਰੋ ਪਿਆ। ਰਾਤ ਦਾ ਹਨੇਰਾ ਹੋਇਆ ਹੋਇਆ ਸੀ। ਭਾਈ ਦੁਰਗਾ ਸਿੰਘ ਪ੍ਰਸ਼ਾਦਾ ਛਕਣ ਲੱਗਾ ਸੀ। ਭਾਈ ਦੁਰਗਾ ਸਿੰਘ ਕਹਿਣ ਲੱਗਾ—ਚੱਲ ਜਵਾਨਾ ਤੇਰਾ ਕੰਮ ਸੀ ਸੁਨੇਹਾ ਦੇਣਾ ਤੇ ਹੁਣ

ਸਾਡਾ ਫਰਜ਼ ਆ ਸੰਤ ਮਹਾਂਪੁਰਖਾਂ ਦੀ ਹਿੰਦੂ ਅੱਤਵਾਦੀਆਂ ਵੱਲੋਂ ਕੀਤੀ ਜਾਣ ਵਾਲੀ ਬੇਅਦਬੀ ਨੂੰ ਰੋਕਣਾ। ਪਹਿਲਾਂ ਇਨ੍ਹਾਂ ਹਿੰਦੂ ਸ਼ਿਵ ਸੈਨਿਕਾਂ ਤੇ ਹਿੰਦੂ ਸੁਰੱਖਿਆ ਪ੍ਰੀਸ਼ਦ ਵਾਲਿਆਂ ਦੀ ਸੂਰਮਗਤੀ ਦਾ ਬੁਖਾਰ ਲਾਹ ਕੇ ਹੀ ਪ੍ਰਸ਼ਾਦਾ ਛਕਾਂਗੇ।

ਭਾਈ ਦੁਰਗਾ ਸਿੰਘ ਨੇ ਪਿੰਡ ਆਰਫਕੇ ਤੋਂ ਕਿਸੇ ਸੱਜਣ ਦਾ ਟਰੈਕਟਰ ਮੰਗ ਲਿਆ ਤੇ ਗੁਰਪ੍ਰੀਤ ਨੂੰ ਨਾਲ ਲੈ ਕੇ ਸਿੰਘਾਂ ਨੂੰ ਇਕੱਠੇ ਕਰਨ ਲਈ ਤੁਰ ਪਿਆ। ਪਹਿਲਾਂ ਪਿੰਡ ਉਸਮਾਨਵਾਲਾ ਗਿਆ ਉਥੋਂ ਭਾਈ ਸੁਖਵੰਤ ਸਿੰਘ ਤੇ ਭਾਈ ਰਣਧੀਰ ਸਿੰਘ ਨੂੰ ਮਿਲਿਆ ਤੇ ਹੋਰ ਸਿੰਘਾਂ ਨੂੰ ਇਕੱਠੇ ਕਰਨ ਦੀ ਡਿਊਟੀ ਲਾਈ। ਅੱਗੇ ਭਾਈ ਗੁਰਨਾਮ ਸਿੰਘ ਨੂੰ ਮਿਲਿਆ ਤੇ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਨੂੰ ਮਿਲੇ ਤੇ ਭਾਈ ਗੁਰਦੇਵ ਸਿੰਘ ਸਤੀਏਵਾਲਾ ਦੇ ਕੋਲ ਸਾਰੇ ਸਿੰਘਾਂ ਨੂੰ ਇਕੱਠੇ ਹੋਣ ਲਈ ਕਿਹਾ। ਭਾਈ ਗੁਰਜੀਤ ਸਿੰਘ ਝੋਕ ਹਰੀਹਰ, ਭਾਈ ਹਰਭਜਨ ਸਿੰਘ ਮੰਡ, ਭਾਈ ਧਿਆਨ ਸਿੰਘ ਮੰਡ ਵੀ ਹੋਰ ਸਿੰਘਾਂ ਨੂੰ ਨਾਲ ਲੈ.ਕੇ ਪਹੁੰਚ ਗਏ। ਸਿੰਘਾਂ ਇਕੱਠੇ ਹੋ ਕੇ ਕੁਝ ਸਿੰਘਾਂ ਦੀ ਡਿਊਟੀ ਗੁਰਦੁਆਰਾ ਸਿੰਘ ਸਭਾ ਖਾਲਸਾ ਫਿਰੋਜ਼ਪੁਰ ਛਾਉਣੀ ਪਹੁੰਚਣ ਤੇ ਕੁਝ ਦੀ ਭਾਈ ਅਜੀਤ ਸਿੰਘ ਹਲਵਾਈ ਦੀ ਦੁਕਾਨ 'ਤੇ ਪਹੁੰਚਣ ਤੇ ਕੁਝ ਦੀ ਨੀਤੀ ਅਨੁਸਾਰ ਆਸੇ ਪਾਸੇ ਤਿਆਰ ਰਹਿਣ ਲਈ ਡਿਊਟੀ ਲਾ ਦਿੱਤੀ। ਹਿੰਦੂ ਸੁਰੱਖਿਆ ਪ੍ਰੀਸ਼ਦ ਦੇ ਮੀਤ ਪ੍ਰਧਾਨ ਦੇਵਰਤਨ ਤੁੱਲੀ ਅਤੇ ਹਿੰਦੂ ਸ਼ਿਵ ਸੈਨਾ ਦਾ ਹਜੂਮ ਲੈ ਕੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਪੁਤਲਾ ਸਾੜਨ ਲਈ ਤੇ ਸਿੱਖੀ ਵਿਰੋਧੀ ਨਾਅਰੇਬਾਜ਼ੀ ਕਰਦਾ ਆ ਰਿਹਾ ਸੀ। ਜਦੋਂ ਭਾਈ ਅਜੀਤ ਸਿੰਘ ਹਲਵਾਈ ਦੀ ਦੁਕਾਨ ਅੱਗੇ ਸੰਤਾਂ ਦਾ ਪੁਤਲਾ ਸਾੜਨ ਲਈ ਨਾਅਰੇਬਾਜ਼ੀ ਕਰਕੇ ਪੱਤਰਕਾਰਾਂ ਤੋਂ ਫੋਟੋਆਂ ਖਿਚਵਾ ਰਿਹਾ ਸੀ ਤਾਂ ਦੁਕਾਨ ਦੇ ਅੰਦਰੋਂ ਸਿੰਘਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਕੇ ਸ੍ਰੀ ਸਾਹਿਬ ਮਿਆਨਾਂ ਵਿੱਚੋਂ ਬਾਹਰ ਕੱਢੀਆਂ ਤੇ ਗੁਰਦੁਆਰਾ ਸਾਹਿਬ ਵਾਲੇ ਸਿੰਘ ਵੀ ਪਿੱਛੋਂ ਪਹੁੰਚ ਗਏ ਤੇ ਸਾਈਡਾਂ 'ਤੇ ਖੜ੍ਹੇ ਸਿੰਘ ਵੀ ਹਰਕਤ ਵਿੱਚ ਆ ਗਏ ਤਾਂ ਸ਼ਿਵ ਸੈਨਾ ਤੇ ਹਿੰਦੂ ਕੌਮ ਦੀ ਸੁਰੱਖਿਆ ਲਈ ਹਿੰਦੂਆਂ ਵੱਲੋਂ ਜਥੇਬੰਦ ਕੀਤੀ ਗਈ ਹਿੰਦੂ ਸੁਰੱਖਿਆ ਪ੍ਰੀਸ਼ਦ ਦੇ ਸੂਰਮਿਆਂ ਨੇ ਆਪਣੇ ਆਪ ਨੂੰ ਸਿੰਘਾਂ ਵਿੱਚ ਘਿਰੇ ਹੋਏ ਵੇਖਿਆ ਤਾਂ ਤ੍ਰਿਸ਼ੂਲਾਂ, ਹਾਕੀਆਂ ਚੱਕੀ ਮੱਥੇ ਦੋ ਦੋ ਗਿੱਠਾਂ ਦੀਆਂ ਗੋਟੇ ਵਾਲੀਆਂ ਚੁੰਨੀਆਂ ਬੱਧੀ ਸੂਰਮਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਚੁਫੇਰੇ ਤੋਂ ਸਿੰਘਾਂ ਦੇ ਨਾਲ ਆਏ ਪੇਂਡੂ ਜੱਟਾਂ ਜਿਨ੍ਹਾਂ ਦੇ ਹੱਥਾਂ ਵਿੱਚ ਕੰਧਾਲੀਆਂ, ਸੰਮਾਂ ਵਾਲੀਆਂ ਡਾਂਗਾਂ, ਗੰਡਾਸੇ, ਬਰਛੀਆਂ, ਕਿਰਪਾਨਾਂ, ਲਾਈਸੈਂਸੀ ਹਥਿਆਰ ਵੀ ਸਨ, ਰਵਾਇਤੀ ਦੇਸੀ ਹਥਿਆਰਾਂ ਨਾਲ ਭੁੱਖੇ ਸ਼ੇਰਾਂ ਵਾਂਗ ਸ਼ਿਵ ਸੈਨਾ ਅਤੇ ਹਿੰਦੂ ਸੁਰੱਖਿਆ ਸੰਮਤੀ ਦੇ ਤ੍ਰਿਸ਼ੂਲਧਾਰੀਆਂ ਸੂਰਮਿਆਂ ਉੱਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਹੋਏ ਟੁੱਟ ਪਏ। ਸਿੰਘਾਂ ਦੇ ਚੁਫੇਰੇ ਦੇ ਹੱਲੇ ਦਾ ਹਿੰਦੂ ਸ਼ਰਾਰਤੀ ਅੱਤਵਾਦੀ ਡੱਟ ਕੇ ਮੁਕਾਬਲਾ ਨਾ ਕਰ ਸਕੇ ਤੇ ਉਨ੍ਹਾਂ ਦੇ ਪਹਿਲੇ ਹੱਲੇ ਈ ਪੈਰ ਉਖੜ ਗਏ। ਸਿੰਘਾਂ ਨੇ ਸ਼ਿਵ ਦੀ ਸੈਨਾ ਦੇ ਰੱਜ ਕੇ ਮੋਰ ਕੁੱਟੇ ਤੇ ਬਹੁਤੇ ਇੱਕ

ਦੂਜੇ ਵਿੱਚ ਵੱਜ ਕੇ ਹੀ ਡਿੱਗੀ ਜਾਣ। ਹਿੰਦੂ ਸ਼ਿਵ ਸੈਨਾ ਤੇ ਹਿੰਦੂ ਸੁਰੱਖਿਆ ਸੰਮਤੀ ਦੇ ਦਹਿਸ਼ਤਗਰਦਾਂ ਦੇ ਨਾਲ ਬਹੁਤੇ ਤਮਾਸ਼ਾ ਵੇਖਣ ਵਾਲੇ ਸਨ ਜੋ ਅਜੀਤ ਸਿੰਘ ਹਲਵਾਈ ਦੀ ਦੁਕਾਨ ਮੂਹਰੇ ਸੰਤ ਭਿੰਡਰਾਂਵਾਲੇ ਦਾ ਪੁਤਲਾ ਸਾੜਨ ਦਾ ਨਜ਼ਾਰਾ ਵੇਖਣ ਦੀ ਖੁਸ਼ੀ ਵਿੱਚ ਆਏ ਸਨ। ਹਿੰਦੂ ਸ਼ਿਵ ਸੈਨਿਕਾਂ, ਹਿੰਦੂ ਸੁਰੱਖਿਆ ਸੰਮਤੀ ਦੇ ਜਵਾਨਾਂ ਨੂੰ ਪੁਲਿਸ ਦੇ ਉੱਚ ਅਧਿਕਾਰੀਆਂ ਦੀ ਸਹਿਮਤੀ ਹਾਸਲ ਸੀ ਤੇ ਪੰਜਾਬ ਪੁਲਿਸ ਦੇ ਕੁਝ ਦਰਜਨ ਕੁ ਦੇ ਕਰੀਬ ਜਵਾਨ ਵੀ ਪਾਸੇ ਸੁਰੱਖਿਆ ਵਜੋਂ ਆ ਰਹੇ ਸਨ। ਉਨ੍ਹਾਂ ਨੂੰ ਅੱਗੋਂ ਸਿੰਘਾਂ ਦੇ ਸੰਭਾਵੀ ਵਿਰੋਧ ਦੀ ਕੋਈ ਆਸ ਨਹੀਂ ਸੀ। ਜਦੋਂ ਅੱਗੋਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਮੁਰੀਦਾਂ ਮੌਤ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਜਿਊਣ ਵਾਲਿਆਂ ਨਾਲ ਸਾਹਮਣੇ ਹੋਇਆ ਤਾਂ ਸ਼ਿਵ ਦੀ ਸੈਨਾ ਨੂੰ ਭੱਜਦਿਆਂ ਰਾਹ ਨਾ ਲੱਭਿਆ ਤੇ ਨਾਲ ਆਏ ਪੰਜਾਬ ਪੁਲਿਸ ਦੇ ਜਵਾਨ ਕਹਿ ਰਹੇ ਸਨ, ਲਾਲਾ ਜੀ ਫੜ੍ਹ ਲਉ ਸਿੰਘਾਂ ਨੂੰ ਤੁਹਾਨੂੰ ਤਾਂ ਪੈਂਤੀਆਂ ਨੂੰ ਇਕ-ਇਕ ਆਉਂਦਾ ਹੈ। ਤੇ ਸ਼ਿਵ ਸੈਨਾ ਦੇ ਸੂਰਮੇ ਕਹਿ ਰਹੇ ਸਨ, ਅੱਤਵਾਦੀਆਂ 'ਤੇ ਗੋਲੀ ਚਲਾਉ। ਇਕ ਸਿੱਖ ਹੌਲਦਾਰ ਕਹਿੰਦਾ, ਪੁਲਿਸ ਲੜਾਈ 'ਚ ਦਖਲ ਨਹੀਂ ਦੇਂਦੀ ਹੁੰਦੀ। ਬਾਅਦ 'ਚ ਕਨੂੰਨੀ ਕਾਰਵਾਈ ਕਰਦੀ ਹੁੰਦੀ ਆ। ਸਿੰਘਾਂ ਨੇ ਸ਼ਿਵ ਸੈਨਿਕਾਂ ਦੇ ਬਜ਼ਾਰ ਵਿੱਚ ਭਜਾ ਭਜਾ ਕੇ ਮੋਰ ਕੁੱਟੇ ਤੇ ਡਿੱਗੇ ਨੂੰ ਉਠਾ ਕੇ ਕਹਿੰਦੇ ਸੀ ਸਿੰਘ ਡਿੱਗੇ ਦੁਸ਼ਮਣ 'ਤੇ ਵਾਰ ਨਹੀਂ ਕਰਦੇ। ਸੂਰਮਿਆਂ ਉੱਠ ਕੇ ਲੜ। ਬਹੁਤੇ ਸ਼ਿਵ ਸੈਨਾ ਤੇ ਹਿੰਦੂ ਸੁਰੱਖਿਆ ਸੰਮਤੀ ਦੇ ਸੂਰਮਿਆਂ ਨੇ ਘਰਾਂ ਵਿੱਚ ਵੜ ਕੇ ਜਾਨ ਬਚਾਈ ਤੇ ਬਾਕੀਆਂ ਨੂੰ ਸਿੰਘ ਮੰਦਰ 'ਚ ਵਾੜ ਕੇ ਆਏ।

ਜੂਨ 1984 'ਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਹੋਣ ਵਾਲੇ ਸੰਭਾਵੀ ਫੌਜੀ ਹਮਲੇ ਨੂੰ ਮੁੱਖ ਰੱਖ ਕੇ ਬਾਅਦ ਵਿੱਚ ਸਿੱਖ ਕੌਮ ਦੇ ਆਜ਼ਾਦ ਘਰ ਖਾਲਿਸਤਾਨ ਦੀ ਪ੍ਰਾਪਤੀ ਲਈ ਹਿੰਦੁਸਤਾਨ ਦੀ ਹਕੂਮਤ ਨਾਲ ਲੜੀ ਜਾਣ ਵਾਲੀ ਲੰਬੀ ਲੜਾਈ ਨੂੰ ਧਿਆਨ ਵਿੱਚ ਰੱਖਦਿਆਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਕੁਝ ਸਿੰਘਾਂ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਚੋਂ ਡਿਊਟੀਆਂ ਲਾ ਕੇ ਬਹਾਨੇ ਨਾਲ ਦੂਰ ਦੁਰੇਡੀਆਂ ਥਾਵਾਂ 'ਤੇ ਭੇਜ ਦਿੱਤਾ ਸੀ ਕਿ ਜਦੋਂ ਲੋੜ ਹੋਈ ਸੁਨੇਹਾ ਭੇਜ ਕੇ ਤੁਹਾਨੂੰ ਵਾਪਸ ਬੁਲਾ ਲਵਾਂਗੇ। ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਭਾਈ ਮਨਬੀਰ ਸਿੰਘ ਚਹੇੜੂ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਗਿਆਨੀ ਅਰੂੜ ਸਿੰਘ ਡੱਲਾ, ਭਾਈ ਤਰਸੇਮ ਸਿੰਘ ਕੁਹਾੜ, ਭਾਈ ਗੁਰਮੇਜ ਸਿੰਘ ਢਿੱਲਵਾਂ, ਭਾਈ ਗੁਰਸਾਹਿਬ ਸਿੰਘ ਮੰਡਿਆਲਾ, ਭਾਈ ਕੁਲਦੀਪ ਸਿੰਘ ਮੁੱਛਲ ਦੇ ਦਲ ਵਿੱਚੋਂ ਆਏ ਭਾਈ ਅਵਤਾਰ ਸਿੰਘ ਬ੍ਰਹਮਾ, ਭਾਈ ਅਮਰੀਕ ਸਿੰਘ ਜੌੜਾ, ਭਾਈ ਗੁਰਨਾਮ ਸਿੰਘ, ਇਨ੍ਹਾਂ ਸਿੰਘਾਂ ਵਿੱਚ ਹੀ ਜਥੇਦਾਰ ਭਾਈ ਦੁਰਗਾ ਸਿੰਘ ਆਰਫਕੇ (ਮੁਖੀ ਤੱਤ ਖਾਲਸਾ) ਵੀ ਸੀ।

ਆਖਰ 2 ਜੂਨ 1984 ਨੂੰ ਹਿੰਦੁਸਤਾਨ ਦੀ ਹਕੂਮਤ ਦੀ ਪ੍ਰਧਾਨ ਮੰਤਰੀ ਇੰਦਰਾ

ਗਾਂਧੀ ਨੇ ਆਪਣੀ ਪਿਤਾ-ਪੁਰਖੀ ਸਿੱਖ ਕੌਮ ਵਿਰੋਧੀ ਦੁਸ਼ਮਣੀ 'ਤੇ ਚੱਲਦਿਆਂ ਫੌਜੀ ਹਮਲਾ ਕਰਵਾ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਈਆਂ ਹਜ਼ਾਰਾਂ ਸਿੱਖ ਸੰਗਤਾਂ ਨੂੰ ਬੇਰਹਿਮੀ ਨਾਲ ਹਿੰਦੁਸਤਾਨ ਦੀ ਫੌਜ ਨੇ ਮਸ਼ੀਨਗੰਨਾਂ ਦੀਆਂ ਗੋਲੀਆਂ, ਤੋਪਾਂ ਟੈਂਕਾਂ ਦੇ ਬੰਬਾਂ ਨਾਲ ਮੌਤ ਦੇ ਘਾਟ ਉਤਾਰ ਦਿੱਤਾ। ਸੰਤ ਜਰਨੈਲ ਸਿੰਘ ਜੀ ਖਾਲਸਾ, ਭਾਈ ਅਮਰੀਕ ਸਿੰਘ ਜੀ ਅਗਵਾਈ ਹੇਠ ਸਿੰਘਾਂ ਨੇ ਵੀ ਹਿੰਦੁਸਤਾਨੀ ਫੌਜਾਂ ਦੇ ਸੱਥਰ ਵਿਛਾਏ। ਤੇ ਸਿੰਘ ਖਾਲਸਾਈ ਰਵਾਇਤਾਂ ਨੂੰ ਕਾਇਮ ਰੱਖਦਿਆਂ ਚਮਕੌਰ ਦੀ ਕੱਚੀ ਗੜ੍ਹੀ ਦੇ ਨਜ਼ਾਰੇ ਵਿਖਾ ਕੇ, ਆਖਰੀ ਸਵਾਸ ਤੇ ਆਖਰੀ ਗੋਲੀ ਤੱਕ ਲੜਦੇ ਹੋਏ ਸ਼ਹਾਦਤਾਂ ਪ੍ਰਾਪਤ ਕਰ ਕੇ ਇਤਿਹਾਸ ਵਿੱਚ ਸਦਾ ਲਈ ਅਮਰ ਹੋ ਗਏ।

ਜੂਨ 84 ਦੇ ਹਫਤੇ ਪੂਰੇ ਪੰਜਾਬ ਨੂੰ ਫੌਜ ਦੇ ਹਵਾਲੇ ਕੀਤਾ ਗਿਆ ਸੀ। ਇੰਨਾ ਸਖਤ ਕਰਫਿਊ ਲਗਾਇਆ ਸੀ ਕਿ ਸੜਕਾਂ 'ਤੇ ਬਲਦ ਗੱਡੀ ਤੱਕ ਨਹੀਂ ਚੱਲਣ ਦਿੱਤੀ। ਪੰਜਾਬ ਦੇ 37 ਹੋਰ ਗੁਰਦੁਆਰਿਆਂ 'ਤੇ ਹਿੰਦੁਸਤਾਨੀ ਫੌਜ ਨੇ ਹਮਲਾ ਕੀਤਾ ਸੀ ਤੇ ਪੰਜਾਬ ਦੇ ਪਿੰਡਾਂ ਵਿੱਚ ਅੰਮ੍ਰਿਤਧਾਰੀ ਸਿੱਖਾਂ ਦੀ ਫੜੋ ਫੜਾਈ ਸ਼ੁਰੂ ਕੀਤੀ ਗਈ ਸੀ। ਧਰਮੀ ਸਿੱਖ ਫੌਜੀਆਂ ਵੱਲੋਂ ਬਗਾਵਤ ਕਰਕੇ ਅੰਮ੍ਰਿਤਸਰ ਵੱਲ ਤੁਰਨ ਨਾਲ, ਇਹ ਫੜੋ ਫੜਾਈ ਰੋਕਣੀ ਪਈ ਸੀ। ਪਿੰਡ ਆਰਫਕੇ ਵਿੱਚ ਵੀ ਫੌਜ ਆਈ ਤੇ ਇਥੋਂ ਦੇ ਦੋ ਨੌਜਵਾਨਾਂ ਭਾਈ ਰਸਾਲ ਸਿੰਘ ਤੇ ਭਾਈ ਦੁਰਗਾ ਸਿੰਘ ਬਾਰੇ ਪੁੱਛਗਿੱਛ ਕਰ ਰਹੀ ਸੀ। ਉਸ ਸਮੇਂ ਭਾਈ ਦੁਰਗਾ ਸਿੰਘ ਪਿੰਡ ਦੇ ਤਹਿਸੀਲਦਾਰ ਨਿਰੰਜਣ ਸਿੰਘ ਦੇ ਘਰ ਠਹਿਰਿਆ ਹੋਇਆ ਸੀ। ਤਹਿਸੀਲਦਾਰ ਦੇ ਘਰੋਂ ਫੌਜ ਵਾਲੇ ਚਾਹ ਪਾਣੀ ਪੀ ਕੇ ਚਲੇ ਗਏ, ਤਹਿਸੀਲਦਾਰ ਸਾਹਿਬ ਨੇ ਫੌਜ ਦੀ ਸੇਵਾ ਕੀਤੀ ਤਾਂ ਉਨ੍ਹਾਂ ਨੇ ਘਰ ਦੀ ਤਲਾਸ਼ੀ ਨਾ ਲਈ। ਇਸ ਤਰ੍ਹਾਂ ਜਥੇਦਾਰ ਦੁਰਗਾ ਸਿੰਘ ਜੂਨ 84 ਦੇ ਘੱਲੂਘਾਰੇ ਵੇਲੇ ਫੌਜੀ ਕਾਰਵਾਈ ਤੋਂ ਬਚ ਗਏ।

ਜੂਨ 84 ਦੇ ਘੱਲੂਘਾਰੇ ਤੋਂ ਬਾਅਦ ਖਿੰਡੇ ਪੁੰਡੇ ਸਿੰਘਾਂ ਮੁੜ ਇਕੱਠੇ ਹੋਣ ਲਈ, ਇਕ ਦੂਜੇ ਦੀ ਭਾਲ ਵਿੱਚ ਨਿਕਲੇ। ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਗੁਰਨਾਮ ਸਿੰਘ ਤੇ ਹੋਰ ਫਿਰੋਜ਼ਪੁਰੀਏ ਸਿੰਘਾਂ ਨੇ ਜਥੇਦਾਰ ਦੁਰਗਾ ਸਿੰਘ ਆਰਫਕੇ ਦੀ ਡਿਊਟੀ ਮਾਝੇ 'ਚ ਸਿੰਘਾਂ ਨੂੰ ਇਕੱਠੇ ਕਰਨ ਦੀ ਲਾਈ ਤੇ ਆਪ ਮਾਲਵੇ ਦੇ ਸਿੰਘਾਂ ਨੂੰ ਲਾਮਬੰਦ ਕਰਨ ਲਈ ਦਿਨ ਰਾਤ ਬਿਖੜੇ ਰਾਹਾਂ 'ਤੇ ਚੱਲਦੇ ਰਹੇ। ਜਥੇਦਾਰ ਦੁਰਗਾ ਸਿੰਘ ਨਿਹੰਗ ਸਿੰਘ ਦੇ ਭੇਸ ਵਿੱਚ ਵੀ ਵਿਚਰਦਾ ਤੇ ਕਦੀ ਜੱਟਾਂ ਦੇ ਭੇਸ ਵਿੱਚ ਤੇੜ ਚਾਦਰਾ ਬੰਨ੍ਹ ਕੇ ਲੰਬਾ ਮਝੈਲ ਕੁੜਤਾ ਪਾ ਕੇ ਵੀ ਤੇ ਕਦੀ ਟੁੱਟੇ-ਫੁੱਟੇ ਪੁਰਾਣੇ ਜਿਹੇ ਕੱਪੜੇ ਪਾ ਕੇ ਸਾਈਕਲ 'ਤੇ ਚੂੜੀਆਂ, ਕੰਘੇ, ਛਾਪਾਂ ਛੱਲੇ ਵੇਚਦਾ ਤੇ ਪਿੰਡਾਂ ਵਿੱਚ ਫੇਰੀ ਵਾਲਾ ਬਣ ਕੇ ਵੀ ਵਿਚਰਦਾ ਸੀ। ਜਥੇਦਾਰ ਦੁਰਗਾ ਸਿੰਘ ਸਾਈਕਲ 'ਤੇ ਚੂੜੀਆਂ, ਮੁੰਦਰੀਆਂ, ਛੱਲੇ, ਕੰਘੀਆਂ, ਕੰਘੇ, ਗਲ ਪਾਉਣ ਵਾਲੀਆਂ ਗਾਨੀਆਂ ਵੇਚਦਾ ਹੋਇਆ

ਪਿੰਡ ਬ੍ਰਹਮਪੁਰਾ ਪਹੁੰਚ ਗਿਆ। ਪਿੰਡ ਵਿੱਚ ਫੇਰੀ ਪਾ ਕੇ ਹੋਕਾ ਦੇਂਦਾ ਹੋਇਆ ਤੇ ਸਾਮਾਨ ਵੇਚਦਾ ਲੋਕਾਂ ਨੂੰ ਪੁੱਛਦਾ ਕਿ ਭਾਈ ਇਸ ਪਿੰਡ ਦਾ ਮੁੰਡਾ ਨਿਹੰਗ ਆ ਤੇ ਬਾਬਾ ਬਿਧੀ ਚੰਦ ਦੇ ਦਲ ਬਾਬਾ ਦਇਆ ਸਿੰਘ ਸੁਰ ਸਿੰਘ ਵਾਲਿਆਂ ਦੇ ਦਲ ਵਿੱਚ ਸੇਵਾ ਕਰਦਾ, ਉਨ੍ਹਾਂ ਦਾ ਘਰ ਕਿਹੜਾ ? ਅੱਗੋਂ ਇੱਕ ਸਿੱਖ ਨੇ ਦੱਸਿਆ ਕਿ ਉਹ ਸਿੰਘ ਦਾ ਪੁੱਤਰ ਆ, ਅਵਤਾਰ ਸਿੰਘ ਤੇ ਉਸ ਦਾ ਘਰ ਦਾ ਥਾਂ ਟਿਕਾਣਾ ਦੱਸ ਦਿੱਤਾ। ਜਥੇਦਾਰ ਦੁਰਗਾ ਸਿੰਘ ਉਸ ਸਿੰਘ ਦੇ ਘਰ ਪਹੁੰਚ ਗਿਆ। ਘਰ ਵਿੱਚ ਸਾਧਾ ਸਿੰਘ ਮਿਲਿਆ, ਦੁਰਗਾ ਸਿੰਘ ਨੇ ਪੁੱਛਿਆ ਤਾਂ ਸਾਧਾ ਸਿੰਘ ਨੇ ਕਿਹਾ ਕਿ ਭਾਈ ਅਵਤਾਰ ਸਿੰਘ ਨਿਹੰਗ ਮੇਰਾ ਹੀ ਭਰਾ ਹੈ ਤੇ ਦਲ ਦੇ ਸਿੰਘਾਂ ਨੇ ਅਵਤਾਰ ਸਿੰਘ ਦਾ ਨਾਂ ਬ੍ਰਹਮ ਸਿੰਘ ਰੱਖਿਆ ਹੈ ਤੇ ਉਹ ਦੋ-ਢਾਈ ਮਹੀਨੇ ਤੋਂ ਘਰ ਆਇਆ ਹੋਇਆ ਹੈ। ਜਦੋਂ ਇੰਦਰਾ ਨੇ ਦਰਬਾਰ ਸਾਹਿਬ ਉੱਤੇ ਹਮਲਾ ਕਰਕੇ ਗੁਰਧਾਮਾਂ ਨੂੰ ਢਾਹ ਦਿੱਤਾ ਆ ਉਦੋਂ ਦਾ ਉਦਾਸ ਜਿਹਾ ਰਹਿੰਦਾ ਹੈ ਤੇ ਬਾਹਰ ਸਾਡਾ ਖੂਹ ਉਥੇ ਚੁੱਪ-ਚਾਪ ਬੈਠਾ ਰਹਿੰਦਾ ਜਾਂ ਪਾਠ ਕਰਨ ਲੱਗ ਜਾਂਦਾ। ਦੁਰਗਾ ਸਿੰਘ ਕਹਿੰਦਾ ਕਿ ਤੁਸੀਂ ਮੈਨੂੰ ਅਵਤਾਰ ਸਿੰਘ ਨਾਲ ਮਿਲਾਓ। ਕੋਲੋਂ ਬਲਕਾਰ ਸਿੰਘ ਕਹਿੰਦਾ—ਭਾਈ ਭੇਸ ਤਾਂ ਤੂੰ ਚੂੜੀਆਂ ਵੇਚਣ ਵਾਲਿਆਂ ਦਾ ਬਣਾਈ ਫਿਰਦਾਂ। ਕਹਿੰਦਾ ਕਿ ਮੈਨੂੰ ਅਵਤਾਰ ਸਿੰਘ ਨਾਲ ਮਿਲਾਓ। ਕਿਤੇ ਤੂੰ ਜਥੇਦਾਰ ਦੁਰਗਾ ਸਿੰਘ ਤਾਂ ਨਹੀਂ ? ਜਥੇਦਾਰ ਦੁਰਗਾ ਸਿੰਘ ਕਹਿੰਦਾ—ਭਾਈ ਤੁਹਾਨੂੰ ਕਿਵੇਂ ਪਤਾ ਕਿ ਮੈਂ ਦੁਰਗਾ ਸਿੰਘ ਆਂ ? ਸਾਧਾ ਸਿੰਘ ਕਹਿੰਦਾ—ਅਵਤਾਰ ਸਿੰਘ ਕਹਿੰਦਾ ਸੀ ਭਾਊ ਸੰਤਾਂ ਦਾ ਬਚਨ ਆ ਸਮਾਂ ਆਉਣ 'ਤੇ ਆਪੇ ਦੁਰਗਾ ਸਿੰਘ ਤੁਹਾਨੂੰ ਆ ਕੇ ਮਿਲੇਗਾ। ਜਥੇਦਾਰ ਦੁਰਗਾ ਸਿੰਘ ਕਹਿੰਦਾ—ਹਾਂ ਭਾਈ ਮੈਂ ਦੁਰਗਾ ਸਿੰਘ ਹੀ ਹਾਂ। ਸ. ਸਾਧਾ ਸਿੰਘ ਤੇ ਸ. ਬਲਕਾਰ ਸਿੰਘ ਨੇ ਜਥੇਦਾਰ ਦੁਰਗਾ ਸਿੰਘ ਦੀ, ਪ੍ਰਸ਼ਾਦਾ ਪਾਣੀ ਛਕਾ ਕੇ ਸੇਵਾ ਕੀਤੀ ਤੇ ਫਿਰ ਉਸਨੂੰ ਪਿੰਡ ਬ੍ਰਹਮਪੁਰਾ ਤੋਂ ਚੜ੍ਹਦੇ ਪਾਸੇ ਵੱਲ 5 ਕੁ ਕਿੱਲੇ ਦੂਰ ਆਪਣੇ ਖੂਹ 'ਤੇ ਲੈ ਗਏ। ਅੱਗੇ ਜਾਂਦਿਆਂ ਨੂੰ ਮੰਜੀ 'ਤੇ ਚੌਂਕੜੀ ਲਾ ਕੇ ਅੱਖਾਂ ਮੁਗਧ ਕਰੀ ਅਵਤਾਰ ਸਿੰਘ ਸ਼ਬਦ ਹਜ਼ਾਰੇ ਪਾਤਸ਼ਾਹੀ 10ਵੀਂ ਦੇ ਸ਼ਬਦ—"ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ, ਤੁਧ ਬਿਨ ਰੋਗ ਰਜਾਈਆਂ ਦਾ ਓਡਣ, ਨਾਗ ਨਿਵਾਸਾਂ ਦੇ ਰਹਿਣਾ। ਸੂਲ ਸੁਰਾਹੀ ਖੰਜਰ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ। ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ।" ਉਚਾਰ ਰਿਹਾ ਸੀ। ਬਲਕਾਰ ਸਿੰਘ ਕਹਿੰਦਾ—ਬ੍ਰਹਮ ਸਿੰਘ, ਹਰ ਵੇਲੇ ਮਿੱਤਰ ਪਿਆਰਾ, ਮਿੱਤਰ ਪਿਆਰਾ ਗਾਉਂਦਾ ਰਹਿੰਦਾਂ, ਜਿਸ ਨੂੰ ਯਾਦ ਕਰਦਾ ਹੁੰਦਾਂ, ਮਿਲ ਲਾ ਦੁਰਗਾ ਸਿੰਘ ਆ ਗਿਆ ਈ।

ਭਾਈ ਅਵਤਾਰ ਸਿੰਘ ਨੇ ਸ਼ਬਦ ਪੜ੍ਹ ਕੇ "ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥" ਬੁਲਾਈ। ਭਾਈ ਅਵਤਾਰ ਸਿੰਘ ਦੇ ਸਾਹਮਣੇ ਚੰਗਾ ਮੋਟਾ ਭਰਵੇਂ ਗੱਠਵੇਂ ਸਰੀਰ ਦਾ ਦਰਮਿਆਨੇ ਕੱਦ ਦਾ 40ਕੁ ਸਾਲ ਦਾ ਛੋਟੀ ਦਾਹੜੀ ਵਾਲਾ ਸਿੱਧ

ਪੱਧਰਾ ਜਿਹਾ ਸਿੰਘ ਖੜ੍ਹਾ ਸੀ ਤੇ ਬਲਕਾਰ ਸਿੰਘ ਨਾਲ ਸਾਈਕਲ ਲੈ ਕੇ ਖੜ੍ਹਾ ਸੀ। ਸਾਈਕਲ ਦੇ ਪਿੱਛੇ ਇੱਕ ਸ਼ੀਸ਼ੇ ਦਾ ਬਣਿਆ ਬਕਸਾ ਸੀ, ਜਿਸ ਨੂੰ ਕੱਪੜੇ ਨਾਲ ਢੱਕਿਆ ਹੋਇਆ ਸੀ। ਭਾਈ ਅਵਤਾਰ ਸਿੰਘ ਨੇ ਆਪਣੇ ਤੋਂ ਵੱਡੀ ਉਮਰ ਦੇ ਸਿੰਘ ਨੂੰ ਝੁਕ ਕੇ ਫਤਹਿ ਬੁਲਾਈ। ਅਗੋਂ ਸਿੰਘ ਨੇ ਫਤਹਿ ਬੁਲਾ ਕੇ ਜੱਫੀ ਵਿੱਚ ਲੈ ਲਿਆ। ਭਾਈ ਅਵਤਾਰ ਸਿੰਘ ਨੇ ਆਪਣੇ ਵੱਡੇ ਭਰਾਵਾਂ ਬਲਕਾਰ ਸਿੰਘ ਤੇ ਸਾਧਾ ਸਿੰਘ ਨੂੰ ਪੁੱਛਿਆ— ਭਾਊ ਜਥੇਦਾਰ ਸਾਹਿਬ ਨੂੰ ਪ੍ਰਸ਼ਾਦਾ ਪਾਣੀ ਛਕਾਇਆ ਕਿ ਨਹੀਂ ਸਿੱਧਾ ਇਧਰ ਈ ਲੈ ਆਏ ਜੇ ? ਸਾਧਾ ਸਿੰਘ ਕਹਿੰਦਾ—ਨਿਹੰਗ ਸਿੰਹਾਂ, ਅਸੀਂ ਗ੍ਰਹਿਸਤੀ ਘਰ ਦੇ ਕੰਮ ਧੰਧੇ ਕਰਨ ਵਾਲੇ ਵਾਹੀ ਵਾਹੁਣ ਵਾਲੇ ਜੱਟ ਆਂ। ਆਏ ਮਹਿਮਾਨਾਂ ਦੀ ਸੇਵਾ ਕਰਨੀ ਅਸੀਂ ਵੀ ਜਾਣਦੇ ਆਂ। ਬਲਕਾਰ ਸਿੰਘ ਕਹਿੰਦਾ— ਨਿਹੰਗ ਸਿੰਹਾਂ! ਤੇਰਾ ਦੁਰਗਾ ਸਿੰਘ ਤੈਨੂੰ ਮਿਲਾ ਦਿੱਤਾ, ਅਸੀਂ ਚੱਲਦੇ ਆਂ ਪਿੰਡ ਨੂੰ। ਤੁਹਾਡੇ ਵਾਸਤੇ ਗਰਮ ਜਲ ਬਣਾ ਕੇ ਲਿਆਉਨੇ ਆਂ। ਇੰਨਾ ਕਹਿ ਕੇ.ਦੋਵੇਂ ਭਰਾ ਬਲਕਾਰ ਸਿੰਘ ਤੇ ਸਾਧਾ ਸਿੰਘ ਪਿੰਡ ਬ੍ਰਹਮਪੁਰਾ ਨੂੰ ਤੁਰ ਪਏ। ਉਹ ਜਾਣਦੇ ਸਨ ਕਿ ਇਨ੍ਹਾਂ ਸਿੰਘਾਂ ਨੇ ਕਈ ਆਪਣੇ ਭੇਤ ਦੀਆਂ ਗੱਲਾਂ ਸਾਂਝੀਆਂ ਕਰਨੀਆਂ ਹੁੰਦੀਆਂ। ਸਾਡਾ ਇਨ੍ਹਾਂ ਕੋਲ ਠਹਿਰਨਾ ਠੀਕ ਨਹੀਂ।

ਜਥੇਦਾਰ ਦੁਰਗਾ ਸਿੰਘ ਇਨ੍ਹੀਂ ਦਿਨੀਂ ਫਿਰ ਤੁਰ ਕੇ ਲੁਕ ਛਿਪ ਕੇ ਦਿਨ ਕੱਟੀ ਕਰਦਾ ਰਿਹਾ। ਫੌਜ ਆਪਣੇ ਟਿਕਾਣਿਆਂ 'ਤੇ ਵਾਪਸ ਚਲੀ ਗਈ। ਜਥੇਦਾਰ ਦੁਰਗਾ ਸਿੰਘ ਨੂੰ ਮਾਝੇ ਦੇ ਸਿੰਘਾਂ ਨੂੰ ਲਾਮਬੰਧ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਜਥੇਦਾਰ ਦੁਰਗਾ ਸਿੰਘ ਭਾਈ ਅਵਤਾਰ ਸਿੰਘ ਬ੍ਰਹਮਾ ਨੂੰ ਮਿਲਿਆ, ਜੋ ਬਾਬਾ ਬਿਧੀਚੰਦ ਸੁਰ ਸਿੰਘ ਦਲ ਨਿਹੰਗ ਸਿੰਘਾਂ ਨੂੰ ਛੱਡ ਕੇ ਆਪਣੇ ਸਾਥੀ ਜਥੇਦਾਰ ਅਮਰੀਕ ਸਿੰਘ ਨਿਹੰਗ ਜੌੜਾ ਨਾਲ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸ਼ਰਨ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਹਮਲਾਵਰ ਫੌਜ ਨਾਲ ਲੜਨ ਮਰਨ ਦੇ ਚਾਉ ਨਾਲ ਗਿਆ ਸੀ। ਸੰਤ ਜੀ ਨੇ ਦੂਰ-ਅੰਦੇਸ਼ੀ ਦੀ ਸੋਚ ਮੁਤਾਬਿਕ ਘਰ ਜਾਣ ਲਈ ਅਤੇ ਸਮਾਂ ਆਉਣ 'ਤੇ ਹਿੰਦ ਹਕੂਮਤ ਨਾਲ ਲੰਬੀ ਲੜਾਈ ਲੜਨੀ ਪੈਣੀ ਆਂ, ਦਾ ਹੁਕਮ ਦਿੱਤਾ ਸੀ। ਉਸ ਨੂੰ ਮਿਲਿਆ ਅਤੇ ਅਵਤਾਰ ਸਿੰਘ ਬ੍ਰਹਮਾ ਨਾਲ ਸਿੱਖੀ ਸਵੈਮਾਣ ਦੀ ਬਹਾਲੀ ਅਤੇ ਹਿੰਦੂ ਸਰਕਾਰ ਦੀ ਗੁਲਾਮੀ ਤੋਂ ਸਿੱਖ ਕੌਮ ਨੂੰ ਮੁਕਤ ਕਰਾਉਣ ਲਈ ਕੁਝ ਕਰਨ ਜਾਂ ਮਰਨ ਬਾਰੇ ਗੱਲ ਕੀਤੀ। ਭਾਈ ਅਵਤਾਰ ਸਿੰਘ ਬ੍ਰਹਮਾ ਪਹਿਲਾਂ ਹੀ ਜਥੇਦਾਰ ਦੁਰਗਾ ਸਿੰਘ ਦੀ ਉਡੀਕ ਕਰ ਰਿਹਾ ਸੀ। ਦੋਵਾਂ ਸਿੰਘਾਂ ਨੇ ਸਿੱਖੀ ਸਵੈਮਾਣ ਦੀ ਬਹਾਲੀ ਵਾਸਤੇ, ਸਿੱਖ ਕੌਮ ਦੀ ਨਸਲਕੁਸ਼ੀ ਕਰਨ ਵਾਲੀ ਹਕੂਮਤ ਨਾਲ ਕਰਾਰੇ ਹੱਥੀਂ ਸਿੰਝਣ ਲਈ ਕਮਰਕੱਸੇ ਕਰ ਲਏ। ਸਿੰਘ ਹੋਰ ਸਿੰਘਾਂ ਦੀ ਭਾਲ ਵਿੱਚ ਤੁਰ ਪਏ। ਭਾਈ ਕੁਲਦੀਪ ਸਿੰਘ ਮੁੱਛਲ, ਭਾਈ ਬੂਟਾ ਸਿੰਘ ਸੁਰ ਸਿੰਘ, ਭਾਈ ਸਤਨਾਮ ਸਿੰਘ ਸੱਤਾ ਭੁੱਟੋ ਉਰਫ ਛੋਟਾ ਬ੍ਰਹਮਾ ਭਰੋਵਾਲ, ਭਾਈ ਨਿਸ਼ਾਨ ਸਿੰਘ ਮਖੂ,

ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਬਾਬਾ ਨਿਸ਼ਾਨ ਸਿੰਘ ਕਲਾਨੌਰ, ਭਾਈ ਅਨਾਰ ਸਿੰਘ ਪਾਹੜ੍ਹਾ, ਭਾਈ ਪਿੱਪਲ ਸਿੰਘ ਕਾਲੀਆ ਸਕੱਤਰਾ ਨੂੰ ਮਿਲੇ ਤੇ ਇਨ੍ਹਾਂ ਸਿੰਘਾਂ ਨੂੰ ਅੱਗੋਂ ਹੋਰ ਸਿੰਘਾਂ ਨਾਲ ਸੰਪਰਕ ਬਣਾਉਣ ਦੀਆਂ ਹਦਾਇਤਾਂ ਕੀਤੀਆਂ ਗਈਆਂ।

ਸਿੰਘਾਂ ਨਾਲ ਸੰਪਰਕ ਕਰਨ ਤੋਂ ਪਿਛੋਂ ਵੱਡੀ ਸਮੱਸਿਆ ਸ਼ਸਤਰਾਂ ਦੀ ਸੀ ਤੇ ਉਸ ਵਾਸਤੇ ਪੈਸਾ ਚਾਹੀਦਾ ਸੀ ਤੇ ਪੈਸਾ ਹਾਸਲ ਕਰਨ ਲਈ ਬਾਗੀਆਂ ਨੂੰ ਹਥਿਆਰਾਂ ਦੀ ਲੋੜ ਹੁੰਦੀ ਹੈ। ਹਥਿਆਰਾਂ ਤੋਂ ਬਿਨਾਂ ਨਾ ਤਾਂ ਬੈਂਕ ਲੁੱਟੇ ਜਾ ਸਕਦੇ ਹਨ ਤੇ ਨਾ ਹੀ ਵਿਆਜਤੀਏ ਸ਼ਾਹੂਕਾਰ। ਇਸ ਲੋੜ ਨੂੰ ਪੂਰਾ ਕਰਨ ਲਈ ਜਥੇਦਾਰ ਦੁਰਗਾ ਸਿੰਘ ਨੇ ਆਪਣੀ ਢਾਈ ਕਿੱਲੇ ਜ਼ਮੀਨ ਵੇਚ ਕੇ ਉਸ ਪੈਸੇ ਨਾਲ ਹਥਿਆਰ ਖਰੀਦੇ ਤੇ ਇਸ ਪਿੱਛੋਂ ਸਿੰਘਾਂ ਨੇ ਹਥਿਆਰਾਂ ਨਾਲ ਸਿੱਖ ਕੌਮ ਦੇ ਕਾਤਲਾਂ ਨੂੰ ਦਿਨੇ ਤਾਰੇ ਵਿਖਾਉਣੇ ਸ਼ੁਰੂ ਕਰ ਦਿੱਤੇ। ਜਦੋਂ ਕੋਲ ਹਥਿਆਰ ਹੋਣ, ਉਦੋਂ ਦੁਸ਼ਮਣਾਂ ਨੂੰ ਵੀ ਫੁੰਡਿਆ ਜਾ ਸਕਦਾ ਹੈ ਤੇ ਦੁਸ਼ਮਣ ਦੇ ਹਥਿਆਰ ਵੀ ਖੋਹੇ ਜਾ ਸਕਦੇ ਹਨ ਤੇ ਪੈਸਾ ਵੀ ਹਾਸਲ ਕਰ ਲਿਆ ਜਾਂਦਾ ਹੈ। ਇਹ ਦੁਨੀਆਂ ਭਰ ਦੇ ਕੌਮੀ ਆਜ਼ਾਦੀ ਦੇ ਸੰਘਰਸ਼ਾਂ ਦਾ ਹਿੱਸਾ ਮੰਨਿਆ ਜਾਂਦਾ ਹੈ। ਹੁਣ ਵੱਡੀ ਸਮੱਸਿਆ ਨਵੇਂ ਸਿੰਘਾਂ ਨੂੰ ਹਥਿਆਰਾਂ ਦੀ ਸਿਖਲਾਈ ਵਾਸਤੇ ਭਾਈ ਅਵਤਾਰ ਸਿੰਘ ਬ੍ਰਹਮਾ ਨੇ ਆਪਣੇ ਪਿੰਡ ਤੋਂ ਨੇੜੇ ਵਗਦੇ ਦਰਿਆ ਬਿਆਸ ਤੇ ਉਸ ਤੋਂ ਪਾਰ ਵਗਦੇ ਦਰਿਆ ਸਤਲੁਜ ਜਿਸ ਦੇ ਵਿਚਕਾਰਲੇ ਇਲਾਕੇ ਜਿਸ ਵਿਚ ਕਾਹੀ ਕਾਨੇ ਤੇ ਰੁੱਖਾਂ ਦੇ ਝੁੰਡ ਹਨ ਤੇ ਕਈ ਮੀਲ ਬੇ-ਆਬਾਦ ਜ਼ਮੀਨ 'ਤੇ ਛੰਭ ਤੇ ਜੰਗਲ ਹੈ ਤੇ ਜਿਥੇ ਜਾਣ ਬਾਰੇ ਸਧਾਰਨ ਮਨੁੱਖ ਸੋਚ ਵੀ ਨਹੀਂ ਸਕਦਾ, ਉਨ੍ਹਾਂ ਥਾਵਾਂ 'ਤੇ ਸਿੰਘਾਂ ਲਈ ਹਥਿਆਰਾਂ ਦੀ ਸਿਖਲਾਈ ਦਾ ਪ੍ਰਬੰਧ ਕੀਤਾ ਗਿਆ। ਕਾਹੀ ਕਾਨੇ ਤੇ ਤੁਲੇ ਬੰਨ੍ਹ ਕੇ ਸਿੰਘ ਦਰਿਆ ਨੂੰ ਪਾਰ ਕਰਦੇ ਸਨ। ਪਿਛੋਂ ਸਿੰਘਾਂ ਨੇ ਬੇੜੀ ਦਾ ਪ੍ਰਬੰਧ ਕਰ ਲਿਆ ਅਤੇ ਸਾਫ ਤੇ ਸੁਰੱਖਿਅਤ ਥਾਂ 'ਤੇ ਮੀਂਹ ਤੇ ਠੰਡ ਤੋਂ ਬਚਣ ਲਈ ਕਾਹੀ ਕਾਨੇ ਤੇ ਲੱਕੜਾਂ ਵੱਢ ਕੇ ਛੰਨਾਂ ਬੰਨ੍ਹ ਲਈਆਂ, ਜਿਨ੍ਹਾਂ ਨੂੰ ਸਿੰਘ ਆਪਣੀ ਭਾਸ਼ਾ ਵਿੱਚ ਸ਼ੀਸ਼ ਮਹਿਲ ਕਹਿੰਦੇ ਸਨ। ਸਾਫ ਸ਼ੁਧ ਪਾਣੀ ਲਈ ਨਲਕਾ ਵੀ ਲਾ ਲਿਆ। ਸਿੰਘਾਂ ਦੇ ਸ਼ੀਸ਼ ਮਹਿਲ ਸੰਘਣੇ ਰੁੱਖ ਦੇ ਝੁੰਡ ਵਿਚ ਸਨ। ਸਿੰਘ ਕੱਪੜੇ ਹਰੇ, ਮੂੰਗੀਆ, ਭੂਰੇ ਰੰਗ ਦੇ ਪਾਉਂਦੇ ਸਨ ਕਿ ਹੈਲੀਕਾਪਟਰ ਰਾਹੀਂ ਸਿੰਘਾਂ ਦੇ ਕੈਂਪ ਦੀ ਤਸਵੀਰ ਨਾ ਖਿੱਚੀ ਜਾ ਸਕੇ। ਨਵੇਂ ਰੰਗਰੂਟ ਸਿੰਘਾਂ ਨੂੰ ਬ੍ਰਹਮੇ ਵਾਲੇ ਖੂਹ 'ਤੇ ਪਹੁੰਚਣ ਲਈ ਕਿਹਾ ਜਾਂਦਾ। ਅੱਗੋਂ ਸੌ ਵਲ ਵਲੇਵੇਂ ਪਾ ਕੇ, ਰਾਤ ਦੇ ਹਨੇਰੇ ਵਿੱਚ, ਦਰਿਆ ਪਾਰ ਕਰ ਕੇ ਜਿਸ ਇਲਾਕੇ ਨੂੰ ਮੰਡ ਕਿਹਾ ਜਾਂਦਾ ਹੈ ਉਥੇ ਲਿਜਾਇਆ ਜਾਂਦਾ। ਸਿੰਘ ਸਾਰਾ ਕੰਮ ਹੁਸ਼ਿਆਰੀ ਨਾਲ ਕਰਦੇ ਸਨ ਤੇ ਨਵੇਂ ਰੰਗਰੂਟਾਂ ਨੂੰ ਕੈਂਪ ਤੋਂ ਦੂਰ ਹੋਰ ਵੱਖ ਥਾਂ 'ਤੇ ਰੱਖ ਕੇ ਹਥਿਆਰ ਚਲਾਉਣ ਦੀ ਟਰੇਨਿੰਗ ਦਿੱਤੀ ਜਾਂਦੀ ਸੀ।

ਸਿੰਘਾਂ ਨੂੰ ਸਿਖਲਾਈ ਦੇ ਕੇ ਹਥਿਆਰਾਂ ਨਾਲ ਹੋਰ ਹਥਿਆਰ ਹਾਸਲ ਕਰਨ ਦੇ ਲਈ ਸੁਰੱਖਿਆ ਬਲਾਂ ਦੀਆਂ ਗੱਡੀਆਂ ਉੱਤੇ ਘਾਤ ਲਾ ਕੇ ਹਮਲੇ ਕੀਤੇ ਜਾਂਦੇ ਤੇ

ਗੱਡੀਆਂ ਅਸਲੇ ਬਾਰੂਦ ਨਾਲ ਉਡਾ ਕੇ ਸੁਰੱਖਿਆ ਬਲਾਂ ਦੇ ਹਥਿਆਰ ਵੀ ਲੈ ਜਾਣ ਦੀ ਯੁੱਧ ਨੀਤੀ ਅਸਲ ਵਿੱਚ ਲਿਆਂਦੀ ਗਈ। ਸਿੰਘਾਂ ਦੇ ਛੋਟੇ-ਛੋਟੇ ਗਰੁੱਪ ਬਣਾ ਕੇ ਆਪਣੀਆਂ ਫੋਰਸਾਂ ਦੇ ਨਾਂ ਹੇਠ ਕੰਮ ਕਰਨ ਲੱਗੇ ਜਿਵੇਂ ਕਿ ਖਾਲਿਸਤਾਨ ਲਿਬਰੇਸ਼ਨ ਆਰਮਡ ਫੋਰਸ, ਦਸਮੇਸ਼ ਰੈਜਮੈਂਟ, ਤੱਤ ਖਾਲਸਾ, ਖਾਲਿਸਤਾਨ ਯੂਨਾਈਟ ਸਾਈਫਰਨ ਟਾਈਗਰ ਫੋਰਸ ਖਾਲਿਸਤਾਨ ਆਰਮੀ।

ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਦਮਦਮੀ ਟਕਸਾਲ ਵੱਲੋਂ ਕੀਤੇ ਗਏ ਸ਼ਹੀਦੀ ਸਮਾਗਮ ਸਮੇਂ ਸਿੱਖਾਂ ਦਾ ਵੱਡੀ ਗਿਣਤੀ ਵਿੱਚ ਪੁੱਜਣਾ ਸਿੱਖ ਸੰਘਰਸ਼ ਲਈ ਦੁਬਾਰਾ ਲਾਮਬੰਦੀ ਸ਼ੁਭ ਸ਼ਗਨ ਸੀ ਤੇ 26 ਜਨਵਰੀ 1986 ਦਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਹੋਰ ਹਮਖਿਆਲ ਦੇਸ਼-ਵਿਦੇਸ਼ ਦੀਆਂ ਜਥੇਬੰਦੀਆਂ ਦੇ ਸਹਿਯੋਗ ਨਾਲ ਸੱਦੇ ਹੋਏ ਸਰਬੱਤ ਖਾਲਸਾ ਸਮਾਗਮ ਜੂਨ 84 ਦੇ ਘੱਲੂਘਾਰੇ ਤੋਂ ਪਿੱਛੋਂ ਸਿੱਖ ਕੌਮ ਦੀ ਆਜ਼ਾਦੀ ਦੀ ਜੰਗ ਦੀ ਸ਼ੁਰੂਆਤ ਮੰਨਿਆ ਜਾਂਦਾ ਹੈ ਜਿਸ ਵਿੱਚ ਸੂਰਬੀਰ ਜੁਝਾਰੂ ਯੋਧੇ ਸਿੰਘਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਗੁਰਮਤਿ ਸਿਧਾਂਤਾਂ ਅਨੁਸਾਰ ਕਾਰ ਸੇਵਾ ਸ਼ੁਰੂ ਕਰਨ ਦਾ ਫੈਸਲਾ, ਸਿੱਖ ਸੰਘਰਸ਼ ਨੂੰ ਸੇਧ ਦੇਣ ਲਈ ਪੰਜ ਮੈਂਬਰੀ ਪੰਥਕ ਕਮੇਟੀ ਦੀ ਸਥਾਪਨਾ ਅਤੇ ਹੋਰ ਗੁਰਮਤੇ ਸ਼ਾਮਲ ਸਨ ਜਿਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਏ ਸਰਬੱਤ ਖਾਲਸਾ ਨੇ ਦੋਵੇਂ ਹੱਥ ਖੜ੍ਹੇ ਕਰ ਕੇ ਪ੍ਰਵਾਨਗੀ ਦਿੱਤੀ ਸੀ। ਪੰਜ ਮੈਂਬਰੀ ਪੰਥਕ ਕਮੇਟੀ ਦੇ ਮੈਂਬਰਾਂ ਦੇ ਨਾਂ ਸਨ—ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਵੱਸਣ ਸਿੰਘ ਜ਼ਫਰਵਾਲ, ਭਾਈ ਧੰਨਾ ਸਿੰਘ, ਗਿਆਨੀ ਅਰੂੜ ਸਿੰਘ।

ਪੰਥਕ ਕਮੇਟੀ ਮੈਂਬਰ ਗਿਆਨੀ ਅਰੂੜ ਸਿੰਘ ਦੇ ਯਤਨਾ ਸਦਕਾ ਬ੍ਰਹਮੇ ਵਾਲੇ ਖੂਹ 'ਤੇ ਸਿੰਘਾਂ ਦੀ ਇਕ ਮੀਟਿੰਗ ਹੋਈ। ਜਿਸ ਵਿੱਚ ਛੋਟੇ ਛੋਟੇ ਗਰੁੱਪਾਂ ਵਿੱਚ ਸਿੱਖ ਸੰਘਰਸ਼ ਲੜ ਰਹੇ ਸਿੰਘਾਂ ਦੀ ਏਕਤਾ ਕਰਕੇ ਸਾਰੀਆਂ ਜਥੇਬੰਦੀਆਂ ਨੂੰ ਭੰਗ ਕਰ ਕੇ ਇਕ ਸ਼ਕਤੀਸ਼ਾਲੀ ਜਥੇਬੰਦੀ ਬਣਾਉਣ ਦੀ ਬੇਨਤੀ ਕੀਤੀ ਗਈ, ਜਿਸ ਨੂੰ ਮੀਟਿੰਗ ਵਿੱਚ ਮੌਜੂਦ ਸਿੰਘਾਂ ਨੇ ਸਹਿਮਤੀ ਦਿੱਤੀ। ਨਵੀਂ ਜਥੇਬੰਦੀ ਦਾ ਨਾਂ ਖਾਲਿਸਤਾਨ ਲਿਬਰੇਸ਼ਨ ਫੋਰਸ ਰੱਖਿਆ ਗਿਆ ਜਿਸ ਦਾ ਪੰਜਾਬੀ ਵਿੱਚ ਸਿੱਧਾ ਅਰਥ ਹੈ—ਖਾਲਿਸਤਾਨ ਦੀ ਅਜ਼ਾਦੀ ਲਈ ਲੜਨ ਵਾਲੀ ਫੌਜ। ਸਿੰਘਾਂ ਵੱਲੋਂ ਜਿਸ ਦਾ ਚੀਫ ਜਨਰਲ ਗਿਆਨੀ ਅਰੂੜ ਸਿੰਘ ਡੱਲਾ ਨੂੰ ਬਣਾਇਆ ਗਿਆ। ਖਾਲਿਸਤਾਨ ਲਿਬਰੇਸ਼ਨ ਫੋਰਸ ਵੱਲੋਂ ਸਰਹੱਦ ਤੋਂ ਪਾਰ ਵੀ ਹਥਿਆਰਾਂ ਲਈ ਪਹੁੰਚ ਕੀਤੀ ਗਈ। ਸਿੰਘਾਂ ਕੋਲ ਬਹੁਤ ਨਵੇਂ ਹਥਿਆਰ ਆ ਗਏ।

ਪੰਜਾਬ 'ਚ ਅਕਾਲੀ ਬਰਨਾਲਾ ਸਰਕਾਰ ਦਾ ਮੁੱਖ ਮੰਤਰੀ ਸੁਰਜੀਤ ਸਿੰਹੋਂ ਬਰਨਾਲਾ ਕੇਂਦਰ ਦੀ ਰਾਜੀਵ ਗਾਂਧੀ ਸਰਕਾਰ ਦਾ ਹੱਥਠੋਕਾ ਬਣ ਕੇ ਰਹਿ ਗਿਆ। ਕੇਂਦਰ ਸਰਕਾਰ ਨੇ ਪੰਜਾਬ ਪੁਲਿਸ ਦਾ ਮੁਖੀ ਜੂਲੀਓ ਫਰਾਂਸਿਸ ਰਿਬੈਰੋ ਨੂੰ ਨਿਯੁਕਤ

ਕਰ ਦਿੱਤਾ, ਉਸ ਨੇ ਗੋਲੀ ਬਦਲੇ ਗੋਲੀ ਦੀ ਨੀਤੀ ਅਖਤਿਆਰ ਕੀਤੀ। ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਜਾਣ ਲੱਗਾ। ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਸਿੰਘਾਂ ਨੇ ਆਪਣੀਆਂ ਖਾੜਕੂ ਕਾਰਵਾਈਆਂ ਤੇਜ਼ ਕਰ ਦਿੱਤੀਆਂ। ਪੰਜਾਬ ਵਿੱਚ ਕੇਂਦਰ ਸਰਕਾਰ ਨੇ ਸੀ.ਆਰ.ਪੀ. ਅਤੇ ਬੀ.ਐਸ.ਐਫ. ਭੇਜ ਦਿੱਤੀ। ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਸਿੰਘਾਂ ਨੇ ਸੀ.ਆਰ.ਪੀ. ਦੀਆਂ ਗਸ਼ਤੀ ਪਾਰਟੀਆਂ ਅਤੇ ਚੌਂਕੀਆਂ ਉੱਤੇ ਗੁਰੀਲਾ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਇਨ੍ਹਾਂ ਹਮਲਿਆਂ ਤੋਂ ਤੰਗ ਆ ਕੇ ਅਕਾਲੀ ਬਰਨਾਲਾ ਸਰਕਾਰ ਨੇ ਪੰਜਾਬ ਪੁਲਿਸ, ਸੀ.ਆਰ.ਪੀ. ਅਤੇ ਬੀ.ਐਸ.ਐਫ. ਨੂੰ ਰਿਬੈਰੋ ਪੁਲਿਸ ਮੁਖੀ ਦੀ ਕਮਾਂਡ ਹੇਠ ਅਤੇ ਜਿਸ ਦੀ ਨਿਗਰਾਨ ਅਕਾਲੀ ਮੰਤਰੀ ਕੈਪਟਨ ਕੰਵਲਜੀਤ ਸਿੰਹੋ ਕਰ ਰਿਹਾ ਸੀ, ਨੂੰ ਮੰਡ ਅਪਰੇਸ਼ਨ ਦੀ ਖੁੱਲ੍ਹ ਦੇ ਦਿੱਤੀ। ਬਿਆਸ ਦਰਿਆ ਦੇ ਕੰਢੇ ਪਿੰਡ ਧੁੰਨ ਵੱਸਦਾ ਹੈ। ਇਥੇ ਮੁਸਲਮਾਨ ਸੰਤ ਦਰਗਾਹੀ ਸ਼ਾਹ ਦਾ ਬੜਾ ਭਾਰੀ ਮੇਲਾ ਲੱਗਦਾ ਹੈ। ਸਾਰੇ ਧਰਮਾਂ.ਦੇ ਲੋਕ ਇਸ ਮੇਲੇ ਦੀਆਂ ਰੌਣਕਾਂ ਵਧਾਉਂਦੇ ਹਨ। ਬਾਬਾ ਦਇਆ ਸਿੰਘ ਜੀ ਦਲ ਬਿਧੀ ਚੰਦ ਸੁਰਸਿੰਘ ਵਾਲੇ ਵੀ ਇਸ ਮੇਲੇ ਦੀਆਂ ਰੌਣਕਾਂ ਵਧਾਉਂਦੇ ਹਨ। ਅੱਧ ਕੁ ਜੁਲਾਈ 1986 ਨੂੰ ਕੇਂਦਰ ਸਰਕਾਰ ਵੱਲੋਂ ਪੰਜਾਬ ਪੁਲਿਸ ਦੇ ਨਿਯੁਕਤ ਕੀਤੇ ਹੋਏ ਮੁਖੀ ਜੂਲੀਓ ਫਰਾਂਸਿਸ ਰਿਬੈਰੋ ਵੱਲੋਂ ਸੀ.ਆਰ.ਪੀ., ਬੀ.ਐਸ.ਐਫ., ਨੈਸ਼ਨਲ ਗਾਰਡ ਪੁਲਿਸ ਅਤੇ ਪੰਜਾਬ ਪੁਲਿਸ ਦੇ ਅਫਸਰਾਂ ਦੇ ਟਿੱਡੀ ਦਲ ਲੈ ਕੇ ਮੰਡ ਅਪਰੇਸ਼ਨ ਕਰਨ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਹਥਿਆਰਬੰਦ ਫੋਰਸਾਂ ਨਾਲ ਮੰਡ ਇਲਾਕੇ ਨੂੰ ਘੇਰ ਲਿਆ। ਪੁਲਿਸ ਅਧਿਕਾਰੀ ਸਮਝਦੇ ਸਨ ਕਿ ਬਾਬਾ ਦਰਗਾਹੀ ਸ਼ਾਹ ਦੇ ਮੇਲੇ 'ਤੇ ਜਾਣ ਲਈ ਜੁਝਾਰੂ ਸਿੰਘ ਮੰਡ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣਗੇ। ਇਸ ਸਮੇਂ ਸਹਿਜੇ ਹੀ ਮੰਡ ਅਪਰੇਸ਼ਨ ਕਰਕੇ ਮਾਰ ਦਿੱਤਾ ਜਾਵੇਗਾ ਤੇ ਕਈ ਜੁਝਾਰੂ ਹੱਥ ਖੜ੍ਹੇ ਕਰਕੇ ਹਥਿਆਰ ਸੁੱਟ ਕੇ ਪੁਲਿਸ ਅੱਗੇ ਆਤਮ ਸਮਰਪਣ ਕਰ ਦੇਣਗੇ। ਦੋ ਹੈਲੀਕਾਪਟਰਾਂ ਵਿੱਚ ਸਵਾਰ ਹੋ ਕੇ ਵੱਡੇ ਅਫਸਰ ਮੰਡ ਇਲਾਕੇ ਦਾ ਜਾਇਜ਼ਾ ਲੈਣ ਲੱਗੇ ਤੇ ਜੁਝਾਰੂ ਸਿੰਘਾਂ ਦੀਆਂ ਛੁਪਣਗਾਹਾਂ, ਹਰਿਆਲੀ ਵਾਲੀਆਂ ਥਾਵਾਂ, ਸੰਘਣੇ ਰੁੱਖਾਂ ਦੇ ਝੁੰਡਾਂ 'ਤੇ ਹੈਲੀਕਾਪਟਰਾਂ ਰਾਹੀਂ ਪੈਟਰੋਲ ਛਿੜਕ ਕੇ ਅੱਗ ਲਾਉਣੀ ਸੀ। ਹੈਲੀਕਾਪਟਰ ਸਿੰਘਾਂ ਦੀ ਛੁਪਣਗਾਹ 'ਤੇ ਨੀਵਾਂ ਉਡਾ ਕੇ, ਅਫਸਰ ਜੁਝਾਰੂ ਸਿੰਘਾਂ ਦੇ ਟਿਕਾਣੇ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਸ ਸਮੇਂ ਭਾਈ ਦੁਰਗਾ ਸਿੰਘ ਨਲਕੇ 'ਤੇ ਨਹਾ ਰਿਹਾ ਸੀ ਤੇ ਅਫਸਰਾਂ ਹੈਲੀਕਾਪਟਰ ਰਾਹੀਂ ਉਸ ਨੂੰ ਵੇਖ ਲਿਆ ਸੀ। ਜਥੇਦਾਰ ਦੁਰਗਾ ਸਿੰਘ ਨੇ ਨਹਾ ਕੇ ਕੱਪੜੇ ਪਾਏ ਤੇ ਨਾਲ ਦੇ ਸਾਥੀ ਭਾਈ ਅਵਤਾਰ ਸਿੰਘ ਨੂੰ ਲਲਕਾਰਿਆ—ਬ੍ਰਹਮ ਸਿੰਘ ਕੀ ਵੇਖਦੇ ਜੇ ਬੈਠੇ ਭਈ ਇਹ ਮੁੜ ਜਾਣਗੇ। ਇਨ੍ਹਾਂ ਹੈਲੀਕਾਪਟਰਾਂ ਨਾਲ ਆਪਣੇ 'ਤੇ ਬੰਬ ਸੁੱਟਣੇ ਆਂ ਤੇ ਵੇਲਾ ਸੰਭਾਲੋ। ਤਾਂ ਭਾਈ ਬ੍ਰਹਮ ਸਿੰਘ ਕਹਿੰਦਾ—ਜਥੇਦਾਰ ਖੜਕ ਸਿੰਘ ਜੀ (ਸਿੰਘ ਭਾਈ ਦੁਰਗਾ ਸਿੰਘ ਜੀ ਨੂੰ ਜਥੇਦਾਰ ਖੜਕ ਸਿੰਘ ਵੀ ਕਿਹਾ ਕਰਦੇ ਸਨ) ਫਿਰ ਕਰੀਏ ਖੜਕਾ

ਦੜਕਾ। ਤਾਂ ਜਥੇਦਾਰ ਦੁਰਗਾ ਸਿੰਘ ਨੇ ਕਿਹਾ—ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕਰਕੇ ਦੁਸ਼ਮਣ ਦੇ ਜਹਾਜ਼ 'ਤੇ ਗੋਲੀ ਚਲਾਉ। ਦਸਮੇਸ਼ ਦੇ ਪੁੱਤਰਾਂ ਵਾਲੇ ਦੁਸ਼ਮਣ ਨੂੰ ਕਰਾਰੇ ਹੱਥ ਵਿਖਾਉ। ਜਥੇਦਾਰ ਦੁਰਗਾ ਸਿੰਘ ਦੇ ਹੁਕਮ 'ਤੇ ਮੰਡ ਦੇ ਬਾਦਸ਼ਾਹ ਭਾਈ ਅਵਤਾਰ ਸਿੰਘ ਬ੍ਰਹਮਾ ਤੇ ਸਾਥੀ ਸਿੰਘਾਂ ਭਾਈ ਪਿੱਪਲ ਸਿੰਘ, ਭਾਈ ਬੋਹੜ ਸਿੰਘ ਢੋਲੇਵਾਲ, ਭਾਈ ਸਤਨਾਮ ਸਿੰਘ ਭਰੋਵਾਲ ਉਰਫ ਛੋਟਾ ਬ੍ਰਹਮਾ, ਭਾਈ ਕੁਲਦੀਪ ਸਿੰਘ ਮੁੱਛਲ, ਭਾਈ ਸੁਰਿੰਦਰ ਸਿੰਘ ਸ਼ਿੰਦਾ ਉਰਫ ਲੰਬਾ ਜੱਟ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਜਰਨੈਲ ਸਿੰਘ ਡੀ.ਸੀ. ਤੇ ਬਹੁਤ ਸਾਰੇ ਹੋਰ ਵੀ ਸਿੰਘ ਸਨ। ਜਦੋਂ ਹੈਲੀਕਾਪਟਰ ਸਿੰਘਾਂ ਦੀ ਠਾਹਰ ਦੇ ਉੱਤੇ ਫਿਰ ਨੀਵਾਂ ਉੱਡ ਕੇ ਆਇਆ ਤਾਂ ਸਿੰਘਾਂ ਦੀ ਮਾਰ ਹੇਠਾਂ ਆਇਆ। ਸਿੰਘਾਂ ਹੈਲੀਕਾਪਟਰ 'ਤੇ ਗੋਲੀਆਂ ਦੀ ਬੁਛਾੜ ਕੀਤੀ ਤਾਂ ਗੋਲੀਆਂ ਦਾ ਨਿਸ਼ਾਨਾ ਬਣ ਜਾਣ 'ਤੇ ਹੈਲੀਕਾਪਟਰ ਸਮੇਤ ਅਫਸਰ ਧਰਤੀ 'ਤੇ ਡਿੱਗ ਪਿਆ ਤੇ ਮੰਡ ਵਿੱਚ ਹੈਲੀਕਾਪਟਰ ਡਿੱਗਦੇ ਨੂੰ ਅੱਗ ਲੱਗ ਗਈ ਜਿਸ ਨਾਲ ਅਫਸਰ ਵੀ ਵਿੱਚ ਮਾਰੇ ਗਏ। ਉਨ੍ਹਾਂ ਦੀ ਮਦਦ ਲਈ ਕੋਈ ਨਾ ਬਹੁੜਿਆ। ਦੂਜੇ ਹੈਲੀਕਾਪਟਰ ਦਾ ਪਾਇਲਟ ਸਿੰਘਾਂ ਦੀ ਮਾਰ ਤੋਂ ਟਾਲਾ ਕਰਕੇ ਖਿਸਕ ਕੇ ਆਸੇ ਪਾਸੇ ਚੱਕਰ ਲਗਾਉਂਦਾ ਰਿਹਾ। ਜਥੇਦਾਰ ਦੁਰਗਾ ਸਿੰਘ ਤੇ ਭਾਈ ਅਵਤਾਰ ਸਿੰਘ ਬ੍ਰਹਮਾ ਦੇ ਸਾਥੀ ਮੰਡ ਵਿਚੋਂ ਰਾਤ ਦੇ ਹਨੇਰੇ ਦਾ ਫਾਇਦਾ ਅਤੇ ਮੰਡ ਦੇ ਭੇਤੀ ਹੋਣ ਕਾਰਨ ਬਚ ਕੇ ਨਿਕਲ ਗਏ। ਪੁਲਿਸ, ਸੀ.ਆਰ.ਪੀ. ਤੇ ਹੋਰ ਫੋਰਸਾਂ ਨੇ ਮੰਡ ਇਲਾਕੇ ਵਿਚ ਖੇਤੀ ਕਰਨ ਵਾਲੇ ਕਿਸਾਨਾਂ ਅਤੇ ਮਾਲ ਡੰਗਰ ਚਾਰਨ ਵਾਲੇ ਵਾਗੀਆਂ ਨੂੰ ਫੜ੍ਹ ਕੇ ਐਲਾਨ ਕੀਤਾ ਕਿ ਮੰਡ ਅਪਰੇਸ਼ਨ ਦੌਰਾਨ ਅਵਤਾਰ ਸਿੰਘ ਬ੍ਰਹਮਾ ਦੇ ਬਹੁਤ ਸਾਰੇ ਸਾਥੀ ਗ੍ਰਿਫਤਾਰ ਕਰ ਲਏ ਗਏ ਹਨ ਤੇ ਬ੍ਰਹਮਾ ਤੇ ਦੁਰਗਾ ਸਿੰਘ ਘੇਰਾ ਤੋੜ ਕੇ ਨਿਕਲ ਜਾਣ ਵਿਚੋਂ ਕਾਮਯਾਬ ਹੋ ਗਏ ਹਨ। ਜਿਨ੍ਹਾਂ ਨੂੰ ਫੜ੍ਹਨ ਲਈ ਸੁਰੱਖਿਆ ਫੋਰਸਾਂ ਵੱਲੋਂ ਭਾਲ ਕੀਤੀ ਜਾ ਰਹੀ ਹੈ। ਮੰਡ ਅਪਰੇਸਨ ਦੌਰਾਨ ਇਕ ਹੈਲੀਕਾਪਟਰ ਜਿਸ ਵਿੱਚ ਉੱਚ ਅਧਿਕਾਰੀ ਅਫਸਰਾਂ ਦੀ ਮੌਤ ਹੋ ਗਈ ਤੇ ਜਹਾਜ਼ ਦਾ ਪਾਇਲਟ ਵੀ ਮਾਰਿਆ ਗਿਆ ਹੈ। ਪੁਲਿਸ ਮੁਖੀ ਰਿਬੈਰੋ ਨੇ ਦੱਸਿਆ ਕਿ ਇਸ ਅਪਰੇਸ਼ਨ ਵਿੱਚ ਸੁਰੱਖਿਆ ਬਲਾਂ ਦੇ 6 ਹਜ਼ਾਰ ਤੋਂ ਵੱਧ ਜਵਾਨਾਂ ਨੇ ਹਿੱਸਾ ਲਿਆ ਤੇ ਸੁਰੱਖਿਆ ਬਲਾਂ ਨੇ ਖਤਰਨਾਕ ਅੱਤਵਾਦੀ ਅਵਤਾਰ ਸਿੰਘ ਬ੍ਰਹਮਾ ਤੇ ਦੁਰਗਾ ਸਿੰਘ ਤੱਤ ਖਾਲਸਾ ਦੇ ਬਹੁਤ ਸਾਰੇ ਮੰਡ ਵਿਚਲੇ ਅੱਡਿਆਂ ਦਾ ਪਤਾ ਲਾਇਆ ਹੈ। ਪੁਲਿਸ ਅੱਤਵਾਦੀਆਂ ਨੂੰ ਦੁਬਾਰਾ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ।

ਭਾਈ ਕੁਲਦੀਪ ਸਿੰਘ ਮੁੱਛਲ ਦੇ ਭਰਾ ਦਾ ਵਿਆਹ ਸੀ, ਉਸਦੀ ਬਰਾਤ ਰੱਤੋ ਕੇ ਢੁਕੀ ਸੀ। ਉਥੇ ਬਹੁਤ ਸਾਰੇ ਸਿੰਘ ਵੀ ਪਹੁੰਚੇ ਸਨ। ਪੰਜਾਬ ਪੁਲਿਸ, ਸੀ.ਆਰ.ਪੀ. ਦੇ ਵੱਡੇ ਅਧਿਕਾਰੀ ਆਪਣੀਆਂ ਫੋਰਸਾਂ ਲੈ ਕੇ ਪਿੰਡ ਰੱਤੋ ਕੇ ਦੀ ਢਾਣੀ ਜਿਥੇ ਭਾਈ ਕੁਲਦੀਪ ਸਿੰਘ ਮੁੱਛਲ ਦੇ ਭਰਾ ਸੁਖਵਿੰਦਰ ਸਿੰਘ ਦਾ ਅਨੰਦ ਕਾਰਜ ਹੋ ਰਿਹਾ ਸੀ,

ਨੂੰ ਘੇਰੇ ਵਿੱਚ ਲੈ ਲਿਆ। ਅਨੰਦ ਕਾਰਜ ਹੋ ਚੁੱਕਾ ਸੀ, ਸੁਭਾਗੀ ਜੋੜੀ ਨੂੰ ਰਿਸ਼ਤੇਦਾਰ ਸਬੰਧੀ ਸ਼ਗਨ ਦੇ ਰਹੇ ਸਨ। ਹਿੰਦੁਸਤਾਨੀ ਫੋਰਸਾਂ ਨੇ ਚੁਫੇਰੇ ਪੁਜ਼ੀਸ਼ਨਾਂ ਸੰਭਾਲ ਲਈਆਂ। ਜੁਝਾਰੂ ਸਿੰਘ ਘੇਰੇ ਵਿੱਚ ਸਨ ਤੇ ਪੁਲਿਸ ਮੁਕਾਬਲਾ ਕਰਦੇ ਤਾਂ ਹਿੰਦੁਸਤਾਨੀ ਫੋਰਸਾਂ ਨੇ ਵਿਆਹ 'ਚ ਸ਼ਾਮਲ ਸਾਰੇ ਲੋਕਾਂ 'ਤੇ ਕਹਿਰ ਢਾਹੁਣਾ ਸੀ ਤੇ ਗੋਲੀਆਂ ਮਾਰ ਕੇ ਕਤਲੇਆਮ ਕਰ ਦੇਣੀ ਸੀ।

ਸੁਰਜੀਤ ਬਰਨਾਲਾ ਦੀ ਅਖੌਤੀ ਪੰਥਕ ਸਰਕਾਰ ਤਾਂ ਸਿਰਫ ਨਾਮਨਿਹਾਦ ਸੀ ਤੇ ਰਾਜੀਵ ਗਾਂਧੀ ਦੇ ਹੁਕਮਾਂ ਦੀ ਤਾਮੀਲ ਕੀਤੀ ਜਾਂਦੀ ਸੀ। ਜਥੇਦਾਰ ਦੁਰਗਾ ਸਿੰਘ ਨੇ ਕਿਹਾ—ਸਿੰਘੋ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਦੀ ਤਿਆਰੀ ਕਰੋ। ਸ਼ਾਂਤ ਚਿੱਤ ਰਹਿਣਾ ਹੈ। ਭਾਈ ਅਵਤਾਰ ਸਿੰਘ ਬ੍ਰਹਮਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਗੁਰਦੁਆਰਾ ਸਾਹਿਬ ਲਿਜਾਣ ਦੀ ਤਿਆਰੀ ਤੇ ਰਸਤੇ ਵਿੱਚ ਅੰਗ-ਸੰਗ ਰਹਿਣ ਦੀ ਅਰਦਾਸ ਕੀਤੀ। ਭਾਈ ਕੁਲਦੀਪ ਸਿੰਘ ਮੁੱਛਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਆਪਣੇ ਸੀਸ 'ਤੇ ਚੁੱਕ ਕੇ ਚੱਲ ਪਏ। ਭਾਈ ਅਵਤਾਰ ਸਿੰਘ ਬ੍ਰਹਮਾ ਚੌਰ ਸਾਹਿਬ ਦੀ ਸੇਵਾ ਕਰਨ ਲੱਗੇ, ਜਥੇਦਾਰ ਦੁਰਗਾ ਸਿੰਘ ਘੜਿਆਲ ਵਜਾਉਣ ਦੀ ਸੇਵਾ ਕਰਨ ਲੱਗੇ। ਭਾਈ ਗੁਰਦੀਪ ਸਿੰਘ ਵਕੀਲ ਪਾਣੀ ਦੀ ਸੇਵਾ (ਛਿੜਕਣ ਦੀ) ਕਰਨ ਲੱਗੇ। ਭਾਈ ਸਤਨਾਮ ਸਿੰਘ ਭਰੋਵਾਲ ਛੋਟਾ ਬ੍ਰਹਮਾ ਨੇ ਚੰਦੋਆ ਤੇ ਕੜਾਹ ਪ੍ਰਸ਼ਾਦ ਵਾਲੀ ਪਰਾਤ ਚੁੱਕ ਲਈ। ਪੁਲਿਸ ਅਫਸਰਾਂ ਨੇ ਸਿਰਫ ਪੰਜ ਸਿੰਘਾਂ ਨੂੰ ਜਾਣ ਦੀ ਆਗਿਆ ਦਿੱਤੀ ਤੇ ਵਾਪਸ ਆ ਕੇ ਹਾਜ਼ਰੀ ਲਵਾਉਣ ਦੀ ਘਰ ਵਾਲਿਆਂ ਤੋਂ ਜ਼ਿੰਮੇਵਾਰੀ ਲਈ। ਪੰਜਾਂ ਸਿੰਘਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਸਵਾਰੀ ਲੈ ਕੇ ਪਿੰਡ ਰੱਤੋ ਕੇ ਦੇ ਗੁਰਦੁਆਰਾ ਸਾਹਿਬ ਪਹੁੰਚ ਕੇ ਅਰਦਾਸ ਕੀਤੀ। ਪਿੰਡ ਦੇ ਕੋਲ ਕੋਠਿਆਂ 'ਤੇ ਚੜ੍ਹ ਕੇ ਪਿੰਡ ਰੱਤੋ ਕੇ ਦੀ ਢਾਣੀ ਵਿਆਹ ਵਾਲੇ ਘਰ ਨੂੰ ਪਏ ਪੁਲਿਸ ਘੇਰੇ ਨੂੰ ਵੇਖ ਰਹੇ ਸਨ। ਜਥੇਦਾਰ ਦੁਰਗਾ ਸਿੰਘ ਨੇ ਬਹੁਤ ਹੀ ਛੇਤੀ ਕੁਝ ਸਿੰਘਾਂ ਨੂੰ ਗੁਰਦੁਆਰਾ ਸਾਹਿਬ ਪਹੁੰਚਣ ਲਈ ਕਿਹਾ। 40-50 ਪਿੰਡ ਵਾਸੀ ਗੁਰਦੁਆਰਾ ਸਾਹਿਬ ਇਕੱਠੇ ਹੋ ਗਏ। ਜਥੇਦਾਰ ਦੁਰਗਾ ਸਿੰਘ ਨੇ ਰਣਨੀਤੀ ਅਨੁਸਾਰ ਹਮਸ਼ਕਲ ਪੰਜ ਸਿੰਘਾਂ ਨੂੰ ਆਪਣੇ ਕੱਪੜੇ ਪਵਾ ਦਿੱਤੇ ਤੇ ਆਪਣੀਆਂ ਦਸਤਾਰਾਂ ਉਨ੍ਹਾਂ ਦੇ ਸਿਰਾਂ 'ਤੇ ਸਜਾ ਦਿੱਤੀਆਂ। ਉਨ੍ਹਾਂ ਸਿੰਘਾਂ ਨੂੰ ਵਿਆਹ ਵਾਲੇ ਘਰ ਜਾ ਕੇ ਅਫਸਰਾਂ ਕੋਲ ਹਾਜ਼ਰੀ ਲਵਾਉਣ ਲਈ ਤੋਰ ਦਿੱਤਾ। ਜੁਝਾਰੂ ਸਿੰਘ ਪਿੰਡ ਰੱਤੋ ਕੇ ਵਿੱਚ ਹੀ ਛਿਪ ਗਏ।

ਪੰਜਾਬ ਪੁਲਿਸ ਨੂੰ ਮੁਖਬਰ ਨੇ ਪੱਕੀ ਇਤਲਾਹ ਦਿੱਤੀ ਸੀ ਕਿ ਭਾਈ ਕੁਲਦੀਪ ਸਿੰਘ ਮੁੱਛਲ ਦੇ ਭਰਾ ਦੀ ਬਰਾਤ ਪਿੰਡ ਰੱਤੋ ਕੇ 'ਚ ਢੁੱਕਣੀ ਹੈ ਤੇ ਉਸ ਵਿਚ ਚੋਟੀ ਦੇ ਖਾੜਕੂ ਸਿੰਘ ਵੀ ਪਹੁੰਚਣਗੇ। ਮੁਖਬਰ ਦੀ ਇਤਲਾਹ ਮੁਤਾਬਕ ਜਲੰਧਰ ਰੇਂਜ ਦੇ ਡੀ.ਆਈ.ਜੀ. ਸ੍ਰੀ ਪੀ.ਸੀ. ਡੋਗਰਾ ਦੀ ਅਗਵਾਈ ਵਿੱਚ ਪਿੰਡ ਰੱਤੋ ਕੇ ਨੂੰ ਘੇਰਾ ਪਾਇਆ ਗਿਆ ਸੀ ਤੇ ਡੀ.ਆਈ.ਜੀ. ਹੈਲੀਕਾਪਟਰ ਰਾਹੀਂ ਇਸ ਅਪਰੇਸ਼ਨ ਦੀ

ਨਿਗਰਾਨੀ ਕਰ ਰਿਹਾ ਸੀ। ਪੁਲਿਸ ਤੇ ਸੀ.ਆਰ.ਪੀ. ਵੱਲੋਂ ਵਿਆਹ ਵਾਲੇ ਘਰ ਢੁਕੀ ਬਰਾਤ ਵਿੱਚੋਂ ਜਨਰਲ ਸ਼ੇਰ ਸਿੰਘ ਸ਼ੇਰ (ਭਾਈ ਕਮਲਜੀਤ ਸਿੰਘ ਕੰਬਾ ਹਰੂਵਾਲ, ਡੇਰਾ ਬਾਬਾ ਨਾਨਕ) ਨੂੰ ਫੜ੍ਹ ਲਿਆ ਤੇ ਪੰਜਾਬ ਪੁਲਿਸ ਦੇ ਐਸ.ਪੀ.ਡੀ. ਰਜਿੰਦਰ ਨੇ ਹੋਰ ਸਿੰਘਾਂ ਨੂੰ ਫੜ੍ਹਾਉਣ ਵਾਸਤੇ ਕਿਹਾ। ਭਾਈ ਕਮਲਜੀਤ ਸਿੰਘ ਕੰਬਾ ਨੇ ਕਿਹਾ ਕਿ ਮੈਨੂੰ ਜਨਰਲ ਸ਼ੇਰ ਸਿੰਘ ਸ਼ੇਰ ਕਹਿੰਦੇ ਹਨ, ਜੇ ਮੈਂ ਆਪਣੇ ਸਾਥੀ ਸਿੰਘ ਫੜ੍ਹਾ ਦਿੱਤੇ ਤਾਂ ਸ਼ੇਰ ਸਿੰਘ ਸ਼ੇਰ ਦੇ ਨਾਂ ਨੂੰ ਲਾਜ ਲੱਗ ਜਾਵੇਗੀ। ਰਜਿੰਦਰ ਐਸ.ਪੀ.ਡੀ. ਕਹਿੰਦਾ ਕਿ ਤੈਨੂੰ ਗੋਲੀ ਮਾਰ ਦਿੱਤੀ ਜਾਵੇਗੀ। ਸ਼ੇਰ ਸਿੰਘ ਸ਼ੇਰ ਨੇ ਕਿਹਾ—ਹਾਂ ਗੋਲੀ ਤੂੰ ਮਾਰ ਦੇ, ਇਹ ਤੇਰੇ ਵੱਸ ਹੈ। ਮੈਨੂੰ ਤੇਰੀ ਗੋਲੀ ਦਾ ਡਰ ਨਹੀਂ ਹੈ। ਐਸ.ਪੀ.ਡੀ ਰਜਿੰਦਰ ਨੇ ਜਨਰਲ ਸ਼ੇਰ ਸਿੰਘ ਸ਼ੇਰ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ। ਪਰ ਸ਼ੇਰ ਸਿੰਘ ਸ਼ੇਰ ਨੇ ਕਿਸੇ ਵੀ ਸਿੰਘ ਦੀ ਸ਼ਨਾਖਤ ਨਾ ਕੀਤੀ ਤੇ ਸ਼ਹੀਦੀ ਪ੍ਰਾਪਤ ਕਰਕੇ ਖਾਲਿਸਤਾਨ ਦੀ ਆਜ਼ਾਦੀ ਦੀ ਲੜਾਈ ਦੇ ਇਤਿਹਾਸ ਵਿੱਚ ਅਮਰ ਹੋ ਗਿਆ। ਜਦੋਂ ਸ਼ਾਮ ਨੂੰ ਹਿੰਦੁਸਤਾਨੀ ਫੋਰਸਾਂ ਪਿੰਡ ਰੱਤੋ ਕੇ ਦੇ ਅਪਰੇਸ਼ਨ ਤੋਂ ਬਾਅਦ ਜਨਰਲ ਸ਼ੇਰ ਸਿੰਘ ਸ਼ੇਰ ਨੂੰ ਸ਼ਹੀਦ ਕਰਕੇ ਵਾਪਸ ਜਾ ਰਹੀਆਂ ਸਨ, ਜੁਝਾਰੂ ਸਿੰਘਾਂ ਨੇ ਕਾਫਲੇ ਉੱਤੇ ਗੋਲੀਆਂ ਚਲਾ ਕੇ ਸਵਾਗਤ ਕੀਤਾ। ਜਿਹੜੀਆਂ ਸਰਕਾਰੀ ਫੋਰਸਾਂ ਹਜ਼ਾਰਾਂ ਦੀ ਗਿਣਤੀ ਵਿੱਚ ਟਿੱਡੀ ਦਲ ਵਾਂਗ ਸਿੰਘਾਂ ਦਾ ਸ਼ਿਕਾਰ ਖੇਡਣ ਆਈਆਂ ਸਨ, ਜਿਨ੍ਹਾਂ ਨੇ ਜਨਰਲ ਸ਼ੇਰ ਸਿੰਘ ਸ਼ੇਰ ਨੂੰ ਨਿਹੱਥੇ ਨੂੰ ਗੋਲੀਆਂ ਮਾਰ ਕੇ ਆਪਣੀ ਬਹਾਦਰੀ ਦਾ ਮੁਜ਼ਾਹਰਾ ਕੀਤਾ ਸੀ, ਜਦੋਂ ਸਿੰਘਾਂ ਨੇ ਦਰਸ਼ਨ ਦਿੱਤੇ, ਉਸ ਵਕਤ ਉਥੋਂ ਬਚ ਕੇ ਨਿਕਲ ਜਾਣ ਵਿੱਚ ਹੀ ਆਪਣਾ ਭਲਾ ਸਮਝਿਆ। ਇਹ ਵਾਕਿਆ 7 ਫਰਵਰੀ 1987 ਦਾ ਹੈ। ਇਸ ਦਿਨ ਪੰਜਾਬ ਪੁਲਿਸ ਵੱਲੋਂ ਹਰਪ੍ਰੀਤ ਸਿੰਘ ਸਾਈਆਂਵਾਲਾ, ਸਤਿੰਦਰ ਸਿੰਘ ਭੋਲਾ ਫੈਡਰੇਸ਼ਨ ਆਗੂਆਂ ਸਮੇਤ ਅੰਮ੍ਰਿਤਸਰ ਤੋਂ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਜਨਰਲ ਗਿਆਨੀ ਅਰੂੜ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਸੀ। ਪਰੰਤੂ ਉਪਰੋਕਤ ਸਿੰਘ ਭਾਈ ਅਵਤਾਰ ਸਿੰਘ ਬ੍ਰਹਮਾ, ਜਥੇਦਾਰ ਦੁਰਗਾ ਸਿੰਘ ਆਰਫਕੇ, ਭਾਈ ਕੁਲਦੀਪ ਸਿੰਘ ਮੁੱਛਲ, ਭਾਈ ਸਤਨਾਮ ਸਿੰਘ ਛੋਟਾ ਬ੍ਰਹਮਾ, ਭਾਈ ਗੁਰਦੀਪ ਸਿੰਘ ਵਕੀਲ ਪਿੰਡ ਰੱਤੋ ਕੇ ਪੁਲਿਸ ਆਪਰੇਸ਼ਨ ਦੌਰਾਨ ਵਾਲ-ਵਾਲ ਬਚੇ ਸਨ। ਜੁਝਾਰੂ ਸਿੰਘਾਂ ਨੂੰ ਉਪਰੋਕਤ ਇਤਿਹਾਸ ਦੇ ਕਾਂਡ ਤੋਂ ਸਬਕ ਸਿੱਖਣ ਦੀ ਲੋੜ ਹੈ।

ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਜਨਰਲ ਗਿਆਨੀ ਅਰੂੜ ਸਿੰਘ ਡੱਲਾ ਦੀ ਗ੍ਰਿਫਤਾਰੀ ਤੋਂ ਪਿਛੋਂ ਜੁਝਾਰੂ ਸਿੰਘਾਂ ਦੀ ਇੱਕ ਜ਼ਰੂਰੀ ਇਕੱਤਰਤਾ ਪਿੰਡ ਬ੍ਰਹਮਪੁਰਾ ਬ੍ਰਹਮੇ ਵਾਲਾ ਖੂਹ 'ਤੇ ਹੋਈ। ਜਿਸ ਵਿੱਚ ਜੁਝਾਰੂ ਖਾਲਸੇ ਨੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਨਵੇਂ ਮੁਖੀ ਦੀ ਚੋਣ ਬਾਰੇ ਵਿਚਾਰਾਂ ਕੀਤੀਆਂ ਤਾਂ ਜਥੇਦਾਰ ਦੁਰਗਾ ਸਿੰਘ ਵੱਲੋਂ ਭਾਈ ਅਵੰਤਾਰ ਸਿੰਘ ਬ੍ਰਹਮਾ ਦਾ ਨਾਂ ਪੇਸ਼ ਕੀਤਾ ਗਿਆ। ਜਿਸ ਨੂੰ ਸਿੰਘਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਕੇ ਪ੍ਰਵਾਨਗੀ ਦਿੱਤੀ। ਇਸ ਮੀਟਿੰਗ ਵਿੱਚ ਜਥੇਬੰਦੀ

ਦੀ ਮਜ਼ਬੂਤੀ ਲਈ ਨਵੇਂ ਹਥਿਆਰਾਂ ਦਾ ਪ੍ਰਬੰਧ ਕਰਨ ਲਈ ਵੀ ਮਤਾ ਪਾਸ ਕੀਤਾ ਗਿਆ ਤੇ ਸਿੱਖ ਸੰਘਰਸ਼ ਨੂੰ ਖਤਮ ਕਰਨ ਲਈ ਪਿੰਡਾਂ ਵਿੱਚ ਸੈਂਟਰ ਪੁਲਿਸ ਵਲੋਂ ਬਿਠਾਈਆਂ ਗਈਆਂ ਚੌਂਕੀਆਂ ਅਤੇ ਗਸ਼ਤੀ ਫੋਰਸਾਂ ਦੀਆਂ ਗੱਡੀਆਂ ਉੱਤੇ ਗੁਰੀਲਾ ਹਮਲੇ ਕਰਨ ਦੀ ਰਣਨੀਤੀ ਤਿਆਰ ਕੀਤੀ ਗਈ। ਖਾਲਿਸਤਾਨ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਦਾ ਦ੍ਰਿੜ੍ਹ ਸੰਕਲਪ ਵੀ ਲਿਆ ਗਿਆ।

ਜਥੇਦਾਰ ਦੁਰਗਾ ਸਿੰਘ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦਾਂ ਮੱਥਾ ਟੇਕ ਕੇ ਬਾਹਰ ਆ ਕੇ ਜੋੜਾ ਘਰ ਵਿਚੋਂ ਜੋੜਾ ਲੈ ਰਿਹਾ ਸੀ। ਮੁਖਬਰ ਦੀ ਇਤਲਾਹ 'ਤੇ ਪੰਜਾਬ ਪੁਲਿਸ ਤੇ ਸੀ.ਆਰ.ਪੀ. ਨੇ ਜ਼ਬਰਦਸਤ ਘੇਰਾ ਪਾ ਲਿਆ। ਕਾਰ ਸੇਵਾ ਵਾਲੇ ਬਾਬਾ ਸੁਰਜੀਤ ਸਿੰਘ ਤੇ ਜਥੇਦਾਰ ਦੁਰਗਾ ਸਿੰਘ ਨੂੰ ਫੜ੍ਹ ਲਿਆ ਤੇ ਪੁਲਿਸ ਵਾਲੇ ਕਹਿੰਦੇ ਕਿ ਅਸੀਂ ਬੜੇ ਚਿਰ ਤੋਂ ਤੇਰੀ ਭਾਲ ਕਰਦੇ ਸੀ। ਤੂੰ ਹੀ ਤੱਤ ਖਾਲਸਾ ਦਾ ਜਨਰਲ ਦੁਰਗਾ ਸਿੰਘ ਆਂ ? ਜਥੇਦਾਰ ਦੁਰਗਾ ਸਿੰਘ ਨੇ ਕਿਹਾ ਕਿ ਕਿਸ ਦੁਰਗਾ ਸਿੰਘ ਦੀ ਗੱਲ ਕਰਦੇ ਹੋ? ਮੈਂ ਤਾਂ ਗੁਰਚਰਨ ਸਿੰਘ ਹਾਂ ਤੇ ਆਹ ਵੇਖੋ ਟਾਲ 'ਤੇ ਪੱਠੇ ਵੇਚ ਕੇ ਆਇਆ ਹਾਂ। ਮੇਰੇ ਕੋਲ ਚੁੰਗੀ ਦੀ ਤੇ ਟਾਲ ਦੀ ਪਰਚੀ ਹੈ ਤਾਂ ਪੁਲਿਸ ਵਾਲਿਆਂ ਸਾਰੇ ਕਾਗਜ਼ ਵੇਖ ਕੇ ਛੱਡ ਦਿੱਤਾ। ਦੂਜੇ ਸਿੰਘ ਬਾਬਾ ਸੁਰਜੀਤ ਸਿੰਘ ਕਾਰ ਸੇਵਾ ਵਾਲੇ ਨੂੰ ਵੀ ਛੱਡ ਦਿੱਤਾ। ਦੋਵੇਂ ਸਿੰਘ ਸੜਕ 'ਤੇ ਆ ਗਏ ਤੇ ਇੰਨੇ ਚਿਰ ਨੂੰ ਪੁਲਿਸ ਦੀ ਗੱਡੀ ਵਿੱਚ ਬੈਠੇ ਮੁਖਬਰ ਨੇ ਚੀਕ-ਚੀਕ ਕੇ ਕਹਿਣਾ ਸ਼ੁਰੂ ਕਰ ਦਿੱਤਾ—ਜਨਾਬ! ਇਹੋ ਦੁਰਗਾ ਸਿੰਘ ਅੱਤਵਾਦੀ ਹੈ ਤੇ ਮੇਰੇ ਪਿੰਡ ਦਾ ਹੈ, ਮੈਂ ਇਸ ਨੂੰ ਜਾਣਦਾ ਹਾਂ। ਧਰਮੂ ਮੁਖਬਰ ਦੀ ਕਮੀਨਗੀ ਕਾਰਨ, ਪੁਲਿਸ ਵੱਲੋਂ ਜਥੇਦਾਰ ਦੁਰਗਾ ਸਿੰਘ ਤੇ ਬਾਬਾ ਸੁਰਜੀਤ ਸਿੰਘ ਨੂੰ ਮੁੜ ਚੁੱਕ ਕੇ ਨੂੜ ਕੇ ਗੱਡੀ ਵਿੱਚ ਸੁੱਟ ਲਿਆ ਤੇ ਪੁਲਿਸ ਦੀਆਂ ਗੱਡੀਆਂ ਕੋਤਵਾਲੀ ਪਹੁੰਚ ਗਈਆਂ। ਗੁਰਦੁਆਰਾ ਸ਼ਹੀਦਾਂ ਬਾਬਾ ਦੀਪ ਸਿੰਘ ਦੇ ਗੇਟ ਦੇ ਬਾਹਰ ਸੈਂਕੜੇ ਲੋਕਾਂ ਨੇ ਦੋ ਸਿੰਘਾਂ ਨੂੰ ਫੜ੍ਹ ਕੇ ਪੁਲਿਸ ਵੱਲੋਂ ਗੱਡੀਆਂ 'ਚ ਸੁੱਟ ਕੇ ਲਿਜਾਂਦੇ ਵੇਖਿਆ, ਦੁਰਗਾ ਸਿੰਘ ਤੇ ਸਾਥੀ ਸਿੰਘ ਦੀ ਗ੍ਰਿਫਤਾਰੀ ਦੀ ਖਬਰ ਲੋਕਾਂ ਵਿੱਚ ਫੈਲ ਗਈ ਕਿ ਪੁਲਿਸ ਨੇ ਜਥੇਦਾਰ ਦੁਰਗਾ ਸਿੰਘ ਨੂੰ ਫੜ੍ਹ ਲਿਆ ਹੈ।

ਪੁਲਿਸ ਅਫਸਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਸੀ ਕਿ ਉਨ੍ਹਾਂ ਦੇ ਹੱਥ ਜੁਝਾਰੂ ਜਥੇਬੰਦੀ ਤੱਤ ਖਾਲਸਾ ਖਾਲਿਸਤਾਨ ਦਾ ਜਨਰਲ ਦੁਰਗਾ ਸਿੰਘ ਆ ਗਿਆ ਹੈ ਤੇ ਹੁਣ ਇਸ ਤੋਂ ਬਹੁਤ ਸਾਰੇ ਭੇਤ ਲੈ ਕੇ ਅਸੀਂ ਅਵਤਾਰ ਸਿੰਘ ਬ੍ਰਹਮਾ, ਕੁਲਦੀਪ ਸਿੰਘ ਮੁੱਛਲ ਤੇ ਹੋਰ ਬੜੇ ਬੜੇ ਇਨਾਮੀ ਖਾੜਕੂ ਸਿੰਘਾਂ ਨੂੰ ਫੜਨ ਵਿੱਚ ਕਾਮਯਾਬ ਹੋਵਾਂਗੇ ਤੇ ਸਾਡੇ ਮੋਢਿਆਂ ਦੇ ਸਟਾਰ ਵੱਧਣਗੇ। ਬਾਬਾ ਸੁਰਜੀਤ ਸਿੰਘ ਜਿਸ ਨੂੰ ਪੁਲਿਸ ਨੇ ਬਾਅਦ ਵਿੱਚ ਛੱਡ ਦਿੱਤਾ ਸੀ ਉਸ ਦੇ ਦੱਸਣ ਅਨੁਸਾਰ ਜਦੋਂ ਪੁਲਿਸ ਅਫਸਰਾਂ ਨੇ ਕਿਹਾ ਕਿ ਦੁਰਗਾ ਸਿੰਘ ਤੂੰ ਬਹੁਤ ਮਨ ਆਈਆਂ ਕਰਦਾ ਰਿਹਾਂ। ਹੁਣ ਤੂੰ ਸਾਡੇ ਕਾਬੂ ਆ ਗਿਆਂ। ਅਸਲਾ ਕਿੱਥੇ ਕਿੱਥੇ ਰਖਿਆ ਹੈ ਤੇ ਆਪਣੇ ਸਾਥੀ ਬ੍ਰਹਮਾ ਨਿਹੰਗ ਨੂੰ ਫੜਾ। ਤੇਰਾ ਇਸੇ ਵਿੱਚ

ਬਚਾਅ ਹੈ। ਜਥੇਦਾਰ ਦੁਰਗਾ ਸਿੰਘ ਨੇ ਕਿਹਾ—ਜਦੋਂ ਮੈਂ ਬਾਹਰ ਸਾਂ, ਮੈਂ ਜੋ ਕਰ ਸਕਦਾ ਸੀ ਮੈਂ ਕਰਦਾ ਰਿਹਾ। ਹੁਣ ਜੋ ਤੁਸੀਂ ਕਰ ਸਕਦੇ ਹੋ ਕਰ ਲਵੋ। ਪੁਲਿਸ ਵਾਲਿਆਂ ਨੇ ਜਥੇਦਾਰ ਦੁਰਗਾ ਸਿੰਘ ਉੱਤੇ ਤਸ਼ੱਦਦ ਕਰਨਾ ਸ਼ੁਰੂ ਕੀਤਾ ਉਹ ਉਸ ਤੋਂ ਵੱਡੇ ਤੋਂ ਵੱਡੇ ਭੇਤ ਲੈ ਕੇ ਆਪਣੇ ਮੋਢਿਆਂ ਦੀਆਂ ਫੀਤੀਆਂ ਵਧਾਉਣਾ ਚਾਹੁੰਦੇ ਸਨ। ਪੁਲਿਸ ਵਾਲਿਆਂ ਨੂੰ ਆਪਣੀ ਦਰਿੰਦਗੀ 'ਤੇ ਮਾਣ ਸੀ। ਜਥੇਦਾਰ ਦੁਰਗਾ ਸਿੰਘ ਨੂੰ ਆਪਣੇ ਗੁਰੂ ਉੱਤੇ ਭਰੋਸਾ ਸੀ। ਉਸ ਨੇ ਸ਼ਹਾਦਤ ਦਾ ਜਾਮ ਪੀ ਕੇ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਹੀਦ ਸਪੁੱਤਰ ਹੋ ਕੇ ਗੁਰੂ ਦੀ ਗੋਦੀ ਵਿੱਚ ਜਾਣ ਦਾ ਨਿਸ਼ਚਾ ਕਰ ਲਿਆ ਸੀ। ਸਾਰਾ ਦਿਨ ਜਥੇਦਾਰ ਦੁਰਗਾ ਸਿੰਘ ਦੇ ਸਰੀਰ 'ਤੇ ਪੁਲਿਸ ਤਸ਼ੱਦਦ ਕਰਦੀ ਰਹੀ ਜਿਸ ਨਾਲ ਜਥੇਦਾਰ ਦੁਰਗਾ ਸਿੰਘ ਇਸੇ ਰਾਤ ਸ਼ਹੀਦ ਹੋ ਗਿਆ। 18 ਫਰਵਰੀ 1987 ਨੂੰ ਤੜ੍ਹਕੇ ਥਾਣਾ ਭਿੱਖੀਵਿੰਡ ਦੇ ਪਿੰਡ ਦਿਆਲਪੁਰਾ ਦੇ ਖੇਤਾਂ ਵਿੱਚ (ਸੜਕ ਤੋਂ ਕਿੱਲਾ ਕੁ ਹਟਵਾਂ) ਉਥੇ ਲਿਜਾ ਕੇ ਪੁਲਿਸ ਮੁਕਾਬਲਾ ਬਣਾ ਕੇ ਮਾਰ ਦਿੱਤਾ ਗਿਆ ਤੇ 19 ਫਰਵਰੀ 1987 ਦੇ ਅਖਬਾਰਾਂ ਵਿੱਚ ਪੁਲਿਸ ਦੀ ਬਹਾਦਰੀ ਅਤੇ ਏ ਸ਼੍ਰੇਣੀ ਦੇ ਕੱਟੜ ਦਹਿਸ਼ਤਪਸੰਦ ਦੇ ਮਾਰੇ ਜਾਣ ਦੀਆਂ ਖਬਰਾਂ ਛਪ ਗਈਆਂ।

8 ਫੱਗਣ ਬਿਕ੍ਰਮੀ ਸੰਮਤ 2043
19 ਫਰਵਰੀ 1987 ਰੋਜ਼ਾਨਾ ਅਜੀਤ ਦੀ ਮੁੱਖ ਖਬਰ

ਤੱਤ ਖਾਲਸਾ ਆਗੂ ਦੁਰਗਾ ਸਿੰਘ ਪੁਲਿਸ ਮੁਕਾਬਲੇ ਵਿੱਚ ਹਲਾਕ

ਇੱਕ ਨਿਹੰਗ ਵੀ ਮਾਰਿਆ ਗਿਆ, 4 ਵਿਅਕਤੀ ਗ੍ਰਿਫਤਾਰ

ਚੰਡੀਗੜ੍ਹ - 18 ਫਰਵਰੀ 1987 (ਯੂ.ਐਮ.ਆਈ. - ਪੀ.ਟੀ.ਆਈ. ਪੱਤਰ ਪ੍ਰੇਰਕਾਂ ਰਾਹੀਂ) ਤੱਤ ਖਾਲਸਾ ਜਨਰਲ ਦੁਰਗਾ ਸਿੰਘ ਹਲਾਕ।

ਅੰਮ੍ਰਿਤਸਰ - ਅੱਜ ਤੜ੍ਹਕੇ ਥਾਣਾ ਭਿੱਖੀਵਿੰਡ ਦੇ ਘੇਰੇ ਵਿੱਚ ਪੈਂਦੇ ਪਿੰਡ ਦਿਆਲਪੁਰਾ ਦੇ ਨੇੜੇ ਪੁਲਿਸ ਅਤੇ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿੱਚ ਏ ਸ਼੍ਰੇਣੀ ਦਾ ਕਥਿਤ ਦਹਿਸ਼ਤਗਰਦ ਜਨਰਲ ਦੁਰਗਾ ਸਿੰਘ ਮਾਰਿਆ ਗਿਆ ਜੋ ਖਾੜਕੂ ਜਥੇਬੰਦੀ ਤੱਤ ਖਾਲਸਾ ਦਾ ਦੂਸਰਾ ਕਮਾਂਡਰ ਸੀ, ਜਦੋਂ ਕਿ ਉਸ ਦਾ ਸਾਥੀ ਫਰਾਰ ਹੋਣ ਵਿੱਚ ਸਫਲ ਹੋ ਗਿਆ। ਪੁਲਿਸ ਨੇ ਮ੍ਰਿਤਕ ਦੀ ਲਾਸ਼ ਦੇ ਕੋਲੋਂ 315 ਬੋਰ ਦੀ ਰਾਈਫਲ ਬਰਾਮਦ ਕੀਤੀ ਹੈ। ਪੁਲਿਸ ਅਨੁਸਾਰ ਨਾਕਾ ਪਾਰਟੀ ਨੇ ਦੋ ਵਿਅਕਤੀਆਂ ਨੂੰ ਸ਼ੱਕੀ ਹਾਲਤ ਵਿਚ ਫਿਰਦਿਆਂ ਵੇਖ ਕੇ ਲਲਕਾਰਿਆ, ਉਨ੍ਹਾਂ ਨੇ ਨਾਕਾ ਪਾਰਟੀ 'ਤੇ ਗੋਲੀ ਚਲਾ ਦਿੱਤੀ ਜਿਸ ਦੇ ਜਵਾਬ ਵਿੱਚ ਪੁਲਿਸ ਨੇ ਵੀ ਫਾਇਰਿੰਗ ਕੀਤੀ। ਸਿੱਟੇ ਵਜੋਂ ਇਕ ਬੰਦਾ ਮਾਰਿਆ ਗਿਆ। ਇਸ ਦੀ ਗ੍ਰਿਫਤਾਰੀ ਲਈ ਸਰਕਾਰ ਨੇ 50000 ਰੁਪਏ ਦਾ ਇਨਾਮ ਰੱਖਿਆ ਹੋਇਆ ਸੀ। ਇਹ ਦਹਿਸ਼ਤਗਰਦ ਸੁਰੱਖਿਆ ਬਲਾਂ ਦੀਆਂ ਗੱਡੀਆਂ ਅਤੇ ਚੌਂਕੀਆਂ ਉੱਤੇ ਹਮਲੇ ਕਰਨ ਵਾਲੇ ਅੱਤਵਾਦੀਆਂ ਦੀ ਅਗਵਾਈ ਕਰਦਾ ਸੀ। ਮੰਡ ਅਪਰੇਸ਼ਨ ਦੌਰਾਨ ਹੈਲੀਕਾਪਟਰ ਡੇਗਣ ਵਾਲਿਆਂ ਦਹਿਸ਼ਤਗਰਦਾਂ ਵਿੱਚ ਪ੍ਰਮੁੱਖ ਸੀ।

ਪੁਲਿਸ ਵਲੋਂ ਜਥੇ: ਦੁਰਗਾ ਸਿੰਘ ਦੇ ਮਾਰੇ ਜਾਣ ਦੀ ਸੂਚਨਾ ਪਰਿਵਾਰ ਨੂੰ ਨਹੀਂ ਸੀ ਦਿੱਤੀ ਗਈ। ਰੇਡੀਓ ਤੋਂ ਖਬਰ ਸੁਣ ਕੇ ਹੀ ਪਰਿਵਾਰ ਨੂੰ ਜਥੇਦਾਰ ਦੁਰਗਾ ਸਿੰਘ ਦੇ ਪੁਲਿਸ ਮੁਕਾਬਲੇ ਵਿੱਚ ਮਾਰੇ ਜਾਣ ਦਾ ਪਤਾ ਲੱਗਾ ਸੀ। ਪੁਲਿਸ ਵਲੋਂ ਜਥੇਦਾਰ ਦੁਰਗਾ ਸਿੰਘ ਦੇ ਸ਼ਹੀਦੀ ਸਰੀਰ ਦਾ ਸਸਕਾਰ ਪੱਟੀ ਦੇ ਸ਼ਮਸ਼ਾਨ ਘਾਟ ਵਿੱਚ ਕਰ ਦਿੱਤਾ ਗਿਆ। ਪਿੰਡ ਦੀ ਪੰਚਾਇਤ ਦੇ ਮੋਹਤਬਰ ਬੰਦੇ, ਭੈਣ ਤਾਰੋ ਤੇ ਭਾਈਆ ਜਸਵੰਤ

ਸਿੰਘ ਫੌਜੀ ਦੇ ਨਾਲ ਜਾ ਕੇ ਥਾਣਾ ਭਿੱਖੀਵਿੰਡ ਦੀ ਪੁਲਿਸ ਨੂੰ ਮਿਲੇ, ਉਨ੍ਹਾਂ ਥਾਣਾ ਪੱਟੀ ਭੇਜ ਦਿੱਤਾ। ਪੱਟੀ ਪੁਲਿਸ ਨੇ ਕਾਨੂੰਨੀ ਕਾਰਵਾਈ ਪਾ ਕੇ ਪੰਚਾਇਤ ਨੂੰ ਪੱਟੀ ਦੇ ਸ਼ਮਸ਼ਾਨ ਘਾਟ ਵਿੱਚੋਂ ਜਥੇਦਾਰ ਦੁਰਗਾ ਸਿੰਘ ਦੇ ਫੁੱਲ ਚੁਗਣ ਦੀ ਆਗਿਆ ਦੇ ਦਿੱਤੀ ਜਿਥੋਂ ਭੈਣ ਤਾਰੋ, ਭਣਵਈਆ ਜਸਵੰਤ ਸਿੰਘ ਫੌਜੀ ਤੇ ਪਿੰਡ ਆਰਫਕੇ ਦੀ ਪੰਚਾਇਤ ਫੁੱਲ ਚੁਣ ਕੇ ਸ੍ਰੀ ਕੀਰਤਪੁਰ ਸਾਹਿਬ ਜਲ ਪ੍ਰਵਾਹ ਕਰ ਕੇ ਆਏ।

ਜਥੇਦਾਰ ਦੁਰਗਾ ਸਿੰਘ ਦੀ ਸ਼ਹੀਦੀ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਉਨ੍ਹਾਂ ਦੇ ਘਰ ਰੱਖਿਆ ਗਿਆ ਤੇ 27 ਫਰਵਰੀ 1987 ਨੂੰ ਪਿੰਡ ਆਰਫਕੇ (ਜ਼ਿਲ੍ਹਾ ਫਿਰੋਜ਼ਪੁਰ) ਵਿਖੇ ਸ਼ਹੀਦੀ ਸਮਾਗਮ ਦੀ ਅਰਦਾਸ ਕੀਤੀ ਗਈ। ਸ਼ਹੀਦੀ ਸਮਾਗਮ ਰੋਕਣ ਲਈ ਸੀ.ਆਰ.ਪੀ. ਤੇ ਪੰਜਾਬ ਪੁਲਿਸ ਨੇ ਪਿੰਡ ਦੀ ਸਖਤ ਘੇਰਾਬੰਦੀ ਕੀਤੀ ਹੋਈ ਸੀ ਤੇ ਪਿੰਡ ਵੱਲ ਆਉਣ ਵਾਲੇ ਲੋਕਾਂ 'ਤੇ ਲਾਠੀਚਾਰਜ ਵੀ ਕੀਤਾ। ਪੁਲਿਸ ਦੀ ਘੇਰਾਬੰਦੀ ਦੇ ਬਾਵਜੂਦ ਦੁਪਹਿਰ ਵੇਲੇ ਲੋਕਾਂ ਦਾ ਭਾਰੀ ਇਕੱਠ ਘੇਰਾਬੰਦੀ ਨੂੰ ਤੋੜ ਕੇ ਪਿੰਡ ਆਰਫਕੇ ਵਿੱਚ ਦਾਖਲ ਹੋ ਗਿਆ। ਪੱਤਰ ਪ੍ਰੇਰਕ ਦੀ ਅਖਬਾਰ ਨੂੰ ਭੇਜੀ ਗਈ ਰਿਪੋਰਟ ਅਨੁਸਾਰ 20 ਹਜ਼ਾਰ ਲੋਕ ਪੁਲਿਸ ਦੀਆਂ ਰੁਕਾਵਟਾਂ ਤੋੜ ਕੇ ਜਥੇਦਾਰ ਦੁਰਗਾ ਸਿੰਘ ਦੀ ਸ਼ਹੀਦੀ ਅਰਦਾਸ ਦੇ ਸਮਾਗਮ ਵਿੱਚ ਸ਼ਾਮਲ ਹੋਏ। ਦਮਦਮੀ ਟਕਸਾਲ ਦੇ ਰਾਗੀ ਸਿੰਘਾਂ ਨੇ ਬੀਰ ਰਸ ਸ਼ਬਦਾਂ ਦਾ ਕੀਰਤਨ ਕੀਤਾ। ਇਸ ਸਮਾਗਮ ਵਿੱਚ ਕਵੀਸ਼ਰ ਜਗੀਰ ਸਿੰਘ ਮਸਤ ਦੇ ਕਵੀਸ਼ਰੀ ਜਥੇ ਨੇ ਸ਼ਹੀਦੀ ਪ੍ਰਸੰਗ ਗਾ ਕੇ ਸੰਗਤਾਂ ਨੂੰ ਸੁਣਾਏ। ਦਮਦਮੀ ਟਕਸਾਲ ਦੇ ਮੁਖੀ ਬਾਬਾ ਠਾਕੁਰ ਸਿੰਘ ਜੀ, ਬਾਬਾ ਚਰਨ ਸਿੰਘ (ਸ਼ਹੀਦ) ਬੀੜ ਬਾਬਾ ਬੁੱਢਾ ਸਾਹਿਬ ਜੰਪਰਦਾ ਵਾਲੇ, ਬਾਬਾ ਦਇਆ ਸਿੰਘ ਸੁਰ ਸਿੰਘ ਵਾਲੇ ਦਲ ਬਾਬਾ ਬਿਧੀ ਚੰਦ ਨਿਹੰਗ ਸਿੰਘ ਵਾਲਿਆਂ ਵੱਲੋਂ ਸ਼ਹੀਦ ਜਥੇਦਾਰ ਦੁਰਗਾ ਸਿੰਘ ਦੇ ਪੁੱਤਰ ਝਿਰਮਲ ਸਿੰਘ ਨੂੰ ਪੱਗ ਬੰਨ੍ਹਾਈ ਗਈ। ਸਿੱਖ ਸੰਗਤਾਂ ਵੱਲੋਂ ਸ਼ਹੀਦ ਜਥੇਦਾਰ ਦੁਰਗਾ ਸਿੰਘ ਦੇ ਸ਼ਹੀਦੀ ਸਮਾਗਮ 'ਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਤੇ 20 ਪੀਪੇ ਦੇਸੀ ਘਿਉ ਦੇ ਭੇਜੇ ਗਏ ਸਨ। ਇਸ ਦਿਨ ਇਲਾਕੇ ਦੀ ਸੰਗਤ ਵੱਲੋਂ ਦੋਧੀਆਂ ਨੂੰ ਦੁੱਧ ਨਾ ਪਾਉਣ ਦੀ ਹਦਾਇਤ ਕੀਤੀ ਗਈ ਸੀ ਤੇ ਸਾਰਾ ਦੁੱਧ ਸ਼ਹੀਦੀ ਸਮਾਗਮ ਵਿੱਚ ਪਹੁੰਚਾ ਦਿੱਤਾ ਗਿਆ। ਜਲੇਬਾਂ, ਚੌਲਾਂ, ਖੀਰ, ਪ੍ਰਸ਼ਾਦ ਅਤੇ ਦੁੱਧ ਦਾ ਲੰਗਰ ਅਟੁੱਟ ਵਰਤਿਆ। ਲੰਗਰ ਵਿੱਚ ਇੰਨਾ ਦੁੱਧ ਪਹੁੰਚਿਆ ਕਿ ਲੰਗਰ ਦੇ ਪ੍ਰਬੰਧਕ ਭਾਈ ਮਹਿੰਦਰ ਸਿੰਘ ਰਾਜਾ ਸਿੱਖ ਨੇ ਪਿੰਡ ਦੇ ਨਲਕਿਆਂ ਦੀਆਂ ਹੱਥੀਆਂ ਲੁਹਾ ਦਿੱਤੀਆਂ ਤਾਂ ਕਿ ਜਥੇਦਾਰ ਦੁਰਗਾ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਆਈਆਂ ਸੰਗਤਾਂ ਪਾਣੀ ਦੀ ਥਾਂ ਦੁੱਧ ਛਕ ਸਕਣ। ਇਹ ਸ਼ਹੀਦੀ ਸਮਾਗਮ ਵੇਖ ਕੇ ਪੁਲਿਸ ਦੇ ਦਾਅਵੇ ਨੂੰ ਕਿਵੇਂ ਨਾ ਮੰਨਿਆ ਜਾਵੇ ਕਿ ਜਥੇਦਾਰ ਦੁਰਗਾ ਸਿੰਘ ਏ ਸ਼੍ਰੇਣੀ ਦਾ ਦਹਿਸ਼ਤਗਰਦ ਸੀ। ਕੀ ਦਹਿਸ਼ਤਗਰਦਾਂ ਨੂੰ ਵੀ ਲੋਕ ਮਰਨ ਤੋਂ ਬਾਅਦ ਅਜਿਹਾ ਸਤਿਕਾਰ ਦਿਆ ਕਰਦੇ ਹਨ ? ਇਹ ਫੈਸਲਾ ਇਤਿਹਾਸ ਨੇ ਕਰਨਾ ਹੁੰਦਾ ਹੈ, ਸਰਕਾਰਾਂ ਨੇ ਨਹੀਂ। ਸ਼ਹੀਦ

ਜਥੇਦਾਰ ਦੁਰਗਾ ਸਿੰਘ ਦੀ ਸ਼ਹੀਦੀ ਯਾਦ ਵਿੱਚ ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਵਾਲਿਆਂ ਵੱਲੋਂ ਗੁਰਦੁਆਰਾ ਬਾਬਾ ਰਾਮ ਲਾਲ ਜੀ ਪਿੰਡ ਆਰਫਕੇ ਨਿਸ਼ਾਨ ਸਾਹਿਬ ਦੀ ਸੇਵਾ ਕਰਨ ਦਾ ਐਲਾਨ ਕੀਤਾ ਗਿਆ ਜੋ 15 ਦਿਨਾਂ ਵਿੱਚ ਨਿਸ਼ਾਨ ਸਾਹਿਬ ਦੀ ਸੇਵਾ ਕਰਵਾ ਦਿੱਤੀ ਗਈ।

ਪਿੰਡ ਆਰਫਕੇ ਜਿਥੇ ਸੰਤ ਬਾਬਾ ਰਾਮ ਲਾਲ ਜੀ ਦਾ ਗੁਰਦੁਆਰਾ ਸਾਹਿਬ ਸਸ਼ੋਭਤ ਹੈ ਉਥੇ ਸ਼ਹੀਦ ਜਥੇਦਾਰ ਦੁਰਗਾ ਸਿੰਘ ਦੀ ਯਾਦ ਵਿੱਚ ਚੜ੍ਹਾਏ ਗਏ ਨਿਸ਼ਾਨ ਸਾਹਿਬ ਅਤੇ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ, ਦੋ ਨਿਸ਼ਾਨ ਸਾਹਿਬ, ਸੰਤ ਤੇ ਸਿਪਾਹੀ ਦੇ ਸੁਮੇਲ ਗਵਾਹੀ ਭਰਦੇ ਹਨ। ਇਸੇ ਪਿੰਡ ਆਰਫਕੇ ਦੇ ਜੰਮਪਲ ਸ਼ਹੀਦ ਰਸਾਲ ਸਿੰਘ ਆਰਫਕੇ, ਸ਼ਹੀਦ ਭਾਈ ਕੁਲਵੰਤ ਸਿੰਘ ਆਰਫਕੇ ਉਰਫ ਛੋਟਾ ਰਾਜਸਥਾਨੀ ਤੇ ਬਾਪੂ ਮੋਤਾ ਸਿੰਘ (ਪਿਤਾ ਕੁਲਵੰਤ ਸਿੰਘ ਸ਼ਹੀਦ) ਨੇ ਵੀ ਸਿੱਖ ਸੰਘਰਸ਼ ਵਿੱਚ ਸ਼ਹੀਦੀਆਂ ਪ੍ਰਾਪਤ ਕਰ ਕੇ ਸਿੱਖ ਇਤਿਹਾਸ ਦੇ ਪੰਨਿਆਂ ਵਿੱਚ ਆਪਣਾ ਨਾਂ ਲਿਖਵਾਇਆ ਹੈ।

ਸ਼ਹੀਦ ਭਾਈ ਰਛਪਾਲ ਸਿੰਘ

(ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਪੀ.ਏ.)

ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਸਿੱਖ ਕੌਮ ਦੀ ਆਜ਼ਾਦੀ ਦੀ ਲੜੀ ਜਾ ਰਹੀ ਲੜਾਈ ਵਿੱਚ ਸਿੱਖਾਂ ਨੇ ਕੁਰਬਾਨੀਆਂ/ਸ਼ਹੀਦੀਆਂ ਦੀ ਝੜੀ ਲਾ ਦਿੱਤੀ ਤੇ ਸਿੱਖ ਕੌਮ ਵੱਲੋਂ ਕੀਤੀ ਜਾਂਦੀ ਅਰਦਾਸ ਵਿੱਚ ਯਾਦ ਕੀਤੇ ਜਾਂਦੇ ਸ਼ਹੀਦਾਂ ਦੇ ਇਤਿਹਾਸ ਨੂੰ ਦੁਬਾਰਾ ਅੱਖਰ-ਅੱਖਰ ਸੱਚ ਕਰ ਕੇ ਵਿਖਾ ਦਿੱਤਾ ਹੈ। ਬਾਬਾ ਠਾਕੁਰ ਸਿੰਘ ਜੀ ਦੀ ਦਮਦਮੀ ਟਕਸਾਲ ਦੀ ਸੇਵਾ ਸੰਭਾਲ ਤੱਕ/ਅਕਾਲ ਚਲਾਣਾ ਕਰਨ ਤੱਕ ਦਮਦਮੀ ਟਕਸਾਲ ਦੇ ਹੈਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਨੂੰ ਸਿੱਖ ਕੌਮ ਦੀ ਆਜ਼ਾਦੀ ਦੇ ਚਾਹਵਾਨ ਸਿੱਖਾਂ ਵੱਲੋਂ ਬੜੀ ਸ਼ਰਧਾ, ਸਤਿਕਾਰ ਤੇ ਬੜੀਆਂ ਆਸਾਂ ਉਮੰਗਾਂ ਨਾਲ ਵੇਖਿਆ ਜਾਂਦਾ ਸੀ। ਬਾਬਾ ਠਾਕੁਰ ਸਿੰਘ ਜੀ ਦੇ ਸੱਚਖੰਡ ਬਿਰਾਜ ਜਾਣ ਦੇ ਨਾਲ ਹੀ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀਆਂ ਰੌਣਕਾਂ ਖਤਮ ਹੋ ਗਈਆਂ। ਦਮਦਮੀ ਟਕਸਾਲ ਧੜਿਆਂ ਵਿੱਚ ਵੰਡੀ ਗਈ। ਹਰਨਾਮ ਸਿੰਘ ਧੁੰਮਾ ਨੂੰ ਮਹਿਤਾ ਚੌਕ ਦਾ ਮੁਖੀ ਬਣਾ ਦਿੱਤਾ ਗਿਆ। ਜੋ ਸਰਕਾਰੀ ਨੁਮਾਇੰਦਾ ਬਣ ਬੈਠਾ। ਗਿਆਨੀ ਰਾਮ ਸਿੰਘ ਨੇ ਸੰਗਰਾਵਾਂ 'ਚ ਟਕਸਾਲ ਚਲਾਈ। ਭਾਈ ਅਮਰੀਕ ਸਿੰਘ ਨੇ ਅਜਨਾਲੇ ਵਿਖੇ ਗੁਰਮਤਿ ਵਿਦਿਆਲਾ ਸ਼ੁਰੂ ਕੀਤਾ। ਧੁੰਮਾ ਆਪਣੀ ਪ੍ਰਮੁੱਖਤਾ ਦੀ ਦਾਅਵੇਦਾਰੀ ਲਈ ਸਰਕਾਰਾਂ ਤੇ ਸਿਆਸੀ ਆਗੂਆਂ ਅੱਗੇ ਗੋਡੇ ਟੇਕ ਰਿਹਾ ਹੈ ਤੇ ਉਸ ਨੂੰ ਸਰਕਾਰ ਦੀ ਜੀ ਹਜ਼ੂਰੀ ਕਰਨ ਵਿੱਚੋਂ ਹੀ ਵੇਹਲ ਨਹੀਂ ਮਿਲਦੀ ਤੇ ਉਹ ਸਿੱਖੀ ਦਾ ਪ੍ਰਚਾਰ ਕਰਨ ਬਾਰੇ ਉਸ ਨੇ ਸੋਚਣਾ ਬੰਦ ਕਰ ਦਿੱਤਾ ਹੈ। ਉਸ ਨੇ ਬਾਬਾ ਠਾਕੁਰ ਸਿੰਘ ਜੀ ਦੇ ਵੇਲੇ ਤੋਂ ਛਾਪੀ ਜਾਂਦੀ ਖਾਲਸਾ ਡਾਇਰੀ ਵੀ ਬੰਦ ਕਰਵਾ ਦਿੱਤੀ ਹੈ। ਜੇ ਇਕ ਵਾਰੀ ਖਾਲਸਾ ਡਾਇਰੀ ਛਾਪੀ ਵੀ ਗਈ ਤਾਂ ਉਸ ਵਿੱਚ ਦਮਦਮੀ ਟਕਸਾਲ ਦੇ ਸ਼ਹੀਦ ਸਿੰਘਾਂ ਦੇ ਇਤਿਹਾਸ ਜਾਂ ਤਸਵੀਰਾਂ ਦੀ ਥਾਂ ਮੈਂ-ਮੈਂ, ਮੇਰਾ-ਮੇਰਾ ਤੋਂ ਵੱਧ ਕੁਝ ਵੀ ਨਹੀਂ ਹੈ। ਜਿਸ ਡਾਇਰੀ ਨੂੰ ਮੁੱਲ ਤਾਂ ਕੀ ਮੁਫਤ ਵਿੱਚ ਲੈਣਾ ਵੀ ਗੈਰਤਮੰਦ ਸਿੰਘਾਂ ਨੇ ਪਸੰਦ ਨਹੀਂ ਕੀਤਾ। ਦੁਨੀਆਂ ਭਰ ਵਿੱਚ ਸਿੱਖ ਕੌਮ ਵੱਲੋਂ ਪੜ੍ਹਿਆ ਜਾਣ ਵਾਲਾ ਖਾਲਸਾ ਖੰਡੇਧਾਰ ਮਾਸਿਕ ਪਰਚਾ ਵੀ ਬੰਦ ਕਰ ਦਿੱਤਾ ਹੈ। ਹਿੰਦੂ ਕੁਲਦੀਪ ਨਈਅਰ ਦਾ ਇਹ ਸਨਮਾਨ ਕਰਨ ਲੱਗੇ ਜ਼ਰਾ ਵੀ ਨਹੀਂ ਸੋਚਦੇ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਪ੍ਰਤੀ ਪੰਜਾਬ ਦਾ

ਦੁਖਾਂਤ ਵਿੱਚ ਉਸਦੀ ਸੋਚ ਕੀ ਕਹਿੰਦੀ ਹੈ। ਦਮਦਮੀ ਟਕਸਾਲ ਦੇ ਮੁਖੀ ਬਾਬਾ ਠਾਕੁਰ ਸਿੰਘ ਜੀ ਸੱਚਮੁੱਚ ਦਮਦਮੀ ਟਕਸਾਲ ਦੀ ਮਾਂ ਸਨ ਤੇ ਉਹ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਮਾਂ ਵਾਂਗ ਗਲ ਨਾਲ ਲਾਉਂਦੇ ਸਨ, ਉਨ੍ਹਾਂ ਦੀ ਦਿਲ ਖੋਲ੍ਹ ਕੇ ਮਦਦ ਕਰਦੇ ਸਨ। ਜਦੋਂ ਇੱਕ ਲੇਖਕ ਹੋਣ ਦੇ ਨਾਤੇ ਸ਼ਹੀਦ ਸਿੰਘ ਦੇ ਪਰਿਵਾਰਾਂ, ਦਮਦਮੀ ਟਕਸਾਲ ਦੇ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਕੋਲ ਸ਼ਹੀਦ ਸਿੰਘਾਂ ਦਾ ਇਤਿਹਾਸ ਲਿਖਣ ਲਈ ਜਾਂਦਾ ਹਾਂ ਤਾਂ ਉਹ ਕਹਿੰਦੇ ਹਨ ਕਿ ਬਾਬਾ ਠਾਕੁਰ ਸਿੰਘ ਜੀ ਨੇ ਅਕਾਲ ਚਲਾਣਾ ਨਹੀਂ ਕੀਤਾ, ਬਲਕਿ ਸਾਡੀ ਮਾਂ ਅਕਾਲ ਚਲਾਣਾ ਕਰ ਗਈ ਹੈ। ਜਿਵੇਂ ਸੰਤ ਗੁਰਬਚਨ ਸਿੰਘ ਜੀ ਖਾਲਸਾ ਦੇ ਸੱਚਖੰਡ ਗਮਨ ਤੋਂ ਪਿੱਛੋਂ ਭਿੰਡਰਕਲਾਂ ਦੀਆਂ ਰੌਣਕਾਂ ਜਾਂਦੀਆਂ ਰਹੀਆਂ ਉਸੇ ਤਰ੍ਹਾਂ ਬਾਬਾ ਠਾਕੁਰ ਸਿੰਘ ਜੀ ਦੇ ਸੱਚਖੰਡ ਗਮਨ ਤੋਂ ਪਿੱਛੋਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀਆਂ ਰੌਣਕਾਂ ਵੀ ਜਾਂਦੀਆਂ ਰਹੀਆਂ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ, ਸੱਚ ਸਭ ਦੇ ਸਾਹਮਣੇ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਰੋਡੇ ਪਰਿਵਾਰ ਨੇ ਦਮਦਮੀ ਟਕਸਾਲ ਨੂੰ ਆਪਣੀ ਵਿਰਾਸਤ ਸਮਝ ਕੇ ਰਾਜਨੀਤੀ ਕੀਤੀ ਹੈ ਤੇ ਦਮਦਮੀ ਟਕਸਾਲ ਦਾ ਅਜਿਹਾ ਆਗੂ ਬਣਾ ਦਿੱਤਾ ਹੈ ਜੋ ਉਨ੍ਹਾਂ ਦੀ ਪਸੰਦ ਸੀ ਤੇ ਨਾਲ ਹੀ ਦਮਦਮੀ ਟਕਸਾਲ ਦੀ ਚੜ੍ਹਤ ਤੇ ਜੁਝਾਰੂ ਸੋਚ ਦਾ ਵਿਰੋਧੀ ਹੈ। ਰੋਡੇ ਪਰਿਵਾਰ ਇਸ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦਾ। ਇਤਿਹਾਸ ਇਸ ਦਾ ਜਵਾਬ ਮੰਗੇਗਾ।

ਸ਼ਹੀਦ ਭਾਈ ਰਛਪਾਲ ਸਿੰਘ ਦਾ ਨਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਪੀ.ਏ. ਦੇ ਤੌਰ 'ਤੇ ਜੁੜਿਆ ਹੋਇਆ ਹੈ। ਭਾਵੇਂ ਕਿਸੇ ਖਾੜਕੂ ਐਕਸ਼ਨ ਨਾਲ ਭਾਈ ਰਛਪਾਲ ਸਿੰਘ ਦਾ ਨਾਂ ਨਹੀਂ ਆਉਂਦਾ ਪਰ ਫਿਰ ਵੀ ਸਿੱਖ ਕੌਮ ਇਹ ਮਹਿਸੂਸ ਕਰਦੀ ਹੈ ਕਿ ਜ਼ਰੂਰ ਕੋਈ ਨਾ ਕੋਈ ਇਸ ਨੌਜਵਾਨ ਵਿੱਚ ਖੂਬੀ ਹੋਵੇਗੀ, ਜਿਸ ਸਦਕਾ ਇਹ ਸਿੱਖ ਨੌਜਵਾਨ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਅਤਿ ਵਿਸ਼ਵਾਸ ਦਾ ਪਾਤਰ ਆਖਰੀ ਸਵਾਸਾਂ ਯਾਨੀ ਸ਼ਹਾਦਤ ਤੱਕ ਬਣਿਆ ਰਿਹਾ। ਇਸ ਨੂੰ ਜਾਨਣ ਲਈ ਸ੍ਰੀ ਮੁਕਤਸਰ ਸਾਹਿਬ ਵਿਖੇ ਭਾਈ ਸਾਹਿਬ ਦੀ ਭੈਣ ਹਰਬੰਸ ਕੌਰ ਤੇ ਭਰਜਾਈ ਨੂੰ ਮਿਲਿਆ ਤਾਂ ਉਨ੍ਹਾਂ ਬੀਬੀਆਂ ਨੇ ਬੜਾ ਸਤਿਕਾਰ ਕੀਤਾ ਤੇ ਟਕਸਾਲ ਦੇ ਆਗੂਆਂ ਦੀਆਂ ਸਿਧਾਂਤਹੀਣ ਕਾਰਵਾਈਆਂ 'ਤੇ ਪ੍ਰਗਟ ਕੀਤੇ ਆਪਣੇ ਗਿਲ੍ਹੇ-ਸ਼ਿਕਵਿਆਂ ਦੇ ਨਾਲ ਸ਼ਹੀਦ ਭਾਈ ਰਛਪਾਲ ਸਿੰਘ ਦੀ ਜੀਵਨੀ ਵੀ ਲਿਖਾਈ ਜਿਸ ਨੂੰ ਸਿੱਖ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਭਾਈ ਰਛਪਾਲ ਸਿੰਘ ਦਾ ਜਨਮ ਪਿਤਾ ਭਾਈ ਲਾਲ ਸਿੰਘ ਦੇ ਘਰ ਮਾਤਾ ਚੰਨਣ ਕੌਰ ਦੀ ਕੁੱਖੋਂ ਸੰਨ 1952 ਨੂੰ ਪਿੰਡ ਬਾਮਣੀਆਂ ਨੇੜੇ ਨਕੋਦਰ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਭਾਈ ਲਾਲ ਸਿੰਘ ਦੇ ਸੱਤ ਬੱਚੇ ਸਨ—ਵੱਡੀ ਪੁੱਤਰੀ ਸੁਰਜੀਤ ਕੌਰ, ਪੁੱਤਰ ਗੁਰਦਿਆਲ ਸਿੰਘ, ਪੁੱਤਰੀ ਹਰਬੰਸ ਕੌਰ, ਪੁੱਤਰ ਜਸਵੰਤ ਸਿੰਘ, ਸਰਦੂਲ ਸਿੰਘ, ਰਛਪਾਲ ਸਿੰਘ ਸ਼ਹੀਦ ਅਤੇ ਪੁੱਤਰੀ ਗੁਰਮੀਤ ਕੌਰ। ਭਾਈ ਰਛਪਾਲ ਸਿੰਘ ਜੀ ਦੀ

ਉਮਰ 6 ਕੁ ਸਾਲ ਦੀ ਸੀ ਜਦੋਂ ਪਿਤਾ ਭਾਈ ਲਾਲ ਸਿੰਘ ਜੀ ਪਿੰਡ ਬਾਮਣੀਆਂ ਤੋਂ ਪਰਿਵਾਰ ਸਮੇਤ ਸ੍ਰੀ ਮੁਕਤਸਰ ਸਾਹਿਬ ਆ ਗਏ। ਭਾਈ ਲਾਲ ਸਿੰਘ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਮੁਕਤਸਰ ਸਾਹਿਬ ਅਤੇ ਗੁਰਦੁਆਰਾ ਸਾਹਿਬ ਦੇ ਨਾਂ ਜ਼ਮੀਨ ਦਾ ਪ੍ਰਬੰਧਕੀ ਨਿਗਰਾਨ ਇੰਸਪੈਕਟਰ ਨਿਯੁਕਤ ਕੀਤਾ ਗਿਆ ਸੀ ਅਤੇ ਪਰਿਵਾਰ ਦੀ ਰਿਹਾਇਸ਼ ਵਾਸਤੇ ਨਾਕਾ ਨੰ: 4 ਮਲੋਟ ਰੋਡ 'ਤੇ ਕੁਆਟਰ ਦਿੱਤਾ ਗਿਆ ਸੀ। ਦੂਸਰੇ ਬੱਚਿਆਂ ਦੇ ਨਾਲ ਭਾਈ ਰਛਪਾਲ ਸਿੰਘ ਨੇ ਵੀ ਪੜ੍ਹਾਈ ਸਰਕਾਰੀ ਗੌਰਮਿੰਟ ਹਾਈ ਸਕੂਲ ਮੁਕਤਸਰ ਤੋਂ ਕੀਤੀ ਤੇ ਉਚੇਰੀ ਵਿਦਿਆ ਅਤੇ ਬੀ.ਏ. ਦੀਂ ਪੜ੍ਹਾਈ ਸਰਕਾਰੀ ਕਾਲਜ ਮੁਕਤਸਰ ਤੋਂ ਪਾਸ ਕੀਤੀ। ਭਾਈ ਰਛਪਾਲ ਸਿੰਘ 12-13 ਸਾਲ ਦੀ ਉਮਰ ਵਿੱਚ ਸ੍ਰੀ ਦਰਬਾਰ ਸਾਹਿਬ ਮੁਕਤਸਰ ਤੋਂ ਪੰਜਾਂ ਪਿਆਰਿਆਂ ਤੋਂ ਖੰਟੇ ਬਾਟੇ ਦੀ ਪਾਹੁਲ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਵਿੱਚ ਪ੍ਰਪੱਕ ਹੋਏ।

ਭਾਈ ਰਛਪਾਲ ਸਿੰਘ ਉਚੇਰੀ ਤਾਲੀਮ ਸਦਕਾ ਪਿੰਡ ਮਰਾੜ ਕਲਾਂ ਦੇ ਪ੍ਰਾਇਮਰੀ ਸਰਕਾਰੀ ਸਕੂਲ ਵਿੱਚ ਅਧਿਆਪਕ ਨਿਯੁਕਤ ਹੋਏ ਤੇ ਬੱਚਿਆਂ ਨੂੰ ਪੜ੍ਹਾਉਣ ਲੱਗੇ। ਇਨ੍ਹੀਂ ਦਿਨੀਂ ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਪਿੰਡ ਕਬਰਵਾਲਾ/ ਸਦਰਵਾਲਾ ਅਤੇ ਸ੍ਰੀ ਦਰਬਾਰ ਸਾਹਿਬ ਮੁਕਤਸਰ ਵਿਖੇ ਗੁਰਬਾਣੀ ਕਥਾ ਕੀਰਤਨ ਅਤੇ ਅੰਮ੍ਰਿਤ ਸੰਚਾਰ ਕਰਨ ਆਇਆ ਕਰਦੇ ਸਨ। ਭਾਈ ਲਾਲ ਸਿੰਘ, ਸੰਤ ਕਰਤਾਰ ਸਿੰਘ ਜੀ ਨਾਲ ਬਹੁਤ ਪ੍ਰੇਮ ਕਰਦੇ ਸਨ। ਸੰਤ ਕਰਤਾਰ ਸਿੰਘ ਜੀ ਖਾਲਸਾ ਨੇ ਕਿਹਾ ਕਿ ਭਾਈ ਲਾਲ ਸਿੰਘ ਜੀ ਤੁਸੀਂ ਸੂਝਵਾਨ ਗੁਰਮੁਖ ਜੇ, ਸਾਨੂੰ ਪੜ੍ਹੇ ਲਿਖੇ ਗੁਰਮੁਖ ਦੀ ਲੋੜ ਹੈ, ਜਿਹੜਾ ਸੱਚਖੰਡ ਵਾਸੀ ਸੰਤ ਮਹਾਂਪੁਰਖ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਦਾ ਜੀਵਨ ਲਿਖ ਸਕੇ। ਭਾਈ ਲਾਲ ਸਿੰਘ ਜੀ ਨੇ ਨਿਮਰਤਾ ਨਾਲ ਕਿਹਾ ਕਿ ਮਹਾਂਪੁਰਖੋ! ਬੀ.ਏ. ਪੜ੍ਹਿਆ ਸਰਕਾਰੀ ਮਾਸਟਰ ਦੀ ਨੌਕਰੀ ਕਰਦਾ ਪੁੱਤਰ ਰਛਪਾਲ ਸਿੰਘ ਆਪ ਜੀ ਦੀ ਸੇਵਾ ਵਿਚ ਹਾਜ਼ਰ ਕਰ ਸਕਦਾ ਹਾਂ। ਮਹਾਂਪੁਰਖੋ! ਗੁਰਮੁੱਖ ਆਪ ਕਿਰਪਾ ਕਰਕੇ ਬਣਾ ਲੈਣਾ। ਸੰਤ ਕਰਤਾਰ ਸਿੰਘ ਜੀ ਨੇ ਕਿਹਾ ਕਿ ਅਸੀਂ ਇੱਕ ਦੋ ਦਿਨ ਹੋਰ ਰੁਕ ਜਾਂਦੇ ਹਾਂ। ਸਾਨੂੰ ਗੁਰਮੁਖ ਮਿਲਾ ਦੇਵੋ। ਭਾਈ ਰਛਪਾਲ ਸਿੰਘ ਪਿੰਡ ਮਰਾੜ ਕਲਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪੜ੍ਹਾ ਕੇ ਵਾਪਸ ਆਇਆ ਤਾਂ ਪਿਤਾ ਲਾਲ ਸਿੰਘ ਜੀ ਨੇ ਕਿਹਾ ਕਿ ਰਛਪਾਲ ਸਿੰਘ ਪ੍ਰਸ਼ਾਦਾ ਪਾਣੀ ਛਕ ਲੈ, ਆਪਾਂ ਸੰਤ ਮਹਾਂਪੁਰਖ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਪਾਸ ਪਿੰਡ ਕਬਰਵਾਲੇ ਜਾਣਾ ਹੈ। ਰਛਪਾਲ ਸਿੰਘ ਨੇ ਪੁੱਛਿਆ ਕਿ ਪਿਤਾ ਜੀ, ਕੀ ਕੋਈ ਖਾਸ ਕੰਮ ਹੈ ? ਸੰਤ ਮਹਾਂਪੁਰਖਾਂ ਦਾ ਬਚਨ ਹੈ ਕਿ ਸਾਨੂੰ ਪੜ੍ਹੇ ਲਿਖੇ ਸਿੰਘ ਦੀ ਲੋੜ ਹੈ। ਵੱਡੇ ਸੰਤ ਮਹਾਂਪੁਰਖਾਂ ਦਾ ਜੀਵਨ ਇਤਿਹਾਸ ਲਿਖਵਾਉਣਾ ਹੈ ਤੇ ਮੈਂ ਸੰਤ ਕਰਤਾਰ ਸਿੰਘ ਜੀ ਖਾਲਸਾ ਨੂੰ ਬਚਨ ਦੇ ਆਇਆ ਹਾਂ ਕਿ ਇਹ ਸੇਵਾ ਭਾਈ ਰਛਪਾਲ ਸਿੰਘ ਕਰ ਸਕਦਾ ਹੈ। ਭਾਈ

ਰਛਪਾਲ ਸਿੰਘ ਪਿਤਾ ਦੇ ਬਚਨ ਦਾ ਪਾਲਣ ਕਰਦਿਆਂ ਸਤਿ ਬਚਨ ਕਹਿ ਕੇ ਪਿਤਾ ਜੀ ਨਾਲ ਜਾਣ ਵਾਸਤੇ ਤਿਆਰ ਹੋ ਕੇ ਤੁਰ ਪਿਆ। ਭਾਈ ਰਛਪਾਲ ਸਿੰਘ ਪਿਤਾ ਭਾਈ ਲਾਲ ਸਿੰਘ ਜੀ ਨੂੰ ਆਪਣੇ ਸਾਈਕਲ ਦੇ ਪਿੱਛੇ ਬਿਠਾ ਕੇ ਪਿੰਡ ਕਬਰਵਾਲਾ ਦੇ ਕੱਚੇ ਰਾਹ ਪੈ ਗਏ ਤੇ ਪਿੰਡ ਕਬਰਵਾਲਾ ਪਹੁੰਚ ਕੇ ਸੰਤ ਕਰਤਾਰ ਸਿੰਘ ਜੀ ਖਾਲਸਾ ਪਾਸ ਹਾਜ਼ਰ ਹੋਏ। ਫਤਹਿ ਬੁਲਾ ਕੇ ਬੈਠ ਗਏ। ਸੰਤ ਕਰਤਾਰ ਸਿੰਘ ਜੀ ਖਾਲਸਾ ਨੇ ਬੜੇ ਪ੍ਰੇਮ ਨਾਲ ਰਛਪਾਲ ਸਿੰਘ ਨੂੰ ਜੱਫੀ ਵਿੱਚ ਘੁੱਟ ਲਿਆ ਤੇ ਕਿਹਾ—ਗੁਰਮੁਖਾ ਸਾਨੂੰ ਤੇਰੇ ਵਰਗੇ ਪੜ੍ਹੇ-ਲਿਖੇ ਗੁਰਮੁਖਾਂ ਦੀ ਲੋੜ ਹੈ। ਜਿਹੜੇ ਇਤਿਹਾਸ ਨੂੰ ਕਲਮਬੰਦ ਕਰਨ ਅਤੇ ਅਖਬਾਰਾਂ ਰਸਾਲਿਆਂ ਵਿੱਚ ਸਿੱਖ ਧਰਮ ਵਿਰੋਧੀ ਕੀਤੇ ਜਾ ਰਹੇ ਪ੍ਰਚਾਰ ਦਾ ਜਵਾਬ ਕਲਮ ਨਾਲ ਦੇ ਸਕਣ। ਕਲਮ ਦਾ ਜਵਾਬ ਕਲਮ ਨਾਲ ਅਤੇ ਸ਼ਸਤਰ ਦੇ ਜਵਾਬ ਸ਼ਸਤਰ ਨਾਲ ਦੇਣ ਮੁੱਢ ਕਦੀਮ ਤੋਂ ਚੱਲੀ ਆਉਂਦੀ ਰਣਨੀਤੀ ਹੈ। ਜਿਹੜੀ ਕੌਮ ਇਸ ਰਣਨੀਤੀ 'ਤੇ ਨਹੀਂ ਚੱਲਦੀ ਉਸਦਾ ਭਵਿੱਖ ਖਤਰੇ ਵਿੱਚ ਪੈ ਜਾਂਦਾ ਹੈ।

ਸੰਤ ਕਰਤਾਰ ਸਿੰਘ ਜੀ ਖਾਲਸਾ ਨੇ ਜਥੇ ਦੇ ਸਿੰਘਾਂ ਸਮੇਤ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਹਾਜ਼ਰ ਹੋ ਕੇ ਅਰਦਾਸ ਕੀਤੀ ਕਿ ਸੱਚੇ ਸਤਿਗੁਰੂ ਜੀਉ, ਰਛਪਾਲ ਸਿੰਘ ਨੂੰ ਕਲਮ ਦੀ ਸੇਵਾ ਵਾਸਤੇ ਜਥੇ ਵਿੱਚ ਸ਼ਾਮਲ ਕਰ ਰਹੇ ਹਾਂ, ਰਛਪਾਲ ਸਿੰਘ ਨੂੰ ਬਲ ਬੁੱਧੀ ਤੇ ਹਿੰਮਤ ਬਖਸ਼ਣੀ ਕਿ ਸਿੰਘ ਆਖਰੀ ਸਵਾਸਾਂ ਤੱਕ ਸਿੱਖ ਕੌਮ ਦੀ ਸੇਵਾ ਕਰਦਾ ਆਪਣੇ ਦਰ-ਘਰ ਪ੍ਰਵਾਨ ਚੜ੍ਹੇ। ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਮੁਖਵਾਕ ਲਿਆ ਗਿਆ—ਜਿਸ ਕਾ ਕਾਰਜ ਤਿਨ ਹੀ ਕੀਆ ਮਾਨਸ ਕਿਆ ਵਿਚਾਰਾ ਰਾਮ ॥

ਸੰਤ ਕਰਤਾਰ ਸਿੰਘ ਜੀ ਖਾਲਸਾ ਨੇ ਰਛਪਾਲ ਸਿੰਘ ਦੇ ਗਲ ਵਿੱਚ ਸਿਰੋਪਾ ਪਾ ਦਿੱਤਾ। ਇਸ ਤਰ੍ਹਾਂ ਰਛਪਾਲ ਸਿੰਘ ਦਮਦਮੀ ਟਕਸਾਲ ਦੇ ਜਥੇ ਵਿੱਚ ਸ਼ਾਮਲ ਹੋ ਗਿਆ।

ਸੰਤ ਕਰਤਾਰ ਸਿੰਘ ਖਾਲਸਾ ਨੇ ਜਥੇ ਨੂੰ ਮਹਿਤੇ ਨੂੰ ਚੱਲਣ ਦਾ ਹੁਕਮ ਦਿੱਤਾ। ਜਥਾ ਭਿੰਡਰਾਂ ਬੱਸਾਂ ਵਿੱਚ ਸਵਾਰ ਹੋ ਕੇ ਚੱਲ ਪਿਆ। ਭਾਈ ਰਛਪਾਲ ਸਿੰਘ ਨੂੰ ਸੰਤ ਕਰਤਾਰ ਸਿੰਘ ਜੀ ਖਾਲਸਾ ਨੇ ਆਪਣੇ ਨਾਲ ਕਾਰ ਦੀ ਪਿਛਲੀ ਸੀਟ 'ਤੇ ਬਿਠਾ ਲਿਆ। ਪਿੰਡ ਕਬਰਵਾਲਾ ਦੀ ਸੰਗਤ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਕੇ ਦਮਦਮੀ ਟਕਸਾਲ ਦੇ ਜਥੇ ਨੂੰ ਵਿਦਾਇਗੀ ਦਿੱਤੀ। ਭਾਈ ਲਾਲ ਸਿੰਘ ਸਾਈਕਲ 'ਤੇ ਕਬਰਵਾਲਾ ਤੋਂ ਮੁਕਤਸਰ ਸਾਹਿਬ ਨੂੰ ਚੱਲ ਪਿਆ। ਭਾਈ ਲਾਲ ਸਿੰਘ ਰਸਤੇ ਵਿੱਚ ਸੋਚਦਾ ਜਾ ਰਿਹਾ ਸੀ, ਬੀ.ਓ. ਦਫਤਰ ਮੁਕਤਸਰ ਵਿੱਚ ਲਿਖ ਕੇ ਅਰਜ਼ੀ ਦੇ ਦੇਂਦੇ ਆਂ ਕਿ ਸੰਤ ਮਹਾਂਪੁਰਖਾਂ ਦਾ ਕਿਹਾ ਨਹੀਂ ਮੋੜ ਸਕੇ। ਸੰਤਾਂ ਮਹਾਂਪੁਰਖਾਂ ਦਾ ਇਤਿਹਾਸ ਲਿਖਾਉਣਾ ਹੈ, ਇਸ ਲਈ ਦੋ ਮਹੀਨੇ ਦੀ ਛੁੱਟੀ ਦੇ ਦਿੱਤੀ ਜਾਵੇ। ਫਿਰ ਵਿਚਾਰ ਆਈ, ਲਾਲ ਸਿੰਘ ਗੱਲ ਇਸ ਤੋਂ ਅੱਗੇ ਲੰਘ ਗਈ ਆ। ਸੰਤ ਮਹਾਂਪੁਰਖਾਂ ਨੇ ਰਛਪਾਲ ਸਿੰਘ ਨੂੰ

ਜਥੇ ਵਿੱਚ ਸ਼ਾਮਲ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅਰਦਾਸ ਕਰ ਦਿੱਤੀ ਆ ਤੇ ਸਿਰੋਪਾ ਵੀ ਦੇ ਦਿੱਤਾ ਹੈ ਤੇ ਮੁਖਵਾਕ ਵੀ ਲੈ ਲਿਆ। ਇਹ ਜਿਸ ਦਾ ਕਾਰਜ ਉਸਨੇ ਕਰ ਲਿਆ, ਤੂੰ ਹੁਣ ਕੌਣ ਵਿਚਾਰਾ। ਇਹ ਸਭ ਤੇਰੇ ਵੱਸ ਤੋਂ ਗੱਲ ਬਾਹਰ ਆ। ਇਸ ਦੀ ਤੈਨੂੰ ਚਿੰਤਾ ਕਰਨ ਦੀ ਲੋੜ ਨਹੀਂ। ਇਹ ਸਭ ਕਲਾ ਵਾਹਿਗੁਰੂ ਦੀ ਰਜ਼ਾ ਵਿੱਚ ਹੀ ਵਰਤੀ ਆ। ਭਾਈ ਲਾਲ ਸਿੰਘ ਨੇ ਮਨ ਵਿੱਚ ਫੈਸਲਾ ਕਰ ਲਿਆ ਕਿ ਕਿਸੇ ਦਫਤਰ ਵਿੱਚ ਕੋਈ ਅਰਜ਼ੀ ਲਿਖ ਕੇ ਨਹੀਂ ਦੇਣੀ। ਇਹ ਵਿਚਾਰਾਂ ਕਰਦਾ ਹੋਇਆ ਭਾਈ ਲਾਲ ਸਿੰਘ ਸ੍ਰੀ ਦਰਬਾਰ ਸਾਹਿਬ ਮੁਕਤਸਰ ਪਹੁੰਚ ਗਿਆ ਜਿਥੇ ਉਹ ਨਿਗਰਾਨ ਇੰਸਪੈਕਟਰ ਦੀ ਨੌਕਰੀ ਕਰਦਾ ਸੀ।

ਸੰਤ ਕਰਤਾਰ ਸਿੰਘ ਖਾਲਸਾ ਵੱਲੋਂ ਭਾਈ ਰਛਪਾਲ ਸਿੰਘ ਨੂੰ ਜੋ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਉਨ੍ਹਾਂ ਵਿੱਚ ਸੱਚਖੰਡਵਾਸੀ ਸੰਤ ਗੁਰਬਚਨ ਸਿੰਘ ਖਾਲਸਾ ਦੇ ਜੀਵਨ ਇਤਿਹਾਸ ਨੂੰ ਕਲਮਬੰਦ ਕਰਨਾ, ਗੁਰੂ ਸਾਹਿਬਾਨ ਦੇ ਜਨਮ ਦਿਨ, ਗੁਰਤਾ ਗੱਦੀ ਦਿਹਾੜੇ, ਜੋਤੀ ਜੋਤ ਦਿਹਾੜਿਆਂ 'ਤੇ ਅਖਬਾਰਾਂ ਰਸਾਲਿਆਂ ਵਿੱਚ ਇਤਿਹਾਸਕ ਲੇਖ ਲਿਖ ਕੇ ਭੇਜਣੇ, ਜਿਹੜੀਆਂ ਸਿੱਖਾਂ ਵਿਰੋਧੀ ਲਿਖਤਾਂ ਛਪਦੀਆਂ ਸਨ ਉਨ੍ਹਾਂ ਨੂੰ ਦਮਦਮੀ ਟਕਸਾਲ ਵੱਲੋਂ ਜਵਾਬ ਭੇਜ ਕੇ ਸਿੱਖੀ ਵਿਰੋਧੀ ਕਾਰਵਾਈਆਂ ਦਾ ਡਟ ਕੇ ਵਿਰੋਧ ਕਰਨਾ। ਭਾਈ ਰਛਪਾਲ ਸਿੰਘ ਜੀ ਨੇ ਸੰਤ ਗੁਰਬਚਨ ਸਿੰਘ ਜੀ ਖਾਲਸਾ ਦਾ ਜੀਵਨ ਲਿਖਿਆ। ਸੰਤ ਕਰਤਾਰ ਸਿੰਘ ਜੀ ਖਾਲਸਾ ਜਦੋਂ ਵੀ ਕਿਤੇ ਧਰਮ ਪ੍ਰਚਾਰ ਲਈ ਜਾਂਦੇ ਸਨ, ਭਾਈ ਰਛਪਾਲ ਸਿੰਘ ਜੀ ਨੂੰ ਨਾਲ ਲੈ ਕੇ ਜਾਂਦੇ ਸਨ। ਧਰਮ ਪ੍ਰਚਾਰ ਕਰਾਉਣ ਲਈ ਸੰਗਤ ਨੂੰ ਸਮਾਂ ਤੇ ਤਰੀਕ ਵੀ ਭਾਈ ਰਛਪਾਲ ਸਿੰਘ ਜੀ ਹੀ ਦਿੰਦੇ ਸਨ। ਅਖਬਾਰਾਂ ਨੂੰ ਬਿਆਨ ਜਾਰੀ ਕਰਨ, ਬਾਹਰੋਂ ਆਈ ਸੰਗਤ ਜਾਂ ਦੂਜੇ ਧਰਮਾਂ ਦੇ ਲੋਕਾਂ ਨਾਲ ਗੱਲਬਾਤ ਕਰਨ ਸਮੇਂ ਭਾਈ ਰਛਪਾਲ ਸਿੰਘ ਦੋ ਭਾਸ਼ੀਏ ਦੀ ਜ਼ਿੰਮੇਵਾਰੀ ਨਿਭਾਉਂਦੇ ਸਨ। ਦਮਦਮੀ ਟਕਸਾਲ ਦੀ ਆਮਦਨ, ਖਰਚਾ ਸਿੰਘਾਂ ਵੱਲੋਂ ਭਾਈ ਰਛਪਾਲ ਸਿੰਘ ਨੂੰ ਲਿਖਾ ਦਿੱਤਾ ਜਾਂਦਾ ਸੀ। ਜੋ ਭਾਈ ਰਛਪਾਲ ਸਿੰਘ ਜ਼ਿੰਮੇਵਾਰੀ ਨਿਭਾਅ ਰਹੇ ਸਨ ਉਹ ਬੜੀ ਕਠਿਨ ਸੇਵਾ ਸੀ ਤੇ ਨਿੱਤਨੇਮ ਵੀ ਜ਼ੁਬਾਨੀ ਕੰਠ ਤੁਰਦਿਆਂ ਫਿਰਦਿਆਂ ਕਰ ਲੈਂਦੇ ਸਨ। ਭਾਈ ਰਛਪਾਲ ਸਿੰਘ ਦੀ ਵੱਡੀ ਭੈਣ ਬੀਬੀ ਹਰਬੰਸ ਕੌਰ ਮਹਿਤੇ ਗਈ ਤੇ ਭਾਈ ਰਛਪਾਲ ਸਿੰਘ ਨੂੰ ਕਹਿਣ ਲੱਗੀ ਕਿ ਵੀਰ ਤੇਰੇ ਵਾਸਤੇ ਰਿਸ਼ਤੇ ਆਉਂਦੇ ਹਨ ਤੂੰ ਘਰ ਚੱਲ ਤੇਰਾ ਵਿਆਹ ਕਰ ਦੇਈਏ। ਭਾਈ ਰਛਪਾਲ ਸਿੰਘ ਕਹਿੰਦਾ, ਭੈਣ ਇਸ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ, ਤੁਸੀਂ ਸੰਤ ਜੀ ਨਾਲ ਗੱਲ ਕਰ ਲਵੋ। ਬੀਬੀ ਹਰਬੰਸ ਕੌਰ ਨੇ ਪੁੱਛਿਆ ਸੰਤ ਜੀ ਕਿੱਥੇ ਹਨ ? ਭਾਈ ਰਛਪਾਲ ਸਿੰਘ ਜੀ ਨੇ ਦੱਸਿਆ ਕਿ ਇਨ੍ਹਾਂ ਪੌੜੀਆਂ ਤੋਂ ਚੁਬਾਰੇ 'ਚੋਂ ਉਤਰਨਾ, ਤੁਸੀਂ ਮਿਲ ਲੈਣਾ। ਬੀਬੀ ਜੀ ਦੋ ਘੰਟੇ ਉਡੀਕਦੀ ਰਹੀ। ਸੰਤ ਜੀ ਚੁਬਾਰੇ ਵਿੱਚੋਂ ਪੌੜੀਆਂ ਉਤਰ ਕੇ ਹੇਠਾਂ ਆਏ, ਬੀਬੀ ਹਰਬੰਸ ਕੌਰ ਨੇ ਸੰਤ ਕਰਤਾਰ ਸਿੰਘ ਜੀ ਖਾਲਸਾ ਨੂੰ ਫਤਹਿ ਬੁਲਾ ਕੇ ਬੇਨਤੀ ਕੀਤੀ ਕਿ ਸੰਤ ਜੀ ਰਛਪਾਲ

ਸਿੰਘ ਨੂੰ ਛੁੱਟੀ ਦੇ ਦੇਵੋ, ਅਸੀਂ ਇਸ ਦਾ ਆਨੰਦ ਕਾਰਜ ਕਰਨਾ ਹੈ। ਸੰਤ ਕਰਤਾਰ ਸਿੰਘ ਜੀ ਨੇ ਕਿਹਾ ਕਿ ਬੀਬੀ, ਰਛਪਾਲ ਸਿੰਘ ਦੇ ਆਨੰਦ ਕਾਰਜ ਦਾ ਤੂੰ ਫਿਕਰ ਨਾ ਕਰ, ਇਸ ਦਾ ਫਿਕਰ ਸਾਨੂੰ ਹੈ ਤੇ ਅਸੀਂ ਇਸ ਦਾ ਆਨੰਦ ਕਾਰਜ ਪੜ੍ਹੀ ਲਿਖੀ ਬੀਬੀ ਨਾਲ ਕਰਨਾ ਹੈ, ਭਾਈ ਰਛਪਾਲ ਸਿੰਘ ਨੂੰ ਅਸੀਂ ਛੁੱਟੀ ਨਹੀਂ ਦੇ ਸਕਦੇ। ਇਸ ਸਿੰਘ ਨੇ ਬਹੁਤ ਜ਼ਿੰਮੇਵਾਰੀਆਂ ਨਿਭਾਉਣੀਆਂ ਹਨ। ਬੀਬੀ ਹਰਬੰਸ ਕੌਰ, ਸੰਤ ਕਰਤਾਰ ਸਿੰਘ ਜੀ ਦੇ ਬਚਨ ਸੁਣ ਕੇ ਵਾਪਸ ਆਪਣੇ ਘਰ ਮੁੜ ਆਈ।

ਜਿਸ ਦਿਨ ਸੰਤ ਕਰਤਾਰ ਸਿੰਘ ਜੀ ਖਾਲਸਾ ਦੀ ਕਾਰ ਦਾ ਲੁਧਿਆਣੇ ਨੇੜੇ ਐਕਸੀਡੈਂਟ ਹੋਇਆ ਉਸ ਦਿਨ ਭਾਈ ਰਛਪਾਲ ਸਿੰਘ ਵੀ ਸੰਤ ਕਰਤਾਰ ਸਿੰਘ ਜੀ ਖਾਲਸਾ ਦੇ ਨਾਲ ਕਾਰ ਵਿੱਚ ਸਵਾਰ ਸਨ। ਸੰਤ ਜੀ ਨੇ ਰਸਤੇ ਵਿੱਚ ਜਾਂਦਿਆਂ ਕਾਰ ਰੋਕ ਕੇ ਭਾਈ ਰਛਪਾਲ ਸਿੰਘ ਨੂੰ ਆਪਣੇ ਨਾਲੋਂ ਕਾਰ ਦੀ ਅਗਲੀ ਸੀਟ ਤੋਂ ਉਠਾ ਕੇ ਪਿਛਲੀ ਸ਼ੀਟ 'ਤੇ ਬਿਠਾ ਦਿੱਤਾ ਸੀ। ਕਾਰ ਦਾ ਟਰੱਕ ਨਾਲ ਐਕਸੀਡੈਂਟ ਹੋ ਗਿਆ।

ਸੰਤ ਕਰਤਾਰ ਸਿੰਘ ਜੀ ਖਾਲਸਾ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਤੇ ਲੁਧਿਆਣੇ ਦੇ ਹਸਪਤਾਲ ਵਿੱਚ ਅਕਾਲ ਚਲਾਣਾ ਕਰ ਗਏ। ਇਸ ਹਾਦਸੇ ਵਿੱਚ ਭਾਈ ਰਛਪਾਲ ਸਿੰਘ ਨੂੰ ਪੱਸਲੀਆਂ 'ਤੇ ਸੱਟਾਂ ਲੱਗੀਆਂ ਸਨ ਤੇ ਹਸਪਤਾਲ ਵਿੱਚ ਇਨ੍ਹਾਂ ਨੂੰ ਵੀ ਦਾਖਲ ਕਰਵਾਇਆ ਗਿਆ ਸੀ। ਜਿੱਥੇ ਡਾਕਟਰੀ ਇਲਾਜ ਨਾਲ ਤੰਦਰੁਸਤ ਹੋ ਗਏ ਸਨ।

ਸੰਤ ਕਰਤਾਰ ਸਿੰਘ ਜੀ ਖਾਲਸਾ ਦੇ ਸੱਚਖੰਡ ਬਿਰਾਜਨ ਤੋਂ ਪਿੱਛੋਂ ਸੰਤ ਜਰਨੈਲ ਸਿੰਘ ਜੀ ਖਾਲਸਾ ਦਮਦਮੀ ਟਕਸਾਲ ਦੇ ਚੌਧਵੇਂ ਮੁਖੀ ਥਾਪੇ ਗਏ। ਭਾਈ ਰਛਪਾਲ ਸਿੰਘ ਜੀ ਨੂੰ ਸੰਤ ਜਰਨੈਲ ਸਿੰਘ ਜੀ ਨੇ ਪਹਿਲਾਂ ਵਾਲੀ ਸਾਰੀ ਪ੍ਰਬੰਧਕੀ ਜ਼ਿੰਮੇਵਾਰੀ ਨਿਭਾਉਣ ਲਈ ਆਪਣਾ ਪੀ.ਏ. ਨਿਯੁਕਤ ਕਰਕੇ ਆਪਣੀਆਂ ਸੇਵਾਵਾਂ ਜਾਰੀ ਰੱਖਣ ਲਈ ਕਿਹਾ।

13 ਅਪ੍ਰੈਲ 1978 ਦੇ ਸ੍ਰੀ ਅੰਮ੍ਰਿਤਸਰ ਵਿੱਚ ਨਕਲੀ ਨਿਰੰਕਾਰੀਆਂ ਹੱਥੋਂ ਸਿੰਘਾਂ ਉੱਪਰ ਵਰਤਾਏ ਗਏ ਖੂਨੀ ਸਾਕੇ ਜਿਸ ਵਿੱਚ 13 ਸਿੰਘ ਸ਼ਹੀਦ ਤੇ 150 ਤੋਂ ਵੱਧ ਸਿੰਘ ਜ਼ਖਮੀ ਹੋਏ ਸਨ। ਜ਼ਖਮੀ ਹੋਏ ਸਿੰਘਾਂ ਦੇ ਇਲਾਜ ਤੇ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਭਾਈ ਰਛਪਾਲ ਸਿੰਘ ਤੇ ਬਾਪੂ ਸਵਰਨ ਸਿੰਘ ਜ਼ਫਰਵਾਲ ਨੂੰ ਸੰਤ ਜਰਨੈਲ ਸਿੰਘ ਜੀ ਖਾਲਸਾ ਵੱਲੋਂ ਸੌਂਪੀ ਗਈ ਸੀ। ਇਸ ਖੂਨੀ ਸਾਕੇ 'ਚ ਸ਼ਹੀਦ ਹੋਏ ਸਿੰਘਾਂ ਦੇ ਕੇਸ ਦੀ ਨਿਗਰਾਨੀ ਕਰਨ ਲਈ ਤੇ ਯੋਗ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਵੀ ਭਾਈ ਰਛਪਾਲ ਸਿੰਘ ਵੱਲੋਂ ਨਿਭਾਈ ਜਾਂਦੀ ਸੀ। ਜਦੋਂ ਅਦਾਲਤ ਵੱਲੋਂ ਸ਼ਹੀਦ ਸਿੰਘਾਂ ਦੇ ਕਾਤਲ ਨਰਕਧਾਰੀ ਗੁਰਬਚਨੇ ਤੇ ਉਸਦੇ ਗੁੰਡਾ ਬ੍ਰਿਗੇਡ ਨੂੰ ਬਰੀ ਕਰ ਦਿੱਤਾ ਤਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸ਼ਹੀਦ ਸਿੰਘਾਂ ਦਾ ਹੱਕ ਲੈਣ, ਕਾਤਲਾਂ ਨੂੰ ਸਜ਼ਾ ਦੇਣ ਲਈ ਖਾਲਸਾਈ ਜੁਝਾਰੂ ਰਵਾਇਤਾਂ ਅਨੁਸਾਰ ਸੰਘਰਸ਼ ਸ਼ੁਰੂ ਕਰਨ ਦਾ ਫੈਸਲਾ ਕੀਤਾ ਤਾਂ ਭਾਈ ਰਛਪਾਲ ਸਿੰਘ ਨੂੰ ਹਦਾਇਤ ਕੀਤੀ ਕਿ ਇਸ ਧਰਮ ਯੁੱਧ

ਵਿੱਚ ਜੂਝਣ ਵਾਲੇ ਸਿੰਘਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਆਪਣੀ ਸਮਝ ਮੁਤਾਬਿਕ ਹਰ ਤਰ੍ਹਾਂ ਮਦਦ ਕਰਨੀ ਹੈ, ਸਾਡੇ ਤੋਂ ਪੁੱਛਣ ਦੀ ਲੋੜ ਨਹੀਂ ਤੇ ਇਸ ਭੇਤ ਨੂੰ ਆਪਣੇ ਤੱਕ ਹੀ ਸੀਮਤ ਰੱਖਣਾ ਹੈ। ਨਰਕਧਾਰੀ ਗੁਰਬਚਨੇ ਨੂੰ ਹਰ ਕੀਮਤ 'ਤੇ ਗੱਡੀ ਚੜ੍ਹਾਉਣਾ ਹੈ ਤੇ ਉਸ ਉੱਤੇ ਹੋਣ ਵਾਲੇ ਖਰਚੇ ਬਾਰੇ ਨਾ ਸੋਚਣਾ ਹੈ ਨਾ ਹੀ ਪੁੱਛਣਾ ਹੈ। ਮਿਸ਼ਨ ਦੀ ਪੂਰਤੀ ਚਾਹੀਦੀ ਹੈ, ਕੋਈ ਵੀ ਬਹਾਨਾ ਇਸ ਵਿੱਚ ਰਸਤਾ ਨਾ ਰੋਕੇ। ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਇਸ ਹੁਕਮ ਨੂੰ ਪੂਰੀ ਇਮਾਨਦਾਰੀ ਨਾਲ ਭਾਈ ਰਛਪਾਲ ਸਿੰਘ ਨੇ ਮੰਨਿਆ ਤੇ ਨਰਕਧਾਰੀ ਨੂੰ ਸੋਧਣ ਲਈ ਨਿਕਲੇ ਸਿੰਘਾਂ ਦੀ ਮਦਦ ਕਰਦੇ ਰਹੇ ਪਰ ਕਦੀ ਵੀ ਅਖਬਾਰੀ ਸੁਰਖੀਆਂ ਵਿੱਚ ਨਾ ਆਏ।

ਸਿੱਖੀ ਦੇ ਵਿਰੋਧੀ ਲਾਲਾ ਜਗਤ ਨਰਾਇਣ ਨੂੰ ਸੋਧਣ ਵਾਲੇ ਸਿੰਘਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਵੀ ਭਾਈ ਰਛਪਾਲ ਸਿੰਘ ਨੇ ਜ਼ਿੰਮੇਵਾਰੀ ਨਿਭਾਈ।

ਭਾਈ ਰਛਪਾਲ ਸਿੰਘ ਜੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਅਤਿ ਵਿਸ਼ਵਾਸ-ਪਾਤਰ ਸਨ। ਭਾਵੇਂ ਭਾਈ ਰਛਪਾਲ ਸਿੰਘ ਜੀ ਨੂੰ ਬਾਹਰ ਕਿਸੇ ਖਾੜਕੂ ਐਕਸ਼ਨ 'ਤੇ ਨਹੀਂ ਸੀ ਭੇਜਿਆ ਜਾਂਦਾ ਪ੍ਰੰਤੂ ਸਰਕਾਰ ਤੇ ਪੁਲਿਸ ਵੀ ਇਹ ਮੰਨ ਚੁੱਕੀ ਸੀ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਭਾਈ ਰਛਪਾਲ ਸਿੰਘ ਇਕ-ਮਿਕ ਹਨ ਤੇ ਕਾਨੂੰਨੀ ਤੌਰ 'ਤੇ ਭਾਈ ਰਛਪਾਲ ਸਿੰਘ ਅਮਨ ਕਾਨੂੰਨ ਵਿਰੋਧੀ ਕਾਰਵਾਈਆਂ ਵਿੱਚ ਲੱਗਾ ਹੋਇਆ ਹੈ। ਇਸ ਲਈ ਪੁਲਿਸ ਭਾਈ ਰਛਪਾਲ ਸਿੰਘ ਦੀ ਭਾਲ ਕਰ ਰਹੀ ਸੀ।

ਸਿੱਖ ਕੌਮ ਦੇ ਹੱਕਾਂ ਦੀ ਪ੍ਰਾਪਤੀ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਾਇਆ ਗਿਆ ਧਰਮ ਯੁੱਧ ਮੋਰਚਾ ਤੇ ਭਾਈ ਅਮਰੀਕ ਸਿੰਘ ਤੇ ਬਾਬਾ ਠਾਹਰਾ ਸਿੰਘ ਦੀ ਗ੍ਰਿਫਤਾਰੀ ਤੋਂ ਪਿੱਛੋਂ ਲਾਇਆ ਗਿਆ ਮੋਰਚਾ ਜਦੋਂ ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਤੱਕ ਧਰਮ ਯੁੱਧ ਮੋਰਚਾ ਜਾਰੀ ਰੱਖਣ ਦਾ ਐਲਾਨ, ਹਰਚੰਦ ਸਿੰਹੋਂ ਲੌਂਗੋਵਾਲ ਅਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਕੀਤਾ ਗਿਆ, ਇਸ ਸਮੇਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਆਪਣੇ ਜਥੇ ਦੇ ਸਿੰਘਾਂ ਸਮੇਤ ਨਾਨਕ ਨਿਵਾਸ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਆ ਗਏ। ਉਸ ਸਮੇਂ ਭਾਈ ਰਛਪਾਲ ਸਿੰਘ ਨੂੰ ਵੀ ਨਾਲ ਲੈ ਆਏ ਸਨ। ਇਸੇ ਸਮੇਂ ਦੌਰਾਨ ਜਨਰਲ ਸ਼ਬੇਗ ਸਿੰਘ ਜੀ, ਮੇਜਰ ਜਨਰਲ ਬਲਦੇਵ ਸਿੰਘ ਘੁੰਮਣ, ਜਨਰਲ ਨਰਿੰਦਰ ਸਿੰਘ ਦੇ ਨਾਲ ਬਹੁਤ ਸਾਰੇ ਫੌਜ ਦੇ ਰਿਟਾਇਰਡ ਅਫਸਰ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਦੇ ਨਾਲ ਡਟ ਗਏ ਸਨ। ਜਨਰਲ ਸ਼ਬੇਗ ਸਿੰਘ ਅਜਿਹੇ ਜਰਨੈਲ ਸ਼ਖਸੀਅਤ ਸਨ ਜਿਨ੍ਹਾਂ ਨੇ ਸਿੱਖ ਕੌਮ ਅਤੇ ਸਿੱਖ ਇਤਿਹਾਸ ਵਿੱਚ ਅਜਿਹਾ ਉੱਚਾ ਪਰਮਪਦ ਰੁਤਬਾ ਹਾਸਲ ਕੀਤਾ ਜੋ ਬੜੇ ਵੱਡੇ ਭਾਗਾਂ ਵਾਲੇ ਤੇ ਵਿਰਲਿਆਂ ਦੇ ਹਿੱਸੇ ਆਇਆ ਹੈ। ਇਸ ਸਮੇਂ ਦੌਰਾਨ ਨੌਜਵਾਨ ਸਿੱਖ ਬੀਬੀਆਂ ਜੰਗ ਦੀ ਸ਼ਮ੍ਹਾ 'ਤੇ ਪਰਵਾਨੇ

ਬਣ ਕੇ ਮੱਚਣ ਵਾਸਤੇ ਮੈਦਾਨੇ ਜੰਗ ਵਿੱਚ, ਸਿੰਘਾਂ ਵੀਰਾਂ ਦਾ ਸਾਥ ਦੇਣ ਲਈ ਸ਼ਾਮਲ ਹੋਈਆਂ ਸਨ। ਇਨ੍ਹਾਂ ਬੀਬੀਆਂ ਦੇ ਸਿੱਖ ਰਹਿਤ ਮਰਿਆਦਾ ਅਨੁਸਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਮਾਤਾ ਪਿਤਾ (ਮਾਪਿਆਂ) ਦੀ ਸਹਿਮਤੀ ਨਾਲ ਅਨੰਦ ਕਾਰਜ ਕੀਤੇ ਗਏ ਸਨ। ਜੂਨ 84 ਦੇ ਘੱਲੂਘਾਰੇ ਦੌਰਾਨ ਇਤਿਹਾਸਕ ਪੰਨਿਆਂ ਦਾ ਸ਼ਿੰਗਾਰ ਬਣੇ ਨਾਵਾਂ ਵਿੱਚ, ਬੀਬੀ ਉਪਕਾਰ ਕੌਰ (ਸ਼ਹੀਦ) ਪੁੱਤਰੀ ਬੀਬੀ ਪਰਮਜੀਤ ਕੌਰ ਪਤਨੀ ਜਨਰਲ ਸਕੱਤਰ ਸਿੱਖ ਸਟੂਡੈਂਟਸ ਫੈਡਰੇਸ਼ਨ ਹਰਮੰਦਰ ਸਿੰਘ ਸੰਧੂ ਅਤੇ ਬੀਬੀ ਪ੍ਰੀਤਮ ਕੌਰ ਪੁੱਤਰੀ ਸ. ਪਿਆਰਾ ਸਿੰਘ ਪਿੰਡ ਬਰਿਆਰ ਜ਼ਿਲ੍ਹਾ ਗੁਰਦਾਸਪੁਰ, ਜਿਸ ਨੂੰ ਜਨਰਲ ਸ਼ਬੇਗ ਸਿੰਘ ਦੀ ਪੁੱਤਰੀ ਕਰਕੇ ਵੀ ਜ਼ਿਕਰ ਆਉਂਦਾ ਰਿਹਾ ਹੈ। ਬੀਬੀ ਪ੍ਰੀਤਮ ਕੌਰ ਨੂੰ ਜਨਰਲ ਸ਼ਬੇਗ ਸਿੰਘ ਜੀ ਪੁੱਤਰੀ ਦਾ ਪਿਆਰ ਦਿਆ ਕਰਦੇ ਸਨ।

ਸੰਤ ਜਰਨੈਲ ਸਿੰਘ ਜੀ ਖਾਲਸਾ, ਜਨਰਲ ਸ਼ਬੇਗ ਸਿੰਘ ਅਤੇ ਸ. ਪਿਆਰਾ ਸਿੰਘ ਬਰਿਆਰ ਨੇ ਭਾਈ ਰਛਪਾਲ ਸਿੰਘ ਨੂੰ ਯੋਗ ਵਰ ਸਮਝ ਕੇ ਬੀਬੀ ਪ੍ਰੀਤਮ ਕੌਰ ਦੀ ਸ਼ਾਦੀ ਉਸ ਨਾਲ ਸੰਨ 1982 ਵਿੱਚ ਕਰ ਦਿੱਤੀ। ਇਸ ਜੋੜੀ ਦਾ ਅਨੰਦ ਕਾਰਜ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਹੋਇਆ ਸੀ। ਇਸ ਅਨੰਦ ਕਾਰਜ ਮੌਕੇ ਬੀਬੀ ਪ੍ਰੀਤਮ ਕੌਰ ਦਾ ਪਰਿਵਾਰ ਅਤੇ ਭਾਈ ਰਛਪਾਲ ਸਿੰਘ ਦੇ ਪਰਿਵਾਰਿਕ ਮੈਂਬਰ ਸ਼ਾਮਲ ਹੋਏ ਸਨ।

ਧਰਮ ਯੁੱਧ ਮੋਰਚੇ ਦੌਰਾਨ ਸੰਤ ਜਰਨੈਲ ਸਿੰਘ ਜੀ ਖਾਲਸਾ ਵਾਸਤੇ ਲੰਗਰ ਪਾਣੀ ਤਿਆਰ ਕਰਨ ਦੀ ਸੇਵਾ, ਭਾਈ ਰਛਪਾਲ ਸਿੰਘ ਵੱਲੋਂ ਆਪਣੀ ਸਿੰਘਣੀ ਬੀਬੀ ਪ੍ਰੀਤਮ ਕੌਰ ਦੀ ਡਿਊਟੀ ਲਾਈ ਗਈ ਸੀ। ਭਾਈ ਰਛਪਾਲ ਸਿੰਘ ਤੇ ਬੀਬੀ ਪ੍ਰੀਤਮ ਕੌਰ ਦੀ ਸੁਭਾਗੀ ਜੋੜੀ ਨੂੰ ਵਾਹਿਗੁਰੂ ਵੱਲੋਂ 21 ਮਈ 1984 ਨੂੰ ਸਪੁੱਤਰ ਦੀ ਦਾਤ ਬਖਸ਼ਿਸ਼ ਹੋਈ। ਜਿਸ ਦਾ ਨਾਂ ਮਨਪ੍ਰੀਤ ਸਿੰਘ ਰੱਖਿਆ ਗਿਆ। 2 ਜੂਨ 1984 ਨੂੰ ਭਾਈ ਰਛਪਾਲ ਸਿੰਘ ਦੇ ਪੁੱਤਰ ਨੂੰ ਵੇਖਣ ਲਈ ਵੱਡੀ ਭੈਣ ਹਰਬੰਸ ਕੌਰ ਅਤੇ ਭੈਣ ਸੁਰਜੀਤ ਕੌਰ ਆਪਣੇ ਬੱਚਿਆਂ ਸਮੇਤ ਅਤੇ ਭਰਾ ਜਸਵੰਤ ਸਿੰਘ ਵੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚ ਗਏ ਸਨ। 2 ਜੂਨ ਨੂੰ ਭਾਈ ਰਛਪਾਲ ਸਿੰਘ ਆਏ ਰਿਸ਼ਤੇਦਾਰਾਂ ਦੇ ਨਾਲ ਜਥੇ ਦੇ ਸਿੰਘਾਂ ਲਈ ਪ੍ਰਸ਼ਾਦ ਤਿਆਰ ਕੀਤਾ ਸੀ ਤੇ ਇਸ ਦਿਨ ਜਥੇ ਦੇ ਸਿੰਘਾਂ ਨੂੰ ਭੁਝੰਗੀ ਦੇ ਜਨਮ ਦਿਨ ਤੇ 13ਵੇਂ ਦਿਨ 'ਤੇ ਖੁਸ਼ੀ ਦੇ ਮੌਕੇ 'ਤੇ ਜਲ-ਪਾਣੀ ਦਾ ਪ੍ਰਬੰਧ ਕੀਤਾ ਗਿਆ ਸੀ। ਸਿੰਘ ਇਸ ਖੁਸ਼ੀ ਦੇ ਮੌਕੇ 'ਤੇ ਮਠਿਆਈ ਤੇ ਪ੍ਰਸ਼ਾਦਾ ਪਾਣੀ ਛਕ ਰਹੇ ਸਨ, ਭੈਣਾਂ ਵੀ ਲੰਗਰ ਤਿਆਰ ਕਰਨ ਦੀ ਸੇਵਾ ਕਰ ਰਹੀਆਂ ਸਨ। ਭੈਣ ਹਰਬੰਸ ਕੌਰ ਦਾ ਦੱਸਣਾ ਹੈ ਕਿ ਇਸ ਸਮੇਂ ਇਕ ਸਿੰਘ ਨੇ ਆ ਕੇ ਦੱਸਿਆ ਕਿ ਸੀ.ਆਰ.ਪੀ. ਵੱਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਗੋਲੀਆਂ ਵਰ੍ਹਾਈਆਂ ਜਾ ਰਹੀਆਂ ਹਨ। ਸ੍ਰੀ ਦਰਬਾਰ ਸਾਹਿਬ ਸਰੋਵਰ ਦੀਆਂ ਪ੍ਰਕਰਮਾਂ ਵਿੱਚ ਇਸ਼ਨਾਨ ਕਰ

ਰਹੇ ਸ਼ਰਧਾਲੂਆਂ ਨੂੰ ਲੱਗੀਆਂ ਹਨ, 6 ਸ਼ਰਧਾਲੂ ਸ਼ਹੀਦ ਹੋ ਗਏ ਹਨ ਤੇ ਇਕ ਦਰਜਨ ਤੋਂ ਵੱਧ ਜ਼ਖਮੀ ਹੋਏ ਹਨ। ਲੰਗਰ ਛਕ ਰਹੇ ਸਿੰਘਾਂ ਨੇ ਤੁਰੰਤ ਹਥਿਆਰ ਸੰਭਾਲੇ ਤੇ ਮੋਰਚਿਆਂ ਵਿੱਚ ਚਲੇ ਗਏ। ਇਸ ਸਮੇਂ ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਕਿਹਾ— ਸਿੰਘੋ! ਜਨਰਲ ਸ਼ਬੇਗ ਸਿੰਘ ਦੀ ਆਗਿਆ ਤੋਂ ਬਿਨਾਂ ਫਾਇਰ ਨਹੀਂ ਕਰਨਾ। ਭਾਈ ਰਛਪਾਲ ਸਿੰਘ ਨੇ ਕਿਹਾ ਕਿ ਭੈਣ, ਤੁਸੀਂ ਪਰਿਵਾਰ ਸਮੇਤ ਚਲੇ ਜਾਵੋ ਤੇ ਸਿੰਘਣੀ ਪ੍ਰੀਤਮ ਕੌਰ ਨੂੰ ਕਿਹਾ ਕਿ ਬੱਚੇ ਨੂੰ ਲੈ ਕੇ ਤੂੰ ਵੀ ਭੈਣ ਦੇ ਨਾਲ ਚਲੀ ਜਾਹ। ਇਥੇ ਪਤਾ ਨਹੀਂ ਕੀ ਕੁਝ ਵਾਪਰਨ ਵਾਲਾ ਹੈ। ਅਸੀਂ ਤਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਨਾਲ ਸ਼ਹੀਦੀਆਂ ਪਾਉਣ ਦਾ ਪ੍ਰਣ ਕਰ ਚੁੱਕੇ ਹਾਂ। ਤੁਸੀਂ ਛੇਤੀ ਨਿਕਲ ਜਾਉ। ਪ੍ਰੀਤਮ ਕੌਰ ਨੇ ਬੱਚੇ ਨੂੰ ਤੇ ਆਪ ਜਾਣ ਤੋਂ ਇਨਕਾਰ ਕਰ ਦਿੱਤਾ ਕਿ ਜੋ ਕੁਝ ਵੀ ਹੋਵੇਗਾ ਉਸਦਾ ਮੁਕਾਬਲਾ ਕਰਾਂਗੇ, ਮੈਂ ਨਹੀਂ ਜਾਵਾਂਗੀ। ਅਸੀਂ ਸਾਰਾ ਪਰਿਵਾਰ ਸ੍ਰੀ ਦਰਬਾਰ ਸਾਹਿਬ ਕੰਪੈਲਕਸ ਵਿੱਚੋਂ ਬਾਹਰ ਨਿਕਲ ਆਏ। ਸੀ.ਆਰ.ਪੀ. ਨੇ ਸਾਡੀ ਤਲਾਸ਼ੀ ਲਈ ਤੇ ਰੋਕਿਆ ਨਾ। ਅਸੀਂ ਅੰਮ੍ਰਿਤਸਰ ਤੋਂ ਬੱਸ ਰਾਹੀਂ ਮੁਕਤਸਰ ਨੂੰ ਸਾਰਾ ਪਰਿਵਾਰ ਆ ਗਏ। ਇਸ ਤੋਂ ਪਿੱਛੋਂ ਫੌਜ ਲੱਗ ਗਈ ਤੇ ਉਸ ਨੇ ਸਾਰੇ ਪੰਜਾਬ ਅੰਦਰ ਕਰਫਿਊ ਲਾ ਕੇ ਸ੍ਰੀ ਦਰਬਾਰ ਸਾਹਿਬ ਅਤੇ ਪੰਜਾਬ ਦੇ ਹੋਰ ਗੁਰਧਾਮਾਂ ਉੱਪਰ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮਾਂ ਉੱਤੇ ਤੋਪਾਂ ਟੈਂਕਾਂ ਮਸ਼ੀਨਗੰਨਾਂ ਨਾਲ ਹਮਲਾ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਈਆਂ ਸੰਗਤਾਂ ਨੂੰ ਕਤਲੇਆਮ ਦੇ ਰੂਪ ਵਿੱਚ ਮੌਤ ਦੇ ਘਾਟ ਉਤਾਰ ਦਿੱਤਾ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਜਨਰਲ ਸ਼ਬੇਗ ਸਿੰਘ ਦੀ ਕਮਾਂਡ ਹੇਠ ਸਿੰਘਾਂ ਨੇ ਹਿੰਦੁਸਤਾਨੀ ਫੌਜ ਦਾ ਡਟ ਕੇ ਮੁਕਾਬਲਾ ਕੀਤਾ। ਭਾਰਤੀ ਫੌਜ ਦੇ ਸੱਥਰ ਵਿਛਾ ਦਿੱਤੇ। ਇਸ ਫੌਜੀ ਹਮਲੇ ਸਮੇਂ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਕਰਨ ਵਾਲੇ ਸਿੱਖ ਬਹਾਦਰ ਯੋਧਿਆਂ ਅਤੇ ਹਿੰਦੁਸਤਾਨੀ ਫੌਜ ਵਿੱਚ ਗਹਿਗੱਚ ਲੜਾਈ ਹੋਈ। ਹਿੰਦੁਸਤਾਨੀ ਫੌਜ ਨੇ ਮੁੱਠੀ ਭਰ ਸਿੰਘਾਂ ਨੂੰ ਖਤਮ ਕਰਨ ਲਈ, ਤੋਪਾਂ ਟੈਂਕਾਂ ਮਸ਼ੀਨ ਗੰਨਾਂ ਅਤੇ ਹੈਲੀਕਾਪਟਰਾਂ ਦੀ ਵਰਤੋਂ ਕੀਤੀ। ਇਸ ਲੜਾਈ ਦੌਰਾਨ ਹਿੰਦੁਸਤਾਨੀ ਫੌਜ ਦੀ ਗੋਲੀ ਕਾਕੇ ਮਨਪ੍ਰੀਤ ਸਿੰਘ ਜਿਸ ਦੀ ਉਮਰ 6 ਜੂਨ ਨੂੰ ਸਵੇਰੇ ਕੁੱਲ 17 ਦਿਨ ਦੀ ਸੀ ਉਸਦੇ ਸਰੀਰ ਵਿੱਚ ਦੀ ਲੰਘ ਗਈ। ਬੀਬੀ ਪ੍ਰੀਤਮ ਕੌਰ ਨੇ ਕਾਕਾ ਮਨਪ੍ਰੀਤ ਸਿੰਘ ਮੋਢੇ ਲਾਇਆ ਹੋਇਆ ਸੀ। ਹਿੰਦੁਸਤਾਨੀ ਬਹਾਦਰ ਫੌਜ ਦੀ ਚਲਾਈ ਗੋਲੀ ਮਨਪ੍ਰੀਤ ਸਿੰਘ ਮਸੂਮ ਬੱਚੇ ਦਾ ਕੋਮਲ ਸਰੀਰ ਚੀਰ ਕੇ ਬੱਚੇ ਦੀ ਮਾਂ ਪ੍ਰੀਤਮ ਕੌਰ ਦੇ ਸਰੀਰ ਵਿੱਚ ਧਸ ਗਈ। ਬੱਚੇ ਮਨਪ੍ਰੀਤ ਸਿੰਘ ਦੀ ਸ਼ਹੀਦੀ ਮਾਂ ਦੇ ਹੱਥਾਂ ਵਿੱਚ ਹੋ ਗਈ ਤੇ ਆਪ ਸਖਤ ਜ਼ਖਮੀ ਹੋ ਗਈ। ਫੌਜ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਦਰ ਕਬਜ਼ਾਂ ਕਰਨ ਤੋਂ ਪਿੱਛੋਂ ਬੀਬੀ ਪ੍ਰੀਤਮ ਕੋਰ ਨੂੰ ਜ਼ਖਮੀ ਹਾਲਤ ਵਿੱਚ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਦੇ ਫੌਜੀ ਕੈਂਪ ਵਿੱਚ ਲਿਜਾਇਆ ਗਿਆ ਜਿਥੇ ਡਾਕਟਰ ਵੱਲੋਂ

ਅਪਰੇਸ਼ਨ ਕਰਕੇ ਗੋਲੀ ਨੂੰ ਕੱਢਿਆ ਗਿਆ। ਭਾਈ ਰਛਪਾਲ ਸਿੰਘ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਨਾਲ 6 ਜੂਨ ਨੂੰ ਕਰੀਬ 9:30 ਵਜੇ ਦੇ ਦਰਮਿਆਨ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਹੜੇ ਵਿੱਚ ਹੋਈ ਹਿੰਦੁਸਤਾਨੀ ਫੌਜ ਦੇ ਸਿੰਘਾਂ ਦੀ ਹੱਥੋ ਹੱਥ ਦੀ ਲੜਾਈ ਸਮੇਂ ਆਖਰੀ ਸਵਾਸਾਂ ਅਤੇ ਆਪਣੀ ਕਾਰਬਾਈਨ ਦੀ ਆਖਰੀ ਗੋਲੀ ਤੱਕ ਹਿੰਦੁਸਤਾਨੀ ਫੌਜ ਨਾਲ ਲੜਦੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਬਹਾਲੀ ਖਾਤਰ ਦੁਸ਼ਮਣ ਦੀਆਂ ਮਸ਼ੀਨਗੰਨਾਂ ਦੀਆਂ ਗੋਲੀਆਂ ਛਾਤੀ ਵਿੱਚ ਖਾ ਕੇ ਸ਼ਹੀਦ ਹੋ ਗਏ। ਧੰਨ ਹੈ ਉਹ ਮਾਂ ਜਿਸ ਨੇ ੧੭ ਦਿਨ ਦੇ ਮਾਸੂਮ ਬੱਚੇ ਨੂੰ ਕੌਮ ਤੋਂ ਵਾਰਿਆ, ਜਿਸ ਨੂੰ ਅਜੇ ਵੱਡੇ ਹੋ ਕੇ ਪਤਾ ਲੱਗਣਾ ਸੀ ਕਿ ਅਸੀਂ ਗੁਲਾਮ ਹਾਂ।

ਮੌਜੂਦਾ ਖਾਲਿਸਤਾਨੀ ਸੰਘਰਸ਼ ਵਿੱਚ ਜੂਝ ਕੇ ਸ਼ਹੀਦ ਹੋਏ

ਪਿੰਡ ਕਾਲੀਆ ਸਕੱਤਰਾ ਦੇ ਸਿੰਘਾਂ ਦੀ ਕਹਾਣੀ

(ਸ਼ਹੀਦ ਭਾਈ ਅਨਾਰ ਸਿੰਘ ਪਾੜ੍ਹਾ)

ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਸਿੰਘਾਂ ਨੇ ਸਿੱਖੀ ਸਵੈਮਾਣ ਦੀ ਬਹਾਲੀ ਅਤੇ ਸਿੱਖ ਸੰਘਰਸ਼ ਨੂੰ ਦੁਬਾਰਾ ਪ੍ਰਚੰਡ ਕਰਨ ਲਈ ਆਪਣੀਆਂ ਸਰਗਰਮੀਆਂ ਅਰੰਭ ਕਰ ਦਿੱਤੀਆਂ। ਖਿੰਡੇ-ਪੁੰਡੇ ਸਿੰਘ ਇਕੱਤਰ ਹੋ ਕੇ ਹਿੰਦੁਸਤਾਨੀ ਹਕੂਮਤ ਨਾਲ ਟੱਕਰ ਲੈਣ ਲਈ ਵਿਚਾਰਾਂ ਕਰਨ ਲੱਗੇ। ਮਾਝੇ ਦੀ ਧਰਤੀ 'ਤੇ ਬਾਬਾ ਗੁਰਬਚਨ ਸਿੰਘ ਖਾਲਸਾ ਮਾਨੋਚਾਹਲ, ਗਿਆਨੀ ਗੁਰਦਿਆਲ ਸਿਘ ਡੱਲਾ ਉਰਫ ਗਿਆਨੀ ਅਰੂੜ ਸਿੰਘ, ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਜਥੇਦਾਰ ਦੁਰਗਾ ਸਿੰਘ ਆਰਫਕੇ, ਭਾਈ ਅਵਤਾਰ ਸਿੰਘ ਬ੍ਰਹਮਾ, ਭਾਈ ਬੂਟਾ ਸਿੰਘ ਸੁਰ ਸਿੰਘ ਵਾਲਾ, ਭਾਈ ਸੁਖਦੇਵ ਸਿੰਘ ਸਖੀਰਾ ਦੇ ਮੋਢੀ ਸਿੰਘਾਂ ਵਿੱਚ ਨਾਂ ਆਉਂਦੇ ਹਨ।

ਇਹਨਾਂ ਸਿੰਘਾਂ ਦੇ ਗਰੁੱਪ ਵੱਲੋਂ ਵੀ ਸਿੱਖ ਸੰਘਰਸ਼ ਨੂੰ ਅਰੰਭ ਕਰਨ ਦੀਆਂ ਸਰਗਰਮੀਆਂ ਸ਼ੁਰੂ ਕੀਤੀਆਂ ਗਈਆਂ। ਸੰਘਰਸ਼ ਵਾਸਤੇ ਹਥਿਆਰਾਂ ਦੀ ਲੋੜ ਸੀ ਤੇ ਗੁਆਂਢੀ ਮੁਲਕਾਂ ਦੀ ਮਦਦ ਲੈਣੀ ਜ਼ਰੂਰੀ ਸੀ। ਇਸ ਵਾਸਤੇ ਬਾਰਡਰ 'ਤੇ ਰਹਿੰਦੇ ਅਤੇ ਪਾਰ ਜਾਣ ਵਾਲੇ ਸਿੱਖਾਂ ਨੂੰ ਮਿਲਣਾ ਜ਼ਰੂਰੀ ਸੀ। ਇਸ ਸਕੀਮ ਨੂੰ ਮੁੱਖ ਰੱਖ ਕੇ ਜਥੇ: ਦੁਰਗਾ ਸਿੰਘ, ਭਾਈ ਅਵਤਾਰ ਸਿੰਘ ਬ੍ਰਹਮਾ, ਭਾਈ ਬੂਟਾ ਸਿੰਘ ਸੁਰਸਿੰਘ ਪਿੰਡ ਕਾਲੀਆ ਸਕੱਤਰਾ ਗਏ। ਕਾਲੀਆ ਤੇ ਸਕੱਤਰਾ ਭਾਵੇਂ ਦੋ ਪਿੰਡ ਹਨ ਪਰ ਦੋਵੇਂ ਇੱਕ ਦੂਜੇ ਨਾਲ ਮਿਲ ਚੁੱਕੇ ਹਨ ਤੇ ਬਿਲਕੁਲ ਬਾਰਡਰ ਉੱਤੇ ਹਨ। ਖੇਮਕਰਨ ਸੈਕਟਰ ਵਿੱਚ ਅਮਰਕੋਟ ਤੋਂ ਨੇੜੇ ਹਨ। ਇਹ ਸਮਾਂ ਸੰਨ 1984-85 ਦਾ ਸੀ ਜਦੋਂ ਸਿੰਘ ਕਾਲੀਆ ਸਕੱਤਰਾ ਦੀ ਨਹਿਰ/ਡਰੇਨ 'ਤੇ ਪਹੁੰਚੇ। ਡਰੇਨ 'ਤੇ 13-14 ਸਾਲ ਦੀ ਉਮਰ ਦੇ ਦੋ ਸਿੱਖ ਮੁੰਡੇ ਮਾਲ/ਮੱਝਾਂ ਚਾਰ ਰਹੇ ਸਨ। ਸਿੰਘਾਂ ਨੇ ਮੁੰਡਿਆਂ ਨੂੰ ਪਿਆਰ ਨਾਲ ਕੋਲ ਬੁਲਾ ਕੇ ਗੱਲਾਂ ਕੀਤੀਆਂ, ਬਾਰਡਰ ਦੇ ਪਾਰ ਲੰਘਣ ਵਾਲਿਆਂ ਬਾਰੇ ਜਾਣਕਾਰੀ ਹਾਸਲ ਕੀਤੀ। ਇਹ ਦੋਵੇਂ ਮੁੰਡੇ ਸਨ, ਪਿੱਪਲ ਸਿੰਘ ਤੇ ਅਨਾਰ ਸਿੰਘ, ਜੋ ਅਨਪੜ੍ਹ ਸਨ ਤੇ ਮਾਪਿਆਂ ਨੇ ਇਨ੍ਹਾਂ ਨੂੰ ਮੱਝਾਂ ਦੇ ਛੇੜੂ ਬਣਾ ਦਿੱਤਾ ਸੀ। ਪਿੱਪਲ ਨੇ ਪੁੱਛਿਆ ਕਿ ਭਾਊ, ਤੁਸੀਂ ਜੋ ਕੁੱਝ ਸਾਨੂੰ ਪੁੱਛਿਆ ਹੈ ਇਹ ਕਿਉਂ ਪੁੱਛਿਆ ਹੈ ?

ਜੇ ਤੁਸੀਂ ਬਾਰਡਰ ਹੀ ਲੰਘਣਾ ਹੈ ਤੇ ਅਸੀਂ ਤੁਹਾਡੀ ਮਦਦ ਕਰ ਸਕਦੇ ਹਨ। ਅਸੀਂ ਬਾਰਡਰ ਤੱਕ ਮੱਝਾਂ ਚਾਰ ਕੇ ਲਿਆਉਂਦੇ ਹਾਂ। ਅਸੀਂ ਬਾਰਡਰ ਦੇ ਭੇਤੀ ਹਾਂ ਕਿ ਕਿੱਥੇ ਪਹਿਰਾ ਹੁੰਦਾ ਹੈ ਤੇ ਕਿੱਥੇ ਨਹੀਂ। ਜਥੇਦਾਰ ਦੁਰਗਾ ਸਿੰਘ ਨੇ ਦੋਵਾਂ ਮੁੰਡਿਆਂ ਨੂੰ ਸਮਝਾਉਂਦਿਆਂ ਕਿਹਾ—ਜਵਾਨੋਂ, ਇਹ ਤਾਂ ਤੁਹਾਨੂੰ ਪਤਾ ਹੈ ਕਿ ਹਿੰਦੁਸਤਾਨੀ ਫੌਜ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਕੇ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਹੈ। ਸ੍ਰੀ ਅਕਾਲ ਤਖਤ ਸਾਹਿਬ ਢਾਹ ਢੇਰੀ ਕਰ ਦਿੱਤਾ ਹੈ। ਦੋ ਸੂਰਮਿਆਂ ਨੇ ਇੰਦਰਾ ਨੂੰ ਮਾਰ ਕੇ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਲੈ ਲਿਆ ਹੈ। ਇੰਦਰਾ ਦੇ ਛੋਕਰੇ ਰਾਜੀਵ ਨੇ ਦਿੱਲੀ ਤੇ ਹੋਰ ਵੱਡੇ ਸ਼ਹਿਰਾਂ ਵਿੱਚ ਸਿੱਖਾਂ ਦੀ ਕਤਲੇਆਮ ਕਾਰਵਾਈ ਹੈ। ਸਿੱਖਾਂ ਨੂੰ ਗਲਾਂ ਵਿੱਚ ਟਾਇਰ ਪਾ ਕੇ ਅੱਗਾਂ ਲਾ ਕੇ ਸਾੜਿਆ ਹੈ। ਸਾਡੀਆਂ ਧੀਆਂ ਭੈਣਾਂ ਦੀ ਬੇਇੱਜ਼ਤੀ ਕੀਤੀ ਹੈ। ਜਵਾਨੋਂ! ਦੱਸੋ ਅਜਿਹੇ ਹਾਲਾਤ ਵਿੱਚ ਆਪਾਂ ਨੂੰ ਕੁਝ ਕਰਨਾ.ਹੀ ਪਵੇਗਾ। ਅਨਾਰ ਸਿੰਘ—ਭਾਊ ਹੁਣ ਆਪਾਂ ਨੂੰ ਕੀ ਕਰਨਾ ਚਾਹੀਦਾ ਹੈ ? ਭਾਈ ਅਵਤਾਰ ਸਿੰਘ—ਜਵਾਨੋਂ, ਆਪਾਂ ਨੂੰ ਬਾਰਡਰ ਪਾਰ ਤੋਂ ਹਥਿਆਰ ਪ੍ਰਾਪਤ ਕਰਨੇ ਚਾਹੀਦੇ ਹਨ ਤਾਂ ਕਿ ਆਪਾਂ ਹਿੰਦੁਸਤਾਨੀ ਹਕੂਮਤ ਦੇ ਜ਼ੁਲਮਾਂ ਤੋਂ ਆਜ਼ਾਦ ਹੋ ਸਕੀਏ। ਆਪਣਾ ਵੀ ਕੌਮੀ ਘਰ ਹੋਵੇ। ਆਪਾਂ ਹੁਣ ਖਾਲਿਸਤਾਨ ਬਣਾਉਣ ਲਈ ਆਜ਼ਾਦੀ ਦੀ ਲੜਾਈ ਲੜਨੀ ਹੈ ਤੇ ਇਸ ਵਾਸਤੇ ਸਿੱਖ ਨੌਜਵਾਨਾਂ ਨੂੰ ਇਹ ਸੋਚਣਾ ਪਵੇਗਾ ਤੇ ਫੈਸਲਾ ਕਰਨਾ ਪਵੇਗਾ ਕਿ ਅਸੀਂ ਰੋਜ਼-ਰੋਜ਼ ਹਿੰਦੂ ਹਕੂਮਤ ਤੋਂ ਜ਼ਲੀਲ ਹੋ ਕੇ ਮਰਨਾ ਹੈ ਜਾਂ ਸਿੱਖ ਕੌਮ ਦੇ ਵੱਖਰੇ ਆਜ਼ਾਦ ਘਰ ਖਾਲਿਸਤਾਨ ਲਈ ਲੜ ਕੇ ਮਰਨਾ ਹੈ ? ਪਿੱਪਲ ਤੇ ਅਨਾਰ ਦੋਵੇਂ ਕਹਿਣ ਲੱਗੇ—ਭਾਊ, ਸਾਨੂੰ ਵੀ ਤੁਸੀਂ ਆਪਣੇ ਨਾਲ ਰਲਾ ਲਵੋ। ਅਸੀਂ ਵੀ ਸਿੱਖ ਕੌਮ ਦੀ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਪਾ ਸਕੀਏ। ਜਥੇਦਾਰ ਦੁਰਗਾ ਸਿੰਘ ਨੇ ਕਿਹਾ—ਜਵਾਨੋਂ! ਤੁਸੀਂ ਅਜੇ ਛੋਟੇ ਹੋ, ਵੱਡੇ ਹੋ ਜਾਵੋ, ਫਿਰ ਤੁਸੀਂ ਆਪ ਹੀ ਕਮਾਂਡ ਸੰਭਾਲ ਲੈਣੀ ਹੈ।

ਪਿੱਪਲ ਸਿੰਘ ਤੇ ਅਨਾਰ ਸਿੰਘ ਸਿੰਘਾਂ ਨੂੰ ਨਾਲ ਲੈ ਕੇ ਪਿੰਡ ਕਾਲੀਆ ਸਕੱਤਰਾ ਦੇ ਉਨ੍ਹਾਂ ਸਿੱਖਾਂ ਨੂੰ ਮਿਲੇ, ਜਿਹੜੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰ ਕੇ ਤੇ ਅੰਮ੍ਰਿਤ ਛਕ ਕੇ ਆਏ ਸਨ। ਉਨ੍ਹਾਂ ਸਿੰਘਾਂ ਨੇ ਉਨ੍ਹਾਂ ਸਿੱਖਾਂ ਨਾਲ ਮਿਲਾ ਦਿੱਤਾ ਜਿਹੜੇ ਪਿੰਡ ਕਾਲੀਆ ਸਕੱਤਰਾ ਅਤੇ ਠੱਠੀ ਜੈਮਲ ਸਿੰਘ ਦੇ ਬਾਰਡਰ ਪਾਰ ਆਉਣ ਜਾਣ ਵਾਲੇ ਸਨ। ਉਨ੍ਹਾਂ ਸਿੱਖਾਂ ਨੂੰ ਮਿਲ ਕੇ ਸਿੰਘਾਂ ਦਾ ਮਿਸ਼ਨ ਸ਼ੁਰੂ ਹੋ ਗਿਆ। ਸਿੰਘਾਂ ਦਾ ਆਰ-ਪਾਰ ਆਉਣਾ-ਜਾਣਾ ਸ਼ੁਰੂ ਹੋ ਗਿਆ। ਸਿੰਘਾਂ ਦਾ ਘਰ ਵੀ ਆਉਣਾ-ਜਾਣਾ ਹੋ ਗਿਆ। ਸਿੱਖ ਪ੍ਰਸ਼ਾਦਾ ਪਾਣੀ ਵੀ ਛਕਦੇ ਸਨ। ਕੁਝ ਚਿਰ ਪਿੱਛੋਂ ਅਨਾਰ ਸਿੰਘ ਜਿਸਦੀ ਉਮਰ 15 ਕੁ ਸਾਲ ਸੀ, ਭਾਈ ਅਵਤਾਰ ਸਿੰਘ ਬ੍ਰਹਮਾ ਦੇ ਜਥੇ ਖਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਰਲ ਗਿਆ। ਅਨਾਰ ਸਿੰਘ 9 ਮਹੀਨੇ ਪਿੱਛੋਂ ਟਰੇਨਿੰਗ ਲੈ ਕੇ ਇੱਕ ਵਾਰੀ ਘਰ ਪਰਿਵਾਰ ਨੂੰ ਮਿਲਣ ਆਇਆ

ਤਾਂ ਪਿੱਪਲ ਸਿੰਘ ਵੀ ਉਸ ਦੇ ਨਾਲ ਹੀ ਚਲਾ ਗਿਆ। ਇਸ ਸਮੇਂ ਭਾਈ ਅਵਤਾਰ ਸਿੰਘ ਬ੍ਰਹਮਾ ਦੀ ਜਥੇਬੰਦੀ ਤੱਤ ਖਾਲਸਾ ਦੇ ਨਾਂ ਹੇਠ ਖਾੜਕੂ ਐਕਸ਼ਨ ਕਰ ਰਹੀ ਸੀ ਜੋ ਗਿਆਨੀ ਅਰੂੜ ਸਿੰਘ ਪੰਥਕ ਕਮੇਟੀ ਮੈਂਬਰ, ਭਾਈ ਸੁਖਦੇਵ ਸਿੰਘ ਸਖੀਰਾ ਤੇ ਹੋਰ 6 ਜਥੇਬੰਦੀਆਂ ਦੀ ਹੋਈ ਏਕਤਾ ਸਦਕਾ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਰੂਪ ਵਿੱਚ ਸੰਗਠਤ ਹੋ ਗਈ ਸੀ ਤੇ ਇਸ ਦਾ ਪਹਿਲਾ ਚੀਫ ਜਨਰਲ ਭਾਈ ਗੁਰਦਿਆਲ ਸਿੰਘ ਡੱਲਾ ਉਰਫ ਗਿਆਨੀ ਅਰੂੜ ਸਿੰਘ ਪੰਥਕ ਕਮੇਟੀ ਮੈਂਬਰ ਨੂੰ ਬਣਾਇਆ ਗਿਆ ਸੀ। 7 ਫਰਵਰੀ 1987 ਨੂੰ ਗਿਆਨੀ ਅਰੂੜ ਸਿੰਘ ਨੂੰ ਅੰਮ੍ਰਿਤਸਰ ਸ਼ਹਿਰ ਵਿੱਚੋਂ ਪੰਜਾਬ ਪੁਲਿਸ ਵਲੋਂ ਗ੍ਰਿਫਤਾਰ ਕਰ ਲਿਆ ਗਿਆ ਸੀ, ਉਸ ਤੋਂ ਬਾਅਦ ਜੁਝਾਰੂ ਸਿੰਘਾਂ ਵੱਲੋਂ ਭਾਈ ਅਵਤਾਰ ਸਿੰਘ ਬ੍ਰਹਮਾ ਨੂੰ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਚੀਫ ਜਨਰਲ ਥਾਪਿਆ ਗਿਆ ਸੀ।

ਸਭ ਤੋਂ ਪਹਿਲਾਂ ਕਾਲੀਆ ਸਕੱਤਰਾ ਦਾ ਭਾਈ ਅਨਾਰ ਸਿੰਘ ਹੀ ਭਾਈ ਅਵਤਾਰ ਸਿੰਘ ਬ੍ਰਹਮਾ ਦੀ ਜਥੇਬੰਦੀ ਵਿੱਚ ਰਲਿਆ ਸੀ। ਭਾਈ ਅਨਾਰ ਸਿੰਘ ਦਾ ਜਨਮ ਪਿਤਾ ਸ. ਸੁਰਜੀਤ ਸਿੰਘ ਅਤੇ ਮਾਤਾ ਸੁਰਿੰਦਰ ਕੌਰ ਜੀ ਦੇ ਘਰ ਸੰਨ 1970-71 ਦਰਮਿਆਨ ਪਿੰਡ ਕਾਲੀਆ ਸਕੱਤਰਾ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਜੂਨ 1984 ਦੇ ਘੱਲੂਘਾਰੇ ਦੌਰਾਨ ਸਿੱਖ ਕੌਮ ਦੀ ਕੀਤੀ ਗਈ ਹਕੂਮਤ ਵਲੋਂ ਕਤਲੇਆਮ ਅਤੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਗੁਰਧਾਮਾਂ ਦੀ ਬੇਅਦਬੀ ਅਤੇ ਨਵੰਬਰ 1984 ਵਿੱਚ ਹਕੂਮਤ ਵੱਲੋਂ ਇੰਦਰਾ ਕਤਲ ਕਾਂਡ ਤੋਂ ਬਾਅਦ ਕੀਤੀ ਗਈ ਕਤਲੇਆਮ ਨੇ ਭਾਈ ਅਨਾਰ ਸਿੰਘ ਜੋ 14 ਕੁ ਵਰ੍ਹਿਆਂ ਦਾ ਮੱਝਾਂ ਦਾ ਛੇੜੂ ਸੀ, ਨੂੰ ਖਾੜਕੂ ਸਿੰਘਾਂ ਦੇ ਰਸਤੇ ਤੋਰ ਦਿੱਤਾ। ਭਾਈ ਅਨਾਰ ਸਿੰਘ ਨੇ ਭਾਈ ਬ੍ਰਹਮਾ ਦੇ ਨਾਲ ਖਾੜਕੂ ਐਕਸ਼ਨਾਂ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ। ਇਸ ਸਮੇਂ ਸਿੱਖ ਸੰਘਰਸ਼ ਦੇ ਮੈਦਾਨੇ ਜੰਗ ਵਿੱਚ ਜੂਝਣ ਲਈ ਦੁਨੀਆਂ ਭਰ ਵਿੱਚੋਂ ਸਿੱਖ ਗੱਭਰੂ ਸਿਰਾਂ ਉੱਤੇ ਕਫਨ ਬੰਨ੍ਹ ਕੇ ਹਿੰਦ ਹਕੂਮਤ ਨਾਲ ਕਰਾਰੇ ਹੱਥੀਂ ਨਿਬੜਨ ਲਈ ਮੈਦਾਨੇ ਜੰਗ ਵਿੱਚ ਨਿੱਤਰੇ ਸਨ। ਇਨ੍ਹਾਂ ਸਿੱਖ ਗੱਭਰੂਆਂ ਵਿੱਚੋਂ ਭਾਈ ਹਰਜਿੰਦਰ ਸਿੰਘ ਕਨੇਡਾ ਦੇ ਟਰਾਂਟੋ ਤੋਂ ਆਇਆ ਸਿੰਘ ਵੀ ਸੀ, ਜਿਸਨੂੰ ਖਾੜਕੂ ਸਫਾਂ ਵਿੱਚ ਹਰਜਿੰਦਰ ਸਿੰਘ ਪਾੜ੍ਹਾ ਕਹਿ ਕੇ ਜਾਣਿਆ ਜਾਂਦਾ ਸੀ। ਭਾਈ ਹਰਜਿੰਦਰ ਸਿੰਘ ਪਾੜ੍ਹਾ ਅਤੇ ਭਾਈ ਅਨਾਰ ਸਿੰਘ ਇੱਕੋ ਜਿਹੀ ਉਮਰ ਦੇ ਸਨ ਤੇ ਸ਼ਕਲ ਸੂਰਤ, ਨੈਣ ਨਕਸ਼ ਇੰਨੇ ਮਿਲਦੇ ਸਨ ਕਿ ਪਛਾਣ ਨਹੀਂ ਸੀ ਹੁੰਦੀ। ਇਸ ਕਰਕੇ ਅਨਪੜ੍ਹ ਭਾਈ ਅਨਾਰ ਸਿੰਘ ਨੂੰ ਜੁਝਾਰੂ ਸਿੰਘਾਂ ਵੱਲੋਂ ਭਾਈ ਅਨਾਰ ਸਿੰਘ ਪਾੜ੍ਹਾ ਦੇ ਨਾਂ ਨਾਲ ਬੁਲਾਇਆ ਜਾਂਦਾ ਸੀ ਜੋ ਉਸਦੇ ਨਾਂ ਨਾਲ ਪੱਕਾ ਹੀ ਜੁੜ ਗਿਆ।

ਭਾਈ ਅਨਾਰ ਸਿੰਘ ਦੇ ਵੱਡੇ ਭਰਾ ਮਿਲਖਾ ਸਿੰਘ, ਕਿੱਕਰ ਸਿੰਘ ਅਤੇ ਭੈਣਾਂ ਨਰਿੰਦਰ ਕੌਰ, ਹਰਭਜਨ ਕੌਰ, ਦਰਸ਼ਨ ਕੌਰ ਹਨ। ਭਾਈ ਅਨਾਰ ਸਿੰਘ ਪਾੜ੍ਹਾ ਪਿੰਡ

ਕਾਲੀਆ ਸਕੱਤਰਾ ਦੇ ਹੋਰ ਸਿੰਘਾਂ ਦੇ ਨਾਲ ਸਿੱਖ ਸੰਘਰਸ਼ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਸਰਹੱਦੋਂ ਪਾਰ ਤੇ ਲੋੜੀਂਦਾ ਸਾਮਾਨ ਲਿਆਉਣ ਦੀ ਸੇਵਾ ਕਰਦਾ ਸੀ। ਜਦੋਂ ਪੁਲਿਸ ਨੂੰ ਕਿਸੇ ਸਿੰਘ ਦੀਆਂ ਸਰਗਰਮੀਆਂ ਬਾਰੇ ਸੂਹ ਲੱਗ ਜਾਂਦੀ ਤਾਂ ਉਹ ਅਨਾਰ ਸਿੰਘ ਦੇ ਨਾਲ ਘਰ ਛੱਡ ਕੇ ਰਲ ਜਾਂਦਾ ਸੀ। ਇਸ ਤਰ੍ਹਾਂ ਪਿੰਡ ਕਾਲੀਆ ਸਕੱਤਰਾ ਦੇ ਹੋਰ ਸਿੱਖ ਗੱਭਰੂ ਵੀ ਭਗੌੜੇ ਹੋ ਕੇ ਸਿੱਖ ਸੰਘਰਸ਼ ਵਿੱਚ ਧੜੱਲੇਦਾਰ ਦਲੇਰਾਨਾ ਖਾੜਕੂ ਐਕਸ਼ਨ ਕਰਕੇ ਹਿੰਦ ਹਕੂਮਤ ਦਾ ਨੱਕ ਵਿੱਚ ਦਮ ਕਰ ਰਹੇ ਸਨ। ਭਾਈ ਅਨਾਰ ਸਿੰਘ ਪਾੜ੍ਹਾ ਨੂੰ ਜਥੇਬੰਦੀ ਵਿੱਚ ਛੋਟਾ ਬ੍ਰਹਮਾ ਵੀ ਕਿਹਾ ਜਾਂਦਾ ਸੀ। ਭਾਈ ਅਨਾਰ ਸਿੰਘ ਪਾੜ੍ਹਾ ਖਾਲਿਸਤਾਨ ਲਿਬਰੇਸ਼ਨ ਫੋਰਸ ਵੱਲੋਂ ਸੀ.ਆਰ.ਪੀ. ਦੀਆਂ ਗੱਡੀਆ ਉੱਤੇ ਹਮਲਾ ਕਰਨ ਵਾਲੇ ਸਿੰਘਾਂ ਦੀ ਅਗਵਾਈ ਕਰਦੇ ਸਨ ਤੇ ਭਾਈ ਅਵਤਾਰ ਸਿੰਘ ਬ੍ਰਹਮਾ ਦੀ ਸ਼ਹੀਦੀ ਤੋਂ ਪਿੱਛੋਂ ਭਾਈ ਗੁਰਜੰਟ ਸਿੰਘ ਬੁੱਧਸਿੰਘਵਾਲਾ ਨੂੰ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਚੀਫ ਜਨਰਲ ਬਣਾਇਆ ਗਿਆ ਤਾਂ ਭਾਈ ਅਨਾਰ ਸਿੰਘ ਨੇ ਭਾਈ ਗੁਰਜੰਟ ਸਿੰਘ ਦੀ ਗਲਵਕੜੀ ਦਾ ਨਿੱਘ ਵੀ ਮਾਣਿਆ। ਸੰਨ 1992 ਵਿੱਚ ਭਾਈ ਅਨਾਰ ਸਿੰਘ ਪਾੜ੍ਹਾ ਹਜ਼ੂਰ ਸਾਹਿਬ ਨੰਦੇੜ ਵਿਖੇ ਪੰਜਾਬ ਦੇ ਪੱਧਰੀ ਪਿੰਡ ਤੋਂ ਉਥੇ ਜਾ ਕੇ ਵੱਸੇ ਪਰਿਵਾਰ ਕੋਲ ਮਕਾਨ ਕਿਰਾਏ 'ਤੇ ਲੈ ਕੇ ਰਹਿ ਰਹੇ ਸਨ। ਇਨ੍ਹੀਂ ਦਿਨੀਂ ਹਰਜੀਤ ਕੌਰ ਨੇ ਬੱਚੀ ਨੂੰ ਜਨਮ ਦਿੱਤਾ ਸੀ ਜਿਸ ਦਾ ਨਾਂ ਰਵਿੰਦਰ ਕੌਰ ਰੱਖਿਆ ਗਿਆ। ਹਰਜੀਤ ਕੌਰ ਨੰਦੇੜ ਕਿਰਾਏ ਦੇ ਮਕਾਨ ਵਿੱਚ ਹੀ ਸੀ। ਗੁਲਾਲੀਪੁਰ ਦੇ ਹੋਟਲ ਦੇ ਮਾਲਕ ਨੇ ਮਹਾਂਰਾਸ਼ਟਰ ਦੀ ਨੰਦੇੜ ਪੁਲਿਸ ਨੂੰ ਸੂਹ ਦਿੱਤੀ ਸੀ ਕਿ ਪੱਧਰੀ ਵਾਲੇ ਸਿੱਖਾਂ ਦੇ ਮਕਾਨ ਵਿੱਚ ਕਿਰਾਏ 'ਤੇ ਰਹਿ ਰਿਹਾ ਸਿੱਖ ਪੰਜਾਬ ਦਾ ਖਾੜਕੂ ਸਿੰਘ ਹੈ ਜਿਸ 'ਤੇ ਪੁਲਿਸ ਨੇ ਘੇਰਾ ਪਾ ਲਿਆ। ਭਾਈ ਅਨਾਰ ਸਿੰਘ ਨੇ ਘੇਰੇ ਵਿੱਚੋਂ ਬਚ ਨਿਕਲਣ ਦੀ ਕੋਸ਼ਿਸ਼ ਕੀਤੀ। ਜਿਸ ਦੌਰਾਨ ਮਹਾਂਰਾਸ਼ਟਰ ਦੀ ਪੁਲਿਸ ਵੱਲੋਂ ਚਲਾਈ ਗਈ ਗੋਲੀ ਨਾਲ ਫੱਟੜ ਹੋ ਗਿਆ। ਪੁਲਿਸ ਵੱਲੋਂ ਉਸਨੂੰ ਨੰਦੇੜ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਹਸਪਤਾਲ ਵਿੱਚ ਹੀ ਭਾਈ ਅਨਾਰ ਸਿੰਘ ਪਾੜ੍ਹਾ ਸ਼ਹੀਦ ਹੋ ਗਏ ਤੇ ਪੁਲਿਸ ਨੇ ਸਸਕਾਰ ਕਰ ਦਿੱਤਾ।

ਭਾਈ ਅਨਾਰ ਸਿੰਘ ਦੇ ਨੰਦੇੜ ਵਿਖੇ ਪੁਲਿਸ ਗੋਲੀ ਨਾਲ ਸ਼ਹੀਦ ਹੋ ਜਾਣ ਪਿੱਛੋਂ ਪੱਧਰੀ ਵਾਲੇ ਪਰਿਵਾਰ ਨੇ ਉਸਦੀ ਪਤਨੀ ਬੀਬੀ ਹਰਜੀਤ ਕੌਰ ਅਤੇ ਬੱਚੀ ਨੂੰ ਅੰਮ੍ਰਿਤਸਰ ਵੱਡੇ ਭਰਾ ਮਿਲਖਾ ਸਿੰਘ ਦੇ ਘਰ ਪਹੁੰਚਾ ਗਏ। ਭਾਈ ਅਨਾਰ ਸਿੰਘ ਦੀ ਯਾਦ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪਿੰਡ ਸਕੱਤਰਾ ਵਿਖੇ ਪਾਇਆ ਗਿਆ। ਭੋਗ ਤੋਂ ਪਿੱਛੋਂ ਬੀਬੀ ਹਰਜੀਤ ਕੌਰ ਨੂੰ ਤਰਨਤਾਰਨ ਦੀ ਪੰਜਾਬ ਪੁਲਿਸ ਫੜ੍ਹ ਕੇ ਲੈ ਗਈ, ਜਿਸ ਦੀ ਅਗਵਾਈ ਐਸ.ਐਸ.ਪੀ. ਖੂਬੀ ਰਾਮ ਕਰ ਰਿਹਾ ਸੀ। ਪੁਲਿਸ ਬੀਬੀ ਹਰਜੀਤ ਕੌਰ ਤੋਂ ਖਾੜਕੂ ਸਿੰਘਾਂ ਦੇ ਟਿਕਾਣਿਆਂ ਬਾਰੇ ਪੁੱਛ ਰਹੀ ਸੀ। ਜਿਸ 'ਤੇ ਬੀਬੀ ਹਰਜੀਤ ਕੌਰ ਦਾ ਇਹ ਕਹਿਣਾ ਸੀ ਕਿ ਉਹ ਮੈਨੂੰ ਨਾ ਕਿਸੇ ਠਾਹਰ 'ਤੇ

ਲੈ ਕੇ ਜਾਂਦਾ ਸੀ ਤੇ ਨਾ ਹੀ ਕਿਸੇ ਨੂੰ ਕਿਰਾਏ ਵਾਲੇ ਘਰ ਲੈ ਕੇ ਆਉਂਦਾ ਸੀ। ਭਾਈ ਅਨਾਰ ਸਿੰਘ ਦੇ ਚਾਚਾ ਗੁਰਚਰਨ ਸਿੰਘ ਨੇ ਪੰਚਾਇਤ ਅਤੇ ਹੋਰ ਬੰਦਿਆਂ ਦੇ ਸਹਿਯੋਗ ਨਾਲ ਬੀਬੀ ਹਰਜੀਤ ਕੌਰ ਨੂੰ ਪੁਲਿਸ ਹਿਰਾਸਤ ਵਿੱਚੋਂ ਛੁਡਾਇਆ। ਬੀਬੀ ਹਰਜੀਤ ਕੌਰ ਦੀ ਜ਼ਿੰਦਗੀ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਉਸ ਦੇ ਮਾਪਿਆਂ ਤੇ ਸਹੁਰੇ ਪਰਿਵਾਰ ਨੇ ਆਪਸੀ ਸਹਿਮਤੀ ਨਾਲ ਬੀਬੀ ਹਰਜੀਤ ਕੌਰ ਦੇ ਨਵਾਂ ਜੀਵਨ ਦੀ ਸ਼ੁਰੂਆਤ ਵਾਸਤੇ ਉਸ ਦੀ ਭਾਈ ਅਨਾਰ ਸਿੰਘ ਦੇ ਭਰਾ ਮਿਲਖਾ ਸਿੰਘ ਨਾਲ ਗੁਰੂ ਮਰਿਆਦਾ ਅਨੁਸਾਰ ਆਨੰਦ ਕਾਰਜ ਕਰ ਦਿੱਤਾ। ਵਾਹਿਗੁਰੂ ਵੱਲੋਂ ਬੀਬੀ ਹਰਜੀਤ ਕੌਰ ਨੂੰ ਝੁਝੰਗੀ ਦੀ ਦਾਤ ਬਖਸ਼ਿਸ਼ ਹੋਈ ਹੈ। ਅੱਜ ਕਲ੍ਹ ਭਾਈ ਅਨਾਰ ਸਿੰਘ ਪਾੜ੍ਹਾ ਸਕੱਤਰਾ ਦੇ ਪਰਿਵਾਰ ਵਿੱਚ ਉਨ੍ਹਾਂ ਦੀ ਪਤਨੀ—ਬੀਬੀ ਹਰਜੀਤ ਕੌਰ ਪੁੱਤਰੀ ਰਵਿੰਦਰ ਕੌਰ, ਮਾਤਾ ਜੀ, ਪਿਤਾ ਜੀ, ਭਰਾ, ਝੁਝੰਗੀ ਸਮੇਤ ਪਰਿਵਾਰ ਦੇ 11 ਜੀਅ, ਮਾਤਾ ਗੁਜਰੀ ਸਹਾਰਾ ਟਰੱਸਟ, ਕੱਲਰ ਭੈਣੀ (ਪਟਿਆਲਾ) ਵਿਖੇ ਰਹਿ ਰਹੇ ਹਨ। ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਭਾਈ ਅਨਾਰ ਸਿੰਘ ਪਾੜ੍ਹਾ ਉਰਫ ਛੋਟਾ ਬ੍ਰਹਮਾ ਵਾਕਿਆ ਹੀ ਛੋਟਾ ਬ੍ਰਹਮਾ ਸੀ। ਭਾਈ ਅਵਤਾਰ ਸਿੰਘ ਬ੍ਰਹਮਾ ਨੇ ਵੀ ਸਿੱਖ ਸੰਘਰਸ਼ ਦੀ ਕਮਾਂਡ ਕਰਦਿਆਂ ਆਪਣੇ ਘਰ ਪਰਿਵਾਰ ਬਾਰੇ ਨਹੀਂ ਸੀ ਸੋਚਿਆ। ਉਸਦੇ ਭਰਾ ਅੱਜ ਵੀ ਬ੍ਰਹਮਪੁਰਾ ਵਿੱਚ ਢੱਠੇ ਜਿਹੇ ਮਕਾਨ ਵਿੱਚ ਦਿਨ ਕਟੀ ਕਰ ਰਹੇ ਹਨ ਤੇ ਭਾਈ ਅਨਾਰ ਸਿੰਘ ਪਾੜ੍ਹਾ ਛੋਟਾ ਬ੍ਰਹਮਾ ਦਾ ਪਰਿਵਾਰ ਵੀ ਮਾਤਾ ਗੁਜਰੀ ਸਹਾਰਾ ਟਰੱਸਟ ਕੱਲਰ ਭੈਣੀ (ਪਟਿਆਲਾ) ਵਿੱਚ ਦਿਨ ਕਟੀ ਕਰ ਰਿਹਾ ਹੈ। ਧੰਨ ਹਨ ਉਹ ਸੂਰਮੇ ਜਿਹੜੇ ਆਪਣੇ ਘਰ ਉਜਾੜ ਕੇ ਸਿੱਖ ਕੌਮ ਦੇ ਘਰ ਬਨਾਉਣ ਲਈ ਸਿੱਖ ਸੰਘਰਸ਼ ਵਿੱਚ ਜੂਝਦੇ ਹੋਏ ਸ਼ਹੀਦੀਆਂ ਪਾ ਕੇ ਸਿੱਖ ਇਤਿਹਾਸ ਵਿੱਚ ਆਪਣਾ ਨਾਂ ਅਮਰ ਕਰ ਗਏ।

ਸ਼ਹੀਦ ਭਾਈ ਪਿੱਪਲ ਸਿੰਘ ਤੂਫਾਨ (ਕਾਲੀਆ ਸਕੱਤਰਾ)

ਹਿੰਦੁਸਤਾਨ ਦੀ ਸਰਕਾਰ ਸਮਝਦੀ ਸੀ ਤੇ ਦਾਅਵੇ ਵੀ ਕਰਦੀ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਸਦੇ ਸਾਥੀ ਦਹਿਸ਼ਤਪਸੰਦਾਂ ਅੱਤਵਾਦੀਆਂ ਨੂੰ ਖਤਮ ਕਰਨਾ ਇਸ ਲਈ ਜ਼ਰੂਰੀ ਹੋ ਗਿਆ ਸੀ ਕਿ ਸੰਤ ਭਿੰਡਰਾਂਵਾਲਾ ਤੇ ਉਸ ਦੇ ਸਾਥੀ ਸਿੱਖ ਕੌਮ ਦੇ ਹੱਕਾਂ, ਅਜ਼ਾਦੀ ਦੀ ਗੱਲ ਕਰਦੇ ਸਨ। ਹਿੰਦ ਸਰਕਾਰ ਨੇ ਇਸ ਵਿੱਚ, ਜੂਨ 84 ਅਤੇ ਨਵੰਬਰ 84 ਵਿੱਚ ਸਿੱਖਾਂ ਉੱਤੇ ਜ਼ੁਲਮ ਦੀ ਇੰਤਹਾ ਕਰ ਦਿੱਤੀ, ਤੇ ਕੋਈ ਕਸਰ ਨਹੀਂ ਸੀ ਛੱਡੀ। ਦੂਜੇ ਪਾਸੇ ਜੂਨ 84 ਦੇ ਘੱਲੂਘਾਰੇ ਵੇਲੇ ਪੇਂਡੂ ਅਨਪੜ੍ਹ ਸਿੱਖ ਗੱਲਬਾਤ ਕਰਦਿਆਂ ਸਹਿਜੇ ਹੀ ਭਵਿੱਖਬਾਣੀ ਕਰਦੇ ਸਨ ਕਿ ਸਰਕਾਰ ਨੇ ਇੱਕ ਸੰਤ ਭਿੰਡਰਾਂਵਾਲਾ ਸ਼ਹੀਦ ਕਰ ਦਿੱਤਾ, ਹੁਣ ਸਰਕਾਰ ਨਾਲ ਟੱਕਰ ਲੈਣ ਲਈ ਘਰ-ਘਰ ਭਿੰਡਰਾਂਵਾਲੇ ਜੰਮਣਗੇ ਤੇ ਹਿੰਦ ਹਕੂਮਤ ਨਾਲ ਸਿੱਖ ਕੌਮ ਦੀ ਆਜ਼ਾਦੀ ਲਈ ਟੱਕਰ ਲੈਣਗੇ। ਅਨਪੜ੍ਹ ਸਿੱਖਾਂ ਦੀ ਭਵਿੱਖਬਾਣੀ ਉਦੋਂ ਦੂਣ ਸਵਾਈ ਸੱਚ ਸਾਬਤ ਹੋ ਨਿਬੜੀ ਜਦੋਂ ਪਹਿਲਾਂ ਜਨਮੇ ਹੋਏ ਹਾਲੀ ਹਲ ਵਾਹੁਣ ਵਾਲੇ, ਪਾਲੀ, ਮੱਝਾਂ ਦੇ ਛੇੜੂ ਤੇ ਬਾਜੀਆਂ ਨਾਲ ਖੇਡਣ ਵਾਲੇ ਮਸੂਮ ਚਿਹਰੇ ਤੇ ਨਿੱਕੇ-ਨਿੱਕੇ ਹੱਥ, ਕਈ ਸਰਕਾਰੀ ਅਹੁਦਿਆਂ 'ਤੇ ਕੰਮ ਕਰਨ ਵਾਲੇ ਸਿੱਖ ਅਤੇ ਬਜ਼ੁਰਗ ਬਾਪੂ ਖੁੰਡੀ ਦੇ ਸਹਾਰੇ ਤੁਰਨ ਵਾਲੇ ਵੀ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਵੱਲੋਂ ਜਗਾਈ ਗਈ ਆਜ਼ਾਦੀ ਦੀ ਸ਼ਮ੍ਹਾ ਦੇ ਪਰਵਾਨੇ ਬਣ ਕੇ ਮੱਚਣ ਲਈ ਸਿਰਾਂ ਉੱਤੇ ਕਫਨ ਬੰਨ੍ਹ ਕੇ, ਹੱਥਾਂ ਵਿੱਚ ਸ਼ਸਤਰ ਫੜ੍ਹ ਕੇ ਮੈਦਾਨੇ ਜੰਗ ਵਿੱਚ ਜੂਝਣ ਲਈ, ਹਿੰਦ ਸਰਕਾਰ ਨਾਲ ਟੱਕਰ ਲੈਣ ਲੱਗੇ। ਇਹਨਾਂ ਸਿੱਖ ਆਜ਼ਾਦੀ ਦੀ ਸ਼ਮ੍ਹਾ ਦੇ ਪ੍ਰਵਾਨਿਆਂ ਵਿੱਚੋਂ ਹੋਏ ਹਨ ਭਾਈ ਪਿੱਪਲ ਸਿੰਘ ਤੂਫਾਨ 'ਕਾਲੀਆ ਸਕੱਤਰਾ'।

ਸ਼ਹੀਦ ਭਾਈ ਪਿੱਪਲ ਸਿੰਘ ਦਾ ਜਨਮ ਪਿਤਾ ਸ. ਗੁਰਚਰਨ ਸਿੰਘ ਦੇ ਘਰ ਮਾਤਾ ਜੋਗਿੰਦਰ ਕੌਰ ਦੀ ਕੁਖੋਂ ਸੰਨ 1971 ਵਿੱਚ ਪਿੰਡ ਕਾਲੀਆ ਸਕੱਤਰਾ, ਤਹਿਸੀਲ ਪੱਟੀ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਵੱਡੇ ਭਰਾ ਪ੍ਰਗਟ ਸਿੰਘ, ਬੋਹੜ ਸਿੰਘ, ਪਿੱਪਲ ਸਿੰਘ (ਸ਼ਹੀਦ), ਭੈਣਾਂ ਕਸ਼ਮੀਰ ਕੌਰ, ਅਮਰਜੀਤ ਕੌਰ, ਅਮਰੀਕ ਕੌਰ ਹਨ। ਪਿੱਪਲ ਸਿੰਘ ਨੇ ਸਕੂਲ ਦੀ ਪੜ੍ਹਾਈ ਨਹੀਂ ਸੀ ਕੀਤੀ। ਪਿਤਾ ਨਾਲ ਖੇਤੀ ਦੇ ਕੰਮਾਂ ਵਿੱਚ ਹੱਥ ਵਟਾਉਂਦਾ, ਮੱਝਾਂ ਚਾਰਨ ਵੀ ਜਾਂਦਾ ਸੀ। ਅਣਖੀਲੇ ਸੁਭਾਅ ਦਾ ਸੀ, ਨਾ

ਕਿਸੇ ਨਾਲ ਵਧੀਕੀ ਕਰਦਾ ਸੀ ਨਾ ਹੀ ਵਧੀਕੀ ਬਰਦਾਸ਼ਤ ਕਰਦਾ ਸੀ। ਤਾਏ ਦਾ ਪੁੱਤਰ ਅਨਾਰ ਸਿੰਘ, ਭਾਈ ਅਵਤਾਰ ਸਿੰਘ ਬ੍ਰਹਮਾ ਦੀ ਖਾਲਿਸਤਾਨ ਲਿਬਰੇਸ਼ਨ ਫੋਰਸ 'ਚ ਜੂਝ ਰਿਹਾ ਸੀ। ਉਸ ਦੇ ਸੰਪਰਕ ਵਿੱਚ ਆਇਆ ਤੇ ਉਸਦੇ ਨਾਲ ਚਲਾ ਗਿਆ। ਖੇਮਕਰਨ ਪੁਲਿਸ ਨੂੰ ਪਤਾ ਲੱਗ ਗਿਆ ਕਿ ਪਿੱਪਲ ਸਿੰਘ ਵੀ ਅਨਾਰ ਸਿੰਘ ਦੇ ਨਾਲ ਰਲ ਗਿਆ ਹੈ। ਖੇਮਕਰਨ ਪੁਲਿਸ ਦਾ ਥਾਣੇਦਾਰ ਖੁੱਲਰ ਮਾਤਾ ਜੋਗਿੰਦਰ ਕੌਰ ਅਤੇ ਭਰਾ ਬੋਹੜ ਸਿੰਘ ਨੂੰ ਫੜ੍ਹ ਕੇ ਲੈ ਗਿਆ ਤੇ ਤਸ਼ੱਦਦ ਕੀਤਾ ਕਿ ਪਿੱਪਲ ਸਿੰਘ ਨੂੰ ਪੇਸ਼ ਕਰਾਓ। ਇਲਾਕੇ ਦੇ ਮੋਹਤਬਰ ਬੰਦਿਆਂ ਨੇ ਤਰਨ ਤਾਰਨ ਪੁਲਿਸ ਦੇ ਉੱਚ ਅਧਿਕਾਰੀਆਂ ਤੱਕ ਪਹੁੰਚ ਕੀਤੀ ਤੇ ਇਹ ਵੀ ਸਾਫ ਕਹਿ ਦਿੱਤਾ ਕਿ ਪਿੱਪਲ ਸਿੰਘ ਪੁਲਿਸ ਦੀ ਗੋਲੀ ਨਾਲ ਕਦੇ ਵੀ ਮਾਰਿਆ ਜਾ ਸਕਦਾ ਹੈ। ਪਰ ਪਿੱਪਲ ਸਿੰਘ ਜਿਉਂਦੇ ਜੀਅ ਪੁਲਿਸ ਅੱਗੇ ਪੇਸ਼ ਨਹੀਂ ਹੋਵੇਗਾ। ਪਿੱਪਲ ਸਿੰਘ ਨਿਰਦੋਸ਼ਾਂ ਦੇ ਕਤਲਾਂ ਵਿਰੁੱਧ ਸੀ। ਉਸ ਨੇ ਲੁਟੇਰਿਆਂ ਦੇ ਵਿਰੁੱਧ ਜ਼ਹਾਦ ਸ਼ੁਰੂ ਕੀਤਾ ਹੋਇਆ ਸੀ ਤੇ ਲੋਕਾਂ ਵਿੱਚ ਐਲਾਨ ਕੀਤਾ ਸੀ ਕਿ ਜੇ ਕਿਸੇ ਨੂੰ ਫਿਰੌਤੀ ਲਈ ਕੋਈ ਤੰਗ ਕਰਦਾ ਹੈ ਤਾਂ ਸਾਡੇ ਨਾਲ ਸੰਪਰਕ ਕਰੋ, ਅਸੀਂ ਨਿਤਾਰਾ ਕਰ ਕੇ ਦਿਖਾਵਾਂਗੇ ਕਿ ਸਿੰਘਾਂ ਦੇ ਨਾਂ 'ਤੇ ਫਿਰੌਤੀਆਂ ਲੈਣ ਵਾਲੇ ਸਿੱਖ ਸੰਘਰਸ਼ ਦੇ ਦੁਸ਼ਮਣ ਕਿਹੜੇ ਹਨ। ਪਿੱਪਲ ਸਿੰਘ ਇਕੱਲਾ ਨਹੀਂ ਸੀ, ਉਸਨੇ ਪਿੰਡ ਦੇ ਹੋਰ ਜੁਝਾਰੂ ਸਿੰਘ ਸਵਰਨ ਸਿੰਘ ਗ੍ਰੰਥੀ, ਰਾਜ ਸਿੰਘ, ਸਰਦੂਲ ਸਿੰਘ, ਸੁਖਦੇਵ ਸਿੰਘ, ਗੁਰਮੁਖ ਸਿੰਘ, ਸਾਹਬ ਸਿੰਘ, ਜਰਨੈਲ ਸਿੰਘ, ਬਗੀਚਾ ਸਿੰਘ ਖਾਲਸਾ, ਸ਼ਿੰਦਰ ਸਿੰਘ ਰਾਜਾ, ਸ਼ਿੰਦਾ ਸਿੰਘ, ਸਤਨਾਮ ਸਿੰਘ, ਅਨਾਰ ਸਿੰਘ, ਵਿਰਸਾ ਸਿੰਘ, ਅਕਬਰ ਸਿੰਘ, ਸ਼ਲਵਿੰਦਰ ਸਿੰਘ ਸ਼ਿੰਦਾ, ਕੇਵਲ ਸਿੰਘ ਦੂਹਲ ਕੋਹਨਾ, ਸੁਰਜੀਤ ਸਿੰਘ ਝੱਖੜ ਠੱਠੀ, ਜੈਮਲ ਸਿੰਘ, ਰਸਾਲ ਸਿੰਘ ਠੱਠੀ ਜੈਮਲ ਸਿੰਘ, ਜਸਕਰਨ ਸਿੰਘ ਕਾਲਾ ਠੱਠੀ ਜੈਮਲ ਸਿੰਘ ਫੌਜੀ ਢੋਲਣ ਆਦਿ ਸਿੰਘਾਂ ਦਾ ਗਰੁੱਪ ਸੀ, ਜੋ ਸਾਰੇ ਸਿੰਘ ਸਲਾਹ ਨਾਲ ਐਕਸ਼ਨ ਕਰਦੇ ਸਨ ਤੇ ਜਦੋਂ ਸਿੰਘਾਂ ਨੇ ਕਿਤੇ ਵੀ ਐਕਸ਼ਨ ਕੀਤਾ ਤਾਂ ਸਿੰਘਾਂ ਦੇ ਦਲੇਰਾਨਾ ਖਾੜਕੂ ਐਕਸ਼ਨਾਂ ਦੇ ਰੇਡੀਓ, ਟੈਲੀਵਿਜ਼ਨ ਅਤੇ ਅਖਬਾਰਾਂ ਵੀ ਸੋਹਿਲੇ ਗਾਉਂਦੀਆਂ ਸਨ।

ਭਾਈ ਪਿੱਪਲ ਸਿੰਘ ਤੇ ਉਸਦੇ ਸਾਥੀਆਂ ਵੱਲੋਂ ਕੀਤੇ ਗਏ ਸੀ.ਆਰ.ਪੀ. ਦੀਆਂ ਗੱਡੀਆਂ ਉੱਤੇ ਦਲੇਰਾਨਾ ਹਮਲਿਆਂ ਬਾਰੇ ਪਿੰਡ ਕਾਲੀਆ ਸਕੱਤਰਾ ਤੇ ਠੱਠੀ ਜੈਮਲ ਸਿੰਘ ਦੇ ਵਾਸੀ ਇਸ ਤਰ੍ਹਾਂ ਵੇਰਵੇ ਦੱਸਦੇ ਹਨ :

—ਪਿੰਡ ਆਸਲ ਭੂਰੇ ਸੀ.ਆਰ.ਪੀ. ਦੀਆਂ ਗੱਡੀਆਂ ਉਡਾਈਆਂ।

—ਪਿੰਡ ਦੀ ਨਹਿਰ ਦੇ ਨਾਲ ਨਾਈਆਂ ਦੇ ਘਰਾਂ ਕੋਲ ਬੀ.ਐਸ.ਐਫ: ਅਤੇ ਸੀ.ਆਰ.ਪੀ. ਦੀਆਂ ਗੱਡੀਆਂ ਉਡਾਈਆਂ।

—ਭਾਈ ਪਿੱਪਲ ਸਿੰਘ ਸਾਥੀਆਂ ਸਮੇਤ ਮਨਿਹਾਲਾ ਦੇ ਪੁਲਿਸ ਅਤੇ ਸੀ.ਆਰ.ਪੀ. ਦੇ ਜ਼ਬਰਦਸਤ ਘੇਰੇ ਵਿੱਚੋਂ ਨਿਕਲਿਆ।

—ਸਰਹੱਦ ਪਾਰ ਕਰਕੇ ਸਮਾਨ ਲੈ ਕੇ ਇਧਰ ਆਉਂਦਿਆਂ ਬਾਰਡਰ 'ਤੇ ਬੀ.ਐਸ.ਐਫ ਨਾਲ ਮੁਕਾਬਲਾ ਹੋ ਗਿਆ। ਬੋਹੜ ਸਿੰਘ ਵਲਟੋਹਾ, ਬੀ.ਐਸ.ਐਫ. ਦੀ ਫਾਈਰਿੰਗ ਨਾਲ ਸ਼ਹੀਦ ਹੋ ਗਿਆ ਤੇ ਬਾਕੀ ਸਾਥੀਆਂ ਨੂੰ ਪੂਰੀ ਦਲੇਰੀ ਨਾਲ ਬਾਰਡਰ ਤੋਂ ਲੰਘਾ ਕੇ ਆਇਆ।

—ਮਖੂ ਲਾਗੇ ਜੋਗੇਵਾਲ ਕੋਲ ਫੌਜ ਦੀ ਰੇਲ ਗੱਡੀ ਉਡਾਉਣ ਵਾਲੇ ਸਿੰਘਾਂ ਵਿੱਚ ਸ਼ਾਮਲ ਸੀ।

ਭਾਈ ਪਿੱਪਲ ਸਿੰਘ ਨੇ ਖਾੜਕੂ ਐਕਸ਼ਨਾਂ ਦਾ ਤੂਫਾਨ ਲਿਆਂਦਾ ਹੋਇਆ ਸੀ। ਇਸ ਕਰਕੇ ਭਾਈ ਪਿੱਪਲ ਸਿੰਘ ਤੂਫਾਨ ਦੇ ਨਾਂ ਨਾਲ ਜਾਣਿਆ ਜਾਂਦਾ ਸੀ।

ਸ਼ਹੀਦੀ ਸਮੇਂ ਭਾਈ ਪਿੱਪਲ ਸਿੰਘ ਬੱਬਰ ਖਾਲਸਾ ਜਥੇਬੰਦੀ ਨਾਲ ਰਲ ਕੇ ਸੇਵਾ ਕਰ ਰਹੇ ਸਨ।

16 ਵਿਸਾਖ 1989 ਨੂੰ ਭਾਈ ਪਿੱਪਲ ਸਿੰਘ ਤੂਫਾਨ ਆਪਣੇ ਇੱਕ ਸਾਥੀ ਸੁਖਦੇਵ ਸਿੰਘ ਵਲਟੋਹਾ ਦੇ ਨਾਲ ਪਿੰਡ ਅਹਿਮਦਪੁਰ (ਪੱਟੀ ਨੇੜੇ) ਘੁਮਿਆਰਾਂ ਦੇ ਘਰ ਬੈਠੇ ਸਨ ਤੇ ਪੁਲਿਸ ਤੇ ਸੀ.ਆਰ.ਪੀ. ਦੀਆਂ ਚਾਰ ਗੱਡੀਆਂ ਨੇ ਆ ਘੇਰਾ ਪਾਇਆ। ਘੇਰਾ ਤੋੜ ਕੇ ਬਚ ਨਿਕਲਣ ਦੀ ਕੋਸ਼ਿਸ਼ ਕਰਦਿਆਂ ਨਾਲ ਦਾ ਸਾਥੀ ਸੁਖਦੇਵ ਸਿੰਘ ਵਲਟੋਹਾ ਮੁਕਾਬਲੇ ਵਿੱਚ ਸ਼ਹੀਦ ਹੋ ਗਿਆ। ਭਾਈ ਪਿੱਪਲ ਸਿੰਘ ਮੁਕਾਬਲਾ ਕਰਦਾ ਹੋਇਆ ਘੇਰਾ ਤੋੜ ਕੇ 2 ਮੀਲ ਦੂਰ ਨਿਕਲ ਆਇਆ। ਪਿੰਡ ਮਨਿਹਾਲਾ ਅਤੇ ਮੁਗਲਚੱਕ ਦੇ ਵਿਚਕਾਰ ਸੂਏ ਦੇ ਪੁਲ 'ਤੇ ਮੁਕਾਬਲਾ ਕਰਦਾ ਹੋਇਆ ਪੁਲਿਸ ਤੇ ਸੀ.ਆਰ.ਪੀ. ਵੱਲੋਂ ਕੀਤੀ ਗਈ ਅੰਧਾ-ਧੁੰਦ ਫਾਈਰਿੰਗ ਨਾਲ ਸ਼ਹੀਦ ਹੋ ਗਿਆ।

ਭਾਈ ਪਿੱਪਲ ਸਿੰਘ ਤੂਫਾਨ ਦੇ ਮੁਕਾਬਲੇ ਵਿੱਚ ਸ਼ਹੀਦ ਹੋ ਜਾਣ ਦੀ ਖਬਰ ਸੁਣ ਕੇ ਪੱਟੀ ਥਾਣੇ ਗਏ। ਪੰਜਾਬ ਪੁਲਿਸ ਦੇ ਐਸ.ਐਚ.ਓ. ਖੁੱਲਰ ਨੇ ਗੁਰਚੇਤ ਸਿੰਘ ਭੁੱਲਰ ਦੇ ਦਖਲ ਦੇਣ 'ਤੇ ਦੋਵਾਂ ਸਿੰਘਾਂ ਪਿੱਪਲ ਸਿੰਘ ਤੂਫਾਨ ਤੇ ਸੁਖਦੇਵ ਸਿੰਘ ਵਲਟੋਹਾ ਦੀਆਂ ਸ਼ਹੀਦੀ ਦੇਹਾਂ ਦਿੱਤੀਆਂ। ਪੁਲਿਸ ਦੀ ਹਾਜ਼ਰੀ ਵਿੱਚ ਵਲਟੋਹਾ ਅਤੇ ਕਾਲੀਆ ਸਕੱਤਰਾ ਪਿੰਡ ਵਾਸੀਆਂ ਤੇ ਪਰਿਵਾਰਾਂ ਨੇ ਭਾਈ ਪਿੱਪਲ ਸਿੰਘ ਤੂਫਾਨ ਤੇ ਭਾਈ ਸੁਖਦੇਵ ਸਿੰਘ ਵਲਟੋਹਾ ਦੀਆਂ ਸ਼ਹੀਦੀ ਦੇਹਾਂ ਦਾ ਇਸ਼ਨਾਨ ਕਰਾ ਕੇ ਬਸਤਰ ਪਹਿਨਾ ਕੇ ਪੱਟੀ ਦੇ ਸ਼ਮਸ਼ਾਨ ਘਾਟ ਵਿੱਚ ਆਪਣੇ ਹੱਥੀਂ ਸਸਕਾਰ ਕਰ ਦਿੱਤਾ ਤੇ ਸਸਕਾਰ ਉਪਰੰਤ ਪਾਣੀ ਨਾਲ ਸਿਵਾ ਠੰਡਾ ਕਰਕੇ ਫੁੱਲ ਵੀ ਚੁਣ ਲਏ ਤੇ ਪਿੰਡ ਲੈ ਆਏ। ਭਾਈ ਪਿੱਪਲ ਸਿੰਘ ਤੂਫਾਨ ਅਤੇ ਭਾਈ ਸੁਖਦੇਵ ਸਿੰਘ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਿੰਡ ਕਾਲੀਆ ਸਕੱਤਰਾ ਦੇ ਗੁਰਦੁਆਰਾ ਸਾਹਿਬ ਵਿਖੇ ਪਾਏ ਗਏ। ਇਸ ਸਮੇਂ ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀ ਵਿੱਚ ਇਕੱਤਰ ਹੋ ਕੇ ਹਾਜ਼ਰੀ ਭਰੀ। ਸਿੱਖ ਸੰਗਤਾਂ ਦੀ ਵੱਡੀ ਗਿਣਤੀ ਜਲੂਸ ਰਾਹੀਂ ਦੋਵਾਂ ਸ਼ਹੀਦ ਸਿੰਘਾਂ ਦੇ ਫੁੱਲ ਸ੍ਰੀ ਗੋਇੰਦਵਾਲ ਸਾਹਿਬ ਜਲ ਪ੍ਰਵਾਹ ਕਰਨ ਲਈ ਪਹੁੰਚੀਆਂ।

ਸਿੱਖ ਸੰਘਰਸ਼ 'ਚ ਗੁਪਤ ਸੇਵਾ ਕਰ ਰਿਹਾ ਸੀ

ਭਾਈ ਬੋਹੜ ਸਿੰਘ ਕਾਲੀਆ ਸਕੱਤਰਾ

ਭਾਈ ਬੋਹੜ ਸਿੰਘ, ਸ਼ਹੀਦ ਭਾਈ ਪਿੱਪਲ ਤੂਫਾਨ ਕਾਲੀਆ ਸਕੱਤਰਾ ਦਾ ਵੱਡਾ ਭਰਾ ਸੀ ਤੇ ਸੁਭਾਅ ਦਾ ਬੜਾ ਸਾਊ ਤੇ ਚੁੱਪ ਰਹਿਣ ਵਾਲਾ ਸੀ। ਭਾਈ ਪਿੱਪਲ ਸਿੰਘ ਤੂਫਾਨ ਦੀ ਸ਼ਹੀਦੀ ਤੋਂ ਪਿੱਛੋਂ ਚਾਚਾ ਵਧਾਵਾ ਸਿੰਘ ਬੱਬਰ, ਮੁਖੀ ਬੱਬਰ ਖਾਲਸਾ ਜਥੇਬੰਦੀ ਦੀ ਕਮਾਂਡ ਹੇਠ ਗੁਪਤ ਰਹਿ ਕੇ ਸਿੱਖ ਸੰਘਰਸ਼ ਵਿੱਚ ਸੇਵਾ ਕਰ ਰਿਹਾ ਸੀ।

ਭਾਈ ਬੋਹੜ ਸਿੰਘ ਦਾ ਬੀਬੀ ਕੁਲਦੀਪ ਕੌਰ ਨਾਲ ਆਨੰਦ ਕਾਰਜ ਹੋਇਆ। ਵੱਡਾ ਪੁੱਤਰ ਜਨਮ ਲੈਣ ਵਾਲਾ ਸੀ ਤੇ ਸ਼ਹੀਦ ਭਾਈ ਪਿੱਪਲ ਸਿੰਘ ਵੱਡੇ ਭਰਾ ਭਾਈ ਬੋਹੜ ਸਿੰਘ ਨੂੰ ਰਾਤ ਸੁਪਨੇ ਵਿੱਚ ਮਿਲਿਆ ਤੇ ਕਹਿਣ ਲੱਗਾ ਕਿ ਭਾਊ ਸਿੰਘ ਕਦੇ ਮਰਦੇ ਨਹੀਂ। ਮੈਂ ਫਿਰ ਆ ਜਾਣਾ, ਮੇਰਾ ਨਾਂ ਫਿਰ ਪਿੱਪਲ ਸਿੰਘ ਰੱਖੀਂ। ਭਾਈ ਬੋਹੜ ਸਿੰਘ ਦੇ ਘਰ ਬੀਬੀ ਕੁਲਦੀਪ ਕੌਰ ਦੀ ਕੁੱਖੋਂ ਭੁਝੰਗੀ ਨੇ ਜਨਮ ਲਿਆ, ਜਿਸ ਦਾ ਨਾਂ ਪਿੱਪਲ ਸਿੰਘ ਰੱਖਿਆ ਗਿਆ। ਦੋ ਪੁੱਤਰੀਆਂ ਹਰਜੀਤ ਕੌਰ, ਹਰਪ੍ਰੀਤ ਕੌਰ ਹਨ। ਇਸੇ ਪਿੰਡ ਦਾ ਇਕ ਟਾਊਟ ਸੀ, ਜੋ ਖਾੜਕੂ ਸਿੰਘਾਂ ਨੂੰ ਪੁਲਿਸ ਤੇ ਸੀ.ਆਰ.ਪੀ. ਦੇ ਘੇਰੇ ਪਵਾਇਆ ਕਰਦਾ ਸੀ। ਖਾੜਕੂ ਸਿੰਘਾਂ ਵੱਲੋਂ ਸਮਝਾਉਣ 'ਤੇ ਵੀ ਉਹ ਆਪਣੀਆਂ ਸਿੱਖ ਸੰਘਰਸ਼ ਵਿਰੋਧੀ ਮੁਖਬਰੀਆਂ ਤੋਂ ਨਹੀਂ ਸੀ ਹਟਿਆ। ਭਾਈ ਪਿੱਪਲ ਸਿੰਘ ਤੂਫਾਨ ਨੇ ਇਸ ਟਾਊਟ ਨੂੰ ਸੋਧਿਆ ਸੀ। ਉਸ ਦੇ ਮੁੰਡਿਆਂ 12 ਪੋਹ 1996 ਈਸਵੀ ਨੂੰ ਸਵੇਰੇ 6 ਵਜੇ, ਜਦੋਂ ਬੋਹੜ ਸਿੰਘ ਕਿਸੇ ਰਿਸ਼ਤੇਦਾਰੀ ਵਿੱਚ ਘਰੋਂ ਤਿਆਰ ਹੋ ਕੇ ਜਾ ਰਿਹਾ ਸੀ, ਰਸਤੇ ਵਿੱਚ ਲੁਕ ਕੇ ਬੈਠੇ ਕਾਤਲਾਂ ਨੇ ਭਾਈ ਬੋਹੜ ਸਿੰਘ ਉੱਤੇ ਹਥਿਆਰਾਂ ਨਾਲ ਹਮਲਾ ਕਰ ਕੇ ਸ਼ਹੀਦ ਕਰ ਦਿੱਤਾ। ਇਸ ਸਮੇਂ (ਮਈ 2010) 'ਚ ਬੀਬੀ ਕੁਲਦੀਪ ਕੌਰ ਆਪਣੇ ਤਿੰਨ ਬੱਚਿਆਂ ਨਾਲ, ਸਹੁਰਾ ਗੁਰਚਰਨ ਸਿੰਘ ਸੱਸ ਜੋਗਿੰਦਰ ਕੌਰ ਨਾਲ ਪਿੰਡ ਕਾਲੀਆ ਸਕੱਤਰਾ ਰਹਿ ਰਹੀ ਹੈ।

ਬਾਪੂ ਗੁਰਚਰਨ ਸਿੰਘ ਦਾ ਸਰੀਰ ਬਿਰਧ ਤੇ ਬਹੁਤ ਭਾਰਾ ਹੈ ਤੇ ਸੱਸ ਮਾਤਾ ਜੋਗਿੰਦਰ ਕੌਰ ਦਾ ਚੂਲਾ ਟੁੱਟਿਆ ਹੋਇਆਂ ਹੈ, ਜੋ ਘਰੋਂ ਆਰਥਿਕ ਹਾਲਤ ਮਾੜੀ ਹੋਣ ਕਰਕੇ ਇਲਾਜ ਨਹੀਂ ਕਰਾਇਆ ਜਾ ਸਕਿਆ। ਦੋਵਾਂ ਨੂੰ ਬੀਬੀ ਕੁਲਦੀਪ ਕੌਰ ਵਲੋਂ ਸਹਾਰੇ ਦੇ ਕੇ ਅੰਦਰ ਬਾਹਰ ਕਰਨਾ ਪੈਂਦਾ ਹੈ। ਬੀਬੀ ਕੁਲਦੀਪ ਕੌਰ ਦੀ ਇਹ ਮਹਾਨ ਸੇਵਾ ਵੇਖ ਕੇ ਉਸ ਅੱਗੇ

ਸਤਿਕਾਰ ਨਾਲ ਸਿਰ ਝੁਕਾਏ ਬਿਨਾਂ ਨਹੀਂ ਰਹਿ ਸਕਦਾ। ਅਸਲ ਵਿੱਚ ਬੀਬੀ ਦੀਆਂ ਜ਼ਿੰਮੇਵਾਰੀਆਂ ਨੂੰ ਵੇਖਦਿਆਂ ਪੰਥਕ ਜਥੇਬੰਦੀਆਂ ਨੂੰ ਉਸਦੀ ਆਰਥਿਕ ਮੱਦਦ ਕਰਨੀ ਚਾਹੀਦੀ ਹੈ ਜੋ ਸਿੱਖ ਸੰਘਰਸ਼ ਪ੍ਰਤੀ ਕੁਰਬਾਨੀ ਕਰਨ ਵਾਲਿਆਂ ਪ੍ਰਤੀ ਸਾਡਾ ਫਰਜ਼ ਬਣਦਾ ਹੈ।

ਮਰਦ ਦਲੇਰ ਸੂਰਮਾ ਭਾਈ ਸਵਰਨ ਸਿੰਘ ਗ੍ਰੰਥੀ (ਕਾਲੀਆ ਸਕੱਤਰਾ)

ਜੂਨ 1984 ਦੇ ਘੱਲੂਘਾਰੇ ਤੋਂ ਪਿੱਛੋਂ ਸਿੱਖੀ ਸਵੈਮਾਣ ਦੀ ਬਹਾਲੀ ਅਤੇ ਕੌਮੀ ਘਰ ਦੀ ਪ੍ਰਾਪਤੀ ਲਈ ਜੂਝ ਰਹੀ ਸਿੱਖ ਕੌਮ ਨੂੰ ਗੁਲਾਮ ਰੱਖਣ ਦੇ ਮਨਸੂਬੇ ਨਾਲ ਸਿੱਖ ਕੌਮ ਉੱਤੇ ਜ਼ੁਲਮ ਕਰਨ ਵਾਲੀਆਂ ਹਿੰਦੋਸਤਾਨ ਦੀਆਂ ਕੇਂਦਰੀ ਫੋਰਸਾਂ ਦੇ ਪੰਜਾਬ ਦੀ ਧਰਤੀ ਉੱਤੇ ਬੰਬਾਂ ਤੇ ਹਥਿਆਰਾਂ ਬੰਦੂਕਾਂ ਨਾਲ ਪਰਖੱਚੇ ਉਡਾਉਣ ਵਾਲੇ ਸਿੰਘਾਂ ਵਿੱਚ ਇੱਕ ਮਹਾਨ ਯੋਧਾ ਹੋਇਆ ਹੈ, ਭਾਈ ਸਵਰਨ ਸਿੰਘ ਗ੍ਰੰਥੀ ਕਾਲੀਆ ਸਕੱਤਰਾ।

ਭਾਈ ਸਵਰਨ ਸਿੰਘ ਦਾ ਜਨਮ ਪਿਤਾ ਗੁਰਮੁਖ ਸਿੰਘ ਦੇ ਘਰ ਮਾਤਾ ਹਰਬੰਸ ਕੌਰ ਦੀ ਕੁੱਖੋਂ 15 ਭਾਦਰੋਂ ਸੰਨ 1971 ਵਿੱਚ ਪਿੰਡ ਕਾਲੀਆ ਸਕੱਤਰਾ, ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਵੱਡੇ ਭਰਾ ਬਲਵੀਰ ਸਿੰਘ, ਭੱਲਾ ਸਿੰਘ, ਨਿਰਮਲ ਸਿੰਘ, ਭੈਣਾਂ ਜੋਗਿੰਦਰ ਕੌਰ, ਗੁਰਮੀਤ ਕੌਰ, ਭਜਨ ਕੌਰ, ਸੁਰਜੀਤ ਕੌਰ ਹਨ। ਭਾਈ ਸਵਰਨ ਸਿੰਘ ਨੇ ਪੰਜਵੀਂ ਤੱਕ ਦੀ ਪੜ੍ਹਾਈ ਪਿੰਡ ਕਾਲੀਆ ਸਕੱਤਰਾ ਦੇ ਸਕੂਲ ਤੋਂ ਕੀਤੀ, ਅੱਠਵੀਂ ਤੱਕ ਪਿੰਡ ਦੂਲ ਦੇ ਸਕੂਲ ਤੋਂ, ਦਸਵੀਂ ਤੱਕ ਪਿੰਡ ਭੂਰੇ ਤੋਂ ਪੜ੍ਹਾਈ ਕੀਤੀ ਅਤੇ 12ਵੀਂ ਤੱਕ ਦੀ ਪੜ੍ਹਾਈ ਖੇਮਕਰਨ ਦੇ ਸਕੂਲ ਤੋਂ ਪਾਸ ਕੀਤੀ।

ਭਾਈ ਸਵਰਨ ਸਿੰਘ 12ਵੀਂ ਤੱਕ ਦੀ ਪੜ੍ਹਾਈ ਕਰਨ ਤੋਂ ਬਾਅਦ ਪਿੰਡ ਪੂੰਗੇ ਨੇੜੇ ਜਲਾਲਾਬਾਦ ਜ਼ਿਲ੍ਹਾ ਫਿਰੋਜ਼ਪੁਰ ਆਪਣੀ ਭੂਆ ਕੋਲ ਚਲੇ ਗਏ। ਆਪ ਦੇ ਫੁੱਫੜ ਗੁਣੀ-ਗਿਆਨੀ, ਭਾਈ ਦਿਆਲ ਸਿੰਘ ਜੀ ਸਨ, ਜਿਨ੍ਹਾਂ ਕੋਲ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੀ ਸੰਥਿਆ ਕੀਤੀ ਤੇ ਗੁਰਬਾਣੀ ਸ਼ਬਦਾਂ ਦੀ ਕਥਾ ਕਰਨੀ ਸਿੱਖੀ। ਸੰਨ 1985 ਵਿੱਚ ਫੁੱਫੜ ਗਿਆਨੀ ਦਿਆਲ ਸਿੰਘ ਨਾਲ ਜਾ ਕੇ ਸ੍ਰੀ ਦਰਬਾਰ ਸਾਹਿਬ ਮੁਕਤਸਰ ਤੋਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਵਿੱਚ ਪ੍ਰਪੱਕ ਹੋਏ।

ਭਾਈ ਦਿਆਲ ਸਿੰਘ ਜੀ, ਸਿੱਖ ਧਰਮ ਦੇ ਨਾਲ-ਨਾਲ, ਹਿੰਦੂ ਸਮਾਜ, ਇਸਲਾਮ ਧਰਮ ਅਤੇ ਈਸਾਈ ਧਰਮ ਦਾ ਡੂੰਘਾ ਗਿਆਨ ਰੱਖਦੇ ਸਨ। ਭਾਈ ਦਿਆਲ ਸਿੰਘ ਜੀ ਨੇ ਭਾਈ ਸਵਰਨ ਸਿੰਘ ਨੂੰ ਹਿੰਦੂ ਸਮਾਜ ਦੇ ਗ੍ਰੰਥ, ਗੀਤਾ, ਰਾਮਾਇਣ ਤੇ ਚਾਰੇ ਵੇਦ ਪੜ੍ਹਾਏ, ਇਸਲਾਮ ਧਰਮ ਦੇ ਕੁਰਾਨ ਸ਼ਰੀਫ ਦੇ ਅਰਥ ਪੜ੍ਹਾਏ, ਈਸਾਈ ਧਰਮ ਦਾ ਗ੍ਰੰਥ ਬਾਈਬਲ ਤੇ ਉਸ ਦੇ ਅਰਥ ਪੜ੍ਹਾਏ। ਸਾਰੇ ਧਰਮਾਂ ਬਾਰੇ ਗਿਆਨ ਪ੍ਰਾਪਤ

ਹੋਣ ਕਰਕੇ, ਕਿਸੇ ਵੀ ਧਰਮ ਦੇ ਬੰਦੇ/ਪ੍ਰਚਾਰਕ ਨਾਲ ਹਰ ਵਿਸ਼ੇ 'ਤੇ ਗੱਲ ਕਰ ਸਕਦੇ ਸਨ। ਸਿੱਖ ਧਰਮ ਦੀਆਂ ਮਹਾਨ ਖੂਬੀਆਂ ਤੋਂ ਜਾਣੂ ਕਰਵਾ ਸਕਦੇ ਸਨ ਤੇ ਉਸ ਦੇ ਧਰਮ ਬਾਰੇ ਵੀ ਜਾਣੂ ਕਰਵਾ ਸਕਦੇ ਸਨ ਕਿ ਭਾਈ ਤੇਰਾ ਧਰਮ ਮਨੁੱਖ ਨੂੰ ਇਹ ਉਪਦੇਸ਼ ਦਿੰਦਾ ਹੈ ਤੇ ਸਾਡਾ ਸਿੱਖ ਧਰਮ ਮਨੁੱਖ ਨੂੰ ਇਹ ਉਪਦੇਸ਼ ਦਿੰਦਾ ਹੈ।

ਭਾਈ ਸਵਰਨ ਸਿੰਘ ਨੇ 1 ਸਾਲ ਲੁਧਿਆਣਾ ਸ਼ਹਿਰ 'ਚ ਫੈਕਟਰੀ ਵਿੱਚ ਨੌਕਰੀ ਕੀਤੀ। ਇਸ ਫੈਕਟਰੀ ਦਾ ਮਾਲਕ ਈਸਾਈ ਧਰਮ ਦਾ ਪ੍ਰਚਾਰਕ ਸੀ ਤੇ ਉਥੋਂ ਦਾ ਮਹੌਲ ਈਸਾਈ ਮੱਤ ਅਨੁਸਾਰ ਸੀ। ਉਥੇ ਈਸਾਈ ਮੱਤ ਦੀਆਂ ਪ੍ਰਚਾਰਕ ਬੀਬੀਆਂ ਜਿਨ੍ਹਾਂ ਨੂੰ ਮਦਰ ਕਹਿੰਦੇ ਹਨ, ਅਕਸਰ ਹੀ ਧਰਮ ਦੇ ਵਿਸ਼ੇ 'ਤੇ ਭਾਈ ਸਵਰਨ ਸਿੰਘ ਨਾਲ ਸੰਵਾਦ ਰਚਾ ਲੈਂਦੀਆਂ ਸਨ। ਭਾਈ ਸਵਰਨ ਸਿੰਘ ਹਮੇਸ਼ਾਂ ਗੱਲਬਾਤ, ਸੰਵਾਦ, ਧਰਮ ਦੇ ਵਿਸ਼ੇ ਉੱਤੇ ਜੇਤੂ ਰਹਿੰਦੇ ਸਨ। ਈਸਾਈ ਮੱਤ ਦੀਆਂ ਪ੍ਰਚਾਰਕ ਮਦਰਾਂ ਕਹਿੰਦੀਆਂ ਸਨ ਕਿ ਭਾਈ ਸਵਰਨ ਸਿੰਘ ਤੂੰ ਬਹੁਤ ਵਧੀਆ ਈਸਾਈ ਧਰਮ ਦਾ.ਪ੍ਰਚਾਰ ਕਰ ਸਕਦਾਂ, ਅਸੀਂ ਆਪਣੇ ਖਰਚੇ 'ਤੇ ਅਮਰੀਕਾ ਲੈ ਜਾਂਦੀਆਂ। ਤੇਰੀ ਵਧੀਆ ਤਨਖਾਹ ਅਤੇ ਜ਼ਿੰਦਗੀ ਦੀਆਂ ਸਹੂਲਤਾਂ ਦੀ ਜ਼ਿੰਮੇਵਾਰੀ ਸਾਡੀ ਹੋਵੇਗੀ। ਤੇਰੀ ਸ਼ਾਦੀ ਦੀ ਜ਼ਿੰਮੇਵਾਰੀ ਸਾਡੀ ਹੋਵੇਗੀ, ਰਿਹਾਇਸ਼, ਕੋਠੀ, ਗੱਡੀ, ਸੇਵਾਦਾਰ ਵੀ ਦਿੱਤੇ ਜਾਣਗੇ। ਤੇਰੇ ਬੱਚਿਆਂ ਦੀ ਪੜ੍ਹਾਈ ਵੀ ਮੁਫਤ ਹੋਵੇਗੀ। ਤੂੰ ਆਪਣੇ ਮਾਤਾ ਪਿਤਾ ਨੂੰ ਆਪਣੇ ਕੋਲ ਰੱਖ ਸਕਦਾਂ ਉਨ੍ਹਾਂ ਦੀ ਸੇਵਾ ਵੀ ਮੁਫਤ ਹੋਵੇਗੀ। ਸਵਰਨ ਸਿੰਘ ਤੇਰਾ ਕੋਈ ਖਰਚਾ ਨਹੀਂ ਲੱਗੇਗਾ। ਅਸੀਂ ਤੈਨੂੰ ਈਸਾਈ ਧਰਮ ਦਾ ਪ੍ਰਚਾਰ ਕਰਨ ਦੀ ਡਿਊਟੀ ਦਿਵਾ ਦੇਵਾਂਗੀਆਂ। ਪਰ ਉਹਨਾਂ ਨੂੰ ਕੀ ਪਤਾ ਸੀ ਕਿ ਸਿੱਖੀ ਸਿਰ ਦੇ ਕੇ ਮਿਲਦੀ ਹੈ, ਪੈਸੇ ਨਾਲ ਨਹੀਂ। ਉਸ ਦਾ ਕਹਿਣਾ ਸੀ ਕਿ ਭੈਣੋ ਬੰਦਾ ਗਲਤ ਹੋ ਸਕਦਾ ਹੈ। ਸੱਚਾ ਪ੍ਰਮੇਸ਼ਰ/ ਅਕਾਲ ਪੁਰਖ ਵਾਹਿਗੁਰੂ ਗਲਤ ਨਹੀਂ। ਪ੍ਰਮਾਤਮਾ, ਅਕਾਲ ਪੁਰਖ ਨੇ ਜਿਸ ਧਰਮ ਵਿੱਚ ਜਨਮ ਦਿੱਤਾ ਹੈ, ਉਸ ਵਿੱਚ ਪ੍ਰਪੱਕ ਰਹਿਣਾ ਹੀ ਧਰਮ ਹੈ। ਮੈਂ ਫਿਰ ਸਿੱਖ ਧਰਮ ਛੱਡ ਕੇ, ਈਸਾਈ ਧਰਮ ਦਾ ਪ੍ਰਚਾਰਕ ਕਿਉਂ ਬਣਾਂ। ਭਾਈ ਸਵਰਨ ਸਿੰਘ ਇਕ ਸਾਲ ਬਾਅਦ ਨੌਕਰੀ ਛੱਡ ਕੇ ਲੁਧਿਆਣਾ ਤੋਂ ਆਪਣੇ ਪਿੰਡ ਕਾਲੀਆ ਸਕੱਤਰਾ ਆ ਗਿਆ। ਪਿੰਡ ਦੇ ਗੁਰਦੁਆਰਾ ਸਾਹਿਬ ਦੀ ਸੇਵਾ ਕਰਵਾਈ। ਪਿੰਡ ਦੇ ਗੁਰਦੁਆਰਾ ਸਾਹਿਬ ਗ੍ਰੰਥੀ ਸਿੰਘ ਦੇ ਤੌਰ 'ਤੇ ਸੇਵਾ ਨਿਭਾਈ ਤੇ ਕੁਝ ਚਿਰ ਡਾਕਖਾਨੇ ਦੀ ਨੌਕਰੀ ਵੀ ਕੀਤੀ।

ਜੂਨ 1984 ਦੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਉੱਪਰ ਹਿੰਦੂ ਹਕੂਮਤ ਵੱਲੋਂ ਵਰਤਾਏ ਗਏ ਖੂਨੀ ਘੱਲੂਘਾਰੇ ਦੀ ਰੇਡੀਓ ਤੋਂ ਖਬਰ ਸੁਣ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚਣ ਲਈ ਪਿੰਡ ਕਾਲੀਆ ਸਕੱਤ੍ਰਾ ਤੋਂ ਪੰਜ ਸਿੰਘ ਤੁਰੇ ਸਨ, ਉਨ੍ਹਾਂ ਸਿੰਘਾਂ ਵਿੱਚ ਭਾਈ ਸਵਰਨ ਸਿੰਘ ਗ੍ਰੰਥੀ, ਵੱਡਾ ਭਰਾ ਭਾਈ ਬਲਵੀਰ ਸਿੰਘ, ਭਾਈ ਅਕਬਰ ਸਿੰਘ, ਭਾਈ ਮੁਖਤਿਆਰ ਸਿੰਘ, ਭਾਈ ਬਗੀਚਾ ਸਿੰਘ ਖਾਲਸਾ ਜਦੋਂ ਬੀੜ ਬਾਬਾ ਬੁੱਢਾ ਸਾਹਿਬ ਵਾਲੇ ਗੇਟ ਜੀ.ਟੀ.ਰੋਡ ਪਹੁੰਚੇ, ਫੌਜ ਨੇ ਜ਼ਬਰਦਸਤ

ਨਾਕਾਬੰਦੀ ਕੀਤੀ ਹੋਈ ਸੀ ਤੇ ਹੋਰ ਵੀ ਹਜ਼ਾਰਾਂ ਸਿੰਘਾਂ ਨੂੰ ਸੰਗੀਨਾਂ ਦੇ ਜ਼ੋਰ ਨਾਲ ਜਲੀਲ ਕਰਦਿਆਂ ਪਿੱਛੇ ਮੁੜਨ ਲਈ ਮਜਬੂਰ ਕਰ ਦਿੱਤਾ। ਉਸ ਸਮੇਂ ਸਿੱਖ ਗੱਭਰੂ ਖਾਲੀ ਹੱਥ ਹੋਣ ਕਰਕੇ ਵਾਪਸ ਮੁੜ ਆਏ ਸਨ। ਪਰ ਇਨ੍ਹਾਂ ਹਜ਼ਾਰਾਂ ਸਿੱਖ ਨੌਜਵਾਨਾਂ ਸੌਂਹ ਖਾਧੀ ਸੀ ਕਿ ਜੀਆਂਗੇ ਜਾਂ ਮਰਾਂਗੇ, ਧਰਮ ਦੀ ਰਾਖੀ ਕਰਾਂਗੇ।

ਵਾਪਸ ਮੁੜਨ ਵਾਲੇ ਸਿੱਖ ਟਿਕ ਕੇ ਨਹੀਂ ਸੀ ਬੈਠੇ। ਜਿਵੇਂ ਵੀ ਹੋ ਸਕਿਆ, ਹਥਿਆਰ ਪ੍ਰਾਪਤ ਕੀਤੇ ਤੇ ਹਿੰਦੁਸਤਾਨੀ ਫੋਰਸਾਂ, ਜਿਹੜੀਆਂ ਸਿੱਖਾਂ ਦਾ ਸ਼ਿਕਾਰ ਖੇਡਦੀਆਂ ਸਨ, ਜਾਂ ਜਿਹੜੇ ਹਿੰਦ ਸਰਕਾਰ ਦੇ ਸੂਹੀਏ ਸਨ ਜਿਹੜੇ ਸਿੱਖ ਕੌਮ ਦੀਆਂ ਵਧੀਕੀਆਂ ਕਰਨ ਦੇ ਭਾਗੀਦਾਰ ਸਨ, ਉਨ੍ਹਾਂ ਨੂੰ ਵੇਲੇ ਕੁਵੇਲੇ ਲੋਹੇ ਦੇ ਚਣੇ ਚਬਾਉਣ ਲੱਗੇ। ਸਿੱਖ ਗੱਭਰੂ ਸਿਰਾਂ 'ਤੇ ਕਫਨ ਬੰਨ੍ਹ ਕੇ ਮੈਦਾਨੇ-ਜੰਗ ਵਿੱਚ ਨਿੱਤਰ ਆਏ। ਦਿਨ ਛਿਪਦੇ ਹੀ ਸਿੱਖ ਨੌਜਵਾਨ ਨੇੜੇ ਪਿੰਡਾਂ ਦੇ ਇਕੱਠੇ ਹੋ ਜਾਂਦੇ ਤੇ ਆਪਣੀ ਯੁਧਨੀਤੀ ਤੇ ਰਣਨੀਤੀ ਦੀਆਂ ਵਿਉਂਤਾਂ ਸੋਚਦੇ ਤੇ ਕੌਮੀ ਸੰਘਰਸ਼ ਲਈ ਡਿਊਟੀਆਂ ਦੀ ਵੰਡ ਕਰਦੇ। ਇਸੇ ਲੜੀ ਵਿੱਚ ਹੀ ਆਉਂਦੇ ਸਨ, ਭਾਈ ਪਿੱਪਲ ਸਿੰਘ ਤੂਫਾਨ, ਭਾਈ ਅਨਾਰ ਸਿੰਘ ਪਾੜ੍ਹਾ, ਭਾਈ ਸਵਰਨ ਸਿੰਘ ਗ੍ਰੰਥੀ, ਭਾਈ ਅਕਬਰ ਸਿੰਘ, ਭਾਈ ਬਗੀਚਾ ਸਿੰਘ ਖਾਲਸਾ, ਭਾਈ ਵਿਰਸਾ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਸ਼ਿੰਦਰ ਸਿੰਘ, ਭਾਈ ਸਰਦੂਲ ਸਿੰਘ, ਭਾਈ ਜਰਨੈਲ ਸਿੰਘ, ਭਾਈ ਰਾਜ ਸਿੰਘ, ਭਾਈ ਸਤਨਾਮ ਸਿੰਘ, ਭਾਈ ਸ਼ਿੰਦਾ ਸਿੰਘ, ਭਾਈ ਸਾਹਿਬ ਸਿੰਘ, ਭਾਈ ਸ਼ਲਵਿੰਦਰ ਸਿੰਘ ਕਾਲੀਆ ਸਕੱਤਰਾ, ਭਾਈ ਕੇਵਲ ਸਿੰਘ ਦੂਹਲ ਕੋਹਨਾ, ਭਾ. ਸੁਰਜੀਤ ਸਿੰਘ ਝੱਖੜ, ਭਾਈ ਜਸਕਰਨ ਸਿੰਘ ਕਾਲਾ, ਭਾਈ ਰਸਾਲ ਸਿੰਘ, ਭਾਈ ਜੋਗਾ ਸਿੰਘ, ਭਾਈ ਗੁਰਨਾਮ ਸਿੰਘ, ਭਾਈ ਸਰਾਜ ਸਿੰਘ ਠੱਠੀ ਜੈਮਲ ਸਿੰਘ ਦੇ ਗੱਭਰੂ ਸਨ, ਜਿਨ੍ਹਾਂ ਹਕੂਮਤੀ ਪੁਰਜ਼ਿਆਂ ਦਾ ਨੱਕ ਵਿੱਚ ਦਮ ਕਰ ਛੱਡਿਆ ਸੀ। ਇਹ ਵਰਨਣਯੋਗ ਹੈ ਕਿ ਜਦੋਂ ਉਸ ਸਮੇਂ ਦੀਆਂ ਅਖਬਾਰਾਂ ਨੂੰ ਫਰੋਲ ਕੇ ਵੇਖਿਆ ਜਾਂਦਾ ਹੈ ਤਾਂ ਇਹ ਪਤਾ ਲੱਗਦਾ ਹੈ ਕਿ ਸਭ ਤੋਂ ਵੱਧ ਸੇਵਾ ਬਾਰਡਰ 'ਤੇ ਆਉਣ ਜਾਣ ਦੀ ਇਨ੍ਹਾਂ ਸਿੰਘਾਂ ਦੇ ਹਿੱਸੇ ਆਈ ਹੈ ਤੇ ਹਿੰਦੁਸਤਾਨੀ ਫੋਰਸਾਂ ਦੀਆਂ ਗੱਡੀਆਂ ਤੇ ਚੌਂਕੀਆਂ ਉੱਤੇ ਹਮਲਾ ਕਰ ਕੇ ਇਸ ਇਲਾਕੇ ਵਿੱਚ ਇਨ੍ਹਾਂ ਸਿੰਘਾਂ ਨੇ ਉਡਾਈਆਂ ਹਨ। ਪਿੰਡ ਭੰਡਾਲ ਦੇ ਮੁਕਾਬਲੇ ਵਿੱਚ, ਭਾਈ ਜਸਕਰਨ ਸਿੰਘ ਕਾਲਾ ਠੱਠੀ ਜੈਮਲ ਸਿੰਘ, ਭਾਈ ਅਮਰਜੀਤ ਸਿੰਘ ਅੰਬਾ, ਤੇ ਭਾਈ ਸਵਰਨ ਸਿੰਘ ਗ੍ਰੰਥੀ ਪੰਜਾਬ ਪੁਲਿਸ ਅਤੇ ਸੀ.ਆਰ.ਪੀ. ਦੇ ਜ਼ਬਰਦਸਤ ਘੇਰੇ ਵਿੱਚ ਆ ਗਏ। ਭਾਈ ਜਸਕਰਨ ਸਿੰਘ ਕਾਲਾ ਨੇ ਕਿਹਾ ਕਿ ਭਾਈ ਸਵਰਨ ਸਿੰਘ, ਮੈਂ ਤੇ ਭਾਈ ਅਮਰਜੀਤ ਸਿੰਘ ਅੰਬਾ ਜਿੰਨਾ ਚਿਰ ਸਾਡੇ ਕੋਲ ਗੋਲੀ ਸਿੱਕਾ ਹੈ, ਡੱਟ ਕੇ ਮੁਕਾਬਲਾ ਕਰਾਂਗੇ.ਤੇ ਸ਼ਹੀਦੀ ਪਾਉਣ ਦਾ ਸਮਾਂ ਆ ਗਿਆ ਹੈ। ਦੁਸ਼ਮਣ ਦੇ ਇੰਨੇ ਵੱਡੇ ਘੇਰੇ ਨੂੰ ਤੋੜ ਕੇ ਨਿਕਲਣਾ ਸੌਖਾ ਨਹੀਂ ਹੈ। ਸਵਰਨ ਸਿੰਘ, ਤੇਰੇ ਬਚਾਅ ਲਈ ਤੇਰੇ ਕੋਲ ਡਾਕਖਾਨੇ ਦੇ ਕਾਗਜ਼/ਸਬੂਤ ਹਨ, ਇਹ ਤੇਰੀ ਮਦਦ ਕਰਨਗੇ ਤੇ ਤੂੰ ਇਨ੍ਹਾਂ

ਦੇ ਸਹਾਰੇ ਬਚ ਸਕਦਾਂ ਤੇ ਇਹ ਇਸ ਵਾਸਤੇ ਜ਼ਰੂਰੀ ਹੈ ਕਿ ਸਾਡੀ ਸ਼ਹੀਦੀ ਤੋਂ ਪਿੱਛੋਂ ਆਪਣੇ ਜਥੇ ਦੀ ਕਮਾਂਡ ਤੂੰ ਕਰਨੀ ਹੋਵੇਗੀ ਤੇ ਸੰਘਰਸ਼ ਜਾਰੀ ਰੱਖਣਾ ਹੋਵੇਗਾ, ਇਹ ਸਮੇਂ ਦੀ ਮੰਗ ਤੇ ਰਣਨੀਤੀ ਵੀ ਹੈ। ਇਸ ਰਣਨੀਤੀ ਅਨੁਸਾਰ ਭਾਈ ਸਵਰਨ ਸਿੰਘ ਗ੍ਰੰਥੀ ਨੂੰ ਘੇਰੇ ਵਾਲੀ ਜਗ੍ਹਾ ਤੋਂ ਹੋਰ ਘਰ ਭੇਜ ਦਿੱਤਾ ਗਿਆ। ਪੁਲਿਸ, ਸੀ.ਆਰ.ਪੀ. ਤੇ ਸਿੰਘਾਂ ਵਿਚਾਲੇ ਮੁਕਾਬਲਾ ਸ਼ੁਰੂ ਹੋ ਗਿਆ। ਕਈ ਘੰਟੇ ਦੋਹੀਂ ਪਾਸੀਂ ਗੋਲੀ ਚੱਲਦੀ ਰਹੀ। ਇਕ ਪਾਸੇ ਦੋ ਸਿੰਘ ਤੇ ਦੂਜੇ ਪਾਸੇ ਹਿੰਦੁਸਤਾਨੀ ਫੋਰਸਾਂ ਦੇ ਹਜ਼ਾਰਾਂ ਜਵਾਨ ਸਨ। ਤਨਖਾਹਾਂ 'ਤੇ ਲੜਨ ਵਾਲੇ ਆਪਣਾ ਬਚਾਅ ਕਰ ਕੇ ਲੜ ਰਹੇ ਸਨ ਤੇ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ— ਸੂਰਾ ਸੋ ਪਹਿਚਾਨੀਐ ਜੁ ਲੜੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ ॥ ਮੁਤਾਬਿਕ ਜੂਝ ਕੇ ਸ਼ਹੀਦੀ ਪਾ ਗਏ ਸਨ। ਇਸ ਮੁਕਾਬਲੇ ਵਿੱਚ ਭਾਈ ਜਸਕਰਨ ਸਿੰਘ ਕਾਲਾ ਤੇ ਭਾਈ ਅਮਰਜੀਤ ਸਿੰਘ ਅੰਬਾ ਦੇ ਸ਼ਹੀਦ ਹੋ ਜਾਣ ਤੋਂ ਪਿੱਛੋਂ ਪੁਲਿਸ ਤੇ ਸੀ.ਆਰ.ਪੀ. ਵੱਲੋਂ ਪਿੰਡ ਦੀ ਤਲਾਸ਼ੀ ਲੈਣ ਤੋਂ ਟਾਲਾ ਹੀ ਰੱਖਿਆ ਗਿਆ ਕਿ ਕਿਤੇ ਫਿਰ ਨਾ ਡੂੰਮਣਾ ਮਖੀਰ ਨਾਲ ਪੰਗਾ ਪੈ ਜਾਵੇ। ਉਨ੍ਹਾਂ ਦੇ ਤਾਂ ਪਹਿਲਾਂ ਹੀ ਇਕ 18 ਸਾਲ ਤੇ ਇਕ 13 ਕੁ ਸਾਲ ਦੇ ਭੁਝੰਗੀ ਨੇ ਦੰਦ ਖੱਟੇ ਕਰ ਦਿੱਤੇ ਸਨ ਤੇ ਜਿੰਨਾ ਚਿਰ ਨੱਕ 'ਚ ਦਮ ਰਿਹਾ ਨੇੜੇ ਨਹੀਂ ਸੀ ਢੁੱਕਣ ਦਿੱਤਾ। ਇਸ ਮੁਕਾਬਲੇ ਵਿੱਚ ਭਾਈ ਸਵਰਨ ਸਿੰਘ ਬਚ ਗਏ ਤੇ ਸਿੰਘਾਂ ਨੇ ਸ਼ਹੀਦ ਭਾਈ ਜਸਕਰਨ ਸਿੰਘ ਕਾਲਾ ਦੀ ਥਾਂ ਤੇ ਜਥੇਬੰਦੀ ਦਾ ਏਰੀਆ ਕਮਾਂਡਰ ਬਣਾ ਦਿੱਤਾ। ਜਥੇ ਦੀ ਸਾਰੀ ਜ਼ਿੰਮੇਵਾਰੀ ਭਾਈ ਸਵਰਨ ਸਿੰਘ ਦੇ ਮੋਢਿਆਂ 'ਤੇ ਸੀ, ਇਸ ਸਮੇਂ ਇਹ ਸਿੰਘ ਖਾਲਿਸਤਾਨ ਕਮਾਂਡੋ ਫੋਰਸ ਜ਼ਫਰਵਾਲ ਦੀ ਕਮਾਂਡ ਹੇਠ ਕੰਮ ਕਰ ਰਹੇ ਸਨ। ਇਸ ਪਿੱਛੋਂ ਖਾਲਿਸਤਾਨ ਕਮਾਂਡੋ ਫੋਰਸ ਵੱਲੋਂ ਭਾਈ ਸਵਰਨ ਸਿੰਘ ਨੂੰ ਲੈਫਟੀਨੈਂਟ ਜਨਰਲ ਬਣਾ ਦਿੱਤਾ ਗਿਆ। ਇਸ ਸਮੇਂ ਭਾਈ ਸਵਰਨ ਸਿੰਘ ਦੇ ਨਾਲ ਰਹਿਣ ਵਾਲੇ ਸਿੰਘਾਂ ਵਿੱਚ ਭਾਈ ਰਸਾਲ ਸਿੰਘ ਠੱਠੀ ਜੈਮਲ ਸਿੰਘ, ਭਾਈ ਸੁਰਜੀਤ ਸਿੰਘ ਝੱਖੜ ਠੱਠੀ ਜੈਮਲ ਸਿੰਘ, ਡਾਕਟਰ ਹਰਬੰਸ ਸਿੰਘ ਢੋਲਣ (ਜੋ ਮੈਂਟਲ ਹਸਪਤਾਲ ਦਾ ਸੀਨੀਅਰ ਡਾਕਟਰ ਸੀ) ਭਾਈ ਜੈਮਲ ਸਿੰਘ ਫੌਜੀ ਢੋਲਣ, ਭਾਈ ਬਗੀਚਾ ਸਿੰਘ ਖਾਲਸਾ, ਭਾਈ ਅਕਬਰ ਸਿੰਘ, ਭਾਈ ਸੁਖਦੇਵ ਸਿੰਘ ਸੁੱਖਾ ਕਾਲੀਆ ਸਕੱਤਰਾ ਪ੍ਰਮੁੱਖ ਸਿੰਘ ਸਨ ਜੋ ਭਾਈ ਸਵਰਨ ਸਿੰਘ ਨਾਲ ਸਿੱਖ ਸੰਘਰਸ਼ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਬਾਰਡਰ ਪਾਰ ਵੀ ਜਾਂਦੇ ਸਨ। ਜਦੋਂ ਭਾਈ ਸਵਰਨ ਸਿੰਘ ਦੇ ਜਥੇ ਨੇ ਪਾਰ ਜਾਣਾ ਜਾਂ ਆਉਣਾ ਹੁੰਦਾ ਸੀ, ਸਭ ਤੋਂ ਪਹਿਲਾਂ ਜੋੜੇ ਲਾਹ ਕੇ ਅਰਦਾਸ ਕਰਦੇ ਸਨ ਕਿ ਸੱਚੇ ਪਾਤਸ਼ਾਹ ਵਾਹਿਗੁਰੂ ਜੀਓ, ਸਿੰਘਾਂ ਦੇ ਅੰਗ ਸੰਗ ਸਹਾਈ ਹੋਣਾ। ਅਰਦਾਸ ਉਪਰੰਤ ਸਾਰੇ ਭਾਈ ਸਵਰਨ ਸਿੰਘ ਅੱਗੇ ਤੁਰ ਪੈਂਦੇ ਤੇ ਸਿੰਘਾਂ ਨੂੰ ਕਹਿੰਦੇ ਕਿ ਮੇਰੇ ਪਿੱਛੇ ਨੰਗੇ ਪੈਰੀਂ, ਵਾਹਿਗੁਰੂ ਦੇ ਸਿਮਰਨ ਕਰਦੇ ਤੁਰੇ ਆਓ। ਭਾਈ ਸਵਰਨ ਸਿੰਘ ਅੱਗੇ ਅੱਗੇ ਗੁਰਬਾਣੀ ਦਾ ਪਾਠ ਕਰਦੇ ਜਾਂਦੇ ਸਨ ਤੇ ਆਉਂਦੇ ਵੀ ਵਾਹਿਗੁਰੂ ਦੇ ਆਸਰੇ

ਬਾਰਡਰ ਦੀ ਸਰਹੱਦ ਪਾਰ ਕਰਦੇ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਭਾਈ ਸਵਰਨ ਸਿੰਘ ਗ੍ਰੰਥੀ ਨੂੰ ਕਈ ਵਾਰੀ ਇਸਲਾਮ ਧਰਮ ਅਤੇ ਸਿੱਖ ਧਰਮ ਬਾਰੇ ਵਿਚਾਰ ਕਰਨ ਲਈ ਮੌਲਵੀ ਮਿਲਣ ਆਉਂਦੇ ਤੇ ਦੋਵਾਂ ਧਰਮਾਂ ਦੇ ਲੋਕਾਂ ਦੀ ਇਕ ਅਕਾਲ ਪੁਰਖ, ਅੱਲ੍ਹਾ, ਵਾਹਿਗੁਰੂ ਨੂੰ ਮੰਨਣ ਤੇ ਗੁਰੂ ਸਾਹਿਬਾਨ ਅਤੇ ਮੁਸਲਮਾਨ ਸੰਤਾਂ ਦੀ ਨੇੜਤਾ ਤੋਂ ਜਾਣੂ ਹੋ ਕੇ ਆਪਣੇ ਸ਼ੰਕੇ ਨਵਿਰਤ ਕਰ ਕੇ ਜਾਂਦੇ ਸਨ।

ਜਦੋਂ ਫਸਲਾਂ ਵੱਢੀਆਂ ਜਾਂਦੀਆਂ ਹਨ ਤਾਂ ਪੰਜਾਬ ਦੀ ਧਰਤੀ ਮੈਦਾਨੀ ਹੋਣ ਕਰਕੇ, ਖਰਗੋਸ਼ ਦੇ ਲੁਕਣ ਦੀ ਵੀ ਥਾਂ ਨਹੀਂ ਹੁੰਦੀ। ਅਜਿਹੇ ਹਾਲਾਤ ਵਿੱਚ, ਹਕੂਮਤ ਦੇ ਬਾਗੀਆਂ, ਖਾੜਕੂਆਂ ਦਾ ਪੇਂਡੂ ਇਲਾਕਿਆਂ ਵਿੱਚ ਵਿਚਰਨਾ ਔਖਾ ਹੋ ਜਾਂਦਾ ਹੈ। ਖਾੜਕੂਆਂ ਨੂੰ ਵਕਤ ਲੰਘਾਉਣ ਲਈ ਨਵੇਂ ਤਰੀਕੇ ਸੋਚਣੇ ਪੈਂਦੇ ਹਨ। ਇਸ ਮੁਤਾਬਿਕ ਭਾਈ ਸੁਰਜੀਤ ਸਿੰਘ ਝੱਖੜ ਅਤੇ ਭਾਈ ਸਵਰਨ ਸਿੰਘ ਗ੍ਰੰਥੀ, ਸ੍ਰੀ ਅੰਮ੍ਰਿਤਸਰ ਸ਼ਹਿਰ ਵਿੱਚ ਕਿਰਾਏ 'ਤੇ ਮਕਾਨ ਲੈ ਕੇ ਰਹਿ ਰਹੇ ਸਨ ਤੇ ਅਖੰਡ ਪਾਠਾਂ ਦੀਆਂ ਡਿਊਟੀਆਂ ਕਰਦੇ ਸਨ। ਸਾਰੇ ਗੁਆਂਢੀ ਅਤੇ ਮਕਾਨ ਮਾਲਕ ਉਨ੍ਹਾਂ ਨੂੰ ਗ੍ਰੰਥੀ ਸਿੰਘ ਹੀ ਸਮਝਦੇ ਸਨ। ਭਾਈ ਸਵਰਨ ਸਿੰਘ, ਰਾਮ ਸਿੰਘ ਗ੍ਰੰਥੀ ਅਤੇ ਭਾਈ ਸੁਰਜੀਤ ਸਿੰਘ, ਸੀਤਲ ਸਿੰਘ ਗ੍ਰੰਥੀ ਪੁੱਤਰ ਕਰਤਾਰ ਸਿੰਘ ਪਿੰਡ ਕਾਲੀਆ ਸਕੱਤਰਾ ਦੇ ਨਾਂ ਹੇਠ ਰਹਿ ਰਹੇ ਸਨ। ਇਥੇ ਡਾਕਟਰ ਹਰਬੰਸ ਸਿੰਘ ਢੋਲਣ ਰੋਟੀ ਲੈ ਕੇ ਆਉਂਦਾ ਹੁੰਦਾ ਸੀ। ਇਕ ਦਿਨ ਜਦੋਂ ਉਹ ਰੋਟੀ ਲੈ ਕੇ ਆ ਰਿਹਾ ਸੀ ਤਾਂ ਦੋਵਾਂ ਸਿੰਘਾਂ ਨੂੰ ਸ਼ੱਕ ਦੇ ਆਧਾਰ 'ਤੇ ਪੁਲਿਸ ਗ੍ਰਿਫਤਾਰ ਕਰਕੇ ਲਿਜਾਣ ਲੱਗੀ ਸੀ ਤਾਂ ਡਾ. ਹਰਬੰਸ ਸਿੰਘ ਨੇ ਪੁਲਿਸ ਨੂੰ ਇੰਨਾ ਕਿਹਾ ਕਿ ਸਾਹਿਬ ਬਹਾਦਰ ਮੈਂ ਇਨ੍ਹਾਂ ਨੂੰ ਜਾਣਦਾ ਹਾਂ, ਕਾਲੀਆ ਸਕੱਤਰਾ ਦੇ ਕਰਤਾਰ ਸਿੰਘ ਦੇ ਮੁੰਡੇ ਹਨ ਤੇ ਪਾਠਾਂ ਦੀ ਡਿਊਟੀ ਕਰਕੇ ਗੁਜ਼ਾਰਾ ਕਰਨ ਵਾਲੇ ਹਨ। ਪੁਲਿਸ ਨੇ ਮਕਾਨ ਦੀ ਤਲਾਸ਼ੀ ਲਈ ਸੀ, ਜਿਥੋਂ ਕੋਈ ਵੀ ਇਤਰਾਜ਼ ਯੋਗ ਚੀਜ਼ ਜਾਂ ਹਥਿਆਰ ਨਹੀਂ ਸੀ ਮਿਲਿਆ। ਧਾਰਮਿਕ ਗ੍ਰੰਥ ਤੇ ਪੁਸਤਕਾਂ ਮਿਲੀਆਂ ਸਨ ਜੋ ਅਧਿਆਤਮਕ ਗਿਆਨ ਅਤੇ ਸਾਰੇ ਧਰਮਾਂ ਨਾਲ ਸਬੰਧਤ ਸਨ। ਪੁਲਿਸ ਦੋਵਾਂ ਸਿੰਘਾਂ ਨੂੰ ਨੇੜੇ ਥਾਣੇ ਲੈ ਗਈ। ਉਸ ਦਿਨ ਪਿੰਡ ਕਾਲੀਆ ਸਕੱਤਰਾ ਦੇ ਗੁਰਦੁਆਰਾ ਸਾਹਿਬ ਦਾ ਨਿਸ਼ਾਨ ਸਾਹਿਬ ਲੈਣ ਵਾਸਤੇ ਪਿੰਡ ਦੀ ਪੰਚਾਇਤ ਤੇ ਗੁਰਦੁਆਰਾ ਕਮੇਟੀ ਦੇ ਮੋਹਤਬਰ ਬੰਦੇ ਆਏ ਸਨ। ਡਾ. ਹਰਬੰਸ ਸਿੰਘ ਦਾ ਉਹਨਾਂ ਨਾਲ ਮੇਲ ਹੋ ਗਿਆ ਤੇ ਦੱਸਿਆ ਕਿ ਸਵਰਨ ਸਿੰਘ ਤੇ ਸੁਰਜੀਤ ਸਿੰਘ ਨੂੰ ਪੁਲਿਸ ਫੜ੍ਹ ਕੇ ਲੈ ਗਈ ਹੈ। ਆਪਾਂ ਹਿੰਮਤ ਕਰ ਕੇ ਮਿਲੀਏ ਤੇ ਪੁਲਿਸ ਕੋਲ ਸਫਾਈ ਦੇ ਕੇ ਛੁਡਾ ਲਈਏ। ਮੋਹਤਬਰ ਬੰਦੇ ਡਾ. ਹਰਬੰਸ ਸਿੰਘ ਨਾਲ ਸਬੰਧਤ ਥਾਣੇ ਗਏ ਤੇ ਪੁਲਿਸ ਨੂੰ ਮਿਲ ਕੇ ਦੋਵਾਂ ਸਿੰਘਾਂ ਦੀ ਸਫਾਈ ਦੇ ਕੇ ਛੁਡਾ ਲਿਆ। ਇਸ ਕੇਸ ਤੇ ਸਫਾਈ ਦੇ ਕੇ ਛੁਡਾਉਣ ਦੇ ਕਾਂਡ ਨੂੰ ਪਿੰਡ ਵਿੱਚ ਹੀ ਗੁਪਤ ਰੱਖਿਆ ਗਿਆ। ਜਿਸ ਕਰਕੇ ਦੋਵੇਂ ਸਿੰਘ ਉਸ ਮਕਾਨ ਵਿੱਚ ਪੂਰੀ ਹੁਸ਼ਿਆਰੀ ਨਾਲ ਹੋਰ ਸਮਾਂ ਵੀ ਠਹਿਰੇ ਰਹਿ ਕੇ ਪੁਲਿਸ ਤੇ ਮਕਾਨ ਮਾਲਕ

ਨੂੰ ਸ਼ੱਕ ਨਾ ਹੋ ਜਾਵੇ ਕਿ ਇਹ ਆਮ ਗ੍ਰੰਥੀ ਨਹੀਂ ਚੋਟੀ ਦੇ ਖਾੜਕੂ ਸਨ। ਇਸ ਗੱਲ ਤੇ ਹਕੀਕਤ 'ਤੇ ਪੜ੍ਹਦਾ ਪਿਆ ਰਿਹਾ।

ਇਸ ਪਿੱਛੋਂ ਸਵਰਨ ਸਿੰਘ ਤੇ ਸੁਰਜੀਤ ਸਿੰਘ ਨੇ ਪਿੰਡ ਘਰਿਆਲਾ ਲਾਗੇ ਬੰਬ ਧਮਾਕੇ ਨਾਲ ਰੇਲਵੇ ਲਾਈਨ ਦੀ ਪੱਟੜੀ ਨੂੰ ਉਡਾ ਦਿੱਤਾ ਤੇ ਇਸ ਦੀ ਜ਼ਿੰਮੇਵਾਰੀ ਭਾਈ ਸੀਤਲ ਸਿੰਘ ਝੱਖੜ ਦੇ ਨਾਂ 'ਤੇ ਲਈ ਗਈ। ਕਾਲੀਆ ਸਕੱਤਰਾ ਪਿੰਡ ਵਿੱਚ ਬੀ.ਐਸ.ਐਫ. ਦੀ ਚੌਂਕੀ ਉੱਤੇ ਹਮਲਾ ਕੀਤਾ ਗਿਆ। ਇਸ ਹਮਲੇ ਵਿੱਚ ਬੀ.ਐਸ.ਐਫ. ਦੇ 5 ਜਵਾਨ ਮਾਰੇ ਤੇ ਭਾਈ ਅਕਬਰ ਸਿੰਘ ਕਾਲੀਆ ਸ਼ਹੀਦ ਹੋ ਗਏ। ਬੀ.ਐਸ.ਐਫ. ਦੇ ਅਫਸਰਾਂ ਨੇ ਪਿੰਡ ਵਾਲਿਆਂ ਤੋਂ ਭਾਈ ਅਕਬਰ ਸਿੰਘ ਦੀ ਲਾਸ਼ ਦੀ ਸ਼ਨਾਖਤ ਕਰਾਈ ਸੀ ਪਰ ਲਾਸ਼ ਨਹੀਂ ਸੀ ਦਿੱਤੀ। ਸਸਕਾਰ ਪੁਲਿਸ ਨੇ ਆਪ ਹੀ ਕੀਤਾ ਸੀ।

—ਭਾਈ ਸਵਰਨ ਸ਼ਿੰਘ ਗ੍ਰੰਥੀ ਦੀ ਕਮਾਂਡ ਹੇਠ ਹੋਏ ਕੁਝ ਐਕਸ਼ਨਾਂ ਦਾ ਵੇਰਵਾ ਜੋ ਪਿੰਡ ਕਾਲੀਆ ਸਕੱਤਰਾ ਦੇ ਵਾਸੀਆਂ ਲਈ ਦੰਦ-ਕਥਾ ਬਣ ਚੁੱਕਾ ਹੈ ਤੇ ਅਖਬਾਰਾਂ ਵਿੱਚ ਜ਼ਿੰਮੇਵਾਰੀਆਂ ਲਈਆਂ ਜਾਂਦੀਆਂ ਰਹੀਆਂ ਹਨ ਮੁਤਾਬਿਕ ਟਾਹਲੀ ਅੱਡਾ ਆਸਲ ਭੂਰੇ ਵਾਲੇ ਲਾਗੇ 2 ਸੀ.ਆਰ.ਪੀ. ਦੀਆਂ ਗੱਡੀਆਂ ਨੂੰ ਘਾਤ ਲਾ ਕੇ ਉਡਾ ਦਿੱਤਾ ਗਿਆ। ਸਾਰੇ ਸਿੰਘ ਚੜ੍ਹਦੀ ਕਲਾ ਵਿੱਚ ਨਿਕਲ ਗਏ ਸਨ।

—ਨੂਰਵਾਲਾ ਬੀ.ਐਸ.ਐਫ. ਦੀ ਚੌਂਕੀ ਨਾਲ ਬਾਰਡਰ ਲੰਘਦਿਆਂ ਮੁਕਾਬਲਾ ਹੋ ਗਿਆ। ਸਾਰੀ ਰਾਤ ਗੋਲੀ ਚੱਲਦੀ ਰਹੀ। ਨੂਰਵਾਲਾ ਚੌਂਕੀ ਦੇ ਮੁਕਾਬਲੇ ਵਿੱਚ ਭਾਈ ਕੇਵਲ ਸਿੰਘ ਦੂਹਲ ਦੀ ਬਾਂਹ ਵਿੱਚ ਗੋਲੀ ਲੱਗੀ ਸੀ। ਬੀ.ਐਸ.ਐਫ. ਨੇ ਆਪਣੇ ਹੋਏ ਨੁਕਸਾਨ ਨੂੰ ਗੁਪਤ ਰੱਖਿਆ ਸੀ। ਇਕ ਪਿੰਡ ਵਾਸੀ ਨੂਰ ਵਾਲਾ ਚੌਂਕੀ 'ਤੇ ਦੁੱਧ ਪਾਉਣ ਜਾਂਦਾ ਸੀ। ਉਸਨੂੰ ਹਰਿਆਣੇ ਦੇ ਪੰਡਤ ਦਾ ਮੁੰਡੇ ਜੋ ਬੀ.ਐਸ.ਐਫ. ਦਾ ਜਵਾਨ ਸੀ, ਦੋਧੀ ਨੂੰ ਜਾਣ ਪਛਾਣ ਹੋਣ ਦੇ ਨਾਂ ਉੱਤੇ ਦੱਸਿਆ ਕਿ ਸਾਰੀ ਰਾਤ ਬੀ.ਐਸ.ਐਫ. ਤੇ ਅੱਤਵਾਦੀਆਂ ਵਿਚਕਾਰ ਗੋਲੀ ਚੱਲਦੀ ਰਹੀ, ਬਹੁਤ ਨੁਕਸਾਨ ਹੋਇਆ। ਅੱਤਵਾਦੀ ਬੀ.ਐਸ.ਐਫ. ਦੇ ਹਥਿਆਰ ਖੋਹ ਕੇ ਲੈ ਗਏ।

—ਤੇਲੀਆਂ ਵਾਲਾ ਵਾੜਾ ਕੋਲ ਸੀ.ਆਰ.ਪੀ. ਦੀਆਂ 3 ਗੱਡੀਆਂ ਨੂੰ ਬੰਬਾਂ ਨਾਲ ਉਡਾ ਦਿੱਤਾ ਗਿਆ। ਭਾਈ ਸਵਰਨ ਸਿੰਘ ਤੇ ਸਾਥੀ ਚੜ੍ਹਦੀ ਕਲਾ ਵਿੱਚ ਬਚ ਨਿਕਲੇ। ਇਸ ਦੀ ਜ਼ਿੰਮੇਵਾਰੀ ਭਾਈ ਸੀਤਲ ਸਿੰਘ (ਸੁਰਜੀਤ ਸਿੰਘ) ਝੱਖੜ ਠੱਠੀ ਜੈਮਲ ਸਿੰਘ ਤੇ ਭਾਈ ਬਗੀਚਾ ਸਿੰਘ ਖਾਲਸਾ ਨੇ ਲਈ ਸੀ।

—ਪਿੰਡ ਜੋਣੀਆਂ ਨੇੜੇ ਮਖੂ (ਜ਼ਿਲ੍ਹਾ ਫਿਰੋਜ਼ਪੁਰ) ਵਿੱਚ ਭਾਈ ਸਵਰਨ ਸਿੰਘ, ਭਾਈ ਅਜਮੇਰ ਸਿੰਘ ਖਾਰਾ, ਡਾ. ਹਰਬੰਸ ਸਿੰਘ ਢੋਲਣ ਬਹੁਤ ਵੱਡੇ ਪੁਲਿਸ ਦੇ ਟਾਊਟ ਨੂੰ ਸੋਧਣ ਗਏ। ਟਾਊਟ ਦੇ ਬੰਦਿਆਂ ਜਿਨ੍ਹਾਂ ਨੂੰ ਸਰਕਾਰੀ ਹਥਿਆਰ ਮਿਲੇ ਸਨ, ਅੱਗੋਂ ਗੋਲੀ ਚਲਾ ਦਿੱਤੀ, ਇਸ ਥਾਂ 'ਤੇ ਦੋਪਾਸੀਂ ਗੋਲੀ ਚੱਲਦੀ ਰਹੀ। ਡਾ. ਹਰਬੰਸ ਸਿੰਘ

ਢੋਲਣ ਗੋਲੀ ਨਾਲ ਸ਼ਹੀਦ ਹੋ ਗਏ।

—ਅਮਰਕੋਟ ਦੇ ਭੱਠੇ ਨੇੜੇ ਸੀ.ਆਰ.ਪੀ. ਦੀਆਂ ਗੱਡੀਆਂ ਨੂੰ ਬੰਬਾਂ ਨਾਲ ਉਡਾਇਆ ਗਿਆ। ਲੋਕ ਕਹਿੰਦੇ ਹਨ ਕਿ ਗੱਡੀਆਂ ਉਡਾਉਣ ਵੇਲੇ ਸਿੰਘ ਲਲਕਾਰੇ ਮਾਰਦੇ ਤੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਸਨ। ਗੋਲੀਆਂ ਚੱਲਣ ਦੀ ਆਵਾਜ਼ ਆਉਂਦੀ ਸੀ। ਸਿੰਘਾਂ ਦੇ ਹਮਲੇ ਦਾ ਸ਼ਿਕਾਰ ਹੋਣ ਸਮੇਂ ਜ਼ਖਮੀਆਂ ਦੀ ਸਹਾਇਤਾ ਲਈ ਵਾਇਰਲੈਸ 'ਤੇ ਇਤਲਾਹ ਮਿਲ ਜਾਣ 'ਤੇ ਵੀ ਹੋਰ ਸੁਰੱਖਿਆ ਜਵਾਨਾਂ ਤੇ ਗੱਡੀਆਂ ਲੈ ਕੇ ਅਫਸਰ ਰਾਤ ਵੇਲੇ ਨਹੀਂ ਸੀ ਪਹੁੰਚਦੇ ਕਿ ਜੇ ਅਸੀਂ ਗਏ ਤਾਂ ਰਸਤੇ ਵਿੱਚ ਘਾਤ ਲਾ ਕੇ ਖਾੜਕੂ ਸਾਡੀਆਂ ਗੱਡੀਆਂ ਉੱਤੇ ਹਮਲਾ ਕਰ ਕੇ ਉਡਾ ਸਕਦੇ ਹਨ।

—ਪਿੰਡ ਲੱਧੂ (ਭਿੱਖੀਵਿੰਡ) ਦੇ ਟਾਊਟ ਨੂੰ ਚਿਤਾਵਨੀ ਦੇ ਕੇ ਕਿ ਉਹ ਜੁਝਾਰੂ ਸਿੰਘਾਂ ਦਾ ਨੁਕਸਾਨ ਕਰਾਉਣ ਤੋਂ ਬਾਜ ਨਾ ਆਏ, ਭਾਈ ਸਵਰਨ ਸਿੰਘ ਕੁਝ ਸਾਥੀ ਸਿੰਘਾਂ ਨਾਲ ਵਾਪਸ ਆ ਰਹੇ ਸੀ ਤੇ ਬਾਰਡਰ ਵਾਲੀ ਡਰੇਨ ਦੀ ਕਰੇਨ (ਮਸ਼ੀਨ) ਨਾਲ ਪੁਟਾਈ ਕੀਤੀ ਜਾ ਰਹੀ ਸੀ। ਉਸਦੇ ਡਰਾਈਵਰ ਨੂੰ ਕਿਹਾ ਕਿ ਡਰੇਨ ਇੰਨੀ ਡੂੰਘੀ ਨਾ ਕਰ। ਤਾਂ ਡਰਾਈਵਰ ਨੇ ਕਿਹਾ ਮੈਂ ਇਸ ਤੋਂ ਜ਼ਿਆਦਾ ਡੂੰਘੀ ਕਰਨੀ ਹੈ। ਰਾਤ ਦੇ 9 ਵਜੇ ਦਾ ਸਮਾਂ ਸੀ। ਪਿੰਡ ਠੱਠੀ ਜੈਮਲ ਸਿੰਘ ਲਾਗੇ, ਸਿੰਘਾਂ ਨੇ ਉਦੋਂ ਹੀ ਕਰੇਨ ਥੱਲੇ ਬਰੂਦ ਦੱਬ ਦਿੱਤਾ ਤੇ ਅੱਗ ਲਾ ਦਿੱਤੀ। ਜਦੋਂ ਅੱਗ ਬਰੂਦ ਨੂੰ ਪਈ ਤਾਂ ਬੜਾ ਵੱਡਾ ਧਮਾਕਾ ਹੋਇਆ, ਜਿਸ ਨਾਲ ਕਰੇਨ ਦੇ ਪਰਖਚੇ ਉੱਡ ਗਏ। ਭਾਈ ਸਵਰਨ ਸਿੰਘ ਤੇ ਸਾਥੀ ਸਿੰਘਾਂ ਨੇ ਕਿਹਾ, ਲੈ ਭਾਈ ਜੇ ਚਾਹੀਏ ਤਾਂ ਤੈਨੂੰ ਵੀ ਮਾਰ ਸਕਦੇ ਹਾਂ, ਸਾਨੂੰ ਪਤੈ ਤੇਰਾ ਬਾਲ ਬੱਚਾ ਹੈ ਤੇ ਪਰਿਵਾਰ ਵਾਸਤੇ ਤੇਰੀ ਬੜੀ ਜ਼ਰੂਰਤ ਹੈ, ਇਸ ਲਈ ਤੈਨੂੰ ਛੱਡ ਰਹੇ ਹਾਂ। ਹੁਣ ਮਿੱਤਰਾ ਇਸ ਕਰੇਨ ਨਾਲ ਤਾਂ ਤੂੰ ਡਰੇਨ ਡੂੰਘੀ ਨਹੀਂ ਕਰ ਸਕਦਾ। ਜਦੋਂ ਹੋਰ ਕਰੇਨ ਲਿਆਵੇਂਗਾ ਤੇ ਡੂੰਘੀ ਕਰਨ ਲਈ ਚਲਾਏਂਗਾ ਫਿਰ ਸੋਚਾਂਗੇ ਤੇਰੇ ਨਾਲ ਕਿਵੇਂ ਨਿਬੜਨਾ। ਡਰਾਈਵਰ ਕੰਬੀ ਜਾ ਰਿਹਾ ਸੀ ਤੇ ਜ਼ੁਬਾਨ ਤਾਲੂ ਨੂੰ ਲੱਗੀ ਹੋਈ ਸੀ ਉਸ ਤੋਂ ਬੋਲਿਆ ਵੀ ਨਹੀਂ ਸੀ ਜਾਂਦਾ। ਡਰਾਈਵਰ ਹੁਣ ਤੱਕ ਜੱਗਬਾਣੀ ਅਖਬਾਰ ਦੀਆਂ ਸਿੰਘਾਂ ਵਿਰੁੱਧ ਫੜ੍ਹਾਂ ਹੀ ਪੜ੍ਹਦਾ ਰਿਹਾ ਸੀ। ਜਦੋਂ ਸਿੰਘਾਂ ਦੇ ਅਸਲੀ ਰੂਪ ਵਿੱਚ ਦਰਸ਼ਨ ਹੋਏ ਤਾਂ ਪੈਂਟ ਦੇ ਵਿੱਚ ਹੀ ਚੁਰਲ-ਚੁਰਲ ਮੂਤੀ ਗਿਆ ਸੀ। ਇਹ ਭਾਈ ਸਵਰਨ ਸਿੰਘ ਤੇ ਸਾਥੀ ਸਿੰਘਾਂ ਦੀ ਫਰਾਖਦਿਲੀ ਸੀ ਕਿ ਉਹ ਉਸਨੂੰ ਜਿਉਂਦਾ ਛੱਡ ਗਏ। ਜੇ ਕਿਤੇ ਅੱਥਰੇ ਸੁਭਾਅ ਦੇ ਖਾੜਕੂ ਹੁੰਦੇ ਤਾਂ ਉਨ੍ਹਾਂ ਨੇ ਭਾਰਤ ਮਾਤਾ ਦੇ ਪੁੱਤਰ ਦਾ ਕੀਰਤਨ ਸੋਹਿਲਾ ਪੜ੍ਹ ਦੇਣਾ ਸੀ ਕਿ ਲਾਲਿਆ ਤੈਨੂੰ ਕਰਾਉਂਦੇ ਆਂ ਕਰੇਨ ਨਾਲ ਡਰੇਨ ਡੂੰਘੀ।

—ਭਾਈ ਸਵਰੰਨ ਸਿੰਘ ਪਾਰੋਂ ਹਥਿਆਰ ਲਿਆ ਕੇ ਆਪਣੇ ਤਿੰਨ ਸਾਥੀਆਂ ਭਾਈ ਰਸਾਲ ਸਿੰਘ ਠੱਠੀ ਜੈਮਲ ਸਿੰਘ, ਭਾਈ ਅਜਮੇਰ ਸਿੰਘ ਖਾਰਾ, ਭਾਈ ਜੈਮਲ

ਸਿੰਘ ਢੋਲਣ, ਅੱਗੇ ਜੱਥੇਬੰਦੀ ਨੂੰ ਹਥਿਆਰ ਦੇ ਕੇ ਵਾਪਸ ਆ ਰਹੇ ਸਨ। ਪਿੰਡ ਲੱਧੂ ਲਾਗੇ ਦਿਨ ਚੜ੍ਹਨ ਵਾਲਾ ਸੀ ਉਥੇ ਇਕ ਢਾਣੀ ਉੱਤੇ ਚਾਰੇ ਸਿੰਘ ਠਹਿਰ ਗਏ। ਪੁਲਿਸ ਦੇ ਸੂਹੀਏ ਨੂੰ ਸਿੰਘਾਂ ਦੇ ਠਹਿਰਣ ਦਾ ਪਤਾ ਲੱਗ ਗਿਆ। ਉਹ ਸਿੰਘਾਂ ਦਾ ਸ਼ਾਇਦ ਪਿੱਛੋਂ ਹੀ ਪਿੱਛਾ ਕਰਦਾ ਆ ਰਿਹਾ ਸੀ। ਪੁਲਿਸ ਦੇ ਮੁਖਬਰ ਨੇ 13 ਸਤੰਬਰ 1990 ਨੂੰ ਸਵੇਰੇ 3 ਵੱਜ ਕੇ 40 ਮਿੰਟ 'ਤੇ ਭਿੱਖੀਵਿੰਡ ਥਾਣੇ ਰਿਪੋਰਟ ਕੀਤੀ ਕਿ 4 ਅੱਤਵਾਦੀ ਪਿੰਡ ਲੱਧੂ ਦੀ ਢਾਣੀ 'ਤੇ ਠਹਿਰੇ ਹਨ ਤੇ ਕੋਈ ਵੱਡੀ ਵਾਰਦਾਤ ਕਰਨ ਦੀ ਸਕੀਮ ਬਣਾ ਰਹੇ ਹਨ। ਪੁਲਿਸ ਕਾਰਵਾਈ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰੇ।

13 ਸਤੰਬਰ 1990 ਨੂੰ ਸਵੇਰੇ 6 ਵਜੇ ਭਿੱਖੀਵਿੰਡ ਪੁਲਿਸ ਨੇ ਸੀ.ਆਰ.ਪੀ. ਦੀ ਮਦਦ ਨਾਲ ਪਿੰਡ ਲੱਧੂ ਨੂੰ ਘੇਰਾ ਪਾ ਲਿਆ। ਜਦੋਂ ਸਿੰਘਾਂ ਨੂੰ ਪਤਾ ਲੱਗਾ ਕਿ ਪੁਲਿਸ ਤੇ ਸੀ.ਆਰ.ਪੀ. ਦਾ ਘੇਰਾ ਬੜਾ ਜ਼ਬਰਦਸਤ ਹੈ, ਜੇ ਢਾਣੀ ਦੇ ਅੰਦਰ ਰਹਿ ਕੇ ਮੁਕਾਬਲਾ ਕਰਦੇ ਹਾਂ ਤਾਂ ਘਰ ਵਾਲੇ ਬੇਦੋਸ਼ਿਆਂ ਦਾ ਨੁਕਸਾਨ ਹੋਵੇਗਾ। ਭਾਈ ਸਵਰਨ ਸਿੰਘ ਨੇ ਕਿਹਾ ਕਿ ਇਕੱਠੇ ਘੇਰੇ ਵਿੱਚੋਂ ਨਿਕਲਣਾ ਠੀਕ ਨਹੀਂ ਹੋਵੇਗਾ। ਦੋ ਸਿੰਘ ਢਾਣੀ ਅੰਦਰ ਹੀ ਛਿਪੇ ਰਹੋ ਤੇ ਦੋ ਸਿੰਘ ਢਾਣੀ ਤੋਂ ਬਾਹਰ ਜਾ ਕੇ ਮੁਕਾਬਲਾ ਕਰਦੇ ਹੋਏ ਨਿਕਲਣ ਦਾ ਯਤਨ ਕਰੀਏ। ਭਾਈ ਸਵਰਨ ਸਿੰਘ ਹਥਿਆਰ ਤੇ ਗੋਲੀ ਸਿੱਕਾ ਚੁੱਕ ਕੇ ਅੱਗੇ ਲੱਗ ਕੇ ਤੁਰ ਪਿਆ, ਭਾਈ ਅਜਮੇਰ ਸਿੰਘ ਖਾਰਾ ਉਸ ਦੇ ਪਿੱਛੇ ਕੁਝ ਵਿਥ 'ਤੇ ਤੁਰ ਪਿਆ। ਭਾਈ ਰਸਾਲ ਸਿੰਘ ਤੇ ਜੈਮਲ ਸਿੰਘ ਢਾਣੀ ਵਾਲੇ ਘਰ ਵਿੱਚ ਹੀ ਰਹੇ। ਭਾਈ ਸਵਰਨ ਸਿੰਘ ਤੇ ਭਾਈ ਅਜਮੇਰ ਸਿੰਘ ਨੇ ਸੀ.ਆਰ.ਪੀ. ਦੀ ਗੱਡੀ 'ਤੇ ਹਮਲਾ ਕਰ ਦਿੱਤਾ ਜਿਥੇ ਅਫਸਰ ਜਵਾਨਾਂ ਨੂੰ ਹਦਾਇਤਾਂ ਦੇ ਕੇ ਸਮਝਾ ਰਿਹਾ ਸੀ ਕਿ ਅੱਤਵਾਦੀ ਕਿਸ ਤਰ੍ਹਾਂ ਕਾਬੂ ਕਰਨੇ ਹਨ। ਇਸ ਹਮਲੇ ਵਿੱਚ ਕਈ ਜਵਾਨ ਜ਼ਖਮੀ ਹੋਏ ਤੇ ਅਫਸਰ ਨੇ ਧਰਤੀ 'ਤੇ ਲੇਟ ਕੇ ਜਾਨ ਬਚਾਈ। ਘਰ ਵਾਲਿਆਂ ਦੇ ਦੱਸਣ ਮੁਤਾਬਿਕ ਪੁਲਿਸ ਤੇ ਫੋਰਸਾਂ ਨੇ ਵਾਰਨਿੰਗ ਦਿੱਤੀ ਕਿ ਬਾਬਿਓ ਗੋਲੀ ਨਾ ਚਲਾਓ, ਇਕ ਪਾਸੇ ਨੂੰ ਨਿਕਲ ਜਾਓ। ਅਸੀਂ ਤੁਹਾਡੇ 'ਤੇ ਮਾਰੂ ਹਮਲਾ ਨਹੀਂ ਕਰਾਂਗੇ। ਅਸੀਂ ਵੀ ਗੋਲੀ ਨਹੀਂ ਚਲਾਵਾਂਗੇ।

ਭਾਈ ਸਵਰਨ ਸਿੰਘ ਨੇ ਕਿਹਾ, ਤੁਸੀਂ ਹਜ਼ਾਰਾਂ ਦੀ ਗਿਣਤੀ ਵਿੱਚ, ਅਸੀਂ ਗਿਣਤੀ ਦੇ ਦੋ ਹਾਂ, ਮੁਕਾਬਲਾ ਕਰੋ, ਸਿੰਘ ਮੈਦਾਨ ਛੱਡ ਕੇ ਨਹੀਂ ਜਾਣਗੇ। ਜੇ ਨਿਕਲੇ ਤਾਂ ਲੜ ਕੇ ਨਿਕਲਾਂਗੇ। ਦੋਵਾਂ ਸਿੰਘਾਂ ਨੇ ਖਾਲ ਦੀ ਓਟ ਲੈ ਕੇ ਮੋਰਚੇ ਮੱਲ ਲਏ, ਤੇ ਆਪਸ ਵਿਚ ਥਾਂ ਬਦਲ-ਬਦਲ ਕੇ ਹਿੰਦੁਸਤਾਨੀ ਫੋਰਸਾਂ 'ਤੇ ਫਾਇਰਿੰਗ ਕਰਦੇ ਰਹੇ। ਜਦੋਂ ਤੱਕ ਸਿੰਘਾਂ ਕੋਲ ਗੋਲੀ ਸਿੱਕਾ ਰਿਹਾ ਉਦੋਂ ਤੱਕ ਦੁਸ਼ਮਣ ਦਲ ਦੀਆਂ ਫੋਰਸਾਂ ਨੂੰ ਨੇੜੇ ਨਾ ਢੁੱਕਣ ਦਿੱਤਾ। ਗੋਲੀ ਸਿੱਕਾ ਮੁਕਣ 'ਤੇ ਭਾਈ ਸਵਰਨ ਸਿੰਘ, ਭਾਈ ਅਜਮੇਰ ਸਿੰਘ ਨੇ ਆਪਣੇ ਹਥਿਆਰ ਅਸਾਲਟਾਂ ਤੋੜ ਦਿੱਤੀਆਂ ਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਹੋਏ ਦੁਸ਼ਮਣ ਦੇ ਹੱਥ ਆਉਣ ਦੀ ਬਜਾਏ ਸਾਇਆਨਾਈਡ ਦਾ

ਕੈਪਸੂਲ ਖਾ ਕੇ ਸ਼ਹੀਦੀ ਪ੍ਰਾਪਤ ਕਰ ਗਏ। ਹਿੰਦੁਸਤਾਨੀ ਬਹਾਦਰ ਫੋਰਸਾਂ ਨੇ ਸ਼ਹੀਦ ਹੋਏ ਸਿੰਘਾਂ ਦੇ ਸਰੀਰ ਗੋਲੀਆਂ ਨਾਲ ਵਿੰਨ੍ਹ ਦਿੱਤੇ ਤੇ ਅਗਲੇ ਦਿਨ ਅਖਬਾਰਾਂ ਵਿੱਚ ਦੋ ਖਤਰਨਾਕ ਖਾੜਕੂਆਂ ਦੇ ਪੁਲਿਸ ਮੁਕਾਬਲੇ ਵਿੱਚ ਮਾਰੇ ਜਾਣ ਅਤੇ ਆਪਣੀ ਬਹਾਦਰੀ ਦੀਆਂ ਖਬਰਾਂ ਲਵਾ ਦਿੱਤੀਆਂ।

ਭਾਈ ਜੈਮਲ ਸਿੰਘ ਢੋਲਣ ਤੇ ਭਾਈ ਰਸਾਲ ਸਿੰਘ ਠੱਠੀ ਜੈਮਲ ਸਿੰਘ ਇਸ ਘੇਰੇ ਵਿਚੋਂ ਬਚ ਗਏ ਸਨ। ਉਨ੍ਹਾਂ ਨੇ ਰਾਤ ਨੂੰ ਆ ਕੇ ਪਰਿਵਾਰ ਨੂੰ ਦੱਸਿਆ ਸੀ ਕਿ ਭਾਈ ਸਵਰਨ ਸਿੰਘ ਕਾਲੀਆ ਸਕੱਤਰਾ ਤੇ ਭਾਈ ਅਜਮੇਰ ਸਿੰਘ ਖਾਰਾ ਪਿੰਡ ਲੱਧੂ ਪੁਲਿਸ ਮੁਕਾਬਲੇ ਵਿੱਚ ਸ਼ਹੀਦ ਹੋ ਗਏ ਹਨ। 15 ਸਤੰਬਰ 1990 ਨੂੰ ਪਿੰਡ ਕਾਲੀਆ ਸਕੱਤਰਾ ਦੇ ਗੁਰਦੁਆਰਾ ਸਾਹਿਬ ਤੋਂ ਗ੍ਰੰਥੀ ਸਿੰਘ ਨੇ ਸਪੀਕਰ 'ਤੇ ਦੱਸਿਆ ਕਿ ਗੁਰੂ ਰੂਪ ਸਾਧ ਸੰਗਤ ਜੀਓ, ਆਪ ਜੀ ਨੂੰ ਬੜੇ ਦੁੱਖ ਨਾਲ ਦੱਸਿਆ ਜਾਂਦਾ ਹੈ ਕਿ ਭਾਈ ਸਵਰਨ ਸਿੰਘ ਗ੍ਰੰਥੀ ਤੇ ਭਾਈ ਅਜਮੇਰ ਸਿੰਘ ਸੀ.ਆਰ.ਪੀ. ਨਾਲ ਜ਼ਬਰਦਸਤ ਮੁਕਾਬਲਾ ਕਰਦੇ ਹੋਏ ਪਿੰਡ ਲੱਧੂ ਵਿਖੇ ਸ਼ਹੀਦ ਹੋ ਗਏ ਹਨ। ਜਿਸ ਨਾਲ ਸਿੱਖ ਕੌਮ ਅਤੇ ਆਪਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਹ ਖਬਰ ਸੁਣ ਕੇ ਸਾਰਾ ਪਿੰਡ ਗੁਰਦੁਆਰਾ ਸਾਹਿਬ ਇਕੱਠਾ ਹੋ ਗਿਆ ਤੇ ਟਰੈਕਟਰ ਟਰਾਲੀਆਂ 'ਤੇ ਪਿੰਡ ਵਾਸੀ ਤੇ ਪੰਚਾਇਤ ਦੇ ਮੋਹਤਬਰ ਬੰਦੇ ਪੱਟੀ ਦੇ ਸਰਕਾਰੀ ਹਸਪਤਾਲ ਪਹੁੰਚ ਗਏ ਜਿਥੇ ਦੋਵਾਂ ਸਿੰਘਾਂ ਦੀਆਂ ਲਾਸ਼ਾਂ ਪੋਸਟਮਾਰਟਮ ਵਾਸਤੇ ਲਿਜਾਈਆਂ ਗਈਆਂ ਸਨ। ਪਿੰਡ ਦੀ ਪੰਚਾਇਤ ਦੇ ਪੁਲਿਸ ਅਫਸਰਾਂ ਕੋਲ ਜ਼ੋਰ ਲਾਉਣ ਦੇ ਬਾਵਜੂਦ ਵੀ ਭਾਈ ਸਵਰਨ ਸਿੰਘ ਗ੍ਰੰਥੀ ਤੇ ਭਾਈ ਅਜਮੇਰ ਸਿੰਘ ਖਾਰਾ ਦੀਆਂ ਸਹੀਦੀ ਦੇਹਾਂ ਵਾਰਸਾਂ ਨੂੰ ਸਸਕਾਰ ਕਰਨ ਲਈ ਨਹੀਂ ਦਿੱਤੀਆਂ ਗਈਆਂ।

ਭਾਈ ਸਵਰਨ ਸਿੰਘ ਗ੍ਰੰਥੀ ਤੇ ਭਾਈ ਅਜਮੇਰ ਸਿੰਘ ਖਾਰਾ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਗੁਰਦੁਆਰਾ ਸਾਹਿਬ ਕਾਲੀਆ ਸਕੱਤਰਾ ਵਿਖੇ 24 ਸਤੰਬਰ 1990 ਨੂੰ ਪਾਏ ਗਏ। ਸੀ.ਆਰ.ਪੀ. ਨੇ ਪਿੰਡ ਕਾਲੀਆ ਸਕੱਤਰਾ ਦੇ ਘਰ ਘਰ ਦੀ ਤਲਾਸ਼ੀ ਵੀ ਲਈ। ਭੋਗ ਵਾਲੇ ਦਿਨ ਸ਼ਹੀਦੀ ਸਮਾਗਮ ਕੀਤਾ ਗਿਆ, ਜਿਸ ਵਿੱਚ ਸੰਗਤ ਨੇ ਵੱਡੀ ਗਿਣਤੀ ਵਿੱਚ ਅਰਦਾਸ ਵਿੱਚ ਸ਼ਾਮਲ ਹੋ ਕੇ ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਸਮਾਗਮ ਵਿੱਚ ਬਾਬਾ ਦਇਆ ਸਿੰਘ ਜੀ ਸੁਰ ਸਿੰਘ ਵਾਲੇ, ਬਿਧੀ ਚੰਦ ਦਲ ਨਿਹੰਗ ਸਿੰਘ ਜਥੇਬੰਦੀ, ਅਕਾਲੀ ਦਲ ਮਾਨ ਵੱਲੋਂ ਰਾਮ ਸਿੰਘ ਨੇ ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਿਰੋਪੇ ਭੇਂਟ ਕਰ ਕੇ ਸਨਮਾਨਤ ਕੀਤਾ ਗਿਆ। ਜਲੇਬ, ਖੀਰ, ਚੌਲ ਦੇ ਲੰਗਰ ਤੇ ਚਾਹ-ਦੁੱਧ ਦਾ ਲੰਗਰ ਅਤੁੱਟ ਵਰਤਿਆ। ਹਰ ਸਾਲ ਪਹਿਲੀ ਅੱਸੂ ਨੂੰ ਪਿੰਡ ਕਾਲੀਆ ਸਕੱਤਰਾ ਦੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਪਿੰਡ ਦੇ ਗੁਰਦੁਆਰਾ ਸਾਹਿਬ ਪਾ ਕੇ ਸਿੰਘਾਂ ਦੀ ਬਰਸੀ

ਸਾਂਝੇ ਰੂਪ ਵਿੱਚ ਮਨਾਈ ਜਾਂਦੀ ਹੈ।

ਪੁਲਿਸ ਥਾਣਾ ਭਿੱਖੀਵਿੰਡ ਵੱਲੋਂ ਥਾਣੇ ਵਿੱਚ ਦਰਜ ਰਿਪੋਰਟ ਦੀ ਨਕਲ ਸਵਰਨ ਸਿੰਘ ਪੁੱਤਰ ਗੁਰਮੁਖ ਸਿੰਘ ਵਾਸੀ ਕਾਲੀਆ ਸਕੱਤਰਾ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ। ਨਾਲ ਦਾ ਸਾਥੀ ਅਜਮੇਰ ਸਿੰਘ ਵਾਸੀ ਖਾਰਾ ਜ਼ਿਲ੍ਹਾ ਅੰਮ੍ਰਿਤਸਰ ਪਿੰਡ ਲੱਧੂ ਥਾਣਾ ਭਿੱਖੀਵਿੰਡ ਅਧੀਨ ਪੁਲਿਸ ਤੇ ਸੀ.ਆਰ.ਪੀ. ਨਾਲ ਹੋਏ ਮੁਕਾਬਲੇ ਵਿੱਚ ਮਾਰੇ ਗਏ।

ਸੂਚਨਾਕਾਰ ਫਰਿਆਦੀ ਪਰਮਦੀਪ ਸਿੰਘ ਭਿੱਖੀਵਿੰਡ 13 ਸਤੰਬਰ 1990 ਸਮਾਂ 3:40 'ਤੇ ਸੂਚਨਾ ਦਿੱਤੀ।

ਸਵਰਨ ਸਿੰਘ ਦੀ ਉਮਰ 22-23 ਸਾਲ, ਸ਼ਹੀਦੀ ਸਮਾਂ ਮਿਤੀ 14 ਸਤੰਬਰ 1990 ਸਮਾਂ 12:30, ਕੱਪੜੇ ਪਹਿਨੇ ਕਮੀਜ਼ ਦਾ ਫਿੱਕਾ ਨੀਲਾ ਰੰਗ, ਖੁੱਲਾ ਗਲਮਾਂ ਕਛਹਿਰਾ ਰੰਗ ਨਸਵਾਰੀ।

ਸ਼ਨਾਖਤ ਕਰਤਾ—ਹਰਬੰਸ ਸਿੰਘ ਸਰਪੰਚ ਕਾਲੀਆ ਸਕੱਤਰਾ, ਚੈਂਚਲ ਸਿੰਘ ਨੰਬਰਦਾਰ ਪਿੰਡ ਕਾਲੀਆ।

ਮੁਖਬਰ—ਪਰਮਦੀਪ ਸਿੰਘ ਭਿੱਖੀਵਿੰਡ ਦੀ ਨੰ: 95 ਥਾਣਾ ਭਿੱਖੀਵਿੰਡ ਜ਼ਿਲ੍ਹਾ ਅੰਮ੍ਰਿਤਸਰ ਸੂਚਨਾ ਦੇਣ ਦੀ ਮਿਤੀ 13 ਸਤੰਬਰ 1990 ਸਮਾਂ 3:40

ਇਹ ਰਿਪੋਰਟ ਥਾਣਾ ਭਿੱਖੀਵਿੰਡ ਵੱਲੋਂ ਜਾਰੀ ਕੀਤੀ ਗਈ, ਜੋ ਪਰਿਵਾਰ ਕੋਲ ਮੌਜੂਦ ਹੈ। ਭਾਈ ਸਵਰਨ ਸਿੰਘ ਦੀ ਜੀਵਨੀ ਉਸ ਦੇ ਭਰਾ ਨਿਰਮਲ ਸਿੰਘ ਤੇ ਮਾਤਾ ਵੱਲੋਂ ਨੋਟ ਕਰਾਈ ਗਈ।

ਪੁਲਿਸ ਤੇ ਸੀ.ਆਰ.ਪੀ. ਦੀਆਂ ਚੌਂਕੀਆਂ ਤੇ ਗੱਡੀਆਂ ਉਡਾਉਣ ਵਾਲਾ

ਯੋਧਾ ਅਕਬਰ ਸਿੰਘ ਕਾਲੀਆ ਸਕੱਤਰਾ

ਸਿੱਖ ਕੌਮ ਦੀ ਆਜ਼ਾਦੀ, ਕੌਮੀ ਘਰ ਦੀ ਪ੍ਰਾਪਤੀ ਵਾਸਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਆਰੰਭੇ ਗਏ ਸੰਘਰਸ਼ ਦੌਰਾਨ ਮਾਝੇ ਦੇ ਪਿੰਡ ਕਾਲੀਆ ਸਕੱਤਰਾ ਦੇ ਯੋਧਿਆਂ ਦਾ ਬੜਾ ਵੱਡਾ ਯੋਗਦਾਨ ਹੈ। ਇਨ੍ਹਾਂ ਸੂਰਬੀਰ ਯੋਧਿਆਂ ਵਿੱਚੋਂ ਇੱਕ ਅਹਿਮ ਜੁਝਾਰੂ ਦਾ ਨਾਂ ਹੈ ਸ਼ਹੀਦ ਭਾਈ ਅਕਬਰ ਸਿੰਘ।

ਭਾਈ ਅਕਬਰ ਸਿੰਘ ਦਾ ਜਨਮ ਪਿਤਾ ਸ. ਲੱਖਾ ਸਿੰਘ ਦੇ ਘਰ ਮਾਤਾ ਰੇਸ਼ਮ ਕੌਰ ਦੀ ਕੁੱਖੋਂ ਸੰਨ 1971 ਵਿੱਚ ਪਿੰਡ ਕਾਲੀਆ ਸਕੱਤਰਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ।

ਭਾਈ ਅਕਬਰ ਸਿੰਘ 6 ਭਰਾਵਾਂ ਵਿੱਚੋਂ ਉਮਰ ਵਿੱਚ ਸਭ ਤੋਂ ਵੱਡਾ ਸੀ। ਛੋਟੇ ਭਰਾ ਚਾਨਣ ਸਿੰਘ, ਸਾਰਜ਼ ਸਿੰਘ, ਗੁਰਸਾਹਿਬ ਸਿੰਘ, ਕਾਲਾ ਸਿੰਘ, ਸ਼ੇਰ ਸਿੰਘ ਹਨ।

ਭਾਈ ਅਕਬਰ ਸਿੰਘ ਸੁਭਾਅ ਦਾ ਬੜਾ ਅਣਖੀਲਾ ਅਤੇ ਸਿੱਖ ਜੁਝਾਰੂ ਸੋਚ ਦੀ ਵਿਚਾਰਧਾਰਾ ਦੀ ਉੱਚੀ ਸੁਰ ਰੱਖਣ ਵਾਲਾ ਸੀ। ਧਰਮ ਯੁੱਧ ਮੋਰਚੇ ਦੌਰਾਨ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸੋਚ ਤੇ ਜਾਂਬਾਜ਼ ਖਾੜਕੂ ਕਾਰਨਾਮਿਆਂ ਦੀ ਪਿੰਡਾਂ ਦੀਆਂ ਸੱਥਾਂ ਵਿੱਚ ਚਰਚਾ ਹੋਣ ਲੱਗੀ ਤਾਂ ਭਾਈ ਅਕਬਰ ਸਿੰਘ ਪਿੰਡ ਦੇ ਹੋਰ ਮੁੱਛਫੁੱਟ ਗੱਭਰੂਆਂ ਨੂੰ ਨਾਲ ਲੈ ਕੇ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ-ਇਸ਼ਨਾਨ ਕਰਨ ਅਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਦਰਸ਼ਨ ਕਰਨ ਤੇ ਵਿਚਾਰ ਸੁਨਣ ਜਾਣ ਲੱਗਾ। ਜਿਥੋਂ ਸੰਤ ਜਰਨੈਲ ਸਿੰਘ ਜੀ ਖਾਲਸਾ ਦੀ ਇਨਕਲਾਬੀ ਵਿਚਾਰਧਾਰਾ ਨੇ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਕੁਝ ਕਰਨ ਜੂਝਣ ਦਾ ਜਜ਼ਬਾ ਭਰ ਦਿੱਤਾ। ਭਾਈ ਅਕਬਰ ਸਿੰਘ ਦੀ ਸੋਚ ਘਰ ਦੇ ਕੰਮਾਂ ਤੋਂ ਉੱਚੀ ਤੇ ਅੱਗੇ ਲੰਘ ਗਈ। ਹਿੰਦ ਹਕੂਮਤ ਦੀ ਸਿੱਖਾਂ ਨਾਲ ਬੇਇਨਸਾਫੀ ਤੇ ਪੈਰ ਪੈਰ 'ਤੇ ਧੱਕੇਸ਼ਾਹੀ ਉਸਨੂੰ ਸੂਲਾਂ ਵਾਂਗ ਚੁਭਣ ਲੱਗੀ। ਉਸ ਦੀ ਰਾਤਾਂ ਦੀ ਨੀਂਦ ਅਤੇ ਦਿਨ ਦੇ ਚੈਨ ਖੋਹੇ ਗਏ। ਉਸ ਵਕਤ ਹਿੰਦ ਹਕੂਮਤ ਨੇ ਆਪਣੇ ਜ਼ੁਲਮਾਂ ਦੀ ਸਿਖਰ ਛੂਹ ਦਿੱਤੀ ਜਦੋਂ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ 37 ਹੋਰ ਗੁਰਧਾਮਾਂ ਉੱਤੇ ਫੌਜ ਚੜ੍ਹਾ ਕੇ ਸਿੱਖ ਕੌਮ ਦੀ ਤੋਪਾਂ, ਟੈਂਕਾਂ ਮਸ਼ੀਨਗੰਨਾਂ ਦੀਆਂ ਗੋਲੀਆਂ ਨਾਲ ਕਤਲੇਆਮ ਕੀਤੀ ਗਈ। ਸ੍ਰੀ ਅਕਾਲ ਤਖਤ ਸਾਹਿਬ ਨੂੰ ਢਾਹ ਢੇਰੀ ਕਰ ਦਿੱਤਾ ਗਿਆ। ਸੰਤ ਜਰਨੈਲ ਸਿੰਘ

ਜੀ ਖਾਲਸਾ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਬਾਬਾ ਠਾਹਰਾ ਸਿੰਘ, ਜਨਰਲ ਸ਼ਬੇਗ ਸਿੰਘ ਜੀ ਆਪਣੇ ਸਾਥੀਆਂ ਸਮੇਤ ਹਿੰਦੁਸਤਾਨੀ ਫੌਜਾਂ ਦਾ ਡੱਟ ਕੇ ਮੁਕਾਬਲਾ ਕਰਦੇ ਹੋਏ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਰਾਖੀ ਕਰਦੇ ਸ਼ਹੀਦੀਆਂ ਪ੍ਰਾਪਤ ਕਰ ਗਏ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਘੱਲੂਘਾਰਾ ਵਰਤਾਉਣ ਸਮੇਂ ਹਿੰਦ ਸਰਕਾਰ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਫੌਜ ਨੂੰ ਪੂਰੇ ਪੰਜਾਬ ਅੰਦਰ ਤਾਇਨਾਤ ਕੀਤਾ ਗਿਆ ਸੀ। ਪੂਰੇ ਪੰਜਾਬ ਦੀ ਧਰਤੀ 'ਤੇ ਜੂਨ 84 ਦੇ ਪਹਿਲੇ ਹਫਤੇ ਅਜਿਹਾ ਸਖਤ ਕਰਫਿਊ ਲਗਾਇਆ ਗਿਆ ਸੀ ਕਿ ਸੜਕਾਂ ਉੱਤੇ ਸਾਈਕਲ ਤੇ ਬਲਦ ਗੱਡੀ ਵੀ ਚੱਲਣ ਦੀ ਮਨਾਹੀ ਸੀ। ਥਾਂ-ਥਾਂ ਭਾਰਤੀ ਫੌਜ ਗੱਡੀਆਂ 'ਤੇ ਮਸ਼ੀਨਗੰਨਾਂ ਬੀੜ ਕੇ ਗਸ਼ਤ ਕਰ ਰਹੀ ਸੀ। ਪੂਰੇ ਪੰਜਾਬ ਅੰਦਰ ਗੰਗੂ ਦੀ ਰੂਹ ਇੰਦਰਾ ਗਾਂਧੀ ਤਾਂਡਵ ਨਾਚ ਨੱਚ ਰਹੀ ਸੀ। ਉਸ ਨੇ ਸਿੱਖ ਕੌਮ ਨੂੰ ਖਤਮ ਕਰਨ ਤੇ ਜ਼ਲੀਲ ਕਰਨ ਦੀ ਪੱਕੀ ਧਾਰੀ ਹੋਈ ਸੀ। ਉਸ ਨੇ ਸਿੱਖ ਕੌਮ ਨੂੰ ਸਬਕ ਸਿਖਾਉਣ ਲਈ ਹੀ ਪੰਜਾਬ ਨੂੰ ਫੌਜ ਦੇ ਹਵਾਲੇ ਕੀਤਾ ਸੀ। ਪਰ ਇੰਦਰਾ ਗਾਂਧੀ ਦੀ ਸਿੱਖ ਕੌਮ ਨੂੰ ਖਤਮ ਕਰਨ ਦੀ ਮਨਸੂਬਾਬੰਦੀ ਨੂੰ ਧਰਮੀ ਸਿੱਖ ਫੌਜੀਆਂ ਨੇ ਬਗਾਵਤ ਕਰਕੇ, ਹਥਿਆਰ ਚੁੱਕ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵੱਲ ਚਾਲੇ ਪਾਉਣ ਨਾਲ ਫੇਲ੍ਹ ਕਰਕੇ ਰੱਖ ਦਿੱਤਾ ਸੀ ਤੇ ਸਿੱਖ ਸ੍ਰੀ ਦਰਬਾਰ ਸਾਹਿਬ ਉੱਤੇ ਫੌਜ ਦਾ ਹਮਲਾ ਸੁਣ ਕੇ ਸ੍ਰੀ ਦਰਬਾਰ ਸਾਹਿਬ ਵੱਲ ਵਹੀਰਾਂ ਘੱਤ ਕੇ ਤੁਰ ਗਏ ਸਨ। ਪਰ ਫੌਜ ਦੇ ਸਖਤ ਪ੍ਰਬੰਧਾਂ ਨੇ ਸਿੱਖਾਂ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਸਿੱਖ ਇੰਨੇ ਰੋਹ ਵਿੱਚ ਸਨ ਕਿ ਜੇ ਕਿਤੇ ਸ੍ਰੀ ਅੰਮ੍ਰਿਤਸਰ ਪਹੁੰਚ ਜਾਂਦੇ ਤਾਂ ਭਾਵੇਂ ਕਿੰਨੇ ਸਿੱਖਾਂ ਨੂੰ ਸ਼ਹੀਦੀਆਂ ਦੇਣੀਆਂ ਪੈਂਦੀਆਂ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਹਿੰਦ ਫੌਜਾਂ ਨੂੰ ਕੱਢ ਕੇ ਹੀ ਦਮ ਲੈਂਦੇ। ਇਹ ਵੀ ਕੌੜਾ ਸੱਚ ਹੈ ਕਿ ਸਿੱਖ ਕੌਮ ਦੇ ਰੋਹ ਨੂੰ ਹਿੰਦੁਸਤਾਨ ਦੀ ਹਕੂਮਤ ਸਿੱਖ ਆਗੂਆਂ ਰਾਹੀਂ ਹੀ ਠੰਡਾ ਕਰਵਾਉਂਦੀ ਆ ਰਹੀ ਹੈ। ਇਹ ਸਿੱਖ ਆਗੂ ਤਖਤਾਂ ਦੇ ਜਥੇਦਾਰ ਵੀ ਹੋ ਸਕਦੇ ਹਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਜੂਨ 84 'ਚ ਵਰਤਾਏ ਗਏ ਹਿੰਦ ਸਰਕਾਰ ਦੇ ਖੂਨੀ ਘੱਲੂਘਾਰੇ ਸਮੇਂ ਸ੍ਰੀ ਦਰਬਾਰ ਸਾਹਿਬ ਵੱਲ ਚਾਲੇ ਪਾਉਣ ਵਾਲੇ ਧਰਮੀ ਸਿੰਘਾਂ ਵਿੱਚ ਜੋ ਕਾਲੀਆ ਸਕੱਤਰਾ ਪਿੰਡ ਵਿੱਚੋਂ 5 ਸਿੰਘ ਗਏ ਸਨ, ਉਨ੍ਹਾਂ ਪੰਜ ਸਿੰਘਾਂ ਵਿੱਚ ਭਾਈ ਅਕਬਰ ਸਿੰਘ, ਭਾਈ ਬਲਬੀਰ ਸਿੰਘ, ਭਾਈ ਸਵਰਨ ਸਿੰਘ ਦੋਵੇਂ ਭਰਾ, ਭਾਈ ਮੁਖਤਿਆਰ ਸਿੰਘ, ਭਾਈ ਬਗੀਚਾ ਸਿੰਘ ਖਾਲਸਾ ਸ਼ਾਮਲ ਸਨ। ਜੋ ਬੀੜ ਬਾਬਾ ਬੁੱਢਾ ਸਾਹਿਬ ਜੀ.ਟੀ. ਰੋਡ ਗਏ ਤੇ ਫੌਜ ਦੇ ਕਰੜੇ ਪ੍ਰਬੰਧ ਹੋਣ ਕਰਕੇ ਹੋਰ ਸੰਗਤ ਦੇ ਨਾਲ ਵਾਪਸ ਮੁੜਨ ਲਈ ਮਜਬੂਰ ਹੋਏ ਸਨ। ਉਪਰੋਕਤ ਪੰਜ ਸਿੰਘ 15 ਦਿਨਾਂ ਪਿੱਛੋਂ ਪਿੰਡ ਕਾਲੀਆ ਸਕੱਤਰਾ ਆਏ ਸਨ। ਇਸ ਬਾਰੇ ਇਨ੍ਹਾਂ ਕਦੀ ਨਹੀਂ ਸੀ ਦੱਸਿਆ ਕਿ ਉਹ 15 ਦਿਨ ਕਿੱਥੇ ਰਹੇ ਹਨ।

ਜਦੋਂ ਖਾਲਿਸਤਾਨੀ ਸੰਘਰਸ਼ ਵਿੱਚ ਪਿੰਡ ਕਾਲੀਆ ਸਕੱਤਰਾ ਦੇ ਸਿੰਘਾਂ ਨੇ ਕਦਮ

ਰੱਖਿਆ ਤਾਂ ਉਨ੍ਹਾਂ ਸਿੰਘਾਂ ਦੇ ਨਾਲ ਭਾਈ ਅਕਬਰ ਸਿੰਘ ਗੁਪਤ ਰੂਪ ਵਿੱਚ ਬਾਰਡਰ ਦੇ ਆਰ-ਪਾਰ, ਹਥਿਆਰ ਲਿਆਉਣ ਦੀ ਸੇਵਾ ਕਰਨ ਲੱਗ ਪਏ ਸਨ। ਪਿੰਡ ਕਾਲੀਆ ਸਕੱਤਰਾ ਹਿੰਦ-ਪਾਕਿ ਬਾਰਡਰ ਉੱਤੇ ਹੋਣ ਕਰਕੇ ਇਸ ਪਿੰਡ ਦੇ ਸਿੱਖ ਨੌਜਵਾਨ ਬਾਰਡਰ ਦੇ ਚੱਪੇ-ਚੱਪੇ ਦੇ ਭੇਤੀ ਸਨ। ਪਹਿਲਾਂ ਭਾਈ ਅਵਤਾਰ ਸਿੰਘ ਬ੍ਰਹਮਾ, ਭਾਈ ਦੁਰਗਾ ਸਿੰਘ, ਭਾਈ ਬੂਟਾ ਸਿੰਘ ਸੁਰਸਿੰਘ ਨੇ ਸੰਪਰਕ ਕੀਤਾ ਸੀ। ਪਿੱਛੋਂ ਦੂਜੀਆਂ ਜਥੇਬੰਦੀਆਂ ਦੇ ਸਿੰਘਾਂ ਨੇ ਵੀ ਕਾਲੀਆ ਸਕੱਤਰਾ ਦੇ ਸਿੰਘਾਂ ਦੀਆਂ ਸਾਮਾਨ ਲਿਆਉਣ ਲਈ ਸੇਵਾਵਾਂ ਹਾਸਲ ਕਰਨ ਲਈ ਸੰਪਰਕ ਕੀਤਾ। ਭਾਈ ਅਕਬਰ ਸਿੰਘ, ਭਾਈ ਸੁਖਵਿੰਦਰ ਸਿੰਘ ਸੰਘਾ ਦੀ ਜਥੇਬੰਦੀ ਬੀ.ਟੀ.ਐਫ. ਲਈ ਵੀ ਗੁਪਤ ਰੂਪ ਵਿੱਚ ਸੇਵਾ ਕਰਦੇ ਸਨ ਤੇ ਕੇ.ਸੀ.ਐਫ ਪੰਜਵੜ ਵੀ ਭਾਈ ਅਕਬਰ ਸਿੰਘ ਦੀਆਂ ਸੇਵਾਵਾਂ ਲੈਂਦੀ ਸੀ। ਸਿੰਘਾਂ ਦਾ ਨਿਸ਼ਾਨਾ ਕੌਮੀ ਘਰ ਦੀ ਪ੍ਰਾਪਤੀ ਲਈ ਜਦੋ-ਜਹਿਦ ਕਰਨਾ ਸੀ ਤੇ ਇਲਾਕੇ ਵਿੱਚ ਐਕਸ਼ਨ ਕਰਨ ਸਮੇਂ ਸਿੰਘ ਇੱਕ ਮੁੱਠ ਹੁੰਦੇ ਸਨ। ਭਾਈ ਸਵਰਨ ਸਿੰਘ ਗ੍ਰੰਥੀ, ਭਾਈ ਸ਼ਲਵਿੰਦਰ ਸਿੰਘ, ਭਾਈ ਅਕਬਰ ਸਿੰਘ ਚਾਚੇ-ਤਾਏ ਦੇ ਪੁੱਤ ਭਰਾ ਹੀ ਸਨ। ਭਾਈ ਸੁਰਜੀਤ ਸਿੰਘ ਝੱਖੜ ਠੱਠੀ ਜੈਮਲ ਸਿੰਘ ਪਿੰਡ ਦੇ ਸਿੰਘ ਤੇ ਪਿੰਡ ਢੋਲਣ ਵਲਟੋਹਾ ਦੁਹਲ ਦੇ ਸਿੰਘ ਇਕੱਠੇ ਹੀ ਵਿਚਰਦੇ ਸਨ। ਇਲਾਕੇ ਵਿੱਚ ਸੀ.ਆਰ.ਪੀ. ਦੀਆਂ ਚੌਂਕੀਆਂ ਉੱਤੇ ਹਮਲੇ ਕੀਤੇ ਜਾਂਦੇ, ਸੀ.ਆਰ.ਪੀ. ਦੀਆਂ ਗੱਡੀਆਂ ਬਰੂਦੀ ਸੁਰੰਗਾਂ ਨਾਲ ਉਡਾਈਆਂ ਜਾਂਦੀਆਂ, ਘਾਤ ਲਾ ਕੇ ਹਮਲੇ ਕੀਤੇ ਜਾਂਦੇ ਸਨ, ਜੋ ਬਾਰਡਰ ਤੋਂ ਸੇਵਾ ਲਈ ਜਾਇਆ ਜਾਂਦਾ ਸੀ ਭਾਈ ਅਕਬਰ ਸਿੰਘ ਮੋਹਰੀ ਹੋ ਕੇ ਸਿੱਖ ਸੰਘਰਸ਼ ਵਿੱਚ ਸੇਵਾ ਕਰਦੇ ਸਨ। ਭਿੰਡਰਾਂਵਾਲਾ ਟਾਈਗਰ ਫੋਰਸ ਸੰਘਾ ਵੱਲੋਂ ਭਾਈ ਅਕਬਰ ਸਿੰਘ ਨੂੰ ਬਾਰਡਰ ਰੇਂਜ ਦਾ ਏਰੀਆ ਕਮਾਂਡਰ ਬਣਾਇਆ ਗਿਆ।

ਪੁਲਿਸ ਨੂੰ ਭਾਈ ਅਕਬਰ ਸਿੰਘ ਦੀਆਂ ਜੁਝਾਰੂ ਸਰਗਰਮੀਆਂ ਦੀ ਸੂਹ ਲੱਗ ਗਈ ਸੀ ਤੇ ਘਰ ਛਾਪੇ ਵੱਜਣ ਲੱਗੇ। ਪਿੰਡ ਦੇ ਮੋਹਤਬਰ ਬੰਦਿਆਂ ਨੇ ਪੁਲਿਸ ਅਫਸਰਾਂ ਨੂੰ ਕਹਿ ਦਿੱਤਾ ਜੇ ਤੁਸੀਂ ਪਰਿਵਾਰ ਨੂੰ ਤੰਗ ਕਰੋਗੇ, ਤਾਂ ਹੋ ਸਕਦਾ ਹੈ ਅਕਬਰ ਸਿੰਘ ਦੇ ਭਰਾ ਵੀ ਘਰ ਛੱਡ ਕੇ ਭਰੌੜੇ ਹੋ ਜਾਣ। ਅਕਬਰ ਸਿੰਘ ਬੜਾ ਅਣਖੀਲਾ ਹੈ, ਪੁਲਿਸ ਦੇ ਜਿਊਂਦਾ ਪੇਸ਼ ਨਹੀਂ ਹੋਵੇਗਾ, ਮੁਕਾਬਲੇ ਵਿੱਚ ਤਾਂ ਕਦੇ ਵੀ ਸ਼ਹੀਦ ਹੋ ਸਕਦਾ ਹੈ।

ਪਿੰਡ ਕਾਲੀਆ ਸਕੱਤਰਾ ਦੇ ਜੁਝਾਰੂ ਸਿੰਘਾਂ ਦੀਆਂ ਸਿੱਖ ਸੰਘਰਸ਼ ਵਿੱਚ ਸਰਗਰਮੀਆਂ ਨੂੰ ਰੋਕਣ ਲਈ ਸਰਕਾਰ ਵੱਲੋਂ ਪਿੰਡ ਵਿੱਚ ਬਾਰਡਰ ਸਕਿਉਰਿਟੀ ਫੋਰਸ (ਬੀ.ਐਸ.ਐਫ.) ਦੀ ਚੌਂਕੀ ਬਿਠਾ ਦਿੱਤੀ ਗਈ, ਸਿੰਘਾਂ ਨੇ ਫੈਸਲਾ ਕੀਤਾ ਕਿ ਚੌਂਕੀ ਵੀ ਉਡਾ ਦੇਣੀ ਹੈ ਤੇ ਇਨ੍ਹਾਂ ਚੌਕੀ ਵਾਲਿਆਂ ਦੇ ਹਥਿਆਰ ਵੀ ਕਬਜ਼ੇ ਵਿੱਚ ਕਰਨੇ ਹਨ। ਸਿੰਘਾਂ ਮਤਾ ਪਕਾਇਆ। ਭਾਈ ਸਵਰਨ ਸਿੰਘ ਗ੍ਰੰਥੀ ਤੇ ਭਾਈ ਸੁਰਜੀਤ ਸਿੰਘ ਝੱਖੜ ਨੇ ਸਾਥੀ ਸਿੰਘਾਂ ਨੂੰ ਨਾਲ ਲੈ ਕੇ ਜਿਨ੍ਹਾਂ ਸਿੰਘਾਂ ਵਿੱਚ ਭਾਈ ਅਕਬਰ ਸਿੰਘ ਵੀ ਸ਼ਾਮਲ ਸੀ, ਅੱਧੀ ਰਾਤ ਵੇਲੇ ਪਿੰਡ ਕਾਲੀਆ ਸਕੱਤਰਾ 'ਚ ਬੀ.ਐਸ.ਐਫ ਦੀ ਚੌਂਕੀ

ਉੱਤੇ ਹਮਲਾ ਕਰ ਦਿੱਤਾ ਗਿਆ। ਸਿੰਘ ਲਲਕਾਰੇ ਮਾਰ ਕੇ ਤੇ ਜੈਕਾਰੇ ਗਜਾ ਕੇ ਚੌਂਕੀ 'ਤੇ ਫਾਈਰਿੰਗ ਕਰਦੇ ਰਹੇ। ਅੱਗੋਂ ਗੋਲੀ ਦਾ ਜਵਾਬ ਆਉਣੋਂ ਹਟ ਗਿਆ। ਭਾਈ ਅਕਬਰ ਸਿੰਘ ਕੁਝ ਸਿੰਘਾਂ ਦੇ ਨਾਲ ਚੌਂਕੀ ਅੰਦਰ ਦਾਖਲ ਹੋਇਆ ਕਿ ਬੀ.ਐਸ.ਐਫ. ਵਾਲਿਆਂ ਦੇ ਹਥਿਆਰ ਕਬਜ਼ੇ ਵਿੱਚ ਲਏ ਜਾਣ। ਇਸ ਹਮਲੇ ਵਿੱਚ ਦੜ ਵੱਟ ਕੇ ਬੈਠੇ ਬੀ.ਐਸ.ਐਫ. ਦੇ ਜਵਾਨ ਨੇ ਗੋਲੀ ਚਲਾ ਦਿੱਤੀ, ਜੋ ਭਾਈ ਅਕਬਰ ਸਿੰਘ ਦੇ ਲੱਗਣ ਨਾਲ ਉਥੇ ਹੀ ਸ਼ਹੀਦ ਹੋ ਗਿਆ। ਇਸ ਹਮਲੇ ਵਿੱਚ 5 ਬੀ.ਐਸ.ਐਫ ਦੇ ਜਵਾਨ ਫੁੰਡੇ ਗਏ ਸਨ। ਦਿਨ ਚੜ੍ਹੇ ਹੋਰ ਫੋਰਸਾਂ ਪਹੁੰਚ ਗਈਆਂ ਤੇ ਸ਼ਹੀਦ ਹੋਏ ਜੁਝਾਰੂ ਦੀ ਸ਼ਹੀਦੀ ਦੇਹ ਦੀ ਪਛਾਣ ਪਿੰਡ ਵਾਲਿਆਂ ਤੋਂ ਕਰਾਈ ਗਈ ਤਾਂ ਪਤਾ ਲੱਗਾ ਕਿ ਰਾਤ ਦੇ ਹਮਲੇ ਵਿੱਚ ਭਾਈ ਅਕਬਰ ਸਿੰਘ ਸ਼ਹੀਦ ਹੋ ਗਿਆ ਹੈ। ਭਾਈ ਅਕਬਰ ਸਿੰਘ ਦੀ ਸ਼ਹੀਦੀ ਦੇਹ ਨਹੀਂ ਸੀ ਦਿੱਤੀ ਗਈ। ਜਿਸ ਦਾ ਪੋਸਟ ਮਾਰਟਮ ਕਰਨ ਤੋਂ ਬਾਅਦ ਸਸਕਾਰ ਪੁਲਿਸ ਨੇ ਆਪ ਹੀ ਕਰ ਦਿੱਤਾ ਸੀ।

ਭਾਈ ਅਕਬਰ ਸਿੰਘ ਦੀ ਯਾਦ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਉਨ੍ਹਾਂ ਦੇ ਘਰ ਪਰਿਵਾਰ ਵੱਲੋਂ ਪਵਾਏ ਗਏ। ਇਸ ਤਰ੍ਹਾਂ ਭਾਈ ਅਕਬਰ ਸਿੰਘ ਮੈਦਾਨੇ ਜੰਗ ਵਿੱਚ ਜੂਝ ਕੇ ਸ਼ਹਾਦਤ ਪ੍ਰਾਪਤ ਕਰ ਕੇ ਸਿੱਖ ਇਤਿਹਾਸ ਵਿੱਚ ਅਮਰ ਹੋ ਗਿਆ ਅਤੇ ਦੁਸ਼ਮਣ ਨੂੰ ਦੱਸ ਗਿਆ ਕਿ ਜੇ ਸਾਡੀ ਕੌਮ ਨੂੰ ਤੁਸੀਂ ਉਜਾੜਿਆ ਹੈ, ਟਿਕ ਕੇ ਅਸੀਂ ਤੁਹਾਨੂੰ ਵੀ ਨਹੀਂ ਬਹਿਣ ਦੇਵਾਂਗੇ, ਜੰਗ ਜਾਰੀ ਰਹੇਗੀ।

ਸ਼ਹੀਦ ਭਾਈ ਸੁਖਬੀਰ ਸਿੰਘ ਕਾਲਾ ਵਾਸੀ ਠੱਠੀ ਜੈਮਲ ਸਿੰਘ

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੀ ਆਜ਼ਾਦੀ ਲਈ ਅਰੰਭੇ ਸਿੱਖ ਸੰਘਰਸ਼ ਦੌਰਾਨ ਜੂਨ 1984 ਦੇ ਘੱਲੂਘਾਰੇ ਤੋਂ ਪਿੱਛੋਂ ਖਾਲਿਸਤਾਨ ਦੀ ਆਜ਼ਾਦੀ ਲਈ ਮੈਦਾਨੇ ਜੰਗ ਵਿੱਚ ਨਿੱਤਰੀ ਸਿੱਖ ਖਾੜਕੂ ਲਹਿਰ ਦੌਰਾਨ ਪਿੰਡ ਠੱਠੀ ਜੈਮਲ ਸਿੰਘ, ਜ਼ਿਲ੍ਹਾ ਅੰਮ੍ਰਿਤਸਰ ਦੇ ਸਿੱਖ ਨੌਜਵਾਨਾਂ ਨੇ ਸਿਰਾਂ ਉੱਤੇ ਕਫਨ ਬੰਨ੍ਹ ਕੇ ਹਿੰਦ ਹਕੂਮਤ ਦੀਆਂ ਫੋਰਸਾਂ ਨਾਲ ਲੰਬੀ ਲੜਾਈ ਲੜਦਿਆਂ ਕੁਰਬਾਨੀਆਂ ਕੀਤੀਆਂ ਤੇ ਸ਼ਹਾਦਤਾਂ ਦੇ ਜਾਮ ਪੀਤੇ ਹਨ। ਇਨ੍ਹਾਂ ਬਹਾਦਰ ਯੋਧਿਆਂ ਵਿੱਚ ਇੱਕ ਅਹਿਮ ਖਾੜਕੂ ਯੋਧੇ ਦਾ ਨਾਂ ਆਉਂਦਾ ਹੈ ਸ਼ਹੀਦ ਭਾਈ ਸੁਖਬੀਰ ਸਿੰਘ ਉਰਫ ਕਾਲਾ ਠੱਠੀ ਜੈਮਲ ਸਿੰਘ। ਜਿਸ ਦਾ ਜਨਮ ਪਿਤਾ ਸ. ਜੋਗਿੰਦਰ ਸਿੰਘ ਦੇ ਘਰ ਮਾਤਾ ਕਸ਼ਮੀਰ ਕੌਰ ਦੀ ਕੁੱਖੋਂ 10 ਮਈ ਨੂੰ ਪਿੰਡ ਠੱਠੀ ਜੈਮਲ ਸਿੰਘ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿੱਚ ਹੋਇਆ। ਆਪ 6 ਭੈਣ ਭਰਾ ਸਨ। ਵੱਡੀ ਭੈਣ ਜਸਬੀਰ ਕੌਰ, ਸੁਖਰਾਜ ਕੌਰ, ਨਿੰਦਰਪਾਲ ਕੌਰ, ਪਰਮਜੀਤ ਕੌਰ ਤੇ ਛੋਟਾ ਲਖਬੀਰ ਸਿੰਘ ਹੈ। ਆਪ ਨੇ ਪ੍ਰਾਇਮਰੀ ਤੱਕ ਦੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲ ਤੋਂ, ਦਸਵੀਂ ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇਮਕਰਨ ਤੋਂ ਪਾਸ ਕੀਤੀ। ਆਪ ਦਾ ਪਿੰਡ ਸਰਹੱਦ ਪਾਕਿਸਤਾਨ ਉੱਤੇ ਹੋਣ ਕਰਕੇ, ਵੱਸਣ ਸਿੰਘ ਜ਼ਫਰਵਾਲ ਦੀ ਜਥੇਬੰਦੀ ਦੇ ਸਿੰਘਾਂ ਭਾਈ ਹਰਜੀਤ ਸਿੰਘ ਟੋਨੀ ਦੇ ਜਥੇ ਦੇ ਸਿੰਘਾਂ ਦਾ ਆਉਣਾ ਜਾਣਾ ਸੀ। ਜਿਸਦਾ ਪੁਲਿਸ ਨੂੰ ਪਤਾ ਲੱਗ ਗਿਆ ਤੇ ਪੁਲਿਸ ਗ੍ਰਿਫਤਾਰ ਕਰਨ ਲਈ ਛਾਪੇ ਮਾਰਨ ਲੱਗ ਪਈ। ਜਿਸ 'ਤੇ ਆਪ ਕੇ.ਸੀ.ਐਫ. ਜ਼ਫਰਵਾਲ ਨਾਲ ਰਲ ਗਏ ਤੇ ਬਾਰਡਰ ਦੇ ਭੇਤੀ ਹੋਣ ਕਰਕੇ, ਸਿੰਘਾਂ ਨੂੰ ਆਉਣ ਜਾਣ ਵਿੱਚ ਅਗਵਾਈ ਕਰਦੇ ਸਨ। ਭਾਈ ਹਰਜਿੰਦਰ ਸਿੰਘ ਜਿੰਦਾ ਉਰਫ ਮੁਸੀਬਤ ਸਿੰਘ ਵੈਰੜ ਨਾਲ ਸਿੱਖ ਸੰਘਰਸ਼ ਵਿੱਚ ਸੇਵਾ ਕਰਦੇ ਸਨ। 3 ਮਈ 1991 ਨੂੰ ਪਿੰਡ ਲਵਾਹਰਾ ਜ਼ਿਲ੍ਹਾ ਮੋਗਾ 'ਚ ਭਾਈ ਸੁਖਬੀਰ ਸਿੰਘ ਕਾਲਾ ਆਪਣੇ ਤਿੰਨ ਸਾਥੀਆਂ ਭਾਈ ਰਾਜਬੀਰ ਸਿੰਘ ਫੌਜੀ ਉਰਫ ਛੋਟਾ ਵੈਰੜ, ਭਾਈ ਕੁਲਵੰਤ ਸਿੰਘ ਕੰਤਾ, ਭਾਈ ਸੁਖਦੇਵ ਸਿੰਘ ਉਦੋਕੇ ਮਾੜੀ ਹਿੰਦੁਸਤਾਨੀ ਫੋਰਸਾਂ ਨਾਲ ਮੁਕਾਬਲਾ ਕਰਦੇ ਹੋਏ ਮੈਦਾਨੇ ਜੰਗ ਵਿੱਚ ਜੂਝਦੇ ਹੋਏ ਸ਼ਹਾਦਤ ਦਾ ਜਾਮ ਪੀ ਕੇ ਖਾਲਿਸਤਾਨ ਦੀ ਆਜ਼ਾਦੀ ਦੀ ਜੰਗ ਦੇ ਇਤਿਹਾਸ ਵਿੱਚ ਸਦਾ ਲਈ ਅਮਰ ਹੋ ਗਏ। ਸ਼ਹੀਦ ਭਾਈ ਸੁਖਬੀਰ ਸਿੰਘ ਕਾਲਾ ਤੇ ਸਾਥੀ

ਸਿੰਘਾਂ ਦੀ ਯਾਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੇ ਭੋਗ ਮਿਤੀ 19 ਮਈ 1991 ਨੂੰ ਪਿੰਡ ਮਨਾਵਾਂ ਨੇੜੇ ਖੇਮਕਰਨ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਪਾਏ ਗਏ ਤੇ ਸ਼ਹੀਦ ਸਿੰਘਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਸਿੱਖ ਸੰਗਤਾਂ ਨੇ ਪਹੁੰਚ ਕੇ ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਕੌਮੀ ਪੀੜ ਦਾ ਹਾਣੀ

ਸ਼ਹੀਦ ਭਾਈ ਸ਼ਲਵਿੰਦਰ ਸਿੰਘ ਕਾਲੀਆ ਸਕੱਤਰਾ

ਜੂਨ 84 ਦੇ ਘੱਲੂਘਾਰੇ ਤੋਂ ਪਿੱਛੋਂ ਸਿੱਖ ਕੌਮ ਦੇ ਆਜ਼ਾਦ ਕੌਮੀ ਘਰ ਖਾਲਿਸਤਾਨ ਦੀ ਸਥਾਪਨਾ ਲਈ ਸਿੱਖ ਕੌਮ ਵੱਲੋਂ ਲੜੇ ਜਾ ਰਹੇ ਕੌਮੀ ਸੰਘਰਸ਼ ਦੌਰਾਨ ਕੁਰਬਾਨੀ ਕਰਨ ਵਾਲੇ ਖਾਲਿਸਤਾਨ ਦੀ ਸ਼ਮ੍ਹਾ ਦੇ ਪ੍ਰਵਾਨਿਆਂ ਵਿੱਚੋਂ ਪਿੰਡ ਕਾਲੀਆ ਸਕੱਤਰਾ ਦੇ ਹੋਰ ਯੋਧਿਆਂ ਦੇ ਨਾਲ ਇੱਕ ਸਿੱਖ ਗੱਭਰੂ ਦਾ ਨਾਂ ਆਉਂਦਾ ਹੈ ਭਾਈ ਸ਼ਲਵਿੰਦਰ ਸਿੰਘ। ਭਾਈ ਸ਼ਲਵਿੰਦਰ ਸਿੰਘ ਦਾ ਜਨਮ ਪਿਤਾ ਸ. ਦਿਆਲ ਸਿੰਘ ਦੇ ਘਰ ਮਾਤਾ ਵੀਰ ਕੌਰ ਦੀ ਕੁੱਖੋਂ ਸੰਨ 1972 ਵਿੱਚ ਪਿੰਡ ਕਾਲੀਆ ਸਕੱਤਰਾ ਤਹਿਸੀਲ ਪੱਟੀ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਆਪ ਤੋਂ ਵੱਡੀਆਂ ਭੈਣਾਂ ਬਲਵਿੰਦਰ ਕੌਰ, ਨਰਿੰਦਰ ਕੌਰ, ਗਿਆਨ ਕੌਰ, ਰਾਜ ਕੌਰ, ਸ਼ਹੀਦ ਭਾਈ ਸ਼ਲਵਿੰਦਰ ਸਿੰਘ ਅਤੇ ਛੋਟੇ ਭਰਾ ਪ੍ਰਗਟ ਸਿੰਘ, ਜਸਵੰਤ ਸਿੰਘ ਹਨ।

ਪਿੰਡ ਦਾ ਗੱਭਰੂ ਅਨਾਰ ਸਿੰਘ ਛੋਟੀ ਉਮਰ ਵਿੱਚ ਹੀ ਭਾਈ ਅਵਤਾਰ ਸਿੰਘ ਬ੍ਰਹਮਾ ਵਾਲੀ ਖਾੜਕੂ ਜਥੇਬੰਦੀ ਖਾਲਿਸਤਾਨ ਲਿਬਰੇਸ਼ਨ ਫੋਰਸ ਵਿੱਚ ਸ਼ਾਮਲ ਹੋ ਗਿਆ ਸੀ। ਭਾਈ ਅਨਾਰ ਸਿੰਘ ਪਾੜ੍ਹਾ ਦੇ ਖਾੜਕੂ ਕਾਰਨਾਮਿਆਂ ਦੇ ਪਿੰਡਾਂ ਦੀਆਂ ਸੱਥਾਂ ਤੇ ਅਖਬਾਰਾਂ ਵਿੱਚ ਚਰਚੇ ਸਨ। ਭਾਈ ਅਨਾਰ ਸਿੰਘ ਪਾੜ੍ਹਾ ਦੀ ਜਾਂਬਾਜ਼ੀ ਹੋਰ ਸਿੱਖ ਗੱਭਰੂਆਂ ਲਈ ਪ੍ਰੇਰਨਾ ਦਾ ਸਰੋਤ ਬਣੀ। ਨੇੜੇ ਦੇ ਪਿੰਡ ਠੱਠੀ ਜੈਮਲ ਸਿੰਘ ਦੇ ਜੁਝਾਰੂ ਸੁਰਜੀਤ ਸਿੰਘ ਝੱਖੜ ਦੀ ਕਮਾਂਡ ਹੇਠ ਸਿੰਘ, ਹਿੰਦ ਸਰਕਾਰ ਦੀਆਂ ਫੋਰਸਾਂ ਵਿਰੁੱਧ ਦਲੇਰਾਨਾ ਖਾੜਕੂ ਐਕਸ਼ਨ ਕਰ ਰਹੇ ਸਨ। ਇਸ ਸਮੇਂ ਭਾਈ ਸੁਰਜੀਤ ਸਿੰਘ ਉਰਫ ਸੀਤਲ ਸਿੰਘ ਝੱਖੜ ਖਾਲਿਸਤਾਨ ਕਮਾਂਡੋ ਫੋਰਸ ਪਰਮਜੀਤ ਸਿੰਘ ਪੰਜਵੜ ਦੀ ਅਗਵਾਈ ਹੇਠ ਸਿੱਖ ਸੰਘਰਸ਼ ਲੜ ਰਹੇ ਸਨ। ਭਾਈ ਸ਼ਲਵਿੰਦਰ ਸਿੰਘ ਵੀ ਕੌਮੀ ਸੰਘਰਸ਼ ਵਿੱਚ ਯੋਗਦਾਨ ਪਾਉਣ ਲਈ ਭਾਈ ਸੁਰਜੀਤ ਸਿੰਘ ਝੱਖੜ ਦੇ ਨਾਲ ਰਲ ਗਏ। ਘਰੋਂ ਗਏ ਨੂੰ 20 ਕੁ ਦਿਨ ਹੋਏ ਸਨ, ਪੁਲਿਸ ਨੂੰ ਸੂਹ ਲੱਗ ਗਈ ਤੇ ਖੇਮਕਰਨ ਥਾਣੇ ਦਾ ਐਸ.ਐਚ.ਓ. ਸੂਬਾ ਸਿੰਹੋਂ ਆ ਕੇ ਕਹਿੰਦਾ ਸ਼ਲਵਿੰਦਰ ਸਿੰਘ ਨੂੰ ਥਾਣੇ ਪੇਸ਼ ਕਰਾਓ, ਪਰੰਤੂ ਪਰਿਵਾਰ ਸ਼ਲਵਿੰਦਰ ਸਿੰਘ ਨੂੰ ਕਿੱਥੋਂ ਪੇਸ਼ ਕਰਾਉਂਦਾ। ਕੌਮੀ ਸੰਘਰਸ਼ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਆਪਣੀ ਅਜ਼ਾਦ ਸੋਚ ਹੁੰਦੀ ਹੈ। ਉਹ ਕਦੇ ਘਰ ਪਰਿਵਾਰ ਦੀ ਸਹਿਮਤੀ ਨਾਲ ਘਰ ਛੱਡ ਕੇ ਸੰਘਰਸ਼ ਦੇ ਬਿਖੜੇ ਰਾਹਾਂ ਦੇ ਪਾਂਧੀ ਨਹੀਂ

ਬਣਿਆ ਕਰਦੇ। ਜਿਹੜੇ ਜੁਝਾਰੂ ਕੌਮੀ ਘਰ ਦੀ ਪ੍ਰਾਪਤੀ ਲਈ ਮੈਦਾਨੇ ਜੰਗ ਵਿੱਚ ਕਦਮ ਰੱਖ ਲੈਣ ਉਹ ਜੰਗ ਜਿੱਤੇ ਬਿਨਾਂ ਕਦੇ ਘਰ ਵਾਪਸ ਨਹੀਂ ਆਇਆ ਕਰਦੇ। ਫਤਹਿ ਜਾਂ ਸ਼ਹਾਦਤ ਉਨ੍ਹਾਂ ਦਾ ਮਿਸ਼ਨ ਹੋਇਆ ਕਰਦੀ ਹੈ। ਭਾਈ ਸ਼ਲਵਿੰਦਰ ਸਿੰਘ ਦੀ ਹੇਠ ਲਿਖੇ ਖਾੜਕੂ ਕਾਰਨਾਮਿਆਂ ਦੀ ਅਖਬਾਰਾਂ ਵਿੱਚ ਚਰਚਾ ਹੁੰਦੀ ਰਹੀ ਹੈ।

—ਥਾਣਾ ਮੱਲਾਂਵਾਲਾ (ਜ਼ਿਲ੍ਹਾ ਫਿਰੋਜ਼ਪੁਰ ਤੋਂ) ਬੁਲਟ ਐਕਸ਼ਨ ਰਾਈਫਲਾਂ ਲੁੱਟਣ ਵਾਲਿਆਂ ਵਿੱਚ ਸੀਤਲ ਸਿੰਘ ਝੱਖੜ ਦੇ ਇਸ ਗਰੁੱਪ ਦਾ ਕੰਮ ਸੀ।

—ਆਸਲ ਭੂਰੇ ਟਾਹਲੀ ਵਾਲਾ ਕਾਂਡ ਵਿੱਚ ਸੀ.ਆਰ.ਪੀ. ਦੀ ਗੱਡੀ 'ਤੇ ਘਾਤ ਲਾ ਕੇ ਹਮਲਾ ਕਰ ਕੇ ਐਲ.ਐਮ.ਜੀ. ਸਮੇਤ ਸਾਰੇ ਹਥਿਆਰ ਲੈ ਗਏ ਤੇ ਸੀ.ਆਰ.ਪੀ. ਦੇ ਸਾਰੇ ਜਵਾਨ ਮਾਰੇ ਗਏ ਸਨ। ਇਨ੍ਹਾਂ ਖਾੜਕੂਆਂ ਸਿੰਘਾਂ ਵਿੱਚ ਭਾਈ ਸ਼ਲਵਿੰਦਰ ਸਿੰਘ ਵੀ ਸ਼ਾਮਲ ਸੀ।

—ਪਿੰਡ ਲਾਖਣਾ ਵਿੱਚ ਜੁਝਾਰੂ ਸਿੰਘਾਂ ਨੂੰ ਪੁਲਿਸ ਤੇ ਸੀ.ਆਰ.ਪੀ. ਨੇ ਇੱਕ ਘਰ ਨੂੰ ਘੇਰਾ ਪਾ ਲਿਆ ਸੀ। ਸਿੰਘ ਸੁੱਤੇ ਪਏ ਸਨ। ਘਰ ਦੀ ਬੀਬੀ ਤੜ੍ਹਕੇ ਉੱਠ ਕੇ ਚਾਹ ਬਣਾ ਰਹੀ ਸੀ, ਉਸਨੇ ਹਨੇਰੇ ਵਿੱਚ ਕੁਝ ਬੰਦੇ ਢਾਣੀ ਵੱਲ ਤੁਰੇ ਆਉਂਦੇ ਤੱਕੇ ਤੇ ਉਸ ਨੇ ਛੇਤੀ ਨਾਲ ਸਿੰਘਾਂ ਨੂੰ ਜਗਾਇਆ ਤੇ ਦੱਸਿਆ ਕਿ ਪੁਲਿਸ ਵਾਲੇ ਘਰ ਵੱਲ ਆ ਰਹੇ ਹਨ, ਤੁਸੀਂ ਆਪਣਾ ਬਚਾ ਕਰ ਲਵੋ। ਸਿੰਘਾਂ ਨੇ ਤੁਰੰਤ ਹਥਿਆਰ ਸੰਭਾਲ ਕੇ ਪੁਲਿਸ ਤੇ ਸੀ.ਆਰ.ਪੀ. ਵਾਲਿਆਂ 'ਤੇ ਏ.ਕੇ.ਸੰਤਾਲੀ ਅਸਾਲਟ ਦੇ ਬਰੱਸਟ ਮਾਰੇ ਤਾਂ ਹਿੰਦੁਸਤਾਨੀ ਫੋਰਸਾਂ ਦੇ ਜਵਾਨ ਇਕ ਵਾਰੀ ਪਿੱਛੇ ਨੂੰ ਭੱਜ ਗਏ। ਇਸ ਸਮੇਂ ਢਾਣੀ 'ਤੇ ਤਿੰਨ ਸਿੰਘ ਠਹਿਰੇ ਹੋਏ ਸਨ, ਭਾਈ ਸਤਨਾਮ ਸਿੰਘ ਵਲਟੋਹਾ, ਭਾਈ ਸ਼ਿੰਦਰ ਸਿੰਘ ਕਾਲੀਆ ਸਕੱਤਰਾ ਅਤੇ ਭਾਈ ਸ਼ਲਵਿੰਦਰ ਸਿੰਘ ਕਾਲੀਆ ਸਕੱਤਰਾ। ਭਾਈ ਸਤਨਾਮ ਸਿੰਘ ਤੇ ਭਾਈ ਸ਼ਿੰਦਰ ਸਿੰਘ ਪੁਲਿਸ ਤੇ ਸੀ.ਆਰ.ਪੀ. ਨਾਲ ਮੁਕਾਬਲਾ ਕਰਦੇ ਪਿੰਡ ਲਾਖਣਾ ਦੇ ਘੇਰੇ ਵਿੱਚ ਸ਼ਹੀਦ ਹੋ ਗਏ। ਭਾਈ ਸ਼ਲਵਿੰਦਰ ਸਿੰਘ ਮਕਾਨ ਦੇ ਪਿਛਲੇ ਪਾਸੇ ਦੀ ਬਾਰੀ ਵਿੱਚ ਦੀ ਹਨੇਰੇ ਵਿੱਚ ਨਿਕਲ ਜਾਣ ਵਿੱਚ ਕਾਮਯਾਬ ਰਿਹਾ ਸੀ।

ਸੰਨ 1990 ਦੀ ਦੀਵਾਲੀ ਵਾਲੀ ਰਾਤ ਭਾਈ ਸ਼ਲਵਿੰਦਰ ਸਿੰਘ ਆਪਣੇ ਤਿੰਨ ਸਾਥੀਆਂ ਨਾਲ ਅੰਮ੍ਰਿਤਸਰ ਸ਼ਹਿਰ ਵਿੱਚ ਸੁਰਸਿੰਘ ਵਾਲਿਆਂ ਜਿਨ੍ਹਾਂ ਮੱਝਾਂ ਦੀ ਡੇਅਰੀ ਬਣਾਈ ਹੋਈ ਸੀ, ਨੂੰ ਉਨ੍ਹਾਂ ਦੇ ਘਰੋਂ ਪੁਲਿਸ ਫੜ੍ਹ ਕੇ ਲੈ ਗਈ ਸੀ। ਇਹ ਗ੍ਰਿਫਤਾਰੀ ਅੰਮ੍ਰਿਤਸਰ ਦੇ ਥਾਣੇ ਤੋਂ ਦੀਦਾਰ ਸਿੰਘ ਐਸ.ਐਚ.ਓ. ਦੀ ਅਗਵਾਈ ਵਿੱਚ ਕੀਤੀ ਗਈ ਸੀ। ਭਾਈ ਸ਼ਲਵਿੰਦਰ ਸਿੰਘ ਤੇ ਉਸਦੇ ਸਾਥੀਆ ਉੱਤੇ ਅੰਮ੍ਰਿਤਸਰ ਦੇ ਥਾਣਾ ਬੀ ਬਲਾਕ ਵਿੱਚ ਅੰਨਾ ਤਸ਼ੱਦਦ ਕੀਤਾ ਗਿਆ। ਪੁਲਿਸ ਭਾਈ ਸ਼ਲਵਿੰਦਰ ਸਿੰਘ ਤੇ ਸਾਥੀਆਂ ਕੋਲੋਂ ਅਸਲਾ ਤੇ ਸਿੰਘਾਂ ਦੀਆਂ ਠਾਹਰਾਂ ਬਾਰੇ ਭੇਤ ਲੈਣਾ ਚਾਹੁੰਦੀ ਸੀ। ਪੁਲਿਸ ਨੇ ਸ਼ਲਵਿੰਦਰ ਸਿੰਘ ਤੇ ਸਾਥੀਆਂ ਦੇ ਹੱਥਾਂ ਵਿੱਚ ਕਿੱਲ ਠੋਕ ਦਿੱਤੇ। 6-6 ਪੁਲਿਸੀਏ ਲੱਤਾਂ 'ਤੇ ਘੋਟਣਾ ਰੱਖ ਕੇ ਚੜ੍ਹਦੇ ਰਹੇ। ਸਿੰਘ ਜਬਰ ਦਾ ਟਾਕਰਾ ਸਬਰ ਨਾਲ ਕਰਦੇ

ਹੋਏ ਪੁਲਿਸ ਦੇ ਤਸੀਹਿਆਂ ਨਾਲ ਸ਼ਹੀਦ ਹੋ ਗਏ। ਸਿੰਘਾਂ ਧਰਮ 'ਤੇ ਕਾਇਮ ਰਹਿੰਦਿਆਂ ਕਿਸੇ ਸਾਥੀ ਨੂੰ ਨਹੀਂ ਫੜਾਇਆ। ਆਪਣੀ ਸ਼ਹਾਦਤ ਦੇ ਦਿੱਤੀ। ਪੁਲਿਸ ਨੇ ਭਾਈ ਸ਼ਲਵਿੰਦਰ ਸਿੰਘ ਤੇ ਸਾਥੀਆਂ ਨੂੰ 15 ਦਿਨ ਹਿਰਾਸਤ ਵਿੱਚ ਰੱਖ ਕੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ।

ਪੁਲਿਸ ਵਲੋਂ ਚਾਰ ਅਣਪਛਾਤੇ ਕਹਿ ਕੇ ਸੁਲਤਾਨਵਿੰਡ ਵਾਲੀ ਨਹਿਰ 'ਤੇ ਝੂਠੇ ਪੁਲਿਸ ਮੁਕਾਬਲੇ ਵਿੱਚ ਜੋ ਖਾੜਕੂ ਮਾਰੇ ਗਏ ਵਿਖਾਏ ਗਏ ਸਨ ਉਨ੍ਹਾਂ ਸਿੰਘਾਂ ਵਿੱਚ ਭਾਈ ਸ਼ਲਵਿੰਦਰ ਸਿੰਘ ਕਾਲੀਆ ਸਕੱਤਰਾ ਤੇ ਉਸ ਨਾਲ ਦੀਵਾਲੀ ਦੀ ਰਾਤ ਫੜੇ ਗਏ ਖਾੜਕੂ ਹੀ ਸਨ। ਭਾਈ ਸ਼ਲਵਿੰਦਰ ਸਿੰਘ ਦੇ ਸਾਥੀਆਂ ਨੇ ਪਰਿਵਾਰ ਨੂੰ ਆ ਕੇ ਦੱਸਿਆ ਸੀ ਕਿ ਪੁਲਿਸ ਨੇ ਭਾਈ ਸ਼ਲਵਿੰਦਰ ਸਿੰਘ ਤੇ ਉਸ ਦੇ ਸਾਥੀਆਂ ਨੂੰ ਸੁਲਤਾਨਵਿੰਡ ਨਹਿਰ 'ਤੇ ਝੂਠੇ ਪੁਲਿਸ ਮੁਕਾਬਲੇ ਵਿੱਚ ਸ਼ਹੀਦ ਕਰ ਦਿੱਤਾ ਹੈ ਤੇ ਤੁਸੀਂ ਉਸ ਨਮਿੱਤ. ਪਾਠ ਅਰੰਭ ਕਰਵਾ ਦੇ ਭੋਗ ਪਵਾ ਦੇਵੋ।

ਭਾਈ ਸ਼ਲਵਿੰਦਰ ਸਿੰਘ ਦੇ ਭਰਾਵਾਂ ਦੇ ਦੱਸਣ ਅਨੁਸਾਰ ਸਾਨੂੰ ਗ੍ਰਿਫਤਾਰੀ ਦਾ ਪਤਾ ਦਿਵਾਲੀ ਤੋਂ ਅਗਲੇ ਦਿਨ ਲੱਗ ਗਿਆ ਸੀ। ਪਰਿਵਾਰ ਵੱਲੋਂ ਪੁਲਿਸ ਕੋਲ ਪਹੁੰਚ ਕਰਕੇ, ਭਾਈ ਸ਼ਲਵਿੰਦਰ ਸਿੰਘ ਨੂੰ ਮਿਲਣ ਲਈ 15 ਦਿਨ ਜਾਂਦੇ ਰਹੇ। ਪੁਲਿਸ ਅਫਸਰ ਰੋਜ਼ ਹੀ ਟਾਲ-ਮਟੋਲ ਕਰਕੇ ਮੋੜ ਦੇਂਦੇ ਸੀ, ਕੱਲ੍ਹ ਨੂੰ ਅਦਾਲਤ 'ਚ ਪੇਸ਼ ਕਰਾਂਗੇ। ਅਸੀਂ ਛੱਡ ਦੇਣੇ ਆਂ। ਕੱਲ੍ਹ ਨੂੰ ਆ ਜਾਣਾ। ਵੱਡੇ ਸਾਹਿਬ ਨਾਲ ਗੱਲ ਕਰ ਲਵੋ। ਅਜਿਹੇ ਬਹਾਨੇ ਬਣਾ ਕੇ ਮੋੜ ਦੇਂਦੇ ਸੀ। ਪਰਿਵਾਰ ਨੂੰ ਪੁਲਿਸ ਹਿਰਾਸਤ ਵਿੱਚ ਮਿਲਾਇਆ ਨਹੀਂ ਸੀ ਗਿਆ।

ਪੁਲਿਸ ਨੇ ਚਾਰ ਸਿੰਘਾਂ ਦੀਆਂ ਲਾਸ਼ਾਂ ਦਾ ਸਸਕਾਰ ਲਾਵਾਰਸ ਕਹਿ ਕੇ ਕਰ ਦਿੱਤਾ ਸੀ ਤੇ ਸਸਕਾਰ ਕਰਨ ਪਿੱਛੋਂ ਪੁਲਿਸ ਵਾਲੇ ਕਹਿਣ ਲੱਗ ਪਏ ਕਿ ਅਸੀਂ ਕਿਸੇ ਸ਼ਲਵਿੰਦਰ ਸਿੰਘ ਨੂੰ ਗ੍ਰਿਫਤਾਰ ਨਹੀਂ ਕੀਤਾ। ਤੁਹਾਨੂੰ ਕਿਥੋਂ ਮਿਲਾ ਦੇਈਏ। ਪਰਿਵਾਰ ਨਿਰਾਸ਼ ਹੋ ਕੇ ਘਰ ਬੈਠ ਗਿਆ। ਸਿੰਘਾਂ ਨੇ ਸਾਨੂੰ ਦੱਸਿਆ ਸੀ ਕਿ ਭਾਈ ਸ਼ਲਵਿੰਦਰ ਨੂੰ ਪੁਲਿਸ ਨੇ ਤਿੰਨ ਸਾਥੀਆਂ ਨਾਲ ਸ਼ਹੀਦ ਕਰ ਦਿੱਤਾ ਹੈ। ਫਿਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਪਿੰਡ ਕਾਲੀਆ ਸਕੱਤਰਾ ਦੇ ਗੁਰਦੁਆਰਾ ਸਾਹਿਬ ਵਿਖੇ ਪਵਾ ਦਿੱਤਾ। ਭਾਈ ਸ਼ਲਵਿੰਦਰ ਸਿੰਘ ਦਾ ਸੁਭਾਅ ਬੜਾ ਮਿਲਾਪੜਾ ਸੀ। 18 ਸਾਲ ਦੀ ਛੋਟੀ ਉਮਰ ਵਿੱਚ ਹੀ ਸਿੱਖ ਸੰਘਰਸ਼ ਵਿੱਚ ਆਪਣਾ ਯੋਗਦਾਨ ਪਾਉਂਦਾ ਹੋਇਆ ਸ਼ਹੀਦ ਹੋ ਗਿਆ, ਪਰ ਕਿਸੇ ਸਾਥੀ ਨੂੰ ਨਹੀਂ ਫੜਾਇਆ ਤੇ ਨਾ ਹੀ ਕੋਈ ਜਥੇਬੰਦੀ ਦਾ ਭੇਤ ਪੁਲਿਸ ਨੂੰ ਦਿੱਤਾ। ਭਾਈ ਸ਼ਲਵਿੰਦਰ ਸਿੰਘ ਦੀ ਸ਼ਹੀਦੀ ਪਿੱਛੋਂ ਪੁਲਿਸ ਵੱਲੋਂ ਪਰਿਵਾਰ ਨੂੰ ਤੰਗ ਨਹੀਂ ਕੀਤਾ ਗਿਆ। ਜਿਸ ਤੋਂ ਪਰਿਵਾਰ ਨੂੰ ਯਕੀਨ ਹੈ ਕਿ ਪੁਲਿਸ ਨੇ ਵਾਕਿਆ ਹੀ ਸ਼ਲਵਿੰਦਰ ਸਿੰਘ ਨੂੰ ਸ਼ਹੀਦ ਕਰ ਦਿੱਤਾ ਹੈ।

ਸਿੱਖ ਕੌਮ ਦੀ ਆਨ ਤੇ ਸ਼ਾਨ ਲਈ ਜੂਝਣ ਵਾਲਾ

ਸ਼ਹੀਦ ਭਾਈ ਬਗੀਚਾ ਸਿੰਘ ਖਾਲਸਾ (ਕਾਲੀਆ ਸਕੱਤਰਾ)

ਸ਼ਹੀਦ ਦੀ ਜ਼ਿੰਦਗੀ ਹੀ ਮੌਤ ਤੋਂ ਪਿੱਛੋਂ ਸ਼ੁਰੂ ਹੁੰਦੀ ਹੈ। ਜਿਥੇ ਆਮ ਮਨੁੱਖ ਦੀ ਜ਼ਿੰਦਗੀ ਮੌਤ ਹੋ ਜਾਣ 'ਤੇ ਖਤਮ ਹੋ ਜਾਂਦੀ ਹੈ, ਸ਼ਹੀਦ ਦੀ ਉਥੋਂ ਸ਼ੁਰੂ ਹੁੰਦੀ ਹੈ ਤੇ ਫਿਰ ਮੌਤ ਉਸਨੂੰ ਮਾਰ ਨਹੀਂ ਸਕਦੀ। ਸ਼ਹੀਦ ਮੌਤ ਉੱਤੇ ਫਤਿਹ ਪਾ ਕੇ ਅਮਰ ਹੋ ਜਾਂਦਾ ਹੈ ਤੇ ਮੌਤ ਕੋਲ ਉਸਨੂੰ ਮਾਰਨ ਵਾਸਤੇ ਕੋਈ ਹਥਿਆਰ ਹੀ ਨਹੀਂ ਰਹਿ ਜਾਂਦਾ। ਸ਼ਹੀਦ ਦੀ ਸ਼ਹਾਦਤ ਅੱਗੇ ਮੌਤ ਹਾਰ ਜਾਂਦੀ ਹੈ। ਸ਼ਹੀਦ ਦੀ ਰੂਹ/ਆਤਮਾ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਦਿਲਾਂ ਵਿੱਚ ਵੱਸ ਜਾਂਦੀ ਹੈ ਤੇ ਕੌਮੀ ਸੰਘਰਸ਼ਾਂ ਵਿੱਚ ਅਗਵਾਈ ਕਰਦੀ ਹੈ। ਲੋਕ ਸ਼ਹੀਦ ਦਾ ਨਾਂ ਬੜੇ ਅਦਬ/ਸਤਿਕਾਰ ਨਾਲ ਲੈਂਦੇ ਹਨ ਤੇ ਉਸਦੀ ਸ਼ਹਾਦਤ ਨੂੰ ਪ੍ਰਣਾਮ ਕਰਦੇ ਹਨ। ਪਿੰਡ ਕਾਲੀਆ ਸਕੱਤਰਾ ਦੇ ਬਹੁਤ ਸਾਰੇ ਸਿੰਘ ਸਿੱਖ ਸੰਘਰਸ਼ ਵਿੱਚ ਜੂਝ ਕੇ ਸ਼ਹੀਦ ਹੋਏ ਹਨ। ਜਿਸ ਪਰਿਵਾਰ ਨੂੰ ਵੀ ਅਸੀਂ (ਲੇਖਕ-ਮਨਿੰਦਰ ਸਿੰਘ ਬਾਜਾ) ਮਿਲੇ ਉਸ ਨੇ ਹੀ ਸ਼ਹੀਦ ਭਾਈ ਬਗੀਚਾ ਸਿੰਘ ਖਾਲਸਾ ਦੀ ਕੁਰਬਾਨੀ ਦਾ ਜ਼ਿਕਰ ਕੀਤਾ, ਤੇ ਹਰ ਇਕ ਵੀਰ, ਮਾਂ, ਭੈਣ, ਬਾਪੂ ਵੱਲੋਂ ਬੜੇ ਹੀ ਮਾਣ ਨਾਲ ਭਾਈ ਬਗੀਚਾ ਸਿੰਘ ਖਾਲਸਾ ਦਾ ਨਾਂ ਲਿਆ ਜਾਂਦਾ ਹੈ। ਇਸ ਪਦਵੀ 'ਤੇ ਪਿੰਡ ਵਿੱਚੋਂ ਮਾਣ ਸਨਮਾਣ ਤੇ ਇੱਜ਼ਤ ਸਤਿਕਾਰ ਹਾਸਲ ਕਰਨਾ ਕੋਈ ਮਾੜੀ ਮੋਟੀ ਸਾਧਨਾ ਨਹੀਂ ਹੁੰਦੀ, ਇਹ ਇਕ ਸਿੱਖੀ ਮਾਰਗ ਹੁੰਦਾ ਹੈ ਜੋ ਕੋਈ ਵਿਰਲਾ ਹੀ ਮੰਜ਼ਿਲ ਨੂੰ ਪਾਉਂਦਾ ਹੈ। ਜੋ ਪਾ ਲੈਂਦਾ ਹੈ ਉਹ ਆਪਣੇ ਲੋਕਾਂ ਦੇ ਦਿਲਾਂ ਉੱਤੇ ਰਾਜ ਕਰਦਾ ਹੈ ਤੇ ਇਹ ਰੁਤਬਾ ਹਾਸਲ ਕੀਤਾ ਹੈ ਭਾਈ ਬਗੀਚਾ ਸਿੰਘ ਖਾਲਸਾ ਨੇ ਜੋ ਸੰਤ ਵੀ ਸੀ ਤੇ ਸਿਪਾਹੀ ਵੀ ਸੀ। ਭਾਈ ਬਗੀਚਾ ਸਿੰਘ ਖਾਲਸਾ ਲੋਕਾਂ ਵਾਸਤੇ ਸੰਤ ਸਰੂਪ ਸੀ ਤੇ ਹਿੰਦ ਸਰਕਾਰ ਅਤੇ ਉਸਦੇ ਹਕੂਮਤੀ ਪੁਰਜਿਆਂ ਵਾਸਤੇ ਖਤਰਨਾਕ ਅੱਤਵਾਦੀ ਜਿਸਨੂੰ ਕਾਬੂ ਕਰਨ ਲਈ ਹਿੰਦ ਹਕੂਮਤ ਦੀ ਮਸ਼ੀਨਰੀ ਨੇ ਪੂਰੀ ਤਾਕਤ ਝੋਕੀ ਹੋਈ ਸੀ ਤੇ ਉਸਦੀ ਭਾਲ ਵਿੱਚ ਪੰਜਾਬ ਤੇ ਹੋਰ ਸੂਬਿਆਂ ਵਿੱਚ ਚੱਪਾ-ਚੱਪਾ ਛਾਣ ਰਹੀ ਸੀ। ਪਰੰਤੂ ਭਾਈ ਬਗੀਚਾ ਸਿੰਘ ਖਾਲਸਾ ਆਪਣੇ ਲੋਕਾਂ ਦੇ ਦਿਲਾਂ ਵਿੱਚ ਰਹਿ ਰਿਹਾ ਸੀ। ਲੋਕ ਪੁਲਿਸ ਤੋਂ ਕੁੱਟ ਖਾ ਕੇ ਵੀ ਨਹੀਂ ਸੀ ਦੱਸਦੇ ਕਿ ਭਾਈ ਬਗੀਚਾ ਸਿੰਘ ਖਾਲਸਾ ਕਿੱਥੇ ਹੈ। ਭਾਈ ਬਗੀਚਾ ਸਿੰਘ ਖਾਲਸਾ ਦਾ ਜਨਮ ਜੂਨ 1966 ਵਿੱਚ ਪਿਤਾ ਸ.

ਚੰਨਣ ਸਿੰਘ ਦੇ ਘਰ ਮਾਤਾ ਵੀਰ ਕੌਰ ਦੀ ਕੁਖੋਂ ਪਿੰਡ ਦਾਸੂਵਾਲ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ।

ਵਰਨਣਯੋਗ ਹੈ ਕਿ ਬੱਬਰ ਖਾਲਸਾ ਦੇ ਮੁਖੀ ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ, ਬੱਬਰ ਖਾਲਸਾ ਦੇ ਮੌਜੂਦਾ ਡਿਪਟੀ ਚੀਫ ਭਾਈ ਮਹਿਲ ਸਿੰਘ ਬੱਬਰ ਤੇ ਸ਼ਹੀਦ ਭਾਈ ਹਾਕਮ ਸਿੰਘ ਵੀ ਪਿੰਡ ਦਾਸੂਵਾਲ ਦੇ ਜੰਮਪਲ ਹੋਏ ਹਨ। ਭਾਈ ਬਗੀਚਾ ਸਿੰਘ ਖਾਲਸਾ ਭੈਣ ਭਰਾਵਾਂ ਵਿੱਚੋਂ ਸਾਰਿਆਂ ਤੋਂ ਵੱਡੇ ਸਨ। ਛੋਟਾ ਭਰਾ ਨਰਿੰਦਰ ਸਿੰਘ, ਪ੍ਰਤਾਪ ਸਿੰਘ, ਭੈਣ ਸ਼ਿੰਦਰ ਕੌਰ ਹਨ। ਭਾਈ ਬਗੀਚਾ ਸਿੰਘ ਖਾਲਸਾ ਨੇ ਪੰਜਵੀਂ ਜਮਾਤ ਤੱਕ ਦੀ ਪੜ੍ਹਾਈ ਪਿੰਡ ਵਰਨਾਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਕੀਤੀ। ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਵਲਟੋਹਾ ਤੋਂ ਪਾਸ ਕੀਤੀ। ਬਚਪਨ ਵਿੱਚ ਬੜਾ ਸਾਊ ਸੁਭਾਅ ਦਾ ਸੀ ਕਦੇ ਡੰਗਰਾਂ ਨੂੰ ਵੀ ਗਾਲ੍ਹ ਨਹੀਂ ਸੀ ਕੱਢਦਾ।

ਆਪ ਜੀ ਦੇ ਪਿਤਾ ਸ. ਚੰਨਣ ਸਿੰਘ ਸੰਨ 1984 ਵਿੱਚ ਦਾਸੂਵਾਲ ਤੋਂ ਜ਼ਮੀਨ ਵੇਚ ਕੇ ਪਿੰਡ ਕਾਲੀਆ ਸਕੱਤਰਾ ਵਿੱਚ ਜ਼ਮੀਨ ਖਰੀਦ ਕੇ ਆਬਾਦ ਹੋ ਗਏ। ਪਿੰਡ ਕਾਲੀਆ ਸਕੱਤਰਾ ਸ. ਚੰਨਣ ਸਿੰਘ ਦਾ ਸਹੁਰਾ ਪਿੰਡ ਵੀ ਹੈ।

ਜੂਨ 1984 ਵਿੱਚ ਹਿੰਦੂ ਹਕੂਮਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਉੱਪਰ ਫੌਜਾਂ ਚੜ੍ਹਾ ਕੇ ਖੂਨੀ ਘੱਲੂਘਾਰਾ ਵਰਤਾ ਕੇ ਜੋ ਸਿੱਖ ਕੌਮ ਦੀ ਤਬਾਹੀ ਕੀਤੀ ਗਈ ਸੀ ਉਸ ਨੂੰ ਸੁਣ-ਵੇਖ ਕੇ ਸਿੱਖ ਰੋਹ ਵਿੱਚ ਆ ਗਏ। ਸਿੱਖਾਂ ਨੇ ਸ੍ਰੀ ਦਰਬਾਰ ਸਾਹਿਬ ਵੱਲ ਵਹੀਰਾਂ ਘੱਤ ਦਿੱਤੀਆਂ। ਸਰਕਾਰ ਵੱਲੋਂ ਕਰੜੇ ਪ੍ਰਬੰਧਾਂ ਕਾਰਨ ਫੌਜ ਦੀ ਸਖਤੀ ਕਾਰਨ ਸਿੱਖਾਂ ਨੂੰ ਰਾਹਾਂ ਵਿੱਚੋਂ ਹੀ ਵਾਪਸ ਮੁੜਨਾ ਪਿਆ ਸੀ। ਪਿੰਡ ਕਾਲੀਆ ਸਕੱਤਰਾ ਦੇ ਪੰਜ ਨੌਜਵਾਨ ਵੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਤੁਰੇ ਸਨ। ਉਹ ਸਿੱਖ ਗੱਭਰੂ ਸਨ, ਭਾਈ ਬਗੀਚਾ ਸਿੰਘ ਖਾਲਸਾ, ਭਾਈ ਸਵਰਨ ਸਿੰਘ ਗ੍ਰੰਥੀ ਤੇ ਉਸ ਦਾ ਭਰਾ ਬਲਵੀਰ ਸਿੰਘ, ਭਾਈ ਅਕਬਰ ਸਿੰਘ, ਭਾਈ ਮੁਖਤਿਆਰ ਸਿੰਘ ਸਨ ਜਿਨ੍ਹਾਂ ਨੂੰ ਫੌਜ ਨੇ ਬੀੜ ਬਾਬਾ ਬੁੱਢਾ ਸਾਹਿਬ ਵਾਲੇ ਗੇਟ ਤੋਂ ਵਾਪਸ ਮੁੜਨ ਲਈ ਮਜਬੂਰ ਕਰ ਦਿੱਤਾ ਸੀ।

ਇਸ ਸਮੇਂ ਦੌਰਾਨ ਹੀ ਭਾਈ ਬਗੀਚਾ ਸਿੰਘ ਪੜ੍ਹਿਆ ਲਿਖਿਆ ਤੇ ਸੁੰਦਰ ਸੋਹਣਾ ਜਵਾਨ ਹੋਣ ਕਰਕੇ ਪੰਜਾਬ ਪੁਲਿਸ ਵਿੱਚ ਭਰਤੀ ਹੋ ਗਿਆ। ਭਾਈ ਬਗੀਚਾ ਸਿੰਘ ਪੰਜਾਂ ਪਿਆਰਿਆਂ ਤੋਂ ਖੰਟੇ ਬਾਟੇ ਦੀ ਪਾਹੁਲ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਦੇ ਧਾਰਨੀ ਬਣ ਗਏ ਸਨ ਤੇ ਪੁਲਿਸ ਦੀ ਨੌਕਰੀ ਕਰਨ ਦੇ ਬਾਵਜੂਦ ਨਿੱਤਨੇਮ ਗੁਰਬਾਣੀ ਦਾ ਪਾਠ ਗੁਟਕੇ 'ਤੋਂ ਕਰਿਆ ਕਰਦੇ ਸਨ। ਪੁਲਿਸ ਮਹਿਕਮੇ ਵਿੱਚ ਸਾਰੇ ਭਾਈ ਬਗੀਚਾ ਸਿੰਘ ਨੂੰ ਭਾਈ ਬਗੀਚਾ ਸਿੰਘ ਖਾਲਸਾ ਕਹਿ ਕੇ ਬੁਲਾਉਂਦੇ ਸਨ। ਪੁਲਿਸ ਦੀ ਨੌਕਰੀ ਕਰਦਿਆਂ ਜਦੋਂ ਵੀ ਘਰ ਛੁੱਟੀ ਕੱਟਣ ਆਉਂਦੇ ਤਾਂ ਘਰੋਂ ਬਾਹਰ ਜਾ ਕੇ ਅਕਸਰ ਹੀ ਖਾੜਕੂ ਸਿੰਘਾਂ ਨਾਲ ਮਿਲਾਪ ਹੋਣਾ। ਪਿੰਡ ਦੇ ਨੌਜਵਾਨ ਭਾਈ ਅਨਾਰ ਸਿੰਘ ਦਾ ਜੁਝਾਰੂ

ਸਿੰਘਾਂ ਵਿੱਚ ਇਕ ਚੰਗਾ ਨਾਮ ਸੀ। ਉਸ ਦੇ ਸੰਪਰਕ ਵਿੱਚ ਆਉਣ 'ਤੇ ਚੀਮਾ ਪੁਲਿਸ ਚੌਂਕੀ ਵਿੱਚ ਤਾਇਨਾਤ ਸੀ, ਪੰਜਾਬ ਪੁਲਿਸ ਦੀ ਨੌਕਰੀ ਛੱਡ ਕੇ ਘਰ ਆ ਗਿਆ।

ਪਿਤਾ ਨੇ ਪੁੱਛਿਆ—ਪੁੱਤਰ ਡਿਊਟੀ 'ਤੇ ਨਹੀਂ ਜਾਂਦਾ ?

ਭਾਈ ਬਗੀਚਾ ਸਿੰਘ ਖਾਲਸਾ ਕਹਿੰਦਾ—ਭਾ ਜੀ! ਸਿੰਘ ਮਾਰ ਦੇਣਗੇ। ਪਿਤਾ ਨੇ ਕਿਹਾ ਕੀ ਪੁੱਤਰ, ਲੋਕ ਵੀ ਕਰਦੇ ਆ ਨੌਕਰੀ। ਸਿੰਘ ਉਨ੍ਹਾਂ ਨੂੰ ਨਹੀਂ ਮਾਰਦੇ। ਤੈਨੂੰ ਜ਼ਿਆਦਾ ਮਾਰ ਦੇਣਗੇ। ਜਿਹੜੇ ਸਿੰਘਾਂ 'ਤੇ ਜ਼ੁਲਮ ਕਰਦੇ ਆ ਉਨ੍ਹਾਂ ਨੂੰ ਤੇ ਸਿੰਘਾਂ ਨੇ ਛੱਡਣਾ ਈ ਨਹੀਂ। ਤੂੰ ਤਾਂ ਇਹੋ ਜਿਹਾ ਮਾੜਾ ਕੰਮ ਕਰਦਾ ਨਹੀਂ, ਫਿਰ ਸਿੰਘ ਤੈਨੂੰ ਕਿਉਂ ਮਾਰਨਗੇ। ਬਗੀਚਾ ਸਿੰਘ ਕਹਿੰਦਾ ਕਿ ਜੇ ਜਲਾਦ ਪੁਲਿਸ ਅਫਸਰਾਂ ਦਾ ਹੁਕਮ ਮੋੜਦੇ ਆਂ, ਗ੍ਰਿਫਤਾਰ ਕੀਤੇ ਹੋਏ ਸਿੰਘਾਂ 'ਤੇ ਤਸ਼ੱਦਦ ਨਹੀਂ ਕਰਦੇ ਤਾਂ ਉਹ ਅਫਸਰ ਕਹਿੰਦੇ ਹਨ ਭੈਣ ਦੇ ਖਸਮੋ, ਇਹ ਤੁਹਾਡੇ ਭਣਵੀਏ ਲੱਗਦੇ ਆ, ਘੋਟਣੇ ਨਹੀਂ ਲਾਉਂਦੇ, ਇਨ੍ਹਾਂ ਦੇ ਚੱਡੇ ਨਹੀਂ ਪਾੜਦੇ। ਜੇ ਅਫਸਰਾਂ ਦਾ ਹੁਕਮ ਮੰਨਦੇ ਆਂ ਤਾਂ ਜ਼ਮੀਰ ਲਾਹਨਤਾਂ ਪਾਉਂਦੀ ਹੈ।

ਜਿਨ੍ਹਾਂ ਸਿੱਖ ਪੁਲਿਸ ਵਾਲਿਆਂ ਨੇ ਸਿੰਘਾਂ 'ਤੇ ਤਸ਼ੱਦਦ ਕਰਨ ਤੋਂ ਤੇ ਸਿੰਘਾਂ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਗੋਲੀ ਮਾਰਨ ਤੋਂ ਇਨਕਾਰ ਕੀਤਾ, ਅਫਸਰ ਆਪਣੀ ਸੋਚ ਦੇ ਪੁਲਸੀਆਂ ਤੋਂ ਸਿੰਘਾਂ ਦੇ ਨਾਲ ਧਰਮੀ ਸਿੱਖ ਪੁਲਸੀਆਂ ਨੂੰ ਵੀ ਗੋਲੀ ਮਰਵਾ ਦੇਂਦੇ ਤੇ ਨਾਲੇ ਝੂਠੇ ਪੁਲਿਸ ਮੁਕਾਬਲੇ ਦੀ ਕਹਾਣੀ ਸੱਚੀ ਬਣਾ ਦੇਂਦੇ ਹਨ, ਕਿ ਪੁਲਿਸ ਤੇ ਅੱਤਵਾਦੀਆਂ ਦੇ ਹੋਏ ਮੁਕਾਬਲੇ ਵਿੱਚ ਇੰਨੇ ਅੱਤਵਾਦੀ ਤੇ ਇੰਨੇ ਪੁਲਿਸ ਦੇ ਜਵਾਨ ਮਾਰੇ ਗਏ। ਅੱਤਵਾਦੀਆਂ ਤੋਂ ਇੰਨੇ ਹਥਿਆਰ ਤੇ ਗੋਲੀ ਸਿੱਕਾ ਫੜ੍ਹਿਆ ਗਿਆ। ਪੁਲ ਤੇ ਚੌਰਾਹਿਆਂ ਵਿੱਚ ਰਾਤ ਦੇ ਹਨੇਰੇ ਵਿੱਚ ਹੋਣ ਵਾਲੇ ਪੁਲਿਸ ਮੁਕਾਬਲਿਆਂ ਦਾ ਇਹੋ ਜਿਹਾ ਸੱਚ ਹੁੰਦਾ ਹੈ।

ਜੇ ਅਫਸਰਾਂ ਦੇ ਹੁਕਮ ਨੂੰ ਮੰਨ ਕੇ, ਆਪਣੇ ਸਿੱਖ ਭਰਾਵਾਂ ਨੂੰ ਗੋਲੀ ਮਾਰਦੇ ਹਾਂ ਤਾਂ ਸਿੰਘਾਂ ਨੇ ਜਿਸ ਦਿਨ ਉਨ੍ਹਾਂ ਪਤਾ ਲੱਗ ਜਾਂਦਾ ਹੈ ਕਿ ਇਨ੍ਹਾਂ ਪੁਲਸੀਆਂ ਨੇ ਸਿੰਘਾਂ 'ਤੇ ਤਸ਼ੱਦਦ ਕੀਤਾ, ਸਿੰਘਾਂ ਨੂੰ ਗੋਲੀ ਮਾਰ ਕੇ ਮਾਰਿਆ ਫਿਰ ਸਿੰਘ ਪੁਲਿਸ ਵਾਲਿਆਂ ਦਾ ਪਰਿਵਾਰ ਮਾਰ ਦੇਂਦੇ ਨੇ, ਭਾਜੀ ਮੇਰੇ ਤੋਂ ਸਿੰਘਾਂ ਹੱਥੋਂ ਪਰਿਵਾਰ ਨਹੀਂ ਮਰਵਾਇਆ ਜਾਣਾ, ਇਸ ਕਰਕੇ ਮੈਂ ਨੌਕਰੀ ਛੱਡ ਆਇਆ ਹਾਂ।

ਮਾਪੇ ਕੀ ਜਾਨਣ ਕਿ ਭਾਈ ਬਗੀਚਾ ਸਿੰਘ ਖਾਲਸਾ ਕਿਹੜੇ ਬਿਖੜੇ ਰਾਹਾਂ ਦਾ ਪਾਂਧੀ ਬਣ ਰਿਹਾ ਹੈ। ਤਿੰਨ ਮਹੀਨੇ ਘਰ ਰਿਹਾ, ਘਰ ਦਾ ਕੰਮ ਧੰਦਾ ਕਰਦਾ ਰਿਹਾ। ਸੰਨ 87 'ਚ ਘਰੋਂ ਬਿਨਾਂ ਦੱਸੇ ਚਲਾ ਗਿਆ ਤੇ ਖਾੜਕੂ ਅਨਾਰ ਸਿੰਘ ਪਾੜ੍ਹਾ ਨਾਲ ਰਲ ਗਿਆ। ਘਰੋਂ ਗਏ ਨੂੰ 20 ਕੁ ਦਿਨ ਹੋਏ ਪੁਲਿਸ ਨੂੰ ਸੂਹ ਲੱਗ ਗਈ ਕਿ ਭਾਈ ਬਗੀਚਾ ਸਿੰਘ ਖਾਲਸਾ, ਜੁਝਾਰੂ ਸਿੰਘਾਂ ਨਾਲ ਰਲ ਗਿਆ ਹੈ। ਥਾਣਾ ਮਖੂ (ਫਿਰੋਜ਼ਪੁਰ) ਦੀ ਪੁਲਿਸ ਨੇ ਘਰ ਛਾਪਾ ਮਾਰਿਆ ਤੇ ਭਾਈ ਬਗੀਚਾ ਸਿੰਘ ਖਾਲਸਾ ਦੀ ਮਾਤਾ ਵੀਰ

ਕੌਰ ਨੂੰ ਫੜ੍ਹ ਕੇ ਲੈ ਗਈ। ਥਾਣੇ ਵਿੱਚ ਪੁਲਿਸ ਨੇ ਮਾਤਾ 'ਤੇ ਅੰਨਾ ਤਸ਼ੱਦਦ ਕੀਤਾ। ਮਾਤਾ ਜੀ ਦੇ ਪੱਟਾਂ ਉੱਤੇ ਲੋਹੇ ਦੀ ਪਾਈਪ ਦਾ ਪੰਜ ਫੁੱਟ ਟੋਟਾ ਰੱਖ ਕੇ ਉੱਤੇ 6 ਪੁਲਿਸ ਵਾਲੇ ਚੜ੍ਹਦੇ ਰਹੇ ਤੇ ਮਾਤਾ ਨੂੰ ਕਹਿੰਦੇ ਕਿ ਤੂੰ ਬਾਗੀ ਪੁੱਤ ਜੰਮਿਆ। ਤੇਰੀ ਇਹੋ ਜਿਹੀ ਹਾਲਤ ਕਰਾਂਗੇ ਕਿ ਅੱਗੇ ਤੋਂ ਮਾਵਾਂ ਬਾਗੀ ਪੁੱਤ ਨਹੀਂ ਜੰਮਣਗੀਆਂ।

ਸਰਕਾਰੀ ਟੁੱਕੜ 'ਤੇ ਪਲਣ ਵਾਲੇ ਜਲਾਦ ਪੁਸਲੀਏ, ਇਹ ਕੀ ਜਾਨਣ ਕਿ ਮਾਵਾਂ ਬਾਗੀ ਪੁੱਤ ਨਹੀਂ ਜੰਮਦੀਆਂ, ਬਾਗੀ ਤਾਂ ਵਕਤ ਬਣਾਉਂਦਾ ਹੈ।

ਮਾਤਾ ਦੇ ਪੱਟਾਂ 'ਤੇ ਪਾਈਪ ਰੱਖ ਕੇ 6 ਪੁਲਸੀਏ ਘੋਟਾ ਲਾਉਂਦੇ ਰਹੇ। ਮਾਤਾ ਦੇ ਸਿਰ ਅਤੇ ਮੋਰਾਂ ਵਿੱਚ ਪਟਿਆਂ ਦੀ ਮਾਰ ਨਾਲ ਇਹ ਹਾਲਤ ਹੈ ਕਿ ਮਾਤਾ ਅੱਜ ਵੀ ਤੁਰਨ ਤੋਂ ਅਸਮਰੱਥ ਹੈ।

ਪੁਲਿਸ ਵਲੋਂ ਭਾਈ ਬਗੀਚਾ ਸਿੰਘ ਖਾਲਸਾ ਦੇ ਪਿਤਾ 'ਤੇ ਵੀ ਬੇਹੱਦ ਤਸ਼ੱਦਦ ਕੀਤਾ ਗਿਆ। ਭਰਾ ਨਰਿੰਦਰ ਸਿੰਘ ਨੂੰ ਵੀ ਅਨੇਕਾਂ ਵਾਰ 15-15 ਦਿਨ ਥਾਣਿਆਂ ਵਿੱਚ ਰੱਖ ਕੇ ਤਸ਼ੱਦਦ ਕੀਤਾ। ਭਾਈ ਬਗੀਚਾ ਸਿੰਘ ਦੀ ਭੈਣ ਤੱਕ ਵੀ ਹਿੰਦੂ ਸਰਕਾਰ ਦੀ ਮਸ਼ੀਨਰੀ ਦੇ ਕਰਿੰਦੇ ਤਸ਼ੱਦਦ ਕਰਨ ਤੋਂ ਬਾਜ ਨਹੀਂ ਆਏ। ਪਿੰਡ ਦੀ ਪੰਚਾਇਤ ਪੈਰਵਾਈ ਕਰਕੇ ਪਰਿਵਾਰ ਨੂੰ ਥਾਣੇ ਵਿੱਚੋਂ ਛੁਡਾ ਕੇ ਲਿਆਉਂਦੀ ਸੀ। ਦੂਜੇ ਥਾਣੇ ਦੀ ਪੁਲਿਸ ਫੜ੍ਹ ਕੇ ਲੈ ਜਾਂਦੀ ਸੀ। ਪਰਿਵਾਰ ਉੱਤੇ ਹਿੰਦ ਸਰਕਾਰ ਦਾ ਜ਼ੁਲਮ ਤਸ਼ੱਦਦ ਭਾਈ ਬਗੀਚਾ ਸਿੰਘ ਖਾਲਸਾ ਨੂੰ ਸਿੱਖਾਂ ਦੇ ਕੌਮੀ ਸੰਘਰਸ਼ ਖਾਲਿਸਤਾਨ ਦੀ ਜੱਦੋ-ਜਹਿਦ ਦੇ ਸੰਘਰਸ਼ ਤੋਂ ਮੋੜ ਨਾ ਸਕਿਆ। ਭਾਈ ਬਗੀਚਾ ਸਿੰਘ ਖਾਲਸਾ ਨੇ ਹਿੰਦ ਸਰਕਾਰ ਦੇ ਜ਼ੁਲਮਾਂ ਤੋਂ ਬੁਖਲਾਹਟ ਵਿੱਚ ਆ ਕੇ ਕਦੇ ਵੀ ਉਸਨੇ ਬੇਦੋਸ਼ੇ ਤੇ ਨਿਹੱਥੇ ਲੋਕਾਂ ਉੱਤੇ ਗੁੱਸਾ ਕੱਢਣ ਦੀ ਕੋਸ਼ਿਸ਼ ਨਹੀਂ ਕੀਤੀ। ਸਗੋਂ ਜ਼ਾਲਮ ਜਰਵਾਣਿਆਂ ਦੇ ਹਕੂਮਤੀ ਪੁਰਜਿਆਂ ਤੇ ਹਿੰਦੁਸਤਾਨੀ ਕੇਂਦਰੀ ਫੋਰਸਾਂ ਨਾਲ ਟੱਕਰ ਲੈਂਦੇ ਰਹੇ।

ਭਾਈ ਬਗੀਚਾ ਸਿੰਘ ਖਾਲਸਾ, ਭਿੰਡਰਾਂਵਾਲਾ ਟਾਈਗਰ ਫੋਰਸ ਦੇ ਮੁਖੀ ਬਾਬਾ ਗੁਰਬਚਨ ਸਿੰਘ ਖਾਲਸਾ ਮਾਨੋਚਾਹਲ ਦੀ ਅਗਵਾਈ ਵਿੱਚ ਏਰੀਆ ਕਮਾਂਡਰ ਦੀਆਂ ਸੇਵਾਵਾਂ ਨਿਭਾਉਂਦੇ ਰਹੇ। ਬਾਅਦ ਵਿੱਚ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਵਲੋਂ ਭਿੰਡਰਾਂਵਾਲਾ ਟਾਈਗਰ ਫੋਰਸ ਦਾ ਲੈਫਟੀਨੈਂਟ ਜਨਰਲ ਨਿਯੁਕਤ ਕੀਤਾ ਗਿਆ।

ਭਾਈ ਬਗੀਚਾ ਸਿੰਘ ਖਾਲਸਾ ਨੇ ਪਿੰਡ ਕਾਲੀਆ ਸਕੱਤਰਾ ਦੇ ਸਿੱਖ ਸੰਘਰਸ਼ ਵਿੱਚ ਜੂਝ ਕੇ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਪਿੰਡ ਦੇ ਗੁਰਦੁਆਰਾ ਸਾਹਿਬ ਨਿਸ਼ਾਨ ਸਾਹਿਬ ਚੜ੍ਹਾਇਆ ਹੈ। ਭਾਈ ਬਗੀਚਾ ਸਿੰਘ ਖਾਲਸਾ ਨੇ ਯੂ.ਪੀ. ਵਿੱਚ ਵੀ ਠਾਹਰਾਂ ਬਣਾਈਆਂ ਹੋਈਆਂ ਸਨ। ਪੰਜਾਬ ਸਰਕਾਰ ਤੇ ਪੁਲਿਸ ਵਲੋਂ 25 ਲੱਖ ਰੁਪਏ ਇਨਾਮ ਰੱਖਿਆ ਗਿਆ ਸੀ। ਪਰੰਤੂ ਕਿਸੇ ਨੇ ਵੀ ਭਾਈ ਬਗੀਚਾ ਸਿੰਘ ਖਾਲਸਾ ਨੂੰ ਫੜਾਉਣ ਲਈ ਕਦੀ ਕੋਸ਼ਿਸ਼ ਨਹੀਂ ਕੀਤੀ। ਇਕ ਵਾਰੀ ਅੰਬਾਲਾ ਛਾਉਣੀ ਦੇ ਸਾਹਮਣੇ ਪੁਲਿਸ ਵਲੋਂ ਤਲਾਸ਼ੀ ਦੌਰਾਨ ਫੜ੍ਹ ਲਿਆ, ਭਾਈ ਸਾਹਿਬ ਕੋਲੋਂ ਸਾਈਆਨਾਈਡ ਦੇ ਕੈਪਸੂਲ

ਸਨ, ਜਿਸ ਤੋਂ ਪੁਲਿਸ ਨੂੰ ਸ਼ੱਕ ਸੀ ਕਿ ਇਹ ਜ਼ਰੂਰ ਕੋਈ ਚੋਟੀ ਦਾ ਖਾੜਕੂ ਹੋਵੇਗਾ। ਪੁਲਿਸ ਦੇ ਸਿਪਾਹੀਆਂ ਨੇ ਦੋ ਪਾਸਿਆਂ ਤੋਂ ਬਾਹਵਾਂ ਘੁੱਟ ਕੇ ਫੜ੍ਹੀਆਂ ਹੋਈਆਂ ਸਨ ਤੇ ਪੁਲਿਸ ਦਾ ਇੰਸਪੈਕਟਰ ਗੱਡੀ 'ਚ ਬਿਠਾ ਕੇ ਥਾਣੇ ਲਿਜਾਣ ਦਾ ਹੁਕਮ ਦੇ ਰਿਹਾ ਸੀ। ਇਸ ਸਮੇਂ ਭਾਈ ਸਾਹਿਬ ਨੇ ਆਪਣੀ ਜੇਬ ਵਿੱਚੋਂ ਬਟੂਆ ਕਿਸੇ ਢੰਗ ਨਾਲ ਹੇਠਾਂ ਸੁੱਟ ਦਿੱਤਾ, ਜਿਸ 'ਤੇ ਇੱਕ ਸਿਪਾਹੀ ਬਾਂਹ ਨੂੰ ਛੱਡ ਕੇ ਧਰਤੀ 'ਤੇ ਡਿੱਗੇ ਬਟੂਏ ਨੂੰ ਚੁੱਕਣ ਲੱਗਾ। ਭਾਈ ਬਗੀਚਾ ਸਿੰਘ ਪੂਰੀ ਲਾਪ੍ਰਵਾਹੀ ਨਾਲ ਪੁਲਿਸ ਦੀ ਗੱਡੀ ਵੱਲ ਦੂਜੇ ਸਿਪਾਹੀ ਨਾਲ ਤੁਰ ਪਿਆ। ਐਸ.ਐਚ.ਓ ਅੱਗੇ ਸੀ। ਭਾਈ ਬਗੀਚਾ ਸਿੰਘ ਨੇ ਆਪਣੀ ਪੂਰੀ ਤਾਕਤ ਨਾਲ ਬਾਂਹ ਛੁਡਾ ਕੇ ਸਿਪਾਹੀ ਨੂੰ ਧੱਕਾ ਮਾਰਿਆ। ਸਿਪਾਹੀ ਦੇ ਪੈਰ ਉਖੜ ਗਏ, ਉਹ ਇੰਸਪੈਕਟਰ ਦੇ ਵਿੱਚ ਵੱਜਾ ਤੇ ਉਹ ਦੋਵੇਂ ਡਿੱਗ ਪਏ। ਉਨ੍ਹਾਂ ਦੇ ਸੰਭਲਦਿਆਂ ਨੂੰ ਭਾਈ ਬਗੀਚਾ ਸਿੰਘ ਖਾਲਸਾ ਉਨ੍ਹਾਂ ਤੋਂ ਵਿੱਥ ਪਾ ਚੁੱਕਾ ਸੀ। ਦਿਨ ਛਿਪਿਆ ਹੋਣ ਕਰਕੇ ਹਨੇਰੇ ਨੇ ਵੀ ਉਸ ਦਾ ਸਾਥ ਦਿੱਤਾ। ਉਹ ਸਾਰੀ ਰਾਤ ਅਨਜਾਣੇ ਰਾਹਾਂ 'ਤੇ ਤੁਰਿਆ ਗਿਆ। ਗਿੱਲੀਆਂ ਕਣਕਾਂ ਵਿੱਚ ਜੁੱਤੀ ਲਹਿ ਗਈ, ਰਾਤ ਤੁਰਦਿਆਂ ਪੈਰਾਂ ਵਿੱਚ ਜ਼ਖਮ ਹੋ ਕੇ ਲਹੂ ਵਗਣ ਲੱਗ ਪਿਆ। ਦਿਨ ਚੜ੍ਹਨ ਵਾਲਾ ਸੀ, ਕਿਸੇ ਪਿੰਡ ਦੇ ਗੁਰਦੁਆਰੇ ਦਾ ਗ੍ਰੰਥੀ ਸਿੰਘ ਅੰਮ੍ਰਿਤ ਵੇਲੇ ਗੁਰਬਾਣੀ ਦਾ ਪਾਠ ਕਰ ਰਿਹਾ ਸੀ। ਭਾਈ ਬਗੀਚਾ ਸਿੰਘ ਖਾਲਸਾ ਗੁਰਬਾਣੀ ਦਾ ਪਾਠ ਕਰਦਾ ਜਾ ਰਿਹਾ ਸੀ। ਭਾਈ ਸਾਹਿਬ ਨੇ ਗੁਰੂ ਘਰ ਦਾ ਆਸਰਾ ਤੱਕਿਆ ਤੇ ਗੁਰਦੁਆਰਾ ਸਾਹਿਬ ਪਹੁੰਚ ਗਿਆ। ਨਲਕੇ ਤੋਂ ਲਿਬੜੇ ਲੀੜੇ ਸਾਫ ਕੀਤੇ, ਮੂੰਹ ਹੱਥ ਧੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਮੱਥਾ ਟੇਕਿਆ। ਭਾਈ ਸਾਹਿਬ ਕਿੰਨਾ ਚਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਹੱਥ ਜੋੜ ਅਰਦਾਸ ਬੇਨਤੀ ਕਰਦੇ ਰਹੇ। ਗ੍ਰੰਥੀ ਸਿੰਘ ਨੇ ਭਾਈ ਬਗੀਚਾ ਸਿੰਘ ਦੀ ਹਾਲਤ ਵੇਖੀ ਕਿ ਸਿੱਖ ਜ਼ਰੂਰ ਕਿਸੇ ਮੁਸੀਬਤ ਵਿੱਚੋਂ ਆਇਆ ਹੈ। ਸਿੱਖ ਦੇ ਪੈਰਾਂ ਵਿੱਚੋਂ ਜ਼ਖਮ ਹੋ ਕੇ ਲਹੂ ਸਿਮ ਰਿਹਾ ਹੈ। ਭਿੱਜੇ ਹੋਏ ਕੱਪੜੇ ਤੇ ਥੱਕਿਆ, ਟੁੱਟਿਆ ਸਰੀਰ ਵੇਖ ਕੇ ਉਸ ਨੇ ਮਨ ਵਿੱਚ ਫੈਸਲਾ ਕੀਤਾ ਕਿ ਨਿੱਤਨੇਮ ਪੂਰਾ ਕਰਨ ਤੋਂ ਪਹਿਲਾਂ ਸਿੱਖ ਨੂੰ ਸੰਭਾਲਿਆ ਜਾਵੇ। ਗ੍ਰੰਥੀ ਸਿੰਘ ਨੇ ਜਪੁਜੀ ਸਾਹਿਬ ਦਾ ਪਾਠ ਸੰਪੂਰਨ ਕਰਕੇ, ਫਤਹਿ ਬੁਲਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਰੁਮਾਲਾ ਪਾ ਦਿੱਤਾ ਤੇ ਗ੍ਰੰਥੀ ਸਿੰਘ ਨੇ ਫਤਹਿ ਬੁਲਾ ਕੇ ਭਾਈ ਬਗੀਚਾ ਸਿੰਘ ਨੂੰ ਪੁੱਛਿਆ, ਸਿੰਘਾ ਤੈਨੂੰ ਜ਼ਰੂਰ ਕਿਸੇ ਮੁਸੀਬਤ ਨੇ ਘੇਰਿਆ ਹੈ। ਦੱਸ ਮੈਂ ਤੇਰੀ ਕੀ ਮਦਦ ਕਰ ਸਕਦਾ ਹਾਂ। ਭਾਈ ਬਗੀਚਾ ਸਿੰਘ ਨੇ ਕਿਹਾ ਕਿ ਬਾਬਾ ਜੀ, ਮੁਸੀਬਤ ਵਿੱਚੋਂ ਸੱਚੇ ਪਾਤਸ਼ਾਹ ਵਾਹਿਗੁਰੂ ਨੇ ਕੱਢਿਆ ਹੈ ਤੇ ਹੁਣ ਗੁਰੂ ਘਰ ਦਾ ਆਸਰਾ ਤੱਕ ਕੇ ਸ਼ਰਨ ਵਿੱਚ ਆਇਆ ਹਾਂ।

ਗ੍ਰੰਥੀ ਸਿੰਘ ਭਾਈ ਬਗੀਚਾ ਸਿੰਘ ਨੂੰ ਆਪਣੇ ਰਿਹਾਇਸ਼ੀ ਕਮਰੇ ਵਿੱਚ ਲੈ ਗਿਆ। ਭਿੱਜੇ ਕੱਪੜੇ ਲੁਹਾ ਕੇ ਸੁੱਕੇ ਕੱਪੜੇ ਪਾਉਣ ਲਈ ਦਿੱਤੇ। ਅੱਗ ਬਾਲ ਕੇ ਸੇਕਣ ਲਈ ਦਿੱਤੀ ਤੇ ਦੁੱਧ ਗਰਮ ਕਰ ਕੇ ਪੀਣ ਲਈ ਦਿੱਤਾ। ਨਾਲ ਕੁਝ ਗਰਮ ਚੀਜ਼ਾਂ

ਖਾਣ ਨੂੰ ਦੇ ਕੇ ਕਿਹਾ ਕਿ ਭਾਈ ਸਿੱਖਾ, ਸੰਗਤ ਗੁਰਦੁਆਰਾ ਸਾਹਿਬ ਆ ਰਹੀ ਹੈ। ਮੈਂ ਨਿੱਤਨੇਮ ਪੂਰਾ ਕਰ ਲਵਾਂ। ਤੂੰ ਰਜਾਈ ਵਿੱਚ ਆਰਾਮ ਕਰ ਤੇ ਨਿੱਘਾ ਹੋ ਤੇ ਕਮਰੇ ਵਿੱਚੋਂ ਬਾਹਰ ਨਹੀਂ ਨਿਕਲਣਾ। ਭਾਈ ਬਗੀਚਾ ਸਿੰਘ ਖਾਲਸਾ ਨੂੰ ਗ੍ਰੰਥੀ ਸਿੰਘ ਫਰਿਸ਼ਤਾ ਨਜ਼ਰ ਆ ਰਿਹਾ ਸੀ ਜਿਸ ਨੇ ਉਸ ਨੂੰ ਆਪਣੇ ਕੋਲ ਸ਼ਰਨ ਦਿੱਤੀ ਸੀ। ਭਾਈ ਬਗੀਚਾ ਸਿੰਘ ਕੋਲ ਕੋਈ ਪੈਸਾ ਵੀ ਨਹੀਂ ਸੀ, ਜੋ ਪੈਸੇ ਸਨ ਉਹ ਬਟੂਆ ਅੰਬਾਲੇ ਛਾਉਣੀ ਕੋਲ ਸੁੱਟ ਆਇਆ ਸੀ। ਗ੍ਰੰਥੀ ਸਿੰਘ ਚੰਗਾ ਗੁਰਸਿੱਖੀ ਜੀਵਨ ਵਾਲਾ ਸੀ, ਉਸ ਨੇ ਭਾਈ ਬਗੀਚਾ ਸਿੰਘ ਨੂੰ ਕੱਪੜੇ ਦਿੱਤੇ। ਇਕ ਖੇਸ ਉੱਤੇ ਲੈਣ ਵਾਸਤੇ ਦਿੱਤਾ ਤੇ ਕੁਝ ਪੈਸੇ ਕਿਰਾਏ ਵਾਸਤੇ ਦਿੱਤੇ। ਇਹੋ ਜਿਹੇ ਗੁਰਸਿੱਖੀ ਜੀਵਨ ਵਾਲੇ ਗ੍ਰੰਥੀ ਸਿੰਘਾਂ ਦੀ ਸਿੱਖ ਕੌਮ ਨੂੰ ਹਮੇਸ਼ਾ ਲੋੜ ਹੈ।

ਦਸੰਬਰ 1991 ਦੇ ਦਿਨਾਂ ਵਿੱਚ ਬਹੁਤ ਧੁੰਦ ਪੈਂਦੀ ਸੀ ਤੇ ਠੰਡ ਦਾ ਵੀ ਪੂਰਾ ਜ਼ੋਰ ਹੁੰਦਾ ਸੀ। ਪਿੰਡ ਕਾਲੀਆ ਸਕੱਤਰਾ ਦੇ ਨਾਲ ਇਕ ਡਰੇਨ ਤੇ ਇਕ ਇਸ ਤੋਂ ਅੱਗੇ ਬਾਰਡਰ ਵਾਲੀ ਡਰੇਨ ਹੈ। ਇਨ੍ਹਾਂ ਦੋਵਾਂ ਡਰੇਨਾਂ ਉੱਤੇ ਬੀ.ਐਸ.ਐਫ. ਦੇ ਜਵਾਨਾਂ ਦੀ ਸਰਹੱਦ ਦੀ ਰਾਖੀ ਲਈ ਮੋਰਚਾਬੰਦੀ ਹੈ। ਜਿਥੇ ਸੁਰੱਖਿਆ ਫੋਰਸਾਂ ਦੀ ਦਿਨ ਰਾਤ ਨਿਗਰਾਨੀ ਰਹਿੰਦੀ ਹੈ। ਭਾਈ ਬਗੀਚਾ ਸਿੰਘ ਖਾਲਸਾ ਵਲੋਂ ਬੜੀ ਜੁਗਤੀ ਦੇ ਨਾਲ ਜ਼ਮੀਨ ਖੋਦ ਕੇ ਬੰਕਰ ਬਣਾਇਆ ਗਿਆ ਸੀ ਤੇ ਉਸ ਵਿੱਚ ਭਾਈ ਬਗੀਚਾ ਸਿੰਘ ਖਾਲਸਾ ਆਰਾਮ ਵੀ ਕਰਦੇ ਸਨ। ਗੁਰਬਾਣੀ ਜ਼ੁਬਾਨੀ ਕੰਠ ਦਾ ਪਾਠ, ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦੇ ਰਹਿੰਦੇ ਸਨ ਤੇ ਵੇਲੇ ਕੁਵੇਲੇ ਸਿੱਖ ਸੰਘਰਸ਼ ਦੇ ਹਮਦਰਦਾਂ ਕੋਲੋਂ ਪ੍ਰਸ਼ਾਦਾ ਪਾਣੀ ਛਕ ਜਾਂਦੇ ਸਨ। ਭਾਈ ਸਾਹਿਬ ਦੇ ਇਸ ਜ਼ਮੀਨ ਹੇਠਾਂ ਬੰਕਰ ਦਾ ਇਕ ਸਾਥੀ ਗੇਜਾ ਸਿੰਘ ਤੋਂ ਬਿਨਾਂ ਹੋਰ ਕਿਸੇ ਨੂੰ ਕੋਈ ਪਤਾ ਨਹੀਂ ਸੀ। ਭਾਈ ਸਾਹਿਬ ਆਪ ਤਾਂ ਬਹੁਤਾ ਸਮਾਂ ਬੰਕਰ ਵਿੱਚ ਬੈਠੇ ਗੁਰਬਾਣੀ ਦਾ ਪਾਠ ਕਰਦੇ ਰਹਿੰਦੇ ਸਨ ਤੇ ਸਾਥੀ ਗੇਜਾ ਸਿੰਘ ਨੂੰ ਦੂਰ ਨੇੜੇ ਜ਼ਰੂਰੀ ਕੰਮ ਲਈ ਭੇਜਦੇ ਸਨ। ਭਾਈ ਸਾਹਿਬ ਨੇ ਆਪਣੇ ਸਾਥੀ ਖਾੜਕੂ ਗੇਜਾ ਸਿੰਘ ਨੂੰ ਕਿਸੇ ਕੰਮ ਵਾਸਤੇ ਭੇਜਿਆ ਤਾਂ ਉਸ ਨੇ ਗੱਦਾਰੀ ਕਰਦਿਆਂ ਆਪਣੇ ਆਪ ਨੂੰ ਵਲਟੋਹਾ ਥਾਣੇ ਦੇ ਐਸ.ਐਚ.ਓ. ਗੁਰਵਿੰਦਰ ਸਿੰਹੁ ਦੇ ਪੇਸ਼ ਕਰਾ ਕੇ ਤੇ ਆਪਣੇ ਬਚਾਅ ਵਾਸਤੇ ਸਿੱਖ ਸੰਘਰਸ਼ ਦੇ ਮਹਾਨ ਯੋਧੇ ਭਾਈ ਬਗੀਚਾ ਸਿੰਘ ਖਾਲਸਾ ਬਾਰੇ ਸਾਰੀ ਕਹਾਣੀ ਦੱਸ ਦਿੱਤੀ। ਐਸ.ਐਚ.ਓ. ਨੇ ਥਾਣੇ ਵਿੱਚੋਂ ਫੋਰਸ ਨੂੰ ਨਾਲ ਲੈ ਕੇ, ਤੇ ਨਾਲ ਹੀ ਬੇਈਮਾਨ ਗੱਦਾਰ ਬਣ ਚੁੱਕੇ ਗੇਜੇ ਨੂੰ ਨਾਲ ਲੈ ਕੇ ਗੂੜ੍ਹੀ ਧੁੰਧ ਵਿੱਚ ਉਸ ਥਾਂ ਨੂੰ ਘੇਰ ਲਿਆ ਜਿਥੇ ਭਾਈ ਬਗੀਚਾ ਸਿੰਘ ਬੰਕਰ ਵਿੱਚ ਗੁਰਬਾਣੀ ਦਾ ਪਾਠ ਕਰ ਰਿਹਾ ਸੀ। ਗੱਦਾਰ ਗੇਜੇ ਨੇ ਬੰਕਰ 'ਤੇ ਜਾ ਕੇ ਆਵਾਜ਼ ਮਾਰੀ, ਖਾਲਸਾ ਜੀ, ਮੈਂ ਆ ਗਿਆ ਹਾਂ। ਤਾਂ ਭਾਈ ਬਗੀਚਾ ਸਿੰਘ ਨੇ ਅੱਗੋਂ ਆਵਾਜ ਦਿੱਤੀ, ਆ ਜਾ ਸਿੰਘਾ। ਗੇਜਾ ਪੰਹਿਲਾਂ ਆਪ ਬੰਕਰ ਵਿੱਚ ਉਤਰਿਆ ਤੇ ਨਾਲ ਹੀ ਪਿੱਛੇ ਪੁਲਿਸ ਵਾਲੇ ਉਤਰ ਗਏ। ਗੇਜੇ ਗੱਦਾਰ ਨੇ ਉਹ ਕਮੀਨਗੀ ਕਰ ਵਿਖਾਈ ਸੀ, ਜਿਸ ਦੀ ਆਸ

ਨਹੀਂ ਸੀ। ਸਾਥੀ ਦੀ ਗੱਦਾਰੀ ਨਾਲ ਸੂਰਮਾ ਪੁਲਿਸ ਦੇ ਕਾਬੂ ਆ ਗਿਆ। ਜੇ ਉਸ ਨੂੰ ਪਹਿਲਾਂ ਬਾਹਰ ਖੜ੍ਹੀ ਪੁਲਿਸ ਦਾ ਪਤਾ ਲੱਗ ਜਾਂਦਾ ਤਾਂ ਘੱਟੋ ਘੱਟ ਭਾਈ ਸਾਹਿਬ, ਸਾਇਆਨਾਈਡ ਦਾ ਕੈਪਸੂਲ ਖਾ ਕੇ ਸ਼ਹੀਦੀ ਪਾਉਣ ਨੂੰ ਪਹਿਲ ਦੇਂਦਾ ਤੇ ਜਿਉਂਦੇ ਜੀਅ ਪੁਲਿਸ ਦੇ ਹੱਥ ਨਾ ਆਉਂਦਾ।

ਪਰਿਵਾਰ ਦੇ ਦੱਸਣ ਅਨੁਸਾਰ 28 ਦਸੰਬਰ 1991 ਨੂੰ ਗੇਜੇ ਦੀ ਗੱਦਾਰੀ 'ਤੇ ਥਾਣਾ ਵਲਟੋਹਾ ਦੇ ਐਸ.ਐਚ.ਓ. ਗੁਰਵਿੰਦਰ ਸਿੰਹੁ ਵੱਲੋਂ ਭਾਈ ਬਗੀਚਾ ਸਿੰਘ ਖਾਲਸਾ ਨੂੰ ਪਿੰਡ ਕਾਲੀਆ ਸਕੱਤਰਾ ਦੀਆਂ ਦੋਵਾਂ ਡਰੇਨਾਂ ਦੇ ਵਿਚਕਾਰ ਬਣੇ ਨਰਮੇ ਦੀਆਂ ਮਸ਼ਿੱਟੀਆਂ ਦੇ ਢੇਰ ਹੇਠਾਂ ਖੋਦ ਕੇ ਬਣਾਏ ਗਏ ਕੱਚੇ ਬੰਕਰ ਵਿੱਚੋਂ ਗ੍ਰਿਫਤਾਰ ਕਰ ਕੇ ਲਿਜਾਇਆ ਗਿਆ ਸੀ। ਪੁਲਿਸ ਵੱਲੋਂ ਹਿਰਾਸਤ ਵਿੱਚ ਭਾਈ ਬਗੀਚਾ ਸਿੰਘ ਖਾਲਸਾ ਉੱਪਰ ਬੇ-ਹੱਦ ਤਸ਼ੱਦਦ ਕੀਤਾ ਗਿਆ, ਅੰਗ-ਅੰਗ ਤੋੜ ਦਿੱਤਾ ਗਿਆ। ਪੁਲਿਸ ਵਾਲੇ ਬਾਬਾ ਗੁਰਬਚਨ ਸਿੰਘ ਖਾਲਸਾ ਮਾਨੋਚਾਹਲ ਨੂੰ ਫੜਾਉਣ ਵਾਸਤੇ ਕਹਿ ਰਹੇ ਸਨ। ਕਿਹਾ ਜਾਂਦਾ ਹੈ ਕਿ ਭਾਈ ਸਾਹਿਬ ਨੇ ਕਿਹਾ, ਪੁਲਿਸ ਵਾਲਿਓ, ਬਾਬਾ ਮਾਨੋਚਾਹਲ ਮੇਰੇ ਦਿਲ ਵਿੱਚ ਬੈਠਾ ਹੈ ਜੇ ਕੱਢ ਸਕਦੇ ਹੋ ਤਾਂ ਕੱਢ ਲਵੋ। ਪੁਲਿਸ ਵੱਲੋਂ 16 ਦਿਨ ਭਾਈ ਸਾਹਿਬ ਉੱਪਰ ਆਪਣੇ ਤਸੀਹਿਆਂ ਦਾ ਹਰ ਢੰਗ ਵਰਤਿਆ ਗਿਆ। ਸਿੰਘ ਦੇ ਟੁੱਟੇ ਅੰਗਾਂ ਵਿਚ ਰੇਸ਼ਾ/ਪਾਕ ਵਗਣ ਲੱਗ ਪਈ। 13 ਜਨਵਰੀ 1992 ਪਹਿਲੀ ਮਾਘ (ਮਾਘੀ ਮੇਲਾ) ਵਾਲੇ ਦਿਨ ਸ਼ੁਕਰਵਾਰ ਰਾਤ ਦੇ ਹਨੇਰੇ ਵਿੱਚ ਅਲਗੋਂ ਕੋਠੀ ਦੇ ਨਾਲੇ 'ਤੇ ਲਿਜਾ ਕੇ ਗੋਲੀਆਂ ਮਾਰ ਕੇ ਪੁਲਿਸ ਮੁਕਾਬਲੇ ਵਿੱਚ ਮਾਰੇ ਜਾਣ ਦੀ ਕਹਾਣੀ ਘੜ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਵੀ ਦੰਦ ਕਥਾ ਹੈ ਕਿ ਜਦੋਂ ਭਾਈ ਬਗੀਚਾ ਸਿੰਘ ਖਾਲਸਾ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ ਉਸ ਸਮੇਂ ਗੇਜਾ ਗੱਦਾਰ ਨੂੰ ਵੀ ਪੁਲਿਸ ਨੇ ਆਪਣੀ ਹਿਰਾਸਤ ਵਿੱਚ ਰੱਖਿਆ ਹੋਇਆ ਸੀ ਤੇ ਮੌਕੇ 'ਤੇ ਹਾਜ਼ਰ ਸੀ। ਪੁਲਿਸ ਵਾਲਿਆਂ ਨੇ ਆਪਣਾ ਰਟਣ ਦੁਹਰਾਇਆ, ਲੈ ਬਾਈ ਗੇਜਾ ਸਿੰਘ, ਇਕ ਮੋਰਚਾ ਤਾਂ ਤੂੰ ਫਤਹਿ ਕਰ ਲਿਆ। ਹੁਣ ਰਹਿ ਗਿਆ ਬਾਬਾ ਮਾਨੋਚਾਹਲ ਵਾਲਾ, ਦੱਸ ਬਈ ਉਹ ਕਿੱਥੇ ਆ ? ਗੇਜਾ ਸਿੰਘ ਕਹਿੰਦਾ—ਜਨਾਬ ਮੈਨੂੰ ਬਾਬਾ ਮਾਨੋਚਾਹਲ ਦੇ ਕਿਸੇ ਟਿਕਾਣੇ ਦਾ ਪਤਾ ਨਹੀਂ। ਬਾਬਾ ਮਾਨੋਚਾਹਲ ਨੂੰ ਖਾਲਸਾ ਮਿਲਣ ਜਾਂਦਾ ਸੀ ਤੇ ਇਸ ਨੇ ਤੁਹਾਨੂੰ ਦੱਸਿਆ ਨਹੀਂ। ਪੁਲਿਸ ਵਾਲੇ ਕਹਿੰਦੇ ਕਿ 25 ਲੱਖ ਬਗੀਚਾ ਸਿੰਘ ਦਾ ਇਨਾਮ ਤੇ 40 ਲੱਖ ਮਾਨੋਚਾਹਲ ਦਾ ਇਨਾਮ ਤੈਨੂੰ ਇਕੱਠਾ ਹੀ ਦੇ ਦੇਵਾਂਗੇ। ਅਸੀਂ ਦੇਣਾ, ਦੱਸ ਦੇ ਤਾਂ ਚੰਗੀ ਗੱਲ ਆ। ਗੇਜਾ ਸਿੰਘ ਕਹਿੰਦਾ ਕਿ ਨਹੀਂ ਮੈਨੂੰ ਮਾਨੋਚਾਹਲ ਬਾਰੇ ਕੋਈ ਪਤਾ ਨਹੀਂ ਫਿਰ ਮੈਂ ਤੁਹਾਨੂੰ ਕਿੱਥੋਂ ਫੜਾਵਾਂ....?

ਪੁਲਿਸ ਵਾਲੇ ਆਪਣੇ ਅਫਸਰ ਨੂੰ ਕਹਿੰਦੇ ਜਨਾਬ ਇਨ੍ਹੇ ਮਾਨੋਚਾਹਲ ਬਾਬਾ ਕਿੱਥੋਂ ਫੜਾਉਣਾ, ਲਾਲਚੀ ਬੰਦਾ ਜੇ ਜਨਾਬ, ਜੇ ਇਸ ਨੂੰ ਪਤਾ ਹੁੰਦਾ ਇਹ ਜ਼ਰੂਰ ਦੱਸ ਦੇਂਦਾ। 'ਲਾਲਚੀ ਬੰਦਾ' ਪੁਲਿਸ ਦੇ ਮੂੰਹੋਂ ਸੁਣ ਕੇ ਇੱਕ ਵਾਰ ਤਾਂ ਗੇਜਾ ਸਿੰਘ ਦੀ ਜ਼ਮੀਰ

ਨੇ ਵੀ ਲਾਹਣਤ ਪਾਈ ਹੋਵੇਗੀ ਕਿ ਗੇਜਾ ਸਿੰਘਾ ਕਿੱਥੇ ਤੈਨੂੰ ਲੈ ਕੇ ਸੂਰਮਾ ਸਮਝ ਕੇ ਪਨਾਹ ਦੇਂਦਾ ਸੀ। ਯਾਰ ਮਰਵਾ ਕੇ, ਅਕ੍ਰਿਤਘਣ ਬਣਿਆ। ਜਦੋਂ ਲੋਕਾਂ ਨੂੰ ਪਤਾ ਲੱਗ ਗਿਆ, ਲੋਕਾ ਤੇਰੇ 'ਤੇ ਥੁੱਕਾਂ ਸੁੱਟਣੀਆਂ। ਇਹ ਵੀ ਨਹੀਂ ਪਤਾ ਕਿ ਇਨ੍ਹਾਂ ਨੇ ਇਨਾਮ ਦੇਣਾ ਕਿ ਆਪ ਹੀ ਖਾ ਜਾਣਾ। ਤੇਰੇ ਮੱਥੇ ਗੱਦਾਰੀ ਦਾ ਦਾਗ ਹੀ ਰਹਿ ਜਾਵੇ। ਤੜ੍ਹਕੇ ਸਵੇਰੇ 5 ਵਜੇ ਦਾ ਟਾਈਮ ਸੀ। ਗੁਰਦੁਆਰਿਆਂ ਦੇ ਗ੍ਰੰਥੀ ਸਿੰਘ ਅੰਮ੍ਰਿਤ ਵੇਲੇ ਨਿੱਤਨੇਮ ਗੁਰਬਾਣੀ ਦਾ ਪਾਠ ਕਰ ਰਹੇ ਸਨ। ਧੁੰਧ ਬੜੀ ਸੰਘਣੀ ਸੀ, ਭਾਈ ਬਗੀਚਾ ਸਿੰਘ ਖਾਲਸਾ ਦੀ ਗੋਲੀਆਂ ਨਾਲ ਛਲਣੀ ਕੀਤੀ ਲਹੂ ਨਾਲ ਲਥ-ਪਥ ਲਾਸ਼, ਗੇਜਾ ਸਿੰਘ ਦੇ ਸਾਹਮਣੇ ਪਈ ਸੀ। ਪੁਲਿਸ ਦੀ ਗੱਡੀ 'ਤੇ ਆਏ ਪੁਲਿਸ ਵਾਲਿਆਂ ਦੇ ਵਿਚਕਾਰ ਗੇਜਾ ਸਿੰਘ ਘਿਰਿਆ ਸੀ। ਪੁਲਿਸ ਵਾਲਿਆਂ ਦੇ ਸੁਆਲ ਜੁਆਬ ਉਸਨੂੰ ਸੁੰਨ ਕਰ ਰਹੇ ਸਨ ਕਿ ਮੈਨੂੰ ਵੱਡੇ-ਵੱਡੇ ਸਬਜ਼ਬਾਗ ਵਿਖਾਉਣ ਵਾਲੇ, ਜ਼ਲੀਲ ਕਰ ਰਹੇ ਸਨ। ਪੁਲਿਸ ਵਾਲਿਆਂ ਨੇ ਅਸਲੀ ਰੂਪ ਵਿਖਾਉਂਦਿਆਂ ਕਿਹਾ—ਗੇਜਾ ਸਿੰਘ ਤੂੰ ਖਾੜਕੂ ਏਂ, ਤੇਰੇ ਸਿਰ 'ਤੇ ਵੀ ਇਨਾਮ ਆ ਰੱਖਿਆ ਹੋਇਆ ਸਰਕਾਰ ਨੇ। ਤੈਨੂੰ ਅਸੀਂ ਇਨਾਮ ਹੁਣ ਦੇ ਦਿੰਦੇ ਆਂ 25 ਲੱਖ, ਪੂਰਾ 25 ਲੱਖ। ਤੇਰਾ ਇਨਾਮ ਵੀ ਅਸੀਂ ਲੈਣਾ। ਗੇਜਾ ਸਿੰਘ ਨੂੰ ਪੁਲਿਸ ਦੇ ਬਦਲੇ ਤੇਵਰ ਵੇਖ ਕੇ ਤਰੇਲੀ ਆ ਗਈ। ਪੁਲਿਸ ਅਫਸਰ ਨੇ ਹੁਕਮ ਦਿੱਤਾ ਹੋਵੇਗਾ, ਦੇ ਦਿਉ ਬਈ ਜਵਾਨੋ! ਗੇਜਾ ਸਿੰਘ ਨੂੰ ਭਾਈ ਬਗੀਚਾ ਸਿੰਘ ਖਾਲਸਾ ਦੇ ਸਿਰ 'ਤੇ ਰੱਖਿਆ ਪੂਰਾ ਗਿਣ ਕੇ 25 ਲੱਖ ਦਾ ਇਨਾਮ! ਪੁਲਿਸ ਵਾਲਿਆਂ ਦੇ ਹਥਿਆਰਾਂ ਵਿੱਚੋਂ ਚੱਲੀਆਂ 25 ਗੋਲੀਆਂ ਨੇ ਗੇਜਾ ਸਿੰਘ ਦੇ ਸਰੀਰ ਨੂੰ ਛਲਣੀ ਕਰ ਦਿੱਤਾ। ਪੁਲਿਸ ਵਾਲੇ, ਭਾਈ ਬਗੀਚਾ ਸਿੰਘ ਖਾਲਸਾ ਤੇ ਗੇਜਾ ਸਿੰਘ ਦੀਆਂ ਲਾਸ਼ਾਂ ਨੂੰ ਗੱਡੀ ਵਿੱਚ ਰੱਖ ਕੇ ਪੱਟੀ ਦੇ ਹਸਪਤਾਲ ਲੈ ਗਏ ਤੇ ਪੋਸਟਮਾਰਟਮ ਤੋਂ ਪਿੱਛੋਂ ਲਾਵਾਰਸ ਕਹਿ ਕੇ ਪੱਟੀ ਦੇ ਸ਼ਮਸ਼ਾਨ ਘਾਟ ਵਿੱਚ ਸਾੜ ਦਿੱਤੀਆਂ। ਦੋਵੇਂ ਇਨਾਮ ਖਾੜਕੂਆਂ ਦੇ ਪੁਲਿਸ ਮੁਕਾਬਲੇ ਵਿੱਚ ਮਾਰੇ ਜਾਣ ਤੇ ਹਥਿਆਰ ਤੇ ਗੋਲੀ ਸਿੱਕਾ ਵੱਡੀ ਮਾਤਰਾ ਵਿੱਚ ਬਰਾਮਦ ਹੋਣ ਦੀ ਆਮ ਵਾਂਗ ਅਗਲੇ ਦਿਨ ਦੀਆਂ ਅਖਬਾਰਾਂ ਵਿੱਚ ਖਬਰ ਛਪੀ ਹੋਈ ਸੀ। ਭਾਈ ਬਗੀਚਾ ਸਿੰਘ ਖਾਲਸਾ ਨੂੰ 13 ਜਨਵਰੀ 1992 ਨੂੰ ਪੁਲਿਸ ਵੱਲੋਂ 16 ਦਿਨ ਹਿਰਾਸਤ ਵਿੱਚ ਰੱਖਣ ਪਿੱਛੋਂ ਅਲਗੋਂ ਕੋਠੀ ਦੇ ਨਾਲੇ 'ਤੇ ਸਾਥੀ ਗੇਜਾ ਸਿੰਘ ਨੂੰ ਵੀ ਖਤਮ ਕਰ ਦਿੱਤਾ ਗਿਆ ਸੀ। ਉਸ ਸਮੇਂ ਮਾਤਾ ਵੀਰ ਕੌਰ ਮੱਖੂ ਥਾਣੇ ਵਿਚ ਪੁਲਿਸ ਹਿਰਾਸਤ ਵਿੱਚ ਸੀ, ਨੂੰ 17 ਜਨਵਰੀ 1992 ਨੂੰ ਛੱਡਿਆ ਗਿਆ।

ਭਾਈ ਬਗੀਚਾ ਸਿੰਘ ਦੇ ਪਿਤਾ ਬਾਪੂ ਚੰਨਣ ਸਿੰਘ ਨੂੰ ਵਲਟੋਹਾ ਪੁਲਿਸ ਨੇ ਘਰੋਂ ਫੜ੍ਹ ਕੇ ਇਕ ਮਹੀਨਾ ਅਲਗੋਂ ਕੋਠੀ ਚੌਂਕੀ ਵਿੱਚ ਰੱਖਿਆ ਹੋਇਆਂ, ਨੂੰ ਭਾਈ ਬਗੀਚਾ ਸਿੰਘ ਦੇ ਸ਼ਹੀਦ ਕਰਨ ਤੋਂ 10 ਦਿਨ ਪਿੱਛੋਂ 23 ਜਨਵਰੀ 1992 ਨੂੰ ਛੱਡਿਆ ਗਿਆ ਸੀ।

ਥਾਣਾ ਭਿੱਖੀਵਿੰਡ ਦੀ ਪੁਲਿਸ ਵੱਲੋਂ ਭਾਈ ਬਗੀਚਾ ਸਿੰਘ ਖਾਲਸਾ ਦੇ ਛੋਟੇ ਭਰਾ

ਨਰਿੰਦਰ ਸਿੰਘ ਨੂੰ ਇਕ ਸਾਲ ਪਿੱਛੋਂ ਵੀ 13 ਜਨਵਰੀ 1993 ਨੂੰ ਘਰੋਂ ਚੁੱਕ ਕੇ ਲੈ ਗਈ ਤੇ ਅੰਨ੍ਹਾ ਤਸ਼ੱਦਦ ਕੀਤਾ ਕਿ ਨਰਿੰਦਰ ਸਿੰਘ ਹੁਣ ਵੀ ਚੰਗੀ ਤਰ੍ਹਾਂ ਤੁਰ ਨਹੀਂ ਸਕਦਾ ਤੇ ਨਾ ਹੀ ਕੰਮ ਧੰਦਾ ਕਰ ਸਕਦਾ ਹੈ। ਬਾਪੂ ਚੰਨਣ ਸਿੰਘ ਤੇ ਮਾਤਾ ਵੀਰ ਕੌਰ ਦੇ ਸਰੀਰ ਅੱਜ ਵੀ ਪੁਲਿਸ ਤਸ਼ੱਦਦ ਦੀ ਗਵਾਹੀ ਭਰਦੇ ਹਨ।

ਅੱਜ ਜਿਹੜੇ ਲੋਕ ਹਿੰਦੂ ਅੱਤਵਾਦੀਆਂ 'ਤੇ ਨਾਰਕੋ ਟੈਸਟ ਕਰਨ ਨੂੰ ਪੁਲਿਸ ਤਸ਼ੱਦਦ ਕਹਿੰਦੇ ਹਨ, ਉਹ ਪਿੰਡ ਕਾਲੀਆ ਸਕੱਤਰਾ ਭਾਈ ਬਗੀਚਾ ਸਿੰਘ ਖਾਲਸਾ ਦੇ ਨਿਰਦੋਸ਼ ਮਾਤਾ, ਪਿਤਾ, ਭਰਾ ਤੇ ਤਸ਼ੱਦਦ ਵੇਲੇ ਤਾਂ ਦਰਸ਼ਕ ਬਣ ਕੇ ਵੇਖਦੇ ਹੀ ਨਹੀਂ ਰਹੇ। ਇਸ ਨੂੰ ਸਮੇਂ ਦੀ ਲੋੜ ਕਹਿੰਦੇ ਰਹੇ ਹਨ। ਘੱਟ ਗਿਣਤੀਆਂ ਨਾਲ ਹਿੰਦੁਸਤਾਨ ਅੰਦਰ ਜ਼ੁਲਮ ਤਸ਼ੱਦਦ ਕਦੋਂ ਤੱਕ ਹੁੰਦਾ ਰਹੇਗਾ ? ਜਦੋਂ ਤੱਕ ਸਿੱਖ ਆਪਣਾ ਆਜ਼ਾਦ-ਕੌਮੀ ਘਰ ਨਹੀਂ ਬਣਾ ਲੈਂਦੇ।

ਟਕਸਾਲੀ ਯੋਧਾ

ਸ਼ਹੀਦ ਭਾਈ ਵਿਰਸਾ ਸਿੰਘ (ਕਾਲੀਆ ਸਕੱਤਰਾ)

ਪਿੰਡ ਕਾਲੀਆ ਸਕੱਤਰਾ ਦੇ ਸਿੱਖ ਨੌਜਵਾਨਾਂ ਨੇ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਕੁਰਬਾਨੀਆਂ ਦੀ ਝੜੀ ਹੀ ਲਾ ਦਿੱਤੀ ਸੀ। ਬਹੁਤੇ ਸਿੱਖ ਨੌਜਵਾਨ ਜੂਨ 1984 ਦੇ ਘੱਲੂਘਾਰੇ ਤੋਂ ਪਿੱਛੋਂ ਹੀ ਸਿੱਖ ਸੰਘਰਸ਼ ਵਿੱਚ ਕੁੱਦੇ ਸਨ। ਭਾਈ ਵਿਰਸਾ ਸਿੰਘ ਕਾਲੀਆ ਸ਼ਕੱਤਰਾ ਦਾ ਪਹਿਲਾ ਸਿੱਖ ਸੀ, ਜਿਹੜਾ ਸੰਨ 1980 ਵਿੱਚ ਦਮਦਮੀ ਟਕਸਾਲ ਦੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਤੋਂ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਵਿੱਚ ਪ੍ਰਪੱਕ ਹੋਇਆ ਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸੰਪਰਕ ਵਿੱਚ ਆਉਣ 'ਤੇ ਦਮਦਮੀ ਟਕਸਾਲ ਦਾ ਮੁਰੀਦ ਬਣ ਗਿਆ। ਸੰਤ ਜਰਨੈਲ ਸਿੰਘ ਜੀ ਖਾਲਸਾ ਪਾਸ ਮਹਿਤੇ ਜਾ ਕੇ ਮਹੀਨਾ-ਮਹੀਨਾ ਰਹਿ ਕੇ ਗੁਰਬਾਣੀ ਦੀ ਸੰਥਿਆ ਕਰਦੇ ਸਨ ਤੇ ਜੋ ਵੀ ਸੰਤ ਜੀ ਸੇਵਾ ਲਾਉਂਦੇ ਸਨ ਉਸਨੂੰ ਧੰਨਭਾਗ ਸਮਝ ਕੇ ਨੇਪਰੇ ਚੜ੍ਹਾਉਂਦੇ ਸਨ। ਭਾਈ ਵਿਰਸਾ ਸਿੰਘ ਸਾਰਾ ਜੀਵਨ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਹੁਕਮ ਵਿੱਚ ਬਤੀਤ ਕਰ ਰਹੇ ਸਨ। ਸੰਤ ਜੀ ਨੇ ਬਚਨ ਕਰ ਦਿੱਤਾ ਕਿ ਭਾਈ ਵਿਰਸਾ ਸਿੰਘ ਪਿੰਡ ਜਾ ਕੇ ਆਉ, ਮਹੀਨੇ ਤੱਕ ਆ ਜਾਣਾ। ਭਾਈ ਵਿਰਸਾ ਸਿੰਘ ਨੇ ਮਹੀਨਾ ਪਿੰਡ ਜਾ ਕੇ ਘਰ ਦੀਆਂ ਜ਼ਿੰਮੇਵਾਰੀਆਂ ਨਿਭਾ ਆਉਣੀਆਂ। ਸੰਤ ਜੀ ਨੇ ਸੇਵਾ ਕਰਨ, ਕਣਕ ਦੀ ਉਗਰਾਹੀ ਕਰਨ 'ਤੇ ਡਿਊਟੀ ਲਾ ਦੇਣੀ। ਭਾਈ ਵਿਰਸਾ ਸਿੰਘ ਨੇ ਸਤਿ ਬਚਨ ਕਹਿ ਕੇ ਸੇਵਾ 'ਤੇ ਚਲੇ ਜਾਣਾ।

ਭਾਈ ਵਿਰਸਾ ਸਿੰਘ ਦਾ ਜਨਮ ਪਿਤਾ ਸ. ਇੰਦਰ ਸਿੰਘ ਦੇ ਘਰ ਮਾਤਾ ਲਾਭ ਕੌਰ ਜੀ ਦੀ ਕੁੱਖੋਂ ਸੰਨ 1959 ਵਿੱਚ ਪਿੰਡ ਕਾਲੀਆ ਸਕੱਤਰਾ ਤਹਿਸੀਲ ਪੱਟੀ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਹੋਇਆ। ਆਪ ਜੀ ਦੇ ਵੱਡੇ ਭਰਾ ਕਾਬਲ ਸਿੰਘ, ਤਾਰਾ ਸਿੰਘ ਤੇ ਛੋਟਾ ਭਰਾ ਮਿਲਖਾ ਸਿੰਘ, ਭੈਣਾ ਬਲਵੀਰ ਕੌਰ, ਕੁਲਵੰਤ ਕੌਰ, ਭਾਈਆਂ ਕੌਰ ਹਨ।

ਭਾਈ ਵਿਰਸਾ ਸਿੰਘ ਦਾ ਆਨੰਦ ਕਾਰਜ ਬੀਬੀ ਦਰਸ਼ਨ ਕੌਰ ਨਾਲ ਹੋਈ ਤੇ ਆਪ ਦੇ ਘਰ ਚਾਰ ਪੁੱਤਰੀਆਂ ਨੇ ਜਨਮ ਲਿਆ। ਵੱਡੀ ਪੁੱਤਰੀ ਰਣਜੀਤ ਕੌਰ, ਗੁਰਮੀਤ ਕੌਰ, ਅਰਨਜੀਤ ਕੌਰ, ਅਮਨਜੀਤ ਕੌਰ ਹਨ।

ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸ੍ਰੀ ਅਕਾਲ ਤਖਤ ਸਾਹਿਬ

ਉੱਪਰ ਕੀਤੇ ਹਿੰਦ ਸਰਕਾਰ ਦੇ ਘੱਲੂਘਾਰੇ ਤੋਂ ਪਹਿਲਾਂ ਭਾਈ ਵਿਰਸਾ ਸਿੰਘ 6 ਮਹੀਨੇ ਨਾਭਾ ਜੇਲ੍ਹ ਵਿੱਚ ਅਤੇ 7 ਮਹੀਨੇ ਪੱਟੀ ਦੀ ਜੇਲ੍ਹ ਵਿੱਚ ਬੰਦ ਰਹੇ। ਪਿਤਾ ਸ. ਇੰਦਰ ਸਿੰਘ ਪੈਰਵਾਈ ਕਰ ਕੇ ਜੇਲ੍ਹ ਵਿਚੋਂ ਛੁਡਾ ਕੇ ਲਿਆਉਂਦੇ ਸੀ। ਆਪ ਫਿਰ ਸਿੰਘਾਂ ਨਾਲ ਤੁਰ ਪੈਂਦੇ ਸੀ। ਘਰ ਵਿਚ ਆਪਣਾ ਭੇਤ ਕਿਸੇ ਨੂੰ ਨਹੀਂ ਸੀ ਦੇਂਦੇ। ਭਾਈ ਸਾਹਿਬ ਦੇ ਨਜ਼ਦੀਕੀ ਭਾਈ ਫਤਿਹ ਸਿੰਘ ਸਿਧਵਾਂ (ਖਾਲੜਾ), ਭਾਈ ਰਾਮ ਸਿੰਘ ਰਾਮੂਵਾਲਾ, ਭਾਈ ਮੇਜਰ ਸਿੰਘ ਪਿੰਡ ਸ਼ਹੀਦ, ਭਾਈ ਸਰਵਣ ਸਿੰਘ ਸੰਮਾ ਮੱਧਰ ਸਨ।

ਭਾਈ ਸਾਹਿਬ ਗੁਪਤ ਰੂਪ ਵਿੱਚ ਸੇਵਾ ਕਰਦੇ ਤੇ ਸਰਹੱਦ ਪਾਰ ਤੋਂ ਸਾਮਾਨ ਲਿਆਉਣ ਦੀ ਸੇਵਾ ਕਰਦੇ ਸਨ। ਆਪ ਖਾਲਿਸਤਾਨ ਕਮਾਂਡੋ ਫੋਰਸ ਪੰਜਵੜ ਦੇ ਸਿੰਘਾਂ ਨਾਲ ਸੇਵਾ ਕਰ ਰਹੇ ਸਨ। 14 ਅਪ੍ਰੈਲ 1989 ਨੂੰ ਹਥਿਆਰ ਤੇ ਗੋਲੀ-ਸਿੱਕਾ ਲੈ ਕੇ ਬਾਰਡਰ ਲੰਘ ਕੇ ਇਧਰ ਆ ਰਹੇ ਸਨ। ਬੀ.ਐਸ.ਐਫ ਦੀ ਨੂਰਵਾਲੀ ਚੌਂਕੀ 'ਤੇ ਬੀ.ਐਸ.ਐਫ ਨਾਲ ਮੁਕਾਬਲਾ ਹੋ ਗਿਆ। ਜਿਸ 'ਤੇ ਦੋਹਾਂ ਪਾਸਿਆਂ ਤੋਂ ਜ਼ਬਰਦਸਤ ਫਾਈਰਿੰਗ ਹੁੰਦੀ ਰਹੀ। ਕੁਝ ਸਿੰਘ ਚੜ੍ਹਦੀ ਕਲਾ ਵਿੱਚ ਲੰਘ ਆਏ। ਭਾਈ ਵਿਰਸਾ ਸਿੰਘ ਬੀ.ਐਸ.ਐਫ. ਦੇ ਜਵਾਨਾਂ ਵੱਲੋਂ ਕੀਤੀ ਗਈ ਫਾਈਰਿੰਗ ਦੌਰਾਨ ਗੋਲੀਆਂ ਵੱਜਣ ਨਾਲ ਸ਼ਹੀਦ ਹੋ ਗਿਆ। ਪਿੰਡ ਕਾਲੀਆ ਸਕੱਤਰਾ ਦੇ ਕਿਸਾਨਾਂ ਦੀ ਜ਼ਮੀਨ ਬਾਰਡਰ 'ਤੇ ਹੋਣ ਕਰਕੇ ਬੀ.ਐਸ.ਐਫ. ਨੇ ਕਿਸਾਨਾਂ ਨੂੰ ਵਿਖਾਇਆ ਕਿ ਰਾਤ ਬਾਰਡਰ ਲੰਘਦਿਆਂ ਮੁਕਾਬਲੇ ਵਿੱਚ ਇਕ ਅੱਤਵਾਦੀ ਮਾਰਿਆ ਗਿਆ ਹੈ। ਵੇਖੋ ਇਹ ਕੌਣ ਹੈ, ਤਾਂ ਪਿੰਡ ਵਾਲਿਆਂ ਨੇ ਕਿਹਾ ਕਿ ਇਹ ਸਾਡੇ ਪਿੰਡ ਦਾ ਜਥੇਦਾਰ ਵਿਰਸਾ ਸਿੰਘ ਹੈ। ਪਿੰਡ ਦੀ ਪੰਚਾਇਤ ਵੱਲੋਂ ਪਹੁੰਚ ਕਰਨ 'ਤੇ ਬੀ.ਐਸ.ਐਫ ਵੱਲੋਂ ਪੱਟੀ ਹਸਪਤਾਲ ਵਿੱਚ ਪੋਸਟਮਾਰਟਮ ਕਰਨ ਤੋਂ ਬਾਅਦ ਭਾਈ ਵਿਰਸਾ ਸਿੰਘ ਦੀ ਸ਼ਹੀਦੀ ਦੇਹ ਪੰਚਾਇਤ ਨੂੰ ਸਸਕਾਰ ਕਰਨ ਵਾਸਤੇ ਦੇ ਦਿੱਤੀ ਗਈ। ਜਿਸ 'ਤੇ ਪਿੰਡ ਵਿੱਚ ਲਿਆ ਕੇ ਭਾਈ ਵਿਰਸਾ ਸਿੰਘ ਦੀ ਸ਼ਹੀਦੀ ਦੇਹ ਦਾ ਸੰਸਕਾਰ ਕਰ ਦਿੱਤਾ ਗਿਆ।

ਸ਼ਹੀਦ ਭਾਈ ਵਿਰਸਾ ਸਿੰਘ ਦੀ ਯਾਦ ਨਮਿੱਤ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੇ ਭੋਗ ਘਰ ਵਿੱਚ ਪਾਏ ਗਏ। ਪਿੰਡ ਦੀਆਂ ਤੇ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਸ਼ਹੀਦ ਸਿੰਘ ਦੀ ਅੰਤਮ ਅਰਦਾਸ ਵਿੱਚ ਸ਼ਾਮਲ ਹੋ ਕੇ ਸ਼ਰਧਾਂਜਲੀ ਭੇਂਟ ਕੀਤੀ।

ਸ਼ਹੀਦ ਭਾਈ ਵਿਰਸਾ ਸਿੰਘ ਦੀ ਪਤਨੀ ਬੀਬੀ ਦਰਸ਼ਨ ਕੌਰ ਚਾਰ ਪੁੱਤਰੀਆਂ ਦੀ ਜ਼ਿੰਮੇਵਾਰੀ ਪਿੰਡ ਕਾਲੀਆ ਸਕੱਤਰਾ ਵਿੱਚ ਰਹਿ ਕੇ ਨਿਭਾਅ ਰਹੀ ਹੈ। ਬੀਬੀ ਦਰਸ਼ਨ ਕੌਰ ਨੇ ਵਿਆਹੀ ਧੀ ਤੇ ਜਵਾਈ ਨੂੰ ਕੋਲ ਲਿਆਂਦਾ ਹੈ ਜੋ ਬੀਬੀ ਜੀ ਦੇ ਜੀਵਨ ਦਾ ਸਹਾਰਾ ਬਣੇ ਹਨ ਤੇ ਬੀਬੀ ਜੀ ਵਾਹਿਗੁਰੂ ਭਰੋਸੇ ਸ਼ਹੀਦ ਸ. ਵਿਰਸਾ ਸਿੰਘ ਦੀ ਸ਼ਹਾਦਤ 'ਤੇ ਮਾਣ ਮਹਿਸੂਸ ਕਰਦੀ ਹੈ ਕਿ ਉਸਦਾ ਪਤੀ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਜੂਝਦਾ ਹੋਇਆ 14 ਅਪ੍ਰੈਲ 1989 ਨੂੰ ਸ਼ਹਾਦਤ ਦਾ ਜਾਮ ਪੀ

ਗਿਆ। ਇਹ ਸਰੀਰ ਨਾਸਵਾਨ ਹੈ ਤੇ ਇਸ ਨੇ ਇਕ ਦਿਨ ਬਿਨਸ ਹੀ ਜਾਣਾ ਹੈ। ਮੇਰਾ ਪਤੀ ਕੌਮੀ ਸੰਘਰਸ਼ ਵਿੱਚ ਸ਼ਹੀਦ ਹੋਇਆ ਹੈ, ਮੈਨੂੰ ਮੇਰੇ ਪਤੀ ਦੀ ਸ਼ਹਾਦਤ ਉੱਤੇ ਫਖਰ ਹੈ। ਸ਼ਹਾਦਤ ਕਰਮਾਂ ਵਾਲਿਆਂ ਨੂੰ ਨਸੀਬ ਹੁੰਦੀ ਹੈ। ਸੂਰਮਿਆਂ ਦੀ ਉਮਰ ਹਮੇਸ਼ਾਂ ਥੋੜੀ ਹੁੰਦੀ ਹੈ ਤੇ ਕਾਜ ਉਨ੍ਹਾਂ ਨੇ ਵੱਡੇ ਕਰਨੇ ਹੁੰਦੇ ਹਨ। ਮੇਰੇ ਪਤੀ ਦੀ ਸ਼ਹਾਦਤ ਗੁਰੂ ਨਾਨਕ ਸਾਹਿਬ ਜੀ ਦੇ ਹੁਕਮ—ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰ ਧਰ ਤਲੀ ਗਲੀ ਮੇਰੀ ਆਉ ॥ ਇਤ ਮਾਰਗੁ ਪੈਰ ਧਰੀਜੈ ॥ ਸਿਰ ਦੀਜੈ ਕਾਨ ਨਾ ਕੀਜੈ ॥ ਅਨੁਸਾਰ ਲੇਖੇ ਲੱਗੀ ਹੈ। ਮੈਨੂੰ ਆਪਣੇ ਪਤੀ ਦੀ ਸ਼ਹਾਦਤ ਉਤੇ ਬਹੁਤ ਮਾਣ ਹੈ, ਜਿਸ ਦਾ ਸੀਸ ਕੌਮ ਦੇ ਲੇਖੇ ਲੱਗਾ ਹੈ।

ਰਣਭੂਮੀ ਵਿੱਚ ਜੂਝ ਕੇ ਸ਼ਹਾਦਤ ਪਾਉਣ ਵਾਲਾ ਸੂਰਮਾ

ਸ਼ਹੀਦ ਭਾਈ ਗੁਰਸਾਹਿਬ ਸਿੰਘ (ਕਾਲੀਆ ਸਕੱਤਰਾ)

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੀ ਆਜ਼ਾਦੀ ਦੇ ਮੌਜੂਦਾ ਸਿੱਖ ਸੰਘਰਸ਼ ਦੌਰਾਨ, ਸਿੱਖ ਕੌਮ ਦੇ ਆਜ਼ਾਦੀ ਦੇ ਘਰ ਖਾਲਿਸਤਾਨ ਦੀ ਪ੍ਰਾਪਤੀ ਲਈ ਮੈਦਾਨੇ ਜੰਗ ਵਿੱਚ ਜੂਝ ਕੇ ਸ਼ਹੀਦ ਹੋਣ ਵਾਲੇ ਜੁਝਾਰੂ ਸਿੰਘਾਂ ਵਿੱਚ ਇੱਕ ਅਹਿਮ ਜੁਝਾਰੂ ਸਿੰਘ ਦਾ ਨਾਂ ਹੈ ਭਾਈ ਗੁਰਸਾਹਿਬ ਸਿੰਘ ਸਕੱਤਰਾ (ਕਾਲੀਆ ਸਕੱਤਰਾ)।

ਭਾਈ ਗੁਰਸਾਹਿਬ ਸਿੰਘ ਦਾ ਜਨਮ ਪਿਤਾ ਭਾਈ ਵੱਸਣ ਸਿੰਘ ਦੇ ਘਰ ਮਾਤਾ ਬੀਬੀ ਜੋਗਿੰਦਰ ਕੌਰ ਦੀ ਕੁੱਖੋਂ ਪਿੰਡ ਕਾਲੀਆ ਸਕੱਤਰਾ, ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ।

ਭਾਈ ਗੁਰਸਾਹਿਬ ਸਿੰਘ ਦੀ ਵੱਡੀ ਭੈਣ ਅਮਰੀਕ ਕੌਰ, ਭਰਾ ਮੇਜਰ ਸਿੰਘ ਤੇ ਆਪ ਛੋਟੇ ਸਨ।

ਪਿੰਡ ਦੇ ਸਿੱਖ ਗੱਭਰੂ ਕੌਮੀ ਘਰ ਦੀ ਸਥਾਪਨਾ ਲਈ ਸਿੱਖ ਸੰਘਰਸ਼ ਵਿੱਚ ਹਿੰਦੁਸਤਾਨੀ ਫੋਰਸਾਂ ਨਾਲ ਟੱਕਰ ਲੈ ਰਹੇ ਸਨ। ਇਸ ਸਮੇਂ ਭਾਈ ਗੁਰਸਾਹਿਬ ਸਿੰਘ ਦੀ ਉਮਰ ਛੋਟੀ ਸੀ। ਉਸ ਦੇ ਦਿਲ ਅੰਦਰ ਪੰਥ ਦੀ ਸੇਵਾ ਕਰਨ ਦਾ ਜਜ਼ਬਾ ਠਾਠਾਂ ਮਾਰ ਰਿਹਾ ਸੀ। ਗੁਰਸਾਹਿਬ ਸਿੰਘ ਨੇ ਪਿੰਡ ਦੇ ਜੁਝਾਰੂ ਸਿੰਘਾਂ ਨਾਲ ਗੁਪਤ ਤੌਰ 'ਤੇ ਸਿੱਖ ਸੰਘਰਸ਼ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਤੇ ਡੇਢ ਸਾਲ ਤੱਕ ਸਿੱਖ ਸੰਘਰਸ਼ ਵਿੱਚ ਗੁਪਤ ਰੂਪ ਵਿੱਚ ਸੇਵਾ ਕਰਦਾ ਰਿਹਾ। ਗੁਰਸਾਹਿਬ ਸਿੰਘ ਦੀਆਂ ਸਰਗਰਮੀਆਂ ਦਾ ਪੁਲਿਸ ਨੂੰ ਪਤਾ ਲੱਗ ਗਿਆ ਤੇ ਪੁਲਿਸ ਵੱਲੋਂ ਉਸਨੂੰ ਗ੍ਰਿਫਤਾਰ ਕਰਨ ਲਈ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਗਏ। ਪੁਲਿਸ ਵਾਲੇ ਗੁਰਸਾਹਿਬ ਸਿੰਘ ਦੇ ਮਾਤਾ ਪਿਤਾ ਨੂੰ ਕਹਿੰਦੇ ਸਨ ਕਿ ਤੁਸੀਂ ਮੁੰਡੇ ਨੂੰ ਥਾਣੇ ਇਕ ਵਾਰ ਪੇਸ਼ ਕਰ ਦੇਵੋ। ਗੁਰਸਾਹਿਬ ਸਿੰਘ 'ਤੇ ਮਾੜਾ ਮੋਟਾ ਕੇਸ ਪਾ ਦੇਵਾਂਗੇ। ਉਸਦੀ ਜਾਨ ਬਚ ਜਾਵੇਗੀ। ਪੁਲਿਸ ਦੀਆਂ ਇਹਨਾਂ ਮੋਮੋਠੱਗਣੀਆਂ ਤੋਂ ਗੁਰਸਾਹਿਬ ਸਿੰਘ ਭਲੀ-ਭਾਂਤ ਜਾਣੂ ਸੀ ਕਿ ਪੁਲਿਸ ਵਾਲੇ ਪੇਸ਼ ਹੋਣ ਵਾਲਿਆਂ ਨਾਲ ਕਿਸ ਢੰਗ ਨਾਲ ਪੇਸ਼ ਆਉਂਦੇ ਹਨ। ਭਾਈ ਗੁਰਸਾਹਿਬ ਸਿੰਘ ਨੇ ਇਹ ਐਲਾਨ ਕੀਤਾ ਸੀ ਕਿ ਪੁਲਿਸ ਵਾਲਿਓ, ਜੁਝਾਰੂ ਸਿੰਘਾਂ ਦੇ ਪਰਿਵਾਰਾਂ ਨੂੰ ਤੰਗ ਕਰਨਾ ਬੰਦ ਕਰ ਦੇਵੋ। ਕੋਈ ਵੀ ਜੁਝਾਰੂ ਸਿੰਘ, ਆਪਣੇ ਪਰਿਵਾਰ ਦੀ ਸਹਿਮਤੀ

ਨਾਲ ਸਿੱਖ ਸੰਘਰਸ਼ ਵਿੱਚ ਸ਼ਾਮਲ ਨਹੀਂ ਹੁੰਦਾ ਤੇ ਨਾ ਹੀ ਕਿਸੇ ਜਵਾਨ ਪੁੱਤਰ ਦੇ ਮਾਪੇ ਇਹ ਚਾਹੁੰਦੇ ਹਨ ਕਿ ਸਾਡਾ ਪੁੱਤਰ ਬਿਖੜੇ ਰਾਹਾਂ ਦਾ ਪਾਂਧੀ ਬਣੇ ਤੇ ਅਸੀਂ ਪੁਲਿਸ ਹੱਥੋਂ ਬੇਇੱਜ਼ਤ ਹੋਈਏ। ਹਰ ਜੁਝਾਰੂ ਸਿੰਘ ਦੀ ਆਪਣੀ ਅਜ਼ਾਦ ਸੋਚ ਹੁੰਦੀ ਹੈ। ਪੁਲਿਸ ਵਾਲਿਓ! ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਆਪਣੇ ਪਰਿਵਾਰ, ਮਾਤਾ ਪਿਤਾ, ਭੈਣ ਭਰਾਵਾਂ ਤੋਂ ਸਲਾਹ ਲੈ ਕੇ ਸਿੰਘਾਂ ਉੱਤੇ ਜ਼ੁਲਮ ਕਰਦੇ ਹੋ ? ਕੀ ਤੁਹਾਡੇ ਮਾਤਾ ਪਿਤਾ ਤੁਹਾਨੂੰ ਕਹਿੰਦੇ ਹਨ ਕਿ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਥਾਣਿਆਂ ਵਿਚ ਅਣਮਨੁੱਖੀ ਤਸ਼ੱਦਦ ਦਾ ਨਿਸ਼ਾਨਾ ਬਣਾਓ ਅਤੇ ਆਪਣੇ ਮੋਢਿਆਂ ਦੇ ਸਟਾਰ ਵਧਾਉਣ ਲਈ, ਸਿੱਖ ਨੌਜਵਾਨਾਂ ਨੂੰ ਰਾਤ ਦੇ ਹਨੇਰੇ ਵਿੱਚ ਨਹਿਰਾਂ, ਸੇਮ ਨਾਲਿਆਂ 'ਤੇ ਲਿਜਾ ਕੇ ਗੋਲੀਆਂ ਮਾਰ ਕੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਦੇਵੋ। ਕੀ ਜਿਵੇਂ ਤੁਸੀਂ ਸਿੱਖ ਸੰਘਰਸ਼ ਦੇ ਰਾਹ ਤੁਰੇ। ਸਿੰਘਾਂ ਦੇ ਪਰਿਵਾਰਾਂ ਨੂੰ ਥਾਣਿਆਂ ਵਿੱਚ ਲਿਜਾ ਕੇ ਮਾਰ ਕੁੱਟ ਕਰਦੇ ਹੋ, ਬੇਦੋਸ਼ਿਆਂ ਦੀ ਹੱਡੀ-ਹੱਡੀ ਤੋੜ ਦੇਂਦੇ ਹੋ, ਕੀ ਜੁਝਾਰੂ ਸਿੰਘ ਵੀ ਤੁਹਾਡੇ ਪਰਿਵਾਰ ਨਾਲ ਉਸੇ ਤਰ੍ਹਾਂ ਪੇਸ਼ ਆਉਣ ? ਕੀ ਇਹ ਇਨਸਾਫ ਹੋਵੇਗਾ ? ਗੁਰਸਾਹਿਬ ਸਿੰਘ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਤੁਰਿਆ ਹੈ ਤੇ ਆਖਰੀ ਸਵਾਸਾਂ ਤੱਕ ਸ਼ਹਾਦਤ ਪ੍ਰਾਪਤ ਕਰਨ ਤੱਕ ਮੇਰੇ ਕਦਮ ਅੱਗੇ ਵੱਧਦੇ ਰਹਿਣਗੇ। ਮੇਰੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਸੱਚੇ ਪਾਤਿਸ਼ਾਹ ਨੇ ਮੈਨੂੰ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਤੇ ਵਾਹਿਗੁਰੂ ਮੈਨੂੰ ਮੈਦਾਨੇ ਜੰਗ ਵਿੱਚ ਜੂਝ ਕੇ ਸ਼ਹੀਦੀ ਪਾਉਣ ਦਾ ਸੁਭਾਗ ਬਖਸ਼ੇ। ਮੈਂ ਜਿਉਂਦੇ ਜੀਅ ਪੁਲਿਸ ਦੇ ਕੋਲ ਪੇਸ਼ ਹੋਣ ਦੀ ਥਾਂ ਸਿੱਖ ਕੌਮ ਦੇ ਦੁਸ਼ਮਣਾਂ ਨਾਲ ਮੈਦਾਨੇ ਜੰਗ ਵਿੱਚ ਜੂਝਦਿਆਂ ਹੋਇਆਂ ਸ਼ਹੀਦੀ ਪ੍ਰਾਪਤ ਕਰਾਂ। ਭਾਈ ਗੁਰਸਾਹਿਬ ਸਿੰਘ 6 ਮਹੀਨੇ ਜ਼ਾਹਰਾ ਤੌਰ 'ਤੇ ਸਿੱਖ ਸੰਘਰਸ਼ ਵਿੱਚ ਸੇਵਾ ਕਰਦੇ ਰਹੇ। ਗੁਰਸਾਹਿਬ ਸਿੰਘ ਦਾ ਸੁਭਾਅ ਬਹੁਤ ਨਿੱਘਾ ਸੀ ਤੇ ਸੰਘਰਸ਼ ਵਿੱਚ ਪੂਰੀ ਦਲੇਰੀ ਨਾਲ ਕੰਮ ਕਰਦੇ ਸਨ। ਜਥੇਬੰਦੀ ਵਾਸਤੇ ਸਰਹੱਦ ਤੋਂ ਸਾਮਾਨ ਲਿਆਉਣ ਲਈ ਆਉਂਦੇ ਜਾਂਦੇ ਰਹਿੰਦੇ ਸਨ ਤੇ ਹਰ ਵਕਤ ਸ਼ਸਤਰਧਾਰੀ ਹੋ ਕੇ ਵਿਚਰਦੇ ਸਨ।

7 ਕੱਤਕ ਅਕਤੂਬਰ ਦੇ ਮਹੀਨੇ ਭਾਈ ਗੁਰਸਾਹਿਬ ਸਿੰਘ, ਭਾਈ ਗੁਰਮੁਖ ਸਿੰਘ ਦਸੰਦਾ, ਭਾਈ ਸੁਖਦੇਵ ਸਿੰਘ ਸੁੱਖਾ ਕਾਲੀਆ ਸਕੱਤਰਾ ਦੇ ਭਾਈ ਜਸਵੰਤ ਸਿੰਘ ਸੁਰ ਸਿੰਘ, ਭਾਈ ਨਛੱਤਰ ਸਿੰਘ ਮਾਨੋਚਾਹਲ, ਪਿੰਡ ਭੂਰੇ ਕਰੀਮਪੁਰ, ਭਾਈ ਸੁਖਦੇਵ ਸਿੰਘ ਸੁੱਖਾ ਦੇ ਤਾਏ ਦੀ ਧੀ, ਭੈਣ ਦੀ ਢਾਣੀ ਜੋ ਜੀਤ ਸਿੰਘ ਦੀ ਢਾਣੀ/ਬਹਿਕ ਹੈ, 'ਤੇ ਪੰਜ ਸਿੰਘ ਠਹਿਰੇ ਹੋਏ ਸਨ। ਭਾਰਤੀ ਫੌਜ ਨੂੰ ਉਸ ਸਮੇਂ ਪੰਜਾਬ ਵਿੱਚ ਤਾਇਨਾਤ ਕੀਤਾ ਹੋਇਆ ਸੀ। ਫੌਜ ਇਲਾਕੇ ਦੀ ਤਲਾਸ਼ੀ ਕਰ ਰਹੀ ਸੀ ਤੇ ਉਸ ਬਹਿਕ ਵੱਲ ਆ ਰਹੀ ਸੀ। ਸਿੰਘਾਂ ਨੇ ਸੋਚਿਆ ਕਿ ਇਸ ਬਹਿਕ 'ਤੇ ਮੁਕਾਬਲਾ ਹੋ ਗਿਆ ਤਾਂ ਬੇਦੋਸ਼ੇ ਪਰਿਵਾਰ ਦਾ ਨੁਕਸਾਨ ਹੋਵੇਗਾ। ਬਹਿਕ ਤੋਂ ਕੁਝ ਦੂਰ ਦੋ ਕਿੱਲੇ ਅਰਹਰ ਦਾ

ਖੇਤ ਸੀ। ਪੰਜੇ ਸਿੰਘ ਆਪਣੇ ਹਥਿਆਰ ਤੇ ਗੋਲੀ ਸਿੱਕਾ ਚੁੱਕ ਕੇ ਅਰਹਰ ਦੇ ਖੇਤ ਵੱਲ ਨੂੰ ਤੁਰ ਪਏ। ਜਿਸ 'ਤੇ ਫੌਜ ਨੇ 7 ਕੱਤਕ ਸਵੇਰੇ 10 ਵਜੇ ਖੇਤ ਨੂੰ ਘੇਰ ਲਿਆ। ਜੁਝਾਰੂ ਸਿੰਘਾਂ ਨੇ ਹੱਥ ਖੜ੍ਹੇ ਕਰ ਕੇ ਫੌਜ ਅੱਗੇ ਪੇਸ਼ ਹੋਣ ਨੂੰ ਸਿੱਖੀ ਨੂੰ ਲਾਜ ਸਮਝਦਿਆਂ ਤੇ ਫੌਜ ਨਾਲ ਜੰਗ ਕਰਨ ਤੇ ਆਖਰੀ ਸਵਾਸਾਂ ਤੱਕ ਜੂਝ ਕੇ ਸ਼ਹੀਦ ਹੋਣ ਦਾ ਫੈਸਲਾ ਕਰ ਲਿਆ। ਜਦੋਂ ਫੌਜ ਦੇ ਜਵਾਨ ਖੇਤ ਵੱਲ ਅੱਗੇ ਵਧੇ ਤਾਂ ਸਿੰਘਾਂ ਨੇ ਆਪਣੇ ਹਥਿਆਰਾਂ ਨਾਲ ਫਾਈਰਿੰਗ ਕਰ ਕੇ ਜੰਗ ਦਾ ਬਿਗਲ ਵਜਾ ਦਿੱਤਾ। ਸਿੰਘਾਂ ਨੇ ਨਿੱਖੜ ਕੇ ਅਰਹਰ ਦੇ ਖੇਤ ਦੇ ਚੁਫੇਰੇ ਵੱਲ ਨੂੰ ਮੋਰਚੇ ਮੱਲ ਲਏ ਸਨ। ਭਾਈ ਨਛੱਤਰ ਸਿੰਘ ਮਾਨੋਚਾਹਲ ਵਾਲੇ ਸੂਰਮੇ ਦੀ ਮਾਰ ਹੇਠਾਂ ਫੌਜ ਦਾ ਸੀ.ਓ. ਆ ਗਿਆ। ਸਿੰਘਾਂ ਨੇ ਨਿਸ਼ਾਨਾ ਸੇਧ ਕੇ ਫਾਈਰਿੰਗ ਕੀਤੀ। ਫੌਜ ਦਾ ਸੀ.ਓ. ਗੋਲੀ ਲੱਗਣ ਨਾਲ ਮਾਰਿਆ ਗਿਆ। 7 ਕੱਤਕ ਨੂੰ ਸਵੇਰੇ 10 ਵਜੇ ਮੁਕਾਬਲਾ ਸ਼ੁਰੂ ਹੋਇਆ ਤੇ ਕਰੀਬ 8 ਘੰਟੇ ਜ਼ਬਰਦਸਤ ਮੁਕਾਬਲਾ ਚੱਲਿਆ। ਸਿੰਘਾਂ ਵੱਲੋਂ ਇੰਨੀ ਦ੍ਰਿੜ੍ਹਤਾ ਤੇ ਬਹਾਦਰੀ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਘੇਰਾ ਪਈ ਬੈਠੀ ਫੌਜ ਨਾਲ ਮੁਕਾਬਲਾ ਕੀਤਾ ਗਿਆ ਜਿਸ 'ਤੇ 13 ਫੌਜ ਦੇ ਜਵਾਨ ਸਿੰਘਾਂ ਨੇ ਮੁਕਾਬਲੇ ਵਿੱਚ ਮਾਰ ਮੁਕਾਏ ਤੇ ਅਨੇਕਾਂ ਜ਼ਖਮੀ ਕੀਤੇ। ਮੁਕਾਬਲੇ ਵਾਲੀ ਥਾਂ 'ਤੇ ਨੇੜੇ ਹੀ ਪਾਣੀ ਵਾਲੀ ਵੱਡੀ ਟੈਂਕੀ ਸੀ। ਜਿਸ 'ਤੇ ਚੜ੍ਹ ਕੇ ਫੌਜ ਨੇ ਹਮਲੇ ਵਿੱਚ ਮਸ਼ੀਨਗੰਨਾਂ ਤੇ ਬੰਬਾਂ ਦੀ ਵਰਤੋਂ ਕੀਤੀ ਤੇ ਦੋ ਕਿਲੇ ਅਰਹਰ ਦੀ ਫਸਲ ਬੰਬਾਂ ਨਾਲ ਤਬਾਹ ਕਰ ਦਿੱਤੀ। ਫੌਜ ਦੀਆਂ ਮਸ਼ੀਨਗੰਨਾਂ ਤੇ ਬੰਬਾਂ ਨੇ ਅੱਠ ਘੰਟੇ ਲੰਬੇ ਚੱਲੇ ਮੁਕਾਬਲੇ ਵਿੱਚ 5 ਸਿੰਘਾਂ ਨੂੰ ਸ਼ਹੀਦ ਤਾਂ ਕਰ ਦਿੱਤਾ ਪਰ ਸਿੰਘਾਂ ਨੇ ਜਿਉਂਦੇ ਜੀਅ ਫੌਜ ਨੂੰ ਆਪਣੇ ਨੇੜੇ ਨਹੀਂ ਸੀ ਢੁੱਕਣ ਦਿੱਤਾ। ਸਿੰਘਾਂ ਦੀ ਸ਼ਿੱਦਤ ਵਿੱਚ ਜਿਹੜਾ ਫੌਜੀ ਆਇਆ ਸਿੰਘਾਂ ਨੇ ਉਸ ਦਾ ਸਵਾਗਤ ਗੋਲੀਆਂ ਨਾਲ ਕੀਤਾ ਤੇ ਅਗਲੇ ਜਹਾਨ ਭੇਜ ਦਿੱਤਾ।

ਇਸ 8 ਘੰਟੇ ਦੇ 5 ਸਿੰਘਾਂ ਤੇ ਹਿੰਦੁਸਤਾਨੀ ਫੌਜ ਦੇ ਹਜ਼ਾਰਾਂ ਜਵਾਨ ਵਿਚਕਾਰ ਚੱਲੇ ਜ਼ਬਰਦਸਤ ਮੁਕਾਬਲੇ ਵਿੱਚ ਸਿੰਘਾਂ ਨੇ ਚਮਕੌਰ ਦੀ ਗੜ੍ਹੀ ਦੇ ਨਜ਼ਾਰੇ ਵਿਖਾਏ ਤੇ ਸਿੱਖ ਕੌਮ ਦੀ ਆਜ਼ਾਦੀ ਦੀ ਸ਼ਮ੍ਹਾ ਦੇ ਪਰਵਾਨੇ ਭਾਈ ਗੁਰਸਾਹਿਬ ਸਿੰਘ ਕਾਲੀਆ ਸਕੱਤਰਾ, ਭਾਈ ਸੁਖਦੇਵ ਸਿੰਘ ਕਾਲੀਆ ਸਕੱਤਰਾ, ਭਾਈ ਗੁਰਮੁੱਖ ਸਿੰਘ ਦਸੰਦਾ, ਭਾਈ ਨਛੱਤਰ ਸਿੰਘ ਮਾਨੋਚਾਹਲ, ਭਾਈ ਜਸਵੰਤ ਸਿੰਘ ਸੁਰ ਸਿੰਘ ਆਖਰੀ ਸਵਾਸਾਂ ਤੇ ਆਖਰੀ ਗੋਲੀ ਤੱਕ, ਦੁਸ਼ਮਣ ਨਾਲ ਲੜਦੇ ਹੋਏ ਮੈਦਾਨੇ ਜੰਗ ਵਿੱਚ ਸ਼ਹੀਦੀ ਪਾ ਕੇ ਖਾਲਿਸਤਾਨੀ ਸੰਘਰਸ਼ ਦੇ ਇਤਿਹਾਸ ਵਿੱਚ ਆਪਣਾ ਨਾਮ ਅਮਰ ਕਰ ਗਏ।

ਫੌਜ ਵਲੋਂ ਮੁਕਾਬਲੇ ਵਿੱਚ ਸ਼ਹੀਦ ਹੋਏ ਸਿੰਘਾਂ ਦੀ ਸ਼ਨਾਖਤ ਲਈ ਪਿੰਡ ਕਾਲੀਆ ਸਕੱਤਰਾ ਤੋਂ ਪੰਚਾਇਤ ਦੇ ਮੋਹਤਬਰ ਬੰਦਿਆਂ ਨੂੰ ਲਿਜਾਇਆ ਗਿਆ ਜਿਨ੍ਹਾਂ ਵਲੋਂ ਭਾਈ ਗੁਰਸਾਹਿਬ ਸਿੰਘ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀਆਂ ਲਾਸ਼ਾਂ ਦੀ ਸ਼ਨਾਖਤ ਕੀਤੀ ਗਈ। ਫੌਜ ਨੇ 5 ਸਿੰਘਾਂ ਦੀਆਂ ਸ਼ਹੀਦੀ ਦੇਹਾਂ ਗੱਡੀ ਵਿੱਚ ਰੱਖ ਕੇ ਪੱਟੀ ਦੇ

ਹਸਪਤਾਲ ਵਿੱਚ ਲਿਜਾਈਆਂ। ਪਿੰਡ ਕਾਲੀਆ ਸਕੱਤਰਾ ਵਿੱਚੋਂ ਟਰੈਕਟਰ ਟਰਾਲੀਆਂ ਭਰ ਕੇ ਪਿੰਡ ਵਾਸੀ ਪੱਟੀ ਹਸਪਤਾਲ ਪਹੁੰਚ ਗਏ। ਪੰਜਾਂ ਸਿੰਘਾਂ ਦੇ ਪਰਿਵਾਰਾਂ ਨੂੰ ਪੁਲਿਸ ਦੀ ਹਾਜ਼ਰੀ ਵਿੱਚ ਪੱਟੀ ਦੇ ਸ਼ਮਸ਼ਾਨ ਘਾਟ ਵਿੱਚ ਸਸਕਾਰ ਕਰਨ ਦੀ ਆਗਿਆ ਦੇ ਦਿੱਤੀ ਗਈ। ਸ਼ਹੀਦ ਸਿੰਘਾਂ ਦੇ ਪਰਿਵਾਰਿਕ ਮੈਂਬਰਾਂ ਨੇ ਸ਼ਹੀਦੀ ਦੇਹਾਂ ਦੇ ਆਪਣੇ ਹੱਥੀਂ ਇਸ਼ਨਾਨ ਕਰਾਏ ਤੇ ਅਰਦਾਸ ਕਰ ਕੇ ਪੂਰਨ ਗੁਰ-ਮਰਿਆਦਾ ਅਨੁਸਾਰ ਸਸਕਾਰ ਕੀਤੇ। ਭਾਈ ਗੁਰਸਾਹਿਬ ਸਿੰਘ ਕਾਲੀਆ ਸਕੱਤਰਾ ਦੇ ਵੱਡੇ ਭਰਾ ਭਾਈ ਮੇਜਰ ਸਿੰਘ ਨੇ ਆਪਣੇ ਹੱਥੀਂ ਸ਼ਹੀਦ ਭਾਈ ਗੁਰਸਾਹਿਬ ਸਿੰਘ ਨੂੰ ਇਸ਼ਨਾਨ ਕਰਾ ਕੇ ਬਸਤਰ ਸਜਾ ਕੇ ਸਸਕਾਰ ਕੀਤਾ।

ਪੰਜਾਂ ਸਿੰਘਾਂ ਦੇ ਫੁੱਲ ਚੁਣ ਕੇ ਸ੍ਰੀ ਗੋਇੰਦਵਾਲ ਸਾਹਿਬ ਪਾਏ ਗਏ। ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਗੁਰਸਾਹਿਬ ਸਿੰਘ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਿੰਡ ਕਾਲੀਆ ਸਕੱਤਰਾ ਦੇ ਗੁਰਦੁਆਰਾ ਸਾਹਿਬ ਵਿਖੇ ਪਾਏ ਗਏ। ਅੰਤਮ ਅਰਦਾਸ ਵਿੱਚ ਪਿੰਡ ਦੀ ਸਮੂਹ ਸਾਧ ਸੰਗਤ ਤੇ ਇਲਾਕਾ ਨਿਵਾਸੀਆਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ (ਕਾਲੀਆ ਸਕੱਤਰਾ)

ਤੇਰੀ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ
ਕਿਲਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।

—ਸੰਤ ਰਾਮ ਉਦਾਸੀ

ਉਪਰੋਕਤ ਸਤਰਾਂ ਭਾਵੇਂ ਨਕਸਲਬਾੜੀ ਲਹਿਰ ਦੇ ਮਹਾਨ ਨਾਇਕ ਕਵੀ ਸੰਤ ਰਾਮ ਉਦਾਸੀ ਦੀ ਕਲਮ ਨੇ ਸਿਰਜੀਆਂ ਹਨ, ਪਰੰਤੂ ਪੰਜਾਬ ਦੀ ਧਰਤੀ 'ਤੇ ਹਿੰਦ ਸਰਕਾਰ ਦੇ ਸਿੱਖਾਂ ਉੱਪਰ ਜੂਨ 1984 'ਚ ਢਾਹੇ ਗਏ ਅੱਤਿਆਚਾਰਾਂ ਤੋਂ ਪਿੱਛੋਂ ਸਿੱਖ ਕੌਮ ਦੇ ਆਜ਼ਾਦ ਕੌਮੀ ਘਰ ਦੀ ਸਥਾਪਨਾ ਲਈ ਮੈਦਾਨੇ-ਜੰਗ ਵਿੱਚ ਸਿਰਾਂ ਉੱਤੇ ਕਫਨ ਬੰਨ੍ਹ ਕੇ ਜੂਝਾਰੂ ਸਿੰਘਾਂ ਵੱਲੋਂ ਖਾਲਿਸਤਾਨ ਦੀ ਆਜ਼ਾਦੀ ਦੀ ਲੜਾਈ ਦੇ ਸੰਘਰਸ਼ ਵਿੱਚ ਵਿਚਰਣ ਵਾਲਿਆਂ ਕੋਲ ਕੋਈ ਕੋਟ, ਕਿਲ੍ਹਾ, ਗੜ੍ਹੀ ਨਹੀਂ ਸੀ। ਇਕ ਪਾਸੇ ਦੁਨੀਆਂ ਦੀ ਪੰਜਵੀਂ ਵੱਡੀ ਫੌਜੀ ਤਾਕਤ ਅਖਵਾਉਣ ਵਾਲੀ ਹਿੰਦੁਸਤਾਨੀ ਸਰਕਾਰ ਦੀ ਬੇ-ਅਥਾਹ ਫੌਜੀ ਸ਼ਕਤੀ, ਆਧੁਨਿਕ ਜੰਗੀ ਸਾਜੋ-ਸਾਮਾਨ ਨਾਲ ਲੱਖਾਂ ਦੀ ਗਿਣਤੀ ਵਿੱਚ ਤੇ ਦੂਜੇ ਪਾਸੇ ਉਹ ਸਿੱਖ ਜਿਨ੍ਹਾਂ ਨੇ ਆਪਣੇ ਬਾਹੂਬਲ ਨਾਲ ਨਿੱਕੇ-ਮੋਟੇ ਹਥਿਆਰ ਹਾਸਲ ਕੀਤੇ, ਹਿੰਦੁਸਤਾਨੀ ਫੋਰਸਾਂ ਨਾਲ ਗੁਰੀਲਾ ਜੰਗ ਸ਼ੁਰੂ ਕੀਤੀ। ਸਿੰਘਾਂ ਨੇ ਪ੍ਰਤੱਖ ਤੌਰ 'ਤੇ ਕਮਾਦ, ਨਰਮੇ, ਅਰਹਰ ਦੇ ਖੇਤਾਂ ਤੇ ਖੇਤਾਂ ਦੇ ਖਾਲਾਂ ਦੀਆਂ ਵੱਟਾਂ ਨੂੰ ਕਿਲ੍ਹੇ ਬਣਾ ਕੇ ਵਿਖਾ ਦਿੱਤਾ। ਅਜਿਹੀ ਦ੍ਰਿੜ੍ਹਤਾ ਦੀ ਜੰਗ ਲੜਨ ਵਾਲੇ ਸਿੰਘਾਂ ਵਿੱਚੋਂ ਭਾਈ ਗੁਰਸਾਹਿਬ ਸਿੰਘ ਕਾਲੀਆ ਸਕੱਤਰਾ, ਭਾਈ ਨਛੱਤਰ ਸਿੰਘ ਮਾਨੋਚਾਹਲ, ਭਾਈ ਗੁਰਮੁਖ ਸਿੰਘ ਦਸੰਦਾ ਸਕੱਤਰਾ, ਭਾਈ ਜਸਵੰਤ ਸਿੰਘ ਸੁਰਸਿੰਘ ਵਾਲਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਸਕੱਤਰਾ ਜਿਨ੍ਹਾਂ ਨੇ ਅਰਹਰ ਦੇ ਖੇਤ ਨੂੰ ਕਿਲ੍ਹਾ ਬਣਾ ਕੇ ਹਿੰਦੁਸਤਾਨ ਦੀ ਫੌਜ ਨਾਲ 8 ਘੰਟੇ ਜੰਗ ਕੀਤੀ ਸੀ। ਇਨ੍ਹਾਂ ਜੂਝਾਰੂ ਸਿੰਘਾਂ ਵਿੱਚੋਂ ਹੀ ਇਕ ਜੂਝਾਰੂ ਸਿੰਘ ਦਾ ਨਾਂ ਹੈ ਭਾਈ ਸੁਖਦੇਵ ਸਿੰਘ ਉਰਫ ਸੁੱਖਾ। ਭਾਈ ਸੁਖਦੇਵ ਸਿੰਘ ਸੁੱਖਾ ਦਾ ਜਨਮ ਪਿਤਾ ਭਾਈ ਹਰੀ ਸਿੰਘ ਦੇ ਘਰ ਮਾਤਾ ਬੀਬੀ ਨਿਹਾਲ ਕੌਰ ਦੀ ਕੁੱਖੋਂ ਪਿੰਡ ਕਾਲੀਆ ਸਕੱਤਰਾ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਭਾਈ ਸਾਹਿਬ ਦੇ ਵੱਡੇ ਭੈਣ ਭਰਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ—ਵੱਡੀ ਭੈਣ ਕਸ਼ਮੀਰ ਕੌਰ, ਬਲਵੀਰ ਕੌਰ, ਭਰਾ ਬਲਦੇਵ ਸਿੰਘ ਤੇ ਛੋਟਾ ਭਰਾ ਬਲਵੀਰ ਸਿੰਘ।

ਭਾਈ ਸੁਖਦੇਵ ਸਿੰਘ ਆਪਣੇ ਪਰਿਵਾਰ ਨਾਲ ਘਰ ਦੇ ਕੰਮ ਧੰਦੇ ਵਿੱਚ ਹੱਥ ਵਟਾਉਂਦਾ ਸੀ। ਪਿੰਡ ਦੇ ਹੋਰ ਮੁੰਡਿਆਂ ਨਾਲ ਬਾਰਡਰ 'ਤੇ ਮਾਲ-ਡੰਗਰ ਚਾਰਨ ਜਾਇਆ ਕਰਦਾ ਸੀ ਇਸ ਕਰਕੇ ਬਾਰਡਰ ਦਾ ਭੇਤੀ ਸੀ।

ਜੂਨ 1984 ਦੇ ਘੱਲੂਘਾਰੇ ਤੋਂ ਪਿੱਛੋਂ ਪੰਜਾਬ ਵਿੱਚ ਉੱਠੀ ਸਿੱਖ ਸੰਘਰਸ਼ ਲੜਨ ਵਾਲੀ ਸਿੱਖ ਜਵਾਨੀ ਦੀ ਲਹਿਰ ਦਾ ਪਰਛਾਵਾਂ ਭਾਈ ਸੁਖਦੇਵ ਸਿੰਘ 'ਤੇ ਵੀ ਪਿਆ। ਪਿੰਡ ਦਾ ਸਿੱਖ ਗੱਭਰੂ ਭਾਈ ਅਨਾਰ ਸਿੰਘ ਪਾੜ੍ਹਾ ਜਥੇਦਾਰ ਬ੍ਰਹਮੇ ਵਾਲੀ ਖਾਲਿਸਤਾਨ ਲਿਬਰੇਸ਼ਨ ਫੋਰਸ ਵਿੱਚ ਜਾ ਰਲਿਆ ਸੀ ਤੇ ਉਸਦੀ ਜਾਂਬਾਜ਼ੀ ਦੀ ਸੱਥਾਂ ਵਿੱਚ ਚਰਚਾ ਹੁੰਦੀ ਸੀ। ਭਾਈ ਅਨਾਰ ਸਿੰਘ ਪਾੜ੍ਹਾ ਪਿੰਡ ਦੇ ਗੱਭਰੂਆਂ ਨੂੰ ਮਿਲਦਾ ਰਹਿੰਦਾ ਸੀ ~~ਤੇ ਪਿੰਡ ਦੇ ਗੱਭਰੂਆਂ ਦੇ ਮਨਾਂ ਅੰਦਰ ਵੀ, ਜੂਨ 84 ਦੇ ਘੱਲੂਘਾਰੇ ਦੌਰਾਨ ਢੱਠੇ ਹੋਏ~~ ਸ੍ਰੀ ਅਕਾਲ ਤਖਤ ਸਾਹਿਬ ਦੀ ਬੇਅਦਬੀ ਦਾ ਬਦਲਾ ਲੈਣ ਦੀ ਅੱਗ ਸੁਲਗ ਰਹੀ ਸੀ। ਜਿਸ ਨੂੰ ਥੋੜ੍ਹੀ ਜਿਹੀ ਹਵਾ ਲੱਗਣ ਨਾਲ ਹਿੰਦ ਹਕੂਮਤ ਵਿਰੁੱਧ ਅੱਗ ਦਾ ਭਾਂਬੜ ਬਣ ਸਕਦੀ ਸੀ। ਇਸੇ ਤਰ੍ਹਾਂ ਹੋਇਆ। ਹੋਰ ਸਿੱਖ ਗੱਭਰੂਆਂ ਵਾਂਗ ਭਾਈ ਸੁਖਦੇਵ ਸਿੰਘ ਸੁੱਖਾ ਵੀ ਭਾਈ ਅਨਾਰ ਸਿੰਘ ਪਾੜ੍ਹਾ ਦੇ ਸੰਪਰਕ ਵਿੱਚ ਆ ਗਿਆ ਤੇ ਗੁਪਤ ਰੂਪ ਵਿੱਚ ਸੇਵਾ ਕਰਨ ਲੱਗਾ। ਭਾਈ ਸੁਖਦੇਵ ਸਿੰਘ ਨੇ ਅਖਬਾਰਾਂ ਦੀਆਂ ਸੁਰਖੀਆਂ ਤੋਂ ਦੂਰ ਰਹਿਣ ਦੀ ਨੀਤੀ ਅਖਤਿਆਰ ਕੀਤੀ। ਭਾਈ ਸੁਖਦੇਵ ਸਿੰਘ ਸੁੱਖਾ ਕਹਿੰਦਾ ਸੀ ਕਿ ਸਾਨੂੰ ਆਪਣੀ ਸ਼ੋਹਰਤ ਵਾਸਤੇ ਅਖਬਾਰੀ ਬਿਆਨਬਾਜ਼ੀ, ਜ਼ਿੰਮੇਵਾਰੀਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਇਹ ਸਿੰਘਾਂ ਦੇ ਪਰਿਵਾਰ ਲਈ ਮੁਸੀਬਤ ਬਣਦੀਆਂ ਹਨ। ਭਾਈ ਸਾਹਿਬ ਸਾਊ ਸੁਭਾਅ ਦੇ ਸਨ ਤੇ ਲੋਕਾਂ ਦੇ ਨਿੱਜੀ ਝਗੜਿਆਂ ਤੋਂ ਦੂਰ ਰਹਿੰਦੇ ਸਨ। ਆਪਣੇ ਸਾਥੀਆਂ ਨੂੰ ਹਮੇਸ਼ਾਂ ਇਹ ਹਦਾਇਤ ਕਰਦੇ ਸਨ ਕਿ ਮੇਰੇ ਜੁਝਾਰੂ ਵੀਰੋ, ਆਪਾਂ ਜਿਸ ਪਰਿਵਾਰ ਤੋਂ ਪ੍ਰਸ਼ਾਦਾ ਛਕਦੇ ਹਾਂ, ਉਸਦੀਆਂ ਗੱਲਾਂ ਵਿੱਚ ਨਹੀਂ ਆਉਣਾ। ਪਨਾਹ ਦੇਣ ਵਾਲਿਆਂ ਕੋਲੋਂ ਵੀ ਸੁਚੇਤ ਰਹਿਣਾ ਹੈ। ਜਿਹੜਾ ਵਿਅਕਤੀ ਸਰਕਾਰ ਦਾ ਪਿੱਠੂ ਹੈ ਤੇ ਜੁਝਾਰੂ ਸਿੰਘਾਂ ਦਾ ਨੁਕਸਾਨ ਕਰਵਾਉਂਦਾ ਹੈ, ਸਿੰਘਾਂ ਵਿਰੁੱਧ, ਸਿੱਖ ਸੰਘਰਸ਼ ਵਿਰੁੱਧ ਭੰਡੀ ਪ੍ਰਚਾਰ ਕਰਦਾ ਹੈ, ਉਸ ਬਾਰੇ ਸਾਨੂੰ ਆਪ ਪਤਾ ਹੁੰਦਾ ਹੈ ਤੇ ਲੋਕਾਂ ਨੂੰ ਵੀ ਪਤਾ ਹੁੰਦਾ ਹੈ। ਅਜਿਹੇ ਦੁਸ਼ਟਾਂ ਦੀ ਸੁਧਾਈ ਖਾਲਸਈ ਰਵਾਇਤਾਂ ਮੁਤਾਬਿਕ ਕਰਨੀ ਹੈ। ਸਾਨੂੰ ਇਹ ਗੱਲ ਮੰਨ ਕੇ ਚੱਲਣਾ ਹੈ ਕਿ ਕੋਈ ਵੀ ਪਰਿਵਾਰ ਜਾਂ ਸਿੱਖ ਬੇਦੋਸ਼ਾ ਨਾ ਮਾਰਿਆ ਜਾਵੇ। ਜੁਝਾਰੂ ਸਿੰਘਾਂ ਦੀ ਲੋਕਾਂ ਦੇ ਮਨਾਂ ਵਿੱਚ ਦਹਿਸ਼ਤ ਨਹੀਂ ਹੋਣੀ ਚਾਹੀਦੀ ਸਗੋਂ ਸਤਿਕਾਰ ਤੇ ਹਮਦਰਦੀ ਹੋਣੀ ਚਾਹੀਦੀ ਹੈ। ਪੰਜਾਬ ਦੀ ਧਰਤੀ ਮੈਦਾਨੀ ਹੈ ਤੇ ਇਸ ਉੱਤੇ ਖਰਗੋਸ਼ ਦੇ ਲੁਕਣ ਲਈ ਵੀ ਥਾਂ ਨਹੀਂ ਹੈ। ਇਨ੍ਹਾਂ ਹਲਾਤਾਂ ਵਿੱਚ ਸਾਨੂੰ ਲੋਕਾਂ ਦੇ ਜੰਗਲ ਵਿੱਚ ਛਿਪ ਕੇ ਰਹਿਣਾ ਪੈਂਦਾ ਹੈ। ਇਸ ਲਈ ਆਪਣੇ ਲੋਕਾਂ ਦਾ ਵਿਸ਼ਵਾਸ ਜਿੱਤਣਾ ਜ਼ਰੂਰੀ ਹੈ।

ਭਾਈ ਸੁਖਦੇਵ ਸਿੰਘ ਸੁੱਖਾ ਆਪਣੇ ਜੁਝਾਰੂ ਸਾਥੀਆਂ ਭਾਈ ਗੁਰਸਾਹਿਬ ਸਿੰਘ

ਸਕੱਤਰਾ, ਭਾਈ ਗੁਰਮੁੱਖ ਸਿੰਘ ਦਸੰਦਾ ਸਕੱਤਰਾ, ਭਾਈ ਨਛੱਤਰ ਸਿੰਘ ਫੌਜੀ ਮਾਨੋਚਾਹਲ, ਭਾਈ ਜਸਵੰਤ ਸਿੰਘ ਸੁਰਸਿੰਘ ਨਾਲ ਆਪਣੇ ਤਾਏ ਦੀ ਧੀ ਜੋ ਰਿਸ਼ਤੇਦਾਰੀ ਕਰਕੇ ਭੈਣ ਹੈ ਤੇ ਜੀਤ ਸਿੰਘ ਨਾਲ ਭੂਰੇ ਪਿੰਡ ਵਿੱਚ ਵਿਆਹੀ ਹੋਈ ਹੈ, ਉਸਦੇ ਘਰ ਪਿੰਡ ਭੂਰੇ ਦੀ ਬਹਿਕ 'ਤੇ ਠਹਿਰੇ ਹੋਏ ਸਨ। ਉਸ ਸਮੇਂ ਪੰਜਾਬ ਦੇ ਤਿੰਨ ਸਰਹੱਦੀ ਜ਼ਿਲ੍ਹਿਆਂ ਵਿੱਚ ਸਿੱਖ ਸੰਘਰਸ਼ ਨੂੰ ਕੁਚਲਣ ਵਾਸਤੇ ਹਿੰਦੂ ਸਰਕਾਰ ਵੱਲੋਂ ਫੌਜ ਨੂੰ ਤਾਇਨਾਤ ਕੀਤਾ ਗਿਆ ਸੀ। ਕਿਉਂਕਿ ਸਰਹੱਦੀ ਜਿਲ੍ਹਿਆਂ ਵਿੱਚ ਜੁਝਾਰੂ ਸਿੰਘਾਂ ਦੀ ਤਾਕਤ ਵੱਧ ਗਈ ਸੀ ਤੇ ਉਹ ਦਿਨ ਦੀਵੀਂ, ਪੰਜਾਬ ਪੁਲਿਸ ਤੇ ਸੀ.ਆਰ.ਪੀ. ਦੀਆਂ ~~ਗੱਡੀਆਂ ਤੇ ਚੌਂਕੀਆਂ ਉੱਤੇ ਰਾਕਟਾਂ, ਬਾਰੂਦੀ ਸੁਰੰਗਾਂ ਤੇ ਬੰਬਾਂ ਨਾਲ ਘਾਤ ਲਾ ਕੇ~~ ਹਮਲੇ ਕਰ ਰਹੇ ਸਨ। ਸੁਰੱਖਿਆ ਬਲਾਂ ਤੇ ਹਿੰਦੁਸਤਾਨੀ ਫੋਰਸਾਂ ਦਾ ਸਿੰਘਾਂ ਨੇ ਨੱਕ ਵਿੱਚ ਦਮ ਕੀਤਾ ਹੋਇਆ ਸੀ। ਇਸ ਸਮੇਂ ਹਲਾਤਾਂ ਨੂੰ ਕੰਟਰੋਲ ਵਿੱਚ ਕਰਨ ਲਈ ਫੌਜ ਵਲੋਂ ਕੰਘਾ ਅਪਰੇਸ਼ਨ ਸ਼ੁਰੂ ਕੀਤਾ ਗਿਆ ਸੀ ਤੇ ਫੌਜ ਦੇ.ਜਵਾਨ ਸੌ ਸੌ ਫੁੱਟ ਦੇ ਫਾਸਲੇ 'ਤੇ ਚੱਲ ਰਹੇ ਸਨ ਤੇ ਪਿੰਡਾਂ ਅਤੇ ਬਹਿਕਾਂ ਦੀ ਤਲਾਸ਼ੀ ਲੈ ਰਹੇ ਸਨ। ਜਦੋਂ ਫੌਜ ਦੇ ਜਵਾਨ ਪਿੰਡ ਭੂਰੇ ਜੀਤ ਸਿੰਘ ਦੀ ਬਹਿਕ ਵੱਲ ਆ ਰਹੇ ਸਨ ਤਾਂ ਭਾਈ ਸੁਖਦੇਵ ਸਿੰਘ ਸੁੱਖਾ ਸਮੇਤ ਪੰਜ ਸਿੰਘ ਬਹਿਕ 'ਤੇ ਠਹਿਰੇ ਸਨ। ਸਿੰਘਾਂ ਨੇ ਫੌਜ ਨੂੰ ਬਹਿਕ ਵੱਲ ਆਉਂਦਿਆਂ ਵੇਖ ਕੇ ਫੈਸਲਾ ਕੀਤਾ ਕਿ ਜੇ ਇਥੇ ਮੁਕਾਬਲਾ ਕੀਤਾ ਤਾਂ ਬੇਦੋਸ਼ਾ ਪਰਿਵਾਰ ਮਾਰਿਆ ਜਾਵੇਗਾ ਤੇ ਜੇ ਹਥਿਆਰ ਸੁੱਟ ਕੇ ਫੌਜ ਅੱਗੇ ਪੇਸ਼ ਹੋ ਗਏ ਤਾਂ ਸਿੱਖੀ ਨੂੰ ਲਾਜ ਲੱਗੇਗੀ। ਸਿੰਘਾਂ ਨੇ ਆਪਣੇ ਹਥਿਆਰ ਤੇ ਗੋਲੀ ਸਿੱਕਾ ਸੰਭਾਲਿਆ ਤੇ ਨੇੜੇ ਦੋ ਕਿੱਲੇ ਅਰਹਰ ਦਾ ਖੇਤ ਸੀ ਉਸ ਪਾਸੇ ਤੁਰ ਪਏ। ਫੌਜ ਨੇ ਵੀ ਸਿੰਘਾਂ ਨੂੰ ਬਹਿਕ ਤੋਂ ਨਿਕਲ ਕੇ ਖੇਤ ਵਿੱਚ ਵੜਦਿਆਂ ਨੂੰ ਵੇਖ ਲਿਆ। ਫੌਜ ਨੇ ਚੁਫੇਰੇ ਤੋਂ ਖੇਤ ਨੂੰ ਘੇਰ ਲਿਆ। ਫੌਜ ਦੇ ਅਫਸਰ ਵੀ ਮੌਕੇ 'ਤੇ ਪਹੁੰਚ ਗਏ। 7 ਕੱਤਕ ਨੂੰ ਸਵੇਰੇ 8 ਵਜੇ ਘੇਰਾ ਪਿਆ ਸੀ ਤੇ ਫੌਜ ਨੇ 9 ਵਜੇ ਸਪੀਕਰ 'ਤੇ ਸਿੰਘਾਂ ਨੂੰ ਵਾਰ-ਵਾਰ ਅਪੀਲ ਕੀਤੀ ਕਿ ਉਹ ਹਥਿਆਰ ਸੁੱਟ ਕੇ ਆਤਮ ਸਮਰਪਣ ਕਰ ਦੇਣ ਵਰਨਾ ਫੌਜ ਵੱਲੋਂ ਸਖਤ ਕਰਵਾਈ ਕੀਤੀ ਜਾਵੇਗੀ। ਸਿੰਘਾਂ ਨੇ ਇੰਨੇ ਸਮੇਂ ਵਿੱਚ ਕਹੀ ਨਾਲ ਖੇਤ ਵਿੱਚ ਮੋਰਚੇ ਪੁੱਟ ਲਏ ਸਨ ਤੇ ਫੌਜ ਦਾ ਮੁਕਾਬਲਾ ਕਰਨ ਲਈ ਪੁਜ਼ੀਸ਼ਨਾਂ ਸੰਭਾਲ ਲਈਆਂ ਸਨ। ਜਦੋਂ ਫੌਜ ਦੇ ਜਵਾਨ ਸਿੰਘਾਂ ਨੂੰ ਕਾਬੂ ਕਰਨ ਲਈ ਖੇਤ ਵਿੱਚ ਵੜੇ ਤਾਂ ਸਿੰਘਾਂ ਨੇ ਨੇੜੇ ਢੁੱਕਣ 'ਤੇ ਆਪਣੇ ਹਥਿਆਰਾਂ ਨਾਲ ਫਾਈਰਿੰਗ ਕਰਕੇ ਸਵਾਗਤ ਕੀਤਾ। ਜਿੱਥੋਂ ਗੋਲੀ ਆਈ ਸੀ ਉਥੇ ਫੌਜ ਵੱਲੋਂ ਅੰਨ੍ਹੇਵਾਹ ਗੋਲੀ ਤੇ ਗਰਨੇਡ ਸੁੱਟੇ ਗਏ ਤੇ ਖੇਤ ਵਿੱਚੋਂ ਮਿੱਟੀ ਅਤੇ ਧੂੰਏਂ ਦੇ ਗੁਬਾਰ ਉੱਠੇ, ਮਸ਼ੀਨਗੰਨਾਂ ਦੀਆਂ ਗੋਲੀਆਂ ਤੇ ਬੰਬਾਂ ਦੀ ਗੜਗੜਾਹਟ ਨੇ ਧਰਤੀ ਕੰਬਾ ਦਿੱਤੀ। ਸਿੰਘ ਉਸ ਥਾਂ ਤੋਂ ਹੋਰ ਪੁੱਟੇ ਹੋਏ ਮੋਰਚੇ ਵਿੱਚ ਚਲੇ ਗਏ। ਜਦੋਂ ਅੱਗੋਂ ਫਾਇਰ ਦਾ ਜਵਾਬ ਨਾ ਆਇਆ ਤਾਂ ਫੌਜ ਦੇ ਅਫਸਰਾਂ ਦਾ ਅੰਦਾਜ਼ਾ ਸੀ ਕਿ ਇੰਨੀ ਗੋਲੀਬਾਰੀ ਨਾਲ ਜ਼ਰੂਰ ਸਿੰਘ ਮਾਰੇ ਗਏ ਹੋਣਗੇ। ਜਦੋਂ ਫੌਜ

ਦੇ ਜਵਾਨ ਖੇਤ ਦੀ ਤਲਾਸ਼ੀ ਲੈਣ ਲਈ ਵੜੇ ਤਾਂ ਭਾਈ ਨਛੱਤਰ ਸਿੰਘ ਫੌਜੀ ਮਾਨੋਚਾਹਲ ਦੀ ਮਾਰ ਹੇਠਾਂ ਫੌਜ ਦਾ ਸੀ.ਓ. ਆ ਗਿਆ। ਭਾਈ ਨਛੱਤਰ ਸਿੰਘ ਨੇ ਨਿਸ਼ਾਨਾ ਸੇਧ ਕੇ ਫਾਈਰਿੰਗ ਕੀਤੀ, ਜਿਸ ਨਾਲ ਸੀ.ਓ. ਮਾਰਿਆ ਗਿਆ। ਫੌਜ ਨੇ ਸੀ.ਓ. ਦੇ ਬਚਾਅ ਵਾਸਤੇ ਹੋਰ ਫੌਜ ਦੇ ਜਵਾਨਾਂ ਨੂੰ ਅਰਹਰ ਦੇ ਖੇਤ ਵੱਲ ਤੇ ਚੁਫੇਰੇ ਤੋਂ ਹਮਲਾ ਕਰਕੇ ਰੀਂਗ ਕੇ ਅੱਗੇ ਵਧਣ ਦਾ ਹੁਕਮ ਦਿੱਤਾ। ਜਿਸ ਕਾਰਨ ਜੁਝਾਰੂ ਸਿੰਘਾਂ ਵੱਲੋਂ ਅੱਗੋਂ ਡੱਟਵਾਂ ਵਿਰੋਧ ਕਰਦਿਆਂ ਫਾਈਰਿੰਗ ਕੀਤੀ, ਜਿਸ ਨਾਲ 13 ਜਵਾਨ ਫੌਜ ਦੇ ਹੋਰ ਇਸ ਮੁਕਾਬਲੇ ਵਿੱਚ ਮਾਰੇ ਗਏ ਤੇ ਅਨੇਕਾਂ ਜਵਾਨ ਜ਼ਖਮੀ ਹੋਏ। ਇਸ ਪਿੱਛੋਂ ਫੌਜ ਨੇ ਹੋਰ ਜਵਾਨ ਅੱਗੇ ਵਧਣ ਤੋਂ ਰੋਕ ਦਿੱਤੇ ਤਾਂ ਖੇਤ ਤੋਂ ਜਵਾਨਾਂ ਨੂੰ ਪਿੱਛੇ ਹੱਟਣ ਦਾ ਹੁਕਮ ਦਿੱਤਾ।

ਸਿੰਘਾਂ ਨੇ ਸਿਰਫ ਰਾਤ ਦਾ ਪ੍ਰਸ਼ਾਦਾ ਪਾਣੀ ਛਕਿਆ ਸੀ। ਸਿੰਘ ਭੁੱਖਣ ਭਾਣੇ ਸਨ ਤੇ ਪੀਣ ਲਈ ਕੋਲ ਪਾਣੀ ਵੀ ਨਹੀਂ ਸੀ। ਫਿਰ ਵੀ ਸਿੰਘ, ਚਮਕੌਰ ਦੀ ਗੜ੍ਹੀ ਦਾ ਇਤਿਹਾਸ ਦੁਹਰਾ ਰਹੇ ਸਨ। ਸਿੰਘਾਂ ਦੀ ਮਾਰ ਹੇਠਾਂ ਜੋ ਵੀ ਫੌਜ ਦਾ ਜਵਾਨ ਆਇਆ ਸਿੰਘਾਂ ਉਸਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ।

ਫੌਜ ਦੇ ਅਫਸਰਾਂ ਨੇ ਨੇੜੇ ਵਾਟਰ ਵਰਕਸ ਦੀ ਟੈਂਕੀ 'ਤੇ ਫੌਜ ਦੇ ਜਵਾਨਾਂ ਨੂੰ ਚੜ੍ਹਾ ਕੇ ਅਰਹਰ ਦੇ ਦੋ ਕਿੱਲੇ ਖੇਤ ਵਿੱਚ ਲਗਾਤਾਰ ਬੰਬਾਰੀ ਕੀਤੀ ਤੇ ਖੇਤ ਸੜ ਕੇ ਸੁਆਹ ਹੋ ਗਿਆ। ਜੰਗ ਵਿੱਚ ਬਹਾਦਰੀ ਤੇ ਸਿਆਣਪ ਕੰਮ ਕਰਦੀ ਹੈ, ਜਦੋਂ ਇਕ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਬਾਟੇ ਦੀ ਪਾਹੁਲ ਅੰਮ੍ਰਿਤ ਛਕ ਕੇ, ਸਿੱਖੀ ਸਵੈਮਾਣ ਦੀ ਚੜ੍ਹਦੀ ਕਲਾ ਲਈ ਸੀਮਤ ਹਥਿਆਰਾਂ, ਅਸਾਲਟ ਰਾਈਫਲਾਂ ਨਾਲ ਸਿੰਘ ਲੜ ਰਹੇ ਹੋਣ ਤੇ ਦੂਜੇ ਪਾਸੇ ਤੋਪਾਂ, ਮਸ਼ੀਨਗੰਨਾਂ, ਗਰਨੇਡਾਂ ਨਾਲ ਲੈਸ ਹਿੰਦੁਸਤਾਨ ਦੀ ਫੌਜ ਦੇ ਹਜ਼ਾਰਾਂ ਜਵਾਨ ਹੋਣ। ਇਹ ਮੁਕਾਬਲਾ 8 ਘੰਟੇ ਚੱਲਿਆ ਤੇ ਜੁਝਾਰੂ ਸਿੰਘ ਖਾਲਸਾਈ ਰਵਾਇਤਾਂ ਅਨੁਸਾਰ ਮੈਦਾਨੇ ਜੰਗ ਵਿੱਚ ਜੂਝ ਕੇ ਸ਼ਹੀਦੀਆਂ ਪ੍ਰਾਪਤ ਕਰ ਗਏ।

ਫੌਜ ਵਲੋਂ ਖੇਤ ਵਿੱਚੋਂ ਪੰਜ ਜੁਝਾਰੂ ਸਿੰਘਾਂ ਦੀਆਂ ਸ਼ਹੀਦੀ ਦੇਹਾਂ ਨੂੰ ਚੁੱਕਿਆ ਗਿਆ ਤੇ ਉਨ੍ਹਾਂ ਨੂੰ ਗੱਡੀ ਵਿੱਚ ਰੱਖ ਕੇ ਪੱਟੀ ਦੇ ਹਸਪਤਾਲ ਵਿੱਚ ਲਿਜਾਇਆ ਗਿਆ। ਲੋਕਾਂ ਤੋਂ ਸ਼ਨਾਖਤ ਕਰਵਾਈ ਤਾਂ ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਵਿੱਚੋਂ ਕਾਲੀਆ ਸਕੱਤਰਾ ਦੇ ਸਿੰਘ ਹਨ, ਤਾਂ ਫੌਜ ਸ਼ਨਾਖਤ ਕਰਨ ਲਈ ਭਾਈ ਸੁਖਦੇਵ ਸਿੰਘ ਸੁੱਖਾ ਦੇ ਪਿਤਾ ਬਾਪੂ ਹਰੀ ਸਿੰਘ, ਭਾਈ ਗੁਰਸਾਹਿਬ ਸਿੰਘ ਦੇ ਭਰਾ ਮੇਜਰ ਸਿੰਘ ਨੂੰ ਅਤੇ ਭਾਈ ਗੁਰਮੁੱਖ ਸਿੰਘ ਦਸੰਦਾ ਦੇ ਪਰਿਵਾਰ ਨੂੰ ਵੀ ਲੈ ਕੇ ਗਈ। ਦੂਜੇ ਸਿੰਘਾਂ ਦੇ ਵਾਰਿਸਾਂ ਨੂੰ ਵੀ ਲਿਆਂਦਾ ਗਿਆ ਤੇ ਪੰਚਾਇਤ ਦੇ ਦਖਲ ਦੇਣ 'ਤੇ ਪੁਲਿਸ ਵੱਲੋਂ ਮਾਰੇ ਗਏ ਖਾੜਕੂਆਂ ਦੇ ਪਰਿਵਾਰਾਂ ਨੂੰ ਪੁਲਿਸ ਦੀ ਹਾਜ਼ਰੀ ਵਿੱਚ ਪੱਟੀ ਦੇ ਸ਼ਮਸ਼ਾਨ ਘਾਟ ਵਿੱਚ ਇਸ਼ਨਾਨ ਕਰਾ ਕੇ ਨਵੇਂ ਕੱਪੜੇ ਪਵਾ ਕੇ ਸਸਕਾਰ ਕਰਨ ਦੀ ਇਜਾਜ਼ਤ ਦਿੱਤੀ ਗਈ। ਪਿੰਡ ਭੂਰੇ ਵਿੱਚ ਫੌਜ

ਨਾਲ ਮੁਕਾਬਲਾ ਕਰਕੇ ਸ਼ਹੀਦ ਹੋਏ ਪੰਜ ਸਿੰਘਾਂ ਭਾਈ ਸੁਖਦੇਵ ਸਿੰਘ ਸੁੱਖਾ ਕਾਲੀਆ ਸਕੱਤਰਾ, ਭਾਈ ਗੁਰਸਾਹਿਬ ਸਿੰਘ ਕਾਲੀਆ ਸਕੱਤਰਾ, ਭਾਈ ਗੁਰਮੁਖ ਸਿੰਘ ਦਸੰਦਾ ਕਾਲੀਆ ਸਕੱਤਰਾ, ਭਾਈ ਨਛੱਤਰ ਸਿੰਘ ਫੌਜੀ ਮਾਨੋਚਾਹਲ, ਭਾਈ ਜਸਵੰਤ ਸਿੰਘ ਸੁਰਸਿੰਘ ਦਾ 8 ਕੱਤਕ ਨੂੰ ਪਰਿਵਾਰ ਵੱਲੋਂ ਪੁਲਿਸ ਦੀ ਨਿਗਰਾਨੀ ਹੇਠ ਪੱਟੀ ਦੇ ਸ਼ਮਸ਼ਾਨ ਘਾਟ ਵਿੱਚ ਅੰਤਮ ਸੰਸਕਾਰ ਪੰਜਾਂ ਸਿੰਘਾਂ ਦਾ ਇਕੱਠਾ ਕੀਤਾ ਗਿਆ ਸੀ ਤੇ ਪਰਿਵਾਰ ਫੁੱਲ ਵੀ ਇਕੱਠੇ ਚੁਣ ਕੇ ਗੋਇੰਦਵਾਲ ਸਾਹਿਬ ਬਿਆਸ ਦਰਿਆ ਵਿੱਚ ਪਾਏ ਗਏ ਸਨ। ਸ਼ਹੀਦ ਸਿੰਘ ਦੀ ਬਰਸੀ ਹਰ ਸਾਲ ਪਿੰਡ ਕਾਲੀਆ ਸਕੱਤਰਾ ਵਿੱਚ ਮਨਾਈ ਜਾਂਦੀ ਹੈ। ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਕਾਲੀਆ ਸਕੱਤਰਾ ਦਾ ਪਰਿਵਾਰ ਗਰੀਬੀ ਦੀ ਹਾਲਤ ਵਿੱਚ ਹੈ। ਬਜ਼ੁਰਗ ਬਾਪੂ ਹਰੀ ਸਿੰਘ, ਮਾਤਾ ਨਿਹਾਲ ਕੌਰ ਤੇ ਭਰਾ ਬਲਦੇਵ ਸਿੰਘ ਨਾਲ 20 ਮਈ 2010 ਨੂੰ ਭਾਈ ਗੁਰਵਿੰਦਰ ਸਿੰਘ ਪੁੱਤਰ ਸ. ਗੁਲਜ਼ਾਰ ਸਿੰਘ ਦੇ ਸਹਿਯੋਗ ਸਦਕਾ ਮੁਲਾਕਾਤ ਕੀਤੀ ਗਈ।

ਪਰਿਵਾਰ ਦੀ ਗਰੀਬੀ ਦੀ ਹਾਲਤ ਵਿੱਚ ਹੀ ਪੰਥ ਦਰਦੀਆਂ ਨੂੰ ਮਦਦ ਕਰਨ ਦੀ ਅਪੀਲ ਕੀਤੀ ਜਾਂਦੀ ਹੈ।

ਪਤਾ—ਸ਼ਹੀਦ ਭਾਈ ਸੁਖਦੇਵ ਸਿੰਘ ਉਰਫ ਸੁੱਖਾ
ਪਿਤਾ ਬਾਪੂ ਹਰੀ ਸਿੰਘ, ਮਾਤਾ ਨਿਹਾਲ ਕੌਰ
ਪਿੰਡ ਕਾਲੀਆ ਸਕੱਤਰਾ
ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ।

ਸੋਹਣੇ ਨੈਣ ਨਕਸ਼ਾਂ ਵਾਲਾ ਨੌਜਵਾਨ

ਸ਼ਹੀਦ ਭਾਈ ਸ਼ਿੰਦਰ ਸਿੰਘ (ਕਾਲੀਆ ਸਕੱਤਰਾ)

ਯੋਧੇ ਕੌਮ ਨਾਲ ਜਿਹੜੇ ਪਿਆਰ ਕਰਦੇ,
ਡੋਲੇ ਹੂਰਾਂ ਦੇ ਉਹ ਲੋੜਦੇ ਨਹੀਂ।
ਮੰਗਤੀ ਬਣ ਕੇ ਜੇ ਦਰ 'ਤੇ ਮੌਤ ਆ ਜੇ
ਸਿਰ ਦੀ ਖੈਰ ਪਾਉਂਦੇ ਖਾਲੀ ਮੋੜਦੇ ਨਹੀਂ।

ਸਿੱਖ ਕੌਮ ਦੇ ਆਜ਼ਾਦ ਕੌਮੀ ਘਰ ਦੀ ਸਥਾਪਨਾ ਲਈ, ਆਜ਼ਾਦੀ ਦੀ ਲੜਾਈ ਦੀ ਸ਼ਮ੍ਹਾ ਦੇ ਪ੍ਰਵਾਨਿਆਂ ਵਿੱਚੋਂ ਪਿੰਡ ਕਾਲੀਆ ਸਕੱਤਰਾ ਦਾ ਰਣਭੂਮੀ ਵਿੱਚ ਜੂਝਣ ਵਾਲਾ ਸੂਰਮਾ ਹੋਇਆ ਹੈ ਭਾਈ ਸ਼ਿੰਦਰ ਸਿੰਘ (ਕਾਲੀਆ ਸਕੱਤਰਾ) ਜਿਸ ਦਾ ਜਨਮ ਪਿਤਾ ਗੁਰਚਰਨ ਸਿੰਘ (ਰਾਜਾ ਸਿੱਖ) ਦੇ ਘਰ ਮਾਤਾ ਜਗੀਰ ਕੌਰ ਦੀ ਕੁੱਖੋਂ ਸੰਨ 1965 ਵਿੱਚ ਪਿੰਡ ਸਕੱਤਰਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ ਵਿੱਚ ਹੋਇਆ।

ਵੱਡਾ ਭਰਾ ਰਛਪਾਲ ਸਿੰਘ, ਭੈਣ ਅਮਰਜੀਤ ਕੌਰ ਤੇ ਛੋਟਾ ਭਰਾ ਜੰਗ ਸਿੰਘ ਹਨ।

ਭਾਈ ਸ਼ਿੰਦਰ ਸਿੰਘ ਦਾ ਸੁਭਾਅ ਨਿਮਰਤਾ ਵਾਲਾ ਸੀ ਤੇ ਬਿਨਾਂ ਲੋੜ ਤੋਂ ਬੋਲਦੇ ਨਹੀਂ ਸਨ।

ਜੂਨ 1984 ਦੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੇ 37 ਹੋਰ ਸਿੱਖ ਗੁਰਧਾਮਾਂ ਉੱਪਰ ਹਿੰਦੁਸਤਾਨੀ ਸਰਕਾਰ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਵਰਤਾਏ ਗਏ ਖੂਨੀ ਘੱਲੂਘਾਰੇ ਜਿਸ ਵਿੱਚ ਹਜ਼ਾਰਾਂ ਸਿੱਖਾਂ, ਬੀਬੀਆਂ, ਬੱਚਿਆਂ, ਬਜ਼ੁਰਗਾਂ, ਨੌਜਵਾਨਾਂ ਨੂੰ ਮਸ਼ੀਨਗੰਨਾਂ ਦੀਆਂ ਗੋਲੀਆਂ, ਤੋਪਾਂ, ਟੈਂਕਾਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਧਾਰਮਿਕ ਸਥਾਨਾਂ ਨੂੰ ਤਹਿਸ ਨਹਿਸ ਇਸ ਲਈ ਕਰ ਦਿੱਤਾ ਕਿ ਸਿੱਖਾਂ ਦੇ ਹੱਕਾਂ ਦੇ ਪਹਿਰੇਦਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਉਸਦੇ ਸੂਰਬੀਰ ਬਹਾਦਰ ਸਾਥੀਆਂ ਨੂੰ ਖਤਮ ਕੀਤਾ ਜਾ ਸਕੇ ਅਤੇ ਸਿੱਖ ਕੌਮ ਨੂੰ ਸਬਕ ਸਿਖਾਇਆ ਜਾ ਸਕੇ ਕਿ ਇਸ ਤੋਂ ਅੱਗੇ ਕੋਈ ਸਿੱਖ, ਸਿੱਖ ਹੱਕਾਂ ਤੇ ਖਾਲਸ਼ਈ ਰਵਾਇਤਾਂ ਦੀ ਗੱਲ ਕਰਨ ਦੀ ਜੁਰਅਤ ਨਾ ਕਰ ਸਕੇ। ਸਿੱਖ ਕੌਮ ਵਿਰੋਧੀ ਹਿੰਦੂ ਲਾਬੀ ਇਹ ਸਮਝਦੀ ਸੀ ਕਿ ਅਸੀਂ ਸਿੱਖ ਕੌਮ ਦੀ ਆਜ਼ਾਦੀ ਦੀ ਗੱਲ ਕਰਨ ਵਾਲੀ ਸਿੱਖ ਲਹਿਰ ਨੂੰ ਫੌਜੀ ਸ਼ਕਤੀ ਨਾਲ ਕੁਚਲ ਕੇ ਰੱਖ ਦਿੱਤਾ ਹੈ ਤੇ ਹੁਣ ਕੋਈ

ਸਿੱਖ ਦੁਬਾਰਾ ਸਿੱਖ ਕੌਮ ਦੀ ਅਜ਼ਾਦੀ ਦੀ ਲੜਾਈ ਲੜਨ ਦੀ ਕੀ, ਸਿੱਖ ਕੌਮ ਦੀ ਆਜ਼ਾਦੀ ਤੇ ਜੁਝਾਰੂ ਖਾਲਸਈ ਰਵਾਇਤਾਂ ਨੂੰ ਦੁਬਾਰਾ ਸੁਰਜੀਤ ਕਰਨ ਬਾਰੇ ਸੋਚ ਵੀ ਨਹੀਂ ਸਕੇਗਾ। ਪਰੰਤੂ ਹਿੰਦ ਸਰਕਾਰ ਨੇ ਸਿੱਖ ਇਤਿਹਾਸ ਨੂੰ ਪੜ੍ਹਿਆ ਹੀ ਨਹੀਂ। ਜੇ ਪੜ੍ਹਿਆ ਹੈ ਤਾਂ ਵਿਚਾਰਿਆ ਨਹੀਂ ਕਿ ਸਿੱਖ ਕਦੇ ਦਬਾਇਆਂ ਦੱਬੇ ਨਹੀਂ ਜਾਂਦੇ।

ਸਿੱਖ ਇਤਿਹਾਸ ਦੀ ਇਹ ਅਟੱਲ ਸੱਚਾਈ ਹੈ ਕਿ ਜਿੱਥੇ ਆਮ ਬੰਦੇ ਦੀ ਮੌਤ ਹੋ ਕੇ ਕਹਾਣੀ ਖਤਮ ਹੋ ਜਾਂਦੀ ਹੈ, ਜ਼ਿੰਦਗੀ ਦਾ ਅੰਤ ਹੋ ਜਾਂਦਾ ਹੈ, ਸਿੱਖ ਸ਼ਹੀਦਾਂ ਤੇ ਸਿੱਖ ਕੌਮ ਦੀ ਜ਼ਿੰਦਗੀ ਉਥੋਂ ਸ਼ੁਰੂ ਹੁੰਦੀ ਹੈ।

ਤੀਜੇ ਘੱਲੂਘਾਰੇ ਨੇ ਸਿੱਖ ਜਵਾਨੀ ਨੂੰ ਸਿੱਖ ਧਰਮ ਤੇ ਕੌਮੀ ਸਵੈਮਾਣ ਦੀ ਬਹਾਲੀ ਖਾਤਰ ਹਿੰਦ ਹਕੂਮਤ ਨਾਲ ਟੱਕਰ ਲੈਣ ਲਈ ਬਦਲਾ ਲੈਣ ਦੇ ਰਾਹ ਤੌਰ 'ਤੇ ਸਿੱਖ ਸੰਘਰਸ਼ ਵਿੱਚ ਜੂਝ ਮਰਨ ਦਾ ਰਾਹ ਵਿਖਾਇਆ। ਪਿੰਡ ਕਾਲੀਆ ਸਕੱਤਰਾ ਵਿੱਚੋਂ ਕੌਮੀ ਘਰ ਦੀ ਸਥਾਪਨਾ ਲਈ, ਖਾਲਿਸਤਾਨੀ ਸੰਘਰਸ਼ ਵਿੱਚ ਜੂਝਣ ਲਈ ਇਕ ਦਿਨ ਵਿਚ 3-3 ਸਿੱਖ ਨੌਜਵਾਨ ਸਿਰਾਂ ਉੱਤੇ ਕਫਨ ਬੰਨ੍ਹ ਕੇ ਘਰ ਬਾਰ ਤਿਆਗ ਕੇ ਸਿੱਖ ਸੰਘਰਸ਼ ਦੇ ਰਾਹ ਤੁਰੇ। ਇਹ ਸਿੱਖ ਨੌਜਵਾਨ ਸਨ ਪਿੰਡ ਕਾਲੀਆ ਸਕੱਤਰਾ ਦੇ ਭਾਈ ਸ਼ਿੰਦਰ ਸਿੰਘ ਰਾਜਾ, ਭਾਈ ਬਗੀਚਾ ਸਿੰਘ ਖਾਲਸਾ ਤੇ ਭਾਈ ਸ਼ਲਵਿੰਦਰ ਸਿੰਘ ਜੋ ਸੰਘਰਸ਼ ਵਿੱਚ ਜੂਝਣ ਲਈ ਭਾਈ ਸੁਰਜੀਤ ਸਿੰਘ ਉਰਫ ਸੀਤਲ ਸਿੰਘ ਝੱਖੜ ਠੱਠੀ ਜੈਮਲ ਸਿੰਘ ਦੇ ਜੁਝਾਰੂ ਜਥੇ ਵਿੱਚ ਸ਼ਾਮਲ ਹੋਏ ਸਨ। ਭਾਈ ਸੁਰਜੀਤ ਸਿੰਘ ਝੱਖੜ, ਬਾਬਾ ਗੁਰਬਚਨ ਸਿੰਘ ਖਾਲਸਾ ਮਾਨੋਚਾਹਲ ਦੇ ਸਰਹੱਦੀ ਇਲਾਕੇ ਦੇ ਕਮਾਂਡਰ ਸਨ। ਤਿੰਨੇ ਯੋਧੇ ਭਾਈ ਸੁਰਜੀਤ ਸਿੰਘ ਝੱਖੜ ਨਾਲ ਰਲ ਕੇ ਸੇਵਾ ਕਰ ਰਹੇ ਸਨ ਤੇ ਪੁਲਿਸ ਤੇ ਕੇਂਦਰੀ ਸੁਰੱਖਿਆ ਬਲ ਦੀਆਂ ਚੌਂਕੀਆਂ ਅਤੇ ਗਸ਼ਤ ਕਰਨ ਵਾਲੀਆਂ ਗੱਡੀਆਂ ਉੱਤੇ ਘਾਤ ਲਾ ਕੇ ਹਮਲੇ ਕਰਨੇ ਇਨ੍ਹਾਂ ਸਿੰਘਾਂ ਦਾ ਮੁੱਖ ਕੰਮ ਸੀ।

ਪੁਲਿਸ ਤੇ ਸੀ.ਆਰ.ਪੀ. ਵਾਲੇ ਜੁਝਾਰੂ ਸਿੰਘਾਂ ਦੇ ਪਰਿਵਾਰਾਂ ਨੂੰ ਤੰਗ ਕਰਦੇ ਸਨ। ਦਲੀਲ, ਅਪੀਲ ਤਾਂ ਸੀ.ਆਰ.ਪੀ. ਅਤੇ ਪੰਜਾਬ ਪੁਲਿਸ ਵਾਲਿਆਂ ਉੱਤੇ ਕੰਮ ਨਹੀਂ ਸੀ ਕਰਦੀ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਕਿਹਾ ਕਰਦੇ ਸਨ ਕਿ ਸਰਕਾਰ ਤੇ ਪੁਲਿਸ ਦਾ ਕੰਮ ਆ ਜੁਝਾਰੂ ਸਿੰਘਾਂ ਦੇ ਪਰਿਵਾਰ ਨੂੰ ਫੜ੍ਹ ਕੇ ਥਾਣੇ ਲੈ ਜਾਣਾ, ਤਸ਼ੱਦਦ ਕਰਨਾ, ਤੰਗ ਕਰਨਾ। ਖਾਲਸਾ ਜੀ ਆਪਾਂ ਨੂੰ ਇਹ ਸੋਚਣਾ ਪੈਣਾ ਕਿ ਅਸੀਂ ਆਪਣੇ ਪਰਿਵਾਰਾਂ ਨੂੰ ਪੁਲਿਸ ਤਸ਼ੱਦਦ ਤੋਂ ਕਿਵੇਂ ਬਚਾਉਣਾ ? ਜੁਝਾਰੂ ਸਿੰਘਾਂ ਨੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਬਚਨਾਂ ਨੂੰ ਮੰਨਦਿਆਂ ਸਕੀਮ ਬਣਾਈ ਕਿ ਕਾਲੀਆ ਸਕੱਤਰਾ ਦੇ ਸਾਰੇ ਜੁਝਾਰੂ ਸਿੰਘਾਂ ਦੇ ਘਰ ਸੀ.ਆਰ.ਪੀ. ਛਾਪੇ ਮਾਰਦੀ ਹੈ, ਇਨ੍ਹਾਂ ਨੂੰ ਰੋਕਿਆ ਜਾਵੇ। ਜੁਝਾਰੂ ਸਿੰਘਾਂ ਦੇ ਘਰ ਛਾਪਾ ਮਾਰਨ ਤੋਂ ਪਹਿਲਾਂ ਸੁਰੱਖਿਆ ਫੋਰਸਾਂ ਸੌ ਵਾਰੀ ਸੋਚਣ। ਜੁਝਾਰੂ ਸਿੰਘਾਂ, ਭਾਈ ਸ਼ਿੰਦਰ ਸਿੰਘ ਦੇ ਘਰ

ਦੇ.ਨੇੜੇ ਬਰੂਦੀ ਸੁਰੰਗ ਦੱਬ ਦਿੱਤੀ ਤੇ ਉਸਨੂੰ ਚਲਾਉਣ ਲਈ ਪੁਜ਼ੀਸ਼ਨਾਂ ਸੰਭਾਲ ਲਈਆਂ। ਸਿੰਘਾਂ ਨੇ ਆਪਣੀ ਸਕੀਮ ਅਨੁਸਾਰ ਭਾਈ ਸ਼ਿੰਦਰ ਸਿੰਘ ਨੂੰ ਘਰ ਦੇ ਨੇੜੇ ਤੇੜੇ ਤੁਰਦਾ ਫਿਰਦਾ ਵਿਖਾਇਆ ਗਿਆ ਕਿ ਜਿਸ ਤੋਂ ਸੁਰੱਖਿਆ ਬਲਾਂ, ਪੁਲਿਸ ਤੇ ਸੀ.ਆਰ.ਪੀ. ਦੇ ਸੂਹੀਏ ਇਹ ਸਮਝਣ ਕਿ ਖਾੜਕੂ ਸ਼ਿੰਦਰ ਸਿੰਘ ਘਰ ਪਰਿਵਾਰ ਨੂੰ ਮਿਲਣ ਆਇਆ ਹੈ ਤੇ ਉਸ ਕੋਲ ਕੋਈ ਹਥਿਆਰ ਨਹੀਂ ਹੈ। ਪੁਲਿਸ ਦੇ ਸੂਹੀਏ ਨੇ ਸੀ.ਆਰ.ਪੀ. ਨੂੰ ਇਤਲਾਹ ਦਿੱਤੀ। ਸੀ.ਆਰ.ਪੀ. ਨੇ ਗੱਡੀਆਂ ਲੈ ਕੇ, ਜੁਝਾਰੂ ਸ਼ਿੰਦਰ ਸਿੰਘ ਦੇ ਘਰ ਛਾਪਾ ਮਾਰਿਆ। ਜਦੋਂ ਗੱਡੀਆਂ ਬਰੂਦੀ ਸੁਰੰਗਾਂ 'ਤੇ ਪੁੱਜੀਆਂ ਤਾਂ ਸਿੰਘਾਂ ਨੇ ਬਰੂਦੀ ਸੁਰੰਗ ਦਾ ਧਮਾਕਾ ਕਰਾ ਦਿੱਤਾ ਜਿਸ ਨਾਲ ਸੀ.ਆਰ.ਪੀ. ਦੀ ਗੱਡੀ ਦੇ ਪਰਖੱਚੇ ਉੱਡ ਗਏ। ਸਿੰਘਾਂ ਨੇ ਸੀ.ਆਰ.ਪੀ. ਦੀਆਂ ਦੂਜੀਆਂ ਗੱਡੀਆਂ ਉੱਤੇ ਵੀ ਫਾਈਰਿੰਗ ਕੀਤੀ। ਇਸ ਤਰ੍ਹਾਂ ਭਾਈ ਸ਼ਿੰਦਰ ਸਿੰਘ ਦਾ ਸ਼ਿਕਾਰ ਕਰਨ ਆਈ ਸੀ.ਆਰ.ਪੀ. ਜੁਝਾਰੂ ਸਿੰਘਾਂ ਦਾ ਸ਼ਿਕਾਰ ਬਣ ਕੇ ਰਹਿ ਗਈ।

ਪਿੰਡ ਵਿੱਚ ਬਾਰਡਰ ਸਕਿਉਰਿਟੀ ਫੋਰਸ (ਬੀ.ਐਸ.ਐਫ.) ਦੀ ਚੌਂਕੀ ਬਿਠਾ ਦਿੱਤੀ ਗਈ ਕਿ ਜੁਝਾਰੂ ਸਿੰਘਾਂ ਦੀਆਂ ਸਰਗਰਮੀਆਂ ਨੂੰ ਰੋਕਿਆ ਜਾ ਸਕੇ। ਦੂਜੇ ਪਾਸੇ ਜੁਝਾਰੂ ਸਿੰਘਾਂ ਨੇ ਇਕੱਠੇ ਹੋ ਕੇ ਬੀ.ਐਸ.ਐਫ. ਦੀ ਚੌਂਕੀ ਉੱਪਰ ਰਾਤ ਵੇਲੇ ਹਮਲਾ ਕਰ ਦਿੱਤਾ। ਜਿਸ ਵਿੱਚ ਪਿੰਡ ਦਾ ਜੁਝਾਰੂ ਸਿੰਘ ਭਾਈ ਅਕਬਰ ਸਿੰਘ ਚੌਂਕੀ ਵਿੱਚੋਂ ਹਥਿਆਰ ਚੁੱਕਣ ਵਾਸਤੇ ਕੰਧ ਟੱਪ ਕੇ ਦਾਖਲ ਹੋਇਆ ਤਾਂ ਅੱਗੋਂ ਬੀ.ਐਸ.ਐਫ. ਦੇ ਜਵਾਨ ਵੱਲੋਂ ਗੋਲੀ ਚਲਾਉਣ ਨਾਲ ਉਹ ਸ਼ਹੀਦ ਹੋ ਗਿਆ।

ਭਾਈ ਸ਼ਿੰਦਰ ਸਿੰਘ ਆਪਣੇ ਸਾਥੀਆਂ—ਭਾਈ ਸਤਨਾਮ ਸਿੰਘ ਵਲਟੋਹਾ, ਭਾਈ ਸ਼ਲਵਿੰਦਰ ਸਿੰਘ ਜ਼ਿੰਦਾ ਕਾਲੀਆ ਸਕੱਤਰਾ ਸਮੇਤ ਪਿੰਡ ਲਾਖਣਾ ਦੀ ਬਹਿਕ 'ਤੇ ਠਹਿਰੇ ਹੋਏ ਸਨ। ਪੰਜਾਬ ਪੁਲਿਸ ਤੇ ਸੀ.ਆਰ.ਪੀ. ਨੇ 30 ਜੁਲਾਈ 1990 ਨੂੰ ਘੇਰਾ ਪਾ ਲਿਆ। ਸਿੰਘ ਆਰਾਮ ਕਰ ਰਹੇ ਸਨ। ਘਰ ਦੀ ਬੀਬੀ ਅੰਮ੍ਰਿਤ ਵੇਲੇ ਉੱਠ ਕੇ ਚਾਹ ਪਾਣੀ ਬਣਾਉਣ ਵਾਸਤੇ ਬਹਿਕ ਤੋਂ ਬਾਹਰ ਬਾਲਣ ਲੈਣ ਆਈ ਤਾਂ ਉਸ ਨੂੰ ਬਹਿਕ ਵੱਲ ਵੱਧਦੇ ਕੁਝ ਆਦਮੀ ਨਜ਼ਰ ਆਏ। ਉਸਨੂੰ ਸਮਝਣ ਵਿੱਚ ਦੇਰੀ ਨਾ ਲੱਗੀ। ਬੀਬੀ ਭੱਜ ਕੇ ਘਰ ਗਈ ਤੇ ਸੁੱਤੇ ਪਏ ਤਿੰਨਾਂ ਸਿੰਘਾਂ ਨੂੰ ਜਗਾ ਕੇ ਕਿਹਾ—ਵੀਰ, ਬਹਿਕ ਵੱਲ ਨੂੰ ਕੁਝ ਆਦਮੀ ਆ ਰਹੇ ਹਨ। ਹੋ ਸਕਦੈ ਪੁਲਿਸ ਹੋਵੇ। ਵੀਰੋ ਤੁਸੀਂ ਸੰਭਲ ਜਾਵੋ। ਸਿੰਘਾਂ ਨੇ ਆਪਣੇ ਹਥਿਆਰ ਸੰਭਾਲੇ ਤੇ ਬਹਿਕ ਵੱਲ ਵਧ ਰਹੇ ਆਦਮੀਆਂ ਵੱਲ ਵੇਖ ਕੇ ਅੰਦਾਜ਼ਾ ਲਾਇਆ ਤਾਂ ਉਹ ਪੁਲਿਸ ਅਤੇ ਸੀ.ਆਰ.ਪੀ. ਦੇ ਜਵਾਨ ਸਨ ਜੋ ਦੱਬੇ ਕਦਮੀਂ ਬਹਿਕ ਨੂੰ ਘੇਰਾ ਪਾ ਰਹੇ ਸਨ ਤੇ ਬਹਿਕ ਨੇ ਨੇੜੇ ਪਹੁੰਚ ਗਏ ਸਨ। ਭਾਈ ਸ਼ਿੰਦਰ ਸਿੰਘ ਤੇ ਭਾਈ ਗੁਰਮੁਖ ਸਿੰਘ ਵਲਟੋਹਾ ਨੇ ਪੁਜ਼ੀਸ਼ਨ ਸੰਭਾਲ ਕੇ ਘੇਰਾ ਪਾ ਕੇ ਅੱਗੇ ਵੱਧ ਰਹੀਆਂ ਦੁਸ਼ਮਨ ਫੋਰਸਾਂ ਉੱਤੇ ਫਾਈਰਿੰਗ ਕੀਤੀ। ਜਿਸ ਨਾਲ ਤਿੰਨ

ਸੁਰੱਖਿਆ ਬਲਾਂ ਦੇ ਜਵਾਨ ਮਾਰੇ ਗਏ ਤੇ ਕੁਝ ਜ਼ਖਮੀ ਹੋਏ। ਸੀ.ਆਰ.ਪੀ. ਵੱਲੋਂ ਜ਼ਬਰਦਸਤ ਘੇਰਾ ਪਾਇਆ ਗਿਆ ਸੀ। ਬਹਿਕ ਦੇ ਮਕਾਨ ਦੇ ਪਿਛਲੇ ਪਾਸੇ ਬਾਰੀ ਸੀ, ਜਿਸ ਵਿੱਚ ਦੀ ਭਾਈ ਸ਼ਲਵਿੰਦਰ ਸਿੰਘ ਸ਼ਿੰਦਾ ਕਾਲੀਆ ਸਕੱਤਰਾ ਹਨੇਰੇ ਵਿੱਚ ਘੇਰਾ ਤੋੜ ਕੇ ਨਿਕਲ ਜਾਣ ਵਿੱਚ ਕਾਮਯਾਬ ਹੋ ਗਿਆ। ਭਾਈ ਸ਼ਿੰਦਰ ਸਿੰਘ ਤੇ ਭਾਈ ਸਤਨਾਮ ਸਿੰਘ ਬਹਿਕ ਤੋਂ ਬਾਹਰ ਨਿਕਲ ਆਏ ਤੇ ਭੱਜਣ ਦੀ ਕੋਸ਼ਿਸ਼ ਕੀਤੀ। ਪਰੰਤੂ ਦੂਰ ਤੱਕ ਪੁਲਿਸ ਤੇ ਸੀ.ਆਰ.ਪੀ. ਨੇ ਘੇਰਾ ਪਾਇਆ ਹੋਇਆ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਦੋਵਾਂ ਸਿੰਘਾਂ ਨੇ 6 ਘੰਟੇ ਡੱਟ ਕੇ ਮੁਕਾਬਲਾ ਕੀਤਾ। ਗੋਲੀ ਸਿੱਕਾ ਖਤਮ ਹੋ ਜਾਣ ਤੱਕ ਸਿੰਘਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਘੇਰਾ ਪਾਈ ਬੈਠੀਆਂ ਹਿੰਦੁਸਤਾਨੀ ਫੋਰਸਾਂ ਨੂੰ ਨੇੜੇ ਨਾ ਢੁੱਕਣ ਦਿੱਤਾ। ਆਖਰ ਗੋਲੀ ਸਿੱਕਾ ਖਤਮ ਹੋ ਜਾਣ 'ਤੇ ਦੋਵਾਂ ਜੁਝਾਰੂ ਸਿੰਘਾਂ ਨੇ ਜਿਊਂਦੇ ਜੀਅ ਦੁਸ਼ਮਣ ਹੱਥ ਆਉਣ ਨਾਲੋਂ ਸਾਈਆਨਾਈਡ (ਜਹਿਰ ਨਾਲ ਭਰਿਆ ਕੈਪਸੂਲ) ਖਾ ਕੇ ਸ਼ਹੀਦੀ ਪਾਉਣ ਨੂੰ ਪਹਿਲ ਦਿੱਤੀ। ਅਗੋਂ ਗੋਲੀ ਚੱਲਣੀ ਬੰਦ ਹੋ ਜਾਣ 'ਤੇ ਸੁਰੱਖਿਆ ਬਲਾਂ ਨੇ ਲੋਕਾਂ ਨੂੰ ਇਕੱਠੇ ਕਰ ਕੇ ਉਸ ਥਾਂ ਦੀ ਤਲਾਸ਼ੀ ਲਈ ਜਿੱਥੋਂ ਦੋਵਾਂ ਸਿੰਘਾਂ ਦੀਆਂ ਸ਼ਹੀਦੀ ਦੇਹਾਂ ਮਿਲੀਆਂ ਸਨ। ਜਿਨ੍ਹਾਂ ਨੂੰ ਸੁਰੱਖਿਆ ਬਲਾਂ ਦੇ ਬਹਾਦਰ ਜਵਾਨਾਂ ਨੇ ਗੋਲੀਆਂ ਮਾਰ ਕੇ ਛਲਣੀ ਕਰ ਦਿੱਤਾ। ਪੁਲਿਸ ਤੇ ਸੀ.ਆਰ.ਪੀ. ਦੋਵੇਂ ਲਾਸ਼ਾਂ ਗੱਡੀ ਵਿੱਚ ਰੱਖ ਕੇ ਪੱਟੀ ਦੇ ਹਸਪਤਾਲ ਲੈ ਗਈ ਤੇ ਪੋਸਟਮਾਰਟਮ ਕਰਾਇਆ ਗਿਆ।

ਦੋਵਾਂ ਪਿੰਡਾਂ ਕਾਲੀਆ ਸਕੱਤਰਾ ਅਤੇ ਵਲਟੋਹਾ ਦੇ ਵਾਸੀ ਇਕੱਠੇ ਹੋ ਕੇ ਪੱਟੀ ਹਸਪਤਾਲ ਪੁੱਜ ਗਏ ਤੇ ਭਾਈ ਸ਼ਿੰਦਰ ਤੇ ਭਾਈ ਸਤਨਾਮ ਸਿੰਘ ਦੀਆਂ ਸ਼ਹੀਦੀ ਦੇਹਾਂ ਦੀ ਮੰਗ ਕੀਤੀ। ਜਿਸ 'ਤੇ ਕਮੀਨੇ ਪੁਲਿਸ ਅਫਸਰਾਂ ਵੱਲੋਂ ਉਹਨਾਂ ਦੀ ਬੁੱਚੜ ਪੁਲਿਸ ਦੀ ਹਾਜ਼ਰੀ ਵਿੱਚ ਪੱਟੀ ਦੇ ਸ਼ਮਸ਼ਾਨ ਘਰ ਵਿੱਚ ਪਰਿਵਾਰਾਂ ਨੇ ਹੱਥੀਂ ਸਸਕਾਰ ਕੀਤਾ। ਜਿਸ 'ਤੇ ਦੋਵਾਂ ਸ਼ਹੀਦ ਸਿੰਘਾਂ ਦੇ ਪਰਿਵਾਰਾਂ, ਮਾਤਾ ਪਿਤਾ ਭੈਣ ਭਰਾਵਾਂ ਤੇ ਪੰਚਾਇਤ ਦੇ ਮੋਹਤਬਰ ਆਦਮੀਆਂ ਵੱਲੋਂ ਭਾਈ ਸ਼ਿੰਦਰ ਸਿੰਘ ਤੇ ਭਾਈ ਸਤਨਾਮ ਸਿੰਘ ਦੇ ਸ਼ਹੀਦੀ ਸਰੀਰਾਂ ਦਾ ਇਸ਼ਨਾਨ ਕਰਾ ਕੇ ਕੱਪੜੇ ਪਾ ਕੇ ਇਕੱਠਾ ਹੀ ਸੰਸਕਾਰ ਕਰ ਦਿੱਤਾ ਗਿਆ। ਸਸਕਾਰ ਹੋ ਜਾਣ ਉਪਰੰਤ ਸਿਵੇ ਪਾਣੀ ਨਾਲ ਠੰਡਾ ਕਰ ਕੇ ਚੁਣ ਲਏ ਗਏ ਤੇ ਸ੍ਰੀ ਗੋਇੰਦਵਾਲ ਸਾਹਿਬ ਦਰਿਆ ਬਿਆਸ ਵਿੱਚ ਜਲ ਪ੍ਰਵਾਹ ਕਰ ਦਿੱਤੇ ਗਏ।

8 ਅਗਸਤ 1990 ਨੂੰ ਸ਼ਹੀਦ ਭਾਈ ਸ਼ਿੰਦਰ ਸਿੰਘ ਅਤੇ ਭਾਈ ਸਤਨਾਮ ਸਿੰਘ ਵਲਟੋਹਾ ਦੀ ਪਾਵਨ ਯਾਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੇ ਭੋਗ ਪਿੰਡ ਕਾਲੀਆ ਸਕੱਤਰਾ ਦੇ ਗੁਰਦੁਆਰਾ ਸਾਹਿਬ ਵਿਖੇ ਪਾਏ ਗਏ। ਸਿੱਖ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਹੀਦ ਸਿੰਘਾਂ ਦੀ ਅਰਦਾਸ ਵਿੱਚ ਪਹੁੰਚੀਆਂ। ਇਸ ਮੌਕੇ ਗੁਰੂ ਕਾ ਲੰਗਰ ਵਰਤਾਇਆ ਗਿਆ। ਸ਼ਹੀਦ ਸਿੰਘਾਂ ਦੀ ਮੈਦਾਨੇ ਜੰਗ ਵਿੱਚ ਵਿਖਾਈ ਗਈ

ਬਹਾਦਰੀ ਦੀ ਪ੍ਰਸੰਸਾ ਕੀਤੀ ਗਈ। ਕੌਮ ਦੇ ਭਵਿੱਖ ਦੀਆਂ ਸਾਂਝਾਂ ਹੋਈਆਂ। ਕੌਮ ਅੱਜ ਵੀ ਗੁਲਾਮ ਹੈ, ਸੱਚ ਬੋਲਣ ਵਾਲੇ ਦਾ ਮੂੰਹ ਬੰਦ ਕਰ ਕੇ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ। ਕੌਮ ਨੂੰ ਉਡੀਕ ਹੈ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵਰਗੇ ਕੌਮੀ ਆਗੂ ਦੀ, ਜੋ ਕੌਮ ਦੀ ਅਗਵਾਈ ਕਰ ਕੇ, ਗੁਲਾਮੀ ਦੇ ਵਹਿਣ 'ਚੋਂ ਕੱਢ ਕੇ ਕੇਸਰੀ ਝੰਡਿਆਂ ਦਾ ਰਾਜ ਪੈਦਾ ਕਰੇ, ਤੇ ਸਿੱਖ ਦੁਨੀਆਂ ਨੂੰ ਦੱਸਣ ਜੋਗੇ ਹੋ ਸਕਣ ਕਿ ਸਾਡਾ ਵੀ ਆਪਣਾ ਦੇਸ਼ ਹੈ। ਜਿਸ ਦਾ ਨਾਮ ਹੈ 'ਖਾਲਿਸਤਾਨ'।

ਖਾਲਿਸਤਾਨ ਲਈ ਜਾਨ ਦੀ ਬਾਜ਼ੀ ਲਾਉਣ ਵਾਲਾ

ਸ਼ਹੀਦ ਭਾਈ ਗੁਰਮੁਖ ਸਿੰਘ ਘੋਖਾ (ਕਾਲੀਆ ਸਕੱਤਰਾ)

ਖਾਲਿਸਤਾਨ ਪ੍ਰਾਪਤੀ ਲਈ ਚੱਲ ਰਹੇ ਸੰਘਰਸ਼ ਵਿੱਚ ਅਣਥੱਕ ਸੇਵਾ ਕਰਦਿਆਂ ਆਪਾ ਵਾਰਨ ਵਾਲੇ ਸਿੱਖ ਸੰਘਰਸ਼ ਦੇ ਯੋਧਿਆਂ ਵਿੱਚੋਂ ਇਕ ਬਹਾਦਰ ਜੋਧੇ ਦਾ ਨਾਂ ਹੈ ਭਾਈ ਗੁਰਮੁਖ ਸਿੰਘ ਉਰਫ ਘੋਖਾ ਪਿੰਡ ਕਾਲੀਆ ਸਕੱਤਰਾ।

ਭਾਈ ਗੁਰਮੁਖ ਸਿੰਘ ਘੋਖਾ ਦਾ ਜਨਮ ਪਿਤਾ ਸ. ਵੀਰ ਸਿੰਘ ਦੇ ਘਰ ਮਾਤਾ ਹਰਬੰਸ ਕੌਰ ਦੀ ਕੁਖੋਂ ਸੰਨ 1959 ਵਿੱਚ ਪਿੰਡ ਕਾਲੀਆ ਸਕੱਤਰਾ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਵਿੱਚ ਹੋਇਆ। ਵੱਡਾ ਭਰਾ ਕਸ਼ਮੀਰ ਸਿੰਘ ਅਤੇ ਛੋਟੇ ਭਰਾ ਵਿਰਸਾ ਸਿੰਘ, ਜਸਵੰਤ ਸਿੰਘ, ਗੁਰਬਖਸ਼ ਸਿੰਘ ਸਨ।

ਜੂਨ 1984 ਦੇ ਘੱਲੂਘਾਰੇ ਅਤੇ ਨਵੰਬਰ 1984 ਦੇ ਦਿੱਲੀ ਸਮੇਤ ਹਿੰਦੁਸਤਾਨੀ ਸ਼ਹਿਰਾਂ ਵਿੱਚ ਸਿੱਖ ਕੌਮ ਦੀ ਕੀਤੀ ਗਈ ਨਸਲਕੁਸ਼ੀ ਤੋਂ ਪਿੱਛੋਂ ਜੋ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹਿੰਦੂ ਹਕੂਮਤ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਵੱਲੋਂ ਕਰਵਾਈ ਗਈ ਸੀ ਤੇ ਕਿਸੇ ਦੋਸ਼ੀ ਨੂੰ ਸਜ਼ਾ ਨਹੀਂ ਸੀ ਦਿੱਤੀ ਗਈ। ਇਸ ਲਈ ਸਿੱਖ ਜਵਾਨੀ, ਸਿੱਖੀ ਸਵੈਮਾਣ ਦੀ ਬਹਾਲੀ ਖਾਤਰ ਸਿੱਖਾਂ ਦੇ ਕੌਮੀ ਘਰ ਦੀ ਸਥਾਪਨਾ ਲਈ ਤੇ ਜ਼ਾਲਮਾਂ ਤੋਂ ਬਦਲੇ ਲੈਣ ਲਈ ਸੰਘਰਸ਼ ਦੇ ਰਾਹ ਤੁਰ ਪਈ ਸੀ। ਸਿੱਖ ਸੰਘਰਸ਼ ਦੇ ਰਾਹਾਂ ਵਿੱਚ ਤੁਰਨ ਵਾਲੇ ਜੁਝਾਰੂ ਕਾਫਲੇ ਵਿੱਚ ਪਿੰਡ ਕਾਲੀਆ ਸਕੱਤਰਾ ਦਾ ਗੱਭਰੂ ਭਾਈ ਅਨਾਰ ਸਿੰਘ ਪਾੜ੍ਹਾ ਜਿਸ ਦੀ ਉਮਰ 14 ਕੁ ਸਾਲ ਸੀ, ਉਹ ਵੀ ਤੁਰਿਆ ਸੀ। ਭਾਈ ਅਨਾਰ ਸਿੰਘ ਪਾੜ੍ਹਾ ਦੇ ਨਾਲ ਪਿੰਡ ਦੇ ਹੋਰ ਗੱਭਰੂ ਵੀ ਰਲ ਗਏ, ਜਿਨ੍ਹਾਂ ਵਿੱਚ ਭਾਈ ਗੁਰਮੁਖ ਸਿੰਘ ਘੋਖਾ ਵੀ ਸੀ। ਭਾਈ ਗੁਰਮੁਖ ਸਿੰਘ ਗੁਪਤ ਰੂਪ ਵਿੱਚ ਜੁਝਾਰੂ ਸਿੰਘਾਂ ਨਾਲ ਸਿੱਖ ਸੰਘਰਸ਼ ਵਿੱਚ ਸੇਵਾ ਕਰਦਾ ਸੀ।

ਜੁਝਾਰੂ ਸਿੰਘ ਭਾਈ ਗੁਰਮੁਖ ਸਿੰਘ ਨੂੰ ਬਾਰਡਰ ਦਾ ਭੇਤ ਹੋਣ ਕਰਕੇ ਨਾਲ ਲੈ ਜਾਂਦੇ ਸਨ ਤੇ ਸਾਮਾਨ ਲੈ ਕੇ ਵਾਪਸ ਆ ਜਾਂਦੇ ਸਨ। ਬਾਰਡਰ ਦੀ ਸੇਵਾ ਬਹਾਦਰ ਮਰਦਾਂ ਦਾ ਕੰਮ ਸੀ ਜਿਸ ਵਿੱਚ ਭਾਈ ਗੁਰਮੁਖ ਸਿੰਘ ਗੁਪਤ ਰਹਿ ਕੇ ਵੀ ਸੇਵਾ ਕਰਦੇ ਸਨ। ਪੁਲਿਸ ਆਏ ਦਿਨ ਫੜ ਕੇ ਲੈ ਜਾਂਦੀ, ਨਿੱਤ ਦੀ ਫੜੋ-ਫੜਾਈ ਤੋਂ ਤੰਗ ਆ ਕੇ ਆਪਣਾ ਘਰ ਤਿਆਗ ਕੇ ਸਿੱਖ ਕੌਮ ਦੇ ਕੌਮੀ ਘਰ ਦੀ ਸਥਾਪਨਾ ਲਈ ਮੈਦਾਨੇ

ਜੰਗ ਵਿੱਚ ਸਿੱਖ ਸੰਘਰਸ਼ ਵਿੱਚ ਕੁੱਦਣ ਦਾ ਫੈਸਲਾ ਕਰ ਲਿਆ।

ਭਾਈ ਗੁਰਮੁਖ ਸਿੰਘ, ਭਾਈ ਅਨਾਰ ਸਿੰਘ ਪਾੜ੍ਹਾ ਨਾਲ ਪੱਕੇ ਤੌਰ 'ਤੇ ਸਿੱਖ ਸੰਘਰਸ਼ ਵਿੱਚ ਸ਼ਾਮਲ ਹੋ ਗਿਆ ਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਵਿਚਾਰਧਾਰਾ ਦਾ ਮੁਰੀਦ ਬਣ ਗਿਆ। ਭਾਈ ਗੁਰਮੁਖ ਸਿੰਘ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰਸਿੱਖੀ ਜੀਵਨ ਵਿੱਚ ਪ੍ਰਪੱਕ ਹੋ ਗਿਆ ਜੋ ਸਿੱਖ ਕੌਮ ਦੇ ਅਜ਼ਾਦੀ ਘਰ ਲਈ ਸਿੱਖੀ ਵਿਰੋਧੀਆਂ ਦਾ ਸਿਰ ਲੈਣ ਲਈ ਵੀ ਤਿਆਰ ਰਹਿੰਦਾ ਸੀ ਤੇ ਸੀਸ ਦੇਣ ਲਈ ਵੀ ਸਦਾ ਤਿਆਰ ਰਹਿੰਦਾ ਸੀ।

ਭਾਈ ਗੁਰਮੁਖ ਸਿੰਘ ਦੀ ਜਾਂਬਾਜ਼ੀ ਅਤੇ ਖਾੜਕੂ ਐਕਸ਼ਨਾਂ ਦੇ ਅਖਬਾਰਾਂ ਸੋਹਿਲੇ ਗਾਉਂਦੀਆਂ ਸਨ।

ਭਾਈ ਗੁਰਮੁਖ ਸਿੰਘ ਘੋਖਾ, ਭਾਈ ਮਹਿਲ ਸਿੰਘ ਸੈਦੋ (ਨੇੜੇ ਹਰੀਕੇ ਪੱਤਣ) ਆਪਣੇ ਇਕ ਹੋਰ ਸਾਥੀ ਨਾਲ ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਭਿੰਡੀਆਂ ਔਲਖ ਦੀ ਬਹਿਕ 'ਤੇ ਠਹਿਰੇ ਹੋਏ ਸਨ। ਅੱਸੂ ਮਹੀਨੇ ਦੀ 28-29 ਤਰੀਕ ਸੀ। ਇਨ੍ਹੀਂ ਦਿਨੀਂ ਕਿਸਾਨਾਂ ਦੇ ਝੋਨਿਆਂ ਦੀ ਵਾਢੀ ਚੱਲ ਰਹੀ ਸੀ ਤੇ ਕਈ ਕਿਸਾਨ ਕੰਬਾਇਨਾਂ ਨਾਲ ਝੋਨਾ ਰਾਤ ਵੇਲੇ ਵਢਾਉਂਦੇ ਹਨ। ਕਿਸਾਨਾਂ ਦਾ ਟਰੈਕਟਰ ਟਰਾਲੀਆਂ ਦਾ ਖੇਤਾਂ ਵਿੱਚ ਆਉਣਾ ਜਾਣਾ ਆਮ ਹੁੰਦਾ ਹੈ। ਪੁਲਿਸ ਦੇ ਸੂਹੀਏ ਵਲੋਂ ਪੁਲਿਸ ਕੋਲ ਮੁਖਬਰੀ ਕੀਤੀ ਗਈ ਕਿ ਤਿੰਨ ਖਾੜਕੂ ਸਿੰਘ ਔਲਖ ਭਿੰਡੀਆਂ ਦੀ ਬਹਿਕ 'ਤੇ ਠਹਿਰੇ ਹੋਏ ਹਨ। ਪੁਲਿਸ ਨੇ ਜੁਝਾਰੂ ਸਿੰਘਾਂ ਨੂੰ ਫੜਨ ਲਈ ਨਵੀਂ ਨੀਤੀ ਤੋਂ ਕੰਮ ਲਿਆ। ਪੁਲਿਸ ਗੱਡੀਆਂ 'ਤੇ ਜਾਣ ਦੀ ਥਾਂ ਟਰੈਕਟਰਾਂ 'ਤੇ ਔਲਖ ਭਿੰਡੀਆਂ ਦੀ ਬਹਿਕ 'ਤੇ ਪਹੁੰਚ ਗਈ। ਬਹਿਕ ਵਾਲੇ ਪਰਿਵਾਰ ਅਤੇ ਜੁਝਾਰੂ ਸਿੰਘਾਂ ਨੇ ਸਮਝਿਆ ਕਿ ਕਿਸਾਨ ਦੇ ਟਰੈਕਟਰ ਖੇਤਾਂ ਵਿੱਚ ਕੰਮ ਕਰ ਰਹੇ ਹਨ। ਸਿੰਘ ਰਾਤ ਵੇਲੇ ਪ੍ਰਸ਼ਾਦਾ ਪਾਣੀ ਛਕ ਕੇ ਹਾਲੇ ਆਰਾਮ ਕਰਨ ਲਈ ਮੰਜਿਆਂ 'ਤੇ ਲੰਮੇ ਪਏ ਹੀ ਸਨ ਕਿ ਕੁਝ ਚਿੱਟ ਕੱਪੜੀਏ ਪੁਲਿਸ ਤੇ ਸੀ.ਆਰ.ਪੀ. ਦੇ ਜਵਾਨਾਂ ਨੇ ਬਹਿਕ ਅੰਦਰ ਦਾਖਲ ਹੋ ਕੇ ਜੁਝਾਰੂ ਸਿੰਘਾਂ ਨੂੰ ਫੜ ਲਿਆ ਤੇ ਪੱਗਾਂ ਨਾਲ ਬਾਹਵਾਂ ਪਿੱਛੇ ਬੰਨ੍ਹ ਕੇ ਲੈ ਗਏ। ਚਿੱਟ ਕੱਪੜੀਏ ਜਵਾਨਾਂ ਦੇ ਪਿੱਛੇ ਵਰਦੀਧਾਰੀ ਸੀ.ਆਰ.ਪੀ. ਤੇ ਪੁਲਿਸ ਵਾਲੇ ਵੀ ਪਹੁੰਚ ਗਏ। ਪੁਲਸੀਆਂ ਦੀ ਕੂੜਨੀਤੀ ਕਾਰਨ ਸਿੰਘ ਪੁਲਿਸ ਨਾਲ ਮੁਕਾਬਲਾ ਨਾ ਕਰ ਸਕੇ ਤੇ ਫੜ੍ਹੇ ਗਏ। ਪੁਲਿਸ ਵਲੋਂ ਔਲਖ ਭਿੰਡੀਆਂ ਦੀ ਬਹਿਕ ਤੋਂ ਭਾਈ ਗੁਰਮੁਖ ਸਿੰਘ ਘੋਖਾ ਕਾਲੀਆ ਸਕੱਤਰਾ, ਭਾਈ ਮਹਿਲ ਸਿੰਘ ਸੈਦੋ ਤੇ ਇਕ ਹੋਰ ਜੁਝਾਰੂ ਸਿੰਘ ਨੂੰ ਗ੍ਰਿਫਤਾਰ ਕਰਨ ਪਿੱਛੋਂ ਅੰਮ੍ਰਿਤਸਰ ਦੀ ਮਾਲ ਮੰਡੀ ਪੁਲਿਸ ਕੇਂਦਰ ਲਿਆ ਕੇ ਤਿੰਨ ਦਿਨ ਅਣਮਨੁੱਖੀ ਤਸ਼ੱਦਦ ਕੀਤਾ ਗਿਆ ਤੇ ਪਹਿਲੀ ਕੱਤਕ 1989 ਨੂੰ ਤਿੰਨਾਂ ਸਿੰਘਾਂ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਭਾਈ ਗੁਰਮੁਖ ਸਿੰਘ ਘੋਖਾ, ਸ਼ਹੀਦ

ਭਾਈ ਮਹਿਲ ਸਿੰਘ ਸੈਦੋ ਤੇ ਇਕ ਹੋਰ ਸਿੰਘ ਨਮਿੱਤ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੇ ਭੋਗ ਗੁਰਦੁਆਰਾ ਪਾਤਸ਼ਾਹੀ ਤੀਜੀ ਵਿਖੇ ਪਾਏ ਗਏ। ਇਲਾਕੇ ਤੇ ਪਿੰਡ ਦੀ ਸੰਗਤ ਦੇ ਸਹਿਯੋਗ ਨਾਲ ਸ਼ਹੀਦ ਸਿੰਘਾਂ ਦੇ ਸ਼ਹੀਦੀ ਸਮਾਗਮ ਦਾ ਪ੍ਰਬੰਧ ਕੀਤਾ ਗਿਆ। ਦਮਦਮੀ ਟਕਸਾਲ ਦੇ ਰਾਗੀ ਜਥੇ ਦੁਆਰਾ ਕੀਰਤਨ ਕੀਤਾ ਗਿਆ ਤੇ ਸ਼ਹੀਦ ਸਿੰਘਾਂ ਦੀ ਕੁਰਬਾਨੀ ਦੀ ਸ਼ਲਾਘਾ ਕੀਤੀ ਗਈ।

ਸ਼ਹੀਦ ਭਾਈ ਜਸਕਰਨ ਸਿੰਘ ਕਾਲਾ, ਠੱਠੀ ਜੈਮਲ ਸਿੰਘ

ਜਿਸ ਦੀ ਬਹਾਦਰੀ ਦੇ ਅੱਜ ਵੀ ਸੱਥਾਂ ਵਿੱਚ ਚਰਚੇ ਹਨ

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਸਿੱਖ ਕੌਮ ਦੀ ਆਜ਼ਾਦੀ ਲਈ ਆਪਾ ਵਾਰਨ ਜਿਹੇ ਜਿਹੇ ਸਿੱਖ ਯੋਧਿਆਂ ਦੀ ਮੰਗ ਕਰਿਆ ਕਰਦੇ ਸਨ ਉਸ ਉੱਤੇ ਪੂਰਾ ਉਤਰਨ ਵਾਲੇ ਸਿੱਖ ਯੋਧਿਆਂ ਵਿੱਚ ਇੱਕ ਸੂਰਬੀਰ ਬਹਾਦਰ ਸਿੱਖ ਯੋਧਾ ਹੋਇਆ ਹੈ, ਭਾਈ ਜਸਕਰਨ ਸਿੰਘ ਕਾਲਾ ਠੱਠੀ ਜੈਮਲ ਸਿੰਘ। ਜਸਕਰਨ ਸਿੰਘ ਕਾਲਾ ਦਾ ਜਨਮ ਪਿਤਾ ਸ. ਅਮਰੀਕ ਸਿੰਘ ਦੇ ਘਰ ਮਾਤਾ ਜੋਗਿੰਦਰ ਕੌਰ ਦੀ ਕੁੱਖੋਂ 9 ਅਗਸਤ 23 ਸਾਵਣ ਸੰਨ 1971 ਵਿੱਚ ਪਿੰਡ ਠੱਠੀ ਜੈਮਲ ਸਿੰਘ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਵਿੱਚ ਹੋਇਆ। ਠੱਠੀ ਜੈਮਲ ਸਿੰਘ ਪਿੰਡ ਹਿੰਦ-ਪਾਕ ਬਾਰਡਰ ਦੇ ਉੱਤੇ ਸਥਿਤ ਹੈ। ਇਹ ਆਮ ਹੀ ਕਿਹਾ ਜਾਂਦਾ ਹੈ ਕਿ ਦਰਿਆ ਦੇ ਕੰਢੇ ਅਤੇ ਬਾਰਡਰਾਂ 'ਤੇ ਵੱਸਣ ਵਾਲੇ ਲੋਕ ਸਿਰੜੀ ਤੇ ਬਹਾਦਰ ਹੁੰਦੇ ਹਨ ਕਿਉਂਕਿ ਇਹ ਹਮੇਸ਼ਾਂ ਖਤਰਿਆਂ ਨਾਲ ਖੇਡਦੇ ਰਹਿੰਦੇ ਹਨ। ਭਾਈ ਜਸਕਰਨ ਸਿੰਘ ਦਾ ਛੋਟਾ ਭਰਾ ਸਵਰਨ ਸਿੰਘ ਤੇ ਭੈਣ ਮਨਜੀਤ ਕੌਰ ਹਨ। ਪਰਿਵਾਰ ਪਿਤਾ ਪੁਰਖੀ ਜ਼ਿਮੀਂਦਾਰਾ ਖੇਤੀਬਾੜੀ ਕਰਦਾ ਹੈ। ਭਾਈ ਜਸਕਰਨ ਸਿੰਘ ਨੇ ਪੰਜਵੀਂ ਜਮਾਤ ਤੱਕ ਪੜ੍ਹਾਈ ਪਿੰਡ ਦੇ ਸਕੂਲ ਤੋਂ ਪਾਸ ਕੀਤੀ। ਭਾਈ ਜਸਕਰਨ ਸਿੰਘ ਬਚਪਨ ਵਿੱਚ ਬਹੁਤ ਹੀ ਸ਼ਰੀਫ ਸੀ ਤੇ ਦਿਨ ਛਿਪੇ ਤੋਂ ਪਿਛੋਂ ਘਰੋਂ ਬਾਹਰ ਨਹੀਂ ਸੀ ਨਿਕਲਦਾ।

ਜੂਨ 1984 ਦੇ ਘੱਲੂਘਾਰੇ ਤੱਕ ਭਾਈ ਜਸਕਰਨ ਸਿੰਘ ਦੀ ਸਿੱਖ ਸੰਘਰਸ਼ ਵਿੱਚ ਕੋਈ ਦਿਲਚਸਪੀ ਨਹੀਂ ਸੀ। ਜੂਨ 84 ਦੇ ਘੱਲੂਘਾਰੇ ਤੋਂ ਪਿਛੋਂ ਭਾਈ ਜਸਕਰਨ ਸਿੰਘ ਦੀ ਭੂਆ ਦਾ ਪੁੱਤਰ ਭਰਾ ਭਾਈ ਬੂਟਾ ਸਿੰਘ ਸੁਰਸਿੰਘ ਵਾਲਾ ਚੋਟੀ ਦਾ ਜੁਝਾਰੂ ਯੋਧਾ ਸੀ ਜੋ ਖਾੜਕੂ ਜਰਨੈਲ ਭਾਈ ਅਵਤਾਰ ਸਿੰਘ ਬ੍ਰਹਮਾ ਦੇ ਨਾਲ ਸਿੱਖ ਸੰਘਰਸ਼ ਵਿੱਚ ਵਿਚਰ ਰਿਹਾ ਸੀ। ਭਾਈ ਬੂਟਾ ਸਿੰਘ, ਭਾਈ ਅਵਤਾਰ ਸਿੰਘ ਬ੍ਰਹਮਾ ਦੇ ਨਾਲ ਆਪਣੇ ਮਾਮਾ ਸ. ਅਮਰੀਕ ਸਿੰਘ ਕੋਲ ਪਿੰਡ ਠੱਠੀ ਜੈਮਲ ਸਿੰਘ ਆਉਂਦਾ ਤੇ ਉਹ ਇਥੋਂ ਬਾਰਡਰ ਪਾਰ ਤੋਂ ਗੁਪਤ ਤਰੀਕੇ ਨਾਲ ਹਥਿਆਰ ਤੇ ਗੋਲੀ ਸਿੱਕਾ ਲੈ ਕੇ ਆਉਂਦੇ ਸਨ। ਇਸ ਸਮੇਂ ਤੱਕ ਭਾਈ ਅਵਤਾਰ ਸਿੰਘ ਬ੍ਰਹਮਾ ਅਤੇ ਭਾਈ ਬੂਟਾ ਸਿੰਘ ਸੁਰਸਿੰਘਵਾਲਾ ਸਿੱਖ ਸੰਘਰਸ਼ ਵਿੱਚ ਸਰਗਰਮ ਹੋਣ ਦੇ ਬਾਵਜੂਦ ਨਾ ਅਖਬਾਰਾਂ ਦੀਆਂ ਸੁਰਖੀਆਂ ਵਿੱਚ ਨਾਂ ਚਮਕਾਉਣ ਦੀ ਲਾਲਸਾ ਸੀ ਤੇ ਨਾ ਹੀ ਕਿਸੇ ਐਕਸ਼ਨ ਦੀ

ਜ਼ਿੰਮੇਵਾਰੀ ਲੈਂਦੇ ਸਨ। ਖਾੜਕੂ ਐਕਸ਼ਨਾਂ ਦੀ ਸਮੁੱਚੇ ਰੂਪ ਵਿੱਚ ਜ਼ਿੰਮੇਵਾਰੀ ਜਨਰਲ ਹਰੀ ਸਿੰਘ (ਮਨਬੀਰ ਸਿੰਘ ਚਹੇੜੂ) ਦੇ ਨਾਂ ਉੱਤੇ ਲਈ ਜਾਂਦੀ ਸੀ। ਪੁਲਿਸ ਵੱਲੋਂ ਸ. ਅਮਰੀਕ ਸਿੰਘ (ਪਿਤਾ ਜਸਕਰਨ ਸਿੰਘ ਕਾਲਾ) ਅਤੇ ਭਾਈ ਅਵਤਾਰ ਸਿੰਘ ਬ੍ਰਹਮਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਖਤਰਨਾਕ ਦਹਿਸ਼ਤਪਸੰਦ ਕਹਿ ਕੇ ਪ੍ਰਚਾਰਿਆ ਗਿਆ। ਪਿੰਡ ਡਿੱਬੀਪੁਰ ਦੀ ਬੰਬੀ 'ਤੇ ਅੱਤਵਾਦੀ ਕਾਰਵਾਈਆਂ ਕਰਨ ਦੀ ਸਾਜ਼ਿਸ਼ ਰਚਨ ਦਾ ਕੇਸ ਪਾ ਕੇ ਐਨ.ਐਸ. (ਨੈਸ਼ਨਲ ਸਕਿਉਰਿਟੀ) ਲਾ ਕੇ 5 ਮਹੀਨੇ ਅੰਮ੍ਰਿਤਸਰ, ਨਾਭਾ ਅਤੇ ਫਿਰੋਜ਼ਪੁਰ ਜੇਲ੍ਹ ਵਿੱਚ ਬੰਦ ਰੱਖਿਆ ਗਿਆ। ਪੁਲਿਸ ਵੱਲੋਂ ਅਖੌਤੀ ਅੱਤਵਾਦੀ ਕਾਰਵਾਈਆਂ ਦੀ ਸਾਜ਼ਿਸ਼ ਰਚਣ ਦੇ ਕੇਸ ਦੇ ਗਵਾਹ ਘਨੱਤਰ ਸਿੰਘ ਕਾਲੀਆ ਸਕੱਤਰਾ ਅਤੇ ਭਜਨ ਸਿੰਘ ਭੰਡਾਲ ਨੂੰ ਬਣਾਇਆ ਗਿਆ। ਪਰੰਤੂ ਦੋਵਾਂ ਆਦਮੀਆਂ ਵੱਲੋਂ ਅਦਾਲਤ ਵਿੱਚ ਗਵਾਹੀ ਨਹੀਂ ਸੀ ਦਿੱਤੀ ਗਈ। ਸਗੋਂ ਅਜਿਹੀ ਕਿਸੇ ਵੀ ਜਾਣਕਾਰੀ ਤੋਂ ਅਦਾਲਤ ਵਿੱਚ ਇਨਕਾਰ ਕੀਤਾ ਗਿਆ ਸੀ। ਜਿਸ 'ਤੇ ਅਦਾਲਤ ਵੱਲੋਂ ਭਾਈ ਅਮਰੀਕ ਸਿੰਘ ਅਤੇ ਭਾਈ ਅਵਤਾਰ ਸਿੰਘ ਬ੍ਰਹਮਾ ਨੂੰ 5 ਮਹੀਨੇ ਦੀ ਜੇਲ੍ਹ ਬੰਦੀ ਤੋਂ ਪਿੱਛੋਂ ਸਾਜ਼ਿਸ਼ ਕੇਸ ਡਿੱਬੀਪੁਰਾ ਵਿੱਚੋਂ ਬਰੀ ਕਰ ਦਿੱਤਾ ਗਿਆ।

ਭਾਈ ਅਮਰੀਕ ਸਿੰਘ ਦੀ ਨਜ਼ਰਬੰਦੀ ਤੋਂ ਪਿੱਛੋਂ ਹੀ ਜਸਕਰਨ ਸਿੰਘ ਜੁਝਾਰੂ ਸਿੰਘਾਂ ਨਾਲ ਰਲ ਗਿਆ। ਸਿੰਘਾਂ ਨਾਲ 4 ਮਹੀਨੇ ਪਿੱਛੋਂ ਪਾਕਿਸਤਾਨ ਵਿੱਚੋਂ ਹਥਿਆਰ ਚਲਾਉਣ ਦੀ ਸਿਖਲਾਈ ਲੈ ਕੇ ਵਾਪਸ ਆਇਆ ਤਾਂ ਤਿੰਨ ਮੋਟਰਸਾਈਕਲਾਂ 'ਤੇ 9 ਸਿੰਘ ਸਵਾਰ ਆਏ, ਗੁਰਦੁਆਰਾ ਸਾਹਿਬ ਮੱਥਾ ਟੇਕਿਆ। ਜਿਸ ਪਰਿਵਾਰ ਨਾਲ ਪਹਿਲਾਂ ਤੋਂ ਦੁਸ਼ਮਣੀ ਸੀ, ਉਸ ਪਰਿਵਾਰ ਵਿੱਚੋਂ ਸ. ਵਰਿਆਮ ਸਿੰਘ ਨੂੰ ਜਸਕਰਨ ਸਿੰਘ ਮਿਲਿਆ ਤੇ ਕਿਹਾ ਕਿ ਤਾਇਆ ਜੀ, ਪਿਛਲੀਆਂ ਗੱਲਾਂ ਨੂੰ ਭੁੱਲ ਜਾਉ, ਮੇਰਾ ਨਿਸ਼ਾਨਾ ਖਾਲਿਸਤਾਨ ਵਾਸਤੇ ਸੰਘਰਸ਼ ਕਰਨਾ ਹੈ, ਸਾਡੀ ਟੱਕਰ ਹਿੰਦੁਸਤਾਨ ਨਾਲ ਹੈ, ਤੁਹਾਨੂੰ ਡਰਨ ਦੀ ਲੋੜ ਨਹੀਂ।

ਭਾਈ ਜਸਕਰਨ ਸਿੰਘ ਮਿਲਣਸਾਰ ਸੀ ਉਸ ਨੇ ਆਪਣੀ ਜਾਂਬਾਜ਼ੀ ਅਤੇ ਲਿਆਕਤ ਸਦਕਾ ਬਾਬਾ ਗੁਰਬਚਨ ਸਿੰਘ ਖਾਲਸਾ ਮਾਨੋਚਾਹਲ, ਜਨਰਲ ਲਾਭ ਸਿੰਘ ਪੰਜਵੜ, ਵੱਸਣ ਸਿੰਘ ਜਫਰਵਾਲ ਨਾਲ ਵੀ ਸਬੰਧ ਸਥਾਪਿਤ ਕੀਤੇ। ਭਾਈ ਅਵਤਾਰ ਸਿੰਘ ਬ੍ਰਹਮਾ ਵਾਲੀ ਲਿਬਰੇਸ਼ਨ ਫੋਰਸ ਵਿੱਚ ਰਹਿ ਕੇ ਸੰਘਰਸ਼ ਵਿੱਚ ਸੇਵਾ ਕਰਦਾ ਰਿਹਾ। ਭਾਈ ਜਸਕਰਨ ਸਿੰਘ ਜਿਥੇ ਹਥਿਆਰਬੰਦ ਸਰਕਾਰੀ ਫੋਰਸਾਂ, ਪੁਲਿਸ ਮੁਖਬਰਾਂ ਨਾਲ ਲੜ ਰਿਹਾ ਸੀ ਇਸ ਦੇ ਨਾਲ ਹੀ ਸੰਘਰਸ਼ ਦੇ ਨਾਂ 'ਤੇ ਫਿਰੌਤੀਆਂ ਲੈਣ ਵਾਲਿਆਂ ਨੂੰ ਵੀ ਕਰੜੇ ਹੱਥੀਂ ਨੱਥ ਪਾਈ। ਕੁਝ ਲੋਕਾਂ ਵੱਲੋਂ ਬਾਬਾ ਦਇਆ ਸਿੰਘ ਜੀ ਸੁਰਸਿੰਘ ਵਾਲਿਆਂ ਤੋਂ 70 ਲੱਖ ਰੁਪਏ ਦੀ ਫਿਰੋਤੀ ਦੀ ਮੰਗ ਕੀਤੀ ਗਈ। ਭਾਈ ਜਸਕਰਨ ਸਿੰਘ ਨੇ ਉਨ੍ਹਾਂ ਲੁਟੇਰਿਆਂ ਨੂੰ ਸਖਤੀ ਨਾਲ ਨੱਥ ਪਾਈ। ਭਾਈ ਜਸਕਰਨ ਸਿੰਘ ਦਾ ਬਾਬਾ ਸੰਤੋਖ ਦਾਸ ਕੰਬੋਕੀ ਮਾੜੀ ਵਾਲਿਆਂ ਨਾਲ ਬਹੁਤ ਪ੍ਰੇਮ ਸੀ ਤੇ ਕਿਹਾ

ਕਰਦੇ ਸਨ ਬਾਬਾ ਸੰਤੋਖ ਦਾਸ ਤੋਂ ਅਸੀਸ ਲੈਣੀ ਚਾਹੀਦੀ ਹੈ। ਬਾਬਾ ਜੀ ਵਾਹਿਗੁਰੂ ਪ੍ਰਮੇਸ਼ਰ ਦੇ ਰੰਗ ਵਿੱਚ ਰੰਗੇ ਹੋਏ ਪੂਰਨ ਬ੍ਰਹਮ ਗਿਆਨੀ ਪੂਰਨ ਸਾਧੂ ਹਨ ਜੋ ਮਨੁੱਖਤਾ ਦੀ ਸੇਵਾ ਕਰ ਰਹੇ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜ ਰਹੇ ਹਨ। ਦੁਖੀਆਂ, ਰੋਗੀਆਂ ਦਾ ਇਲਾਜ ਕਰਨ, ਗਰੀਬਾਂ ਦੀ ਮਦਦ ਕਰਦੇ ਹਨ। ਭਾਈ ਜਸਕਰਨ ਸਿੰਘ ਵੱਲੋਂ ਕੀਤੇ ਗਏ ਕੁਝ ਖਾੜਕੂ ਐਕਸ਼ਨਾਂ ਦੀ ਜਾਣਕਾਰੀ ਦਿੰਦਿਆਂ ਪਿਤਾ ਸ. ਅਮਰੀਕ ਸਿੰਘ ਵੱਲੋਂ ਦੱਸਿਆ ਗਿਆ ਕਿ ਭਾਈ ਜਸਕਰਨ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਪਿੰਡ ਮਾੜੀ ਮੇਘਾ ਲਾਗੇ ਸੀ.ਆਰ.ਪੀ. ਦੀ ਬੱਸ ਬਰੂਦੀ ਸੁਰੰਗ ਨਾਲ ਉਡਾਈ ਗਈ।

ਪਿੰਡ ਰਾਜੋਕੇ ਦੇ ਟਾਊਟ ਦਿਆਲ ਨਾਗ ਨੂੰ ਸੋਧਿਆ ਗਿਆ। ਉਦੋਂ ਅਖਬਾਰਾਂ ਵਿੱਚ ਜ਼ਿੰਮੇਵਾਰੀਆਂ ਆਉਂਦੀਆਂ ਸਨ। ਹੁਣ ਅਖਬਾਰ ਗਵਾਚ ਗਏ ਹਨ। ਭਾਈ ਜਸਕਰਨ ਸਿੰਘ ਕਾਲਾ ਨੂੰ ਉਸ ਦੇ ਪੰਜ ਸਾਥੀਆਂ ਭਾਈ ਅਮਰਜੀਤ ਸਿੰਘ ਅੰਬਾ ਵਲਟੋਹਾ, ਭਾਈ ਮੱਸਾ ਸਿੰਘ ਮੱਲੂ ਬਾਣੀਆਂ, ਭਾਈ ਬਲਕਾਰ ਸਿੰਘ ਝੰਡੇਰ, ਭਾਈ ਬਲਵਿੰਦਰ ਸਿੰਘ ਸੁਰਸਿੰਘ ਵਾਲਾ, ਭਾਈ ਸਵਰਨ ਸਿੰਘ ਲੱਧੂ ਸਮੇਤ ਪਿੰਡ ਭੰਡਾਲ ਅਤੇ ਬੈੜਵਾਲ ਦੇ ਵਿਚਕਾਰ ਖੇਤਾਂ ਵਿੱਚ 25 ਸਾਵਣ 11 ਅਗਸਤ 1989 ਨੂੰ ਭਜਨਾ ਭੂਰੇ ਵਾਲੇ ਦੀ ਮੁਖਬਰੀ 'ਤੇ ਪੰਜਾਬ ਪੁਲਿਸ ਤੇ ਸੀ.ਆਰ.ਪੀ. ਨੇ ਘੇਰਾ ਪਾ ਲਿਆ। ਦੋ ਕਿਲੇ ਜਵਾਰ ਦਾ ਖੇਤ ਸੀ। ਸਿੰਘ ਸੁਰੱਖਿਆ ਬਲਾਂ ਨੂੰ ਨਹੀਂ ਸੀ ਆਉਣ ਦੇਂਦੇ। 12 ਘੰਟੇ ਮੁਕਾਬਲਾ ਕਰਕੇ ਸਿੰਘਾਂ ਨੇ ਪੰਜਾਬ ਪੁਲਿਸ ਅਤੇ ਸੀ.ਆਰ.ਪੀ. ਦੇ ਜਵਾਨਾਂ ਦੇ ਸੱਥਰ ਵਿਛਾ ਦਿੱਤੇ। ਪੰਜਾਬ ਪੁਲਿਸ ਅਤੇ ਸੀ.ਆਰ.ਪੀ. ਦੇ ਅਫਸਰਾਂ ਨੇ ਮੁਕਾਬਲੇ ਵਿੱਚ, ਆਪਣਾ ਹੋਏ ਨੁਕਸਾਨ ਅਤੇ ਰਾਤ ਦੇ ਵੇਲੇ ਪਾਸੇ ਤੋਂ ਹੋਰ ਖਾੜਕੂਆਂ ਵੱਲੋਂ ਰਾਤ ਦੇ ਹਨੇਰੇ ਵਿੱਚ ਪੁਲਿਸ ਤੇ ਸੀ.ਆਰ.ਪੀ. ਦਾ ਘੇਰਾ ਤੋੜਨ ਲਈ ਕੀਤੇ ਜਾਣ ਵਾਲੇ ਸੰਭਾਵੀ ਹਮਲਿਆਂ ਨੂੰ ਮੱਦੇ-ਨਜ਼ਰ ਰੱਖਦਿਆਂ ਸਰਕਾਰ ਨੂੰ ਫੌਜ ਭੇਜਣ ਦੀ ਵਾਇਰਲੈਸ 'ਤੇ ਮੰਗ ਕੀਤੀ ਗਈ ਜੋ ਸਰਕਾਰ ਪੰਜਾਬ ਦੇ ਗਵਰਨਰ ਨੇ ਮਨਜ਼ੂਰ ਕਰ ਲਈ ਤੇ ਹਰੀਕੇ ਤੋਂ ਫੌਜ ਤੋਪਖਾਨਾ ਲੈ ਕੇ ਪਹੁੰਚੀ। ਫੌਜ ਨੇ ਆਉਂਦਿਆਂ ਸਾਰ ਜਵਾਰ ਦੇ ਖੇਤ ਵਿੱਚ ਤੋਪਾਂ ਦੇ ਗੋਲੇ ਸੁੱਟੇ ਜਿਸ ਨਾਲ ਧਰਤੀ ਕੰਬ ਰਹੀ ਸੀ। ਪਰੰਤੂ ਅੱਗੋਂ ਸਿੰਘ ਖਾਲਿਸਤਾਨ ਜ਼ਿੰਦਾਬਾਦ, ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਹੋਏ ਸਿੱਖ ਸੰਘਰਸ਼ ਵਿੱਚ ਆਪਣੇ ਲਹੂ ਦਾ ਕਤਰਾ-ਕਤਰਾ ਵਹਾ ਕੇ ਮੈਦਾਨੇ-ਜੰਗ ਵਿੱਚ ਜੂਝਦੇ ਹੋਏ ਸ਼ਹੀਦੀ ਪਾ ਗਏ। ਸਿੰਘਾਂ ਦੀਆਂ ਸ਼ਹੀਦੀ ਦੇਹਾਂ ਪੱਟੀ ਪੁਲਿਸ ਵੱਲੋਂ ਲਿਜਾਈਆਂ ਗਈਆਂ। ਪੰਜ ਪਿੰਡਾਂ ਦੇ ਲੋਕ ਇਕੱਠੇ ਹੋ ਕੇ ਸ਼ਹੀਦ ਸਿੰਘਾਂ ਦੀਆਂ ਦੇਹਾਂ ਲੈਣ ਵਾਸਤੇ ਪੱਟੀ ਗਏ। 11 ਅਗਸਤ 1989 ਨੂੰ ਪੁਲਿਸ ਵੱਲੋਂ ਭਾਈ ਜਸਕਰਨ ਸਿੰਘ ਕਾਲਾ ਠੱਠੀ ਜੈਮਲ ਸਿੰਘ, ਭਾਈ ਅਮਰਜੀਤ ਸਿੰਘ ਅੰਬਾ ਵਲਟੋਹਾ, ਭਾਈ ਮੱਸਾ ਸਿੰਘ ਮੱਲੂ ਬਾਣੀਆਂ, ਭਾਈ ਬਲਵਿੰਦਰ ਸਿੰਘ ਸੁਰਸਿੰਘ, ਭਾਈ ਸਰਵਨ ਸਿੰਘ ਲੱਧੂ

ਦੀਆਂ ਸ਼ਹੀਦੀ ਦੇਹਾਂ ਦਾ ਚੋਰੀ ਸਸਕਾਰ ਕਰ ਦਿੱਤਾ ਗਿਆ। ਸ਼ਹੀਦ ਸਿੰਘਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਸਸਕਾਰ ਮੌਕੇ ਹਾਜ਼ਰ ਹੋਣ ਨਹੀਂ ਸੀ ਦਿੱਤਾ ਗਿਆ।

ਉਪਰੋਕਤ ਸ਼ਹੀਦ ਸਿੰਘਾਂ ਦੀ ਪਵਿੱਤਰ ਯਾਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੇ ਭੋਗ ਸਾਰੇ ਪਿੰਡ ਵੱਲੋਂ ਸਾਂਝੇ ਤੌਰ 'ਤੇ ਪਾਏ ਗਏ। ਇਸ ਮੌਕੇ 'ਤੇ ਕੀਤੇ ਗਏ ਸ਼ਹੀਦੀ ਸਮਾਗਮ 21 ਅਗਸਤ 1989 ਨੂੰ ਇਲਾਕੇ ਦੀਆਂ ਸੰਗਤਾਂ ਵੱਡੀ ਗਿਣਤੀ ਪਹੁੰਚੀਆਂ। ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਧਾਰਮਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਵੀ ਪਹੁੰਚੀਆਂ। ਬਾਬਾ ਸੰਤੋਖ ਦਾਸ ਕੰਬੋਕੀ ਮਾੜੀ ਵਾਲੇ ਬਾਬਾ ਰਸਾਲ ਸਿੰਘ ਭੱਠ ਸਾਹਿਬ ਪੱਟੀ ਗੁਰਦੁਆਰੇ ਵਾਲਿਆਂ ਵੱਲੋਂ ਸਮਾਗਮ ਮੌਕੇ ਜਲੇਬਾਂ ਦਾ ਲੰਗਰ ਲਾਇਆ ਗਿਆ। ਸ਼ਹੀਦ ਸਿੰਘਾਂ ਨੂੰ ਗੁਰਚੇਤ ਸਿੰਘ ਭੁੱਲਰ ਅਤੇ ਪ੍ਰੋ. ਜਗੀਰ ਸਿੰਘ ਭੁੱਲਰ ਐਮ.ਐਲ.ਏ. ਨੇ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਸਰਕਾਰ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਨੂੰ ਉਸਦੇ ਬਣਦੇ ਹੱਕ ਦੇ ਕੇ ਹੀ ਅਮਨ ਸ਼ਾਂਤੀ ਦੀਆਂ ਲੀਹਾਂ ਉੱਤੇ ਲਿਜਾਇਆ ਜਾ ਸਕਦਾ ਹੈ। ਨੌਜਵਾਨਾਂ ਨੂੰ ਮੁਕਾਬਲਿਆਂ ਵਿੱਚ ਸ਼ਹੀਦ ਕਰਕੇ ਪੰਜਾਬ ਵਿੱਚ ਸ਼ਾਂਤੀ ਬਹਾਲ ਨਹੀਂ ਹੋ ਸਕਦੀ। ਸਿੱਖ ਨੌਜਵਾਨ ਸਿੱਖੀ ਸਵੈਮਾਣ ਲਈ ਸ਼ਹੀਦੀਆਂ ਦੇ ਕੇ ਅਣਖ ਦੀ ਲੜਾਈ ਲੜ ਰਹੇ ਹਨ। ਰਾਜਨੀਤਕ ਸਿੱਖ ਬੁਲਾਰਿਆਂ ਨੇ ਪੰਜਾਬ ਪੁਲਿਸ ਵਾਲਿਆਂ ਨੂੰ ਹਲੂਣਾ ਦਿੰਦਿਆਂ ਕਿਹਾ ਪੁਲਿਸ ਵਾਲਿਓ, ਤੁਸੀਂ ਵੀ ਸਿੱਖ ਹੋ ਤੇ ਜਿਨ੍ਹਾਂ ਨੂੰ ਮਾਰ ਰਹੇ ਹੋ ਉਹ ਵੀ ਸਿੱਖ ਹਨ। ਵੇਖੋ ਜਦੋਂ ਖਾੜਕੂ ਤੁਹਾਡੀ ਹਿਰਾਸਤ ਵਿੱਚ ਹੁੰਦੇ ਹਨ, ਤੁਸੀਂ ਆਪਣੇ ਭਰਾਵਾਂ ਨੂੰ ਕੋਂਹਦੇ ਹੋ। ਪਾਣੀ ਦਾ ਘੁੱਟ ਵੀ ਪੀਣ ਲਈ ਨਹੀਂ ਦੇਂਦੇ ਤੇ ਖਾੜਕੂ ਸਿੱਖ ਕੌਮ ਦੀ ਜ਼ਿੰਦਗੀ ਲਈ ਤੇ ਹੱਕਾਂ ਦੀ ਪ੍ਰਾਪਤੀ ਲਈ ਲੜਾਈ ਲੜ ਰਹੇ ਹਨ। ਸ਼ਹੀਦਾਂ ਦੇ ਭੋਗ 'ਤੇ ਲੋਕਾਂ ਨੂੰ ਉਨ੍ਹਾਂ ਦੀਆਂ ਅੰਤਮ ਰਸਮਾਂ ਵਿੱਚ ਸ਼ਾਮਲ ਹੋਣ ਤੋਂ ਰੋਕਦੇ ਹੋ ਤੇ ਸ਼ਹੀਦ ਸਿੰਘਾਂ ਦੇ ਭੋਗ 'ਤੇ ਤੁਸੀਂ ਲੰਗਰ ਛਕਦੇ ਹੋ। ਜ਼ਰਾ ਸੋਚੋ। ਇਹ ਜਲੇਬਾਂ ਦੇ ਲੰਗਰ, ਖੀਰਾਂ, ਚੌਲ ਤੇ ਦੁੱਧ ਇਨ੍ਹਾਂ ਜੁਝਾਰੂ ਸਿੰਘਾਂ ਦੀ ਕਮਾਈ ਹੈ। ਜੁਝਾਰੂ ਸਿੰਘਾਂ ਦੀ ਮੌਤ ਵੀ ਵਿਆਹ ਵਰਗੀ ਹੈ। ਗੁਰੂ ਨੇ ਜਦੋਂ ਲੇਖਾ ਮੰਗਿਆ ਕੀ ਜਵਾਬ ਦੇਵੋਗੇ। ਸ਼ਹੀਦ ਭਾਈ ਜਸਕਰਨ ਸਿੰਘ ਦੀ ਪੱਗ ਭਾਈ ਸੁਰਜੀਤ ਸਿੰਘ ਝੱਖੜ ਨੂੰ ਬੰਨ੍ਹਾਈ ਗਈ ਤੇ ਸਿੱਖ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ। ਯਾਦ ਰਹੇ ਕਿ ਹਿੰਦੁਸਤਾਨੀ ਸਿਆਸੀ ਲੋਕ ਹਵਾ ਦੇ ਰੁਖ ਵਰਗ ਹੁੰਦੇ ਹਨ, ਇਹਨਾਂ ਦਾ ਕੋਈ ਇੱਕ ਸਟੈਂਡ ਨਹੀਂ ਹੁੰਦਾ, ਤਾਕਤ ਦਾ ਪਾਣੀ ਭਰਦੇ ਹਨ ਤੇ ਸਿੱਖਾਂ ਨੂੰ ਅੱਤਵਾਦੀ ਕਹਿਣ ਵਿੱਚ ਵੀ ਦੇਰ ਨਹੀਂ ਲਾਉਂਦੇ।

ਸੰਘੇ ਦੇ ਬਦਲੇ ਨੂੰ, ਮੇਜਰ ਸਿੰਘ 'ਤੇ ਝੱਖੜ ਗੱਜੇ

ਸ਼ਹੀਦ ਭਾਈ ਸੁਰਜੀਤ ਸਿੰਘ ਝੱਖੜ ਉਰਫ ਸੀਤਲ ਸਿੰਘ ਠੱਠੀ ਜੈਮਲ ਸਿੰਘ

ਸਿੱਖ ਕੌਮ ਦੇ ਗਲੋਂ ਗੁਲਾਮੀ ਦੀਆਂ ਜ਼ੰਜੀਰਾਂ ਲਾਹੁਣ ਲਈ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਗਏ ਸੰਘਰਸ਼ ਲਈ ਮੈਦਾਨੇ-ਜੰਗ ਵਿੱਚ ਜੂਝਣ ਵਾਲੇ ਸੂਰਬੀਰ ਬਹਾਦਰ ਜੁਝਾਰੂ ਸਿੰਘਾਂ ਦੀ ਗੱਲ ਕਰਦਿਆਂ ਸਿੱਖ ਸੰਘਰਸ਼ ਦੇ ਅਨਮੋਲ ਹੀਰੇ ਭਾਈ ਸੁਰਜੀਤ ਸਿੰਘ ਉਰਫ ਸੀਤਲ ਸਿੰਘ ਝੱਖੜ ਦਾ ਨਾਂ ਆਪ ਮੁਹਾਰੇ ਜ਼ੁਬਾਨ 'ਤੇ ਅਤੇ ਉਸਦੀ ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ। ਇਸ ਸਿੱਖ ਕੌਮ ਦੇ ਅਨਮੋਲ ਹੀਰੇ ਦਾ ਜੀਵਨ ਲਿਖਣ ਲਈ ਕਦਮ ਉਸਦੇ ਪਿੰਡ ਠੱਠੀ ਜੈਮਲ ਸਿੰਘ ਵੱਲ ਆਪ ਮੁਹਾਰੇ ਵੱਧ ਜਾਂਦੇ ਹਨ ਕਿਉਂਕਿ ਸ਼ਹੀਦ ਭਾਈ ਸੁਰਜੀਤ ਸਿੰਘ ਉਰਫ ਸੀਤਲ ਸਿੰਘ ਝੱਖੜ ਸੂਰਬੀਰ ਬਹਾਦਰ ਯੋਧੇ ਦਾ ਨਾਂ ਕਿਸੇ ਜਾਣ-ਪਹਿਚਾਣ ਦਾ ਮੁਹਤਾਜ ਨਹੀਂ ਹੈ। ਇਸ ਬਹਾਦਰ ਯੋਧੇ ਦੀਆਂ ਵਾਰਾਂ, ਢਾਡੀਆਂ, ਕਵੀਸ਼ਰਾਂ ਵਲੋਂ ਗਾਈਆਂ ਜਾਂਦੀਆਂ ਰਹੀਆਂ ਹਨ ਤੇ ਅੱਜ ਵੀ ਸਿੱਖ ਸੰਘਰਸ਼ ਦੇ ਮੁਰੀਦ ਗੁਣ ਗੁਣਾਉਂਦੇ ਸੁਣੇ ਜਾ ਸਕਦੇ ਹਨ—24 ਨਵੰਬਰ 1991 ਨੂੰ ਸਵੇਰੇ 9 ਵਜੇ ਸੰਘੇ ਦੇ ਬਦਲੇ ਲਈ, ਮੇਜਰ ਸਿੰਘ ਝੱਖੜ ਗੱਜੇ। ਭਾਈ ਸੁਰਜੀਤ ਸਿੰਘ ਝੱਖੜ ਅਤੇ ਸ਼ਹੀਦ ਭਾਈ ਮੇਜਰ ਸਿੰਘ (ਸ਼ਹੀਦ ਪਿੰਡ ਵਾਲਾ) ਨੇ ਭਿੰਡਰਾਂਵਾਲਾ ਟਾਈਗਰ ਫੋਰਸ ਦੇ ਮੁਖੀ ਭਾਈ ਸੁਖਵਿੰਦਰ ਸਿੰਘ ਸੰਘਾ ਤੇ ਉਸ ਦੇ ਸਾਥੀਆਂ ਭਾਈ ਬਿਕਰਮਜੀਤ ਸਿੰਘ ਨਾਰਲਾ, ਭਾਈ ਮਨਜੀਤ ਸਿੰਘ ਖੇਲਾ, ਭਾਈ ਮਨਜੀਤ ਸਿੰਘ ਮਾਧੋ, ਭਾਈ ਰਮੇਸ਼ਪਾਲ ਸਿੰਘ ਉਰਫ ਨਿਰਮਲਜੀਤ ਸਿੰਘ ਪਟਿਆਲਾ ਦੀ ਤਰਨਤਾਰਨ ਦੇ ਨੇੜੇ ਪਿੰਡ ਭੁੱਲਰ ਵਿੱਚ ਘੇਰਾ ਪਾ ਕੇ ਪੁਲਿਸ ਮਕਾਬਲੇ ਦੀ ਅਗਵਾਈ ਕਰਨ ਵਾਲੇ ਸਿੰਘਾਂ ਦੀ ਸ਼ਹਾਦਤ ਦੇ ਜ਼ਿੰਮੇਵਾਰ ਪੁਲਿਸ ਦੇ ਐਸ.ਪੀ. (ਅਪਰੇਸ਼ਨ) ਹਰਜੀਤ ਸਿੰਹੋਂ ਨੂੰ, ਭਾਈ ਸੁਖਵਿੰਦਰ ਸਿੰਘ ਸੰਘਾ ਤੇ ਉਸਦੇ ਸਾਥੀਆਂ ਦੀ ਸ਼ਹਾਦਤ ਤੋਂ ਸਿਰਫ 21 ਦਿਨ ਬਾਅਦ ਤਰਨ ਤਾਰਨ ਨੇੜੇ ਬਰੂਦੀ ਸੁਰੰਗ ਨਾਲ ਧਮਾਕਾ ਕਰਕੇ ਉਡਾ ਦਿੱਤਾ ਸੀ। ਜਿਸ ਵਿੱਚ ਐਸ.ਪੀ. ਅਪਰੇਸ਼ਨ ਹਰਜੀਤ ਸਿੰਹੋਂ ਤੇ ਉਸਦਾ ਗੰਨਮੈਨ ਮਾਰੇ ਗਏ ਸਨ ਤੇ ਜਿਪਸੀ ਦੇ ਸੌ-ਸੌ ਮੀਟਰ ਤੱਕ ਪਰਖੱਚੇ ਉੱਡ ਗਏ ਸਨ। ਇਸ ਧਮਾਕੇ ਦੀ ਆਵਾਜ਼ 5 ਕਿਲੋਮੀਟਰ ਤੱਕ ਸੁਣਾਈ ਦਿੱਤੀ ਸੀ। ਜੁਝਾਰੂ

ਸਿੰਘਾਂ ਦੇ 3 ਨਵੰਬਰ 1991 ਦੇ ਦਲੇਰਾਨਾ ਐਕਸ਼ਨ ਨੇ ਪੁਲਿਸ ਮੁਖੀ ਵੱਲੋਂ 4 ਨਵੰਬਰ 1991 ਨੂੰ ਚੰਡੀਗੜ੍ਹ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਸਾਹਮਣੇ ਭਿੰਡਰਾਂਵਾਲਾ ਟਾਈਗਰ ਫੋਰਸ ਦੇ ਮੁਖੀ ਭਾਈ ਸੁਖਵਿੰਦਰ ਸਿੰਘ ਸੰਘਾ ਦੇ ਚਾਰ ਸਾਥੀਆਂ ਸਮੇਤ ਪਿੰਡ ਭੁੱਲਰ ਦੇ ਪੁਲਿਸ ਮੁਕਾਬਲੇ ਮੈਦਾਨੇ ਜੰਗ ਵਿੱਚ ਹੋਈ ਸ਼ਹਾਦਤ ਤੇ ਅਖਬਾਰਾਂ ਅਤੇ ਟੈਲੀਵਿਜ਼ਨ ਵਿੱਚ ਜੋ ਖੁਸ਼ੀ ਵਿੱਚ ਮੁੱਛਾਂ ਨੂੰ ਵੱਟ ਦੇਂਦਿਆਂ ਇਹ ਕਹਿ ਕੇ ਖੁਸ਼ੀ ਵਿੱਚ ਕਿਲਕਾਰੀਆਂ ਮਾਰੀਆਂ ਗਈਆਂ ਸਨ ਕਿ "ਸੁਖਵਿੰਦਰ ਸਿੰਘ ਸੰਘਾ ਨੂੰ ਸਾਥੀਆਂ ਸਮੇਤ ਮਾਰ ਕੇ ਪੁਲਿਸ ਵੱਲੋਂ ਖਾੜਕੂ ਸੰਘਰਸ਼ ਦਾ ਲੱਕ ਤੋੜ ਦਿੱਤਾ ਹੈ ਤੇ ਹੁਣ ਪੁਲਿਸ ਜ਼ਿਲ੍ਹਾ ਤਰਨਤਾਰਨ ਵਿਚ ਖਾੜਕੂ ਕਾਰਵਾਈਆਂ ਨੂੰ ਠੱਲ ਪੈ ਜਾਵੇਗੀ। ਪਰੰਤੂ ਜੁਝਾਰੂ ਸਿੰਘਾਂ ਭਾਈ ਸੁਰਜੀਤ ਸਿੰਘ ਝੱਖੜ ਤੇ ਭਾਈ ਮੇਜਰ ਸਿੰਘ ਸ਼ਹੀਦ ਨੇ ਸਿੱਖ ਕੌਮ ਦੇ ਦੁਸ਼ਮਣਾਂ/ ਕਾਤਲਾਂ ਦੀਆਂ ਖੁਸ਼ੀਆਂ ਦੀਆਂ ਕਿਲਕਾਰੀਆਂ ਨੂੰ ਵੈਣਾਂ ਵਿੱਚ ਬਦਲ ਦਿੱਤਾ ਸੀ ਤੇ ਉਹ ਪੁਲਿਸ ਮੁਖੀ ,ਪੱਤਰਕਾਰਾਂ ਨੂੰ ਅਤੇ ਟੈਲੀਵਿਜ਼ਨ ਵਿੱਚ 21 ਦਿਨ ਬਾਅਦ 24 ਨਵੰਬਰ 1991 ਨੂੰ ਮਸਾਂ ਹੀ ਬੋਲ ਕੇ ਕਹਿ ਰਿਹਾ ਸੀ, ਐਸ.ਪੀ. ਅਪਰੇਸ਼ਨ ਹਰਜੀਤ ਸਿੰਹੋਂ ਤੇ ਉਸਦੇ ਨਾਲ ਮਾਰੇ ਗਏ ਪੁਲਿਸ ਮੁਲਾਜ਼ਮਾਂ ਦੇ ਕਾਤਲਾਂ ਨੂੰ ਫੜਨ ਲਈ ਅਸੀਂ ਤਰਨਤਾਰਨ ਵਿੱਚ ਕਰਫਿਊ ਲਾ ਦਿੱਤਾ ਹੈ ਤੇ ਘਰ-ਘਰ ਦੀ ਤਲਾਸ਼ੀ ਲੈ ਕੇ, ਖਾੜਕੂਆਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੁਝਾਰੂ ਸਿੰਘਾਂ ਦੇ ਇਸ ਦਲੇਰਾਨਾ ਐਕਸ਼ਨ ਨਾਲ ਸਿੱਖ ਇਤਿਹਾਸ ਵਿੱਚ ਇੱਕ ਸੁਨਹਿਰੀ ਪੰਨਾ ਲਿਖਿਆ ਗਿਆ ਤੇ ਸਿੱਖ ਰਾਜ ਦੇ ਹਾਮੀਆਂ ਦੇ ਹੌਂਸਲੇ ਬੁਲੰਦ ਹੋ ਗਏ।

ਜਦੋਂ ਲੇਖਕ ਆਪਣੇ ਦੋਸਤ ਗੁਰਵਿੰਦਰ ਸਿੰਘ ਸਪੁੱਤਰ ਸ. ਗੁਲਜ਼ਾਰ ਸਿੰਘ ਪਿੰਡ ਕਾਲੀਆ ਸਕੱਤਰਾ ਦੇ ਨਾਲ ਪਿੰਡ ਕਾਲੀਆ ਸਕੱਤਰਾ ਦੇ ਜੁਝਾਰੂ ਸਿੰਘਾਂ ਦੇ ਇਤਿਹਾਸ ਲਿਖਣ ਤੋਂ ਬਾਅਦ ਪਿੰਡ ਠੱਠੀ ਜੈਮਲ ਸਿੰਘ ਦੇ ਜੁਝਾਰੂ ਸਿੰਘਾਂ ਦੇ ਇਤਿਹਾਸ ਨੂੰ ਲਿਖਣ ਲਈ ਪਿੰਡ ਠੱਠੀ ਜੈਮਲ ਸਿੰਘ ਪਹੁੰਚੇ ਤਾਂ ਅਸੀਂ ਸਭ ਤੋਂ ਪਹਿਲਾਂ ਇਕ ਬਜ਼ੁਰਗ ਕੋਲੋਂ ਸੁਰਜੀਤ ਸਿੰਘ ਝੱਖੜ ਦਾ ਘਰ ਪੁੱਛਿਆ। ਅਸੀਂ ਜ਼ਰਾ ਆਪਣੇ ਸੁਭਾਅ ਅਨੁਸਾਰ ਵਲ ਜਿਹਾ ਪਾ ਕੇ ਪੁੱਛਿਆ, "ਬਾਪੂ ਜੀ, ਅਸੀਂ ਸੁਰਜੀਤ ਸਿੰਘ ਦੇ ਘਰ ਜਾਣੈ?" ਬਜ਼ੁਰਗ ਬਾਪੂ ਨੇ ਸਾਡੇ ਵੱਲ ਨੀਝ ਨਾਲ ਵੇਖਦਿਆਂ ਕਿਹਾ—ਭਾਈ ਇਹ ਦੱਸੋ, ਤੁਸੀਂ ਕਿਹੜੇ ਸੁਰਜੀਤ ਸਿੰਘ ਦੇ ਘਰ ਜਾਣਾ ? ਅਸੀਂ ਕਿਹਾ—ਬਾਪੂ ਜੀ, ਜਿਹੜਾ ਸੁਰਜੀਤ ਸਿੰਘ ਪੁਲਿਸ ਨੇ ਸ਼ਹੀਦ ਕਰ ਦਿੱਤਾ ਸੀ। ਬਾਪੂ ਕਹਿੰਦਾ ਤੁਸੀਂ ਕੌਣ ਹੋ, ਜਿਹੜੇ ਸਾਡੇ ਪਿੰਡ ਦੇ ਸ਼ਹੀਦ ਯੋਧੇ ਸੁਰਜੀਤ ਸਿੰਘ ਝੱਖੜ ਦਾ ਘਰ ਪੁੱਛਦੇ ਜੇ ? ਗੁਰਵਿੰਦਰ ਸਿੰਘ ਕਹਿੰਦਾ—ਬਾਪੂ ਜੀ ਮੈਂ ਨਾਲਦੇ ਪਿੰਡ ਕਾਲੀਆ ਸਕੱਤਰਾ ਦੇ ਗੁਲਜ਼ਾਰ ਸਿੰਘ ਦਾ ਪੁੱਤਰ ਹਾਂ। ਇਹ ਸਿੰਘ ਲੇਖਕ ਹੈ ਮਨਿੰਦਰ ਸਿੰਘ ਬਾਜਾ। ਇਹ ਸ਼ਹੀਦ ਸਿੰਘਾਂ ਦੀਆਂ ਜੀਵਨੀਆਂ ਲਿਖਦਾ ਹੈ। ਅਸੀਂ ਇਸ ਵਾਸਤੇ ਆਏ ਹਾਂ। ਇਹ ਬਜ਼ੁਰਗ ਬਾਪੂ ਸਾਧਾ ਸਿੰਘ ਸਾਬਕਾ ਸਰਪੰਚ ਸੀ, ਤੇ ਇਸ ਨੇ ਸ਼ੇਰਦਿਲ ਸੁਰਿੰਦਰ ਸਿੰਘ ਸੋਢੀ (ਲੇਖਕ ਮਨਿੰਦਰ ਸਿੰਘ ਬਾਜਾ)

ਦੀ ਕਿਤਾਬ ਪੜ੍ਹੀ ਸੀ। ਕਹਿੰਦਾ—ਜਵਾਨੋਂ, ਤੁਸੀਂ ਫਿਰ ਸਾਡੇ ਯੋਧੇ ਦਾ ਨਾਂ ਸਿੱਧਾ ਕਿਉਂ ਨਹੀਂ ਲੈਂਦੇ ਕਿ ਭਈ ਅਸੀਂ ਸ਼ਹੀਦ ਸੁਰਜੀਤ ਸਿੰਘ ਉਰਫ ਸੀਤਲ ਸਿੰਘ ਝੱਖੜ ਦੇ ਘਰ ਜਾਣਾ। ਅਸੀਂ ਕਿਹਾ ਬਾਪੂ ਜੀ, ਅਸੀਂ ਵਲ ਪਾ ਕੇ ਇਸ ਕਰਕੇ ਪੁੱਛਿਆ, ਸਾਰੇ ਬੰਦੇ ਇੱਕੋ ਜਿਹੇ ਨਹੀਂ ਹੁੰਦੇ। ਹਾਂ ਇਹ ਗੱਲ ਤਾਂ ਠੀਕ ਹੈ ਜਵਾਨੋਂ, ਹੁਣ ਮੇਰੀ ਗੱਲ ਧਿਆਨ ਨਾਲ ਸੁਣੋ। ਸਾਡੇ ਪਿੰਡ ਦੇ ਬਹੁਤ ਸਾਰੇ ਯੋਧੇ ਸ਼ਹੀਦ ਹੋਏ ਹਨ ਜੇ ਲਿਖਣ ਆਏ ਹੋ ਤਾਂ ਸਾਰੇ ਯੋਧਿਆਂ ਦਾ ਇਤਿਹਾਸ ਲਿਖੋ। ਅਸੀਂ ਕਿਹਾ ਕਿ ਠੀਕ ਹੈ ਬਾਪੂ ਜੀ। ਸਾਨੂੰ ਤੁਸੀਂ ਸਹਿਯੋਗ ਦੇਵੋ। ਸ਼ਹੀਦ ਪਰਿਵਾਰਾਂ ਨਾਲ ਮਿਲਾਓ, ਅਸੀਂ ਜਿੰਨੇ ਵੀ ਸਿੰਘ ਸ਼ਹੀਦ ਹੋਏ ਹਨ, ਸਾਰਿਆਂ ਦਾ ਇਤਿਹਾਸ ਲਿਖ ਦੇਵਾਂਗੇ। ਅਸੀਂ ਉਸ ਨਾਲ ਸੁਰਜੀਤ ਸਿੰਘ ਝੱਖੜ ਦੇ ਘਰ ਪਹੁੰਚ ਗਏ।

ਅਸੀਂ ਸੁਰਜੀਤ ਸਿੰਘ ਦੀ ਮਾਤਾ ਨੂੰ ਮੱਥਾ ਟੇਕਿਆ, ਬਾਪੂ ਜੀ ਨੂੰ ਮੱਥਾ ਟੇਕਿਆ। ਬਾਪੂ, ਪੁਲਿਸ ਦੇ ਤਸ਼ੱਦਦ ਕਾਰਨ ਢਿਮਾਗੀ ਤੌਰ 'ਤੇ ਅਪਾਹਜ਼ ਹੋ ਗਿਆ ਹੈ। ਉਹ ਕਿਸੇ ਨਾਲ ਕੋਈ ਗੱਲ-ਬਾਤ ਨਹੀਂ ਸੀ ਕਰਦਾ। ਅਸੀਂ ਮਾਤਾ ਜੀ ਨਾਲ ਆਪਣੀ ਜਾਣ-ਪਹਿਚਾਣ ਕਰਵਾਈ ਤੇ ਦੱਸਿਆ ਕਿ ਅਸੀਂ ਸ਼ਹੀਦ ਸਿੰਘਾਂ ਦਾ ਇਤਿਹਾਸ ਲਿਖਣ ਲਈ ਜਾਣਕਾਰੀ ਲੈਣ ਵਾਸਤੇ ਆਏ ਹਾਂ। ਮਾਤਾ ਜੀ ਕਹਿੰਦੇ—ਪੁੱਤਰ, ਪੁੱਛੋ ਜੋ ਪੁੱਛਣਾ ਜੇ। ਜੋ ਸਾਨੂੰ ਪਤਾ ਹੈ, ਜੋ ਅਸੀਂ ਸੁਣਿਆ ਹੈ ਦੱਸ ਦੇਵਾਂਗੇ।

ਸਵਾਲ—ਮਾਤਾ ਜੀ, ਆਪਣਾ ਤੇ ਬਾਪੂ ਜੀ ਦਾ ਕੀ ਨਾਂ ਹੈ ਤੇ ਕੀ ਕਾਰੋਬਾਰ ਕਰਦੇ ਹੋ ?

ਮਾਤਾ ਜੀ—ਮੇਰਾ ਨਾਂ ਚਰਨ ਕੌਰ ਹੈ ਤੇ ਸੁਰਜੀਤ ਦੇ ਬਾਪੂ ਦਾ ਨਾਂ ਅਜੈਬ ਸਿੰਘ ਹੈ। ਇਨ੍ਹਾਂ ਨੇ ਫੌਜ ਦੀ ਨੌਕਰੀ ਕੀਤੀ ਹੈ ਤੇ ਫੌਜ ਵਿੱਚੋਂ ਸੂਬੇਦਾਰ ਦੇ ਅਹੁਦੇ 'ਤੇ ਪੈਨਸ਼ਨ ਆਏ ਹਨ। ਬੱਚੇ ਖੇਤੀਬਾੜੀ ਦਾ ਕੰਮ ਕਰਦੇ ਹਨ।

ਸਵਾਲ—ਮਾਤਾ ਜੀ, ਬਾਪੂ ਜੀ ਕਿੰਨੇ ਚਿਰ ਤੋਂ ਬੀਮਾਰ ਹਨ ?

ਮਾਤਾ ਜੀ—ਪੁੱਤਰ! ਸੁਰਜੀਤ ਸਿੰਘ, ਪਿੰਡ ਦੇ ਜੁਝਾਰੂ ਸਿੰਘ ਜਸਕਰਨ ਸਿੰਘ ਕਾਲਾ ਨਾਲ ਰਲ ਗਿਆ ਸੀ। ਜਦੋਂ ਪੁਲਿਸ ਨੂੰ ਪਤਾ ਲੱਗ ਗਿਆ ਤਾਂ ਪੁਲਿਸ ਵਾਲੇ ਬਹੁਤ ਤੰਗ ਕਰਦੇ ਸੀ ਕਿ ਸੁਰਜੀਤ ਨੂੰ ਥਾਣੇ ਪੇਸ਼ ਕਰਾਓ। ਦੱਸ ਪੁੱਤਰ, ਅਸੀਂ ਸੁਰਜੀਤ ਸਿੰਘ ਨੂੰ ਕਿੱਥੋਂ ਪੇਸ਼ ਕਰਾਉਂਦੇ।

ਸਵਾਲ—ਮਾਤਾ ਜੀ, ਸੁਰਜੀਤ ਸਿੰਘ ਹੁਣੀ ਕਿੰਨੇ ਭੈਣ ਭਾਈ ਹਨ ?

ਮਾਤਾ ਜੀ—ਮੇਰੇ 5 ਬੱਚੇ ਸਨ। ਜਿਨ੍ਹਾਂ ਵਿੱਚ ਸੁਰਜੀਤ ਸਿੰਘ ਸਾਰਿਆਂ ਤੋਂ ਵੱਡਾ ਸੀ। ਉਸ ਤੋਂ ਛੋਟਾ ਨਿਰਮਲ ਸਿੰਘ, ਬਿੱਕਰ ਸਿੰਘ ਤੇ ਦੋ ਧੀਆਂ ਸੁਰਿੰਦਰ ਕੌਰ ਤੇ ਗੁਰਵਿੰਦਰ ਕੌਰ ਹਨ।

ਸਵਾਲ—ਮਾਤਾ ਜੀ, ਸੁਰਜੀਤ ਸਿੰਘ ਦਾ ਜਨਮ ਕਦੋਂ ਹੋਇਆ, ਕੋਈ ਅੰਗਰੇਜ਼ੀ ਜਾਂ ਦੇਸੀ ਤਰੀਕ ਮਹੀਨਾ ਸਾਲ ਯਾਦ ਹੈ ?

ਮਾਤਾ ਜੀ—ਸੁਰਜੀਤ ਸਿੰਘ ਦਾ ਜਨਮ 24 ਸਾਵਣ 1971 ਵਿੱਚ ਹੋਇਆ ਸੀ। ਇਸੇ ਸਾਲ ਪਾਕਿਸਤਾਨ ਨਾਲ 1971 ਦੀ ਜੰਗ ਲੱਗੀ ਸੀ। ਸੁਰਜੀਤ ਸਿੰਘ ਦਾ ਬਾਪੂ ਫੌਜ ਵਿੱਚ ਸੀ। ਮੈਨੂੰ ਇਸ ਕਰਕੇ ਪੱਕਾ ਯਾਦ ਹੈ। ਅਮਰੀਕ ਸਿੰਘ ਦੇ ਪੁੱਤਰ ਜਸਕਰਨ ਸਿੰਘ ਤੋਂ ਇੱਕ ਦਿਨ ਛੋਟਾ ਸੀ। ਜਸਕਰਨ ਸਿੰਘ 23 ਸਾਵਣ ਨੂੰ ਜਨਮਿਆਂ ਸੀ ਤੇ ਸੁਰਜੀਤ ਸਿੰਘ 24 ਸਾਵਣ 1971 ਨੂੰ।

ਸਵਾਲ—ਮਾਤਾ ਜੀ, ਸੁਰਜੀਤ ਸਿੰਘ ਦਾ ਬਚਪਨ ਵਿੱਚ ਸੁਭਾਅ ਕਿਹੋ ਜਿਹਾ ਸੀ ?

ਮਾਤਾ ਜੀ—ਸੁਰਜੀਤ ਸਿੰਘ ਦਾ ਸੁਭਾਅ ਬੜਾ ਨਿਮਰਤਾ ਵਾਲਾ ਸੀ। ਆਪਣੇ ਛੋਟੇ ਭੈਣ ਭਰਾਵਾਂ ਨਾਲ ਕਦੇ ਲੜਿਆ ਨਹੀਂ ਸੀ। ਨਾ ਹੀ ਇਸ ਦਾ ਕਿਸੇ ਨਾਲ ਲੜਾਈ ਹੋਣ ਦਾ ਉਲਾਂਭਾ ਆਇਆ ਸੀ। ਸੁਭਾਅ ਜਸਕਰਨ ਦਾ ਵੀ ਬੜਾ ਸਾਊ ਸੀ। ਬਿਨਾਂ ਮਤਲਬ ਤੋਂ ਘਰੋਂ ਬਾਹਰ ਨਹੀਂ ਸੀ ਨਿਕਲਦਾ। ਦੋਵੇਂ ਹੀ ਬਹੁਤ ਸ਼ਰੀਫ ਸਨ।

ਸਵਾਲ—ਮਾਤਾ ਜੀ, ਸੁਰਜੀਤ ਸਿੰਘ ਨੇ ਪੜ੍ਹਾਈ ਕਿੰਨੀ ਕੁ ਕੀਤੀ ?

ਮਾਤਾ ਜੀ—ਸੁਰਜੀਤ ਸਿੰਘ ਨੇ ਪੰਜਵੀਂ ਤੱਕ ਪੜ੍ਹਾਈ ਪ੍ਰਾਇਮਰੀ ਸਕੂਲ ਮਹਿਮੂਦਪੁਰ ਤੋਂ, ਦਸਵੀਂ ਤੱਕ ਦੀ ਪੜ੍ਹਾਈ ਸੀਨੀਅਰ ਸੈਕੰਡਰੀ ਸਕੂਲ ਵਲਟੋਹਾ ਤੋਂ ਪਾਸ ਕੀਤੀ।

ਸਵਾਲ—ਮਾਤਾ ਜੀ, ਸੁਰਜੀਤ ਸਿੰਘ ਸਿੱਖ ਸੰਘਰਸ਼ ਨਾਲ ਕਿਵੇਂ ਜੁੜਿਆ ?

ਮਾਤਾ ਜੀ—ਜਸਕਰਨ ਸਿੰਘ ਕਾਲਾ ਪਿੰਡ ਠੱਠੀ ਜੈਮਲ ਸਿੰਘ ਦਾ ਜੁਝਾਰੂ ਸਿੰਘ ਸੀ ਤੇ ਉਸਦੀ ਜਾਂਬਾਜ਼ੀ ਤੇ ਬਹਾਦਰੀ ਦੇ ਘਰ-ਘਰ ਤੇ ਸੱਥਾਂ ਵਿੱਚ ਚਰਚੇ ਸਨ। ਬਸ ਉਸ ਨਾਲ ਸਾਡੇ ਤੋਂ ਚੋਰੀ ਮੇਲ-ਜੋਲ ਰੱਖਦਾ ਸੀ ਤੇ ਫਿਰ ਇੱਕ ਦਿਨ ਬਿਨਾਂ ਦੱਸੇ ਘਰੋਂ ਚਲਾ ਗਿਆ ਤੇ ਜਸਕਰਨ ਸਿੰਘ ਨਾਲ ਰਲ ਗਿਆ।

ਸਵਾਲ—ਮਾਤਾ ਜੀ, ਕੀ ਕਦੀ ਤੁਸੀਂ ਸੋਚਿਆ ਸੀ ਕਿ ਵੱਡਾ ਹੋ ਕੇ ਸੁਰਜੀਤ ਸਿੰਘ ਜੁਝਾਰੂ ਸਿੰਘ ਬਣੇਗਾ ?

ਮਾਤਾ ਜੀ—ਪੁੱਤਰ, ਜੁਝਾਰੂ ਬਣਦੇ ਨਹੀਂ, ਜਦੋਂ ਸਰਕਾਰਾਂ ਕਿਸੇ ਕੌਮ ਉੱਤੇ ਜ਼ੁਲਮ ਢਾਹੁਣ ਲੱਗ ਪੈਂਦੀਆਂ ਹਨ ਤਾਂ ਉਸ ਕੌਮ ਦੇ ਸ਼ਰੀਫ ਪੁੱਤਰਾਂ ਨੂੰ ਵੀ ਆਪਣੀ ਕੌਮ ਨੂੰ ਬਚਾਉਣ ਲਈ ਹਥਿਆਰ ਚੁੱਕਣ ਲਈ ਮਜਬੂਰ ਹੋਣਾ ਪੈ ਜਾਂਦਾ ਹੈ। ਜੇ ਇੰਦਰਾ ਗਾਂਧੀ, ਸਾਡਾ ਅਕਾਲ ਤਖ਼ਤ ਸਾਹਿਬ ਨਾ ਢਾਹੁੰਦੀ, ਹਰਿਮੰਦਰ ਸਾਹਿਬ 'ਤੇ ਹਮਲਾ ਨਾ ਕਰਦੀ। ਸਿੱਖ ਗੱਭਰੂ ਇੰਨੀ ਵੱਡੀ ਗਿਣਤੀ ਵਿੱਚ ਹਥਿਆਰ ਚੁੱਕ ਕੇ ਜੁਝਾਰੂ ਨਹੀਂ ਸੀ ਬਣਨੇ।

ਸਵਾਲ—ਮਾਤਾ ਜੀ, ਸੁਰਜੀਤ ਸਿੰਘ ਦੇ ਸੰਘਰਸ਼ਮਈ ਜੀਵਨ ਬਾਰੇ ਕੋਈ ਹੋਰ ਜਾਣਕਾਰੀ ਦੇਵੋ ?

ਮਾਤਾ ਜੀ—ਜੁਝਾਰੂ ਜਸਕਰਨ ਸਿੰਘ ਕਾਲਾ ਆਪਣੇ ਪੰਜ ਹੋਰ ਸਾਥੀਆਂ ਨਾਲ

ਪਿੰਡ ਭੰਡਾਲ ਤੇ ਬੈੜਵਾਲ ਦੇ ਵਿਚਕਾਰ ਖੇਤਾਂ ਵਿੱਚ ਦੋ ਕਿਲੇ ਚਰੀ ਦੇ ਖੇਤ ਵਿੱਚ, ਪੁਲਿਸ ਤੇ ਸੀ.ਆਰ.ਪੀ. ਦੇ ਘੇਰੇ ਵਿੱਚ ਆ ਗਏ। ਬੜਾ ਵੱਡਾ ਮੁਕਾਬਲਾ ਹੋਇਆ। ਫੌਜ ਨੂੰ ਸੱਦਿਆ ਸੀ ਪੁਲਿਸ ਨੇ। ਫੌਜ ਵਾਲਿਆਂ ਵੱਡੇ ਹਥਿਆਰਾਂ ਨਾਲ ਗੋਲੇ ਸੁੱਟ ਸੁੱਟ ਕੇ ਚਰੀ ਦੇ ਖੇਤ ਨੂੰ ਤਬਾਹ ਕਰ ਦਿੱਤਾ ਸੀ। 6 ਸਿੰਘ ਸ਼ਹੀਦ ਹੋ ਗਏ ਸਨ। ਜਸਕਰਨ ਸਿੰਘ ਕਾਲਾ ਦੇ ਭੋਗ ਦੇ ਸਮੇਂ ਸ਼ਹੀਦੀ ਸਮਾਗਮ ਵਿੱਚ ਜਸਕਰਨ ਸਿੰਘ ਕਾਲਾ ਦੀ ਪੱਗ ਸੁਰਜੀਤ ਸਿੰਘ ਨੂੰ ਬੰਨ੍ਹਾਈ ਗਈ ਸੀ।

ਸਵਾਲ—ਮਾਤਾ ਜੀ, ਸੁਰਜੀਤ ਸਿੰਘ ਕਿਸੇ ਪੁਲਿਸ ਘੇਰੇ ਵਿੱਚੋਂ ਨਿਕਲਿਆ ਹੋਵੇ। ਜਿਸ ਬਾਰੇ ਤੁਹਾਨੂੰ ਕੋਈ ਜਾਣਕਾਰੀ ਹੋਵੇ ?

ਮਾਤਾ ਜੀ—ਸੁਰਜੀਤ ਸਿੰਘ ਤੇ ਕਾਲੀਆ ਸਕੱਤਰਾ ਵਾਲਾ ਸਵਰਨ ਸਿੰਘ ਗ੍ਰੰਥੀ ਇਕ ਵਾਰ ਅੰਮ੍ਰਿਤਸਰ ਫੜ੍ਹੇ ਗਏ ਸਨ। ਜੋ ਡਾ. ਹਰਬੰਸ ਸਿੰਘ ਢੋਲਣ ਪਿੰਡ ਵਾਲੇ ਦੀ ਭੱਜ ਨੱਸ ਸਦਕਾ ਕਾਲੀਆ ਸਕੱਤਰਾ ਦੀ ਪੰਚਾਇਤ ਨੇ ਕੁਦਰਤੀ ਅੰਮ੍ਰਿਤਸਰ ਮਿਲਣ 'ਤੇ ਸਫਾਈ ਦੇ ਕੇ ਛੁਡਾ ਲਏ ਸਨ। ਸੁਰਜੀਤ ਸਿੰਘ ਤੇ ਸਵਰਨ ਸਿੰਘ ਅੰਮ੍ਰਿਤਸਰ ਸ਼ਹਿਰ ਵਿੱਚ ਮਕਾਨ ਕਿਰਾਏ 'ਤੇ ਲੈ ਕੇ, ਦੋਵੇਂ ਗ੍ਰੰਥੀ ਸਿੰਘ ਬਣ ਕੇ ਰਹਿ ਰਹੇ ਸਨ। ਸਵਰਨ ਸਿੰਘ, ਰਾਮ ਸਿੰਘ ਗ੍ਰੰਥੀ ਅਤੇ ਸੁਰਜੀਤ ਸਿੰਘ ਸੀਤਲ ਸਿੰਘ ਗ੍ਰੰਥੀ ਦੇ ਨਾਂ 'ਤੇ ਰਹਿੰਦੇ ਸਨ ਤੇ ਸ਼ਹਿਰ ਵਿੱਚ ਅਖੰਡ ਪਾਠਾਂ ਦੀਆਂ ਰੌਲਾਂ ਵੀ ਲਾਇਆ ਕਰਦੇ ਸਨ। ਪੁਲਿਸ ਤੋਂ ਸਫਾਈ 'ਤੇ ਛੁੱਟ ਜਾਣ ਤੋਂ ਪਿੱਛੋਂ ਵੀ ਦੋਵੇਂ ਸਿੰਘ ਪੂਰੀ ਹੁਸ਼ਿਆਰੀ ਨਾਲ ਕੁਝ ਚਿਰ ਉਸ ਮਕਾਨ ਵਿੱਚ ਟਿਕੇ ਰਹੇ ਸਨ। ਇਸਦਾ ਭੇਤ ਗੁਪਤ ਹੀ ਰਿਹਾ ਸੀ।

ਸਵਾਲ—ਮਾਤਾ ਜੀ, ਸੁਰਜੀਤ ਸਿੰਘ ਦਾ ਕਿਸ ਜਥੇਬੰਦੀ ਨਾਲ ਸਬੰਧ ਸੀ?

ਮਾਤਾ ਜੀ—ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨਾਲ, ਪੰਜਵੜ ਨਾਲ ਵੀ ਸੀ। ਮੇਜਰ ਸਿੰਘ ਸ਼ਹੀਦ ਪਿੰਡ ਵਾਲੇ ਨਾਲ, ਵੱਡਾ ਅਫਸਰ ਤਰਨ ਤਾਰਨ ਬੰਬ ਨਾਲ ਉਡਾ ਦਿੱਤਾ ਸੀ। ਪੁਲਿਸ ਵਾਲੇ ਗੱਡੀਆਂ ਭਰ ਕੇ ਆਏ ਸਨ। ਕਹਿੰਦੇ ਸੀ ਤੁਹਾਡੇ ਮੁੰਡੇ ਨੇ ਸਾਹਿਬ ਦੀ ਗੱਡੀ ਉਡਾ ਦਿੱਤੀ ਆ। ਮੇਰੇ ਛੋਟੇ ਪੁੱਤਰ ਪੁਲਿਸ ਨੂੰ ਦੂਰੋਂ ਵੇਖ ਕੇ ਅੱਗੇ ਪਿੱਛੇ ਹੋ ਗਏ। ਪਿੰਡ ਦਾ ਸਰਪੰਚ ਆ ਗਿਆ। ਉਹ ਪੁਲਿਸ ਨੂੰ ਕਹਿੰਦਾ ਸੀ, ਜੇ ਸੁਰਜੀਤ ਨੇ ਕੋਈ ਕਾਰਾ ਕੀਤਾ ਤਾਂ ਉਹ ਇਥੇ ਪਿੰਡ ਜਾਂ ਘਰ ਕਦੇ ਨਹੀਂ ਆਊਗਾ। ਮਿਹਰਬਾਨੀ ਕਰੋ, ਮਾਤਾ ਨੂੰ ਤੇ ਨਿੱਕੇ ਮੁੰਡਿਆਂ ਨੂੰ ਪ੍ਰੇਸ਼ਾਨ ਨਾ ਕਰੋ। ਇਹਨਾਂ ਨੂੰ ਟਿਕੇ ਰਹਿਣ ਦਿਉ। ਜੇ ਮਾਤਾ ਨੂੰ ਲੈ ਜਾਵੋਗੇ ਮੁੰਡੇ ਡਰਦੇ ਗਲਤ ਰਾਹ ਪੈ ਜਾਣਗੇ। ਉਹ ਸਮਝਣਗੇ ਸਾਨੂੰ ਪੁਲਿਸ ਨੇ ਮਾਰ ਦੇਣਾ। ਪੁਲਿਸ ਵਾਲੇ ਕਹਿੰਦੇ ਕਿ ਮੁੰਡਿਆਂ ਨੂੰ ਟਿਕੇ ਰਹਿਣ ਦੀ ਸਰਪੰਚ ਸਾਹਿਬ ਤੇਰੀ ਜ਼ਿੰਮੇਵਾਰੀ ਆ। ਜਿਸ ਦਿਨ ਸੁਰਜੀਤ ਸਾਡੇ ਅੜਿੱਕੇ ਆ ਗਿਆ, ਉਸ ਨਾਲ ਅਸੀਂ ਆਪ ਨਿੱਬੜ ਲਵਾਂਗੇ। ਸਰਪੰਚ ਦੀ ਜ਼ਿੰਮੇਵਾਰੀ 'ਤੇ ਪੁਲਿਸ ਮੈਨੂੰ ਛੱਡ ਗਈ ਸੀ। ਪੁਲਿਸ ਸਾਡੇ ਜਵਾਈ ਪ੍ਰਗਟ ਸਿੰਘ ਨੂੰ ਵੀ ਤੰਗ ਕਰਦੀ

ਸੀ।

ਸਵਾਲ—ਮਾਤਾ ਜੀ, ਸੁਰਜੀਤ ਸਿੰਘ ਦੀ ਸ਼ਹੀਦੀ ਕਦੋਂ ਤੇ ਕਿਵੇਂ ਹੋਈ ?

ਜਵਾਬ—ਪੁੱਤਰ, ਸਾਨੂੰ ਤਾਂ ਅਖਬਾਰ ਦੀ ਖਬਰ ਪੜ੍ਹ ਕੇ ਹੀ ਪਤਾ ਲੱਗਾ ਸੀ। ਆਹ ਇਕ ਉਥੋਂ ਥਾਣੇ ਵਾਲਿਆਂ ਰਿਪੋਰਟ ਜਿਹੀ ਦਿੱਤੀ ਸੀ (ਭਾਈ ਸਾਹਿਬ ਦੇ ਭਰਾ ਥਾਣੇ ਵਲੋਂ ਜਾਰੀ ਕੀਤੀ ਗਈ ਰਿਪੋਰਟ ਵਿਖਾਉਂਦੇ ਹੋਏ ਜੋ ਪੂਰੀ ਤਰ੍ਹਾਂ ਪੜ੍ਹੀ ਨਹੀਂ ਜਾ ਸਕੀ) 4-9-91 ਨੂੰ ਸੰਗਰੂਰ ਜ਼ਿਲ੍ਹੇ ਦੀ ਪੁਲਿਸ ਨੂੰ ਪੁਲਿਸ ਦੇ ਮੁਖਬਰ ਬਲਦੇਵ ਸਿੰਘ ਨੇ ਥਾਣੇ ਨੂੰ ਇਤਲਾਹ ਦਿੱਤੀ ਕਿ ਕੇ.ਸੀ.ਐਫ ਪੰਜਵੜ ਦਾ ਖਤਰਨਾਕ ਖਾੜਕੂ ਸੁਰਜੀਤ ਸਿੰਘ ਝੱਖੜ ਆਪਣੇ ਸਾਥੀਆਂ ਨਾਲ ਪਿੰਡ ਭੀਖੀ ਦੇ ਇੱਕ ਘਰ ਵਿੱਚ ਠਹਿਰਿਆ ਹੈ ਤੇ ਕੋਈ ਇਲਾਕੇ ਵਿੱਚ ਵੱਡੀ ਵਾਰਦਾਤ ਕਰ ਸਕਦਾ ਹੈ। ਉਸਦੀ ਮੁਖਬਰੀ 'ਤੇ ਪੁਲਿਸ ਤੇ ਸੀ.ਆਰ.ਪੀ. ਨੇ ਘੇਰਾ ਪਾ ਲਿਆ ਤੇ ਖਾੜਕੂ ਸਿੰਘਾਂ ਅੱਗੋਂ ਜ਼ਬਰਦਸਤ ਮੁਕਾਬਲਾ ਕੀਤਾ। ਇਸ਼ ਮੁਕਾਬਲੇ ਦੌਰਾਨ ਸੁਰਜੀਤ ਸਿੰਘ ਝੱਖੜ ਤੇ ਉਸਦਾ ਸਾਥੀ ਜਸਵਿੰਦਰ ਸਿੰਘ ਭੱਲਾ ਪੰਡਤਾਂ ਦਾ ਮੁੰਡਾ ਤੇ ਇਕ ਵਲਟੋਹਾ ਦਾ ਸਿੰਘ ਸ਼ਹੀਦ ਹੋ ਗਏ ਸਨ। ਪਿੰਡ ਠੱਠੀ ਜੈਮਲ ਸਿੰਘ ਤੋਂ ਪਿੰਡ ਦੀ ਪੰਚਾਇਤ ਪਰਿਵਾਰ ਨਾਲ ਜਾ ਕੇ ਤੇ ਪਿੰਡ ਤਲਵੰਡੀ ਸੋਭਾ ਸਿੰਘ ਦੇ ਲੋਕ ਵੀ ਨਾਲ ਗਏ ਸਨ ਉਸ ਪਿੰਡ ਸੁਰਜੀਤ ਸਿੰਘ ਦੀ ਭੈਣ ਵਿਆਹੀ ਸੀ ਜੋ ਨਾਲ ਰਲ ਗਏ ਸਨ ਤੇ ਪੁਲਿਸ ਅਧਿਕਾਰੀ ਨੂੰ ਮਿਲ ਕੇ ਸ਼ਹੀਦ ਸਿੰਘਾਂ ਦੇ ਫੁੱਲ ਚੁਣ ਕੇ ਲਿਆਏ ਸਨ। ਪੁੱਤਰ, ਅਸੀਂ ਅਨਪੜ੍ਹ ਹਾਂ ਸਾਨੂੰ ਬਹੁਤ ਯਾਦ ਨਹੀਂ। ਤੁਸੀਂ 5-6 ਸਤੰਬਰ 1991 ਦੀ ਅਖਬਾਰ ਅੰਬਰਸਰੋਂ (ਅੰਮ੍ਰਿਤਸਰ) ਕਢਵਾ ਕੇ ਪੜ੍ਹ ਲਵੋ। ਸਾਨੂੰ ਜਿੰਨਾ ਕੁ ਪਤਾ ਸੀ ਦੱਸ ਦਿੱਤਾ। ਤੁਸੀਂ ਅਖਬਾਰਾਂ ਵਾਲੇ ਆਪੇ ਆਪਣੇ ਹਿਸਾਬ ਨਾਲ ਲੈਂਦੇ ਹੋਵੋਗੇ। ਸਾਨੂੰ ਤਾਂ ਬੱਸ ਇੰਨਾ ਪਤਾ, ਸੁਰਜੀਤ ਸਿੰਘ ਝੱਖੜ ਸੰਗਰੂਰ ਜ਼ਿਲ੍ਹੇ ਦੇ ਭੀਖੀ ਪਿੰਡ ਆਪਣੇ ਸਾਥੀਆਂ ਸਮੇਤ 4 ਸਤੰਬਰ 1991 ਨੂੰ ਪੁਲਿਸ ਘੇਰੇ ਵਿੱਚ ਆ ਜਾਣ 'ਤੇ ਸ਼ਹੀਦ ਹੋ ਗਿਆ ਸੀ।

ਬਹਾਦਰ ਯੋਧਾ ਭਾਈ ਰਸਾਲ ਸਿੰਘ ਠੱਠੀ ਜੈਮਲ ਸਿੰਘ

ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਸਿੱਖੀ ਸਵੈਮਾਣ ਦੀ ਬਹਾਲੀ, ਸਿੱਖਾਂ ਦੇ ਕੌਮੀ ਘਰ ਦੀ ਸਥਾਪਨਾ ਲਈ ਪੰਜਾਬ ਦੀ ਧਰਤੀ 'ਤੇ ਹਿੰਦ ਹਕੂਮਤ ਦੀਆਂ ਫੋਰਸਾਂ ਨਾਲ ਗੁਰੀਲਾ ਜੰਗ ਲੜਨ ਵਾਲੇ ਬਹਾਦਰ ਯੋਧਿਆਂ ਵਿੱਚੋਂ ਇਕ ਮਹਾਨ ਬਹਾਦਰ ਯੋਧਾ ਹੋਇਆ ਹੈ ਸ਼ਹੀਦ ਭਾਈ ਰਸਾਲ ਸਿੰਘ ਠੱਠੀ ਜੈਮਲ ਸਿੰਘ।

ਭਾਈ ਰਸਾਲ ਸਿੰਘ ਦਾ ਜਨਮ ਪਿਤਾ ਸ. ਆਤਮਾ ਸਿੰਘ ਦੇ ਘਰ ਮਾਤਾ ਚੰਨਣ ਕੌਰ ਦੀ ਕੁਖੋਂ 8 ਪੋਹ 22 ਦਸੰਬਰ 1969 ਨੂੰ ਪਿੰਡ ਠੱਠੀ ਜੈਮਲ ਸਿੰਘ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਪਿੰਡ ਠੱਠੀ ਜੈਮਲ ਸਿੰਘ ਹਿੰਦ/ਪਾਕਿਸਤਾਨ ਦੀ ਹੱਦ ਉੱਤੇ ਸਥਿਤ ਹੈ ਤੇ ਇਸ ਪਿੰਡ ਦੇ ਕਿਸਾਨਾਂ ਦੀਆਂ ਜ਼ਮੀਨਾਂ ਦੀ ਵੱਟ ਪਾਕਿਸਤਾਨ ਦੀ ਹੱਦ ਨਾਲ ਲੱਗਦੀ ਹੈ। ਜੂਨ 84 ਦੇ ਘੱਲੂਘਾਰੇ ਤੋਂ ਪਿੱਛੋਂ ਤਾਂ ਜਿਵੇਂ ਠੱਠੀ ਜੈਮਲ ਸਿੰਘ ਅਤੇ ਕਾਲੀਆ ਸਕੱਤਰਾ ਪਿੰਡਾਂ ਦੇ ਸਿੱਖ ਗੱਭਰੂਆਂ ਨੇ ਸਿੱਖ ਕੌਮ ਦੀ ਆਜ਼ਾਦੀ ਅਤੇ ਕੌਮੀ ਘਰ ਦੀ ਲੜਾਈ ਵਿੱਚ ਸਿਰਾਂ ਉੱਤੇ ਕਫਨ ਬੰਨ੍ਹ ਕੇ ਕੁਰਬਾਨੀਆਂ ਦੀ ਝੜੀ ਹੀ ਲਾ ਦਿੱਤੀ ਸੀ।

ਵੱਡੀ ਭੈਣ ਮਿਲਖ ਕੌਰ, ਭਰਾ ਸੁਖਚੈਨ ਸਿੰਘ, ਹਰਚੰਦ ਸਿੰਘ, ਭੈਣ ਸ਼ਿੰਦਰ ਕੌਰ, ਭਰਾ ਹੀਰਾ ਸਿੰਘ, ਰਸਾਲ ਸਿੰਘ ਸ਼ਹੀਦ ਛੋਟਾ ਭਰਾ ਨਿਰਮਲ ਸਿੰਘ ਹਨ।

ਭਾਈ ਰਸਾਲ ਸਿੰਘ ਨੇ ਦਸਵੀਂ ਤੱਕ ਪੜ੍ਹਾਈ ਕੀਤੀ। ਬਚਪਨ ਤੋਂ ਧਾਰਮਿਕ ਖਿਆਲਾਂ ਤੇ ਨਿੱਘੇ ਸੁਭਾਅ ਦੇ ਮਾਲਕ ਸਨ। ਨਾ ਕਿਸੇ ਨਾਲ ਵਧੀਕੀ ਕਰਦੇ ਸਨ ਤੇ ਨਾ ਵਧੀਕੀ ਬਰਦਾਸ਼ਤ ਕਰਦੇ ਸਨ।

ਭਾਈ ਰਸਾਲ ਸਿੰਘ ਨੇ 15 ਸਾਲ ਦੀ ਉਮਰ ਵਿੱਚ ਗੁਰਦੁਆਰਾ ਸ਼ਹੀਦ ਬਾਬਾ ਤਾਰਾ ਸਿੰਘ ਜੀ ਪਿੰਡ ਵਾਂ ਗੁਰਦੁਆਰਾ ਸਾਹਿਬ ਤੋਂ ਅੰਮ੍ਰਿਤ ਛਕਿਆ ਤੇ ਪ੍ਰੇਰਨਾ ਦੇ ਕੇ ਸਾਰੇ ਪਰਿਵਾਰ ਨੂੰ ਅੰਮ੍ਰਿਤ ਛਕਾ ਕੇ ਗੁਰਸਿੱਖੀ ਜੀਵਨ ਵਿੱਚ ਪ੍ਰਪੱਕ ਕੀਤਾ।

ਪਿੰਡ ਠੱਠੀ ਜੈਮਲ ਸਿੰਘ ਦੇ ਜੁਝਾਰੂ ਭਾਈ ਜਸਕਰਨ ਸਿੰਘ ਕਾਲਾ, ਭਾਈ ਸੁਰਜੀਤ ਸਿੰਘ ਝੱਖੜ, ਭਾਈ ਜੈਮਲ ਸਿੰਘ ਫੌਜੀ ਢੋਲਣ, ਭਾਈ ਸਵਰਨ ਸਿੰਘ ਗ੍ਰੰਥੀ, ਭਾਈ ਅਨਾਰ ਸਿੰਘ ਪਾੜ੍ਹਾ, ਭਾਈ ਪਿੱਪਲ ਸਿੰਘ ਤੂਫਾਨ, ਭਾਈ ਬਗੀਚਾ ਸਿੰਘ ਖਾਲਸਾ ਦੇ ਜਥਿਆਂ ਦੇ ਸਿੰਘ, ਸਰਕਾਰੀ ਫੋਰਸਾਂ, ਸਿੱਖ ਸੰਘਰਸ਼ ਦੇ ਵਿਰੋਧੀ, ਗੱਦਾਰਾਂ, ਕਾਤਲਾਂ ਨਾਲ ਟੱਕਰ ਲੈ ਕੇ ਲੋਹੇ ਦੇ ਚਨੇ ਚਬਾ ਰਹੇ ਸਨ। ਭਾਈ ਰਸਾਲ ਸਿੰਘ ਉਪਰੋਕਤ ਸਿੰਘਾਂ

ਨਾਲ ਰਲ ਗਿਆ ਤੇ ਹਥਿਆਰਬੰਦ ਸੰਘਰਸ਼ ਵਿੱਚ ਜੁਟ ਗਿਆ। ਭਾਈ ਰਸਾਲ ਸਿੰਘ, ਭਾਈ ਅਨਾਰ ਸਿੰਘ ਪਾੜ੍ਹਾ ਕਾਲੀਆ ਸਕੱਤਰਾ ਦੀ ਕਮਾਂਡ ਹੇਠ ਖਾਲਿਸਤਾਨ ਲਿਬਰੇਸ਼ਨ ਫੋਰਸ ਵਿੱਚ ਸੇਵਾ ਕਰਦਾ ਸੀ। 23 ਜਨਵਰੀ 1991 ਨੂੰ ਪਿੰਡ ਲਾਖਣਾ ਵਿਖੇ ਭਾਈ ਰਸਾਲ ਸਿੰਘ ਠੱਠੀ ਜੈਮਲ ਸਿੰਘ, ਭਾਈ ਗੁਰਮੇਜ ਸਿੰਘ ਸਖੀਰਾ, ਭਾਈ ਅਨਵਰ ਸਿੰਘ ਕਲਸ, ਸਿੱਖ ਦੇ ਕੌਮੀ ਘਰ ਦੀ ਸਥਾਪਨਾ ਲਈ ਜੂਝਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ।

ਭਾਈ ਰਸਾਲ ਸਿੰਘ ਠੱਠੀ ਜੈਮਲ ਸਿੰਘ, ਭਾਈ ਗੁਰਮੇਜ ਸਿੰਘ ਸਖੀਰਾ, ਭਾਈ ਅਨਵਰ ਸਿੰਘ ਕਲਸ ਦੀਆਂ ਸ਼ਹੀਦੀ ਦੇਹਾਂ ਦਾ ਪੁਲਿਸ ਵੱਲੋਂ ਪੱਟੀ ਦੇ ਹਸਪਤਾਲ ਵਿੱਚ ਪੋਸਟਮਾਰਟਮ ਕਰਾਇਆ ਗਿਆ। ਪਿੰਡ ਦੀ ਪੰਚਾਇਤ ਅਤੇ ਮਾਤਾ ਚੰਨਣ ਕੌਰ ਅਤੇ ਪਿਤਾ ਸ. ਆਤਮਾ ਸਿੰਘ ਨੂੰ ਪੱਟੀ ਦੇ ਸ਼ਮਸ਼ਾਨ ਘਾਟ ਵਿੱਚ ਸ਼ਹੀਦ ਸਿੰਘਾਂ ਦੇ ਅੰਤਮ ਸੰਸਕਾਰ ਵਿੱਚ ਸ਼ਾਮਲ ਹੋਣ ਦਿੱਤਾ, ਸਸਕਾਰ ਪੰਜਾਬ ਪੁਲਿਸ ਨੇ ਆਪ ਕੀਤਾ।

ਸ਼ਹੀਦ ਭਾਈ ਰਸਾਲ ਸਿੰਘ, ਭਾਈ ਗੁਰਮੇਜ ਸਿੰਘ, ਭਾਈ ਅਨਵਰ ਸਿੰਘ ਕਲਸ ਦੀ ਯਾਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਗੁਰਦੁਆਰਾ ਸਾਹਿਬ ਠੱਠੀ ਜੈਮਲ ਸਿੰਘ ਵਿਖੇ 1 ਫਰਵਰੀ 1991 ਨੂੰ ਪਾਏ ਗਏ। ਸ਼ਹੀਦ ਸਿੰਘਾਂ ਵੱਲੋਂ ਸਿੱਖ ਸੰਘਰਸ਼ ਵਿੱਚ ਪਾਏ ਗਏ ਯੋਗਦਾਨ ਦੀ ਸ਼ਲਾਘਾ ਕੀਤੀ ਗਈ। ਸ਼ਹੀਦ ਸਿੰਘਾਂ ਦੇ ਅਧੂਰੇ ਕਾਜ ਨੂੰ ਪੂਰਾ ਕਰਨ ਤੱਕ ਸੰਘਰਸ਼ ਜਾਰੀ ਰਹੇਗਾ, ਦਾ ਪ੍ਰਣ ਲਿਆ ਗਿਆ।

ਸੰਤ ਭਿੰਡਰਾਂਵਾਲੇ ਦੀ ਭਾਲ ਵਿੱਚ ਪਾਕਿਸਤਾਨ ਦਾ ਬਾਰਡਰ ਪਾਰ ਕਰ ਗਿਆ ਸੀ

ਸ਼ਹੀਦ ਭਾਈ ਜੋਗਾ ਸਿੰਘ ਠੱਠੀ ਜੈਮਲ ਸਿੰਘ

ਜੂਨ 1984 ਦੇ ਘੱਲੂਘਾਰੇ ਤੋਂ ਬਾਅਦ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਹਿੰਦੁਸਤਾਨ ਦੀ ਫੌਜ ਵੱਲੋਂ ਕੀਤੇ ਗਏ ਫੌਜੀ ਹਮਲੇ ਸਮੇਂ ਬ਼ਚ ਕੇ ਜਿਊਂਦੇ ਨਿਕਲ ਜਾਣ ਅਤੇ ਪਾਕਿਸਤਾਨ ਵਿੱਚ ਚਲੇ ਜਾਣ ਦੇ ਚਰਚੇ ਅਤੇ ਅਫਵਾਹਾਂ ਦਾ ਦੌਰ ਚੱਲ ਰਿਹਾ ਸੀ। ਜਿੰਨੇ ਮੂੰਹ ਓਨੀਆਂ ਗੱਲਾਂ ਸਨ।

ਪਿੰਡ ਠੱਠੀ ਜੈਮਲ ਸਿੰਘ ਦਾ 19 ਵਰ੍ਹਿਆਂ ਦਾ ਮੁੱਛ-ਫੁੱਟ ਗੱਭਰੂ ਜੋਗਾ ਸਿੰਘ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਗੰਮੀ ਸ਼ਖ਼ਸੀਅਤ ਦਾ ਮੁਰੀਦ ਸੀ। ਧਰਮ ਯੁੱਧ ਮੋਰਚੇ ਦੌਰਾਨ ਆਪ ਦੇ ਪਿਤਾ ਸ੍: ਗੁਰਮੁੱਖ ਸਿੰਘ ਅਤੇ ਵੱਡੇ ਭਰਾ ਜੋਗਿੰਦਰ ਸਿੰਘ, ਮਹਿਤਾਬ ਸਿੰਘ ਨੇ ਗ੍ਰਿਫਤਾਰੀ ਦਿੱਤੀ ਸੀ। ਜੋਗਾ ਸਿੰਘ ਦਾ ਪਰਿਵਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੇ ਹੱਕਾਂ, ਆਜ਼ਾਦੀ ਦੇ ਸੰਘਰਸ਼ ਦੀ ਪੂਰਨ ਹਮਾਇਤ ਕਰਦਾ ਸੀ। ਜੋਗਾ ਸਿੰਘ ਆਪਣੇ ਮਿੱਤਰ-ਦੋਸਤਾਂ ਨਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਇਸ਼ਨਾਨ ਕਰਕੇ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਦਰਸ਼ਨ ਕਰਦਾ ਤੇ ਵਿਚਾਰ ਵੀ ਸੁਣਦਾ ਸੀ। ਜੂਨ 1984 ਦਾ ਘੱਲੂਘਾਰਾ ਹੋਰ ਆਮ ਸਿੱਖਾਂ ਵਾਂਗ ਭਾਈ ਜੋਗਾ ਸਿੰਘ ਵਾਸਤੇ ਅਸਹਿ ਸੀ। ਭਾਈ ਜੋਗਾ ਸਿੰਘ ਨੇ ਜੂਨ 84 ਦੇ ਘੱਲੂਘਾਰੇ ਤੋਂ ਬਾਅਦ ਸੋਚਿਆ ਕਿ ਘਰ ਬੈਠਿਆਂ ਹੋਇਆਂ ਝੁਰਿਆਂ ਕੁਝ ਨਹੀਂ ਬਣਨਾ, ਹੋ ਸਕੇ ਤਾਂ ਪਾਕਿਸਤਾਨ ਦਾ ਬਾਰਡਰ ਪਾਰ ਕਰ ਕੇ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੂੰ ਮਿਲ ਕੇ ਸਿੱਖ ਕੌਮ ਦੀ ਵੈਰੀ ਹਕੂਮਤ ਨਾਲ ਦੁਬਾਰਾ ਕਰੜੇ ਹੱਥੀਂ ਟੱਕਰ ਲਈ ਜਾਵੇ। ਸਿੱਖੀ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਨੂੰ ਢਾਹੁਣ ਵਾਲੇ ਅਤੇ ਸਿੱਖ ਕੌਮ 'ਤੇ ਜ਼ੁਲਮ ਕਰਨ ਵਾਲਿਆਂ ਤੋਂ ਗਿਣ-ਗਿਣ ਬਦਲੇ ਲਏ ਜਾਣ। ਇਹੋ ਨਿਸ਼ਚਾ ਮਨ ਵਿੱਚ ਪੱਕਾ ਕਰਕੇ, ਭਾਈ ਜੋਗਾ ਸਿੰਘ ਬਾਰਡਰ ਪਾਰ ਕਰਕੇ, ਪਾਕਿਸਤਾਨ ਵਿੱਚ ਦਾਖਲ ਹੋ ਗਿਆ। ਭਾਈ ਜੋਗਾ ਸਿੰਘ ਲਈ ਬਾਰਡਰ ਪਾਰ ਕਰਨਾ ਕੋਈ ਔਖਾ ਕੰਮ ਨਹੀਂ ਸੀ ਕਿਉਂਕਿ ਬਾਰਡਰ ਉੱਤੇ ਬੀ.ਐਸ.ਐਫ. ਦੇ ਜਵਾਨ ਤਾਇਨਾਤ ਹੋਣ ਦੇ ਬਾਵਜੂਦ

ਉਸ ਸਮੇਂ ਇੰਨੀ ਸਖਤਾਈ ਨਹੀਂ ਸੀ ਹੁੰਦੀ ਤੇ ਨਾ ਹੀ ਉਦੋਂ ਕੰਡਿਆਲੀ ਤਾਰ ਲੱਗੀ ਸੀ। ਭਾਈ ਜੋਗਾ ਸਿੰਘ ਦਾ ਪਿੰਡ ਠੱਠੀ ਜੈਮਲ ਸਿੰਘ ਬਾਰਡਰ 'ਤੇ ਸਥਿਤ ਹੋਣ ਕਰਕੇ ਭੇਤੀ ਸੀ।

ਭਾਈ ਜੋਗਾ ਸਿੰਘ ਨੂੰ ਬਾਰਡਰ ਪਾਰ ਕਰ ਕ਼ੇ ਪਾਕਿਸਤਾਨ ਵਿੱਚ ਦਾਖਲ ਹੋਣ 'ਤੇ ਪਾਕਿਸਤਾਨੀ ਬਾਰਡਰ ਫੋਰਸ/ਰੇਂਜਰਾਂ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ। ਭਾਈ ਜੋਗਾ ਸਿੰਘ 'ਤੇ ਪਾਕਿਸਤਾਨ ਦੇ ਸੁਰੱਖਿਆ ਅਧਿਕਾਰੀਆਂ ਨੇ ਸਖਤੀ ਨਾਲ ਪੁੱਛ-ਗਿੱਛ ਕੀਤੀ ਕਿ ਉਹ ਹਿੰਦ ਸਰਕਾਰ ਦਾ ਖੁਫੀਆ ਵਿਭਾਗ ਦਾ ਜਸੂਸ ਨਾ ਹੋਵੇ। ਪਰ ਭਾਈ ਜੋਗਾ ਸਿੰਘ ਆਪਣੇ ਬਿਆਨ 'ਤੇ ਦ੍ਰਿੜ੍ਹ ਰਿਹਾ ਕਿ ਉਹ ਤਾਂ ਸਿਰਫ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਭਾਲ ਵਿੱਚ ਆਇਆ ਹੈ। ਪਾਕਿਸਤਾਨੀ ਅਧਿਕਾਰੀਆਂ ਨੇ ਭਾਈ ਜੋਗਾ ਸਿੰਘ ਉੱਤੇ ਗੈਰ-ਕਨੂੰਨੀ ਢੰਗ ਨਾਲ ਬਾਰਡਰ ਪਾਰ ਕਰਕੇ ਪਾਕਿਸਤਾਨ ਅੰਦਰ ਦਾਖਲ ਹੋਣ ਦੇ ਜੁਰਮ ਵਿੱਚ ਅਦਾਲਤ ਵਿੱਚ ਕੇਸ ਚਲਾਇਆ। ਜਿਸ 'ਤੇ ਪਾਕਿਸਤਾਨ ਦੀ ਅਦਾਲਤ ਵੱਲੋਂ ਭਾਈ ਜੋਗਾ ਸਿੰਘ ਨੂੰ ਦੋ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਭਾਈ ਜੋਗਾ ਸਿੰਘ ਦੋ ਸਾਲ ਪਾਕਿਸਤਾਨ ਦੀ ਜੇਲ੍ਹ ਵਿੱਚ ਸਜ਼ਾ ਕੱਟ ਕੇ ਵਾਪਸ ਭਾਰਤ ਆ ਗਿਆ। ਭਾਈ ਜੋਗਾ ਸਿੰਘ ਦੇ ਘਰ ਪਹੁੰਚਣ 'ਤੇ ਪੰਜਾਬ ਪੁਲਿਸ ਛਾਪੇ ਮਾਰਦੀ ਸੀ। ਪਰਿਵਾਰ ਵੱਲੋਂ ਪਿੰਡ ਦੀ ਪੰਚਾਇਤ ਦੀ ਮਦਦ ਨਾਲ ਡੀ.ਐਸ.ਪੀ. ਮੇਜਰ ਸਿੰਘ ਦੇ ਪੇਸ਼ ਕੀਤਾ ਗਿਆ। ਪੁਲਿਸ ਵੱਲੋਂ ਪੰਚਾਇਤ ਦੀ ਜ਼ਿੰਮੇਵਾਰੀ 'ਤੇ ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ। ਭਾਈ ਜੋਗਾ ਸਿੰਘ 4 ਮਹੀਨੇ ਘਰ ਟਿਕਿਆ ਰਿਹਾ। ਘਰ ਵਿੱਚ ਵੱਡੇ ਭਰਾਵਾਂ ਨਾਲ ਖੇਤੀ ਦੇ ਕੰਮ ਧੰਦੇ ਵਿੱਚ ਹੱਥ ਵਟਾਉਂਦਾ ਰਿਹਾ। ਪਿੰਡ ਵਿਚ ਭਾਈ ਬੂਟਾ ਸਿੰਘ ਸੁਰਸਿੰਘ ਵਾਲਾ ਤੇ ਭਾਈ ਅਵਤਾਰ ਸਿੰਘ ਬ੍ਰਹਮਾ ਦਾ ਆਉਣਾ ਜਾਣਾ ਸੀ। ਭਾਈ ਬੂਟਾ ਸਿੰਘ ਸੁਰਸਿੰਘ ਦੇ ਪਿੰਡ ਠੱਠੀ ਜੈਮਲ ਸਿੰਘ ਵਿੱਚ ਨਾਨਕੇ ਸਨ, ਉਹ ਸ. ਅਮਰੀਕ ਸਿੰਘ ਦਾ ਭਣੇਵਾਂ ਸੀ। ਭਾਈ ਜੋਗਾ ਸਿੰਘ ਦਾ ਉਪਰੋਕਤ ਸਿੰਘਾਂ ਨਾਲ ਸੰਪਰਕ ਹੋ ਗਿਆ। ਭਾਈ ਬੂਟਾ ਸਿੰਘ ਸੁਰਸਿੰਘ ਤੇ ਭਾਈ ਅਵਤਾਰ ਸਿੰਘ ਬ੍ਰਹਮਾ ਦੇ ਨਾਲ ਰਲ ਕੇ ਬਾਰਡਰ ਤੋਂ ਹੱਦ ਪਾਰ ਦੀ ਸੇਵਾ ਕਰਨ ਲੱਗ ਪਿਆ ਕਿਉਂਕਿ ਭਾਈ ਜੋਗਾ ਸਿੰਘ ਬਾਰਡਰ ਦਾ ਭੇਤੀ ਸੀ, ਇਸ ਲਈ ਸਿੰਘ ਉਸਦੀਆਂ ਸੇਵਾਵਾਂ ਲੈਂਦੇ ਸਨ।

ਭਾਈ ਜੋਗਾ ਸਿੰਘ ਦਾ ਜਨਮ ਪਿਤਾ ਸ. ਗੁਰਮੁੱਖ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਜੁਲਾਈ 1965 ਵਿੱਚ ਪਿੰਡ ਠੱਠੀ ਜੈਮਲ ਸਿੰਘ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਆਪ 6 ਭੈਣ ਭਰਾ ਸਨ। ਵੱਡੀ ਭੈਣ ਜੋਗਿੰਦਰ ਕ਼ੌਰ, ਵੱਡੇ ਭਰਾ ਜੋਗਿੰਦਰ ਸਿੰਘ, ਕਰਤਾਰ ਸਿੰਘ, ਮਹਿਤਾਬ ਸਿੰਘ, ਜੋਗਾ ਸਿੰਘ ਸ਼ਹੀਦ, ਛੋਟਾ ਭਰਾ ਰਾਜ ਸਿੰਘ ਹਨ। ਭਾਈ ਜੋਗਾ ਸਿੰਘ ਤੇਜ਼ ਦਿਮਾਗ , ਅਣਖੀਲ਼ਾ ਤੇ ਨਿਡਰ ਸੁਭਾਅ ਦਾ ਸੀ ਤੇ ਸਿੱਖ ਕੌਮ ਲਈ ਜਾਨ ਕੁਰਬਾਨ ਕਰਨ ਲਈ ਉਹ ਸਦਾ ਤਿਆਰ

ਰਹਿੰਦਾ ਸੀ। ਭਾਈ ਜੋਗਾ ਸਿੰਘ ਕਹਿੰਦਾ ਸੀ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਸਦਾਉਂਦੇ ਹਾਂ ਤਾਂ ਮੌਤ ਵੀ ਦਸਮੇਸ਼ ਪਿਤਾ ਦੇ ਸਾਹਿਬਜ਼ਾਦਿਆਂ ਵਾਂਗ ਵਿਆਹੁਣੀ ਪਵੇਗੀ। ਲੰਬੀਆਂ ਉਮਰਾਂ ਭੋਗ ਕੇ ਮੰਜਿਆਂ 'ਤੇ ਗੋਡੇ ਰਗੜ ਕੇ ਮਰਨ ਵਾਲੇ ਦਸਮੇਸ਼ ਪਿਤਾ ਦੇ ਪੁੱਤਰ ਨਹੀਂ ਅਖਵਾ ਸਕਦੇ। ਦਸਮੇਸ਼ ਪਿਤਾ ਦੇ ਪੁੱਤਰਾਂ ਦਾ ਸੰਘਰਸ਼ ਜਾਰੀ ਹੈ। ਵਜੀਦੇ ਅਤੇ ਔਰੰਗੇ ਦਸਮੇਸ਼ ਪਿਤਾ ਦੇ ਸਾਜੇ ਪੰਥ ਨੂੰ ਖਤਮ ਕਰਨ ਲਈ ਅੱਜ ਵੀ ਦਸਮੇਸ਼ ਦੇ ਪੁੱਤਰਾਂ ਨੂੰ ਸ਼ਹੀਦ ਕਰ ਰਹੇ ਹਨ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਦੀ ਧਰਮ ਤੇ ਹੱਕ ਸੱਚ ਦੀ ਜੰਗ ਅੱਜ ਵੀ ਜਾਰੀ ਹੈ। ਦਸਮੇਸ਼ ਪਿਤਾ ਦੇ ਪੁੱਤਰ ਚਮਕੌਰ ਦੀ ਗੜ੍ਹੀ ਅਤੇ ਸਰਹੰਦ ਦੀਆਂ ਨੀਂਹਾਂ ਦੇ ਇਤਿਹਾਸ ਦੁਹਰਾ ਰਹੇ ਹਨ ਤੇ ਸ਼ਹਾਦਤਾਂ ਦੇ ਜਾਮ ਪੀ ਕੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੋਦੀ ਵਿੱਚ ਬਿਰਾਜਮਾਨ ਹੋ ਰਹੇ ਹਨ।

23 ਹਾੜ ਸੰਨ 1987 ਦੀ ਰਾਤ ਨੂੰ ਭਾਈ ਬੂਟਾ ਸਿੰਘ ਸੁਰਸਿੰਘ, ਭਾਈ ਅਵਤਾਰ ਸਿੰਘ ਬ੍ਰਹਮਾ, ਭਾਈ ਜੋਗਾ ਸਿੰਘ ਤੇ ਕੁਝ ਹੋਰ ਸਿੰਘ ਵੀ ਸਨ, ਜੋ ਰਾਤ ਵੇਲੇ ਬਾਰਡਰ ਪਾਰ ਕਰਕੇ ਅਸਲਾ ਲਿਆ ਰਹੇ ਸਨ। ਬੀ.ਐਸ.ਐਫ. ਦੇ ਜਵਾਨਾਂ ਨੂੰ ਪਤਾ ਲੱਗ ਗਿਆ ਤੇ ਉਨ੍ਹਾਂ ਨੇ ਲਲਕਾਰਿਆ ਕਿ ਹੱਥ ਖੜ੍ਹੇ ਕਰ ਦੇਵੋ। ਭਾਈ ਜੋਗਾ ਸਿੰਘ ਨੇ ਬੀ.ਐਸ.ਐਫ ਦੇ ਜਵਾਨਾਂ ਉੱਤੇ ਗੋਲੀ ਚਲਾ ਕੇ ਮੁਕਾਬਲੇ ਵਿੱਚ ਉਲਝਾ ਲਿਆ ਤੇ ਦੂਜੇ ਸਿੰਘ ਭਾਈ ਅਵਤਾਰ ਸਿੰਘ ਬ੍ਰਹਮਾ, ਭਾਈ ਬੂਟਾ ਸਿੰਘ ਸੁਰਸਿੰਘ ਤੇ ਹੋਰ ਸਿੰਘ ਸਾਮਾਨ ਸਮੇਤ ਚੜ੍ਹਦੀ ਕਲਾ ਵਿੱਚ ਲੰਘਣ 'ਚ ਕਾਮਯਾਬ ਹੋ ਗਏ।

23 ਹਾੜ ਸੰਨ 1987 ਦੀ ਰਾਤ ਨੂੰ ਬੀ.ਐਸ.ਐਫ ਅਤੇ ਜੁਝਾਰੂ ਸਿੰਘਾਂ ਦਾ ਬਾਰਡਰ ਲੰਘਦਿਆਂ ਹੋਇਆਂ ਪਹਿਲਾ ਮੁਕਾਬਲਾ ਸੀ। ਭਾਈ ਜੋਗਾ ਸਿੰਘ 3 ਘੰਟੇ ਬੀ.ਐਸ.ਐਫ ਨਾਲ ਮੁਕਾਬਲਾ ਕਰਦਾ ਰਿਹਾ। ਇਸ ਮੁਕਾਬਲੇ ਵਿੱਚ ਬੀ.ਐਸ.ਐਫ ਦੇ 3 ਜਵਾਨ ਮਾਰੇ ਗਏ ਸਨ।

ਇਸ ਮੁਕਾਬਲੇ 'ਤੇ ਅਗਲੇ ਦਿਨ ਪੰਜਾਬ ਪੁਲਿਸ ਦਾ ਮੁਖੀ ਕੇ.ਪੀ.ਐਸ ਗਿੱਲ ਮੌਕਾ ਵੇਖਣ ਲਈ ਬਾਰਡਰ 'ਤੇ ਟੀ.ਏ. ਸਿੰਘ ਚੌਂਕੀ (ਜੋ ਠੱਠੀ ਜੈਮਲ ਸਿੰਘ ਦੇ ਨੇੜੇ ਪੈਂਦੀ ਹੈ) 'ਤੇ ਆਇਆ ਤੇ ਪ੍ਰੈਸ ਕਾਨਫਰੰਸ ਵਿੱਚ ਪੱਤਰਕਾਰਾਂ ਨੂੰ ਦੱਸਦਿਆਂ ਕਹਿਣ ਲੱਗਾ ਕਿ ਰਾਤ ਬਾਰਡਰ 'ਤੇ ਬੀ.ਐਸ.ਐਫ. ਦਾ ਅੱਤਵਾਦੀਆਂ ਨਾਲ ਤਿੰਨ ਘੰਟੇ ਜ਼ਬਰਦਸਤ ਮੁਕਾਬਲਾ ਹੋਇਆ। ਜਿਸ ਵਿਚ ਬੀ.ਐਸ.ਐਫ ਦੇ ਜਵਾਨਾਂ ਨੇ ਮੁਕਾਬਲੇ ਵਿੱਚ ਇਕ ਅੱਤਵਾਦੀ ਨੂੰ ਮਾਰ ਮੁਕਾਇਆ ਤੇ ਉਸਦੇ ਕੁਝ ਸਾਥੀ ਭੱਜ ਜਾਣ ਵਿੱਚ ਕਾਮਯਾਬ ਹੋ ਗਏ। ਮਾਰੇ ਗਏ ਅੱਤਵਾਦੀ ਕੋਲੋਂ 3 ਏ.ਕੇ.ਸੰਤਾਲੀ ਅਸਾਲਟ ਰਾਈਫਲਾਂ ਤੇ ਗੋਲੀ ਸਿੱਕਾ, ਰਾਤ ਵੇਲੇ ਹਨੇਰੇ ਵਿੱਚ ਵੇਖਣ ਵਾਲੇ ਯੰਤਰ, ਦੋ ਦੂਰਬੀਨਾਂ ਵੀ ਮਿਲੀਆਂ। ਇਸ ਮੁਕਾਬਲੇ ਵਿੱਚ ਬੀ.ਐਸ.ਐਫ ਦੇ ਤਿੰਨ ਜਵਾਨ ਵੀ ਸ਼ਹੀਦ ਹੋਏ ਹਨ। ਇਹ ਬੀ.ਐਸ.ਐਫ. ਅਤੇ ਅੱਤਵਾਦੀਆਂ ਵਿਚਕਾਰ ਤਿੰਨ ਘੰਟੇ ਲੰਬਾ ਚੱਲਿਆ ਪਹਿਲਾ

ਵੱਡਾ ਮੁਕਾਬਲਾ ਹੈ। ਮਾਰੇ ਗਏ ਅੱਤਵਾਦੀ ਦੀ ਹਾਲੇ ਤੱਕ ਪਛਾਣ ਨਹੀਂ ਹੋ ਸਕੀ ਹੈ।

ਪੰਜਾਬ ਪੁਲਿਸ ਦੇ ਮੁਖੀ ਕੇ.ਪੀ. ਗਿੱਲ ਦੇ ਟੀ.ਏ. ਸਿੰਘ ਚੌਂਕੀ ਜੈਮਲ ਸਿੰਘ ਬੀ.ਐਸ.ਐਫ ਤੋਂ ਚਲੇ ਜਾਣ ਤੋਂ ਪਿੱਛੋਂ ਬੀ.ਐਸ.ਐਫ ਦੇ ਕੁਝ ਜਵਾਨ ਗੱਡੀ ਵਿੱਚ ਬਿਠਾ ਕੇ ਪਿੰਡ ਠੱਠੀ ਜੈਮਲ ਸਿੰਘ ਦੀ ਪੰਚਾਇਤ ਨੂੰ ਮਾਰੇ ਗਏ ਖਾੜਕੂ ਦੀ ਸ਼ਨਾਖਤ ਕਰਾਉਣ ਲਈ ਲੈ ਕੇ ਗਏ ਜਿਸ ਵਿੱਚ ਬਾਪੂ ਗੁਰਮੁਖ ਸਿੰਘ ਵੀ ਸੀ। ਪਿੰਡ ਦੀ ਪੰਚਾਇਤ ਅਤੇ ਬਾਪੂ ਗੁਰਮੁਖ ਸਿੰਘ ਨੇ ਬੀ.ਐਸ.ਐਫ. ਨੂੰ ਕਿਹਾ ਕਿ ਇਹ ਭਾਈ ਜੋਗਾ ਸਿੰਘ ਠੱਠੀ ਜੈਮਲ ਸਿੰਘ ਦਾ ਹੈ ਤੇ ਅਸੀਂ ਇਸ ਨੂੰ ਜਾਣਦੇ ਹਾਂ। ਬੀ.ਐਸ.ਐਫ. ਦੇ ਅਫਸਰਾਂ ਨੇ ਮਾਰੇ ਗਏ ਖਾੜਕੂ ਦੀ ਸ਼ਨਾਖਤ ਹੋ ਜਾਣ 'ਤੇ ਲਿਖਤੀ ਰੂਪ ਵਿੱਚ ਕਾਰਵਾਈ ਲਿਖਵਾ ਕੇ ਭਾਈ ਜੋਗਾ ਸਿੰਘ ਦੀ ਸ਼ਹੀਦੀ ਦੇਹ ਸਸਕਾਰ ਕਰਨ ਲਈ ਪੰਚਾਇਤ ਦੇ ਹਵਾਲੇ ਕਰ ਦਿੱਤੀ। ਬੀ.ਐਸ.ਐਫ. ਦੇ ਜਵਾਨਾਂ ਨੇ ਪੰਚਾਇਤ ਦੇ ਨਾਲ ਗੱਡੀ ਵਿੱਚ ਦੇਹ ਰੱਖ ਕੇ ਪਿੰਡ ਠੱਠੀ ਜੈਮਲ ਸਿੰਘ ਦੇ ਸਿਵਿਆਂ ਵਿੱਚ ਪਹੁੰਚਾ ਦਿੱਤੀ। ਜਿਥੇ ਬੀ.ਐਸ.ਐਫ. ਦੇ ਜਵਾਨਾਂ ਦੀ ਹਾਜ਼ਰੀ ਵਿੱਚ ਪਿੰਡ ਦੇ ਲੋਕਾਂ ਨੇ ਇਕੱਠੇ ਹੋ ਕੇ ਸ਼ਹੀਦ ਭਾਈ ਜੋਗਾ ਸਿੰਘ ਦਾ ਇਸ਼ਨਾਨ ਕਰਾ ਕੇ ਨਵੇਂ ਕੱਪੜੇ ਪਾ ਕੇ ਅੰਤਮ ਸੰਸਕਾਰ ਕਰ ਦਿੱਤਾ।

ਸ਼ਹੀਦ ਭਾਈ ਜੋਗਾ ਸਿੰਘ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਭੋਗ ਪਾਇਆ ਗਿਆ। ਪੰਜਾਬ ਪੁਲਿਸ ਅਤੇ ਬੀ.ਐਸ.ਐਫ. ਪਿੰਡ ਵਿੱਚ ਤਾਇਨਾਤ ਸੀ।

ਭਾਈ ਜੋਗਾ ਸਿੰਘ ਦੇ ਸ਼ਹੀਦ ਹੋ ਜਾਣ ਤੋਂ ਪਿੱਛੋਂ ਪੁਲਿਸ ਵੱਲੋਂ ਭਰਾਵਾਂ ਨੂੰ ਨਜਾਇਜ਼ ਤੰਗ ਕੀਤਾ ਜਾਂਦਾ ਰਿਹਾ ਹੈ।

ਵਰਨਣਯੋਗ ਹੈ ਕਿ ਇਹ ਸੰਘਰਸ਼ ਬੀ.ਐਸ.ਐਫ. ਨਾਲ ਜੁਝਾਰੂ ਸਿੰਘਾਂ ਦਾ ਪਹਿਲਾ ਵੱਡਾ ਤਿੰਨ ਘੰਟੇ ਚੱਲਿਆ ਮੁਕਾਬਲਾ ਹੈ ਤੇ ਮੌਜੂਦਾ ਸੰਘਰਸ਼ ਵਿੱਚ ਪਿੰਡ ਠੱਠੀ ਜੈਮਲ ਸਿੰਘ ਦਾ ਭਾਈ ਜੋਗਾ ਸਿੰਘ ਪਹਿਲਾ ਸ਼ਹੀਦ ਹੈ। ਇਸ ਤੋਂ ਪਿੱਛੋਂ ਠੱਠੀ ਜੈਮਲ ਸਿੰਘ ਦੇ ਜੁਝਾਰੂ ਸਿੰਘਾਂ ਨੇ ਇਸ ਸੰਘਰਸ਼ ਵਿੱਚ ਸ਼ਹੀਦੀਆਂ ਦੀ ਝੜੀ ਲਾ ਦਿੱਤੀ ਸੀ।

ਸ਼ਹੀਦ ਭਾਈ ਗੁਰਨਾਮ ਸਿੰਘ ਠੱਠੀ ਜੈਮਲ ਸਿੰਘ

ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਗਲਵਕੜੀ ਦਾ ਨਿੱਘ ਮਾਣਨ ਵਾਲੇ ਤੇ ਸਿੱਖਾਂ ਦੇ ਕੌਮੀ ਘਰ ਦੀ ਸਥਾਪਨਾ ਲਈ ਮੈਦਾਨੇ ਜੰਗ ਵਿੱਚ ਜੂਝ ਕੇ ਸ਼ਹੀਦੀ ਪਾਉਣ ਵਾਲੇ ਜੁਝਾਰੂ ਸਿੰਘਾਂ ਵਿੱਚ ਇਕ ਮਹਾਨ ਯੋਧਾ ਹੋਇਆ ਹੈ, ਭਾਈ ਗੁਰਨਾਮ ਸਿੰਘ ਠੱਠੀ ਜੈਮਲ ਸਿੰਘ।

ਭਾਈ ਗੁਰਨਾਮ ਸਿੰਘ ਦਾ ਜਨਮ ਪਿਤਾ ਸ. ਹੰਸਾ ਸਿੰਘ ਦੇ ਘਰ ਮਾਤਾ ਮਹਿੰਦਰ ਕੌਰ ਦੀ ਕੁਖੋਂ ਪਿੰਡ ਠੱਠੀ ਜੈਮਲ ਸਿੰਘ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ।

ਪਰਿਵਾਰ ਵਿੱਚ ਵੱਡੀ ਭੈਣ ਸਵਰਨ ਕੌਰ, ਭਾਈ ਗੁਰਨਾਮ ਸਿੰਘ ਸ਼ਹੀਦ, ਛੋਟੇ ਭਰਾ ਵਰਿਆਮ ਸਿੰਘ, ਕੁਲਵੰਤ ਸਿੰਘ, ਬਲਦੇਵ ਸਿੰਘ, ਬਲਜੀਤ ਸਿੰਘ ਹਨ।

ਭਾਈ ਗੁਰਨਾਮ ਸਿੰਘ ਨੇ ਸਕੂਲ ਦੀ ਪੜ੍ਹਾਈ ਦਸਵੀਂ ਤੱਕ ਕੀਤੀ। ਆਪ ਖਾਲਸਾਈ ਵਿਚਾਰਧਾਰਾ ਦੇ ਮੁਦੱਈ ਸਨ ਤੇ ਸਿੱਖ ਸੰਘਰਸ਼ ਵਿੱਚ ਜੂਝ ਕੇ ਸ਼ਹੀਦੀ ਪਾਉਣ ਦਾ ਮਨ ਵਿੱਚ ਚਾਅ ਸੀ। ਭਾਈ ਸਾਹਿਬ ਨੇ ਧਰਮ ਯੁੱਧ ਮੋਰਚੇ ਦੌਰਾਨ ਗ੍ਰਿਫਤਾਰੀ ਦੇ ਕੇ 3 ਮਹੀਨੇ ਜੇਲ੍ਹ ਕੱਟੀ ਸੀ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰਨ ਜਾਂਦੇ ਸਨ ਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਦਰਸ਼ਨ ਕਰ ਕੇ ਤੇ ਵਿਚਾਰ ਸੁਣ ਕੇ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਮੁਰੀਦ ਬਣ ਗਏ। ਭਾਈ ਗੁਰਨਾਮ ਸਿੰਘ ਸੰਤ ਜਰਨੈਲ ਸਿੰਘ ਜੀ ਖਾਲਸਾ ਨਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਰਹਿਣ ਲੱਗੇ। ਜੂਨ 84 ਦੇ ਘੱਲੂਘਾਰੇ ਤੋਂ ਕੁਝ ਦਿਨ ਪਹਿਲਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਭਾਈ ਗੁਰਨਾਮ ਸਿੰਘ ਨੂੰ ਪਿੰਡ ਠੱਠੀ ਜੈਮਲ ਸਿੰਘ ਭੇਜ ਦਿੱਤਾ ਗਿਆ ਸੀ ਕਿ ਸਮਾਂ ਬੜਾ ਭਿਆਨਕ ਆ ਗਿਆ ਹੈ। ਆਉਣ ਵਾਲੇ ਸਮੇਂ ਵਿੱਚ ਹਿੰਦ ਸਰਕਾਰ ਨਾਲ ਲੰਬੀ ਲੜਾਈ ਲੜਨੀ ਪੈਣੀ ਹੈ ਤੇ ਸਿੰਘਾਂ ਦੀ ਲੋੜ ਪੈਣੀ ਆ। ਜਿੰਨਾ ਚਿਰ ਅਸੀਂ ਸੁਨੇਹਾ ਨਾ ਭੇਜੀਏ, ਉਨਾ ਚਿਰ ਸਾਨੂੰ ਮਿਲਣ ਨਹੀਂ ਆਉਣਾ। ਸੰਤ ਜੀ ਦੇ ਬਚਨ ਮੰਨ ਕੇ ਭਾਈ ਗੁਰਨਾਮ ਸਿੰਘ ਪਿੰਡ ਠੱਠੀ ਜੈਮਲ ਸਿੰਘ ਆ ਗਿਆ। ਥੋੜ੍ਹੇ ਦਿਨ ਪਿੱਛੋਂ ਹਿੰਦ ਹਕੂਮਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮਾਂ 'ਤੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਅਤੇ 37 ਹੋਰ ਗੁਰਧਾਮਾਂ

ਉੱਤੇ ਫੌਜ ਦੁਆਰਾ ਹਮਲਾ ਕੀਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਈਆਂ ਸੰਗਤਾਂ, ਬੀਬੀਆਂ, ਬੱਚਿਆਂ, ਬੁੱਢਿਆਂ, ਨੌਜਵਾਨਾਂ ਨੂੰ ਤੋਪਾਂ, ਟੈਂਕਾਂ ਦੇ ਗੋਲਿਆਂ, ਮਸ਼ੀਨ ਗੰਨਾਂ ਦੀਆਂ ਗੋਲੀਆਂ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ ਜੀ, ਜਨਰਲ ਸ਼ਬੇਗ ਸਿੰਘ, ਬਾਬਾ ਠਾਹਰਾ ਸਿੰਘ ਆਪਣੇ ਜਾਂਬਾਜ਼ ਸਾਥੀਆਂ ਸਮੇਤ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਰੱਖਿਆ ਕਰਦੇ ਹੋਏ, ਹਿੰਦੁਸਤਾਨੀ ਫੌਜ ਦਾ ਡੱਟ ਕੇ ਮੁਕਾਬਲਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। 7 ਜੂਨ 1984 ਨੂੰ ਬੀ.ਬੀ.ਸੀ. ਲੰਡਨ ਰੇਡੀਓ ਤੋਂ ਸਵੇਰੇ 8 ਵਜੇ ਹਿੰਦੀ ਸਭਾ ਵਿੱਚ ਮੁੱਖ ਖਬਰ ਸੀ— ~~ਸਵਰਨ ਮੰਦਰ ਅੰਮ੍ਰਿਤਸਰ ਮੇਂ ਭਾਰਤੀ ਫੌਜੋਂ ਨੇ ਕਬਜ਼ਾ ਜਮਾ ਲੀਆ ਹੈ~~। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਕਾ ਸ਼ਵ ਮਿਲ ਗਿਆ ਹੈ। ਬੀ.ਬੀ.ਸੀ. ਲੰਡਨ ਤੋਂ ਨਸ਼ਰ ਹੋਈ ਇਹ ਖਬਰ, ਸਿੱਖਾਂ ਦੇ ਉੱਤੇ ਅਸਮਾਨੀ ਬਿਜਲੀ ਵਾਂਗ ਡਿੱਗੀ ਸੀ। ਸਿੱਖਾਂ ਦੀਆਂ ਭੁੱਬਾਂ ਨਿਕਲ ਗਈਆਂ। ਸਿੱਖ, ਬੱਚੇ, ਬੁੱਢੇ, ਜਵਾਨ, ਮਾਵਾਂ, ਭੈਣਾਂ ਤੇ ਸਿੱਖ ਬੱਚੀਆਂ ਆਪ ਭੁੱਬਾਂ ਮਾਰ ਕੇ ਰੋਣ ਲੱਗ ਪਈਆਂ। ਹਰ ਸਿੱਖ ਦਾ ਕਹਿਣਾ ਸੀ, "ਇੰਦਰਾ ਤੇਰਾ ਕੱਖ ਨਾ ਰਹੇ, ਤੂੰ ਸਾਡਾ ਸੰਤ ਭਿੰਡਰਾਂਵਾਲਾ ਸ਼ਹੀਦ ਕਰ ਦਿੱਤਾ। ਤੂੰ ਸਾਡੇ ਹਰਮੰਦਰ 'ਤੇ ਹਮਲਾ ਕਰ ਦਿੱਤਾ। ਤੇਰਾ ਨਾਸ ਕਰਨਗੇ ਸੁੱਖਾ ਸਿੰਘ, ਮਹਿਤਾਬ ਸਿੰਘ। ਇਹ ਭਾਈ ਗੁਰਨਾਮ ਸਿੰਘ ਦੀ ਮਾਤਾ ਦੇ ਬੋਲ ਸਨ। ਗੁਰਨਾਮ ਸਿੰਘ ਕਹਿੰਦਾ, ਬੀਬੀ! ਸਰਕਾਰ ਨੇ ਸਾਡਾ ਸੰਤ ਭਿੰਡਰਾਂਵਾਲਾ ਸ਼ਹੀਦ ਕਰ ਦਿੱਤਾ। ਹੁਣ ਸਾਡਾ ਕਾਹਦਾ ਜਿਊਣਾ ? ਬੀਬੀ, ਅੱਗੇ ਤਾਂ ਇੱਕ ਭਿੰਡਰਾਂਵਾਲਾ ਸੀ, ਹੁਣ ਘਰ-ਘਰ ਭਿੰਡਰਾਂਵਾਲੇ ਜੰਮਣਗੇ ਤੇ ਜ਼ਾਲਮ ਹਕੂਮਤ ਨੂੰ ਦਿਨੇ ਤਾਰੇ ਵਿਖਾਉਣਗੇ। ਭਾਈ ਗੁਰਨਾਮ ਸਿੰਘ ਜੂਨ 84 ਦੇ ਘੱਲੂਘਾਰੇ ਤੋਂ ਪਿੱਛੋਂ ਬੇਚੈਨ ਰਹਿਣ ਲੱਗਾ। ਭਾਈ ਗੁਰਨਾਮ ਸਿੰਘ ਦੇ ਦਿਲ ਵਿੱਚ ਸੰਤ ਜਰਨੈਲ ਸਿੰਘ ਖਾਲਸਾ ਦੇ ਬੋਲ ਗੂੰਜਦੇ ਸਨ ਕਿ ਗੁਰਨਾਮ ਸਿੰਘ, ਹਕੂਮਤ ਨਾਲ ਲੰਬੀ ਲੜਾਈ ਲੜਨੀ ਪੈਣੀ ਹੈ। ਗੁਰਨਾਮ ਸਿੰਘ ਸੋਚਦਾ, ਕੋਈ ਸਬੱਬ ਬਣੇ, ਸੰਤ ਮਹਾਂਪੁਰਖਾਂ ਦੇ ਬਚਨ ਸਤਿ ਹੋਣ। ਲੰਬੀ ਲੜਾਈ ਵਿੱਚ ਜੂਝ ਕੇ ਸੇਵਾ ਕਰੀਏ। ਕੁਝ ਸਮੇਂ ਪਿੱਛੋਂ ਹੀ ਸਿੰਘਾਂ ਨੇ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਨੂੰ ਖਾਲਸਾਈ ਜੁਝਾਰੂ ਰਵਾਇਤਾਂ ਅਨੁਸਾਰ ਉਸਦੇ ਘਰ ਤੋਂ ਦਫਤਰ ਜਾਂਦੀ ਨੂੰ ਸਿੱਖ ਕੌਮ ਦੇ ਦੋ ਮਹਾਨ ਸੂਰਬੀਰ ਯੋਧਿਆਂ ਬੇਅੰਤ ਸਿੰਘ, ਸਤਵੰਤ ਸਿੰਘ ਨੇ ਗੋਲੀਆਂ ਮਾਰ ਕੇ ਸੋਧ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੁਝਾਰੂ ਖਾਲਸੇ ਨੇ ਹਿੰਦ ਹਕੂਮਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਪੰਜ ਮਹੀਨੇ ਬਾਅਦ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ, ਸ੍ਰੀ ਅਕਾਲ ਤਖਤ ਸਾਹਿਬ ਨੂੰ ਢਾਹੁਣ ਦਾ ਬਦਲਾ ਲੈ ਕੇ ਹਿੰਦ ਹਕੂਮਤ ਨੂੰ ਪਹਿਲੀ ਕਿਸ਼ਤ ਮੋੜੀ ਸੀ। ਨਿਸਚੇ ਹੀ ਸਿੰਘਾਂ ਦੇ ਇਸ ਖਾਲਸਈ ਬਹਾਦਰੀ ਭਰੇ ਜੁਝਾਰੂ ਕਾਰਨਾਮੇ ਨੇ ਸਿੱਖਾਂ ਦਾ ਮਨੋਬਲ ਉੱਚਾ ਕਰ ਦਿੱਤਾ ਸੀ। ਸਿੱਖਾਂ ਦੇ ਆਤਮ ਵਿਸ਼ਵਾਸ ਨੂੰ ਬਲ

ਮਿਲਿਆ ਕਿ ਸਿੱਖ ਹਿੰਦੁਸਤਾਨ ਦੀ ਹਕੂਮਤ ਨਾਲ ਹਰ ਮੈਦਾਨ ਵਿੱਚ ਟੱਕਰ ਲੈ ਸਕਦੇ ਹਨ ਤੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਰਾਹ ਉੱਤੇ ਚੱਲਦਿਆਂ ਸ਼ਸਤਰਧਾਰੀ ਹੋ ਕੇ ਹਿੰਦੁਸਤਾਨੀ ਹਕੂਮਤ ਨੂੰ ਭਾਜੜਾਂ ਪਾ ਸਕਦੇ ਹਨ।

ਜੁਝਾਰੂ ਸਿੰਘਾਂ ਨੇ ਹਿੰਦ ਹਕੂਮਤ ਨਾਲ ਟੱਕਰ ਲੈਣ ਲਈ ਲਾਮਬੰਦ ਹੋਣਾ ਸ਼ੁਰੂ ਕਰ ਦਿੱਤਾ ਤੇ ਸ਼ਸਤਰਾਂ ਦਾ ਪ੍ਰਬੰਧ ਕਰਨ ਲਈ ਵੀ ਯਤਨ ਆਰੰਭ ਕੀਤੇ ਗਏ। ਭਾਈ ਅਵਤਾਰ ਸਿੰਘ ਬ੍ਰਹਮਾ, ਭਾਈ ਬੂਟਾ ਸਿੰਘ ਸੁਰਸਿੰਘ ਵਾਲਾ ਵੱਲੋਂ ਭਾਈ ਗੁਰਨਾਮ ਸਿੰਘ ਦੀ ਡਿਊਟੀ ਭਾਈ ਪਿੱਪਲ ਸਿੰਘ ਢੋਲੇਵਾਲ ਦੇ ਨਾਲ ਹਥਿਆਰ ਲਿਆਉਣ ਦੀ ਲਾਈ ਗਈ। ਭਾਈ ਗੁਰਨਾਮ ਸਿੰਘ, ਸਰਹੱਦੀ ਪਿੰਡ ਠੱਠੀ ਜੈਮਲ ਸਿੰਘ ਦੇ ਹੋਣ ਕਰਕੇ ਬਾਰਡਰ ਦੇ ਲੰਘਣ ਵਾਲੇ ਰਸਤਿਆਂ ਦੇ ਭੇਤੀ ਸਨ। ਭਾਈ ਗੁਰਨਾਮ ਸਿੰਘ, ਭਾਈ ਪਿੱਪਲ ਸਿੰਘ ਢੋਲੇਵਾਲ ਦੀ ਕਮਾਂਡ ਵਾਲੇ ਸਿੰਘਾਂ ਵਾਸਤੇ ਹਥਿਆਰ ਲਿਆਉਣ ਦੀ ਗੁਪਤ ਰੂਪ ਵਿੱਚ ਸੇਵਾ ਕਰਨ ਲੱਗੇ। ਭਾਈ ਗੁਰਨਾਮ ਸਿੰਘ ਦੀ ਮਈ 1984 ਵਿੱਚ ਮੰਗਣੀ ਹੋ ਗਈ ਸੀ ਤੇ ਸੰਨ 1984 ਵਿੱਚ ਹੀ ਵਿਆਹ ਹੋ ਗਿਆ ਸੀ। ਆਪ ਦੇ ਘਰ ਵਾਹਿਗੁਰੂ ਵੱਲੋਂ ਇਕ ਪੁੱਤਰੀ ਦੀ ਦਾਤ ਬਖਸ਼ਿਸ਼ ਹੋਈ, ਜਿਸ ਦਾ ਨਾਂ ਰਵਿੰਦਰ ਕੌਰ ਹੈ।

ਬੀ.ਐਸ.ਐਫ. ਦੀਆਂ ਚੌਂਕੀਆਂ ਦੇ ਸਿੰਘ ਭੇਤੀ ਸਨ ਤੇ ਉਨ੍ਹਾਂ ਦੇ ਨਾਕਿਆਂ ਬਾਰੇ ਜਾਣਕਾਰੀ ਰੱਖਦੇ ਸਨ। ਬਾਰਡਰ ਤੋਂ ਅਸਲਾ ਲੰਘਣ ਦੀਆਂ ਕਾਰਵਾਈਆਂ ਨੂੰ ਰੋਕਣ ਲਈ ਬੀ.ਐਸ.ਐਫ. ਵੱਲੋਂ ਗੁਪਤ ਰੂਪ ਵਿਚ ਸਪੈਸ਼ਲ ਬੀ.ਐਸ.ਐਫ. ਦੀ ਡਿਊਟੀ ਲੱਗੀ ਹੋਈ ਸੀ, ਜਿਸ ਦਾ ਸਿੰਘਾਂ ਨੂੰ ਪਤਾ ਨਹੀਂ ਸੀ। 28 ਫਰਵਰੀ, 1990 ਨੂੰ ਭਾਈ ਗੁਰਨਾਮ ਸਿੰਘ, ਭਾਈ ਬਲਵੀਰ ਸਿੰਘ ਭੁੱਟੋ ਮਾੜੀ ਮੇਘਾ ਦੋ ਹੋਰ ਸਾਥੀਆਂ ਨਾਲ, ਬਾਰਡਰ ਪਾਰ ਤੋਂ ਹਥਿਆਰ ਲਿਆਉਣ ਲਈ ਜਾ ਰਹੇ ਸਨ। ਰਾਤ ਵੇਲੇ ਬਾਰਡਰ ਦੀ ਰਾਖੀ ਲਈ ਤਾਇਨਾਤ ਕੀਤੀ ਸਪੈਸ਼ਲ ਬੀ.ਐਸ.ਐਫ. ਦੇ ਘੇਰੇ ਵਿੱਚ ਆ ਗਏ। ਸਾਰੀ ਰਾਤ ਭਾਈ ਗੁਰਨਾਮ ਸਿੰਘ, ਭਾਈ ਬਲਵੀਰ ਸਿੰਘ ਭੁੱਟੋ ਦੋ ਹੋਰ ਸਿੰਘ ਨੂਰਵਾਲੀ ਚੌਂਕ ਬੀ.ਐਸ.ਐਫ. ਨਾਲ ਮੁਕਾਬਲਾ ਕਰਦੇ ਰਹੇ ਤੇ ਦਿਨ ਚੜ੍ਹੇ ਸ਼ਹੀਦ ਹੋ ਗਏ। ਬੀ.ਐਸ.ਐਫ. ਵੱਲੋਂ ਬਾਰਡਰ 'ਤੇ ਨੂਰਵਾਲੀ ਚੌਂਕੀ 'ਤੇ ਮਾਰੇ ਗਏ ਖਾੜਕੂਆਂ ਦੀ ਸ਼ਨਾਖਤ ਕਰਨ ਲਈ ਠੱਠੀ ਜੈਮਲ ਸਿੰਘ ਦੇ ਬੰਦਿਆਂ ਨੂੰ ਲੈ ਕੇ ਗਏ। ਜਿਸ 'ਤੇ ਭਾਈ ਗੁਰਨਾਮ ਸਿੰਘ ਠੱਠੀ ਜੈਮਲ ਸਿੰਘ, ਭਾਈ ਬਲਵੀਰ ਸਿੰਘ ਭੁੱਟੋ ਮਾੜੀ ਮੇਘਾ ਦੀ ਸ਼ਨਾਖਤ ਕਰ ਲਈ ਗਈ। ਦੋ ਸਿੰਘਾਂ ਦੀ ਉਸ ਮੌਕੇ 'ਤੇ ਸ਼ਨਾਖਤ ਨਹੀਂ ਸੀ ਹੋਈ। ਪਿਛੋਂ ਦੂਜੇ ਦੋ ਸ਼ਹੀਦ ਸਿੰਘਾਂ ਦੀ ਸ਼ਨਾਖਤ ਬਾਰੇ ਪਰਿਵਾਰ ਨੂੰ ਕੋਈ ਜਾਣਕਾਰੀ ਨਹੀਂ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਬਚਨਾਂ 'ਤੇ ਫੁੱਲ ਚੜ੍ਹਾਉਂਦਿਆਂ ਹਿੰਦ ਸਰਕਾਰ ਨਾਲ ਲੰਬੀ ਲੜਾਈ ਲੜਦਿਆਂ ਭਾਈ ਗੁਰਨਾਮ ਸਿੰਘ ਠੱਠੀ ਜੈਮਲ ਸਿੰਘ ਆਪਣੇ ਸਾਥੀਆਂ ਸਮੇਤ 28 ਫਰਵਰੀ 1990 ਨੂੰ ਬਾਰਡਰ 'ਤੇ

ਨੂਰਵਾਲੀ ਚੌਂਕੀ 'ਤੇ ਬੀ.ਐਸ.ਐਫ. ਨਾਲ ਮੁਕਾਬਲਾ ਕਰਦੇ ਹੋਏ ਸਿੱਖ ਰਾਜ ਦੀ ਸ਼ਮ੍ਹਾ ਦੇ ਪਰਵਾਨੇ ਸ਼ਹਾਦਤ ਦਾ ਜਾਮ ਪੀ ਗਏ।

ਭਾਈ ਗੁਰਨਾਮ ਸਿੰਘ ਦੀ ਯਾਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਗੁਰਦੁਆਰਾ ਠੱਠੀ ਜੈਮਲ ਸਿੰਘ ਵਿੱਚ ਇਕ ਮਹੀਨੇ ਬਾਅਦ ਪਾਏ ਗਏ। ਇਸ ਭੋਗ ਸਮਾਗਮ ਵਿੱਚ ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸ੍ਰ. ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ, ਮਨਜੀਤ ਸਿੰਘ ਭੂਰੇ ਪ੍ਰਧਾਨ ਫੈਡਰੇਸ਼ਨ ਵੀ ਪਹੁੰਚੇ ਅਤੇ ਇਲਾਕੇ ਵਿੱਚੋਂ ਸਿੱਖ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸ਼ਹੀਦ ਸਿੰਘਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਸ. ਸਿਮਰਨਜੀਤ ਸਿੰਘ ਮਾਨ ਵੱਲੋਂ ਭਾਈ ਗੁਰਨਾਮ ਸਿੰਘ ਠੱਠੀ ਜੈਮਲ ਸਿੰਘ ਤੇ ਸਾਥੀ ਸਿੰਘਾਂ ਨੂੰ ਖਾਲਿਸਤਾਨ ਦੇ ਮਹਾਨ ਸੂਰਬੀਰ ਜੁਝਾਰੂ ਯੋਧੇ ਸ਼ਹੀਦ ਕਰਾਰ ਦਿੱਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਪਿੰਡ ਦੇ ਚੁਫੇਰੇ; .ਪੰਜਾਬ ਪੁਲਿਸ ਤੇ ਸੀ.ਆਰ.ਪੀ. ਨੇ ਸਖਤ ਨਾਕਾਬੰਦੀ ਕੀਤੀ ਹੋਈ ਸੀ। ਤਲਾਸ਼ੀ ਲੈ ਕੇ ਭੋਗ 'ਤੇ ਆਉਣ ਦਿੱਤਾ ਜਾ ਰਿਹਾ ਸੀ। ਪੁਲਿਸ ਦਾ ਖਿਆਲ ਸੀ ਕਿ ਸ਼ਹੀਦ ਸਿੰਘਾਂ ਦੇ ਭੋਗ 'ਤੇ ਚੋਟੀ ਦੇ ਜੁਝਾਰੂ ਸਿੰਘ ਵੀ ਜ਼ਰੂਰ ਆਉਣਗੇ ਤੇ ਉਨ੍ਹਾਂ ਨੂੰ ਕਾਬੂ ਕਰਨ ਦੇ ਇਰਾਦੇ ਨਾਲ ਸਖਤ ਨਾਕਾਬੰਦੀ ਕੀਤੀ ਗਈ ਸੀ।

ਸ਼ਹੀਦ ਭਾਈ ਸਾਰਜ ਸਿੰਘ ਠੱਠੀ ਜੈਮਲ ਸਿੰਘ

20ਵੀਂ ਸਦੀ ਦੇ ਮਹਾਨ ਇਨਕਲਾਬੀ ਜਰਨੈਲ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਅਤੇ ਸਿੱਖ ਕੌਮ ਲਈ ਆਜ਼ਾਦੀ ਦੀ ਪ੍ਰਾਪਤੀ ਲਈ ਆਰੰਭੇ ਗਏ ਸਿੱਖਾਂ ਦੇ ਹੱਕੀ ਸੰਘਰਸ਼ ਦੌਰਾਨ ਹਜ਼ਾਰਾਂ ਸਿੰਘਾਂ, ਸਿੰਘਣੀਆਂ ਨੇ ਆਪਣਾ ਯੋਗਦਾਨ ਪਾਉਂਦਿਆਂ ਸ਼ਹਾਦਤਾਂ ਦੇ ਜਾਮ ਪੀ ਕੇ ਸਿੱਖ ਸੰਘਰਸ਼ ਨੂੰ ਲਗਾਤਾਰ ਜਾਰੀ ਰੱਖਿਆ ਹੈ ਤੇ ਰੱਖ ਰਹੇ ਹਨ। ਇਨ੍ਹਾਂ ਸ਼ਹੀਦ ਸਿੰਘਾਂ ਵਿੱਚ ਬਹੁਤ ਹੀ ਗੁਪਤ ਰਹਿ ਕੇ ਸਿੱਖ ਸੰਘਰਸ਼ ਵਿੱਚ ਵਿਚਰਨ/ਸੇਵਾ ਕਰਨ ਵਾਲਾ ਪਿੰਡ ਠੱਠੀ ਜੈਮਲ ਸਿੰਘ ਦਾ ਯੋਧਾ ਸਾਰਜ ਸਿੰਘ ਹੋਇਆ ਹੈ ਜਿਸ ਨੇ ਆਪਣਾ ਨਾਂ ਅਖਬਾਰਾਂ ਵਿੱਚ ਛਪਾਉਣ ਦੀ ਕਦੀ ਸੋਚੀ ਹੀ ਨਹੀਂ। ਹਮੇਸ਼ਾਂ ਆਪਣਾ ਨਾਂ ਗੁਪਤ ਹੀ ਰੱਖਿਆ ਹੈ। ਉਸਦੇ ਬਹੁਤੇ ਸਾਥੀ ਸਿੰਘਾਂ ਨੂੰ ਪਤਾ ਨਹੀਂ ਸੀ ਕਿ ਇਹ ਸਿੰਘ ਕੌਣ ਹੈ ਤੇ ਕਿਥੋਂ ਦਾ ਰਹਿਣ ਵਾਲਾ ਹੈ ? ਭਾਈ ਸਾਰਜ ਸਿੰਘ ਸਿੱਖ ਸੰਘਰਸ਼ ਵਿੱਚ ਵਿਚਰਦਿਆਂ, ਹਰ ਵੇਲੇ ਗੁਰਬਾਣੀ ਦਾ ਪਾਠ ਤੇ ਵਾਹਿਗੁਰੂ ਦਾ ਸਿਮਰਨ ਕਰਦਾ ਰਹਿੰਦਾ ਸੀ। ਭਾਈ ਸਾਰਜ ਸਿੰਘ ਨੇ ਆਪਣੇ ਆਪ ਨੂੰ ਅਖਬਾਰਾਂ ਵਿੱਚ ਛਪਣ ਵਾਲੀਆਂ ਜ਼ਿੰਮੇਵਾਰੀਆਂ, ਮੀਟਿੰਗਾਂ, ਤਾੜਨਾ ਜਿਹੇ ਬਿਆਨਾਂ ਤੋਂ ਬਾਹਰ ਰੱਖਿਆ। ਭਾਈ ਸਾਹਿਬ ਦਾ ਵਿਚਾਰ ਸੀ ਕਿ ਅਜਿਹਾ ਕਰਨ ਨਾਲ ਜੁਝਾਰੂ ਸਿੰਘਾਂ ਦੇ ਪਰਿਵਾਰ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਬਣਦੇ ਹਨ। ਇਸ ਲਈ ਇੱਕ ਚੁਪ ਸੌ ਸੁੱਖ ਵਾਲੀ ਗੱਲ ਉੱਤੇ ਅਮਲ ਕਰਨਾ ਠੀਕ ਹੈ।

ਭਾਈ ਸਾਰਜ ਸਿੰਘ ਦਾ ਜਨਮ ਪਿਤਾ ਸ. ਵਹੇਲਾ ਸਿੰਘ ਦੇ ਘਰ ਮਾਤਾ ਜਗੀਰ ਕੌਰ ਦੀ ਕੁਖੋਂ ਸੰਨ 1970 ਵਿੱਚ ਪਿੰਡ ਠੱਠੀ ਜੈਮਲ ਸਿੰਘ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ।

ਵੱਡੀ ਭੈਣ ਸੁਰਿੰਦਰ ਕੌਰ, ਅਮਰਜੀਤ ਕੌਰ, ਸਾਰਜ ਸਿੰਘ ਸ਼ਹੀਦ, ਰਾਜ ਕੌਰ, ਚਰਨਜੀਤ ਕੌਰ, ਭਰਾ ਰੇਸ਼ਮ ਸਿੰਘ, ਰਾਜ ਸਿੰਘ ਤੇ ਬਾਜ ਸਿੰਘ ਦੋਵੇਂ ਜੋੜੇ ਹਨ। ਭਾਈ ਸਾਰਜ ਸਿੰਘ ਨੇ ਪਿੰਡ ਠੱਠੀ ਜੈਮਲ ਸਿੰਘ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪੰਜਵੀਂ ਤੱਕ ਪੜ੍ਹਾਈ ਕੀਤੀ।

ਸੰਨ 1.988 ਵਿੱਚ ਸਿੱਖ ਸੰਘਰਸ਼ ਪੂਰਾ ਜੋਬਨ 'ਤੇ ਸੀ। ਸਰਹੱਦੀ ਇਲਾਕੇ ਵਿੱਚ ਜੁਝਾਰੂ ਸਿੰਘਾਂ ਦਾ ਪੂਰਾ ਦਬਦਬਾ ਸੀ। ਜੁਝਾਰੂ ਸਿੰਘ ਪੰਜਾਬ ਪੁਲਿਸ,

ਸੀ.ਆਰ.ਪੀ., ਬੀ.ਐਸ.ਐਫ., ਸਰਕਾਰੀ ਫੋਰਸਾਂ ਅਤੇ ਸਿੱਖ ਸੰਘਰਸ਼ ਵਿਰੋਧੀਆਂ, ਸਿੱਖਾਂ ਦੇ ਕਾਤਲਾਂ ਤੇ ਜੁਝਾਰੂ ਸਿੰਘਾਂ ਦੀ ਟਾਊਟੀ ਕਰਨ ਵਾਲਿਆਂ ਨਾਲ ਕਰੜੇ ਹੱਥੀਂ ਟੱਕਰ ਲੈ ਰਹੇ ਸਨ ਤੇ ਸ਼ਹੀਦੀਆਂ ਪਾਉਣ ਦੇ ਬਾਵਜੂਦ ਸਿੱਖ ਸੰਘਰਸ਼ ਨੂੰ ਚੜ੍ਹਦੀ ਕਲਾ ਵੱਲ ਲਿਜਾ ਰਹੇ ਸਨ। ਇਸ ਸਮੇਂ ਭਾਈ ਸਾਰਜ ਸਿੰਘ ਦਾ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਲੈਫਟੀਨੈਂਟ ਜਨਰਲ ਭਾਈ ਨਿਸ਼ਾਨ ਸਿੰਘ ਮਖੂ ਨਾਲ ਮੇਲ ਹੋ ਗਿਆ ਤੇ ਉਸਦੇ ਨਾਲ ਸਿੱਖ ਸੰਘਰਸ਼ ਵਿੱਚ ਸੇਵਾ ਕਰਨ ਲੱਗੇ।

ਕਰੀਬ ਢਾਈ-ਤਿੰਨ ਸਾਲ ਗੁਪਤ ਰਹਿ ਕੇ ਸੇਵਾ ਕੀਤੀ। ਭਾਈ ਸਾਰਜ ਸਿੰਘ 1 ਦਸੰਬਰ 1990 ਨੂੰ ਸ਼ਹੀਦੀ ਪ੍ਰਾਪਤ ਕਰ ਗਏ। ਭਾਈ ਸਾਰਜ ਸਿੰਘ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੇ ਭੋਗ 10 ਦਸੰਬਰ 1990 ਨੂੰ ਉਨ੍ਹਾਂ ਦੇ ਘਰ ਠੱਠੀ ਜੈਮਲ ਸਿੰਘ ਵਿਖੇ ਪਾਏ ਗਏ। ਪੰਜਾਬ ਪੁਲਿਸ, ਸੀ.ਆਰ.ਪੀ. ਅਤੇ ਬੀ.ਐਸ.ਐਫ ਵੱਲੋਂ ਪਿੰਡ ਠੱਠੀ ਜੈਮਲ ਸਿੰਘ ਨੂੰ ਘੇਰਾ ਪਾ ਕੇ ਘਰ-ਘਰ ਦੀ ਤਲਾਸ਼ੀ ਲਈ ਗਈ। ਪੁਲਿਸ ਤੇ ਕੇਂਦਰੀ ਸੁਰੱਖਿਆ ਫੋਰਸਾਂ ਨੂੰ ਸ਼ੱਕ ਸੀ ਕਿ ਭਾਈ ਸਾਰਜ ਦੇ ਭੋਗ 'ਤੇ ਭਾਈ ਨਿਸ਼ਾਨ ਸਿੰਘ ਮਖੂ ਤੇ ਉਸ ਦੇ ਸਾਥੀ ਪੁੱਜਣਗੇ। ਸੁਰੱਖਿਆ ਫੋਰਸਾਂ ਵੱਲੋਂ ਸਖਤ ਘੇਰਾਬੰਦੀ ਕਾਰਨ ਜੁਝਾਰੂ ਸਿੰਘ ਭੋਗ ਸਮਾਗਮ ਵਿੱਚ ਨਹੀਂ ਪਹੁੰਚ ਸਕੇ। ਖਾਲਿਸਤਾਨ ਲਿਬਰੇਸ਼ਨ ਫੋਰਸ ਵਲੋਂ ਅਜੀਤ ਅਤੇ ਅੱਜ ਦੀ ਅਵਾਜ਼ ਅਖਬਾਰ ਨੂੰ ਭੇਜੇ ਗਏ ਪ੍ਰੈਸ ਨੋਟ ਵਿੱਚ, ਭਾਈ ਸਾਰਜ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਏ ਅਤੇ ਸਿੱਖ ਸੰਘਰਸ਼ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਗਈ।

ਚੰਡੀ ਦੀ ਵਾਰ ਗਾਉਂਦਾ, ਰਣਭੂਮੀ ਵਿੱਚ ਜੂਝਦਾ ਸੀ

ਭਾਈ ਕੇਵਲ ਸਿੰਘ ਦੂਹਲ ਕੋਹਨਾ

ਪਿੰਡ ਕਾਲੀਆ ਸਕੱਤਰਾ ਦੀ ਹੱਦ ਦੇ ਨਾਲ ਹੀ ਪਿੰਡ ਦੂਹਲ ਦੀ ਹੱਦ ਵਿੱਚ ਬੈਹਕ/ਢਾਣੀ ਹੈ ਜੋ ਵੇਖਣ ਨੂੰ ਪਿੰਡ ਕਾਲੀਆ ਸਕੱਤਰਾ ਦੀ ਲੱਗਦੀ ਹੈ। ਇਹ ਬੈਹਕ ਹੈ ਸ਼ਹੀਦ ਭਾਈ ਕੇਵਲ ਸਿੰਘ ਦੂਹਲ ਦੀ। ਸ਼ਹੀਦ ਭਾਈ ਕੇਵਲ ਸਿੰਘ ਦਾ ਜਨਮ ਪਿਤਾ ਸ. ਸੁਖਚੈਨ ਸਿੰਘ ਦੇ ਘਰ ਮਾਤਾ ਹਰਦੀਪ ਕੌਰ ਦੀ ਕੁੱਖੋਂ ਸੰਨ 1971 ਵਿੱਚ ਪਿੰਡ ਦੂਹਲ ਕੋਹਨਾ, ਤਹਿਸੀਲ ਪੱਟੀ ਤੇ ਜ਼ਿਲ੍ਹਾ ਤਰਨ ਤਾਰਨ ਵਿੱਚ ਹੋਇਆ।

ਵੱਡਾ ਭਰਾ ਸ. ਕਲਗਾ ਸਿੰਘ, ਭੈਣ ਸੁਰਿੰਦਰ ਕੌਰ, ਰਾਣੀ ਕੌਰ ਤੇ ਸ਼ਹੀਦ ਕੇਵਲ ਸਿੰਘ ਸਨ।

ਭਾਈ ਕੇਵਲ ਸਿੰਘ ਨੇ ਅੱਠਵੀਂ ਤੱਕ ਦੀ ਪੜ੍ਹਾਈ ਪਿੰਡ ਦੂਹਲ ਦੇ ਸਕੂਲ ਤੋਂ ਕੀਤੀ। ਭਾਈ ਸਾਹਿਬ ਨਰਮ ਸੁਭਾਅ ਦੇ ਸਨ। ਕਿਸੇ ਨਾਲ ਵਧੀਕੀ ਨਹੀਂ ਸਨ ਕਰਦੇ। ਭਾਈ ਕੇਵਲ ਸਿੰਘ ਦੀ ਸੰਨ 1988 ਵਿੱਚ ਪਰਮਜੀਤ ਕੌਰ ਪੁੱਤਰੀ ਜੋਗਿੰਦਰ ਸਿੰਘ ਬਾਹਰਵਾਲੀ ਨਾਲ ਆਨੰਦ ਕਾਰਜ ਤੇ ਇਕ ਪੁੱਤਰ ਸਤਨਾਮ ਸਿੰਘ, ਪੁੱਤਰੀ ਸੁਖਜੀਤ ਕੌਰ ਨੇ ਜਨਮ ਲਿਆ।

ਨੇੜੇ ਦੇ ਪਿੰਡ ਦੇ ਜੁਝਾਰੂ ਸਿੰਘਾਂ ਦਾ ਬੈਹਕ 'ਤੇ ਆਉਣਾ ਜਾਣਾ ਹੋ ਗਿਆ ਸੀ ਤੇ ਸਿੰਘ ਪ੍ਰਸ਼ਾਦਾ-ਪਾਣੀ ਛਕਦੇ ਸਨ। ਪੁਲਿਸ ਤੰਗ ਕਰਦੀ ਸੀ ਕਿ ਸਿੰਘਾਂ ਨੂੰ ਫੜਾਉ ਜਾਂ ਸਿੰਘਾਂ ਦੇ ਰੋਟੀ-ਪਾਣੀ 'ਚ ਜ਼ਹਿਰ ਮਿਲਾ ਕੇ ਦੇਵੋ। ਸਰਕਾਰ ਵੱਲੋਂ ਤੁਹਾਡੀ ਹਰ ਪੱਖੋਂ ਮਦਦ ਕੀਤੀ ਜਾਵੇਗੀ। ਪੁਲਿਸ ਦੀ ਬੋਲੀ ਤੇ ਮੁਖਬਰ ਬਣਨ ਵਾਲੇ ਕਮੀਨੇ ਵਿਰਲੇ ਹੀ ਹੁੰਦੇ ਹਨ ਜੋ ਲਾਲਚ ਵਿੱਚ ਆ ਕੇ ਸੰਘਰਸ਼ਵਾਦੀ ਯੋਧਿਆਂ ਨੂੰ ਪੁਲਿਸ ਕੋਲ ਫੜ੍ਹਾਉਂਦੇ ਹਨ, ਜੁਝਾਰੂਆਂ ਨੂੰ ਜ਼ਹਿਰ ਦੇ ਕੇ ਸ਼ਹੀਦ ਕਰਦੇ ਹਨ ਤੇ ਹਕੂਮਤਾਂ ਕੋਲੋਂ ਇਨਾਮ ਪਾਉਂਦੇ ਹਨ। ਆਉਣ ਵਾਲੇ ਸਮੇਂ ਵਿੱਚ ਇਤਿਹਾਸ ਅਤੇ ਲੋਕ ਅਜਿਹੇ ਨੀਚ ਕੰਮ ਕਰਨ ਵਾਲਿਆਂ ਨੂੰ ਲਾਹਨਤਾਂ ਪਾਉਂਦੇ ਹਨ। ਦਾਨਸ਼ਵੰਦ ਅਤੇ ਸੂਰਮੇ ਪੁਲਿਸ ਦਾ ਜਬਰ-ਜ਼ੁਲਮ ਆਪਣੇ ਸਰੀਰ ਉੱਪਰ ਸਹਿ ਕੇ ਵੀ ਸੂਰਮਿਆਂ ਦੇ ਹੱਕ ਵਿੱਚ ਰਹਿੰਦੇ ਹਨ ਤੇ ਕਦੇ ਵੀ ਬੇਵਫਾਈ ਨਹੀਂ ਕਰਦੇ। ਆਪਣੀ ਜਾਨ ਦੀ ਕੁਰਬਾਨੀ ਕਰ ਦੇਂਦੇ ਹੰਨ ਤੇ ਜੇ ਪੁਲਿਸ ਦਾ ਹਕੂਮਤੀ ਜਬਰ-ਜ਼ੁਲਮ ਜ਼ਿਆਦਾ ਹੀ ਵੱਧ ਜਾਵੇ ਤਾਂ ਧਰਮੀ ਪੁਰਖ ਹਕੂਮਤ ਵਿਰੁੱਧ ਬਗਾਵਤ ਕਰ ਕੇ ਜੁਝਾਰੂ ਸੂਰਮਿਆਂ ਦੇ ਸਾਥੀ ਹੋ ਨਿਬੜਦੇ ਹਨ।

ਰਣਭੂਮੀ ਵਿੱਚ ਜੂਝਦੇ ਹੋਏ, ਹਕੂਮਤੀ ਪੁਰਜ਼ਿਆਂ ਨੂੰ ਲੋਹੇ ਦੇ ਚਣੇ ਚਬਾਉਣ ਲੱਗਦੇ ਹਨ। ਇਹ ਹਕੀਕਤ ਹੈ ਸ਼ਹੀਦ ਭਾਈ ਕੇਵਲ ਸਿੰਘ ਦੂਹਲ ਦੇ ਸਿੱਖ ਸੰਘਰਸ਼ ਵਿੱਚ ਸ਼ਾਮਲ ਹੋਣ ਦੀ। ਜਿਸ ਨੇ ਉਸ ਨੂੰ ਸਿੱਖ ਸੰਘਰਸ਼ ਦੇ ਮਹਾਨ ਯੋਧੇ ਅਤੇ ਇਤਿਹਾਸ ਦੇ ਪੰਨਿਆਂ ਦਾ ਨਾਇਕ ਹੋਣ ਦਾ ਰੁਤਬਾ ਦਿੱਤਾ ਹੈ। ਭਾਈ ਕੇਵਲ ਸਿੰਘ ਸ਼ੁਰੂ ਵਿੱਚ, ਭਾਈ ਨਿਸ਼ਾਨ ਸਿੰਘ ਮਖੂ, ਭਾਈ ਅਨਾਰ ਸਿੰਘ ਪਾੜ੍ਹਾ, ਭਾਈ ਪਿੱਪਲ ਸਿੰਘ ਤੂਫਾਨ ਕਾਲੀਆ ਸਕੱਤਰਾ, ਭਾਈ ਸਵਰਨ ਸਿੰਘ ਗ੍ਰੰਥੀ, ਭਾਈ ਸੁਰਜੀਤ ਸਿੰਘ ਝੱਖੜ ਠੱਠੀ ਜੈਮਲ ਸਿੰਘ ਦੇ ਸੰਪਰਕ ਵਿੱਚ ਆਇਆ ਤੇ ਹਿੰਦੁਸਤਾਨੀ ਕੇਂਦਰੀ ਫੋਰਸਾਂ ਉੱਪਰ ਜੁਝਾਰੂ ਸਿੰਘਾਂ ਵੱਲੋਂ ਕੀਤੇ ਜਾਂਦੇ ਗੁਰੀਲਾ ਹਮਲਿਆਂ ਵਿੱਚ ਮੋਹਰੀ ਹੋ ਕੇ ਹਿੱਸਾ ਲੈਂਦਾ ਰਿਹਾ। ਭਾਈ ਕੇਵਲ ਸਿੰਘ ਦੇ ਪਿਤਾ ਬਾਪੂ ਸੁਖਚੈਨ ਸਿੰਘ ਉੱਪਰ ਪੰਜਾਬ ਪੁਲਿਸ ਵੱਲੋਂ ਇੰਨਾ ਤਸ਼ੱਦਦ ਕੀਤਾ ਗਿਆ ਕਿ ਬਾਪੂ ਜੀ ਦੀ ਅੱਖਾਂ ਦੀ ਜੋਤ ਬੰਦ ਹੋ ਗਈ। ਸਰਕਾਰੀ ਅਣਮਨੁੱਖੀ ਤਸ਼ੱਦਦ ਭਾਈ ਕੇਵਲ ਸਿੰਘ ਨੂੰ ਸਿੱਖ ਸੰਘਰਸ਼ ਦੇ ਰਾਹ ਤੋਂ ਵਾਪਸ ਨਾ ਮੋੜ ਸਕਿਆ। ਭਾਈ ਕੇਵਲ ਸਿੰਘ ਪੂਰੀ ਦਲੇਰੀ ਨਾਲ ਹਿੰਦੁਸਤਾਨੀ ਹਕੂਮਤੀ ਫੋਰਸਾਂ ਨਾਲ ਗੁਰੀਲਾ ਯੁੱਧ ਲੜਦਾ ਰਿਹਾ।

ਭਾਈ ਕੇਵਲ ਸਿੰਘ ਤੇ ਸਾਥੀ ਸਿੰਘਾਂ ਵੱਲੋਂ ਪਿੰਡ ਕਾਲੀਆ ਸਕੱਤਰਾ ਦੀ ਡਰੇਨ 'ਤੇ ਬਰੂਦੀ ਸੁਰੰਗ ਨਾਲ ਧਮਾਕਾ ਕਰਕੇ ਬੀ.ਐਸ.ਐਫ. ਦੀ ਗੱਡੀ ਨੂੰ ਉਡਾ ਦਿੱਤਾ ਗਿਆ।

ਦੂਹਲ ਵਾਲਾ ਪੁਲ 'ਤੇ ਪੁਲਿਸ ਦੀ ਗੱਡੀ 'ਤੇ ਹਮਲਾ ਕੀਤਾ ਗਿਆ ਤਾਂ ਪੰਜਾਬ ਪੁਲਿਸ ਵਾਲੇ ਗੱਡੀ ਵਿੱਚੋਂ ਛਾਲਾਂ ਮਾਰ ਕੇ ਭੱਜ ਗਏ। ਸਿੰਘਾਂ ਨੇ ਪਿੱਛੋਂ ਲਲਕਾਰਿਆ ਕਿ ਜੇ ਮਾਂ ਦਾ ਦੁੱਧ ਚੁੰਘਿਆ ਜੇ, ਤਾਂ ਮੈਦਾਨ ਵਿੱਚ ਮੁਕਾਬਲਾ ਕਰੋ। ਭਾਈ ਕੇਵਲ ਸਿੰਘ, ਭਾਈ ਅਨਾਰ ਸਿੰਘ ਪਾੜ੍ਹਾ, ਭਾਈ ਸਵਰਨ ਸਿੰਘ ਗ੍ਰੰਥੀ, ਭਾਈ ਪਿੱਪਲ ਸਿੰਘ ਤੂਫਾਨ ਤੇ ਭਾਈ ਸੁਰਜੀਤ ਸਿੰਘ ਝੱਖੜ, ਭਾਈ ਸ਼ਿੰਦਰ ਸਿੰਘ ਰਾਜਾ, ਪਿੱਛੇ ਅਤੇ ਪੁਲਸੀਏ ਅੱਗੇ ਅੱਗੇ ਭੱਜ ਰਹੇ ਸਨ। ਵਰਨਣਯੋਗ ਹੈ ਕਿ ਅੱਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲੈ ਕੇ ਸਿੰਘ ਆ ਰਹੇ ਸਨ। ਸਿੰਘਾਂ ਵੱਲੋਂ ਮੁਕਾਬਲੇ ਵਿੱਚੋਂ ਭਜਾਏ ਪੰਜਾਬ ਪੁਲਿਸ ਦੇ ਬਹਾਦਰ ਜਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲੈ ਕੇ ਆ ਰਹੇ ਸਿੰਘਾਂ ਵਿੱਚ ਇਸ ਲਈ ਵੜ ਗਏ ਕਿ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਪਾਸੇ ਕਦੇ ਗੋਲੀ ਨਹੀਂ ਚਲਾਉਣਗੇ। ਪੁਲਿਸ ਵਾਲਿਆਂ ਨੇ ਆਪਣੀਆਂ ਜੁੱਤੀਆਂ ਵੀ ਲਾਹ ਦਿੱਤੀਆਂ। ਭਾਈ ਕੇਵਲ ਸਿੰਘ ਤੇ ਸਾਥੀ ਸਿੰਘ ਪੰਜਾਬ ਪੁਲਿਸ ਦੇ ਗੱਡੀ ਵਿੱਚੋਂ ਭੱਜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿੱਚ ਜਾਨ ਬਚਾਉਣ ਰਲੇ ਬਹਾਦਰ ਪੁਲਿਸ ਵਾਲਿਆਂ ਦੀਆਂ ਜੁੱਤੀਆਂ ਨਿਸ਼ਾਨੀ ਵੱਜੋਂ ਚੁੱਕ ਕੇ ਲੈ ਗਏ ਕਿ ਥਾਣੇ ਜਾ ਕੇ ਆਪਣੇ ਅਫਸਰਾਂ ਨੂੰ ਆਪਣੀ ਬਹਾਦਰੀ ਬਾਰੇ ਦੱਸ ਸਕਣ ਕਿ ਅੱਤਵਾਦੀਆਂ ਸਿੰਘਾਂ ਨਾਲ ਅਸਲੀ ਮੁਕਾਬਲਾ ਕਿਸ ਤਰ੍ਹਾਂ ਹੁੰਦਾ ਹੈ। ਜੁਝਾਰੂ ਸਿੰਘਾਂ ਵੱਲੋਂ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਗੋਲੀ ਨਹੀਂ ਸੀ ਚਲਾਉਣੀ, ਇਹ ਸੋਚ ਕੇ ਪੁਲਿਸ ਵਾਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲੈ ਕੇ ਆ ਰਹੇ ਸਿੰਘਾਂ ਵਿੱਚ ਰਲ ਗਏ ਸਨ।

ਮਖੂ ਨੇੜੇ ਪਿੰਡ ਵੱਟੂ ਭੱਟੂ (ਜ਼ਿਲ੍ਹਾ ਫਿਰੋਜ਼ਪੁਰ) ਵਿੱਚ ਜੁਝਾਰੂ ਸਿੰਘ ਭਾਈ ਨਿਸ਼ਾਨ ਸਿੰਘ ਮਖੂ ਨੂੰ ਪੰਜਾਬ ਪੁਲਿਸ ਅਤੇ ਸੀ.ਆਰ.ਪੀ. ਨੇ ਜ਼ਬਰਦਸਤ ਘੇਰਾ ਪਾ ਲਿਆ ਸੀ। ਭਾਈ ਕੇਵਲ ਸਿੰਘ ਦੂਹਲ, ਭਾਈ ਨਰਿੰਦਰ ਸਿੰਘ ਉਰਫ ਪੰਜਾਬ ਸਿੰਘ ਮਨਾਵਾਂ, ਭਾਈ ਮੁਖਤਿਆਰ ਸਿੰਘ ਸਭਰਾ ਨੇ ਆਪਣੇ ਜਥੇ ਦੇ ਸਿੰਘਾਂ ਨੂੰ ਲੈ ਕੇ ਰਾਤ ਵੇਲੇ ਘੇਰਾ ਪਾਈ ਬੈਠੀਆਂ ਫੋਰਸਾਂ, ਪੰਜਾਬ ਪੁਲਿਸ ਅਤੇ ਸੀ.ਆਰ.ਪੀ. ਦੇ ਚੁਫੇਰੇ ਤੋਂ ਹਮਲਾ ਕਰ ਦਿੱਤਾ, ਹਿੰਦੁਸਤਾਨੀ ਫੋਰਸਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਪੰਜਾਬ ਪੁਲਿਸ ਦੇ ਅਫਸਰ ਤੇ ਸੀ.ਆਰ.ਪੀ. ਵਾਲੇ ਉੱਚੀ-ਉੱਚੀ ਅਵਾਜ਼ਾਂ ਵਿੱਚ ਰੌਲਾ ਪਾਉਣ ਲੱਗ ਪਏ ਕਿ ਜਵਾਨੋਂ, ਬਚਾਅ ਕਰੋ, ਪਿੱਛੋਂ ਸਿੰਘਾਂ ਨੇ ਹਮਲਾ ਕਰ ਦਿੱਤਾ ਹੈ। ਜੁਝਾਰੂ ਸਿੰਘਾਂ ਨੇ ਚੁਫੇਰਿਓਂ ਹਮਲਾ ਕਰ ਕੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਏ ਤਾਂ ਘੇਰੇ ਵਿੱਚ ਘਿਰੇ ਭਾਈ ਨਿਸ਼ਾਨ ਸਿੰਘ ਤੇ ਉਸਦੇ ਸਾਥੀ ਸਿੰਘਾਂ ਨੂੰ ਪਤਾ ਲੱਗ ਗਿਆ ਕਿ ਜੁਝਾਰੂ ਸਿੰਘਾਂ ਨੇ ਘੇਰਾ ਤੋੜਨ ਲਈ ਹਮਲਾ ਕਰ ਦਿੱਤਾ ਹੈ। ਘੇਰਾ ਪਾਈ ਬੈਠੀਆਂ ਫੋਰਸਾਂ ਵਿੱਚ ਭਗਦੜ ਮੱਚੀ ਹੈ ਤੇ ਇਹ ਸਮਾਂ ਮੋਰਚੇ ਵਿੱਚੋਂ ਨਿਕਲ ਕੇ ਘੇਰਾ ਤੋੜ ਕੇ ਨਿਕਲਣ ਦਾ ਯਤਨ ਕਰਨਾ ਚਾਹੀਦਾ ਹੈ। ਭਾਈ ਨਿਸ਼ਾਨ ਸਿੰਘ ਮਖੂ ਤੇ ਉਸ ਦੇ ਸਾਥੀ ਸਿੰਘਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਏ ਤਾਂ ਅੱਗੋਂ ਸਿੰਘਾਂ ਨੂੰ ਪਤਾ ਲੱਗ ਜਾਵੇ ਕਿ ਸਿੰਘ ਘੇਰੇ ਵਿੱਚੋਂ ਨਿਕਲ ਕੇ ਆ ਰਹੇ ਹਨ। ਚੁਫੇਰੇ ਤੋਂ ਸਿੰਘਾਂ ਨੇ ਅਜਿਹੀ ਗੋਲੀਬਾਰੀ ਕੀਤੀ ਕਿ ਰਾਤ ਦੇ ਹਨੇਰੇ ਵਿੱਚ ਕੁਰਲਾਹਟ ਮੱਚ ਗਈ। ਸੀ.ਆਰ.ਪੀ. ਤੇ ਪੁਲਿਸ ਦੇ ਕਈ ਜਵਾਨ ਜੁਝਾਰੂ ਸਿੰਘਾਂ ਦੇ ਪਿੱਛੋਂ ਕੀਤੇ ਹਮਲੇ ਦਾ ਸ਼ਿਕਾਰ ਹੋ ਗਏ ਤੇ ਕਈ ਜ਼ਖਮੀ ਹੋਏ। ਘੇਰਾ ਤੋੜਨ ਲਈ ਹਮਲਾ ਕਰਨ ਵਾਲੇ ਸਿੰਘਾਂ ਦਾ ਵੀ ਮੁਕਾਬਲੇ ਵਿੱਚ ਨੁਕਸਾਨ ਹੋਇਆ। ਭਾਈ ਮੁਖਤਿਆਰ ਸਿੰਘ ਸਭਰਾ ਤੇ ਦੋ ਹੋਰ ਜੁਝਾਰੂ ਸਿੰਘ ਸ਼ਹੀਦ ਹੋ ਗਏ। ਭਾਈ ਕੇਵਲ ਸਿੰਘ ਦੂਹਲ ਤੇ ਭਾਈ ਨਰਿੰਦਰ ਸਿੰਘ ਉਰਫ ਪੰਜਾਬ ਸਿੰਘ ਮਨਾਵਾਂ ਤੇ ਹੋਰ ਸਿੰਘਾਂ ਦੀ ਦਲੇਰੀ, ਬਹਾਦਰੀ ਅਤੇ ਹਿੰਮਤ ਸਦਕਾ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਲੈਫਟੀਨੈਂਟ ਜਨਰਲ ਭਾਈ ਨਿਸ਼ਾਨ ਸਿੰਘ ਮਖੂ ਨੂੰ ਰਾਤ ਵੇਲੇ ਪੰਜਾਬ ਪੁਲਿਸ ਅਤੇ ਸੀ.ਆਰ.ਪੀ. ਦੇ ਜ਼ਬਰਦਸਤ ਘੇਰੇ ਵਿੱਚੋਂ ਕੱਢ ਲਿਆ ਗਿਆ। ਘੇਰਾ ਰਾਤ ਤੋੜਿਆ ਸੀ।

ਸ਼ਹੀਦ ਭਾਈ ਹਰਜਿੰਦਰ ਸਿੰਘ ਉਰਫ ਮੁਸੀਬਤ ਸਿੰਘ ਵੈਰੜ

20ਵੀਂ ਸਦੀ ਦੇ ਮਹਾਨ ਇਨਕਲਾਬੀ ਸਿੱਖ ਜਰਨੈਲ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੀ ਆਜ਼ਾਦੀ, ਸਿੱਖ ਹੱਕਾਂ ਦੀ ਪ੍ਰਾਪਤੀ ਲਈ, ਸਿੱਖ ਕੌਮ ਦੇ ਗਲੋਂ ਗੁਲਾਮੀ ਦੀਆਂ ਜ਼ੰਜੀਰਾਂ ਲਾਹੁਣ ਲਈ ਅਰੰਭੇ ਗਏ ਸੰਘਰਸ਼ 'ਚ ਹਜ਼ਾਰਾਂ ਸਿੰਘਾਂ ਸਿੰਘਣੀਆਂ, ਪਰਿਵਾਰਾਂ ਨੇ ਹਿੰਦ ਹਕੂਮਤ ਦੇ ਅਸਹਿ ਤੇ ਅਕਹਿ ਕਸ਼ਟ ਸਹਾਰਦਿਆਂ ਹੋਇਆਂ, ਖਾਲਿਸਤਾਨ ਦੀ ਪ੍ਰਾਪਤੀ ਲਈ ਜੂਝਦਿਆਂ ਹੋਇਆਂ ਸ਼ਹਾਦਤਾਂ ਦੇ ਜਾਮ ਪੀਤੇ ਹਨ। ਇਨ੍ਹਾਂ ਸ਼ਹੀਦਾਂ ਵਿੱਚ ਹੀ ਨਾਂ ਆਉਂਦਾ ਹੈ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਉਰਫ ਭਾਈ ਮੁਸੀਬਤ ਸਿੰਘ ਵੈਰੜ ਦਾ। ਭਾਈ ਹਰਜਿੰਦਰ ਸਿੰਘ ਦਾ ਜਨਮ ਪਿਤਾ ਜਥੇਦਾਰ ਮਾਨ ਸਿੰਘ ਵੈਰੜ ਦੇ ਘਰ ਮਾਤਾ ਬਲਜਿੰਦਰ ਕੌਰ ਦੀ ਕੁੱਖੋਂ 1 ਭਾਦਰੋਂ, 15 ਅਗਸਤ 1967 ਨੂੰ ਨਾਨਕੇ ਘਰ ਪਿੰਡ ਮੱਤੜ (ਮਮਦੋਟ) ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਆਪ ਨੇ ਦਸਵੀਂ ਤੱਕ ਪੜ੍ਹਾਈ ਕੀਤੀ। ਆਪ ਬਚਪਨ ਤੋਂ ਨਿੱਘੇ ਸੁਭਾਅ ਦੇ ਸਨ। ਆਪ ਦੇ ਪਿਤਾ ਜਥੇਦਾਰ ਮਾਨ ਸਿੰਘ ਵੈਰੜ ਪੰਜਾਬ ਪੁਲਿਸ ਦੇ ਮਹਿਕਮੇ ਵਿੱਚ ਸਿਪਾਹੀ ਦੇ ਤੌਰ 'ਤੇ ਸੇਵਾਵਾਂ ਨਿਭਾ ਰਹੇ ਸਨ ਤੇ ਸ. ਸਿਮਰਨਜੀਤ ਸਿੰਘ ਮਾਨ ਐਸ.ਐਸ.ਪੀ. ਫਿਰੋਜ਼ਪੁਰ ਵੇਲੇ ਉਨ੍ਹਾਂ ਦੀ ਪ੍ਰੇਰਨਾ ਸਦਕਾ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਦੇ ਧਾਰਨੀ ਬਣ ਗਏ। ਸ. ਸਿਮਰਨਜੀਤ ਸਿੰਘ ਮਾਨ ਐਸ.ਐਸ.ਪੀ. ਪੰਜਾਬ ਪੁਲਿਸ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸਿੱਖੀ ਪ੍ਰਤੀ ਵਿਚਾਰਧਾਰਾ ਦੇ ਮੁਦਈ ਤੇ ਦਮਦਮੀ ਟਕਸਾਲ ਦੇ ਨੇੜੇ ਸਨ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਵਿਚਾਰਧਾਰਾ ਨੇ ਜਿਹੜੇ ਗੁਰਸਿੱਖ ਪੁਲਿਸ ਵਾਲਿਆਂ ਨੂੰ ਸਿੱਖ ਕੌਮ ਪ੍ਰਤੀ ਆਪਣੇ ਫਰਜ਼ਾਂ ਲਈ ਕਾਇਲ ਕੀਤਾ, ਉਨ੍ਹਾਂ ਗੁਰਸਿੱਖਾਂ ਵਿੱਚ ਗੁਰਸਿੱਖ ਪੁਲਿਸ ਵਾਲਿਆਂ ਦੇ ਕੁਝ ਨਾਂ ਇਸ ਤਰ੍ਹਾਂ ਵਰਨਣਯੋਗ ਹਨ— ਜਨਰਲ ਲਾਭ ਸਿੰਘ ਪੰਜਵੜ, ਹੌਲਦਾਰ ਗੁਰਨਾਮ ਸਿੰਘ, ਮਨਜੀਤ ਸਿੰਘ ਰਾਜਾਸਾਂਸੀ, ਜਥੇ: ਮਾਨ ਸਿੰਘ ਵੈਰੜ, ਹਰਚਰਨ ਸਿੰਘ ਲੁਬਾਣਿਆਂਵਾਲੀ, ਥਾਣੇਦਾਰ ਸਰਬਜੀਤ ਸਿੰਘ ਮਮਦੋਟ, ਹਰਦੀਪ ਸਿੰਘ ਪੁਲੀਸ ਲਾਈਨ ਗ੍ਰੰਥੀ ਮਮਦੋਟ, ਨੇਪਾਲ ਸਿੰਘ ਜੋਗੇਵਾਲਾ (ਮਖੂ), ਗੁਰਚਰਨ ਸਿੰਘ ਪੀਰ ਮੁਹੰਮਦ ਸ਼ੁਰੂਆਤ ਦੇ ਦਿਨਾਂ ਵਿੱਚ ਨਾਂ ਆਉਂਦੇ ਸਨ

ਜਿਨ੍ਹਾਂ ਗੁਰਸਿੱਖੀ ਜੀਵਨ ਦੇ ਧਾਰਨੀ ਹੋ ਕੇ ਕੌਮੀ ਫਰਜ਼ਾਂ ਨੂੰ ਪਛਾਣਿਆ। ਉਪਰੋਕਤ ਸਿੰਘ ਜੂਨ 84 ਦੇ ਘੱਲੂਘਾਰੇ ਤੋਂ ਪਹਿਲਾਂ ਆਪਣੀ ਅੰਮ੍ਰਿਤਸਰ ਡਿਊਟੀ ਸਮੇਂ, ਸੰਤ ਦਲੀਪ ਸਿੰਘ ਜੀ ਕਾਰ ਸੇਵਾ ਸ੍ਰੀ ਦਰਬਾਰ ਸਾਹਿਬ ਪ੍ਰਕਰਮਾ ਧੁਆਈ ਨਾਲ ਰੋਜ਼ਾਨਾ ਦੀ ਤਰ੍ਹਾਂ ਆ ਕੇ ਸੇਵਾ ਵਿੱਚ ਹਿੱਸਾ ਲਿਆ ਕਰਦੇ ਸਨ ਤੇ ਸੇਵਾ ਕਰਨ ਤੋਂ ਬਾਅਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨਾਲ ਬਚਨ-ਬਿਲਾਸ ਕਰਿਆ ਕਰਦੇ ਸਨ।

ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਉੱਪਰ ਹਿੰਦੁਸਤਾਨੀ ਹਕੂਮਤ ਨੇ ਫੌਜ ਚੜ੍ਹਾ ਕੇ ਘੱਲੂਘਾਰਾ ਵਰਤਾ ਦਿੱਤਾ। ਹਜ਼ਾਰਾਂ ਸਿੰਘਾਂ, ਸਿੰਘਣੀਆਂ, ਬੱਚਿਆਂ, ਬਜ਼ੁਰਗਾਂ ਨੂੰ ਤੋਪਾਂ, ਟੈਂਕਾਂ, ਮਸ਼ੀਨਗੰਨਾਂ ਨਾਲ ਮੌਤ ਦੇ ਘਾਟ ਉਤਾਰ ਦਿੱਤਾ। ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ, ਪੰਜਾਬ ਵਿੱਚ 37 ਗੁਰਧਾਮਾਂ ਉੱਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਈਆਂ ਸੰਗਤਾਂ ਦੀ ਹਿੰਦੁਸਤਾਨ ਦੀ ਹਕੂਮਤ ਨੇ ਫੌਜ ਹੱਥੋਂ ਕਤਲੇਆਮ ਕਰਵਾ ਦਿੱਤੀ। ਸਾਰਾ ਪੰਜਾਬ ਕਰਫਿਊ ਲਾ ਕੇ ਸਿੱਖ ਨੌਜਵਾਨਾਂ ਦੀ ਫੜੋ-ਫੜਾਈ ਕਰਕੇ, ਕਤਲੇਆਮ ਕੀਤੀ। ਹਜ਼ਾਰਾਂ ਸਿੱਖ ਜੇਲ੍ਹਾਂ ਵਿੱਚ ਡੱਕ ਦਿੱਤੇ ਗਏ। ਸੰਤ ਜਰਨੈਲ ਸਿੰਘ ਜੀ ਖਾਲਸਾ, ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ ਦੀ ਕਮਾਂਡ ਹੇਠਾਂ ਸਿੰਘਾਂ ਨੇ ਭਾਰਤੀ ਫੌਜ ਦਾ ਡੱਟ ਕੇ ਮੁਕਾਬਲਾ ਕੀਤਾ। ਹਜ਼ਾਰਾਂ ਫੌਜੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਬੜੀ ਬਹਾਦਰੀ ਨਾਲ ਸ਼ਹਾਦਤਾਂ ਪਾ ਕੇ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਦੀ ਜੰਗ ਦੇ ਨਜ਼ਾਰੇ ਵਿਖਾ ਕੇ ਸਿੱਖ ਇਤਿਹਾਸ ਵਿੱਚ ਅਮਰ ਹੋ ਗਏ।

ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਕੋਈ ਨਹੀਂ ਸੀ ਕਹਿੰਦਾ ਕਿ ਸਿੱਖ ਦੁਬਾਰਾ ਉੱਠਣਗੇ ਤੇ ਹਿੰਦ ਸਰਕਾਰ ਨਾਲ ਟੱਕਰ ਲੈਣਗੇ। ਉਨ੍ਹੀਂ ਦਿਨੀਂ ਵਾਕਿਆ ਹੀ ਸਿੱਖ ਨਜ਼ਰ ਨਹੀਂ ਸੀ ਆਉਂਦੇ। ਨਾ ਹੀ ਕੋਈ ਅਜਿਹੀ ਥਾਂ ਸੀ ਸਿੱਖ ਜਿਥੇ ਇਕੱਠੇ ਹੋ ਸਕਣ। ਮਹਿਤਾ ਗੁਰਦੁਆਰਾ ਸਾਹਿਬ ਵਿਚ ਵੀ 2-3 ਸੇਵਾਦਾਰਾਂ ਤੋਂ ਇਲਾਵਾ ਕੋਈ ਨਹੀਂ ਸੀ ਰਿਹਾ। ਆਪਣੇ ਵੱਲੋਂ ਹਿੰਦ-ਸਰਕਾਰ ਨੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸਾਥੀਆਂ ਤੇ ਜੁਝਾਰੂ ਸੋਚ ਦਾ ਸਫਾਇਆ ਕਰ ਦਿੱਤਾ ਸੀ। ਕੁਝ ਸਿੰਘ ਪਹਿਲਾਂ ਵੀ ਬਾਹਰ ਸਨ ਤੇ ਕੁਝ ਜੂਨ 84 ਦੇ ਹਮਲੇ ਵਿੱਚੋਂ ਚੱਲਦੀ ਗੋਲੀ ਵਿੱਚੋਂ ਬਚ ਕੇ ਨਿਕਲਣ ਵਿੱਚ ਸਫਲ ਹੋ ਗਏ ਸਨ। ਜਿਨ੍ਹਾਂ ਵਿੱਚ ਭਾਈ ਮੋਹਕਮ ਸਿੰਘ ਵੀ ਸੀ, ਜੋ ਪਹਿਲਾਂ ਪੱਖੋਕੇ ਪਹੁੰਚਿਆ ਤੇ ਉਥੋਂ ਸਾਈਕਲ 'ਤੇ ਪਿੰਡ ਜੱਸੇਆਣਾ ਨੇੜੇ ਮੁਕਤਸਰ ਮਾਸੀ ਦੇ ਘਰ ਪਹੁੰਚ ਗਿਆ। ਕੁਝ ਦਿਨ ਉਥੇ ਰਹਿਣ ਪਿਛੋਂ ਸ. ਹਰਚਰਨ ਸਿੰਘ ਪੰਜਾਬ ਪੁਲਿਸ ਦੇ ਘਰ ਪਿੰਡ ਲੁਬਾਣਿਆਂ ਵਾਲੀ ਪਹੁੰਚ ਗਿਆ। ਕੁਝ ਦਿਨ ਉਥੇ ਰਿਹਾ, ਉਥੇ ਲੋਕ ਭਾਈ ਮੋਹਕਮ ਸਿੰਘ ਨੂੰ ਖਾੜਕੂ ਸਿੰਘ ਹੋਣ ਦੀ ਸ਼ੱਕ ਦੀ ਨਿਗ੍ਹਾ ਨਾਲ ਵੇਖਦੇ ਸਨ। ਹਰਚਰਨ ਸਿੰਘ ਨੇ ਭਾਈ ਮੋਹਕਮ ਸਿੰਘ ਨੂੰ ਜਥੇਦਾਰ ਮਾਨ ਸਿੰਘ

ਵੈਰੜ ਪੰਜਾਬ ਪੁਲਿਸ ਦੇ ਸਿਪਾਹੀ ਦੇ ਘਰ ਪਿੰਡ ਪਿੰਡੀ ਬਲੋਚਾਂ ਨੇੜੇ ਸਾਦਿਕ ਪਹੁੰਚਾ ਦਿੱਤਾ। ਜਥੇਦਾਰ ਮਾਨ ਸਿੰਘ ਵੈਰੜ ਨੇ ਬੜੀ ਖੁਸ਼ੀ ਨਾਲ ਭਾਈ ਮੋਹਕਮ ਸਿੰਘ ਨੂੰ ਆਪਣੇ ਘਰ ਪਨਾਹ ਦਿੱਤੀ ਅਤੇ ਲੋਕਾਂ ਨੂੰ ਆਪਣੀ ਯੂ.ਪੀ. ਵਾਲੀ ਭੈਣ ਦਾ ਪੁੱਤਰ ਬਖਸ਼ੀਸ਼ ਸਿੰਘ ਦੱਸਿਆ। ਭਾਈ ਮੋਹਕਮ ਸਿੰਘ ਪੈਂਟ ਸ਼ਰਟ ਪਾ ਕੇ ਰਹਿੰਦਾ ਸੀ। ਜਿਵੇਂ-ਜਿਵੇਂ ਫੌਜ ਦਾ ਜ਼ੋਰ ਘਟਿਆ ਤਾਂ ਟਕਸਾਲ ਦੇ ਸਿੰਘਾਂ ਦੀ ਭਾਲ ਵਿੱਚ ਨਿਕਲ ਜਾਂਦਾ, ਭਾਈ ਗੁਰਦੇਵ ਸਿੰਘ ਉਸਮਾਨਵਾਲਾ ਨੂੰ ਮਿਲਿਆ। ਉਹਨੇ ਅੱਗੋਂ ਭਾਈ ਗੁਰਨਾਮ ਸਿੰਘ ਦੀ ਭਾਲ ਕੀਤੀ ਤੇ ਅੱਗੇ ਚੱਲ ਸੋ ਚੱਲ ਸਿੰਘਾਂ ਦੀ ਭਾਲ ਹੁੰਦੀ ਗਈ ਤੇ ਪਿੰਡ ਪਿੰਡੀ ਬਲੋਚਾਂ ਇਕੱਠੇ ਹੋਣ ਲਈ ਠਾਹਰ 'ਤੇ ਸੰਪਰਕ ਕਰਨ ਤੇ ਪਹੁੰਚਣ ਦੀ ਮੁਹਿੰਮ ਸ਼ੁਰੂ ਹੋ ਗਈ।

ਜੂਨ 84 ਦੇ ਘੱਲੂਘਾਰੇ ਤੋਂ ਬਾਅਦ ਖਿੰਡੇ-ਪੁੰਡੇ ਸਿੰਘਾਂ ਨੇ ਜਥੇਦਾਰ ਮਾਨ ਸਿੰਘ ਵੈਰੜ ਪੰਜਾਬ ਪੁਲਿਸ ਸਿੱਖ ਸਿਪਾਹੀ ਦੇ ਘਰ ਪਿੰਡੀ ਬਲੋਚਾਂ ਨੂੰ ਮੁੜ ਜਥੇਬੰਦ ਹੋਣ ਲਈ ਠਾਹਰ ਬਣਾਇਆ, ਜਿਥੇ ਸਿੱਖ ਸੰਘਰਸ਼ ਨੂੰ ਦੁਬਾਰਾ ਪਰਚੰਡ ਕਰਨ ਲਈ ਸਿੱਖ ਗੱਭਰੂ ਜੁਝਾਰੂ ਕਾਫਲੇ ਦੇ ਰੂਪ ਵਿੱਚ ਸੰਗਠਤ ਹੋਏ। ਭਾਈ ਦਲੀਪ ਸਿੰਘ ਰੋਡੇ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਬਾਬਾ ਦਰਸ਼ਨ ਸਿੰਘ ਮੱਲੇਵਾਲ, ਭਾਈ ਮੋਹਕਮ ਸਿੰਘ, ਭਾਈ ਗੁਰਨਾਮ ਸਿੰਘ, ਭਾਈ ਧੰਨਾ ਸਿੰਘ, ਭਾਈ ਹਰਭਜਨ ਸਿੰਘ ਮੰਡ, ਭਾਈ ਮਨਬੀਰ ਸਿੰਘ ਚਹੇੜੂ, ਭਾਈ ਬਲਵੀਰ ਸਿੰਘ ਫੌਜੀ ਰਾਏਪੁਰ, ਭਾਈ ਰਛਪਾਲ ਸਿੰਘ ਫੌਜੀ, ਭਾਈ ਸੁਖਵਿੰਦਰ ਸਿੰਘ ਲੱਡੂ ਸਰਹੰਦ, ਭਾਈ ਜਗੀਰ ਸਿੰਘ ਮਸਤ, ਭਾਈ ਅਜਾਇਬ ਸਿੰਘ ਅਭਿਆਸੀ ਆਦਿ ਸਿੰਘਾਂ ਨੇ ਇਸ ਠਾਹਰ ਤੋਂ ਹੀ ਸਿੰਘਾਂ ਦੀਆਂ ਵੱਖ-ਵੱਖ ਕੰਮਾਂ ਦੀਆਂ ਡਿਊਟੀਆਂ ਲਾਈਆਂ। ਹਥਿਆਰਾਂ ਦੀ ਪ੍ਰਾਪਤੀ, ਮਾਇਆ ਦੀ ਲੋੜ ਪੂਰੀ ਕਰਨੀ, ਮਹਿਤਾ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰ ਸੇਵਾ, ਸਿੱਖੀ ਪਰੰਪਰਾ ਅਨੁਸਾਰ ਅਰੰਭ ਕਰਨੀ, ਸਰਬੱਤ ਖਾਲਸਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਕਰਾਉਣ, ਦੁਸ਼ਟਾਂ ਦੀ ਸੁਧਾਈ, ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਦੁਬਾਰਾ ਲਾਮਬੰਦ ਕਰਨ, ਮੇਲੇ ਮੱਸਿਆ 'ਤੇ ਸਿੱਖ ਸੰਘਰਸ਼ ਦਾ ਪ੍ਰਚਾਰ ਕਰਨ ਆਦਿ ਫੈਸਲੇ 'ਤੇ ਵਿਚਾਰਾਂ ਜੁਝਾਰੂ ਸਿੰਘਾਂ ਨੇ ਇਸੇ ਠਾਹਰ 'ਤੇ ਕੀਤੀਆਂ। ਜਥੇਦਾਰ ਮਾਨ ਸਿੰਘ ਦੇ ਘਰ 70-70 ਸਿੰਘ ਵੀ ਇਕੱਠੇ ਹੋ ਜਾਂਦੇ ਸਨ, ਤੇ ਸਿੰਘਾਂ ਵਾਸਤੇ ਪ੍ਰਸ਼ਾਦਾ-ਪਾਣੀ, ਜਥੇਦਾਰ ਦੀ ਸਿੰਘਣੀ ਬੀਬੀ ਬਲਜਿੰਦਰ ਕੌਰ ਕਰਦੀ ਸੀ, ਨਾਲ ਬੱਚਿਆਂ ਨੂੰ ਵੀ ਹੱਥ ਵਟਾਉਣਾ ਪੈਂਦਾ ਸੀ। ਕਈ ਵਾਰ ਜਥੇ: ਮਾਨ ਸਿੰਘ ਆਪ, ਸਿੰਘਣੀ ਨਾਲ ਲੰਗਰ ਪਕਾਉਣ ਵਿਚ ਮਦਦ ਕਰਦੇ। ਸਿੰਘਾਂ ਦਾ ਆਉਣਾ-ਜਾਣਾ, ਲਗਾਤਾਰ ਬਣਿਆ ਰਹਿੰਦਾ ਸੀ। ਇਸ ਕੰਮ ਵਾਸਤੇ ਮਦਦ ਕਰਨ ਲਈ ਜਥੇਦਾਰ ਮਾਨ ਸਿੰਘ ਭਾਈ ਮੋਹਕਮ ਸਿੰਘ ਦਮਦਮੀ ਟਕਸਾਲ ਦੀ ਸਿੰਘਣੀ ਬੀਬੀ ਹਰਜਿੰਦਰ ਕੌਰ ਨੂੰ ਪਿੰਡ ਪੱਖੋਕੇ ਤੋਂ ਜਾ

ਕੇ ਲੈ ਆਏ। ਹੁਣ ਦੋਵੇਂ ਬੀਬੀਆਂ ਸਿੰਘਾਂ ਦੇ ਬਸਤਰ ਧੋਣ ਦੀ ਸੇਵਾ ਵੀ ਕਰਦੀਆਂ ਸਨ। ਅਕਾਲ ਪੁਰਖ ਵਾਹਿਗੁਰੂ ਦੀ ਇੰਨੀ ਕਿਰਪਾ ਸੀ ਕਿ ਘਰ ਵਿਚ ਕਦੇ ਕਿਸੇ ਚੀਜ਼ ਦੀ ਟੋਟ ਨਹੀਂ ਸੀ ਆਉਂਦੀ। ਇਕ ਸਾਲ ਤੋਂ ਵੱਧ ਸਮਾਂ ਇਹ ਘਰ ਜੁਝਾਰੂ ਸਿੰਘਾਂ ਦੀਆਂ ਸਰਗਰਮੀਆਂ ਤੇ ਪਨਾਹ ਦਾ ਕੇਂਦਰ ਰਿਹਾ। ਪਿੰਡ ਦੇ ਲੋਕਾਂ ਨੇ ਕਦੀ ਵੀ ਜਥੇਦਾਰ ਮਾਨ ਸਿੰਘ ਵੈਰੜ ਘਰ ਇੰਨੀ ਵੱਡੀ ਗਿਣਤੀ ਵਿੱਚ ਸਿੰਘਾਂ ਦੇ ਆਉਣ ਨੂੰ ਸ਼ੱਕ ਦੀ ਨਿਗ੍ਹਾ ਨਾਲ ਨਹੀਂ ਸੀ ਵੇਖਿਆ ਸਗੋਂ ਆਉਂਦੇ-ਜਾਂਦੇ ਸਿੰਘਾਂ ਨੂੰ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ' ਕਹਿ ਕੇ ਸਤਿਕਾਰ ਦੇਂਦੇ ਸਨ। ਇਤਿਹਾਸ ਦੇ ਪੰਨਿਆਂ ਨੂੰ ਇਹ ਫਖ਼ਰ ਨਾਲ ਕਬੂਲ ਕਰਨਾ ਪਵੇਗਾ ਕਿ ਇਸ ਪਿੰਡ ਦੇ ਵਾਸੀ ਬੜੇ ਚੰਗੇ ਇਨਸਾਨ ਸਨ ਤੇ ਇਸ ਪਿੰਡ ਵਿੱਚ ਕਦੇ ਵੀ ਕੋਈ ਸਿੰਘ ਪੁਲਿਸ ਨੇ ਗ੍ਰਿਫਤਾਰ ਨਹੀਂ ਸੀ ਕੀਤਾ।

ਜੁਝਾਰੂ ਸਿੰਘਾਂ ਨੇ ਪਿੰਡ ਸੈਂਦੇਰੁਹੇਲੇ ਕੋਲ (ਫਿਰੋਜ਼ਪੁਰ) ਪੰਜਾਬ ਪੁਲਿਸ ਦਾ ਹੌਲਦਾਰ ਗੋਲੀਆਂ ਮਾਰ ਕੇ ਮਾਰ ਦਿੱਤਾ, ਸਿੰਘ ਮੌਕਾ-ਏ-ਵਾਰਦਾਤ ਤੋਂ ਚਲੇ ਗਏ। ਹੌਲਦਾਰ ਅਜੇ ਤੜਫ ਰਿਹਾ ਸੀ, ਪਿੰਡ ਸੈਂਦੇਰੁਹੇਲੇ ਦੇ ਇਕ ਫੁਕਰੇ ਨੌਜਵਾਨ ਨੇ, ਹੌਲਦਾਰ ਨੂੰ ਠੁੱਡੇ ਮਾਰੇ। ਜਦੋਂ ਪੁਲਿਸ ਮੌਕਾ-ਏ-ਵਾਰਦਾਤ ਵਾਲੀ ਥਾਂ 'ਤੇ ਪਹੁੰਚੀ ਉਸ ਨੇ ਕਾਤਲਾਂ ਦੀ ਭਾਲ ਲਈ ਖੋਜੀ ਕੁੱਤੇ ਮੌਕੇ 'ਤੇ ਛੱਡੇ ਜੋ ਉਸ ਨੌਜਵਾਨ ਦੇ ਘਰ ਗਏ ਅਤੇ ਉਹ ਨੌਜਵਾਨ ਪੁਲਿਸ ਨੂੰ ਲੈ ਕੇ ਜੁਝਾਰੂ ਸਿੰਘਾਂ ਦੀ ਠਾਹਰ ਪਿੰਡੀ ਬਲੋਚਾਂ ਪਹੁੰਚ ਗਿਆ। ਪੁਲਿਸ ਨੇ ਜਥੇਦਾਰ ਮਾਨ ਸਿੰਘ ਦਾ ਘਰ ਪੁੱਛਿਆ ਤਾਂ ਪਿੰਡ ਦੇ ਲੋਕਾਂ ਨੇ ਫਿਰਨੀ ਦੇ ਉਤੋਂ ਦੀ ਵਲ ਕੇ ਆਉਣ ਲਈ ਕਿਹਾ ਤੇ ਆਪ ਭੱਜ ਕੇ ਜਥੇਦਾਰ ਮਾਨ ਸਿੰਘ ਦੇ ਘਰ ਦੱਸ ਆਏ ਕਿ ਤੁਹਾਡੇ ਘਰ ਪੁਲਿਸ ਆ ਰਹੀ ਹੈ, ਬਾਬਾ ਜੀ ਨਿਕਲ ਜਾਉ। ਉਸ ਸਮੇਂ ਘਰ ਵਿੱਚ ਭਾਈ ਹਰਭਜਨ ਸਿੰਘ ਮੰਡ, ਭਾਈ ਮਨਬੀਰ ਸਿੰਘ ਚਹੇੜੂ, ਭਾਈ ਧੰਨਾ ਸਿੰਘ ਅਤੇ ਭਾਈ ਗੁਰਨਾਮ ਸਿੰਘ ਮੌਜੂਦ ਸਨ, ਲੋਕਾਂ ਦੀ ਇਤਲਾਹ ਸੁਣ ਕੇ ਪੁਲਿਸ ਦੇ ਘਰ ਪਹੁੰਚਣ ਤੋਂ ਪਹਿਲਾਂ ਹੀ ਆਪਣੇ ਸ਼ਸਤਰ ਹੱਥਾਂ 'ਚ ਫੜ ਪਿੰਡ ਵਿੱਚ ਵੜ ਗਏ।

ਹਰਜਿੰਦਰ ਸਿੰਘ ਦਾ ਇਨ੍ਹੀਂ ਦਿਨੀਂ ਵਿਆਹ ਰੱਖਿਆ ਹੋਇਆ ਸੀ, ਪੁਲਿਸ ਹਰਜਿੰਦਰ ਸਿੰਘ ਨੂੰ ਫੜ੍ਹ ਕੇ ਲੈ ਗਈ। ਬੜਾ ਤਸ਼ੱਦਦ ਕੀਤਾ। ਹਰਜਿੰਦਰ ਸਿੰਘ ਤੁਰ ਵੀ ਨਹੀਂ ਸੀ ਸਕਦਾ। ਲੱਤਾਂ, ਪੈਰ ਸੁੱਜੇ ਹੋਏ ਸਨ। ਪੰਚਾਇਤਾਂ ਅਤੇ ਪਰਿਵਾਰ ਵਲੋਂ ਭੱਜ ਨੱਸ ਕਰ ਕੇ ਇੱਕ ਹਫਤਾ ਬਾਅਦ ਪੁਲਿਸ ਹਿਰਾਸਤ ਵਿੱਚੋਂ ਛੁਡਾ ਕੇ ਲਿਆਂਦਾ। ਦੋ ਦਿਨ ਬਾਅਦ ਹਰਜਿੰਦਰ ਸਿੰਘ ਦਾ ਵਿਆਹ ਸੀ, ਮਿਥੇ ਦਿਨ 'ਤੇ ਹਰਜਿੰਦਰ ਸਿੰਘ ਦੀ ਬਰਾਤ ਪਿੰਡ ਮੋਹਰੇਵਾਲਾ ਜਥੇਦਾਰ ਜਗੀਰ ਸਿੰਘ ਦੀ ਸਪੁੱਤਰੀ ਅਮਰਜੀਤ ਕੌਰ ਨੂੰ ਵਿਆਹੁਣ ਵਾਸਤੇ ਢੁਕੀ ਸੀ। ਸਿੰਘਾਂ ਦੀ ਠਾਹਰ ਪੁਲਿਸ ਦੇ ਨੋਟਿਸ ਵਿਚ ਆ ਗਈ ਸੀ। ਸਿੰਘਾਂ ਦਾ ਆਉਣਾ-ਜਾਣਾ ਘੱਟ ਗਿਆ ਸੀ। ਸਿੰਘ ਵੇਲੇ-ਕੁਵੇਲੇ ਹੀ ਆ ਕੇ

ਮਿਲ ਜਾਂਦੇ ਸਨ। ਪੁਲਿਸ ਵਾਲੇ ਸਿੰਘਾਂ ਦੀ ਭਾਲ ਵਿਚ ਨਿੱਤ ਦਿਹਾੜੇ ਛਾਪਾਮਾਰੀ ਕਰਦੇ ਸਨ ਤੇ ਤੰਗ ਕਰਦੇ ਸਨ, ਜਿਸ ਕਾਰਨ ਹਰਜਿੰਦਰ ਸਿੰਘ ਆਨੰਦ ਕਾਰਜ ਤੋਂ ਦੋ ਮਹੀਨੇ ਬਾਅਦ ਭਗੌੜਾ ਹੋ ਗਿਆ। ਸੰਨ 1987 'ਚ ਪੁਲਿਸ ਨੇ ਗ੍ਰਿਫਤਾਰ ਕਰ ਕੇ ਕਤਲਾਂ ਦਾ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ। 6 ਮਹੀਨੇ ਫਰੀਦਕੋਟ ਜੇਲ੍ਹ 'ਚ ਰੱਖਿਆ ਗਿਆ। ਇਕ ਸਾਲ ਸੰਗਰੂਰ ਜੇਲ੍ਹ ਵਿੱਚ ਰੱਖਿਆ ਗਿਆ। ਸੰਗਰੂਰ ਜੇਲ੍ਹ ਵਿੱਚੋਂ ਜਮਾਨਤ 'ਤੇ ਘਰ ਆਇਆ। ਪਰ ਪੰਜਾਬ ਪੁਲਿਸ ਨੇ ਘਰ ਟਿਕਣ ਨਾ ਦਿੱਤਾ ਤੇ ਫਿਰ ਭਗੌੜੇ ਹੋ ਗਏ ਤੇ ਖਾਲਿਸਤਾਨ ਕਮਾਂਡੋ ਫੋਰਸ ਜ਼ਫਰਵਾਲ ਵਿੱਚ ਸ਼ਾਮਲ ਹੋ ਗਏ। ਇਕ ਵਾਰੀ ~~ਕੁਝ ਸਾਥੀਆਂ ਸਮੇਤ ਪਿੰਡ ਆਏ, ਇਨ੍ਹੀਂ ਦਿਨੀਂ ਬਾਬਾ ਫਰੀਦ ਜੀ ਦਾ ਫਰੀਦਕੋਟ~~ ਵਿਖੇ ਮੇਲਾ ਸੀ, ਘਰੋਂ ਮਿਲ ਕੇ ਘਰ ਦੀ ਲਾਇਸੰਸੀ ਬੰਦੂਕ ਲੈ ਗਏ ਤੇ ਰਾਤ ਖੇਤਾਂ ਵਿੱਚ ਬੰਬੀ 'ਤੇ ਸੁੱਤੇ। ਪੁਲਿਸ ਦੇ ਮੁਖਬਰ ਨੇ ਮੁਖਬਰੀ ਕਰ ਦਿੱਤੀ। ਪੰਜਾਬ ਪੁਲਿਸ ਨੇ ਘੇਰਾ ਪਾ ਲਿਆ। ਜਿੰਦੇ ਨੇ ਲਾਇਸੰਸੀ ਬੰਦੂਕ ਨਾਲ ਪੁਲਿਸ 'ਤੇ ਗੋਲੀ ਚਲਾਈ ਤੇ ਨਾਲਦੇ ਤਿੰਨ ਸਾਥੀਆਂ ਨੂੰ ਪੁਲਿਸ ਦੇ ਘੇਰੇ ਵਿੱਚੋਂ ਕੱਢ ਦਿੱਤਾ। ਇਸ ਮੁਕਾਬਲੇ ਵਿਚ ਡੀ.ਐਸ.ਪੀ. ਪੰਜਾਬ ਪੁਲਿਸ ਫਰੀਦਕੋਟ ਗੋਲੀ ਲੱਗਣ ਨਾਲ ਜ਼ਖਮੀ ਹੋ ਗਿਆ ਸੀ। ਹਰਜਿੰਦਰ ਸਿੰਘ ਦੇ ਪੱਟ ਵਿੱਚ ਗੋਲੀ ਲੱਗੀ ਤੇ ਜ਼ਖਮੀ ਹਾਲਤ ਵਿੱਚ ਪੁਲਿਸ ਨੇ ਫੜ੍ਹ ਲਿਆ। ਪੁਲਿਸ ਹਰਜਿੰਦਰ ਸਿੰਘ ਨੂੰ ਫੜ੍ਹ ਕੇ ਰਾਤ ਘਰ ਲੈ ਆਈ, ਜਥੇਦਾਰ ਮਾਨ ਸਿੰਘ ਦੀ ਫਰੀਦਕੋਟ ਡਿਊਟੀ ਸੀ ਤੇ ਉਹ ਡਿਊਟੀ ਤੋਂ ਉਸ ਦਿਨ ਰਾਤ ਨੂੰ ਘਰ ਆਏ ਹੋਏ ਸਨ, ਉਸ ਨੂੰ ਵੀ ਪੁਲਿਸ ਫੜ੍ਹ ਕੇ ਲੈ ਗਈ। ਚੰਗੇ ਅਫਸਰਾਂ ਵੱਲੋਂ ਜਥੇਦਾਰ ਮਾਨ ਸਿੰਘ ਦੀ ਈਮਾਨਦਾਰੀ ਨੂੰ ਵੇਖਦਿਆਂ, ਇਸ ਕੇਸ ਵਿੱਚੋਂ ਬਾਹਰ ਕੱਢ ਦਿੱਤਾ ਤੇ ਫਰੀਦਕੋਟ ਤੋਂ ਬਦਲੀ ਕਰਕੇ ਹੁਸ਼ਿਆਰਪੁਰ ਭੇਜ ਦਿੱਤਾ। ਹਰਜਿੰਦਰ ਸਿੰਘ 'ਤੇ ਪੁਲਿਸ ਨਾਲ ਮੁਕਾਬਲਾ ਕਰਨ ਦਾ ਕੇਸ ਪਾ ਕੇ ਜੇਲ੍ਹ 'ਚ ਬੰਦ ਕਰ ਦਿੱਤਾ। ਢਾਈ ਸਾਲ ਸੰਗਰੂਰ ਜੇਲ੍ਹ ਵਿੱਚ ਬੰਦ ਰਹੇ ਤੇ ਜ਼ਮਾਨਤ 'ਤੇ ਘਰ ਆਏ। ਘਰ ਦਾ ਕੰਮ-ਧੰਦਾ ਕਰਨ ਲੱਗੇ। ਇਕ ਸਾਲ ਹੋ ਗਿਆ ਸੀ ਘਰ ਟਿਕਿਆਂ ਨੂੰ। ਕੇਸ ਦੀ ਤਰੀਕ 'ਤੇ ਜਾ ਕੇ ਆਉਂਦੇ ਸਨ। ਪੰਜਾਬ ਪੁਲਿਸ ਦੇ ਹੌਲਦਾਰ ਬਲਵੀਰ ਸਿੰਘ ਤੁਰਿੰਡੇ ਪਿੰਡ ਦਾ ਖਾੜਕੂਆਂ ਵੱਲੋਂ ਪਰਿਵਾਰ ਮਾਰ ਦਿੱਤਾ ਗਿਆ। ਜਿਸ ਦੀ ਜ਼ਿੰਮੇਵਾਰੀ ਰਾਜਬੀਰ ਸਿੰਘ ਗੁਰਦਾਸਪੁਰੀ ਵੱਲੋਂ ਲੈਂਦਿਆਂ ਇਸ ਜ਼ਿੰਮੇਵਾਰੀ ਵਿਚ ਹਰਜਿੰਦਰ ਸਿੰਘ ਦਾ ਨਾਂ ਵੀ ਪਾ ਦਿੱਤਾ ਗਿਆ। ਇਹ ਰਾਜਬੀਰ ਸਿੰਘ ਗੁਰਦਾਸਪੁਰੀ ਦੀ ਹਰਜਿੰਦਰ ਸਿੰਘ ਨੂੰ ਮੁੜ ਖਾੜਕੂ ਸਫਾਂ ਵਿਚ ਰਲਣ ਲਈ ਭਗੌੜਾ ਕਰਨ ਦੀ ਚਾਲ ਮੰਨੀ ਜਾਂਦੀ ਹੈ। ਹਰਜਿੰਦਰ ਸਿੰਘ ਨੇ ਇਸ ਘਿਨਾਉਣੇ ਕਾਂਡ ਦਾ ਖੰਡਨ ਕਰਦਿਆਂ ਨਿੰਦਾ ਕੀਤੀ ਕਿ ਕਿਸੇ ਵੀ ਪੰਜਾਬ ਪੁਲਿਸ ਦੇ ਜਵਾਨ ਦਾ ਪਰਿਵਾਰ ਮਾਰ ਦੇਣਾ ਲੋਕਾਂ ਨੂੰ ਖਾੜਕੂ ਸੰਘਰਸ਼ ਨਾਲੋਂ ਤੋੜਨ ਵਾਲੀ ਕਾਰਵਾਈ ਹੈ। ਜਦ ਕਿ ਬਲਵੀਰ ਸਿੰਘ ਹੌਲਦਾਰ ਦਾ ਪਿਛੋਕੜ

ਸਿੱਖ ਸੰਘਰਸ਼ ਦਾ ਵਿਰੋਧੀ ਨਹੀਂ ਹੈ ਤੇ ਜੱਟ ਭਾਈਚਾਰੇ ਦੀ ਇਹ ਵੀ ਇਕ ਤਰਾਸਦੀ ਹੈ ਕਿ ਉਹ ਬਾਗੀ ਖਾੜਕੂਆਂ ਨੂੰ ਪਨਾਹ ਇਸ ਲਈ ਵੀ ਦੇਂਦੇ ਹਨ ਕਿ ਕਈ ਵਾਰੀ ਉਨ੍ਹਾਂ ਨੇ ਆਪਣੇ ਵਿਰੋਧੀ ਨੂੰ ਬਾਗੀਆਂ ਹੱਥੋਂ ਖਤਮ ਕਰਵਾਉਣਾ ਹੁੰਦਾ ਹੈ। ਖਾੜਕੂ ਸਿੰਘਾਂ ਨੇ ਪੰਥਕ ਕਮੇਟੀ ਇਸ ਵਾਸਤੇ ਹੀ ਬਣਾਈ ਸੀ ਕਿ ਉਸ ਦੇ ਦਿਸ਼ਾ ਨਿਰਦੇਸ਼ ਤੋਂ ਬਿਨਾਂ ਕੋਈ ਐਕਸ਼ਨ ਨਾ ਕੀਤਾ ਜਾਵੇ। ਪਰ ਇਸ ਦੇ ਉਲਟ ਹਰ ਹਥਿਆਰਬੰਦ ਖਾੜਕੂ ਵੱਲੋਂ ਆਪ ਮੁਹਾਰੀ ਕੀਤੀ ਗਈ ਹਿੰਸਾ, ਸਿੱਖ ਸੰਘਰਸ਼ ਦੇ ਪਤਨ ਦਾ ਇੱਕ ਕਾਰਨ ਬਣੇਗੀ। ਹਰਜਿੰਦਰ ਸਿੰਘ ਵੱਲੋਂ ਕੀਤੀ ਗਈ ਇਸ ਕਤਲੋਗਾਰਤ ਦੇ ਖੰਡਨ ਦਾ ਕਿਥੇ ਕਿਸੇ ਉਤੇ ਅਸਰ ਹੋਣਾ ਸੀ ਤੇ ਕਿਸ ਨੇ ਸਚਿਆਈ ਜਾਨਣ ਦੀ ਕੋਸ਼ਿਸ਼ ਕਰਨੀ ਸੀ। ਜਦਕਿ ਉਨ੍ਹੀਂ ਦਿਨੀਂ ਅਜਿਹੇ ਕਾਂਡ ਕਰਨ ਲਈ ਖਾੜਕੂ ਸਿੰਘਾਂ ਨੂੰ ਉਕਸਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿਹੁੰ ਤੇ ਪੰਜਾਬ ਪੁਲਿਸ ਦੇ ਮੁਖੀ ਕੇ.ਪੀ.ਐਸ. ਗਿੱਲ ਦੀ ਜੋੜੀ ਵੀ ਪਿੱਛੇ ਨਹੀਂ ਸੀ। ਉਸ ਨੇ ਖਾੜਕੂ ਸਿੰਘਾਂ ਦੇ ਪਰਿਵਾਰ ਖਤਮ ਕਰਨ ਦੀ ਮੁਹਿੰਮ ਵਿੱਢੀ ਹੋਈ ਸੀ। ਪੁਲਿਸ ਮੁਖਬਰ, ਮੁਖਬਰੀ ਦੇ ਨਾਲ-ਨਾਲ ਸਰਕਾਰੀ ਹਥਿਆਰਾਂ ਨਾਲ, ਸਿੱਖ ਸੰਘਰਸ਼ ਦੇ ਹਮਦਰਦਾਂ ਤੇ ਪਰਿਵਾਰਾਂ ਦੀ ਨਸਲਕੁਸ਼ੀ ਕਰ ਰਹੇ ਸਨ।

ਇਹਨਾਂ ਹਾਲਤਾਂ ਵਿੱਚ ਪੁਲਿਸ ਦੇ ਮੁਖਬਰਾਂ ਨੂੰ ਪਿੰਡੀ ਬਲੋਚਾਂ 'ਚ ਵੱਸਦੇ ਜਥੇਦਾਰ ਮਾਨ ਸਿੰਘ ਦਾ ਘਰ ਬਹੁਤ ਰੜਕਦਾ ਸੀ ਤੇ ਉਹ ਸਮਝਦੇ ਸਨ ਕਿ ਕਿਸੇ ਤਰ੍ਹਾਂ ਖਾੜਕੂ ਸਿੰਘਾਂ ਦੇ ਇਲਾਕੇ ਦੇ ਸਭ ਤੋਂ ਵੱਡੇ ਮਦਦਗਾਰ ਜਥੇਦਾਰ ਮਾਨ ਸਿੰਘ ਨੂੰ ਖਤਮ ਕੀਤਾ ਜਾਵੇ। ਭਾਈ ਸੁਖਮੰਦਰ ਸਿੰਘ ਦੀਪ ਸਿੰਘ ਵਾਲਾ ਤੇ ਉਸਦੇ ਸਾਥੀ ਸਿੰਘਾਂ ਨੂੰ ਸ਼ਹੀਦ ਕਰਵਾਉਣ ਵਾਲਾ ਮੁਖਬਰ ਪਰਿਵਾਰ ਵੀ ਸਿੰਘਾਂ ਦੇ ਰੋਹ ਦਾ ਨਿਸ਼ਾਨਾ ਬਣਿਆ ਸੀ। ਉਨ੍ਹਾਂ ਵੀ ਹਰਜਿੰਦਰ ਸਿੰਘ ਦੇ ਪਿਤਾ ਮਾਨ ਸਿੰਘ ਤੇ ਛੋਟੇ ਭਰਾ ਗੁਰਵਿੰਦਰ ਸਿੰਘ ਨੂੰ ਖਤਮ ਕਰਨ ਲਈ ਪੂਰੀ ਸਰਗਰਮੀ ਅਰੰਭੀ ਹੋਈ ਸੀ ਤੇ ਜਿਹੜੇ ਪੁਲਿਸ ਵਾਲਿਆਂ ਦੇ ਪਰਿਵਾਰ ਖਾੜਕੂਆਂ ਹੱਥੋਂ ਮਾਰੇ ਗਏ ਸਨ ਤੇ ਆਪਣੇ ਵਰਗੇ ਗੱਦਾਰੀ ਦੇ ਪੁੰਜਾਂ ਨੂੰ ਹਰਜਿੰਦਰ ਸਿੰਘ ਦਾ ਪਰਿਵਾਰ ਮਾਰ ਕੇ ਬਦਲਾ ਲੈਣ ਲਈ ਉਕਸਾਇਆ। ਹਕੂਮਤ ਵੱਲੋਂ ਤਾਂ ਪਹਿਲਾਂ ਹੀ ਅਜਿਹੇ ਕਾਂਡਾਂ ਦੀ ਪੁਲਿਸ ਤੇ ਬਲੈਕ ਕੈਟਾਂ ਨੂੰ ਖੁਲ੍ਹ ਦੇ ਛੱਡੀ ਸੀ ਤੇ ਫਿਰ ਡਰ ਕਾਹਦਾ ਸੀ। ਇਸ ਨੂੰ ਅੰਜਾਮ ਦੇਣ ਲਈ ਸਾਵਣ 1992 ਨੂੰ ਰਾਤ ਦੇ 9 ਵਜੇ ਦੇ ਕਰੀਬ ਜਦੋਂ ਪਰਿਵਾਰ ਪ੍ਰਸ਼ਾਦਾ ਛਕ ਕੇ ਹਾਲੇ ਜਾਗਦਾ ਹੀ ਸੀ, ਚਿੱਟ ਕੱਪੜੀਏ ਕਾਤਲ ਟੋਲਾ ਪਿੱਛੇ ਜਿਪਸੀਆਂ ਰੋਕ ਕੇ ਘਰ ਅੰਦਰ ਦਾਖਲ਼ ਹੋਇਆ ਤੇ ਗੁਰਵਿੰਦਰ ਸਿੰਘ ਨੂੰ ਬਾਂਹ ਤੋਂ ਫੜ੍ਹ ਲਿਆ। ਪਹਿਲਾਂ ਤਾਂ ਪਰਿਵਾਰ ਨੇ ਸਮਝਿਆ ਸੀ ਕਿ ਸਿੰਘ ਹੋਣਗੇ। ਜਦੋਂ ਉਨ੍ਹਾਂ ਕੋਲੋਂ ਸ਼ਰਾਬ ਦੀ ਹਵਾੜ ਆਈ ਤੇ ਕਹਿਣ ਲੱਗਾ ਡੈਡੀ ਕਮਾਂਡੋ ਵਾਲੇ ਈ। ਜਥੇਦਾਰ ਮਾਨ ਸਿੰਘ ਨੇ 2 ਕੁ ਸਾਲ ਦੇ ਪੋਤਰੇ ਪਰਦੀਪ ਨੂੰ ਕੁੱਛੜ

ਚੁੱਕਿਆ ਹੋਇਆ ਸੀ। ਕਾਤਲ ਟੋਲੇ ਨੇ ਜਥੇਦਾਰ ਮਾਨ ਸਿੰਘ ਨੂੰ ਵੀ ਘਰੋਂ ਉਠਾ ਕੇ ਬਾਹਰ ਲਿਜਾਣਾ ਚਾਹਿਆ ਸੀ ਤਾਂ ਮਾਤਾ ਬਲਜਿੰਦਰ ਕੌਰ ਨੇ ਜਥੇਦਾਰ ਤੋਂ ਪੋਤਰਾ ਚੁੱਕ ਲਿਆ। ਗੁਰਵਿੰਦਰ ਦੇ ਇੰਨੀ ਕਹਿਣ ਦੀ ਦੇਰ ਸੀ ਕਿ ਡੈਡੀ ਇਹ ਕਮਾਂਡੋ ਵਾਲੇ ਈ ਤਾਂ ਉਨ੍ਹਾਂ ਕਾਤਲ ਟੋਲੇ ਨੇ ਅਨਦਾਹੜੀਏ ਗੁਰਵਿੰਦਰ ਸਿੰਘ ਨੂੰ ਘਰ ਦੇ ਵਿਹੜੇ ਵਿੱਚ ਹੀ ਗੋਲੀਆਂ ਮਾਰ ਕੇ ਮਾਰ ਦਿੱਤਾ ਤੇ ਕੋਈ 15 ਮਿੰਟ ਕਾਤਲ ਮਕਾਨਾਂ ਦੀਆਂ ਛੱਤਾਂ ਤੇ ਬਨੇਰਿਆਂ 'ਤੇ ਗੋਲੀਆਂ ਚਲਾਉਂਦੇ ਰਹੇ ਤੇ ਇੰਨੀ ਦਹਿਸ਼ਤ ਪਾ ਦਿੱਤੀ ਕਿ ਸਾਰਾ ਪਿੰਡ ਸੁੰਨ ਹੋ ਕੇ ਰਹਿ ਗਿਆ। ਮਾਤਾ ਬਲਜਿੰਦਰ ਕੌਰ ਦੀ ਮਾਤਾ ਜੀ ਵੀ ਤੇ ਕੁਝ ਹੋਰ ਬੀਬੀਆਂ ਆਈਆਂ ਹੋਈਆਂ ਸਨ। ਸਾਰੀ ਰਾਤ ਦੋ ਲਾਸ਼ਾਂ ਘਰ ਵਿੱਚ ਪਈਆਂ ਰਹੀਆਂ। ਮਾਤਾ ਬਲਜਿੰਦਰ ਕੌਰ ਸਾਰੀ ਰਾਤ ਗੁਆਂਢੀਆਂ ਦੇ ਕੋਠੇ 'ਤੇ 2 ਸਾਲ ਦੇ ਪੋਤਰੇ ਨੂੰ ਚੁੱਕ ਕੇ ਬੈਠੀ ਰਹੀ ਕਿ ਕਿਤੇ ਫੇਰ ਕਾਤਲ ਆ ਕੇ ਰਹਿੰਦੇ ਜੀਅ ਵੀ ਨਾ ਮਾਰ ਜਾਣ। ਸਾਰੀ ਰਾਤ ਪਿੰਡ ਸੁੰਨਸਾਨ ਰਿਹਾ। ਕੋਈ ਕਿਸੇ ਵੀ ਘਰ ਆਉਣ ਦੀ ਹਿੰਮਤ ਨਾ ਕਰੇ। ਦਿਨ ਚੜ੍ਹੇ ਕੁਝ ਲੋਕ ਘਰ ਆਏ ਤੇ ਮਾਤਾ ਦੇ ਨਾਲ ਜਾ ਕੇ ਸਾਦਿਕ ਥਾਣੇ ਵਿੱਚ ਕਤਲਾਂ ਦੀ ਇਤਲਾਹ ਦਿੱਤੀ। ਫਰੀਦਕੋਟ ਦੇ ਐਸ.ਐਸ.ਪੀ., ਡੀ.ਐਸ.ਪੀ. ਤੇ ਹੋਰ ਫੋਰਸ ਵੀ ਪਹੁੰਚ ਗਈ ਤੇ ਮਾਤਾ ਬਲਜਿੰਦਰ ਕੌਰ ਨੂੰ ਕਹਿਣ ਲੱਗੇ ਕਿ ਕਿਹੜੇ ਖਾੜਕੂਆਂ ਵੱਲੋਂ ਕਤਲ ਕੀਤੇ ਗਏ ਹਨ, ਤੁਸੀਂ ਬਿਆਨ ਲਿਖਾਉ। ਮਾਤਾ ਬਲਜਿੰਦਰ ਕੌਰ ਨੇ ਕਿਹਾ ਕਿ ਮੇਰੇ ਪਤੀ ਜਥੇਦਾਰ ਮਾਨ ਸਿੰਘ ਤੇ ਪੁੱਤਰ ਗੁਰਵਿੰਦਰ ਸਿੰਘ ਦਾ ਕਤਲ ਕਿਸੇ ਖਾੜਕੂ ਨੇ ਨਹੀਂ ਕੀਤਾ, ਆਹ ਪੁਲਿਸ ਦੇ ਬੰਦੇ ਅਤੇ ਆਹ ਪੁਲਿਸ ਦੇ ਮੁਖਬਰ ਹਨ ਉਨ੍ਹਾਂ ਨੂੰ ਮੈਂ ਸਿਆਣ ਲਿਆ ਹੈ। ਮੇਰੇ ਬਿਆਨ ਲਿਖੋ। ਪੁਲਿਸ ਵਾਲੇ ਕਹਿਣ ਕਿ ਮਾਤਾ ਤੁਸੀਂ ਕਿਸੇ ਖਾੜਕੂ ਦਾ ਨਾਂ ਲਿਖਾ ਦੇਵੋ, ਸਰਕਾਰ ਵੱਲੋਂ ਤੁਹਾਡੀ ਮਦਦ ਵੀ ਹੋ ਜਾਵੇਗੀ। ਮਾਤਾ ਰੋਹ ਵਿੱਚ ਆ ਗਈ ਤੇ ਕਹਿੰਦੀ ਕਿ ਮੇਰਾ ਪੁੱਤ ਤੇ ਪਤੀ ਤੁਸੀਂ ਮਾਰ ਦਿੱਤੇ, ਜਿਹੜੇ ਕਾਤਲ ਮੈਂ ਤੁਹਾਨੂੰ ਦੱਸ ਰਹੀ ਹਾਂ ਲਿਖੋ, ਮੈਨੂੰ ਪੈਸਿਆਂ ਦੀ ਸਰਕਾਰੀ ਮਦਦ ਦੀ ਲੋੜ ਨਹੀਂ। ਜੇ ਤੁਸੀਂ ਅਸਲੀ ਕਾਤਲਾਂ ਨੂੰ ਹੱਥ ਨਹੀਂ ਪਾ ਸਕਦੇ ਤਾਂ ਜਾਉ, ਅਸੀਂ ਸਸਕਾਰ ਕਰਕੇ ਸਬਰ ਕਰ ਲਵਾਂਗੇ। ਪੁਲਿਸ ਨੇ ਮਾਤਾ ਦਾ ਕੋਈ ਵੀ ਬਿਆਨ ਨਾ ਲਿਖਿਆ ਤੇ ਪੋਸਟ ਮਾਰਟਮ ਕਰਨ ਤੋਂ ਬਾਅਦ ਪੁਲਿਸ ਦੇ ਸਖਤ ਪਹਿਰੇ ਹੇਠਾਂ ਜਥੇਦਾਰ ਮਾਨ ਸਿੰਘ ਤੇ ਗੁਰਵਿੰਦਰ ਸਿੰਘ ਦਾ ਸਸਕਾਰ ਕਰਾ ਕੇ ਚਲੇ ਗਏ। ਜਥੇਦਾਰ ਮਾਨ ਸਿੰਘ ਤੇ ਗੁਰਵਿੰਦਰ ਸਿੰਘ ਦਾ ਪਾਠ ਦਾ ਭੋਗ ਪਾਇਆ ਗਿਆ, ਇਸ ਸਮੇਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਠਾਕੁਰ ਸਿੰਘ ਜੀ ਜਥੇ ਸਮੇਤ ਅਤੇ ਸ: ਸਿਮਰਨਜੀਤ ਸਿੰਘ ਮਾਨ, ਭਾਈ ਧਿਆਨ ਵਿਚ ਮੰਡ, ਭਾਈ ਇੰਦਰਜੀਤ ਸਿੰਘ ਸੇਖੋਂ ਅਤੇ ਇਲਾਕੇ ਵਿਚੋਂ ਸੰਗਤ ਵੱਡੀ ਗਿਣਤੀ 'ਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਪਹੁੰਚੀ।

ਪਿਤਾ ਤੇ ਪੁੱਤਰ ਦੀ ਸ਼ਹਾਦਤ ਤੋਂ ਬਾਅਦ ਮਾਤਾ ਜੀ ਆਪਣੇ ਪੋਤਰੇ ਨੂੰ ਉਸਦੀ ਮਾਤਾ ਅਮਰਜੀਤ ਕੌਰ ਕੋਲ ਛੱਡ ਆਈ। ਇਸੇ ਕਾਤਲ ਟੋਲੇ ਨੇ ਥੋੜੇ ਦਿਨਾਂ ਬਾਅਦ ਹਰਜਿੰਦਰ ਸਿੰਘ ਦੇ ਸਹੁਰਾ ਸਾਹਿਬ ਜਥੇਦਾਰ ਜਗੀਰ ਸਿੰਘ ਮੋਹਰੇਵਾਲਾ ਨੂੰ ਇਸ ਲਈ ਕਤਲ ਕਰ ਦਿੱਤਾ ਕਿ ਉਸ ਨੇ ਜਥੇਦਾਰ ਮਾਨ ਸਿੰਘ ਤੇ ਗੁਰਵਿੰਦਰ ਸਿੰਘ ਨੂੰ ਕਤਲ ਕਰਨ ਵਾਲਿਆਂ ਦੀ ਪੈੜ-ਸੂਹ ਕੱਢ ਲਈ ਸੀ ਤੇ ਕਨੂੰਨੀ ਚਾਰਾਜੋਈ ਕਰਨ ਲਈ ਹਾਈਕੋਰਟ ਜਾਣ ਦੀ ਤਿਆਰੀ ਕਰ ਰਿਹਾ ਸੀ। ਪੰਜਾਬ ਪੁਲਿਸ ਵਾਲੇ ਮਾਤਾ ਬਲਜਿੰਦਰ ਕੌਰ ਤੇ ਸੁਖਮੰਦਰ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਛਾਪੇ ਮਾਰਨ ਲੱਗੀ। ਪਰਿਵਾਰ ਵਾਲੇ ਮਹਿਤੇ ਗੁਰਦੁਆਰਾ ਸਾਹਿਬ ਰਹਿ ਕੇ ਵਕਤ ਲੰਘਾਉਣ ਲੱਗੇ।

ਭਾਈ ਹਰਜਿੰਦਰ ਸਿੰਘ ਜਿੰਦਾ ਪੂਰੀ ਦ੍ਰਿੜ੍ਹਤਾ ਨਾਲ ਖਾਲਿਸਤਾਨ ਦੀ ਪ੍ਰਾਪਤੀ ਦੀ ਲੜਾਈ ਲੜ ਰਿਹਾ ਸੀ ਤੇ ਉਸ ਦਾ ਖਾਲਿਸਤਾਨ ਕਮਾਂਡੋ ਫੋਰਸ ਨਾਲ ਸਬੰਧ ਸੀ। ਭਾਈ ਗੁਰਜੰਟ ਸਿੰਘ ਰਾਜਸਥਾਨੀ, ਵੱਸਣ ਸਿੰਘ ਜਫਰਵਾਲ ਦੀ ਕਮਾਂਡ ਹੇਠ ਸੰਘਰਸ਼ ਵਿੱਚ ਸੇਵਾ ਕਰ ਰਿਹਾ ਸੀ। ਭਾਈ ਸੁਖਮੰਦਰ ਸਿੰਘ ਦੀਪ ਸਿੰਘ ਵਾਲਾ, ਭਾਈ ਸ਼ਬੇਗ ਸਿੰਘ ਲੁਬਾਣਿਆਂ ਵਾਲੀ, ਭਾਈ ਕੁਲਦੀਪ ਸਿੰਘ ਲੱਧੂ, ਭਾਈ ਰਣਜੀਤ ਸਿੰਘ ਰਾਣਾ ਠੇਠਰਕੇ ਆਦਿ ਸਿੰਘਾਂ ਨਾਲ ਸੇਵਾ ਕਰਨ ਦਾ ਉਸਨੂੰ ਮਾਣ ਹਾਸਲ ਸੀ। ਹਰਜਿੰਦਰ ਸਿੰਘ ਜਿੰਦਾ, ਜਿਸਨੂੰ ਖਾੜਕੂ ਸਿੰਘ ਮੁਸੀਬਤ ਸਿੰਘ ਨਾਮ ਨਾਲ ਬੁਲਾਉਂਦੇ ਸਨ, ਨਿਰਦੋਸ਼ਾਂ ਦੇ ਕਤਲ ਕਰਨ ਦੇ ਵਿਰੁੱਧ ਸੀ ਅਤੇ ਸਿੱਖ ਸੰਘਰਸ਼ ਦੇ ਦੁਸ਼ਮਣਾਂ ਅਤੇ ਸਿੰਘਾਂ ਨੂੰ ਸ਼ਹੀਦ ਕਰਨ ਅਤੇ ਕਰਾਉਣ ਵਾਲਿਆਂ ਨੂੰ ਸੋਧਣ ਲਈ ਸਦਾ ਤਿਆਰ ਰਹਿੰਦਾ ਸੀ।

8 ਅਕਤੂਬਰ 1992 ਨੂੰ ਭਾਈ ਹਰਜਿੰਦਰ ਸਿੰਘ ਪਿੰਡ ਮਹਿਮਾ (ਟਾਹਲੀ ਵਾਲਾ, ਫਿਰੋਜ਼ਪੁਰ) ਵਿਖੇ ਆਪਣੀ ਠਾਹਰ 'ਤੇ ਬੈਠਾ ਸੀ ਤੇ ਮਾਤਾ ਬਲਜਿੰਦਰ ਕੌਰ, ਸਿੰਘਣੀ ਅਮਰਜੀਤ ਕੌਰ, ਬੇਟੇ ਪਰਦੀਪ ਸਮੇਤ ਜਿੰਦੇ ਨੂੰ ਮਿਲਣ, ਆਈਆਂ ਹੋਈਆਂ ਸਨ। 8 ਅਕਤੂਬਰ 1992 ਨੂੰ ਸ਼ਾਮ 5 ਵਜੇ 6 ਪੁਲਿਸ ਵਾਲੇ ਚਿੱਟ ਕੱਪੜੀਏ, ਮੋਢੇ 'ਤੇ ਅਸਾਲਟਾਂ ਪਾਈ ਸਿੰਘਾਂ ਦੇ ਭੇਸ ਵਿੱਚ ਢਾਣੀ ਵੱਲ ਆਉਂਦੇ ਦਿਸੇ ਤਾਂ ਅਮਰਜੀਤ ਕੌਰ ਨੇ ਕਿਹਾ ਕਿ 5-6 ਬੰਦੇ ਹਥਿਆਰਾਂ ਵਾਲੇ ਆ ਰਹੇ ਹਨ। ਤਾਂ ਹਰਜਿੰਦਰ ਕਹਿੰਦਾ ਕਿ ਆਪਣੇ ਸਿੰਘ ਹੀ ਹੋਣਗੇ। ਹਥਿਆਰਬੰਦ ਬੰਦੇ ਘਰ ਅੰਦਰ ਆ ਗਏ ਤੇ ਉਨ੍ਹਾਂ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾਈ। ਹਰਜਿੰਦਰ ਸਿੰਘ ਨੇ ਉਨ੍ਹਾਂ ਨੂੰ ਪਛਾਨਣ ਦੀ ਕੋਸ਼ਿਸ਼ ਕੀਤੀ। ਹਰਜਿੰਦਰ ਸਿੰਘ ਕੋਲ ਉਸ ਦਿਨ ਕੋਈ ਹਥਿਆਰ ਨਹੀਂ ਸੀ, ਉਹ ਤਾਂ ਇਸ ਠਾਹਰ 'ਤੇ ਮਾਤਾ, ਸਿੰਘਣੀ ਤੇ ਬੇਟੇ ਨੂੰ ਮਿਲਣ ਵਾਸਤੇ ਆਇਆ ਸੀ ਜੋ ਮੰਜੇ 'ਤੇ ਲੱਤਾਂ ਲਮਕਾ ਕੇ ਬੈਠਾ ਹੋਇਆ ਸੀ ਤੇ ਪਰਦੀਪ ਜਿਸਦੀ ਉਮਰ ਉਸ ਸਮੇਂ ਸਵਾ 2 ਸਾਲ ਸੀ ਕੋਲ ਖੇਡ ਰਿਹਾ ਸੀ। ਹਥਿਆਰਬੰਦ

ਬੰਦੇ ਹਰਕਤ ਵਿੱਚ ਆਏ। 5 ਬੰਦੇ ਹਰਜਿੰਦਰ ਦੇ ਸਾਹਮਣੇ ਸਨ ਤੇ ਇਕ ਬੰਦੇ ਨੇ ਪਿੱਛੋਂ ਹਰਜਿੰਦਰ ਸਿੰਘ ਨੂੰ ਜੱਫਾ ਭਰ ਲਿਆ। ਉਨ੍ਹਾਂ ਦਾ ਮਕਸਦ ਹਰਜਿੰਦਰ ਸਿੰਘ ਨੂੰ ਕਾਬੂ ਕਰ ਕੇ ਲਿਜਾਣ ਦਾ ਸੀ। ਪਰ ਹਰਜਿੰਦਰ ਸਿੰਘ ਨੂੰ ਜੱਫਾ ਮਾਰਨ ਵਾਲੇ ਦੀ ਅਸਾਲਟ ਨੂੰ ਹਰਜਿੰਦਰ ਸਿੰਘ ਦਾ ਹੱਥ ਪੈ ਗਿਆ ਤੇ ਉਸ ਨੇ ਅਸਾਲਟ ਦਾ ਘੋੜਾ ਦੱਬ ਦਿੱਤਾ, ਜਿਸ ਨਾਲ ਜੋ ਕਿ ਉਸ ਸਮੇਂ ਸਾਰੇ ਬੰਦੇ ਹੀ ਹਰਜਿੰਦਰ ਨੂੰ ਕਾਬੂ ਕਰਨ ਲਈ ਗੁਥਮ ਗੁੱਥਾ ਹੋਏ ਹੋਏ ਸਨ, ਉਨ੍ਹਾਂ ਵਿਚੋਂ ਅਸਾਲਟ ਵਿਚੋਂ ਚੱਲੀਆਂ ਗੋਲੀਆਂ ਲੱਗਣ ਨਾਲ 3 ਬੰਦੇ ਮਾਰੇ ਗਏ ਤੇ ਇਕ ਜ਼ਖਮੀ ਹੋ ਗਿਆ। ਇਸੇ ਸਮੇਂ ਬਚੇ ਬੰਦਿਆਂ ਵੱਲੋਂ ਅਸਾਲਟ ਦਾ ਬਰੈਸਟ ਮਾਰ ਕੇ ਹਰਜਿੰਦਰ ਸਿੰਘ ਦੀ ਛਾਤੀ ਛਲਣੀ ਕਰ ਦਿੱਤੀ। ਬਚ ਜਾਣ ਵਾਲੇ ਬੰਦਿਆਂ ਨੇ ਵਾਇਰਲੈਸ 'ਤੇ ਆਪਣੇ ਅਫਸਰਾਂ ਨੂੰ ਮੁਕਾਬਲੇ ਦੀ ਇਤਲਾਹ ਦਿੱਤੀ ਕਿ ਇਕ ਖਾੜਕੂ ਹਰਜਿੰਦਰ ਸਿੰਘ ਤੇ ਤਿੰਨ ਪੁਲਿਸ ਜਵਾਨ ਮਾਰੇ ਗਏ ਹਨ ਤੇ ਇੱਕ ਜ਼ਖਮੀ ਹੋ ਗਿਆ ਹੈ। ਉਸ ਨੂੰ ਹਸਪਤਾਲ ਪਹੁੰਚਾਉਣ ਲਈ ਪਿੰਡ ਮਹਿਮਾ ਦੀ ਇਕ ਢਾਣੀ 'ਤੇ ਫੋਰਸ ਤੇ ਗੱਡੀ ਭੇਜੀ ਜਾਵੇ। ਪੁਲਿਸ ਵਾਲਿਆਂ ਜੋ 2 ਬਚ ਗਏ ਸਨ ਉਨ੍ਹਾਂ ਹਰਜਿੰਦਰ ਸਿੰਘ ਦੇ ਸਵਾ 2 ਸਾਲ ਦੇ ਬੱਚੇ ਪਰਦੀਪ ਨੂੰ ਵੀ ਮਾਰਨਾ ਚਾਹਿਆ ਤੇ ਦਾਦੀ ਕੋਲੋਂ ਖੋਹਣਾ ਚਾਹਿਆ ਤਾਂ ਉਸ ਘਰ ਦੀਆਂ ਬੀਬੀਆਂ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ ਤੇ ਪੁਲਿਸ ਵਾਲਿਆਂ ਨਾਲ ਹੱਥੋਪਾਈ ਹੋਈਆਂ। ਇਸ ਹੱਥੋਪਾਈ ਵਿੱਚ ਮਸੂਮ ਬੱਚਾ ਸਹਿਮ ਗਿਆ ਸੀ, ਤੇ ਰੋ ਵੀ ਨਹੀਂ ਸੀ ਰਿਹਾ। ਬੀਬੀ ਅਮਰਜੀਤ ਕੌਰ ਨੇ ਬੱਚੇ ਨੂੰ ਰਜਾਈਆਂ ਵਿੱਚ ਲੁਕਾ ਦਿੱਤਾ ਤਾਂ ਇਕ ਪੁਲਸੀਏ ਨੇ ਰਜਾਈਆਂ 'ਤੇ ਗੋਲੀਆਂ ਦਾ ਅਸਾਲਟ ਨਾਲ ਬਰੈਸਟ ਮਾਰਿਆ। ਬੀਬੀਆਂ ਪੁਲਿਸ ਵਾਲਿਆਂ ਦੇ ਗਲ ਪੈ ਗਈਆਂ ਤੇ ਧੱਕੇ ਮਾਰ ਕੇ ਢਾਣੀ ਤੋਂ ਬਾਹਰ ਕੱਢ ਦਿੱਤਾ। ਬੀਬੀਆਂ ਕਹਿ ਰਹੀਆਂ ਸਨ, ਕੰਜਰੋ ਤੁਹਾਨੂੰ ਸ਼ਰਮ ਨਹੀਂ ਆਉਂਦੀ ਮਸੂਮ ਬੱਚੇ ਨੂੰ ਮਾਰਦਿਆਂ। ਤੁਹਾਡੇ ਜੀਜੇ ਨੇ ਬਿਨਾਂ ਹਥਿਆਰ ਤੋਂ ਤੁਹਾਡੇ ਚਾਰ ਕੁੱਤੇ ਮਾਰ ਦਿੱਤੇ। ਜੇ ਉਸ ਕੋਲ ਹਥਿਆਰ ਹੁੰਦਾ ਤੇ ਵਰਦੀਆਂ ਪਾ ਕੇ ਆਉਂਦੇ ਫਿਰ ਪਤਾ ਲੱਗਦਾ ਸਿੰਘਾਂ ਨਾਲ ਮੁਕਾਬਲਾ ਕਿਵੇਂ ਕਰੀਦਾ।

ਥੋੜ੍ਹੇ ਚਿਰ ਬਾਅਦ ਸੀ.ਆਰ.ਪੀ. ਦੀਆਂ ਗੱਡੀਆਂ ਆ ਗਈਆਂ ਤੇ ਵੱਡੇ ਅਫਸਰ ਵੀ ਪਹੁੰਚ ਗਏ। ਤਿੰਨ ਪੁਲਸੀਆਂ ਦੀਆਂ ਲਾਸ਼ਾਂ ਤੇ ਇਕ ਜ਼ਖਮੀ ਨੂੰ ਲੈ ਗਏ। ਮਮਦੋਟ ਥਾਣੇ ਦੀ ਪੁਲਿਸ ਹਰਜਿੰਦਰ ਸਿੰਘ ਦੀ ਸ਼ਹੀਦੀ ਦੇਹ ਲੈ ਗਈ। ਬੀਬੀ ਅਮਰਜੀਤ ਕੌਰ ਪਰਦੀਪ ਨੂੰ ਲੈ ਕੇ ਰਾਤ 9 ਵਜੇ ਟਾਹਲੀ ਵਾਲਾ ਜਾ ਕੇ ਰਹੀ ਤੇ ਜਿਸ ਸਮੇਂ ਬਹਿਕ 'ਤੇ ਮੁਕਾਬਲਾ ਹੋਇਆ ਸੀ, ਉਸ ਵੇਲੇ ਘਰ ਦੇ ਆਦਮੀ ਝੋਨਾ ਵੱਢ ਰਹੇ ਸਨ ਤੇ ਮੁਕਾਬਲਾ ਹੋ ਜਾਣ ਕਾਰਨ ਉਹ ਪੁਲਿਸ ਦੇ ਕਹਿਰ ਤੋਂ ਬਚਣ ਲਈ ਪਾਸੇ ਹੋ ਗਏ ਸਨ। 9 ਅਕਤੂਬਰ ਨੂੰ ਸਵੇਰੇ ਭਾਈ ਮੋਹਕਮ ਸਿੰਘ ਦਮਦਮੀ ਟਕਸਾਲ ਸਿੰਘਾਂ ਸਮੇਤ

ਪਹੁੰਚ ਗਏ। ਭਾਈ ਧਿਆਨ ਸਿੰਘ ਮੰਡ ਐਮ.ਪੀ. ਦੀ ਅਗਵਾਈ ਵਿੱਚ ਸੰਗਤ ਨੇ ਇਕੱਠੀ ਹੋ ਕੇ ਡੀ.ਸੀ. ਦਫਤਰ ਜਾ ਕੇ ਹਰਜਿੰਦਰ ਸਿੰਘ ਦੀ ਲਾਸ਼ ਦੀ ਮੰਗ ਕੀਤੀ। ਸੰਗਤ ਦਾ ਭਾਰੀ ਇਕੱਠ ਤੇ ਰੋਹ ਨੂੰ ਵੇਖਦਿਆਂ ਡੀ.ਸੀ. ਨੇ ਹਰਜਿੰਦਰ ਸਿੰਘ ਦੀ ਲਾਸ਼ ਪੋਸਟਮਾਰਟਮ ਤੋਂ ਬਾਅਦ ਵਾਰਸਾਂ ਨੂੰ ਦੇ ਦਿੱਤੀ। ਜਿਸ ਨੂੰ ਲੈ ਕੇ ਸੰਗਤ ਪਿੰਡ ਮੋਹਰੇਵਾਲਾ ਵਿਖੇ ਹਰਜਿੰਦਰ ਸਿੰਘ ਦੇ ਸਹੁਰੇ ਘਰ ਪਹੁੰਚੀ। ਭਾਈ ਹਰਜਿੰਦਰ ਸਿੰਘ ਦਾ ਸ਼ਹੀਦੀ ਮੁਖ ਵੇਖਣ ਲਈ ਰਿਸ਼ਤੇਦਾਰ ਤੇ ਪਿੰਡ ਵਾਲੇ ਅੱਡੀਆਂ ਚੁੱਕ-ਚੁੱਕ ਕੇ ਵੇਖਦੇ ਸਨ। ਖਾਲਿਸਤਾਨ ਦੀ ਅਜ਼ਾਦੀ ਲਈ ਸਿੱਖ ਸੰਘਰਸ਼ ਵਿੱਚ ਜੂਝਦੇ ਹੋਏ ਸ਼ਹੀਦ ਹੋਏ ਸੂਰਮੇ ਦੇ ਅੰਤਮ ਦਰਸ਼ਨ ਕਰਨ ਵਾਲਿਆਂ ਦੀ ਭੀੜ ਸੀ ਅਤੇ ਉਸ ਘਰ ਵਿੱਚੋਂ ਉਸਦੀ ਅਰਥੀ ਉੱਠ ਰਹੀ ਸੀ, ਜੋ ਸਿਵਿਆਂ ਵਿੱਚ ਜਾਣ ਦੀ ਥਾਂ ਪੁਲਿਸ ਚੌਕੀ ਮੋਹਰੇਵਾਲਾ ਦੇ ਸਾਹਮਣੇ ਪਹੁੰਚ ਗਈ। ਸਿੱਖਾਂ ਦੇ ਭਾਰੀ ਇਕੱਠ ਨੇ ਚੌਂਕੀ ਦੇ ਸਾਹਮਣੇ ਲੱਕੜਾਂ ਦੀ ਚਿਖਾ ਚਿਣ ਕੇ ਹਰਜਿੰਦਰ ਸਿੰਘ ਦਾ ਸਸਕਾਰ ਕੀਤਾ। ਇਸ ਸਮੇਂ ਪੰਜਾਬ ਪੁਲਿਸ ਅਤੇ ਸੀ.ਆਰ.ਪੀ. ਦੇ ਵੱਡੇ ਅਫਸਰ ਵੱਡੀ ਗਿਣਤੀ ਵਿੱਚ ਮੌਜੂਦ ਸਨ ਤੇ ਚੌਕੀ ਦੀ ਛੱਤ 'ਤੇ ਖੜ੍ਹ ਕੇ ਸਸਕਾਰ ਦੀ ਨਿਗਰਾਨੀ ਕਰ ਰਹੇ ਸਨ। ਇਸ ਮੌਕੇ 'ਤੇ ਪੰਜਾਬ ਪੁਲਿਸ ਦੇ ਮਨਜੀਤ ਸਿੰਘ ਰਾਜਾਸਾਂਸੀ ਨੇ ਆਪਣੇ ਰਿਵਾਲਵਰ ਨਾਲ 5 ਫਾਇਰ ਕਰ ਕੇ ਸਲਾਮੀ ਦਿੱਤੀ ਅਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਿੰਦਾਬਾਦ, ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਏ। ਭਾਈ ਸੁਰਿੰਦਰ ਸਿੰਘ ਰਾਗੀ ਨੇ ਕੀਰਤਨ ਕੀਤਾ। ਸਸਕਾਰ ਮੌਕੇ ਧਿਆਨ ਸਿੰਘ ਮੰਡ ਐਮ.ਪੀ. ਵੀ ਮੌਜੂਦ ਸਨ। ਪਿੰਡੀ ਬਲੋਚਾਂ ਵਾਲਾ ਘਰ ਸਰਕਾਰ ਨੇ ਉਜਾੜ ਦਿੱਤਾ ਸੀ ਇਸ ਕਰਕੇ ਭਾਈ ਹਰਜਿੰਦਰ ਸਿੰਘ ਜਿੰਦਾ ਦਾ ਸਸਕਾਰ ਸਹੁਰੇ ਪਿੰਡ ਮੋਹਰੇਵਾਲਾ ਕੀਤਾ ਗਿਆ ਸੀ।

ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਸ੍ਰ. ਮਨਜੀਤ ਸਿੰਘ ਰਾਜਾਸਾਂਸੀ ਵਲੋਂ ਸਲਾਮੀ ਦੇਣ 'ਤੇ ਜੇਲ੍ਹ ਯਾਤਰਾ ਵੀ ਕਰਨੀ ਪਈ ਸੀ। ਪਰ ਉਸ ਮਰਦ ਨੇ ਸੰਤ ਜਰਨੈਲ ਸਿੰਘ ਜੀ ਦੀ ਵਿਚਾਰਧਾਰਾ ਨੂੰ ਅਪਣਾਇਆ ਹੋਣ ਕਰਕੇ ਕਿਸੇ ਸਖਤੀ ਦੀ ਪ੍ਰਵਾਹ ਨਹੀਂ ਕੀਤੀ ਤੇ ਨਾ ਹੀ ਮਾਫੀ ਮੰਗੀ। ਯਾਦ ਰਹੇ ਕਿ ਜਨਰਲ ਲਾਭ ਸਿੰਘ ਦੇ ਸ਼ਹੀਦ ਹੋ ਜਾਣ ਤੇ ਉਹਨਾਂ ਦੀ ਸ਼ਹੀਦੀ ਦੇਹ ਨੂੰ ਜਨਰਲ ਭਾਈ ਪਰਮਜੀਤ ਸਿੰਘ ਪੰਜਵੜ ਦੇ ਭਰਾ ਨੇ ਫੌਜੀ ਵਰਦੀ ਵਿੱਚ ਸਲਾਮੀ ਦਿੱਤੀ ਸੀ।

ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਦੀ ਯਾਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਮੌਕੇ ਪੰਜਾਬ ਸਰਕਾਰ ਵਲੋਂ ਪੁਲਿਸ ਫੋਰਸਾਂ ਦੀ ਵਰਤੋਂ ਕਰਕੇ ਸਖਤੀ ਕੀਤੀ ਗਈ। ਲੋਕਾਂ ਨੂੰ ਭੋਗ ਸਮਾਗਮ ਵਿੱਚ ਜਾਣ ਤੋਂ ਰੋਕਿਆ ਗਿਆ। ਸ. ਸਿਮਰਨਜੀਤ ਸਿੰਘ ਮਾਨ ਦਾ ਡਰਾਈਵਰ ਗੱਡੀ ਨੂੰ ਵਾਹਣ ਵਿਚ ਦੀ ਭਜਾ ਕੇ ਭੋਗ ਵਾਲੇ ਸਥਾਨ 'ਤੇ ਲੈ ਗਿਆ। ਸੀ.ਆਰ.ਪੀ. ਦੇ ਜਵਾਨ ਗੱਡੀ ਉਪਰ ਗੋਲੀ ਚਲਾਉਣ

ਲੱਗੇ ਤਾਂ ਪੰਜਾਬ ਪੁਲਿਸ ਦੇ ਇਕ ਉਚ ਅਫਸਰ ਨੇ ਰੋਕ ਦਿੱਤਾ ਕਿ ਸਿਮਰਨਜੀਤ ਸਿੰਘ ਮਾਨ ਪਾਰਲੀਮੈਂਟ ਮੈਂਬਰ ਹੈ ਤੇ ਸਭ ਤੋਂ ਵੱਧ ਵੋਟਾਂ ਨਾਲ ਚੁਣਿਆ ਹੋਇਆ ਲੋਕਾਂ ਦਾ ਨੁਮਾਇੰਦਾ ਹੈ। ਸਰਕਾਰ ਨੂੰ ਦੁਨੀਆਂ ਸਾਹਮਣੇ ਜਵਾਬ ਦੇਣਾ ਪਵੇਗਾ। ਦਮਦਮੀ ਟਕਸਾਲ ਦੇ ਸਿੰਘਾਂ ਕੀਰਤਨ ਕੀਤਾ। ਇਸ ਮੌਕੇ ਸੰਗਤ ਬਹੁਤ ਆਈ ਸੀ, ਬਾਬਾ ਠਾਕੁਰ ਸਿੰਘ ਜੀ ਨੇ ਵੀ ਹਾਜ਼ਰੀ ਭਰੀ।

ਭਾਈ ਹਰਜਿੰਦਰ ਸਿੰਘ ਦਾ ਬੇਟਾ ਪਰਦੀਪ ਸਿੰਘ ਜਵਾਨ ਹੋ ਗਿਆ ਹੈ ਤੇ ਉਸ ਨੇ ਆਪਣੀ ਦਾਦੀ ਨੂੰ ਉਸ ਦੇ ਪੇਕੇ ਪਿੰਡ ਮੱਤੜ (ਮਮਦੋਟ) ਤੋਂ ਪਿੰਡੀ ਬਲੋਚਾਂ ਲੈ ਆਂਦਾ ਹੈ ਤੇ ਦੁਬਾਰਾ ਨਵਾਂ ਘਰ ਬਣਾ ਲਿਆ ਹੈ। ਉਸ ਦੀ ਮਾਤਾ ਜੀ ਭਾਵੇਂ ਹਾਲੇ ਅੰਮ੍ਰਿਤਸਰ ਹੀ ਰਹਿੰਦੇ ਹਨ। ਪਹਿਲਾਂ ਗੁਰਦੁਆਰਾ ਸਾਹਿਬ ਅਖੰਡ ਪਾਠ ਦਾ ਭੋਗ ਪਾ ਕੇ ਬਰਸੀ ਮਨਾਈ ਜਾਂਦੀ ਸੀ। ਇਸ ਵਾਰੀ 7 ਅਕਤੂਬਰ 2010 ਨੂੰ ਮਾਤਾ ਬਲਜਿੰਦਰ ਕੌਰ ਜੀ ਅਤੇ ਪਰਦੀਪ ਸਿੰਘ ਵੱਲੋਂ ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਵਾਏ ਗਏ।

ਸ਼ਹੀਦ ਭਾਈ ਕੇਵਲ ਸਿੰਘ ਦੂਹਲ ਕੋਹਨਾ

29 ਨਵੰਬਰ 1992 ਨੂੰ ਭਾਈ ਕੇਵਲ ਸਿੰਘ ਦੂਹਲ, ਭਾਈ ਦਲੇਰ ਸਿੰਘ ਮਸਤਗੜ੍ਹ ਵੱਲੋਂ ਪਿੰਡ ਭੂਰੇ, ਸ਼ੇਰ ਸ਼ਾਹ ਵਲੀ ਲਾਗੇ ਬੀ.ਐਸ.ਐਫ. ਦੀ ਗੱਡੀ 'ਤੇ ਘਾਤ ਲਾ ਕੇ ਹਮਲਾ ਕੀਤਾ ਗਿਆ। ਨੇੜੇ ਬੀ.ਐਸ.ਐਫ. ਦਾ ਹੈਡਕੁਆਰਟਰ ਹੋਣ ਕਰਕੇ, ਹੋਰ ਜੁਆਨਾਂ ਨੇ ਚੁਫੇਰੇ ਤੋਂ ਘੇਰਾ ਪਾ ਲਿਆ। ਦੋਵੇਂ ਸਿੰਘ ਬੀ.ਐਸ.ਐਫ. ਨਾਲ ਡਟ ਕੇ ਮੁਕਾਬਲਾ ਕਰਦੇ ਰਹੇ ਤੇ ਮੁਕਾਬਲਾ ਕਰਦਿਆਂ ਸਿੱਖ ਰਾਜ ਦੀ ਸਥਾਪਨਾ ਲਈ ਮੈਦਾਨੇ ਜੰਗ ਵਿੱਚ ਜੂਝਦੇ ਹੋਏ, ਸ਼ਹੀਦ ਕੇਵਲ ਸਿੰਘ ਦੂਹਲ ਕੋਹਨਾ, ਭਾਈ ਦਲੇਰ ਸਿੰਘ ਮਸਤਗੜ੍ਹ ਸ਼ਹੀਦੀ ਪ੍ਰਾਪਤ ਕਰ ਕੇ ਸਿੱਖ ਕੌਮ ਦੇ ਆਜ਼ਾਦ ਕੌਮੀ ਘਰ ਦੀ ਜੰਗ ਦੇ ਇਤਿਹਾਸ ਵਿੱਚ ਆਪਣਾ ਯੋਗਦਾਨ ਪਾਉਂਦੇ ਹੋਏ ਅਮਰ ਹੋ ਗਏ।

ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਨੂੰ ਪੁਲਿਸ ਵੱਲੋਂ ਪੱਟੀ ਹਸਪਤਾਲ ਲਿਜਾ ਕੇ ਪੋਸਟ ਮਾਰਟਮ ਕਰਨ ਤੋਂ ਬਾਅਦ ਪਿੰਡ ਦੂਹਲ ਤੇ ਮਸਤਗੜ੍ਹ ਦੀਆਂ ਪੰਚਾਇਤਾਂ ਤੋਂ ਸ਼ਨਾਖਤ ਕਰਾਉਣ ਤੋਂ ਪਿੱਛੋਂ ਭਾਈ ਕੇਵਲ ਸਿੰਘ ਦੇ ਪਿਤਾ ਬਾਪੂ ਸੁਖਚੈਨ ਸਿੰਘ ਤੇ ਭਾਈ ਦਲੇਰ ਸਿੰਘ ਦੇ ਪਰਿਵਾਰ ਨੂੰ ਪੁਲਿਸ ਵੱਲੋਂ ਆਪਣੀ ਨਿਗਰਾਨੀ ਹੇਠ ਪੱਟੀ ਦੇ ਸ਼ਮਸ਼ਾਨ ਘਾਟ ਵਿੱਚ ਇਸ਼ਨਾਨ ਕਰਾਉਣ ਤੇ ਨਵੇਂ ਕੱਪੜੇ ਪਵਾ ਕੇ ਇੱਕੋ ਸਿਵੇ ਵਿੱਚ ਇਕੱਠਿਆਂ ਸਸਕਾਰ ਕਰਾ ਦਿੱਤਾ ਗਿਆ। ਦੋਵਾਂ ਪਰਿਵਾਰਾਂ ਵੱਲੋਂ ਸਸਕਾਰ ਹੋ ਜਾਣ ਤੋਂ ਪਿੱਛੋਂ ਸ਼ਹੀਦੀ ਯਾਦ ਵਿੱਚ ਫੁੱਲ ਚੁਣ ਕੇ ਜਲ ਪ੍ਰਵਾਹ ਕਰਨ ਲਈ ਲਿਜਾਏ ਗਏ।

ਭਾਈ ਕੇਵਲ ਸਿੰਘ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ 9 ਦਸੰਬਰ 1992 ਨੂੰ ਉਨ੍ਹਾਂ ਦੀ ਬਹਿਕ ਪਿੰਡ ਦੂਹਲ ਕੋਹਨਾ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਵਿਖੇ ਪਾਏ ਗਏ। ਪੁਲਿਸ ਤੇ ਸੀ.ਆਰ.ਪੀ. ਵੱਲੋਂ ਇਲਾਕੇ ਵਿੱਚ ਕਰਫਿਊ ਲਾ ਕੇ ਭੋਗ ਦੀ ਅਰਦਾਸ ਵਿੱਚ ਸ਼ਾਮਲ ਹੋਣ ਤੋਂ ਲੋਕਾਂ ਨੂੰ ਸਖਤੀ ਨਾਲ ਰੋਕਿਆ ਗਿਆ ਪਰ ਆਪਣੀ ਜਾਂਬਾਜ਼ ਕੁਰਬਾਨੀ ਸਦਕਾ ਸ਼ਹੀਦ ਭਾਈ ਕੇਵਲ ਸਿੰਘ ਦੂਹਲ ਅੱਜ ਵੀ ਲੋਕਾਂ ਦੇ ਦਿਲਾਂ ਵਿੱਚ ਜਿੰਦਾ ਹਨ ਤੇ ਉਸ ਦੇ ਜੁਝਾਰੂ ਦਲੇਰਾਨਾ ਖਾੜਕੂ ਕਾਰਨਾਮਿਆਂ ਦੇ ਸੱਥਾਂ ਵਿਚ ਚਰਚੇ ਹਨ।

ਨਰਕਧਾਰੀ ਮੁਖੀ ਗੁਰਬਚਨੇ ਨੂੰ ਨਰਕਧਾਮ ਪਹੁੰਚਾਉਣ ਵਾਲਾ ਸੂਰਮਾ

ਸ਼ਹੀਦ ਭਾਈ ਕਾਬਲ ਸਿੰਘ ਮੱਲ ਕਟੋਰਾ (ਮਲੋਟ) ਉਰਫ ਭਾਈ ਨਿਰੰਤਰ ਸਿੰਘ

ਇਤਿਹਾਸ ਦੀ ਖੋਜ ਕਰਦਿਆਂ ਪਤਾ ਲੱਗਦਾ ਹੈ ਕਿ ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸਮੇਂ ਹੀ ਦਮਦਮੀ ਟਕਸਾਲ ਖਾਲਸਾਈ ਜੁਝਾਰੂ ਰਵਾਇਤਾਂ ਨੂੰ ਆਉਣ ਵਾਲੇ ਸਮੇਂ ਦੀ ਲੋੜ ਨੂੰ ਮੁਖ ਰੱਖਦਿਆਂ ਸੁਰਜੀਤ ਕਰਨ ਲਈ ਸੰਘਰਸ਼ ਦੇ ਰਾਹ ਤੁਰ ਪਈ ਸੀ। ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਬਚਨ ਹੁੰਦੇ ਸਨ, "ਆਹ ਸਿੰਘ ਆਉਣ ਵਾਲੇ ਸਮੇਂ ਵਿਚ ਪੰਥ ਦੀ ਸੇਵਾ ਕਰਨਗੇ।" ਜੇ ਕੋਈ ਬੀਮਾਰ ਬੱਚੇ ਨੂੰ ਲੈ ਕੇ ਆਉਂਦਾ ਕਿ ਸੰਤ ਜੀ, ਬੱਚੇ ਦਾ ਬਹੁਤ ਇਲਾਜ ਕਰਾਇਆ ਠੀਕ ਨਹੀਂ ਹੁੰਦਾ, ਮਹਾਂਪੁਰਖੋ ਅਰਦਾਸ ਕਰੋ, ਬੱਚਾ ਠੀਕ ਹੋ ਜਾਵੇ। ਸੰਤ ਜੀ ਕਹਿੰਦੇ, "ਭੁਝੰਗੀ ਨੂੰ ਸਾਨੂੰ ਦੇ ਦੇਵੋ, ਅਸੀਂ ਇਸ ਨੂੰ ਅਰਦਾਸ ਕਰਕੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਵਰੋਸਾਈ ਦਮਦਮੀ ਟਕਸਾਲ ਵਿੱਚ ਸ਼ਾਮਲ ਕਰ ਲੈਂਦੇ ਹਾਂ। ਦਸਮੇਸ਼ ਪਿਤਾ ਜੀ ਆਪ ਇਸ ਦਾ ਇਲਾਜ ਕਰਨਗੇ, ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਿੰਘ ਤੋਂ ਪੰਥ ਦੀ ਬਹੁਤ ਵੱਡੀ ਸੇਵਾ ਲੈਣੀ ਹੈ।" ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਜਿਹੀ ਭਵਿੱਖਬਾਣੀ ਕਰਕੇ ਬਹੁਤ ਸਾਰੇ ਬੀਮਾਰ ਭੁਝੰਗੀਆਂ ਨੂੰ ਅਰਦਾਸ ਕਰ ਕੇ ਦਮਦਮੀ ਟਕਸਾਲ ਦੇ ਜਥੇ ਵਿੱਚ ਸ਼ਾਮਲ ਕੀਤਾ ਗਿਆ, ਜੋ ਸਮਾਂ ਆਉਣ 'ਤੇ ਬੜੇ ਵੱਡੇ ਜੁਝਾਰੂ ਯੋਧੇ ਬਣ ਕੇ, ਸਿੱਖ ਕੌਮ ਦੇ ਵਿਰੋਧੀਆਂ ਨੂੰ ਨਰਕਧਾਮ ਪਹੁੰਚਾ ਕੇ ਸਿੱਖ ਸੰਘਰਸ਼ 'ਚ ਖਾੜਕੂ ਜਰਨੈਲ ਬਣ ਕੇ ਵਿਚਰੇ ਤੇ ਮੈਦਾਨੇ ਜੰਗ ਵਿਚ ਜੂਝ ਕੇ ਸਿੱਖ ਕੌਮ ਦੇ ਦੁਸ਼ਮਣਾਂ ਦਾ ਸਫਾਇਆ ਕਰਦੇ ਹੋਏ ਸਿੱਖ ਸੰਘਰਸ਼ ਨੂੰ ਜਾਰੀ ਰੱਖਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਕੇ ਸਿੱਖ ਇਤਿਹਾਸ ਦੇ ਸੁਨਹਿਰੀ ਕਾਂਡ ਸਿਰਜ ਕੇ ਇਤਿਹਾਸ ਵਿਚ ਸ਼ਹੀਦੀ, ਯੋਧਿਆਂ ਦਾ ਸਨਮਾਨ ਪ੍ਰਾਪਤ ਕਰ ਗਏ। ਇਨ੍ਹਾਂ ਸੂਰਬੀਰ ਬਹਾਦਰ ਜੁਝਾਰੂ ਯੋਧਿਆਂ ਸਿੰਘਾਂ ਵਿਚੋਂ ਇੱਕ ਨਾਂ ਹੈ ਸ਼ਹੀਦ ਭਾਈ ਕਾਬਲ ਸਿੰਘ ਮੱਲ ਕਟੋਰਾ।

ਪੰਜਾਬ ਦੇ ਜ਼ਿਲ੍ਹਾ ਸ੍ਰੀ ਮੁਕਤਸਰ ਤੋਂ ਮਲੋਟ ਨੂੰ ਜਾਂਦਿਆਂ, ਮਲੋਟ ਤੋਂ ਪਹਿਲਾਂ ਅੱਡਾ ਆਉਂਦਾ ਹੈ ਮੱਲ ਕਟੋਰਾ ਤੇ ਇਨਾਖੇੜਾ ਦਾ, ਮੱਲ ਕਟੋਰਾ ਚੜ੍ਹਦੇ ਪਾਸੇ ਵੱਲ ਮੁੱਖ ਸੜਕ ਤੋਂ 2 ਕਿਲੋਮੀਟਰ ਹੱਟਵਾਂ ਮਣ੍ਹੈਲਾਂ ਦਾ ਪਿੰਡ ਹੈ। ਇਸ ਪਿੰਡ 'ਚ ਸ੍ਰ.

ਤਰਲੋਕ ਸਿੰਘ ਦੇ ਘਰ ਬੀਬੀ ਦਰਸ਼ਨ ਕੌਰ ਦੀ ਕੁਖੋਂ ਸੰਨ 1963 ਵਿੱਚ ਭਾਈ ਕਾਬਲ ਸਿੰਘ ਦਾ ਜਨਮ ਹੋਇਆ। ਭਾਈ ਕਾਬਲ ਸਿੰਘ 6 ਭੈਣ ਭਰਾ ਸਨ। ਵੱਡੀ ਭੈਣ ਜੀਤ ਕੌਰ, ਗੁਰਮੀਤ ਕੌਰ, ਭਰਾ ਬੂੜ ਸਿੰਘ, ਬਾਵਾ ਸਿੰਘ, ਬਾਜ ਸਿੰਘ ਅਤੇ ਪਰਿਵਾਰ ਵਿੱਚ ਛੋਟਾ ਭਾਈ ਕਾਬਲ ਸਿੰਘ (ਸ਼ਹੀਦ)।

ਭਾਈ ਕਾਬਲ ਸਿੰਘ ਦੇ ਪਰਿਵਾਰ ਦਾ ਪਿਛੋਕੜ ਪਿੰਡ ਮਨਾਵਾਂ ਨੇੜੇ ਲਾਹੌਰ (ਪਾਕਿਸਤਾਨ) ਹੈ। ਸੰਨ 1947 ਵਿੱਚ ਭਾਈ ਕਾਬਲ ਸਿੰਘ ਦਾ ਦਾਦਾ ਸ੍ਰ. ਗੰਗਾ ਸਿੰਘ ਆਪਣੇ ਪਰਿਵਾਰ ਸਮੇਤ ਪਿੰਡ ਮੱਲ ਕਟੋਰਾ ਆ ਵੱਸਿਆ।

ਭਾਈ ਕਾਬਲ ਸਿੰਘ ਨੇ ਸਕੂਲ ਦੀ ਪੜ੍ਹਾਈ ਨਹੀਂ ਕੀਤੀ। ਬਚਪਨ ਵਿੱਚ ਬੀਮਾਰ ਰਹਿੰਦਾ ਸੀ। ਇਲਾਜ ਕਰਾਉਣ ਦੇ ਬਾਵਜੂਦ ਵੀ ਠੀਕ ਨਹੀਂ ਸੀ ਹੋਇਆ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਹਿੰਦੁਸਤਾਨ ਵਿੱਚ ਐਮਰਜੈਂਸੀ ਲਾਗੂ ਕੀਤੀ ਗਈ। ਜਲਸੇ ਕਰਨ, ਜਲੂਸ ਕੱਢਣ 'ਤੇ ਪਾਬੰਦੀ ਲਾਗੂ ਕੀਤੀ ਗਈ। ਹਿੰਦੁਸਤਾਨ ਵਿਚੋਂ ਐਮਰਜੈਂਸੀ ਵਿਰੁੱਧ ਸਭ ਤੋਂ ਵੱਧ ਬਗਾਵਤ ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਕੀਤੀ ਗਈ। ਪੰਜਾਬ ਵਿੱਚ ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ 36 ਜਲੂਸ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਕੱਢੇ ਗਏ। ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਸ੍ਰੀ ਮੁਕਤਸਰ ਸਾਹਿਬ ਤੋਂ ਮਲੋਟ ਨੂੰ ਸਿੱਖ ਸੰਗਤਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਜਲੂਸ ਜਾਣਾ ਸੀ। ਵੱਡੀ ਸੜਕ ਉੱਪਰ ਪਿੰਡ ਮੱਲ ਕਟੋਰਾ ਅਤੇ ਈਨਾਖੇੜਾ ਦੀ ਸੰਗਤ ਵੱਲੋਂ ਜਲੂਸ ਦੇ ਸਵਾਗਤ ਲਈ ਲੰਗਰ ਅਤੇ ਚਾਹ ਪਾਣੀ ਦੀ ਸੇਵਾ ਦਾ ਪ੍ਰਬੰਧ ਕੀਤਾ ਗਿਆ ਸੀ ਸੰਗਤਾਂ ਦੀ ਲੰਗਰ ਚਾਹ-ਪਾਣੀ ਦੀ ਸੇਵਾ ਕੀਤੀ ਗਈ। ਇਸ ਵਕਤ ਬਾਪੂ ਤਰਲੋਕ ਸਿੰਘ ਦੇ ਨਾਲ ਭਾਈ ਕਾਬਲ ਸਿੰਘ ਵੀ ਸੇਵਾ ਕਰਨ ਵਾਲੀ ਸੰਗਤ ਵਿੱਚ ਹਾਜ਼ਰ ਸੀ। ਬਾਪੂ ਤਰਲੋਕ ਸਿੰਘ ਨੇ ਸੰਤ ਕਰਤਾਰ ਸਿੰਘ ਜੀ ਖਾਲਸਾ ਨੂੰ ਬੇਨਤੀ ਕੀਤੀ ਕਿ ਸੰਤ ਜੀ, ਭੁਝੰਗੀ ਬੀਮਾਰ ਰਹਿੰਦਾ ਹੈ। ਡਾਕਟਰੀ ਇਲਾਜ ਕਰਵਾ ਰਹੇ ਹਾਂ, ਠੀਕ ਨਹੀਂ ਹੋਇਆ। ਮਹਾਂਪੁਰਖੋ ਅਰਦਾਸ ਕਰੋ, ਭੁਝੰਗੀ ਠੀਕ ਹੋ ਜਾਵੇ। ਸੰਤ ਕਰਤਾਰ ਸਿੰਘ ਜੀ ਖਾਲਸਾ ਕਹਿੰਦੇ ਕਿ ਭਾਈ ਸਿੱਖਾ, ਇਹ ਭੁਝੰਗੀ ਸਾਨੂੰ ਦੇ ਦੇਵੋ, ਅਸੀਂ ਕਲਗੀਧਰ ਦਸਮੇਸ਼ ਪਿਤਾ ਜੀ ਦੀ ਵਰੋਸਾਈ ਟਕਸਾਲ ਵਿੱਚ ਸ਼ਾਮਲ ਕਰ ਲੈਂਦੇ ਹਾਂ। ਦਸਮੇਸ਼ ਪਿਤਾ ਭੁਝੰਗੀ ਨੂੰ ਤੰਦਰੁਸਤ ਕਰਨਗੇ। ਇਸ ਭੁਝੰਗੀ ਨੇ ਖਾਲਸਾ ਪੰਥ ਦੀ ਬਹੁਤ ਵੱਡੀ ਸੇਵਾ ਕਰਨੀ ਹੈ। ਸੰਤ ਕਰਤਾਰ ਸਿੰਘ ਜੀ ਖਾਲਸਾ ਇਸ ਸਮੇਂ ਹੀ ਅਰਦਾਸ ਕਰਕੇ ਭੁਝੰਗੀ ਕਾਬਲ ਸਿੰਘ ਨੂੰ ਆਪਣੇ ਨਾਲ ਲੈ ਗਏ ਤੇ ਅੰਮ੍ਰਿਤ ਛਕਾ ਕੇ ਗੁਰਸਿੱਖੀ ਜੀਵਨ 'ਚ ਪ੍ਰਪੱਕ ਕਰ ਦਿੱਤਾ।

ਭੁਝੰਗੀ ਕਾਬਲ ਸਿੰਘ ਰਾਜ਼ੀ ਹੋ ਗਿਆ ਤੇ ਦਮਦਮੀ ਟਕਸਾਲ ਵਿੱਚ ਰਹਿ ਕੇ ਗੁਰਬਾਣੀ ਨਿੱਤਨੇਮ ਦੀ ਸੰਥਿਆ ਕੀਤੀ। ਇਸ ਪਿਛੋਂ ਭਾਈ ਕਾਬਲ ਸਿੰਘ ਪਰਿਵਾਰ ਨੂੰ ਸਿਰਫ ਪਿੰਡ ਮੱਲ ਕਟੋਰਾ ਮਿਲਣ ਹੀ ਆਉਂਦਾ ਸੀ ਤੇ ਪੱਕੇ ਤੌਰ 'ਤੇ ਗੁਰਦੁਆਰਾ

ਗੁਰਦਰਸ਼ਨ ਪ੍ਰਕਾਸ਼ ਮਹਿਤੇ ਰਹਿੰਦਾ ਸੀ।

ਭਾਈ ਕਾਬਲ ਸਿੰਘ ਦਾ ਸੁਭਾਅ ਬੜਾ ਹਸਮੁੱਖ ਸੀ। ਭਾਈ ਕਾਬਲ ਸਿੰਘ ਨੇ ਮਹਿਤੇ ਟਕਸਾਲ ਵਿੱਚ ਰਹਿੰਦਿਆਂ ਡਰਾਇਵਰੀ ਸਿੱਖੀ। ਜੀਪ, ਕਾਰ, ਬੱਸ, ਟਰੱਕ, ਮੋਟਰਸਾਈਕਲ, ਟਰੈਕਟਰ ਆਦਿ ਹਰ ਇੱਕ ਚੀਜ਼ ਚਲਾ ਲੈਂਦਾ ਸੀ। ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਅਕਾਲ ਚਲਾਣਾ ਕਰ ਜਾਣ ਪਿੱਛੋਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੂੰ ਦਮਦਮੀ ਟਕਸਾਲ ਦਾ ਮੁਖੀ ਥਾਪਿਆ ਗਿਆ। ਇਸ ਸਮੇਂ ਭਾਈ ਕਾਬਲ ਸਿੰਘ ਟਕਸਾਲ 'ਚ ਡਰਾਇਵਰੀ ਦੀ ਸੇਵਾ ਨਿਭਾਉਂਦੇ ਰਹੇ।

ਹਿੰਦੂ ਹਕੂਮਤ ਦੇ ਪਾਲਤੂ ਦੇਹਧਾਰੀ ਗੁਰੂ ਡੰਮ ਦੇ ਮੁਖੀ ਗੁਰਬਚਨੇ ਵਲੋਂ 13 ਅਪ੍ਰੈਲ 1978 ਨੂੰ ਖਾਲਸਾ ਪੰਥ ਦੇ ਜਨਮ ਦਿਨ ਵਿਸਾਖੀ ਦੇ ਦਿਹਾੜੇ ਸ੍ਰੀ ਅੰਮ੍ਰਿਤਸਰ ਦੀ ਧਰਤੀ 'ਤੇ ਨਿਰੰਕਾਰੀ ਸਮਾਗਮ ਕੀਤਾ ਗਿਆ। ਜਿਸ ਵਿੱਚ ਸਿੱਖ ਧਰਮ ਅਤੇ ਗੁਰੂ ਸਾਹਿਬਾਨ ਦੀ ਨਿੰਦਿਆ ਕੀਤੀ ਜਾ ਰਹੀ ਸੀ। ਸਿੱਖੀ ਪ੍ਰੰਪਰਾਵਾਂ, ਰਹਿਤ ਮਰਿਆਦਾ ਦਾ ਮਜ਼ਾਕ ਉਡਾਇਆ ਜਾ ਰਿਹਾ ਸੀ। ਇਸ ਦਿਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਖਾਲਸਾ ਪੰਥ ਦੇ ਜਨਮ ਦਿਨ ਦਿਹਾੜੇ ਨੂੰ ਸਮਰਪਿਤ ਗੁ: ਮੰਜੀ ਸਾਹਿਬ ਦੀਵਾਨ ਹਾਲ ਵਿੱਚ ਗੁਰਮਤਿ ਸਮਾਗਮ ਹੋ ਰਹੇ ਸਨ। ਜਿਨ੍ਹਾਂ ਵਿਚ ਹਿੱਸਾ ਲੈਣ ਲਈ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇ ਸਮੇਤ ਪਹੁੰਚੇ ਹੋਏ ਸਨ ਤੇ ਅਖੰਡ ਕੀਰਤਨੀ ਜਥੇ ਦੇ ਸਿੰਘ ਵੀ ਵਿਸਾਖੀ ਦੇ ਦਿਹਾੜੇ ਰੈਣ ਸਬਾਈ ਕੀਰਤਨ ਕਰ ਰਹੇ ਸਨ। ਇਕ ਸਿੰਘ ਵਲੋਂ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਅਤੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੂੰ ਸੁਨੇਹਾ ਦਿੱਤਾ ਗਿਆ ਕਿ ਨਿਰੰਕਾਰੀ ਸਮਾਗਮ ਵਿੱਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਅਤੇ ਗੁਰੂ ਸਾਹਿਬਾਨ ਦੀ ਨਿੰਦਿਆ ਕੀਤੀ ਜਾ ਰਹੀ ਹੈ। ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਵੱਲੋਂ ਫੈਸਲਾ ਕੀਤਾ ਗਿਆ ਕਿ ਦਮਦਮੀ ਟਕਸਾਲ ਦੇ ਭਾਈ ਰਣਬੀਰ ਸਿੰਘ ਫੌਜੀ ਅਤੇ ਅਖੰਡ ਕੀਰਤਨੀ ਜਥੇ ਦੇ ਭਾਈ ਫੌਜਾ ਸਿੰਘ ਦੀ ਅਗਵਾਈ ਵਿੱਚ ਸ਼ਾਂਤਮਈ ਤਰੀਕੇ ਨਾਲ ਗੁਰੂ ਸਾਹਿਬਾਨ ਦੀ ਨਿੰਦਿਆ ਰੋਕਣ ਲਈ ਸ਼ਾਂਤਮਈ ਰੋਸ ਪ੍ਰਗਟ ਕੀਤਾ ਜਾਵੇ। ਸਿੰਘ ਰੋਸ ਪ੍ਰਗਟ ਕਰਨ ਲਈ ਗਏ ਤਾਂ ਰੋਸ ਪ੍ਰਗਟ ਕਰ ਰਹੇ ਸਿੰਘਾਂ ਉੱਤੇ ਨਿਰੰਕਾਰੀ ਬਿਗ੍ਰੇਡ ਦੇ ਹਥਿਆਰਬੰਦ ਗੁੰਡਿਆਂ ਵੱਲੋਂ ਗੋਲੀ ਚਲਾ ਕੇ 13 ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਤੇ 150 ਤੋਂ ਵੱਧ ਜ਼ਖਮੀ ਕਰ ਦਿੱਤਾ। ਪੰਜਾਬ ਦੀ ਅਕਾਲੀ ਸਰਕਾਰ (ਅਖੌਤੀ ਪੰਥਕ ਸਰਕਾਰ) ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਹੋਂ ਬਾਦਲ ਦੀਆਂ ਹਦਾਇਤਾਂ 'ਤੇ ਪੁਲਿਸ ਵਲੋਂ ਸਿੰਘਾਂ ਦੇ ਕਾਤਲ ਨਿਰੰਕਾਰੀ ਗੁਰਬਚਨੇ ਨੂੰ ਪੁਲਿਸ ਦੀ ਸੁਰੱਖਿਆ ਹੇਠ ਪੰਜਾਬ ਤੋਂ ਬਾਹਰ ਪੂਰੀ ਹਿਫਾਜ਼ਤ ਨਾਲ ਦਿੱਲੀ ਭੇਜ ਦਿੱਤਾ ਗਿਆ।

ਪੰਜਾਬ ਦੀ ਅਖੌਤੀ ਪੰਥਕ ਅਕਾਲੀ ਸਰਕਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਹੋਂ ਬਾਦਲ ਦੀ ਹਮੇਸ਼ਾਂ ਹੀ ਸਿੱਖ ਕੌਮ ਨਾਲ ਬੇਵਫਾਈ ਅਤੇ ਦੇਹਧਾਰੀ ਗੁਰੂ ਡੰਮ ਨਾਲ ਯਾਰੀ ਦੀ ਨੀਤੀ, 13 ਅਪ੍ਰੈਲ 1978 ਦੇ ਅੰਮ੍ਰਿਤਸਰ ਵਿਚ ਵਾਪਰੇ ਨਿਰੰਕਾਰੀਆਂ ਹੱਥੋਂ ਸਿੰਘਾਂ ਨਾਲ

ਖੂਨੀ ਸਾਕੇ ਦੇ ਮੁਖ ਦੋਸ਼ੀ ਕਾਤਲਾਂ ਨੂੰ ਸਜ਼ਾ ਨਾ ਦਿਵਾ ਸਕੇ। ਸਰਕਾਰ ਦੀ ਨਲਾਇਕੀ ਕਾਰਨ ਕਾਤਲ ਬਰੀ ਹੋ ਗਏ ਤੇ ਨਿਰੰਕਾਰੀ ਗੁੰਡੇ ਹੋਰ ਭੜ੍ਹਕ ਪਏ, ਉਨ੍ਹਾਂ ਵਲੋਂ ਦਿੱਲੀ ਤੇ ਕਾਨਪੁਰ ਵਿੱਚ ਵੀ ਗੁਰੂ ਸਾਹਿਬਾਨ ਦੀ ਨਿੰਦਿਆ ਦਾ ਵਿਰੋਧ ਕਰਨ ਵਾਲੇ ਸਿੰਘਾਂ ਦੀ ਕਤਲੇਆਮ ਕੀਤੀ ਗਈ। ਇਹਨਾਂ ਹਾਲਤਾਂ ਵਿੱਚ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਖਾਲਸਾਈ ਜੁਝਾਰੂ ਰਵਾਇਤਾਂ ਅਨੁਸਾਰ ਸ਼ਹੀਦ ਸਿੰਘਾਂ ਦੇ ਡੁੱਲ੍ਹੇ ਖੂਨ ਦਾ ਬਦਲਾ ਲੈਣ ਦਾ ਪ੍ਰਣ ਕੀਤਾ ਗਿਆ। ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਦਮਦਮੀ ਟਕਸਾਲ ਦੇ ਜਥੇ ਦੇ ਸਿੰਘਾਂ ਨਾਲ ਵਿਚਾਰ ਕਰਦਿਆਂ ਕਿਹਾ, "ਸਿੰਘੋ, ਸਿੱਖ ਸ਼ਹੀਦਾਂ ਦੇ ਡੁੱਲ੍ਹੇ ਖੂਨ ਦਾ ਬਦਲਾ ਲੈਣਾ ਹੈ ਤੇ ਨਰਕਧਾਰੀ ਗੁਰਬਚਨੇ ਦਾ ਸਿਰ ਵੱਢ ਕੇ ਲਿਆਉਣਾ ਹੈ। ਇਸ ਸੇਵਾ ਵਾਸਤੇ ਕੀ ਕੋਈ ਸਿੰਘ ਤਿਆਰ ਹੈ ?" ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਬਚਨ ਸੁਣ ਕੇ 'ਭਾਈ ਲੱਖਾ ਸਿੰਘ ਨਾਗੋਕੇ' ਉੱਠਿਆ ਤੇ ਕਿਹਾ ਕਿ ਸੰਤ ਜੀ ਦਾਸ ਹਾਜ਼ਰ ਹੈ। ਪਰ ਇਸ ਪੰਥਕ ਕਾਰਜ ਲਈ ਨੀਤੀ ਤੋਂ ਕੰਮ ਲਿਆ ਜਾਣਾ ਹੈ। ਇਸ 'ਤੇ ਸਮਾਂ ਵੀ ਲੱਗੇਗਾ ਤੇ ਸਿੰਘਾਂ ਨੂੰ ਭੇਸ ਵੀ ਬਦਲਣਾ ਪੈ ਸਕਦਾ ਹੈ। ਕਿਉਂਕਿ ਸਿੰਘਾਂ ਦੇ ਕਾਤਲ ਗੁਰਬਚਨੇ ਦੀ ਸੁਰੱਖਿਆ ਦੇ ਪ੍ਰਬੰਧ ਬਹੁਤ ਸਖਤ ਹਨ ਤੇ ਖਾਲਸਾਈ ਬਾਣੇ ਵਿੱਚ ਪਹੁੰਚਣਾ ਤੇ ਕੰਮ ਕਰਨਾ ਮੁਸ਼ਕਲ ਹੈ। ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਕਿਹਾ, "ਭਾਈ ਲੱਖਾ ਸਿੰਘ ਜੀ, ਸਿੱਖ ਧਰਮ ਵਿੱਚ, ਰਾਜਨੀਤੀ ਤੇ ਧਰਮਨੀਤੀ ਦੋਵਾਂ ਦਾ ਸੁਮੇਲ ਹੈ। ਮੌਕੇ ਅਨੁਸਾਰ ਇਸ ਦੀ ਵਰਤੋਂ ਕਰ ਲੈਣੀ ਚਾਹੀਦੀ ਹੈ। ਮਿਸ਼ਨ ਦੀ ਪੂਰਤੀ ਜ਼ਰੂਰੀ ਹੈ।"

ਸੰਤ ਜਰਨੈਲ ਸਿੰਘ ਜੀ ਖਾਲਸਾ ਦਾ ਹੁਕਮ ਮੰਨ ਕੇ ਗੁਰਬਚਨੇ ਨੂੰ ਸੋਧਣ ਵਾਸਤੇ ਤੁਰੇ ਸਿੰਘਾਂ ਵਿੱਚ ਭਾਈ ਲੱਖਾ ਸਿੰਘ ਨਾਗੋਕੇ, ਭਾਈ ਮੇਜਰ ਸਿੰਘ ਨਾਗੋਕੇ, ਭਾਈ ਦਲਬੀਰ ਸਿੰਘ ਅਭਿਆਸੀ, ਭਾਈ ਕਾਬਲ ਸਿੰਘ ਮੱਲ ਕਟੋਰਾ, ਭਾਈ ਕੁਲਦੀਪ ਸਿੰਘ ਮੁੱਛਲ, ਭਾਈ ਸਵਰਨ ਸਿੰਘ ਰੋਡੇ, ਬਾਪੂ ਜਗੀਰ ਸਿੰਘ ਰੋਡੇ ਤੇ ਇਸ ਰਾਜ ਦੀ ਸਾਂਝ ਵਾਲੇ ਸਨ ਭਾਈ ਅਮਰੀਕ ਸਿੰਘ ਜੀ (ਸ਼ਹੀਦ), ਬਾਬਾ ਠਾਹਰਾ ਸਿੰਘ ਜੀ, ਭਾਈ ਰਛਪਾਲ ਸਿੰਘ ਪੀ.ਏ. ਅਤੇ ਇਨ੍ਹਾਂ ਸਿੰਘਾਂ ਨਾਲ ਅੱਗੇ ਸਰਅੰਜ਼ਾਮ ਦੇਣ ਵਾਲੇ ਸਿੰਘ ਸਨ ਭਾਈ ਗਿਆਨ ਸਿੰਘ ਮਿਸਤਰੀ, ਭਾਈ ਗਿਆਨ ਸਿੰਘ ਗੱਤਕਾ ਰਣਜੀਤੇ ਅਖਾੜੇ ਵਾਲਾ, ਇਸ ਤੋਂ ਅੱਗੇ ਭਾਈ ਰਣਜੀਤ ਸਿੰਘ। ਭਾਈ ਗਿਆਨ ਸਿੰਘ ਮਿਸਤਰੀ ਦੇ ਪਿੰਡ ਨਾਗੋਕੇ ਸਹੁਰੇ ਸਨ ਤੇ ਇਸ ਲਈ ਭਾਈ ਗਿਆਨ ਸਿੰਘ ਦਾ ਪਿੰਡ ਨਾਗੋਕੇ ਆਉਣਾ-ਜਾਣਾ ਸੀ। ਭਾਈ ਲੱਖਾ ਸਿੰਘ ਤੇ ਭਾਈ ਮੇਜਰ ਸਿੰਘ ਨਾਗੋਕੇ, ਭਾਈ ਗਿਆਨ ਸਿੰਘ ਮਿਸਤਰੀ ਨੂੰ ਮਿਲੇ ਅਤੇ 13 ਅਪ੍ਰੈਲ 1978 ਨੂੰ ਅੰਮ੍ਰਿਤਸਰ 'ਚ ਨਰਕਧਾਰੀ ਗੁਰਬਚਨੇ ਵੱਲੋਂ ਵਰਤਾਏ ਗਏ ਖੂਨੀ ਸਾਕੇ ਦਾ ਬਦਲਾ ਲੈਣ ਦੇ ਕਾਜ ਵਿੱਚ ਮਦਦ ਕਰਨ ਦੀ ਬੇਨਤੀ ਕੀਤੀ। ਕਿਉਂਕਿ ਭਾਈ ਗਿਆਨ ਸਿੰਘ ਮਿਸਤਰੀ ਦਿੱਲੀ ਵਿੱਚ ਲੱਕੜ ਦਾ ਤਰਖਾਣਾ ਕੰਮ ਕਰਦੇ ਸਨ ਤੇ ਨਿਰੰਕਾਰੀ ਮੁਖੀ ਦੇ ਬੰਗਲੇ 'ਚ ਆਉਣਾ-ਜਾਣਾ ਸੀ। ਭਾਈ ਗਿਆਨ ਸਿੰਘ ਨੇ ਹਾਮੀ ਭਰ ਦਿੱਤੀ ਤੇ ਦਮਦਮੀ ਟਕਸਾਲ ਦੇ ਸਿੰਘਾਂ

ਦਾ ਦਿੱਲੀ ਵਿੱਚ ਉਸ ਕੋਲ ਆਉਣਾ ਜਾਣਾ ਹੋ ਗਿਆ। ਦਮਦਮੀ ਟਕਸਾਲ ਦੇ ਸਿੰਘ ਭਾਈ ਦਲਬੀਰ ਸਿੰਘ ਅਭਿਆਸੀ ਧਗਾਣਾਂ, ਭਾਈ ਕੁਲਦੀਪ ਸਿੰਘ ਮੁੱਛਲ, ਭਾਈ ਸਵਰਨ ਸਿੰਘ ਰੋਡੇ ਭੇਸ ਬਦਲ ਕੇ ਨਿਰੰਕਾਰੀ ਸਮਾਗਮਾਂ ਵਿੱਚ ਪਹੁੰਚ ਜਾਂਦੇ ਸਨ। ਪਰ ਨਿਰੰਕਾਰੀ ਮੁਖੀ ਦੀ ਸੁਰੱਖਿਆ ਦੇ ਬੜੇ ਕਰੜੇ ਪ੍ਰਬੰਧ ਸਨ। ਉਸ ਦੇ ਨੇੜੇ ਪਹੁੰਚਣਾ ਤੇ ਉਸ ਦਾ ਸਿਰ ਵੱਢ ਕੇ ਲਿਆਉਣ ਦਾ ਸਬੱਬ ਨਹੀਂ ਸੀ ਬਣਦਾ। ਭਾਈ ਗਿਆਨ ਸਿੰਘ ਮਿਸਤਰੀ, ਭਾਈ ਗਿਆਨ ਸਿੰਘ ਰਣਜੀਤ ਅਖਾੜੇ ਵਾਲਾ ਗੱਤਕਾ ਮਾਸਟਰ ਨਾਲ ਨਰਕਧਾਰੀ ਸੋਧਣ ਦੀ ਗੱਲ ਕੀਤੀ ਤਾਂ ਉਸ ਨੇ ਭਾਈ ਰਣਜੀਤ ਸਿੰਘ ਪਿੰਡ ਠੱਟਾ (ਬੀੜ ਬਾਬਾ ਬੁੱਢਾ ਸਾਹਿਬ ਜੀ) ਜੋ ਦਿੱਲੀ ਰਣਜੀਤ ਅਖਾੜੇ ਵਿੱਚ ਗਤਕਾ ਸਿੱਖਦਾ ਸੀ ਤੇ ਅਣਖੀਲਾ ਨੌਜਵਾਨ ਸੀ, ਉਸ ਨੂੰ ਮਿਲੇ ਤਾਂ ਭਾਈ ਰਣਜੀਤ ਸਿੰਘ ਨੇ ਧਰਮ ਦਾ ਕਾਜ ਕਰਨ ਲਈ ਹਾਂ ਕਰ ਦਿੱਤੀ। ਭਾਈ ਰਣਜੀਤ ਸਿੰਘ ਨਿਰੰਕਾਰੀ ਸਮਾਗਮਾਂ ਵਿੱਚ ਜਾਣ ਲੱਗ ਪਿਆ ਤੇ ਨਿਰੰਕਾਰੀ ਮੰਡਲ ਦੇ ਅਹਿਮ ਅਹੁਦੇਦਾਰਾਂ ਨਾਲ ਨੇੜੇ ਦੇ ਸਬੰਧ ਕਾਇਮ ਕਰ ਲਏ ਤੇ ਨਿਰੰਕਾਰੀ ਬੋਲੀ ਬੋਲਣ ਲੱਗ ਪਏ। ਨਿਰੰਕਾਰੀ ਪ੍ਰਮੁੱਖਾਂ ਨੇ ਭਾਈ ਰਣਜੀਤ ਸਿੰਘ ਨੂੰ ਨਿਰੰਕਾਰੀ ਮੁਖੀ ਗੁਰਬਚਨੇ ਦੀ ਕੋਠੀ ਵਿੱਚ ਕੰਮ 'ਤੇ ਲਵਾ ਦਿੱਤਾ। ਭਾਈ ਰਣਜੀਤ ਸਿੰਘ ਨਿਰੰਕਾਰੀ ਮੁਖੀ ਦੀ ਕੋਠੀ ਵਿੱਚ ਲੱਕੜ ਦਾ ਕੰਮ (ਜੋੜੀਆਂ ਦਾ) ਕਰਨ ਲੱਗ ਪਿਆ। ਭਾਈ ਰਣਜੀਤ ਸਿੰਘ ਨਿਰੰਕਾਰੀ ਭਵਨ ਵਿੱਚ ਬਹੁਤ ਵਿਸ਼ਵਾਸ ਪਾਤਰ ਬਣ ਗਿਆ ਸੀ। ਭਾਈ ਰਣਜੀਤ ਸਿੰਘ ਦੇ ਨਾਲ ਇਕ ਹੋਰ ਸਿੰਘ ਨੂੰ ਨਿਰੰਕਾਰੀ ਦੀ ਕੋਠੀ 'ਚ ਭੇਜਣ ਦਾ ਫੈਸਲਾ ਹੋਇਆ। ਜਿਸ ਅਨੁਸਾਰ ਦਮਦਮੀ ਟਕਸਾਲ ਦੇ ਭਾਈ ਕਾਬਲ ਸਿੰਘ ਮੱਲ ਕਟੋਰਾ ਨੂੰ, ਭਾਈ ਰਣਜੀਤ ਸਿੰਘ ਨੇ ਮਜ਼ਦੂਰ ਦੇ ਤੌਰ 'ਤੇ, ਆਪਣੇ ਨਾਲ ਕੰਮ 'ਤੇ ਲਾ ਲਿਆ। ਭਾਈ ਕਾਬਲ ਸਿੰਘ, ਭਾਈ ਰਣਜੀਤ ਸਿੰਘ ਨਾਲ ਲੱਕੜ ਦੇ ਕੰਮ ਵਿੱਚ, ਰੰਦਾ ਖਿੱਚਣਾ, ਆਰੇ ਨਾਲ ਲੱਕੜ ਵੱਢਣੀ, ਕਿੱਲ ਠੋਕਣੇ ਆਦਿ ਕੰਮ ਕਰਦਾ ਸੀ। ਦਮਦਮੀ ਟਕਸਾਲ ਦੇ ਸਿੰਘਾਂ ਵੱਲੋਂ ਦਿੱਲੀ ਹਥਿਆਰ ਪਹੁੰਚਾਏ ਗਏ। ਭਾਈ ਰਣਜੀਤ ਸਿੰਘ ਨੇ ਆਪਣੀ ਮਿਸਤਰੀ ਕਲਾ ਰਾਹੀਂ ਲੱਕੜੀ ਦੇ ਚੌਰਸ ਅਤੇ ਲੰਬੇ ਟੁਕੜੇ ਨੂੰ ਲੰਬਾ ਚੀਰ ਕੇ ਵਿਚੋਂ ਖਰਾਦ ਕੇ ਕਾਰਬਾਈਨ ਤੇ ਕਿਰਪਾਨ ਫਿੱਟ ਕਰਕੇ, ਫਿਰ ਦੋਵਾਂ ਟੁਕੜਿਆਂ ਨੂੰ ਜੋੜ ਕੇ ਵੱਡੇ ਪੇਚ ਲਾ ਕੇ ਜੋੜ ਦਿੱਤਾ ਤੇ ਇਸ ਟੁਕੜੇ ਨੂੰ ਸਾਈਕਲ 'ਤੇ ਰੱਖ ਕੇ ਨਿਰੰਕਾਰੀ ਦੀ ਕੋਠੀ ਵਿਚ ਲਿਜਾ ਕੇ, ਹੋਰਨਾਂ ਲੱਕੜਾਂ ਵਿੱਚ ਰੱਖ ਦਿੱਤਾ। ਪੁਲਿਸ ਵਲੋਂ ਨਿਰੰਕਾਰੀ ਮੁਖੀ ਦੀ ਕੋਠੀ ਦੀ ਬੜੀ ਭਾਰੀ ਸੁਰੱਖਿਆ ਕੀਤੀ ਗਈ ਸੀ। ਪੁਲਿਸ ਸਕਿਉਰਿਟੀ ਤੋਂ ਇਲਾਵਾ ਨਿਰੰਕਾਰੀ ਮੰਡਲ ਦੇ ਹਥਿਆਰਬੰਦ ਗਾਰਡ ਵੀ ਪਹਿਰਾ ਦਿੰਦੇ ਸਨ। ਪਰ ਭਾਈ ਰਣਜੀਤ ਸਿੰਘ ਇਕ ਜਾਣਿਆ ਪਛਾਣਿਆ ਹੋਣ ਕਰਕੇ ਉਸਨੂੰ ਕੋਈ ਨਹੀਂ ਸੀ ਰੋਕਦਾ।

ਨਿਰੰਕਾਰੀ ਦੀ ਕੋਠੀ ਵਿਚ ਸਿੰਘ ਹਥਿਆਰ ਲਿਜਾਣ ਵਿੱਚ ਕਾਮਯਾਬ ਹੋ ਗਏ। ਸੰਤ ਜਰਨੈਲ ਸਿੰਘ ਜੀ ਖਾਲਸਾ ਦਾ ਹੁਕਮ ਸੀ ਕਿ ਸ਼ਹੀਦ ਸਿੰਘਾਂ ਦੇ ਕਾਤਲ ਦਾ ਸਿਰ ਵੱਢਣਾ ਤੇ ਸਿੰਘਾਂ ਨੇ ਨਿਕਲ ਕੇ ਆਉਣਾ, ਸ਼ਹੀਦੀ ਨਹੀਂ ਪਾਉਣੀ। ਇਸ ਲਈ

ਦਿਨ ਵੇਲੇ ਐਕਸ਼ਨ ਕਰਨ ਨਾਲ ਸਕੀਮ ਨੇਪਰੇ ਨਹੀਂ ਸੀ ਚੜ੍ਹ ਸਕਦੀ। ਭਾਈ ਰਣਜੀਤ ਸਿੰਘ ਤੇ ਕਾਬਲ ਸਿੰਘ ਕੁਝ ਹੱਥ ਗੋਲੇ ਵੀ ਅੰਦਰ ਲੈ ਗਏ ਸਨ ਤੇ ਰਾਤ ਗਈ ਤੱਕ ਕੰਮ ਕਰਦੇ ਰਹਿੰਦੇ ਸਨ ਕਿ ਹਨੇਰੇ ਦਾ ਫਾਇਦਾ ਉਠਾ ਕੇ ਆਪਣਾ ਬਚਾ ਵੀ ਕੀਤਾ ਜਾ ਸਕੇ ਅਤੇ ਆਪਣਾ ਕੰਮ ਵੀ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਕੋਠੀ ਦੇ ਪਿਛਲੇ ਪਾਸੇ ਦੀ ਇਕ ਗਰਿੱਲ ਨੂੰ ਖੋਲ੍ਹ ਕੇ ਉਸਨੂੰ ਅਾਰਜ਼ੀ ਤੌਰ 'ਤੇ ਅੜਾਇਆ ਹੋਇਆ ਸੀ ਕਿ ਐਕਸ਼ਨ ਕਰਨ ਤੋਂ ਬਾਅਦ ਇਸ ਵਿੱਚ ਦੀ ਨਿਕਲ ਕੇ ਭੱਜਿਆ ਜਾ ਸਕੇ।

ਨਿਰੰਕਾਰੀ ਮੁਖੀ ਗੁਰਬਚਨਾ ਆਪਣੇ ਖਾਸਮਖਾਸ ਚੇਲੇ ਪ੍ਰਤਾਪੇ ਦੇ ਨਾਲ ਦਿੱਲੀ ਵਿਚ ਸਤਿਸੰਗ ਕਰਨ ਤੋਂ ਬਾਅਦ ਆਪਣੇ ਬੰਗਲੇ ਵਿਚ ਪਹੁੰਚਿਆ। ਕਾਰ ਵਿਚੋਂ ਉਤਰ ਕੇ ਜਦੋਂ ਆਪਣੇ ਕਮਰੇ ਵਿੱਚ ਜਾਣ ਲੱਗਾ ਤਾਂ ਭਾਈ ਰਣਜੀਤ ਸਿੰਘ ਨੇ ਕੋਠੀ ਅੰਦਰੋਂ ਗੋਲੀ ਚਲਾ ਦਿੱਤੀ, ਜੋ ਗੁਰੂ ਦੋਖੀ ਨਿਰੰਕਾਰੀ ਮੁਖੀ ਗੁਰਬਚਨੇ ਦੇ ਮੱਥੇ ਵਿਚ ਵੱਜੀ, ਦੂਜੀ ਗੋਲ਼ੀ ਚਲਾਈ ਜੋ ਪ੍ਰਤਾਪ ਅਖੌਤੀ ਸੱਤਵੇਂ ਸਿਤਾਰੇ ਦੇ ਮੱਥੇ ਨੂੰ ਚੀਰ ਗ਼ਈ। ਦੋਵੇਂ ਧਰਤੀ 'ਤੇ ਡਿੱਗ ਪਏ। ਨਿਰੰਕਾਰੀ ਮੁਖੀ ਦੇ ਸਕਿਉਰਿਟੀ ਗਾਰਡਾਂ ਨੇ ਭੱਜ ਕੇ ਜਾਨਾਂ ਬਚਾਈਆਂ। ਭਾਈ ਕਾਬਲ ਸਿੰਘ ਨੇ ਇਕ ਹੱਥ ਗੋਲਾ ਸੁੱਟਿਆ ਤਾਂ ਉਹ ਚੱਲਿਆ ਨਾ, ਦੂਜਾ ਹੱਥ ਗੋਲਾ ਸੁੱਟਿਆ ਤਾਂ ਉਹ ਵੀ ਨਾ ਚੱਲਿਆ। ਸਿੰਘਾਂ ਦੇ ਹੱਥ ਗੋਲੇ ਸੁੱਟਣ ਦਾ ਮਨੋਰਥ ਸੀ ਕਿ ਗੋਲੇ ਫਟਣ ਨਾਲ ਦਹਿਸ਼ਤ ਪੈ ਜਾਵੇਗੀ ਤੇ ਸੁਰੱਖਿਆ ਗਾਰਡ, ਨਿਰੰਕਾਰੀ ਮੁਖੀ ਦੀ ਹਿਫਾਜ਼ਤ ਲਈ ਅੱਗੇ ਨਹੀਂ ਆਉਣਗੇ ਤੇ ਜੇ ਅੱਗੇ ਵਧੇ ਤਾਂ ਹੋਰ ਗੋਲੇ ਵੀ ਆ ਸਕਦੇ ਹਨ। ਗੋਲੇ ਨਾ ਫਟਣ ਕਰਕੇ ਸਿੰਘਾਂ ਦੀ ਗੁਰਬਚਨੇ ਨਿਰੰਕਾਰੀ ਦਾ ਸਿਰ ਵੱਢ ਕੇ ਲਿਜਾਣ ਦੀ ਸਕੀਮ ਸਿਰੇ ਨਾ ਚੜ੍ਹ ਸਕੀ। ਨਿਰੰਕਾਰੀ ਮੁਖੀ ਦੀ ਸੁਰੱਖਿਆ ਲਈ ਤਾਇਨਾਤ ਸੀ.ਆਰ.ਪੀ. ਦੇ ਗਾਰਡ ਅੰਧਾਧੁੰਦ ਫਾਇਰਿੰਗ ਕਰ ਰਹੇ ਸਨ। ਨਿਰੰਕਾਰੀ ਮੁਖੀ ਦੀ ਕੋਠੀ 'ਤੇ ਹਮਲਾ ਹੋਣ ਦੀਆਂ ਦਿੱਲੀ ਪੁਲਿਸ ਨੂੰ ਵਾਇਰਲੈਸਾਂ ਖੜਕ ਗਈਆਂ। ਭਾਈ ਰਣਜੀਤ ਸਿੰਘ ਤੇ ਭਾਈ ਕਾਬਲ ਸਿੰਘ ਵਲੋਂ ਨਿਰੰਕਾਰੀ ਗੁਰਬਚਨੇ ਨੂੰ ਨਰਕਧਾਮ ਪਹੁੰਚਾਉਣ ਤੋਂ ਬਾਅਦ ਭਜਾ ਕੇ ਲਿਜਾਣ ਲਈ ਭਾਈ ਕੁਲਦੀਪ ਸਿੰਘ ਮੁੱਛਲ ਤੇ ਭਾਈ ਮੇਜਰ ਸਿੰਘ ਨਾਗੋਕੇ ਬਾਹਰ ਗੱਡੀ ਪਾਸੇ 'ਤੇ ਲਾ ਕੇ ਖੜ੍ਹੇ ਸਨ। ਜਦੋਂ ਸੀ.ਆਰ.ਪੀ. ਵਲੋਂ ਫਾਇਰਿੰਗ ਕੀਤੀ ਜਾ ਰਹੀ ਸੀ ਤਾਂ ਭਾਈ ਰਣਜੀਤ ਸਿੰਘ ਤੇ ਭਾਈ ਕਾਬਲ ਸਿੰਘ ਉਨ੍ਹਾਂ ਕੋਲ ਨਾ ਪਹੁੰਚੇ ਤਾਂ ਉਹ ਗੱਡੀ ਭਜਾ ਕੇ ਲੈ ਗਏ। ਭਾਈ ਰਣਜੀਤ ਸਿੰਘ ਤੇ ਭਾਈ ਕਾਬਲ ਸਿੰਘ ਨਿਰੰਕਾਰੀ ਗੁਰਬਚਨੇ ਅਤੇ ਪ੍ਰਤਾਪੇ ਨੂੰ ਗੋਲੀਆਂ ਮਾਰ ਕੇ ਨਰਕਧਾਮ ਪਹੁੰਚਾਉਣ ਤੋਂ ਬਾਅਦ ਕੋਠੀ ਦੇ ਪਿਛਲੇ ਪਾਸੇ ਦੀ ਗਰਿੱਲ ਵਾਲੀ ਬਾਰੀ ਵਿੱਚ ਦੀ ਨਿਕਲ ਗਏ ਤੇ ਇਕ ਦੰਦ ਕਥਾ ਅਨੁਸਾਰ ਆਲੂਆਂ ਦੀਆਂ ਖੇਲਾਂ ਵਿਚ ਲੰਮੇ ਪੈ ਗਏ। ਜਦੋਂ ਸੀ.ਆਰ.ਪੀ. ਵਾਲਿਆਂ ਫਾਇਰਿੰਗ ਕਰਨੀ ਬੰਦ ਕੀਤੀ ਤੇ ਨਿਰੰਕਾਰੀ ਮੁਖੀ ਗੁਰਬਚਨੇ ਤੇ ਪ੍ਰਤਾਪ ਨੂੰ ਹਸਪਤਾਲ ਲਿਜਾਣ ਦਾ ਪ੍ਰਬੰਧ ਕਰਨ ਲੱਗੇ ਤਾਂ ਉਹ ਉਥੋਂ ਭੱਜ ਕੇ ਜਮਨਾ ਵੱਲ ਚਲੇ ਗਏ ਤੇ ਜਮਨਾ ਵਿੱਚ ਦੀ ਕਈ ਵਾਰ ਉਨ੍ਹਾਂ ਨੂੰ ਆਰ-ਪਾਰ ਲੰਘਣਾ ਪਿਆ। ਰਾਤ ਦੇ ਹਨੇਰੇ ਵਿੱਚ ਅੰਦਾਜ਼ੇ

ਨਾਲ ਉਨ੍ਹਾਂ ਆਪਣੀ ਰਫਲ ਇਕ ਨਲਕੇ ਦੀ ਨਿਸ਼ਾਨੀ ਰੱਖ ਕੇ, ਜਮਨਾ ਵਿਚ ਲੁਕਾ ਦਿੱਤੀ ਤੇ ਦਿਨ ਚੜ੍ਹਦੇ ਤੱਕ ਭਾਈ ਰਣਜੀਤ ਸਿੰਘ ਤੇ ਭਾਈ ਕਾਬਲ ਸਿੰਘ ਪੁਲਿਸ ਦੀ ਪਹੁੰਚ ਤੋਂ ਦੂਰ ਚਲੇ ਗਏ। ਇਸ ਤਰ੍ਹਾਂ ਭਾਈ ਰਣਜੀਤ ਸਿੰਘ ਤੇ ਭਾਈ ਕਾਬਲ ਸਿੰਘ ਵਲੋਂ ਗੁਰੂ ਨਿੰਦਕ, ਸਿੰਘਾਂ ਦੇ ਕਾਤਲ, ਨਰਕਧਾਰੀ ਗੁਰਬਚਨੇ ਤੇ ਪ੍ਰਤਾਪ ਨੂੰ ਜੋ ਹਿੰਦੁਸਤਾਨ ਦੀਆਂ ਹਿੰਦੂਤਵੀ ਅਦਾਲਤਾਂ ਵਿੱਚੋਂ ਬਰੀ ਹੋ ਗਏ ਸਨ, ਨੂੰ ਗੋਲੀਆਂ ਮਾਰ ਕੇ ਨਰਕਧਾਮ ਪਹੁੰਚਾ ਦਿੱਤਾ ਤੇ 13 ਅਪ੍ਰੈਲ 1978 ਦੇ ਅੰਮ੍ਰਿਤਸਰ ਵਿੱਚ ਵਾਪਰੇ ਖੂਨੀ ਸਾਕੇ ਦਾ ਬਦਲਾ ਖੁਦ ਲੈ ਲਿਆ।

ਨਿਰੰਕਾਰੀ ਗੁਰਬਚਨੇ ਨੂੰ ਸੋਧਣ ਤੋਂ ਬਾਅਦ ਭਾਈ ਕਾਬਲ ਸਿੰਘ ਤੇ ਭਾਈ ਕੁਲਦੀਪ ਸਿੰਘ ਮੁੱਛਲ ਪਿੰਡ ਦਲੇਰਵਾਲਾ ਨੇੜੇ ਮਾਨਸਾ ਭੈਣ ਜੀਤ ਕੌਰ ਪਤਨੀ ਬਗੀਚਾ ਸਿੰਘ ਦੇ ਘਰ ਦੋ ਮਹੀਨੇ ਰਹੇ। ਇਹ ਵੀ ਵਰਨਣਯੋਗ ਹੈ ਕਿ ਭਾਈ ਗਿਆਨ ਸਿੰਘ ਮਿਸਤਰੀ ਨੂੰ ਨਿਰੰਕਾਰੀ ਮੁਖੀ ਗੁਰਬਚਨੇ ਦੇ ਕਤਲ ਤੋਂ ਪਿੱਛੋਂ ਦਿੱਲੀ ਤੋਂ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ ਤੇ ਇਹ ਵੀ ਕਿਹਾ ਜਾਂਦਾ ਹੈ ਕਿ ਉਸਨੂੰ ਨਿਰੰਕਾਰੀਆਂ ਨੇ ਭਾਰੀ ਤਸ਼ੱਦਦ ਕਰ ਕੇ ਸ਼ਹੀਦ ਕਰ ਦਿੱਤਾ ਸੀ। ਭਾਈ ਗਿਆਨ ਸਿੰਘ ਮਿਸਤਰੀ ਬਾਰੇ ਕੋਈ ਠੋਸ ਜਾਣਕਾਰੀ ਨਹੀਂ ਮਿਲਦੀ ਕਿ ਉਸਨੂੰ ਪੁਲਿਸ ਨੇ ਤਸ਼ੱਦਦ ਕਰਕੇ ਸ਼ਹੀਦ ਕੀਤਾ ਜਾਂ ਨਿਰੰਕਾਰੀਆਂ ਨੇ। ਦੂਜੇ ਭਾਈ ਗਿਆਨ ਸਿੰਘ ਗੱਤਕਾ ਮਾਸਟਰ ਰਣਜੀਤ ਅਖਾੜਾ ਬਾਰੇ ਕਿਹਾ ਜਾਂਦਾ ਹੈ ਕਿ ਉਹ ਗਤਕੇ ਦਾ ਇੰਨਾ ਮਾਹਰ ਸੀ ਕਿ 14 ਬੰਦਿਆਂ ਦੇ ਹੱਥੋਂ ਗੱਤਕਾ ਖੇਡਦਿਆਂ ਸੋਟੀ ਨਹੀਂ ਸੀ ਖਾਂਦਾ ਤੇ ਸੁਭਾਅ ਦਾ ਖੁਲਾਸਾ ਸੀ। ਕਈ ਭਾਈ ਗਿਆਨ ਸਿੰਘ ਗੱਤਕਾ ਮਾਸਟਰ ਨੂੰ ਬੜਬੋਲਾ ਸਮਝਦੇ ਸਨ ਕਿ ਇਹ ਕੋਈ ਗੱਲ ਲੁਕਾ ਕੇ ਨਹੀਂ ਰੱਖ ਸਕਦਾ। ਇਸ ਮਸਲੇ 'ਤੇ ਦਮਦਮੀ ਟਕਸਾਲ ਦੇ ਇਤਿਹਾਸ ਵਿੱਚ ਅਤੀ ਮੰਦਭਾਗੀ ਘਟਨਾ ਵਾਪਰੀ। ਜਿਸਦਾ ਜ਼ਿਕਰ ਪ੍ਰਸਿੱਧ ਪੱਤਰਕਾਰ ਸ. ਮਹਿੰਦਰ ਸਿੰਘ ਸਿੰਘ ਆਪਣੀ ਕਿਤਾਬ 'ਨੀਂਹ ਰੱਖੀ ਗਈ' ਵਿੱਚ ਇਸ ਤਰ੍ਹਾਂ ਵਰਨਣ ਕੀਤਾ ਹੈ।

ਭਾਈ ਗਿਆਨ ਸਿੰਘ ਗਤਕਾ ਮਾਸਟਰ ਦੇ ਕਤਲ ਤੋਂ ਬਾਅਦ ਭਾਈ ਰਣਜੀਤ ਸਿੰਘ ਜੀ ਨੇ ਬੁਰਾ ਮਨਾਇਆ ਤੇ ਉਸ ਦੇ ਸਵਾਲਾਂ ਦਾ ਟਕਸਾਲ ਦੇ ਸਿੰਘਾਂ ਵੱਲੋਂ ਤਸੱਲੀ ਬਖਸ਼ ਜਵਾਬ ਨਾ ਦੇਣ 'ਤੇ ਉਹ ਦਮਦਮੀ ਟਕਸਾਲ ਦਾ ਸਾਥ ਛੱਡ ਕੇ ਚਲੇ ਗਏ ਤੇ ਉਨ੍ਹਾਂ ਵੱਲੋਂ ਸੁਰਜੀਤ ਸਿਹੁੰ ਬਰਨਾਲਾ ਰਾਹੀਂ ਦਿੱਲੀ ਪੁਲਿਸ ਅੱਗੇ ਆਤਮ ਸਮਰਪਨ ਕਰ ਦਿੱਤਾ ਗਿਆ। ਭਾਈ ਗਿਆਨ ਸਿੰਘ ਗਤਕਾ ਮਾਸਟਰ ਦੀ ਉੱਜਲ ਸਿੰਹੁ ਮਲਸੀਹਾਂ ਦੇ ਘਰ ਵਿੱਚ ਧੋਖੇ ਨਾਲ ਕੀਤੀ ਗਈ ਹੱਤਿਆ ਤੇ ਸਤਲੁਜ ਦਰਿਆ ਵਿੱਚ ਲਾਸ਼ ਰੋੜ੍ਹਨ ਦੇ ਘਟਨਾਕ੍ਰਮ ਤੋਂ ਭਾਈ ਕਾਬਲ ਸਿੰਘ ਵੀ ਨਰਾਜ਼ ਹੋ ਕੇ ਦਮਦਮੀ ਟਕਸਾਲ ਦਾ ਸਾਥ ਛੱਡ ਕੇ ਪਿੰਡ ਆ ਗਏ। ਵੇਖਿਆ ਜਾਵੇ ਤਾਂ ਇਹ ਇਕ ਬੜੀ ਨਮੋਸ਼ੀ ਵਾਲੀ ਗੱਲ ਸੀ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੂੰ ਜਦੋਂ ਪਤਾ ਲੱਗਾ ਕਿ ਭਾਈ ਕਾਬਲ ਸਿੰਘ ਵੀ ਚਲਾ ਗਿਆ ਹੈ ਤਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਸਿੰਘ ਭੇਜ ਕੇ ਪਿਤਾ ਬਾਪੂ ਤਰਲੋਕ ਸਿੰਘ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ ਕਿ ਭਾਈ ਗਿਆਨ ਸਿੰਘ ਗਤਕਾ

ਮਾਸਟਰ ਨਾਲ ਜੋ ਅਣਹੋਣੀ ਵਾਪਰੀ ਹੈ, ਉਹ ਸਿੰਘਾਂ ਦੀ ਆਪ ਹੁਦਰੀ ਕਾਰਵਾਈ ਹੈ। ਭਾਈ ਕਾਬਲ ਸਿੰਘ ਨੂੰ ਸਾਡੇ ਕੋਲ ਲੈ ਕੇ ਆਉ। ਅਸੀਂ ਭਾਈ ਕਾਬਲ ਸਿੰਘ ਦੀ ਹਰ ਕੀਮਤ 'ਤੇ ਹਿਫਾਜ਼ਤ ਕਰਾਂਗੇ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਕਹਿਣਾ ਮੰਨ ਕੇ ਪਿਤਾ ਸ੍ਰ. ਤਰਲੋਕ ਸਿੰਘ, ਭਾਈ ਕਾਬਲ ਸਿੰਘ ਨੂੰ ਸੰਤ ਜਰਨੈਲ ਸਿੰਘ ਜੀ ਖਾਲਸਾ ਕੋਲ ਆਪ ਛੱਡ ਕੇ ਆਏ ਸਨ। ਨਿਰੰਕਾਰੀ ਗੁਰਬਚਨੇ ਦੇ ਕਤਲ ਤੋਂ 2 ਮਹੀਨੇ ਬਾਅਦ ਦਿੱਲੀ ਤੋਂ ਵੱਖ-ਵੱਖ ਪੁਲਿਸ ਤੇ ਪੁੱਛਗਿੱਛ ਏਜੰਸੀਆਂ ਦੀਆਂ 20 ਦੇ ਕਰੀਬ ਗੱਡੀਆਂ ਪਿੰਡ ਮੱਲ ਕਟੋਰਾ (ਨੇੜੇ ਮਲੋਟ, ਜ਼ਿਲ੍ਹਾ ਫਰੀਦਕੋਟ) (ਹੁਣ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ) ਵਿੱਚ ਆਈਆਂ, ਜਿਸ ਵਿੱਚ ਦਿੱਲੀ ਪੁਲਿਸ ਅਤੇ ਸਿਵਲ ਵਰਦੀ ਵਿੱਚ ਅਫਸਰ ਸਨ। ਉਹ ਭਾਈ ਕਾਬਲ ਸਿੰਘ ਦੇ ਪਿਤਾ ਬਾਪੂ ਤਰਲੋਕ ਸਿੰਘ ਨੂੰ ਗ੍ਰਿਫਤਾਰ ਕਰ ਕੇ ਆਪਣੇ ਨਾਲ ਦਿੱਲੀ ਲੈ ਗਏ ਤੇ ਕੁਝ ਦਿਨ ਪੁੱਛ-ਗਿੱਛ ਕਰਨ ਤੋਂ ਪਿੱਛੋਂ ਛੱਡ ਦਿੱਤਾ ਪਰੰਤੂ ਪੰਜਾਬ ਪੁਲਿਸ ਨੇ ਲਗਾਤਾਰ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ। ਮਲੋਟ ਥਾਣੇ ਦੀ ਪੁਲਿਸ ਦਾ ਇੰਸਪੈਕਟਰ ਗੁਰਚਰਨ ਸਿਹੁੰ ਸਾਂਹ ਪਿਤਾ ਤਰਲੋਕ ਸਿੰਘ ਨੂੰ ਘਰੋਂ ਫੜ੍ਹ ਕੇ ਥਾਣਾ ਮਲੋਟ ਲੈ ਗਿਆ ਤੇ ਬਾਪੂ ਤਰਲੋਕ ਸਿੰਘ ਉਤੇ ਬੇਹੱਦ ਤਸ਼ੱਦਦ ਕਰਦਾ ਤੇ ਕਹਿੰਦਾ ਕਿ ਕਾਬਲ ਸਿੰਘ ਨੇ ਨਿਰੰਕਾਰੀ ਬਾਬੇ ਗੁਰਬਚਨੇ ਦਾ ਕਤਲ ਕੀਤਾ ਹੈ, ਆਪਣੇ ਪੁੱਤਰ ਨੂੰ ਮੇਰੇ ਕੋਲ ਪੇਸ਼ ਕਰੋ। ਪਿਤਾ ਜੀ ਕਹਿੰਦੇ ਸਨ ਕਿ ਮੈਂ ਤਾਂ ਕਾਬਲ ਸਿੰਘ ਨੂੰ ਛੋਟੇ ਹੁੰਦੇ ਨੂੰ ਸੰਤ ਕਰਤਾਰ ਸਿੰਘ ਜੀ ਵਲੋਂ ਉਨ੍ਹਾਂ ਨੂੰ ਟਕਸਾਲ ਲਈ ਅਰਦਾਸ ਕਰਵਾ ਦਿੱਤਾ ਸੀ। ਕਾਬਲ ਸਿੰਘ ਪਿੰਡ ਨਹੀਂ ਆਉਂਦਾ। ਉਹ ਤਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਦੇ ਨਾਲ ਰਹਿੰਦਾ ਹੈ ਤੇ ਸੰਤਾਂ ਦੇ ਆਖੇ ਲੱਗਦਾ ਹੈ। ਉਥੋਂ ਜਾ ਕੇ ਫੜ ਲਿਆ। ਪੁਲਿਸ ਇੰਸਪੈਕਟਰ ਗੁਰਚਰਨ ਕਹਿੰਦਾ, ਉਥੋਂ ਅਸੀਂ ਨਹੀਂ ਫੜ ਕੇ ਲਿਆ ਸਕਦੇ। ਤੇਰਾ ਮੁੰਡਾ, ਤੂੰ ਕਾਬਲ ਸਿੰਘ ਨੂੰ ਕਿਸੇ ਬਹਾਨੇ ਨਾਲ ਘਰ ਸੱਦ ਕੇ ਸਾਡੇ ਪੇਸ਼ ਕਰ, ਨਹੀਂ ਤਾਂ ਤੈਨੂੰ ਮਾਰ ਦਿੱਤਾ ਜਾਵੇਗਾ। ਮਲੋਟ ਥਾਣੇ ਦਾ ਇੰਸਪੈਕਟਰ ਗੁਰਚਰਨ ਭਾਈ ਕਾਬਲ ਸਿੰਘ ਦੇ ਪਿਤਾ ਬਾਪੂ ਤਰਲੋਕ ਸਿੰਘ ਨੂੰ ਵੱਡੀਆਂ ਨਹਿਰਾਂ ਸਰਹੰਦ ਫੀਡਰ ਤੇ ਰਾਜਸਥਾਨ ਕਨਾਲ 'ਤੇ ਲਿਜਾ ਕੇ ਬਾਹਵਾਂ ਰੱਸੇ ਨਾਲ ਬੰਨ੍ਹ ਕੇ ਵਿਚ ਲਮਕਾਉਂਦਾ ਸੀ, ਗੋਤੇ ਦਿੰਦਾ ਸੀ, ਕਦੀ ਬਾਹਰ ਕੱਢ ਕੇ ਡਾਂਗਾਂ ਨਾਲ ਕੁੱਟਦਾ ਸੀ ਕਿ ਜੇ ਤੂੰ ਕਾਬਲ ਸਿੰਘ ਨੂੰ ਫੜਾਇਆ ਨਾ ਤਾਂ ਰਾਤ ਦੇ ਹਨੇਰੇ ਵਿੱਚ ਤੈਨੂੰ ਗੋਲੀ ਮਾਰ ਕੇ ਨਹਿਰ ਵਿੱਚ ਰੋੜ੍ਹ ਦੇਵਾਂਗੇ। ਪਰ ਬਾਪੂ ਤਰਲੋਕ ਸਿੰਘ ਅਡੋਲ ਤਸ਼ੱਦਦ ਸਹਾਰਦੇ ਰਹੇ। ਪਰ ਪੁਲੀਸ ਜਲਾਦਾਂ ਦੀ ਈਨ ਨਾ ਮੰਨੀ।

ਇਹ ਵੀ ਵਰਨਣਯੋਗ ਹੈ ਕਿ ਇੰਸਪੈਕਟਰ ਗੁਰਚਰਨ ਮਲੋਟ ਤੋਂ ਬਦਲ ਕੇ ਥਾਣਾ ਮੁਕਤਸਰ ਵਿੱਚ ਤਾਇਨਾਤ ਸੀ, ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੁਝਾਰੂ ਖਾਲਸੇ ਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਮੁਰੀਦਾਂ ਵੱਲੋਂ ਦਿਨ ਦਿਹਾੜੇ ਬਿਜਲੀਘਰ ਦਫਤਰ ਦੇ ਕੋਲ ਕੋਟਕਪੂਰਾ ਰੋਡ 'ਤੇ ਮੋਟਰਸਾਈਕਲ ਸਵਾਰ ਤਿੰਨ ਬਹਾਦਰ ਜੁਝਾਰੂ ਸਿੰਘਾਂ ਨੇ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ ਤੇ ਉਸ ਦਾ ਰਿਵਾਲਵਰ ਅਤੇ ਗੰਨਮੈਨ ਦੀ ਬੰਦੂਕ ਵੀ ਲੈ ਗਏ ਸਨ।

ਭਾਈ ਕਾਬਲ ਸਿੰਘ ਦਮਦਮੀ ਟਕਸਾਲ ਦੇ ਸੂਰਬੀਰ ਯੋਧੇ ਸਨ। ਜਦੋਂ ਪਿੰਡ ਮੱਲ ਕਟੋਰਾ ਆਪਣੇ ਘਰ ਆਉਂਦੇ ਸਨ ਤਾਂ ਕਮੀਜ਼ ਪਜਾਮਾ, ਕਮੀਜ਼ ਚਾਦਰਾ, ਸਾਫਾ ਡੱਬੀਆਂ ਵਾਲਾ, ਉਸਦੇ ਝੋਲੇ ਵਿਚ ਹੁੰਦਾ ਸੀ। ਜੇ ਮਾਤਾ ਜੀ ਤੇ ਭਰਾਵਾਂ ਨੇ ਪੁੱਛਣਾ ਤੂੰ ਇਹ ਕੱਪੜੇ ਪਾਉਂਦਾ ਤੇ ਹੈ ਨਹੀਂ। ਇਸ ਕਿਸਦੇ ਹਨ ? ਭਾਈ ਕਾਬਲ ਸਿੰਘ ਨੇ ਕਹਿਣਾ ਕਿਸੇ ਦੇ ਨੇ। ਭਾਈ ਕਾਬਲ ਸਿੰਘ ਹਮੇਸ਼ਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਦੇ ਨਾਲ ਅੰਗ ਰੱਖਿਅਕ ਵਜੋਂ ਨਾਲ ਰਹਿੰਦੇ ਸਨ ਤੇ ਅਤਿ ਵਿਸ਼ਵਾਸ ਪਾਤਰ ਸਿੰਘਾਂ ਵਿਚੋਂ ਸਨ। ਸੰਤ ਜਰਨੈਲ ਸਿੰਘ ਜੀ ਖਾਲਸਾ ਵਲੋਂ ਭਾਈ ਕਾਬਲ ਸਿੰਘ ਦਾ ਉਪਨਾਮ ਭਾਈ ਨਿਰੰਤਰ ਸਿੰਘ ਰੱਖਿਆ ਸੀ ਤੇ ਜੁਝਾਰੂ ਕਾਫਲੇ ਦੇ ਸੰਗੀ ਸਾਥੀ ਵੀ ਭਾਈ ਨਿਰੰਤਰ ਸਿੰਘ ਨਾਂ ਨਾਲ ਹੀ ਬੁਲਾਉਂਦੇ ਸਨ।

ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਉੱਪਰ ਹਿੰਦ ਹਕੂਮਤ ਵੱਲੋਂ, ਪ੍ਰਧਾਨ ਮੰਤਰੀ ਇੰਦਰਾ ਗ਼ਾਂਧੀ ਦੇ ਹੁਕਮਾਂ 'ਤੇ ਵਰਤਾਏ ਗਏ ਖੂਨੀ ਘੱਲੂਘਾਰੇ ਸਮੇਂ ਭਾਈ ਕਾਬਲ ਸਿੰਘ ਮੱਲ ਕਟੋਰਾ ਉਰਫ ਭਾਈ ਨਿਰੰਤਰ ਸਿੰਘ ਦਾ ਮੋਰਚਾ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਸੀ ਤੇ ਇਸ ਸਮੇਂ ਬਾਪੂ ਤਰਲੋਕ ਸਿੰਘ ਵੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਕਰਨ ਅਤੇ ਭਾਈ ਕਾਬਲ ਸਿੰਘ ਨੂੰ ਮਿਲਣ ਗਏ ਸਨ। ਭਾਈ ਕਾਬਲ ਸਿੰਘ ਹੋਰ ਸਿੰਘਾਂ ਸਮੇਤ ਸ੍ਰੀ ਅਕਾਲ ਤਖਤ ਸਾਹਿਬ 'ਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਨਾਲ, ਹਿੰਦੁਸਤਾਨੀ ਹਮਲਾਵਰ ਫੌਜਾਂ ਦਾ ਟਾਕਰਾ ਕਰਨ ਲਈ ਮੋਰਚੇ ਸੰਭਾਲੀ ਬੈਠੇ ਸਨ। ਪਿਤਾ ਬਾਪੂ ਤਰਲੋਕ ਸਿੰਘ ਜੀ, ਸ੍ਰੀ ਅਕਾਲ ਤਖਤ ਸਾਹਿਬ, ਸੰਤ ਜਰਨੈਲ ਸਿੰਘ ਜੀ ਖਾਲਸਾ ਤੇ ਹੋਰ ਜੁਝਾਰੂ ਸਿੰਘਾਂ ਅਤੇ ਭਾਈ ਕਾਬਲ ਸਿੰਘ ਨੂੰ ਮਿਲੇ। ਇਸ ਸਮੇਂ ਹਿੰਦ ਫੌਜ ਵੱਲੋਂ ਸਿੱਖ ਕੌਮ, ਸਿੱਖਾਂ ਦੇ ਪਵਿੱਤਰ ਸਥਾਨ ਨੂੰ ਤਹਿਸ ਨਹਿਸ ਕਰਨ ਤੋਪਾਂ, ਟੈਂਕਾਂ, ਮਸ਼ੀਨਗੰਨਾਂ ਨਾਲ ਕਹਿਰੀ ਹਮਲਾ ਕਰ ਦਿੱਤਾ ਗਿਆ। ਹਜ਼ਾਰਾਂ ਸਿੰਘਾਂ, ਸਿੰਘਣੀਆਂ, ਬੱਚਿਆਂ ਨੂੰ ਮਸ਼ੀਨਗੰਨਾਂ ਦੀਆਂ ਗੋਲੀਆਂ, ਗਰਨੇਡਾਂ ਨਾਲ ਮੌਤ ਦੇ ਘਾਟ ਉਤਾਰ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਕਾਬਲ ਸਿੰਘ ਤੇ ਹੋਰ ਸਿੰਘਾਂ ਨੇ ਬਾਪੂ ਤਰਲੋਕ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿੱਚੋਂ, ਪਿਛਲੇ ਪਾਸੇ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਦੇ ਘਰ ਭੇਜ ਦਿੱਤਾ। ਜਿਥੋਂ ਹੋਰ ਸਿੱਖਾਂ ਦੇ ਨਾਲ ਬਾਪੂ ਤਰਲੋਕ ਸਿੰਘ ਨੂੰ ਘਰਾਂ ਦੀ ਤਲਾਸ਼ੀ ਲੈਣ ਸਮੇਂ ਗ੍ਰਿਫਤਾਰ ਕਰ ਕੇ ਫੌਜ ਦੇ ਕੈਂਪ ਵਿੱਚ ਲਿਜਾਇਆ ਗਿਆ ਤੇ ਫੌਜ ਵੱਲੋਂ ਮਾਰ-ਕੁੱਟ ਤੇ ਤਸੀਹੇ ਦਿੱਤੇ ਗਏ। ਬਾਅਦ ਵਿੱਚ ਕੇਸ ਪਾ ਕੇ ਹੋਰ ਸਿੱਖਾਂ ਦੇ ਨਾਲ ਬਾਪੂ ਤਰਲੋਕ ਸਿੰਘ ਨੂੰ ਗੁਮਟਾਲਾ ਜੇਲ੍ਹ ਵਿੱਚ ਰੱਖਿਆ ਗਿਆ। ਸੂਬਾ ਸਿੰਘ ਗੁਮਟਾਲਾ ਦੀ ਭੈਣ, ਪਿੰਡ ਮੱਲ ਕਟੋਰਾ ਦੇ ਸਰਪੰਚ ਮਨਜੀਤ ਸਿੰਘ ਨਾਲ ਵਿਆਹੀ ਹੋਈ ਸੀ। ਸੂਬਾ ਸਿੰਘ ਗੁਮਟਾਲਾ ਨੇ ਬਾਪੂ ਤਰਲੋਕ ਸਿੰਘ ਨਾਲ ਗੁਮਟਾਲਾ ਅੰਮ੍ਰਿਤਸਰ ਜੇਲ੍ਹ ਵਿਚ ਮੁਲਾਕਾਤ ਕੀਤੀ ਤੇ ਪਿੰਡ ਮੱਲ ਕਟੋਰਾ (ਮਲੋਟ) ਆ ਕੇ ਪਰਿਵਾਰ ਨੂੰ ਦੱਸਿਆ ਤਾਂ ਪਰਿਵਾਰ ਨੂੰ ਪਤਾ ਲੱਗਿਆ ਕਿ ਬਾਪੂ ਜੀ ਜਿਉਂਦੇ ਹਨ ਤੇ ਗੁਮਟਾਲਾ ਜੇਲ੍ਹ ਅੰਮ੍ਰਿਤਸਰ ਵਿੱਚ ਬੰਦ ਹਨ। ਜਿਸ 'ਤੇ

ਭਾਈ ਕਾਬਲ ਸਿੰਘ ਦੇ ਭਰਾ ਬਾਵਾ ਸਿੰਘ ਤੇ ਪਿੰਡ ਮੱਲ ਕਟੋਰਾ ਦਾ ਸਰਪੰਚ ਮਨਜੀਤ ਸਿੰਘ ਸੂਬਾ ਸਿੰਘ ਗੁਮਟਾਲਾ ਦੇ ਨਾਲ ਸ੍ਰੀ ਅੰਮ੍ਰਿਤਸਰ ਪਹੁੰਚੇ ਤੇ ਵਕੀਲ ਕਰਕੇ, ਅਦਾਲਤ ਵਿੱਚ ਜਮਾਨਤ ਦੀ ਦਰਖਾਸਤ ਦਿੱਤੀ ਜੋ ਅਦਾਲਤ ਵਲੋਂ ਮਨਜ਼ੂਰ ਕਰ ਲਈ ਗਈ। ਸੂਬਾ ਸਿੰਘ ਨੇ ਬਾਪੂ ਤਰਲੋਕ ਸਿੰਘ ਜਮਾਨਤ ਦਿੱਤੀ ਤੇ ਬਾਪੂ ਤਰਲੋਕ ਸਿੰਘ ਰਿਹਾਅ ਹੋ ਕੇ ਪਿੰਡ ਆਏ ਤੇ ਅੰਮ੍ਰਿਤਸਰ ਕਚਹਿਰੀਆਂ ਵਿੱਚ ਕੇਸ ਦੀਆਂ ਤਰੀਕਾਂ ਭੁਗਤਣ ਜਾਂਦੇ ਰਹੇ। ਪੰਜਾਬ ਵਿਚ ਸੁਰਜੀਤ ਬਰਨਾਲਾ ਦੀ ਸਰਕਾਰ ਬਨਣ ਸਮੇਂ ਕੇਸ ਵਾਪਸ ਲੈਣ 'ਤੇ ਰਿਹਾਅ ਹੋਏ।

ਭਾਈ ਕਾਬਲ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਵਾਲੇ ਮੋਰਚੇ 'ਤੇ ਹਿੰਦ ਹਮਲਾਵਰ ਫੌਜਾਂ ਨਾਲ ਡਟ ਕੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਖਾਤਰ ਲੜਦੇ ਰਹੇ। ਸ੍ਰੀ ਅਕਾਲ ਤਖਤ ਸਾਹਿਬ ਦੇ ਵਿਹੜੇ ਵਿੱਚ 6 ਜੂਨ 1984 ਨੂੰ 9 ਵਜੇ ਸਵੇਰੇ, ਗਹਿਗੱਚ ਲੜਾਈ ਹੋਈ ਜਿਸ ਵਿਚ ਹਿੰਦੁਸਤਾਨੀ ਫੌਜ ਦੇ ਜਵਾਨਾਂ ਦਾ ਕਤਲਗਾਹ ਬਣਿਆ ਤੇ ਇਸ ਸਮੇਂ ਸੰਤ ਜਰਨੈਲ ਸਿੰਘ ਜੀ ਖਾਲਸਾ, ਭਾਈ ਅਮਰੀਕ ਸਿੰਘ, ਭਾਈ ਰਸ਼ਪਾਲ ਸਿੰਘ ਜੀ, ਜਨਰਲ ਸ਼ਬੇਗ ਸਿੰਘ ਜੀ, ਭਾਈ ਗੁਰਮੁਖ ਸਿੰਘ ਕਰੀਬ 40 ਸਿੰਘ ਅਰਦਾਸਾ ਸੋਧ ਕੇ ਸ੍ਰੀ ਅਕਾਲ ਤਖਤ ਸਾਹਿਬ ਵਿਚੋਂ ਬਾਹਰ ਨਿਕਲ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਹੜੇ ਵਿੱਚ ਹਿੰਦੁਸਤਾਨੀ ਫੌਜ ਦੇ ਸੱਥਰ ਵਿਛਾਉਂਦੇ ਹੋਏ, ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਬਹਾਲੀ ਖਾਤਰ 6 ਜੂਨ 1984 ਨੂੰ 9:30 ਵਜੇ ਸਵੇਰੇ ਸ਼ਹਾਦਤ ਦਾ ਜਾਮ ਪੀ ਗਏ।

ਸ਼ਹੀਦ ਭਾਈ ਕਾਬਲ ਸਿੰਘ ਮੱਲ ਕਟੋਰਾ ਦੀ ਯਾਦ ਵਿੱਚ ਸ਼ਹੀਦ ਦੇ ਭਤੀਜੇ ਨਿਰਮਲ ਸਿੰਘ ਪੁੱਤਰ ਸ੍ਰ. ਬਾਵਾ ਸਿੰਘ ਅਤੇ ਪਿੰਡ ਮੱਲ ਕਟੋਰਾ (ਮਲੋਟ) ਦੇ ਸਰਪੰਚ ਸ੍ਰ. ਲਖਵੀਰ ਸਿੰਘ ਦੇ ਉਦਮ ਸਦਕਾ 16-17-18 ਜਨਵਰੀ 2010 ਨੂੰ ਪਿੰਡ ਮੱਲ ਕਟੋਰਾ ਨੇੜੇ ਮਲੋਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਖੇਡ ਟੂਰਨਾਮੈਂਟ ਕਰਵਾਇਆ ਗਿਆ।

ਗੱਲਾਂ ਹੁੰਦੀਆਂ ਨੇ ਘਰ-ਘਰ ਸਾਰੇ
ਬਾਈ ਹੁਸਨ ਸਿੰਘ ਹੁਸਨਾ ਦੀਆਂ

ਛੋਟੇ ਹੁੰਦਿਆਂ ਜਨਵਰੀ ਸੰਨ 1989 ਦੇ 'ਸੰਪਰਕ' ਮਾਸਿਕ ਪੱਤਰ (ਜਲੰਧਰ) ਦੇ ਅੰਕ ਵਿਚ ਸ਼ਹੀਦ ਭਾਈ ਹੁਸਨ ਸਿੰਘ ਹੁਸਨਾ ਦੀ ਸ਼ਹੀਦੀ ਸਬੰਧੀ ਪੜ੍ਹਿਆ ਸੀ, ਜਿਸ ਦਾ ਸਿਰਲੇਖ ਸੀ 'ਹੁਸਨ ਸਿੰਘ ਹੁਸਨਾ ਦੇ ਕਤਲ ਦੀ ਕਹਾਣੀ ਸਾਥੀਆਂ ਦੀ ਜ਼ੁਬਾਨੀ'।

ਉਨ੍ਹੀਂ ਦਿਨੀਂ ਕਦੇ ਸੋਚਿਆ ਨਹੀਂ ਸੀ ਕਿ ਇਕ ਦਿਨ ਅਸੀਂ ਵੀ ਸ਼ਹੀਦ ਸਿੰਘਾਂ ਦੀ ਗਾਥਾ ਲਿਖਾਂਗੇ। 'ਸੰਪਰਕ' ਮਾਸਿਕ ਪੱਤਰ ਸ਼ਹਿਰੋਂ (ਮੁਕਤਸਰ ਤੋਂ) ਖਰੀਦ ਕੇ ਲਿਆਉਣਾ ਅਤੇ ਪੜ੍ਹ ਕੇ ਅੱਗੇ ਹੋਰ ਸੱਜਣਾਂ ਮਿੱਤਰਾਂ ਨੂੰ ਦੇ ਦੇਣਾ। ਕੁਝ ਸੱਜਣ ਤਾਂ ਇਹੋ ਜਿਹੇ ਵੀ ਸਨ ਕਿ ਜਿਨ੍ਹਾਂ ਨੂੰ ਸਾਹਿਤ ਤੇ ਇਤਿਹਾਸ ਦੀ ਕੋਈ ਕਦਰ ਨਹੀਂ ਸੀ ਤੇ ਉਨ੍ਹਾਂ ਮੇਰੀਆਂ ਜਾਨ ਤੋਂ ਪਿਆਰੀਆਂ ਪੁਸਤਕਾਂ ਰੱਦੀ ਦੀ ਭੇਂਟ ਚੜ੍ਹਾ ਦਿੱਤੀਆਂ। ਜਦੋਂ ਆਪਣੀਆਂ ਪੁਸਤਕਾਂ ਮੰਗਣ ਜਾਣਾ ਤਾਂ ਉਨ੍ਹਾਂ ਪੂਰੀ ਲਾਪ੍ਰਵਾਹੀ ਨਾਲ ਕਹਿ ਦੇਣਾ ਕਿ ਯਾਰ ਤੂੰ ਤਾਂ ਉਹ ਕਿਤਾਬ/ਰਸਾਲਾ ਪੜ੍ਹਿਆ ਸੀ। ਹੁਣ ਕੀ ਕਰਨਾ ? ਅਸੀਂ ਤਾਂ ਉਸ ਨਾਲ ਅੱਗ ਬਾਲ ਲਈ, ਸੁਣ ਕੇ ਮੈਨੂੰ ਬੜਾ ਦੁੱਖ ਹੋਣਾ। ਹੁਣ ਉਹ ਅਨਮੋਲ ਪੁਸਤਕਾਂ ਮੈਨੂੰ ਮਿਲ ਨਹੀਂ ਰਹੀਆਂ। ਮੈਂ ਉਨ੍ਹਾਂ ਵਿਚਲੇ ਇਤਿਹਾਸ ਨੂੰ ਆਪਣੇ ਕੋਲ ਸੰਭਾਲ ਕੇ ਰੱਖਣਾ ਚਾਹੁੰਦਾ ਸੀ। ਇਸੇ ਤਰ੍ਹਾਂ ਸ਼ਹੀਦ ਭਾਈ ਹੁਸਨ ਸਿੰਘ ਹੁਸਨਾ ਦੀ ਜੀਵਨੀ ਵਾਲਾ 'ਸੰਪਰਕ' ਜਨਵਰੀ 1989 ਦਾ ਅੰਕ ਮੇਰੇ ਪਿੰਡ ਦਾ ਇਕ ਵਿਅਕਤੀ ਪੜ੍ਹਨ ਲਈ ਲੈ ਗਿਆ ਤੇ ਉਸਨੂੰ ਸਾੜ ਦਿੱਤਾ। ਸ਼ਹੀਦ ਭਾਈ ਹੁਸਨ ਸਿੰਘ ਹੁਸਨਾ ਦਾ ਪਿੰਡ ਡੱਲਾ ਨੇੜੇ ਮੋਗਾ ਉਸ ਦੇ ਘਰ ਜਾ ਕੇ ਉਸ ਦੇ ਭਰਾ ਤੇ ਬੱਚੀਆਂ ਨੂੰ ਮਿਲਣ ਦਾ ਮੌਕਾ ਮਿਲਿਆ ਹੈ। ਅਸੀਂ ਦੋ ਦੋਸਤ ਮਨਿੰਦਰ ਸਿੰਘ ਬਾਜਾ ਤੇ ਭਾਈ ਆਤਮਾ ਸਿੰਘ ਖਾਲਸਾ ਮਾਰਚ 2010 'ਚ ਪਿੰਡ ਡੱਲਾ ਪਹੁੰਚ ਕੇ ਸ਼ਹੀਦ ਭਾਈ ਹੁਸਨ ਸਿੰਘ ਹੁਸਨਾ ਦਾ ਘਰ ਪੁੱਛਿਆ ਤਾਂ ਪੱਠੇ ਵੱਢ ਰਹੇ ਕਿਸਾਨਾਂ ਸਾਨੂੰ ਘਰ ਦਾ ਪਤਾ ਦੱਸਿਆ ਤੇ ਕਿਹਾ, "ਪੱਤਰਕਾਰੋ, ਕੌਣ ਕਰ ਸਕ਼ਦਾ ਰੀਸਾਂ ਬਾਈ ਹੁਸਨ ਸਿੰਘ ਹੁਸਨਾ ਦੀਆਂ ? ਬਾਈ ਹੁਸਨ ਸਿੰਘ ਹੁਸਨਾ ਨੇ ਬਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਨਾਲ ਰਲ ਕੇ ਥਾਣੇਦਾਰ ਮਿੱਤੂ ਦੇ ਚੌਂਟੇ ਚੱਕੇ ਸੀ। ਬਾਈ ਹੁਸਨ ਸਿੰਘ ਹੁਸਨਾ ਵਰਗੇ ਸੂਰਮੇ ਘਰ-ਘਰ ਨਹੀਂ ਜੰਮਣੇ।

ਜਦੋਂ ਅਸੀਂ ਸ਼ਹੀਦ ਭਾਈ ਹੁਸਨ ਸਿੰਘ ਹੁਸਨਾ ਦੇ ਘਰ ਪਹੁੰਚੇ, ਸ਼ਹੀਦ ਦੀ

ਪਤਨੀ, ਰਿਸ਼ਤੇਦਾਰੀ 'ਚ ਗਈ ਹੋਈ ਸੀ ਤੇ ਦੋ ਬੱਚੀਆਂ ਤੇ ਇੱਕ ਬੱਚਾ ਘਰ ਸੀ। ਜਦੋਂ ਅਸੀਂ ਆਪਣੀ ਜਾਣ-ਪਛਾਣ ਕਰਵਾਈ ਤਾਂ ਬੱਚਾ ਆਪਣੇ ਪਿਤਾ, ਭਾਈ ਨਿਰਮਲ ਸਿੰਘ ਨੂੰ ਪਿੰਡ ਵਿੱਚੋਂ ਸੱਦਣ ਚਲਾ ਗਿਆ। ਭਾਈ ਨਿਰਮਲ ਸਿੰਘ ਸ਼ਹੀਦ ਭਾਈ ਹੁਸਨ ਸਿੰਘ ਦਾ ਭਰਾ ਹੈ, ਜੋ ਸ਼ਹੀਦ ਦੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨਿਭਾਅ ਰਿਹਾ ਹੈ। ਭਾਈ ਨਿਰਮਲ ਸਿੰਘ ਪਿੰਡ ਵਿੱਚ ਦਿਹਾੜੀ 'ਤੇ ਗਿਆ ਹੋਇਆ ਸੀ। ਪਰਿਵਾਰ ਗਰੀਬ ਹੈ ਤੇ ਇਕ ਕੱਚਾ ਜਿਹਾ ਮਕਾਨ ਹੈ। ਸ਼ਹੀਦ ਭਾਈ ਹੁਸਨ ਸਿੰਘ ਹੁਸਨਾ ਦੇ ਪਰਿਵਾਰ ਅਤੇ ਘਰ ਦੀ ਹਾਲਤ ਵੇਖ ਕੇ ਮਨ ਉਦਾਸ ਹੋ ਗਿਆ। ਅਸੀਂ ਸੋਚ ਰਹੇ ਸੀ ਕਿ ਸਿੱਖ ਕੌਮ ਦੇ ਅਜ਼ਾਦ ਘਰ ਖਾਲਿਸਤਾਨ ਦੀ ਅਜ਼ਾਦੀ ਲਈ ਜੂਝਣ ਵਾਲਿਆਂ ਦੇ ਘਰ ਦੀ ਕੀ ਹਾਲਤ ਹੈ ?

ਸ਼ਹੀਦ ਭਾਈ ਹੁਸਨ ਸਿੰਘ ਹੁਸਨਾ ਦੇ ਭਰਾ ਨਾਲ ਕੀਤੀ ਗਈ ਮੁਲਾਕਾਤ ਨੂੰ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਬਣਾਉਣ ਲਈ ਪੇਸ਼ ਕਰ ਰਹੇ ਹਾਂ।

ਸਵਾਲ : ਵੀਰ ਜੀ, ਆਪਣਾ ਸ਼ੁਭ ਨਾਮ ਤੇ ਮਾਤਾ ਪਿਤਾ ਦਾ ਨਾਮ ਕੀ ਹੈ ?

ਜਵਾਬ : ਮੇਰਾ ਨਾਂ ਨਿਰਮਲ ਸਿੰਘ ਹੈ। ਪਿਤਾ ਜੀ ਦਾ ਨਾਂ ਕਰਤਾਰ ਸਿੰਘ ਤੇ ਮਾਤਾ ਜੀ ਦਾ ਨਾਮ ਆਸ ਕੌਰ।

ਸਵਾਲ : ਵੀਰ ਜੀ, ਤੁਹਾਡੇ ਪਿਤਾ ਜੀ ਕੀ ਕੰਮ ਧੰਦਾ ਕਰਦੇ ਸਨ ? ਤੇ ਆਪਣੇ ਪਰਿਵਾਰ ਬਾਰੇ ਜਾਣਕਾਰੀ ਦੇਵੋ ?

ਜਵਾਬ : ਸਾਡੇ ਪਿਤਾ ਕਰਤਾਰ ਸਿੰਘ ਜੀ ਨੇ ਸਾਰੀ ਉਮਰ ਮਿਹਨਤ ਕੀਤੀ ਹੈ। ਪਿਤਾ ਜੀ ਟਾਂਗਾ ਵਾਹਿਆ ਕਰਦੇ ਸਨ। ਪਰਿਵਾਰ ਵੱਡਾ ਹੋਣ ਕਰਕੇ, ਘਰ ਦਾ ਗੁਜ਼ਾਰਾ ਮਸਾਂ ਹੀ ਚੱਲਦਾ ਸੀ। ਦੋ ਭੈਣਾਂ ਜਲ ਕੌਰ ਤੇ ਕਰਨੈਲ ਕੌਰ, ਵੱਡੇ ਭਰਾ ਜਰਨੈਲ ਸਿੰਘ, ਬਲਵੀਰ ਸਿੰਘ, ਰੇਸ਼ਮ ਸਿੰਘ, ਚਮਕੌਰ ਸਿੰਘ ਤੇ ਕੁਲਵੰਤ ਸਿੰਘ, ਰੂਪ ਸਿੰਘ, ਨਿਰਮਲ ਸਿੰਘ ਤੇ ਮੇਰੇ ਤੋਂ ਛੋਟਾ ਜਲੌਰ ਸਿੰਘ ਜਿਸ ਨੂੰ ਮਿੱਤ ਸਿੰਘ ਥਾਣੇਦਾਰ ਨੇ ਸ਼ਹੀਦ ਕਰ ਦਿੱਤਾ ਸੀ।

ਸਵਾਲ : ਵੀਰ ਜੀ, ਹੁਸਨ ਸਿੰਘ ਬਾਰੇ ਤੁਸੀਂ ਕੋਈ ਜ਼ਿਕਰ ਨਹੀਂ ਕੀਤਾ ?

ਜਵਾਬ : ਆਹ ਜਿਹੜਾ ਕੁਲਵੰਤ ਸਿੰਘ ਆ, ਇਸ ਦਾ ਨਾਂ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਅੰਮ੍ਰਿਤ ਛਕਾਉਣ ਵੇਲੇ ਭਾਈ ਫੂਲਾ ਸਿੰਘ ਰੱਖਿਆ ਸੀ ਤੇ ਭਾਈ ਕੁਲਵੰਤ ਸਿੰਘ ਸੁਭਾਅ ਦਾ ਹੱਸਮੁਖ ਸੀ ਤੇ ਇਸ ਕਰਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਰਹਿਣ ਵੇਲੇ ਸਿੰਘ ਭਾਈ ਹੁਸਨ ਸਿੰਘ ਕਹਿ ਕੇ ਬੁਲਾਉਂਦੇ ਸਨ।

ਸਵਾਲ : ਵੀਰ ਜੀ, ਭਾਈ ਹੁਸਨ ਸਿੰਘ ਦਾ ਬਚਪਨ ਵਿੱਚ ਸੁਭਾਅ ਕਿਹੋ ਜਿਹਾ ਸੀ ਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸੰਪਰਕ ਵਿੱਚ ਕਿਵੇਂ ਆਏ ?

ਜਵਾਬ : ਭਾਜੀ, ਬਾਈ ਦਾ ਸੁਭਾਅ ਅਣਖੀਲਾ ਤੇ ਸਾਊ ਸੀ। ਨਾ ਕਿਸੇ ਨਾਲ ਵਧੀਕੀ ਕਰਦਾ ਸੀ ਤੇ ਨਾ ਹੀ ਕਿਸੇ ਦੀ ਧੱਕੇਸ਼ਾਹੀ ਬਰਦਾਸ਼ਤ ਕਰਦਾ ਸੀ। ਪਿੰਡ ਮਹਿਣਾ ਦਾ ਗਿਆਨੀ ਗੁਰਸਿੱਖ ਪਰਿਵਾਰ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਉਪਾਸ਼ਕ ਸੀ। ਬਾਈ ਕੁਲਵੰਤ ਸਿੰਘ ਉਨ੍ਹਾਂ ਦੇ ਟਰੈਕਟਰ 'ਤੇ ਡਰਾਇਵਰੀ ਕਰਦਾ ਸੀ। ਪਰਿਵਾਰ ਕੋਲ ਕੰਬਾਇਨ ਸੀ। ਉਦੋਂ ਕੰਬਾਈਨਾਂ ਬੋਰੀ ਵਾਲੀਆਂ ਹੁੰਦੀਆਂ ਸਨ, ਉਹ ਵੀ ਸੀਜ਼ਨ 'ਚ ਚਲਾਉਂਦਾ ਸੀ। ਗਿਆਨੀ ਪਰਿਵਾਰ ਬਹੁਤ ਚੰਗੇ ਸੁਭਾਅ ਦਾ ਸੀ, ਉਹ ਬਾਈ ਕੁਲਵੰਤ ਸਿੰਘ ਨੂੰ ਆਪਣੇ ਪਰਿਵਾਰ ਦਾ ਮੈਂਬਰ ਵਾਂਗ ਪਿਆਰ ਕਰਦਾ ਸੀ। ਗੱਲ ਇਹ ਵੀ ਸੀ ਕਿ ਬਾਈ ਕਿਸੇ ਨਸ਼ੇ ਪੱਤੇ ਨੂੰ ਹੱਥ ਨਹੀਂ ਸੀ ਲਾਉਂਦਾ। ਗਿਆਨੀ ਪਰਿਵਾਰ ਵਿੱਚ ਰਹਿਣ ਕਰਕੇ ਬਾਈ ਜੀ ਸਿੱਖੀ ਦੀ ਵਿਚਾਰਧਾਰਾ ਵਿੱਚ ਰੰਗਿਆ ਗਿਆ। ਉਸ ਪਰਿਵਾਰ ਨਾਲ ਬਾਈ ਜੀ ਵੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਦੀਦਾਰੇ ਕਰਨ ਗਿਆ ਸੀ ਤੇ ਕਈ ਦਿਨ ਪਰਿਵਾਰ ਨਾਲ ਸੰਤ ਜਰਨੈਲ ਸਿੰਘ ਜੀ ਖਾਲਸਾ ਦੀ ਸੰਗਤ ਕਰਨ ਤੇ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਵਿੱਚ ਪ੍ਰਪੱਕ ਹੋ ਗਿਆ। ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਬਾਈ ਕੁਲਵੰਤ ਸਿੰਘ ਦਾ ਨਾਂ ਭਾਈ ਫੂਲਾ ਸਿੰਘ ਰੱਖਿਆ ਤੇ ਗਿਆਨੀ ਪਰਿਵਾਰ ਨੂੰ ਕਿਹਾ ਕਿ ਗੁਰਮੁਖੇ ਭਾਈ ਫੂਲਾ ਸਿੰਘ ਨੇ ਪੰਥ ਦੇ ਕੰਮ ਕਰਨੇ ਹਨ। ਤੁਹਾਡੇ ਕੰਮ ਕਰਨ ਵਾਸਤੇ ਹੋਰ ਬਥੇਰੇ ਬੰਦੇ ਮਿਲ ਜਾਣਗੇ। ਇਹ ਅੱਜ ਤੋਂ ਸਾਡਾ ਹੋ ਗਿਆ ਤੇ ਅਸੀਂ ਇਸ ਦੇ ਹੋ ਗਏ। ਜੇ ਕੋਈ ਸਿੰਘ ਦਾ ਲੈਣ-ਦੇਣ ਹੈ ਤਾਂ ਅਸੀਂ ਤੁਹਾਨੂੰ ਦੇ ਦੇਨੇ ਆਂ। ਮਹਿਣਾ ਪਿੰਡ ਵਾਲਾ ਗਿਆਨੀ ਪਰਿਵਾਰ ਕਹਿੰਦਾ, ਸੰਤ ਜੀ ਕੁਲਵੰਤ ਸਿੰਘ ਬੜਾ ਸੂਝਵਾਨ ਗੁਰਮੁੱਖ ਆ, ਇਸ ਨੇ ਕਦੀ ਵਾਧੂ ਪੈਸੇ ਉਧਾਰ ਸਾਡੇ ਤੋਂ ਲਏ ਈ ਨਹੀਂ। ਅਸੀਂ ਕਿਵੇ ਕਹਿ ਸਕਦੇ ਹਾਂ ਕਿ ਅਸੀਂ ਕੁਲਵੰਤ ਸਿੰਘ ਤੋਂ ਪੈਸੇ ਲੈਣੇ ਆਂ। ਜੇ ਕੁਲਵੰਤ ਸਿੰਘ ਆਪਣੀ ਖੁਸ਼ੀ ਨਾਲ ਆਪ ਜੀ ਪਾਸ ਰਹਿਣਾ ਚਾਹੁੰਦਾ ਹੈ ਤਾਂ ਜੀ ਸਦਕੇ ਰਹੇ।

ਭਾਜੀ, ਗੱਲ ਕੀ ਆ ਬਈ, ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਮੂੰਹੋਂ ਕਹੇ ਬੋਲ 'ਇਸ ਸਿੰਘ ਨੇ ਪੰਥ ਦੀ ਸੇਵਾ ਕਰਨੀ ਆ।' ਬਾਈ ਕੁਲਵੰਤ ਸਿੰਘ ਹੱਥ ਜੋੜ ਕੇ ਕਹਿਣ ਲੱਗਾ, "ਬਾਬਾ ਜੀ, ਮੈਂ ਅੱਜ ਤੋਂ ਤੁਹਾਡਾ ਤੇ ਪੰਥ ਦਾ ਹਾਂ, ਜਿਥੇ ਮਰਜ਼ੀ ਸੇਵਾ ਲੈ ਲਵੋ।" ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਬਾਈ ਕੁਲਵੰਤ ਸਿੰਘ ਨੂੰ ਕਿਹਾ, "ਭਾਈ ਫੂਲਾ ਸਿੰਘ ਜੀ ਠੀਕ ਹੈ, ਜਿਹੋ ਜਿਹਾ ਸਮਾਂ ਆਵੇ, ਵਾਹਿਗੁਰੂ ਉਸ ਸਮੇਂ ਮੁਤਾਬਕ ਤੇਰੇ ਤੋਂ ਪੰਥ ਲਈ ਸੇਵਾ ਆਪਣੀ ਮਿਹਰ ਸਦਕਾ ਲੈਣਗੇ।" ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਮੋਹ ਭਰੇ ਬੋਲਾਂ ਨੇ ਬਾਈ ਕੁਲਵੰਤ ਸਿੰਘ ਨੂੰ ਦਮਦਮੀ ਟਕਸਾਲ ਨਾਲ ਜੋੜ ਲਿਆ।

ਸਵਾਲ : ਵੀਰ ਜੀ, ਜੂਨ 1984 ਦੇ ਘੱਲੂਘਾਰੇ ਵੇਲੇ, ਭਾਈ ਹੁਸਨ ਸਿੰਘ ਕਿਥੇ ਸੀ ?

ਜਵਾਬ : ਭਾਜੀ, ਉਸ ਸਮੇਂ ਬਾਈ ਹੁਸਨ ਸਿੰਘ ਦਮਦਮੀ ਟਕਸਾਲ ਦੀ ਕਣਕ ਦੀ ਉਗਰਾਹੀ ਵਾਲੀ ਗੱਡੀ ਚਲਾਉਣ ਲੱਗ ਪਿਆ ਸੀ। ਜੂਨ 1984 ਦੇ ਘੱਲੂਘਾਰੇ ਵੇਲੇ ਬਾਬਾ ਹੁਸਨ ਸਿੰਘ ਤੇ ਜਸਬੀਰ ਸਿੰਘ ਤੇ ਹੋਰ ਸਿੰਘ ਮੋਗਾ ਇਲਾਕੇ ਦੇ ਪਿੰਡਾਂ ਵਿੱਚ ਦਮਦਮੀ ਟਕਸਾਲ ਵਾਸਤੇ ਕਣਕ ਦੀ ਉਗਰਾਹੀ ਕਰ ਰਹੇ ਸਨ। ਜਦੋਂ ਫੌਜ ਵਲੋਂ ਪੰਜਾਬ ਵਿੱਚ ਕਰਫਿਊ ਲੱਗ ਗਿਆ ਤਾਂ ਭਾਈ ਹੁਸਨ ਸਿੰਘ, ਜਸਬੀਰ ਸਿੰਘ ਉਗਰਾਹੀ ਵਾਲੀ ਗੱਡੀ ਪਿੰਡ ਡੱਲਾ ਲੈ ਆਏ ਤੇ ਘਰ ਖੜ੍ਹੀ ਕਰ ਦਿੱਤੀ ਸੀ। 8 ਜੂਨ 1984 ਨੂੰ ਪੁਲਿਸ ਤੇ ਫੌਜ ਨੇ ਪਿੰਡ ਡੱਲਾ ਨੂੰ ਘੇਰਾ ਪਾ ਲਿਆ ਸੀ ਤੇ ਗੋਲੀ ਵੀ ਚਲਾਈ ਸੀ। ~~ਭਾਈ ਹੁਸਨ ਸਿੰਘ ਤੇ ਜਸਬੀਰ ਸਿੰਘ ਕੋਲ ਕੋਈ ਹਥਿਆਰ ਜਾਂ ਇਤਰਾਜਯੋਗ~~ ਚੀਜ਼ ਨਹੀਂ ਸੀ ਫੜ੍ਹੀ ਗਈ। ਦੋਵਾਂ ਸਿੰਘਾਂ ਨੂੰ ਇਸ ਕਰਕੇ ਪੁਲਿਸ ਤੇ ਫੌਜ ਫੜ੍ਹ ਕੇ ਲੈ ਗਈ ਸੀ ਕਿ ਉਹ ਦਮਦਮੀ ਟਕਸਾਲ ਦੇ ਸਿੰਘ ਤੇ ਕਣਕ ਦੀ ਉਗਰਾਹੀ ਕਰ ਰਹੇ ਸਨ। ਦੋਵਾਂ ਸਿੰਘਾਂ ਨੂੰ ਤੇ ਗੱਡੀ ਥਾਣਾ ਮਹਿਣਾ ਦੀ ਪੁਲਿਸ ਫੜ੍ਹ ਕੇ ਲੈ ਗਈ ਸੀ। ਪੁਲਿਸ ਵੱਲੋਂ ਕੇਸ ਪਾ ਕੇ ਫਿਰੋਜ਼ਪੁਰ ਜੇਲ੍ਹ ਵਿੱਚ ਬੰਦ ਕਰ ਦਿੱਤਾ ਸੀ।

ਸਵਾਲ : ਵੀਰ ਜੀ, ਭਾਈ ਹੁਸਨ ਸਿੰਘ ਜੇਲ੍ਹ ਵਿੱਚੋਂ ਕਦੋਂ ਰਿਹਾਅ ਹੋਏ ਸਨ ?

ਜਵਾਬ : ਫਿਰੋਜ਼ਪੁਰ ਦੀ ਜੇਲ੍ਹ ਵਿੱਚ ਭਾਈ ਹੁਸਨ ਸਿੰਘ, ਭਾਈ ਗੁਰਮੇਲ ਸਿੰਘ ਮੋਗਾ, ਭਾਈ ਜਸਬੀਰ ਸਿੰਘ ਤੇ ਦੋ ਹੋਰ ਸਿੰਘ ਜੇਲ੍ਹ ਦੀ ਕੰਧ ਟੱਪ ਕੇ ਭੱਜ ਗਏ ਸਨ।

ਸਵਾਲ : ਵੀਰ ਜੀ, ਭਾਈ ਹੁਸਨ ਸਿੰਘ ਦੇ ਪਰਿਵਾਰ ਬਾਲ-ਬੱਚਾ ਬਾਰੇ ਜਾਣਕਾਰੀ ਦੇਵੋ ?

ਜਵਾਬ : ਬਾਈ ਹੁਸਨ ਸਿੰਘ ਦਾ ਆਨੰਦ ਕਾਰਜ ਬੀਬੀ ਸ਼ਿੰਦਰਪਾਲ ਨਾਲ ਹੋਈ ਸੀ ਤੇ ਤਿੰਨ ਲੜਕੀਆਂ ਸਨ। ਪਰ ਉਸ ਨੇ ਕਦੇ ਪਰਿਵਾਰ ਤੇ ਘਰ ਬਾਰੇ ਨਹੀਂ ਸੀ ਸੋਚਿਆ। ਕਹਿੰਦੇ ਹੁੰਦੇ ਸਨ, ਪਹਿਲਾਂ ਸਿੱਖ ਕੌਮ ਦਾ ਅਜ਼ਾਦ ਘਰ ਖਾਲਿਸਤਾਨ ਬਣਾ ਲਈਏ, ਫਿਰ ਆਪ ਦੇ ਘਰ ਬਾਰੇ ਵੀ ਸੋਚ ਲਵਾਂਗੇ। ਘਰ ਦੀ ਹਾਲਤ ਤੁਹਾਡੇ ਸਾਹਮਣੇ ਹੀ ਹੈ। ਆਪ ਕੌਮੀ ਘਰ ਖਾਲਿਸਤਾਨ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਸ਼ਹੀਦੀ ਪਾ ਗਿਆ। ਪਰਿਵਾਰ ਦੀ,ਜ਼ਿੰਮੇਵਾਰੀ ਸਾਰੀ ਮੇਰੇ ਸਿਰ ਹੈ। ਭਾਜੀ ਦਿਹਾੜੀ-ਟੱਪਾ ਕਰਕੇ, ਸਿਰੇ ਲੱਗ ਕੇ ਧੀਆਂ ਨੂੰ ਵਿਆਹਿਆ। ਵਿਆਹ ਕਾਹਦਾ, ਫੇਰੇ ਦੇ ਕੇ ਧੀਆਂ ਨੂੰ ਆਪਣੇ ਘਰ ਤੋਰਿਆ। ਧੀਆਂ ਦੇ ਵਿਆਹ 'ਤੇ ਰੋਡੇ ਵਾਲਿਆਂ ਨੂੰ ਦਰਸ਼ਨ ਦੇਣ ਲਈ ਕਿਹਾ ਸੀ। ਪਰ ਕੈਪਟਨ ਸਾਹਿਬ ਹੁਰਾਂ ਤਾਂ ਸਾਡੇ ਵਰਗੇ ਗਰੀਬਾਂ ਦੇ ਘਰ ਕੀ ਆਉਣਾ। ਬੁਲਾ ਕੇ ਖੁਸ਼ ਨਹੀਂ। ਜਦੋਂ ਐਮ.ਪੀ. ਖੜ੍ਹਾ ਸੀ ਅਸੀਂ ਵਿਹੜੇ ਵਾਲੇ ਸਾਰੇ ਇਕੱਠੇ ਹੋ ਕੇ ਸਵਾਗਤ ਕੀਤਾ ਸ਼ੀ ਤੇ ਕਹਿ ਦਿੱਤਾ ਸੀ ਕਿ ਭਰਾਵੋ ਆਪਾਂ ਵੋਟਾਂ ਕੈਪਟਨ ਡੋਡੇ ਸਾਹਿਬ ਨੂੰ ਜ਼ਰੂਰ ਪਾਈਏ। ਭਾਈ ਇਹ ਸ਼ਹੀਦ ਪਰਿਵਾਰ ਵਿਚੋਂ ਆ ਤੇ ਸ਼ਹੀਦ ਪਰਿਵਾਰਾਂ ਤੇ ਉਨ੍ਹਾਂ ਦੀਆਂ ਬੱਚੀਆਂ ਦੇ ਵਿਆਹਾਂ 'ਤੇ ਪਹੁੰਚ ਕੇ ਧੀਆਂ ਦੇ ਸਿਰ 'ਤੇ ਪਿਆਰ ਦੇ ਕੇ ਤੋਰਦੇ ਹਨ। ਅਜਿਹੀ ਮਹਾਨ ਹਸਤੀ ਦਾ ਸੋਚ ਸਮਝ ਕੇ ਜ਼ਰੂਰ ਮੁੱਲ

ਪਾਉ। ਆਪਾਂ ਨੂੰ ਫਿਰ ਵੀ ਇਨ੍ਹਾਂ ਦੀ ਲੋੜ ਆ। ਕੈਪਟਨ ਸਾਹਿਬ ਪੜ੍ਹੇ ਲਿਖੇ ਸ਼ਖਸ ਹਨ, ਇੰਨਾ ਤਾਂ ਜਾਣਦੇ ਹੀ ਹਨ ਕਿ ਮਨੁੱਖ ਨੇ ਹਮੇਸ਼ਾਂ ਆਪਣਾ ਬੀਜਿਆ ਹੀ ਵੱਢਣਾ ਹੁੰਦਾ।

ਸਵਾਲ : ਭਾਈ ਹੁਸਨ ਸਿੰਘ ਦੇ ਭਗੌੜਾ ਹੋਣ 'ਤੇ ਕਿਸ ਜਥੇਬੰਦੀ ਨਾਲ ਸਬੰਧ ਸਨ ?

ਜਵਾਬ : ਭਾਈ ਹੁਸਨ ਸਿੰਘ ਵਲੋਂ ਰੰਗਰੇਟਾ ਖਾਲਿਸਤਾਨ ਕਮਾਂਡੋ ਫੋਰਸ ਬਣਾਈ ਗਈ ਸੀ। ਜਿਸ ਦੇ ਆਪ ਮੁਖੀ ਸਨ, ਚੰਦ ਸਿੰਘ ਪੁਰਾਣਾ, ਬਿੱਲੂ ਸਿੰਘ ਬੱਕਰੀਆਂ ਵਾਲਾ, ਚਮਕੌਰ ਸਿੰਘ ਅਕਲੀਆ, ਉਦੈ ਸਿੰਘ, ਨਿਰੰਜਣ ਸਿੰਘ ਸੁਲਹਾਣੀ, ਭਾਈ ਦਰਸ਼ਨ ਸਿੰਘ ਤਖਾਣਬੱਧ ਤੇ ਕਈ ਹੋਰ ਗੁਪਤ ਰੂਪ ਵਿਚ ਸੇਵਾ ਕਰਨ ਵਾਲੇ ਸਿੰਘ ਸਨ। ਭਾਈ ਸੁਖਦੇਵ ਸਿੰਘ ਝਾਮਕਾ ਖਾਲਿਸਤਾਨ ਕਮਾਂਡੋ ਫੋਰਸ ਅਤੇ ਭਾਈ ਅਜਿੰਦਰਪਾਲ ਸਿੰਘ ਖਾਲਿਸਤਾਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਵਲੋਂ ਮਦਦ ਅਤੇ ਸਮਾਨ ਭੇਜਿਆ ਜਾਂਦਾ ਸੀ।

ਸਵਾਲ : ਭਾਈ ਹੁਸਨ ਸਿੰਘ ਦਾ ਜੁਝਾਰੂ ਜਥੇਬੰਦੀ ਖਾਲਿਸਤਾਨ ਰੰਘਰੇਟਾ ਕਮਾਂਡੋ ਫੋਰਸ ਦਾ ਮੁਖੀ ਹੋਣ 'ਤੇ ਪੁਲਿਸ ਵਲੋਂ ਪਰਿਵਾਰ ਨੂੰ ਤੰਗ ਵੀ ਕੀਤਾ ਜਾਂਦਾ ਹੋਵੇਗਾ ?

ਜਵਾਬ : ਜ਼ਿਲ੍ਹਾ ਫਰੀਦਕੋਟ ਦਾ ਐਸ.ਐਸ.ਪੀ. ਗੋਬਿੰਦ ਰਾਮ ਅਤੇ ਥਾਣਾ ਬਾਘਾਪੁਰਾਣਾ ਦੇ ਐਸ.ਐਚ.ਓ. ਮਿੱਤ ਸਿੰਹੋਂ ਨੇ ਜੁਝਾਰੂ ਸਿੰਘਾਂ ਦੇ ਪਰਿਵਾਰਾਂ ਉੱਤੇ ਬਹੁਤ ਅੱਤ ਚੁੱਕੀ ਹੋਈ ਸੀ ਤੇ ਇਨ੍ਹਾਂ ਪਿੰਡ ਡੱਲਾ ਦੇ ਬਲੈਕੀਏ ਆਪਣੇ ਹੱਥ ਵਿਚ ਕਰ ਲਏ ਸਨ ਤੇ ਉਨ੍ਹਾਂ ਤੋਂ ਹੀ ਸਾਡੇ ਉਤੇ ਜ਼ੁਲਮ ਕਰਵਾ ਰਹੇ ਸਨ। ਇਨ੍ਹਾਂ ਵਿੱਚ ਪਿੰਡ ਡੱਲਾ ਦੇ ਪੁਲਿਸ ਟਾਊਟ ਤਾਂ ਪੁਲਿਸ ਦੀ ਸ਼ਹਿ 'ਤੇ ਇੰਨੇ ਭੂਤਰੇ ਹੋਏ ਸਨ ਕਿ ਸਾਡਾ ਘਰ ਪੁਲਿਸ ਨੇ ਢਾਹਿਆ ਸੀ। ਪੁਲਿਸ ਨੇ ਪਹਿਲਾਂ ਘਰ ਨੂੰ ਬਾਲਣ ਸੁੱਟ ਕੇ ਅੱਗ ਲਾਈ ਸੀ, ਫਿਰ ਮਸ਼ੀਨਾਂ (ਕਰੇਨਾਂ) ਜਿਨ੍ਹਾਂ ਨਾਲ ਐਕਸੀਡੈਂਟ 'ਚ ਉਲਟੇ ਟਰੱਕਾਂ ਨੂੰ ਸਿੱਧਾ ਕੀਤਾ ਜਾਂਦਾ ਹੈ, ਉਨ੍ਹਾਂ ਮਸ਼ੀਨਾਂ ਦੀਆਂ ਚੈਨਾਂ ਪਾ ਕੇ ਖਿੱਚ ਕੇ ਡੇਗਿਆ ਗਿਆ ਸੀ ਉਸ ਸਮੇਂ ਪੁਲਿਸ ਦੇ ਨਾਲ ਰਣਜੀਤ ਤੇ ਜੀਤ ਸਨ।

ਅਸੀਂ ਦੋ ਭਰਾ ਮੈਂ (ਨਿਰਮਲ ਸਿੰਘ) ਤੇ ਮੇਰਾ ਛੋਟਾ ਭਰਾ ਜਲੌਰ ਸਿੰਘ ਜਿਸ ਦੀ ਉਮਰ ਮਸਾਂ 15 ਸਾਲ ਸੀ, ਅਸੀਂ ਘਰ ਦਾ ਗੁਜ਼ਾਰਾ ਕਰਨ ਲਈ ਜੈਤੋ ਦੀ ਨਰਮਾ ਫੈਕਟਰੀ ਵਿੱਚ ਮਜ਼ਦੂਰ ਤੌਰ 'ਤੇ ਕੰਮ ਕਰਦੇ ਸੀ। ਸਾਨੂੰ ਪੁਲਿਸ ਨੂੰ ਫੜਾਉਣ ਵਾਸਤੇ ਦੋਵੇਂ ਪੁਲਿਸ ਟਾਊਟ ਰਣਜੀਤ ਤੇ ਜੀਤ ਐਸ.ਐਚ.ਓ. ਮਿੱਤ ਸਿੰਹੋਂ ਬਾਘਾਪੁਰਾਣਾ ਦੀ ਪੁਲਿਸ ਪਾਰਟੀ ਨਾਲ ਆਏ। ਪੁਲਿਸ ਨੇ ਫੜ੍ਹਨ ਵਾਸਤੇ ਜੈਤੋ ਨਰਮਾ ਫੈਕਟਰੀ 'ਚ ਛਾਪਾ ਮਾਰਿਆ। ਨਰਮਾ ਫੈਕਟਰੀ ਜੈਤੋ ਦੀ ਮਾਲਕ ਬੀਬੀ ਸੀ। ਉਸ ਨੇ ਬੜੀ ਜੁਰਅਤ ਨਾਲ ਐਸ.ਐਚ.ਓ. ਮਿੱਤ ਸਿੰਹੋਂ ਤੇ ਪੁਲਿਸ ਪਾਰਟੀ ਨੂੰ ਫੈਕਟਰੀ ਅੰਦਰ ਦਾਖਲ ਨਹੀਂ ਸੀ ਹੋਣ ਦਿੱਤਾ ਤੇ ਮੈਨੂੰ ਅੰਦਰ ਦੱਸ ਦਿੱਤਾ ਸੀ ਕਿ ਤੈਨੂੰ ਪੁਲਿਸ ਫੜ੍ਹਨ ਆਈ ਹੈ।

ਮੈਂ ਕੰਧ ਟੱਪ ਕੇ ਭੱਜ ਗਿਆ ਸੀ। ਥਾਣੇਦਾਰ ਮਿੱਤ ਸਿਹੁੰ ਨੇ ਐਸ.ਐਸ.ਪੀ. ਫਰੀਦਕੋਟ ਗੋਬਿੰਦ ਰਾਮ ਨੂੰ ਵਾਇਰਲੈਸ 'ਤੇ ਦੱਸਿਆ ਸੀ ਕਿ ਫੈਕਟਰੀ ਮਾਲਕ ਔਰਤ ਹੈ ਤੇ ਸਾਨੂੰ ਫੈਕਟਰੀ ਅੰਦਰ ਦਾਖਲ ਹੋਣ ਤੋਂ ਰੋਕ ਦਿੱਤਾ ਹੈ। ਜਿਸ 'ਤੇ ਗੋਬਿੰਦ ਰਾਮ ਐਸ.ਐਸ.ਪੀ. ਅੱਧੇ ਘੰਟੇ ਵਿੱਚ ਹੀ ਪਹੁੰਚ ਗਿਆ ਤੇ ਉਸ ਨੇ ਫੈਕਟਰੀ ਮਾਲਕ ਬੀਬੀ ਦੀ ਮਾਰ-ਕੁੱਟ ਕੀਤੀ ਤੇ ਗਾਲੀ ਗਲੋਚ ਕੀਤੀ ਸੀ ਕਿ ਤੂੰ ਫੈਕਟਰੀ ਵਿੱਚ ਅੱਤਵਾਦੀ ਲੁਕੋਏ ਹਨ। ਮੇਰੇ ਛੋਟੇ ਭਰਾ ਜਲੌਰ ਸਿੰਘ ਤੇ ਬੀਬੀ ਫੈਕਟਰੀ ਮਾਲਕ ਨੂੰ ਪੁਲਿਸ ਫੜ੍ਹ ਕੇ ਲੈ ਗਈ ਸੀ। ਮੇਰੇ ਭਰਾ ਜਲੌਰ ਸਿੰਘ ਦੀ ਫੈਕਟਰੀ ਵਿੱਚ ਸ਼ਨਾਖਤ ਵੀ ਪਿੰਡ ਦੇ ਨਾਲ ਗਏ ਟਾਊਟਾਂ ਨੇ ਹੀ ਕੀਤੀ ਸੀ।

ਜਲੌਰ ਸਿੰਘ 15 ਕੁ ਸਾਲ ਦਾ ਹੌਲਾ ਜਿਹਾ ਮੁੰਡਾ ਸੀ ਇਸ ਕਰਕੇ ਉਸ ਨੇ ਉਥੋਂ ਭੱਜਣ ਦੀ ਕੋਸ਼ਿਸ਼ ਨਹੀਂ ਸੀ ਕੀਤੀ ਕਿ ਮੈਨੂੰ ਪੁਲਿਸ ਨੇ ਕੀ ਕਹਿਣਾ ? ਬੱਸ ਇਹ ਗਲਤੀ ਹੀ ਉਸ ਦੀ ਸ਼ਹੀਦੀ ਦਾ ਕਾਰਨ ਬਣੀ ਸੀ। ਸਾਡੇ ਪ੍ਰਾਹੁਣੇ ਮਕੰਦ ਸਿੰਘ ਰੋਡੇ ਨੂੰ ਵੀ ਥਾਣੇਦਾਰ ਮਿੱਤ ਸਿੰਹੋ ਨੇ ਘਰੋਂ ਚੁੱਕ ਕੇ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ ਸੀ।

ਬਾਈ ਹੁਸਨ ਸਿੰਘ ਨੇ ਅਖਬਾਰਾਂ ਵਿੱਚ ਪੁਲਿਸ ਨੂੰ ਚਿਤਾਵਨੀ ਦਿੱਤੀ ਸੀ ਕਿ ਜੇ ਕੋਈ ਜਲੌਰ ਸਿੰਘ ਡੱਲਾ ਖਿਲਾਫ ਕੇਸ ਹੈ ਤਾਂ ਪੁਲਿਸ ਉਸਨੂੰ ਅਦਾਲਤ ਵਿੱਚ ਪੇਸ਼ ਕਰੇ। ਜੇ ਪੁਲਿਸ ਨੂੰ ਕਿਸੇ ਕੇਸ ਵਿੱਚ ਲੋੜੀਂਦਾ ਨਹੀਂ ਤਾਂ ਰਿਹਾਅ ਕਰ ਦੇਵੇ। ਜੇ ਜਲੌਰ ਸਿੰਘ ਦਾ ਪੁਲਿਸ ਵਲੋਂ ਨੁਕਸਾਨ ਕੀਤਾ ਗਿਆ ਤਾਂ ਸਬੰਧਤ ਪੁਲਿਸ ਵਾਲੇ ਨਤੀਜੇ ਭੁਗਤਣ ਲਈ ਤਿਆਰ ਰਹਿਣ।

ਸਵਾਲ : ਵੀਰ ਜੀ; ਫਿਰ ਜਲੌਰ ਸਿੰਘ ਨੂੰ ਪੁਲਿਸ ਨੇ ਰਿਹਾਅ ਕੀਤਾ ਜਾਂ....?

ਜਵਾਬ : ਐਸ.ਐਸ.ਪੀ. ਗੋਬਿੰਦ ਰਾਮ ਤੇ ਥਾਣੇਦਾਰ ਮਿੱਤ ਸਿੰਹੋਂ ਨੇ ਜਲੌਰ ਸਿੰਘ ਨੂੰ 1 ਮਹੀਨਾ ਹਿਰਾਸਤ ਵਿੱਚ ਰੱਖਿਆ ਤੇ ਪਿੰਡ ਰਾਮੇਆਣਾ ਸੂਏ ਦੇ ਪੁਲ 'ਤੇ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ ਸੀ। ਬਾਈ ਹੁਸਨ ਸਿੰਘ ਨੇ ਥਾਣੇਦਾਰ ਮਿੱਤ ਸਿੰਹੋਂ ਨੂੰ ਲਲਕਾਰ ਕੇ ਕਿਹਾ ਸੀ—ਮਿੱਤੂ ਤੂੰ ਵੀ ਮਜ਼ਬੀ ਏਂ ਤੇ ਮੈਂ ਵੀ। ਤੂੰ ਹਿੰਦੂ ਹਕੂਮਤ ਦਾ ਵਫਾਦਾਰ ਬਣ ਕੇ ਆਪਣੇ ਸਿੱਖ ਭਰਾਵਾਂ ਉੱਤੇ ਜ਼ੁਲਮ ਕਰ ਕੇ ਆਪਣੇ ਮੋਢਿਆਂ ਦੇ ਸਟਾਰ ਵਧਾਉਣੇ ਚਾਹੁੰਦਾਂ। ਯਾਦ ਰੱਖੀਂ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੁੱਤਰ ਹਾਂ। ਤੈਨੂੰ ਅੱਠ ਦਿਨਾਂ ਦੇ ਵਿੱਚ-ਵਿੱਚ ਮਿਲਾਂਗਾ। ਤੇਰੇ ਮੋਢਿਆਂ ਦੇ ਸਟਾਰ ਖਾਲਸਾਈ ਰਵਾਇਤਾਂ ਅਨੁਸਾਰ ਲਾਵਾਂਗਾ। ਜਿਵੇਂ ਜੁਝਾਰੂ ਖਾਲਸਾ ਜ਼ਾਲਮਾਂ ਅਫਸਰਾਂ ਦੇ ਮੋਢਿਆਂ ਉੱਤੇ ਲਾਉਂਦਾ ਆ ਰਿਹਾ ਹੈ। ਹੁਣ ਪਤਾ ਲੱਗਜੂ, ਮਿੱਤ ਸਿੰਹੋਂ ਹਿੰਦੂ ਸਰਕਾਰ ਦਾ ਪੁਰਜ਼ਾ, ਗੁਰੂ ਦੇ ਸਿੰਘ ਹੁਸਨ ਸਿੰਘ ਤੋਂ ਆਤਮ ਸਮਰਪਨ ਕਰਾਉਂਦਾ ਜਾਂ ਹੁਸਨ ਸਿੰਘ, ਮਿੱਤੇ ਦੀ ਅਲਖ ਮੁਕਾਉਂਦਾ।

ਸਵਾਲ : ਕੀ ਫਿਰ, ਥਾਣੇਦਾਰ ਮਿੱਤ ਸਿੰਹੋਂ ਬਾਘਾ ਪੁਰਾਣਾ ਨੂੰ ਸਿੰਘ ਮਿਲੇ

ਸੀ, ਜੁਝਾਰੂ ਸਿੰਘਾਂ ਨੇ ਕਿਵੇਂ ਸੋਧਾ ਲਾਇਆ ?

ਜਵਾਬ : ਥਾਣੇਦਾਰ ਮਿੱਤ ਸਿੰਹੋਂ ਸਾਡੇ ਪਰਿਵਾਰ 'ਤੇ ਹੀ ਨਹੀਂ, ਬਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੇ ਪਰਿਵਾਰ ਉੱਤੇ ਵੀ ਬਹੁਤ ਜ਼ੁਲਮ ਕਰ ਰਿਹਾ ਸੀ। ਬਾਈ ਗੁਰਜੰਟ ਸਿੰਘ ਦੇ ਪਿਤਾ ਬਾਪੂ ਨਛੱਤਰ ਸਿੰਘ ਨੂੰ ਗ੍ਰਿਫਤਾਰ ਕਰ ਕੇ, ਬਾਘਾ ਪੁਰਾਣਾ ਥਾਣੇ ਦੇ ਬਾਹਰ ਲੋਕਾਂ ਦੇ ਸਾਹਮਣੇ ਤਸ਼ੱਦਦ ਕਰਦਾ ਸੀ ਤੇ ਕਹਿੰਦਾ ਸੀ ਜੇ ਗੁਰਜੰਟ ਸਿੰਘ ਸੂਰਮਾ ਤਾਂ ਮੇਰੇ ਤੋਂ ਆਪਣੇ ਪਿਉ ਨੂੰ ਛੁਡਾ ਕੇ ਵਿਖਾਏ। ਮਿੱਤ ਸਿੰਹੋਂ ਪੁਲਿਸ ਵਰਦੀ ਵਾਲਾ ਲੁਟੇਰਾ ਅਤੇ ਜਲਾਦ ਸੀ ਤੇ ਮੌਤ ਉਸ ਦੇ ਸਿਰ ਉੱਤੇ ਕੂਕਦੀ ਸੀ। ਉਸ ਨੇ ਰੱਬ ਦਾ ਤੇ ਸਿੰਘਾਂ ਦਾ ਡਰ ਕੁਲਾਇਆ ਹੋਇਆ ਸੀ। ਪਰ ਸਿੰਘ ਉਸਨੂੰ ਸੋਧ ਵਾਸਤੇ ਉਸਦੇ ਇਰਦ-ਗਿਰਦ ਹੀ ਫਿਰਦੇ ਸਨ। ਬਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ ਤੇ ਬਾਈ ਹੁਸਨ ਸਿੰਘ ਨੇ ਸਾਂਝੇ ਤੌਰ 'ਤੇ ਸਕੀਮ ਬਣਾ ਕੇ, ਮਿੱਤ ਸਿੰਹੋਂ ਥਾਣੇਦਾਰ ਨੂੰ ਆਪਣੀ ਰਿਹਾਇਸ਼ ਤੋਂ ਸਵੇਰੇ ਕਰੀਬ 9 ਵਜੇ ਆਪਣੇ ਗੰਨਮੈਨ ਦੇ ਨਾਲ ਥਾਣੇ ਨੂੰ ਪੈਦਲ ਜਾਂਦੇ ਨੂੰ ਹੀ ਥਾਣਾ ਬਾਘਾ ਪੁਰਾਣਾ ਦੇ ਗੇਟ ਅੱਗੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ ਤੇ ਸਿੰਘ ਉਨ੍ਹਾਂ ਦੇ ਹਥਿਆਰ ਵੀ ਲੈ ਗਏ ਸਨ। ਇਸ ਖਾੜਕੂ ਕਾਰਨਾਮੇ ਨੂੰ ਅੰਜਾਮ ਦੇਣ ਲਈ, ਬਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ, ਭਾਈ ਹੁਸਨ ਸਿੰਘ ਹੁਸਨਾ, ਬਾਈ ਬਿੱਲੂ ਸਿੰਘ ਬੱਕਰੀਆਂ ਵਾਲਾ, ਭਾਈ ਇਕਬਾਲ ਸਿੰਘ ਬੱਬਰ, ਭਾਈ ਦਰਸ਼ਨ ਸਿੰਘ ਬਿੱਲਾ ਤਖਾਣਬੱਧ, ਭਾਈ ਲੱਖਾ ਸਿੰਘ ਧੱਲੇਕੇ ਆਦਿ ਸਿੰਘਾਂ ਨੇ ਹਿੱਸਾ ਲਿਆ ਸੀ।

ਪੁਲਿਸ ਟਾਊਟ ਰਣਜੀਤ ਤੇ ਜੀਤ ਡੱਲਾ ਨੂੰ ਬਾਈ ਹੁਸਨ ਸਿੰਘ ਤੇ ਸਿੰਘਾਂ ਨੇ ਟਾਊਟੀ ਦਾ ਮਜ਼ਾ ਚਖਾਉਂਦਿਆਂ ਗੱਡੀ ਚਾੜ੍ਹ ਦਿੱਤਾ ਸੀ।

ਸਵਾਲ : ਵੀਰ ਜੀ, ਭਾਈ ਹੁਸਨ ਸਿੰਘ ਦੇ ਜੀਵਨ ਦੀ ਕੋਈ ਹੋਰ ਅਹਿਮ ਘਟਨਾ ਹੋਵੇ ਤਾਂ ਦੱਸੋ ?

ਜਵਾਬ : ਭਾਜੀ, ਬਾਈ ਹੁਸਨ ਸਿੰਘ ਬੜਾ ਦੂਰ ਅੰਦੇਸ਼ੀ ਵਾਲਾ ਸਿੰਘ ਸੀ। ਉਸਨੂੰ ਪਤਾ ਸੀ ਕਿ ਸਰਕਾਰ ਨੇ ਮੈਨੂੰ ਖਤਮ ਕਰਨ ਲਈ ਸਾਰੀ ਮਿਸ਼ਨਰੀ ਝੋਕ ਦਿੱਤੀ ਹੈ ਤੇ ਕਿਸੇ ਸਮੇਂ ਸ਼ਹੀਦੀ ਪਾਉਣ ਦਾ ਸਮਾਂ ਆ ਜਾਣਾ ਹੈ। ਸਿੰਘਣੀ ਸ਼ਿੰਦਰਪਾਲ ਕੌਰ ਤੇ ਤਿੰਨ ਬੱਚੀਆਂ ਦਾ ਮਗਰੋਂ ਕੌਣ ਸਹਾਰਾ ਬਣੇਗਾ। ਪਿੱਛੇ ਕੋਈ ਜ਼ਮੀਨ ਜਾਇਦਾਦ ਵੀ ਨਹੀਂ ਸੀ, ਜਿਸ ਦੇ ਆਸਰੇ ਦਿਨ ਕੱਟੇ ਜਾਣਗੇ। ਪਰਿਵਾਰ ਦੇ ਭਵਿੱਖ ਨੂੰ ਸੋਚਦਿਆਂ, ਬਾਈ ਹੁਸਨ ਸਿੰਘ ਨੇ ਆਪਣੇ ਹੱਥੀਂ ਸ਼ਹੀਦੀ ਤੋਂ ਕੁਝ ਦਿਨ ਪਹਿਲਾਂ ਆਪਣੇ ਮੇਰੇ (ਨਿਰਮਲ ਸਿੰਘ) ਨਾਲ ਆਪਣੀ ਸਿੰਘਣੀ ਸ਼ਿੰਦਰਪਾਲ ਕੌਰ ਦਾ ਪਿੰਡ ਠੂਠਿਆਂਵਾਲੀ ਭੈਣੀ ਦੇ ਗੁਰਦੁਆਰਾ ਸਾਹਿਬ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਅਨੰਦ ਕਾਰਜ ਕਰਵਾ ਦਿੱਤਾ ਸੀ ਤੇ ਮੈਨੂੰ ਕਿਹਾ ਸੀ ਕਿ ਨਿਰਮਲ ਸਿੰਘ ਅੱਜ ਤੋਂ ਸ਼ਿੰਦਰਪਾਲ ਤੇ ਤਿੰਨਾਂ ਬੱਚੀਆਂ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਤੇਰੀ ਹੈ। ਮੈਂ ਨਿਸ਼ਚੇ ਤੌਰ 'ਤੇ ਸ਼ਹੀਦ ਹੋ ਜਾਣਾ ਹੈ ਤੇ ਬਾਈ ਜੀ ਹੁਸਨ ਸਿੰਘ ਸਾਨੂੰ ਸਾਰੇ ਪਰਿਵਾਰ ਨੂੰ ਚੰਡੀਗੜ੍ਹ

ਛੱਡ ਆਇਆ ਸੀ।

ਸਵਾਲ : ਭਾਈ ਹੁਸਨ ਸਿੰਘ ਦੀ ਸ਼ਹੀਦੀ ਕਿਵੇਂ ਹੋਈ ?

ਜਵਾਬ : ਪਿੰਡ ਦਾ ਜੋਰਾ ਬਲੈਕੀਆ ਬਾਈ ਹੁਸਨ ਸਿੰਘ ਦਾ ਧਰਮ ਭਰਾ ਬਣਿਆ ਸੀ। ਪੱਗ ਵਟਾਈ ਸੀ। ਬਾਈ ਦਾ ਉਸ ਵੱਲ ਆਉਣਾ ਸੀ ਤੇ ਉਸ 'ਤੇ ਵਿਸ਼ਵਾਸ ਕਰਦਾ ਸੀ। ਬੰਦਾ ਵੀ ਚੰਗਾ ਸੀ। ਪੁਲਿਸ ਨੂੰ ਪਤਾ ਸੀ ਕਿ ਬਾਈ ਹੁਸਨੇ ਦਾ ਜੋਰੇ ਬਲੈਕੀਆ ਕੋਲ ਆਉਣਾ ਜਾਣਾ ਹੈ ਤੇ ਇਹ ਹੁਸਨ ਸਿੰਘ ਨੂੰ ਫੜ੍ਹਾ ਸਕਦਾ। ਗੋਬਿੰਦ ਰਾਮ ਉਦੋਂ ਫਰੀਦਕੋਟ ਐਸ.ਐਸ.ਪੀ. ਹੁੰਦਾ ਸੀ। ਉਸ ਨੇ ਜੋਰਾ ਸਿੰਹੁ ਨੂੰ ਫੜ੍ਹ ਲਿਆ ਤੇ ਕਿਹਾ ਕਿ ਤੇਰੇ ਕੋਲ ਹੁਸਨ ਸਿੰਘ ਆਉਂਦਾ ਹੈ। ਜਾਂ ਤਾਂ ਉਸਨੂੰ ਪੁਲਿਸ ਕੋਲ ਫੜ੍ਹਾਂ ਜਾਂ ਅਸੀਂ ਤੇਰੇ ਉੱਤੇ ਅਫੀਮ, ਪੋਸਤ ਦਾ ਕੇਸ ਪਾ ਕੇ ਜੇਲ੍ਹ ਵਿੱਚ ਬੰਦ ਕਰ ਦੇਣਾ। ਅਫੀਮ ਦੇ ਕੇਸ ਵਿੱਚ ਅਦਾਲਤ 20 ਸਾਲ ਦੀ ਕੈਦ ਦੀ ਸਜ਼ਾ ਕਰਦੀ ਹੈ ਅਤੇ ਇੱਕ ਲੱਖ.ਰੁਪਏ ਜੁਰਮਾਨਾ ਵੀ ਕਰਦੀ ਆ। ਜੇ ਤੈਨੂੰ ਮਨਜ਼ੂਰ ਆ ਦੱਸ। ਗੋਬਿੰਦ ਰਾਮ ਐਸ.ਐਸ.ਪੀ. ਨੇ ਜੋਰਾ ਸਿੰਹੋਂ ਨੂੰ ਡਰਾ ਲਿਆ ਤੇ ਇਸ ਦਬਾਅ ਅਧੀਨ ਜੋਰਾ ਸਿੰਹੋਂ ਪੱਗ ਵੱਟ ਭਰਾ ਨਾਲ ਧ੍ਰੋਹ ਕਮਾਉਣ ਕਰਨ ਲਈ ਤਿਆਰ ਹੋ ਗਿਆ।

ਬਾਈ ਹੁਸਨ ਸਿੰਘ, ਬਾਈ ਚੰਦ ਸਿੰਘ ਪੁਰਾਣਾ ਅਤੇ ਬਾਈ ਦਰਸ਼ਨ ਸਿੰਘ ਬਿੱਲਾ ਤਖਾਣਬੱਧ ਵਾਲਾ ਪਿੰਡ ਆਏ ਸੀ। ਦਰਸ਼ਨ ਸਿੰਘ ਬਿੱਲਾ ਨੂੰ ਬਾਹਰ ਪਹਿਰੇ 'ਤੇ ਖੜ੍ਹਾ ਕੀਤਾ ਤੇ ਬਾਈ ਹੁਸਨ ਸਿੰਘ ਤੇ ਬਾਈ ਚੰਦ ਸਿੰਘ ਪੁਰਾਣਾ, ਜੋਰਾ ਸਿੰਹੋਂ ਬਲੈਕੀਆਂ ਦੇ ਘਰ ਗਏ। ਪਹਿਲਾਂ ਤਾਂ ਉਸ ਨੇ ਦੁੱਧ ਪੀਣ ਨੂੰ ਦਿੱਤਾ ਤੇ ਫਿਰ ਜਦੋਂ ਉਹ ਉੱਠ ਕੇ ਵਾਪਸ ਆਉਣ ਲੱਗੇ ਤਾਂ ਜੋਰੇ ਨੇ ਦੋਵਾਂ ਸਿੰਘਾਂ ਨੂੰ ਗੋਲੀਆਂ ਮਾਰ ਦਿੱਤੀਆਂ, ਜਿਸ ਨਾਲ ਬਾਈ ਚੰਦ ਸਿੰਘ ਮੌਕੇ 'ਤੇ ਹੀ ਸ਼ਹੀਦ ਹੋ ਗਿਆ ਤੇ ਬਾਈ ਹੁਸਨ ਸਿੰਘ ਜ਼ਖਮੀ ਹੋਇਆ ਸੀ। ਜੋਰਾ ਸਿੰਹੁ ਡੱਲਾ ਨੇ ਮਹਿਣਾ ਥਾਣੇ ਦੀ ਪੁਲਿਸ ਨੂੰ ਸੂਚਿਤ ਕਰ ਦਿੱਤਾ। ਪੁਲਿਸ ਭਾਈ ਚੰਦ ਸਿੰਘ ਦੀ ਲਾਸ਼ ਤੇ ਜ਼ਖਮੀ ਹੋਏ ਭਾਈ ਹੁਸਨ ਸਿੰਘ ਨੂੰ ਮਹਿਣੇ ਥਾਣੇ ਲੈ ਗਈ ਸੀ। ਗੋਬਿੰਦ ਰਾਮ ਐਸ.ਐਸ.ਪੀ. ਦੀ ਹਾਜ਼ਰੀ ਵਿੱਚ ਪੁਲਿਸ ਭਾਈ ਹੁਸਨ ਸਿੰਘ ਉੱਤੇ ਤਸ਼ੱਦਦ ਕਰਦੀ ਸੀ ਤੇ ਸਿੰਘਾਂ ਨੂੰ ਫੜਾਉਣ ਤੇ ਅਸਲੇ ਬਾਰੇ ਪੁੱਛਦੀ ਸੀ।

ਨੋਟ—ਲੁਧਿਆਣਾ ਬੈਂਕ ਡਕੈਤੀ ਕੇਸ ਦੇ ਸਬੰਧ ਵਿੱਚ ਜ਼ਿਲ੍ਹਾ ਫਰੀਦਕੋਟ ਦੇ ਐਸ.ਐਸ.ਪੀ. ਗੋਬਿੰਦ ਰਾਮ ਵੱਲੋਂ ਗੁਰਜੰਟ ਸਿੰਘ ਭਗਤਾ ਭਾਈ ਕਾ ਨੂੰ ਹਿਰਾਸਤ ਵਿੱਚ ਲਿਆ ਸੀ ਉਸ ਨੇ 'ਸਿੱਖ ਸ਼ਹਾਦਤ' ਮਾਸਿਕ (ਲੁਧਿਆਣਾ) ਨਾਲ ਮੁਲਾਕਾਤ ਦੌਰਾਨ ਭਾਈ ਹੁਸਨਾ ਸਿੰਘ ਹੁਸਨਾ ਉੱਤੇ ਪੁਲਿਸ ਤਸ਼ੱਦਦ ਦੀ ਅੱਖੀਂ ਵੇਖੀ ਹਕੀਕਤ ਨੂੰ ਆਪਣੇ ਸ਼ਬਦਾਂ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਹੈ :-

ਸਵਾਲ : ਤੁਸੀਂ ਪੁਲਿਸ ਹਿਰਾਸਤ ਵਿੱਚ ਹੋਰ ਸਿੰਘਾਂ ਨੂੰ ਵੀ ਵੇਖਿਆ ?

ਜਵਾਬ : ਆਪ ਕੁੱਟ ਝੱਲਣੀ ਬਹੁਤ ਔਖੀ ਐ। ਪਰ ਮੈਂ ਕਹਿੰਨਾ ਦੂਜੇ ਦੀ ਕੁੱਟ

ਹੁੰਦੀ ਵੇਖਣੀ ਜ਼ਿਆਦੇ ਔਖੀ ਹੈ। ਪੁਲਿਸ ਜਾਣ ਬੁੱਝ ਕੇ ਕਰਦੀ ਸੀ ਇਹ ਕੰਮ। ਵੇਖਣ ਵਾਲਾ ਬਹੁਤਾ ਈ ਬੇਵੱਸ ਹੁੰਦਾ ਸੀ। ਕਰ ਕੁਝ ਨਹੀਂ ਸੀ ਸਕਦਾ। ਦੂਜਾ ਦਿਲ ਦੇ ਮਾੜਿਆਂ ਨੂੰ ਉੱਂ ਵੀ ਝੁਣਝੁਣੀ ਚੜ੍ਹਦੀ ਸੀ। ਡਰ ਜ਼ਿਆਦੇ ਭੈੜਾ ਹੁੰਦੈ। ਜਦੋਂ ਮੈਨੂੰ ਗੋਬਿੰਦ ਰਾਮ ਐਸ.ਐਸ.ਪੀ. (ਫਰੀਦਕੋਟ) ਨੇ ਫੜ੍ਹਿਆ ਹੋਇਆ ਸੀ ਉਦੋਂ ਉਨ੍ਹਾਂ ਨੇ ਇੱਕ ਮੁੰਡਾ ਫੜਿਆ। ਉਸ ਦਾ ਨਾਂ ਹੁਸਨਾ ਕਰਕੇ ਮਸ਼ਹੂਰ ਸੀ। ਇਨ੍ਹਾਂ ਬੜਾ ਤੰਗ ਕੀਤਾ, ਉਹਨੂੰ ਜਿੰਨਾ ਚਿਰ ਸੁਰਤ ਰਹੀ ਉਹ ਵੀ ਬੜ੍ਹਕਦਾ ਰਿਹਾ। ਉਸਦਾ ਸਰੀਰ ਹਥੌੜਿਆਂ ਨਾਲ ਤੋੜਿਆ ਇਨ੍ਹਾਂ ਪੁਲਿਸ ਵਾਲਿਆਂ ਨੇ। (ਸਿੱਖ ਸ਼ਹਾਦਤ, ਅਗਸਤ 2006 ਦੇ ਅੰਕ ਪੰਨਾ 17, ਵਿਚੋਂ ਧੰਨਵਾਦ ਸਹਿਤ)।

ਗੋਬਿੰਦ ਰਾਮ ਨੇ ਉੱਪਰ ਖਲੋ ਕੇ ਹੁਸਨ ਸਿੰਘ 'ਤੇ ਤਸ਼ੱਦਦ ਕੀਤਾ, ਤਸੀਹੇ ਦਿੱਤੇ। ਇਸੇ ਤਸ਼ੱਦਦ ਦੌਰਾਨ ਥਾਣੇ ਵਿੱਚ ਹੀ ਬਾਈ ਹੁਸਨ ਸਿੰਘ ਦੀ ਸ਼ਹੀਦੀ ਹੋ ਗਈ। ਬਾਈ ਹੁਸਨ ਸਿੰਘ ਤੋਂ ਪਹਿਲਾਂ ਗੋਬਿੰਦ ਰਾਮ ਨੇ ਭਾਈ ਬਿੱਲੂ ਸਿੰਘ ਬੱਕਰੀਆਂ ਵਾਲਾ ਵਾਸੀ ਪਿੰਡ ਚੰਦ ਪੁਰਾਣਾ ਏਰੀਆ ਕਮਾਂਡਰ ਖਾਲਿਸਤਾਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਨੂੰ ਸ਼ਹੀਦ ਕਰ ਦਿੱਤਾ ਸੀ ਤੇ ਫਿਰੋਜ਼ਪੁਰ ਰੇਂਜ ਦੇ ਡੀ.ਆਈ.ਜੀ. ਸਰਬਜੀਤ ਸਿੰਹੁ ਨੇ ਪ੍ਰੈਸ ਨੋਟ ਅਖਬਾਰਾਂ ਨੂੰ ਜਾਰੀ ਕਰਦਿਆਂ ਦਾਅਵਾ ਕੀਤਾ ਸੀ, ਉਸਦੀ ਵੰਨਗੀ ਇਸ ਤਰ੍ਹਾਂ ਹੈ—ਮੁਕਾਬਲੇ ਦਾ ਵੇਰਵਾ : ਫਰੀਦਕੋਟ (ਪੱਤਰ ਪ੍ਰੇਰਕ) - ਸ੍. ਸਰਬਜੀਤ ਸਿੰਘ ਡੀ.ਆਈ.ਜੀ. ਪੁਲਿਸ ਫਿਰੋਜ਼ਪੁਰ ਰੇਂਜ ਡਗਰੂ ਰੇਲਵੇ ਕਰਾਸਿੰਗ ਨੇੜੇ ਪਿਛਲੇ ਦਿਨੀਂ ਫਾਇਰਿੰਗ ਕਰਨ ਵਾਲਾ ਖੁਦ ਸਾਖਤਾ ਏਰੀਆ ਕਮਾਂਡਰ ਬਿੱਲੂ ਸਿੰਘ ਬੱਕਰੀਆਂ ਵਾਲਾ ਵਾਸੀ ਚੰਦ ਪੁਰਾਣਾ ਬੀਤੀ ਰਾਤ ਬਾਘਾ ਪੁਰਾਣਾ ਨੇੜੇ ਹੋਏ ਮੁਕਾਬਲੇ ਦੌਰਾਨ ਮਾਰਿਆ ਗਿਆ ਸੀ ਅਤੇ ਉਸ ਦਾ ਇਕ ਸਾਥੀ ਫਾਇਰਿੰਗ ਕਰਦਾ ਹੋਇਆ ਭੱਜ ਗਿਆ ਸੀ। ਗੋਬਿੰਦ ਰਾਮ ਜ਼ਿਲ੍ਹਾ ਪੁਲਿਸ ਮੁਖੀ ਫਰੀਦਕੋਟ ਨੇ ਇਸ ਘਟਨਾ ਦਾ ਵੇਰਵਾ ਦਿੰਦੇ ਹੋਏ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਖਤਰਨਾਕ ਅੱਤਵਾਦੀ ਖਾਲਿਸਤਾਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਦਾ ਹੁਸਨ ਸਿੰਘ ਹੁਸਨਾ ਦਾ ਜੂਨੀਅਰ ਸੀ। ਘਟਨਾ ਵਾਲੀ ਥਾਂ ਤੋਂ 4 ਭਰੀਆਂ ਮੈਗਜੀਨਾਂ, ਏ.ਕੇ.47 ਅਸਾਲਟ ਰਾਈਫਲ, ਇਕ 455 ਬੋਰ ਦਾ ਰਿਵਾਲਵਰ, ਦੋ ਦਰਜਨ ਕਾਰਤੂਸ, ਖੋਹਿਆ ਹੋਇਆ ਸਕੂਟਰ ਜਿਹੜਾ ਕਿ ਘਟਨਾ ਤੋਂ ਤਕਰੀਬਨ ਤਿੰਨ ਘੰਟੇ ਪਹਿਲਾਂ ਬਾਘਾ ਪੁਰਾਣਾ ਤੋਂ ਖੋਹਿਆ ਗਿਆ, ਬਰਾਮਦ ਹੋਇਆ ਹੈ। ਬਿੱਲੂ ਸਿੰਘ ਬੱਕਰੀਆਂ ਵਾਲਾ ਦੋ ਦਰਜਨ ਕਤਲਾਂ ਅਤੇ ਦਰਜਨ ਡਕੈਤੀਆਂ ਵਿੱਚ ਜ਼ਿਲ੍ਹਾ ਫਰੀਦਕੋਟ, ਫਿਰੋਜ਼ਪੁਰ ਅਤੇ ਬਠਿੰਡਾ ਵਿੱਚ ਲੋੜੀਂਦਾ ਸੀ। ਪੁਲਿਸ ਮੁਖੀ ਗੋਬਿੰਦ ਰਾਮ ਨੇ ਦੱਸਿਆ ਕਿ ਭੱਜਣ ਵਾਲਾ ਅੱਤਵਾਦੀ ਹੁਸਨ ਸਿੰਘ ਹੁਸਨਾ ਸੀ, ਜਿਸ ਦੀ ਭਾਲ ਵਿੱਚ ਪੁਲਿਸ ਪਾਰਟੀਆਂ ਭੇਜ ਦਿੱਤੀਆਂ ਗਈਆਂ ਹਨ।

ਪੁਲਿਸ ਮੁਖੀ ਦੇ ਬਿਆਨ ਵਿੱਚ ਕੋਈ ਸਚਿਆਈ ਨਹੀਂ ਸੀ। ਅਸਲ ਵਿਚ ਭਾਈ ਹੁਸਨ ਸਿੰਘ ਤੇ ਭਾਈ ਚੰਦ ਸਿੰਘ ਪੁਰਾਣਾ ਨੂੰ ਕੁਝ ਦਿਨ ਪਹਿਲਾਂ ਪਿੰਡ ਡੱਲਾ

ਦੇ ਜੋਰਾ ਸਿੰਹੁ ਬਲੈਕੀਏ ਦੇ ਘਰੋਂ ਗੋਲੀਆਂ ਮਾਰ ਕੇ ਜ਼ਖਮੀ ਹਾਲਤ ਵਿੱਚ ਪੁਲਿਸ ਫੜ੍ਹ ਕੇ ਲੈ ਗਈ ਸੀ ਤੇ ਚੰਦ ਸਿੰਘ ਸ਼ਹੀਦ ਹੋ ਗਿਆ ਸੀ। ਭਾਈ ਹੁਸਨ ਸਿੰਘ ਨੇ ਵੀ ਇਸ ਘਟਨਾ ਮੌਕੇ ਜ਼ਖਮੀ ਹਾਲਤ ਵਿਚ ਪੁਲਿਸ ਦੇ ਅਚਨਚੇਤ ਹਮਲੇ ਵੇਲੇ ਗੋਲੀ ਚਲਾਈ ਸੀ, ਜਿਸ ਨਾਲ ਟਹਿਲਾ ਸਿੰਘ ਪੰਜਾਬ ਪੁਲਿਸ ਦਾ ਸਿਪਾਹੀ ਜ਼ਖਮੀ ਹੋ ਗਿਆ ਸੀ।

ਸਵਾਲ : ਵੀਰ ਜੀ, ਪੁਲਿਸ ਨੇ ਤੁਹਾਨੂੰ ਕਿਥੋਂ ਗ੍ਰਿਫਤਾਰ ਕੀਤਾ ਸੀ ?

ਜਵਾਬ : ਮੈਂ (ਨਿਰਮਲ ਸਿੰਘ) ਤੇ ਬੀਬੀ ਸ਼ਿੰਦਰਪਾਲ ਕੌਰ ਤੇ ਭਾਈ ਹੁਸਨ ਸਿੰਘ ਦੀਆਂ ਤਿੰਨ ਬੇਟੀਆਂ ਸਾਨੂੰ ਪੰਜ ਜੀਆਂ ਨੂੰ ਪਿੰਡ ਦਾਊ ਨੇੜੇ ਚੰਡੀਗੜ੍ਹ ਤੋਂ ਰਾਜਪੁਰਾ ਦੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ। ਉਥੇ ਸਾਡੇ ਕੋਲ ਭਾਈ ਸੁਖਦੇਵ ਸਿੰਘ ਝਾਮਕਾ ਰਹਿੰਦਾ ਸੀ। ਉਹ ਕਿਤੇ ਬਾਹਰ ਗਿਆ ਹੋਇਆ ਸੀ, ਇਸ ਕਰਕੇ ਗ੍ਰਿਫਤਾਰੀ ਤੋਂ ਬਚ ਗਿਆ ਸੀ। ਮੈਨੂੰ ਬਨੂੜ ਸਟਾਫ ਵਿੱਚ ਰੱਖਿਆ ਗਿਆ ਤੇ ਬੜੇ ਤਸੀਹੇ ਦਿੱਤੇ ਗਏ। ਬੀਬੀ ਤੇ ਬੱਚੀਆਂ ਨੂੰ ਰਾਜਪੁਰਾ ਥਾਣੇ ਰੱਖਿਆ ਸੀ। ਚੋਟੀ ਦੇ ਸਿੰਘਾਂ ਨੂੰ ਫੜਾਉਣ ਵਾਸਤੇ ਤੇ ਅਸਲਾ ਫੜਾਉਣ ਲਈ ਕਹਿੰਦੇ ਸੀ। ਮੈਂ ਕਹਿੰਦਾ ਸੀ ਕਿ ਜਿਹੜਾ ਸਾਡੇ ਕੋਲ ਸੀ ਉਹ ਤੁਸੀਂ ਫੜ ਲਿਆ। ਹੋਰ ਕਿਥੋਂ ਫੜਾਈਏ ? ਪੁਲਿਸ ਨੇ ਮੇਰੀ ਛਾਤੀ ਦਾ ਮਾਸ ਗਰਮ ਸਰੀਏ ਲਾ ਕੇ ਸਾੜਿਆ ਸੀ। ਘੋਟਨਾ ਤੇ ਚੱਡੇ ਪਾੜਨੇ ਆਮ ਜਿਹੀ ਗੱਲ ਸੀ (ਕਮੀਜ਼ ਦੇ ਬਟਨ ਖੋਲ੍ਹ ਕੇ ਛਾਤੀ 'ਤੇ ਤਸ਼ੱਦਦ ਦੇ ਨਿਸ਼ਾਨ ਵਿਖਾਉਂਦੇ ਹੋਏ)।

ਸਵਾਲ : ਕਿੰਨੀ ਤਰੀਕ ਨੂੰ ਗ੍ਰਿਫਤਾਰ ਕੀਤਾ ਸੀ ਤੇ ਗ੍ਰਿਫਤਾਰੀ ਕਦੋਂ ਪਾਈ ਸੀ ?

ਜਵਾਬ : ਐਸ.ਐਸ.ਪੀ. ਤਿਵਾੜੀ ਨੂੰ ਸਾਡੇ ਪਿੰਡ ਦੀ ਦੋਹਤੀ ਨੇ ਦੱਸਿਆ ਸੀ ਕਿ ਸਾਡੇ ਪਿੰਡ ਡੱਲਾ ਦੇ ਭਾਈ ਹੁਸਨ ਸਿੰਘ ਦਾ ਭਾਈ ਨਿਰਮਲ ਸਿੰਘ ਤੇ ਪਰਿਵਾਰ ਨੂੰ ਪੁਲਿਸ ਨੇ ਫੜਿਆ ਹੈ ਤੇ ਹੋ ਸਕਦਾ ਹੈ ਪੁਲਿਸ ਉਸਦਾ ਮੁਕਾਬਲਾ ਬਣਾ ਦੇਵੇ। ਜਿਸ 'ਤੇ ਐਸ.ਐਸ.ਪੀ. ਤਿਵਾੜੀ ਨੇ ਛਾਪਾ ਮਾਰਿਆ, ਉਸ ਸਮੇਂ ਪੁਲਿਸ ਵਾਲੇ ਮੈਨੂੰ ਪੁਲਿਸ ਮੁਕਾਬਲਾ ਬਣਾ ਕੇ ਮਾਰਨ ਲਈ ਲੈ ਕੇ ਚੱਲੇ ਸੀ। ਪੁਲਿਸ ਵਾਲੇ ਮੈਨੂੰ ਕਹਿੰਦੇ, ਕੋਈ ਖਾਹਿਸ਼ ਹੈ ਖਾਣ-ਪੀਣ ਦੀ ਤਾਂ ਦੱਸ ? ਮੈਂ ਕਿਹਾ ਕਈ ਦਿਨ ਹੋ ਗਏ ਚਾਹ ਨਹੀਂ ਪੀਤੀ, ਮੈਨੂੰ ਚਾਹ ਪਿਆ ਦਿਉ। ਪੁਲਿਸ ਵਾਲਿਆਂ ਮੈਨੂੰ ਚਾਹ ਲਿਆ ਕੇ ਪਿਆਈ ਤੇ ਫਿਰ ਕੱਪੜੇ ਵੀ ਪਾਉਣ ਨੂੰ ਦਿੱਤੇ। ਪਹਿਲਾਂ ਮੈਨੂੰ ਅਲਫ ਨੰਗਾ ਹੀ, ਮਾਰ ਕੁੱਟ ਕੇ ਸੁੱਟਿਆ ਹੋਇਆ ਸੀ। ਮੈਂ ਵੀ ਸਾਰੀ ਕਹਾਣੀ ਸਮਝ ਗਿਆ ਸੀ, ਪਰ ਕਰ ਕੁਝ ਨਹੀਂ ਸੀ ਸਕਦਾ। ਇਹੋ ਜਿਹੇ ਵੇਲੇ ਤਾਂ ਸੱਚੇ ਪਾਤਸ਼ਾਹ ਵਾਹਿਗੁਰੂ ਨੂੰ ਯਾਦ ਕਰੀਦਾ ਹੈ ਕਿ ਸੱਚੇ ਪਾਤਸ਼ਾਹ ਤੂੰ ਹੀ ਰੱਖਿਆ ਕਰਨ ਵਾਲਾ ਹੈਂ ਤੇ ਸੱਚੇ ਪਾਤਸ਼ਾਹ, ਕਿਸੇ ਨਾ ਕਿਸੇ ਰੂਪ ਵਿਚ ਬਿਧ ਬਣਾ ਦੇਂਦਾ ਹੈ ਤੇ ਆਪਣੇ ਪਿਆਰਿਆਂ ਦੀ ਰੱਖਿਆ ਕਰਦਾ ਹੈ। ਜਿਸ ਸਮੇਂ ਮੈਨੂੰ ਗੱਡੀ 'ਚ ਬਿਠਾ ਕੇ ਪੁਲਿਸ ਵਾਲੇ ਮੁਕਾਬਲੇ ਵਾਸਤੇ ਲੈ ਕੇ ਚੱਲਣ ਵਾਲੇ ਸੀ, ਐਸ.ਐਸ.ਪੀ. ਤਿਵਾੜੀ ਪਹੁੰਚ ਗਿਆ ਤੇ ਉਸ ਨੇ ਮੈਨੂੰ ਜੀਪ ਵਿਚੋਂ ਉਤਾਰ

ਕੇ ਆਪਣੀ ਗੱਡੀ ਵਿੱਚ ਬਿਠਾ ਲਿਆ। ਸ਼ਿੰਦਰਪਾਲ ਕੌਰ ਤੇ ਤਿੰਨ ਬੱਚੀਆਂ ਨੂੰ ਵੀ ਛੁਡਾ ਲਿਆ ਤੇ ਆਪਣੇ ਨਾਲ ਲੈ ਗਿਆ। ਮੈਨੂੰ, ਸ਼ਿੰਦਰਪਾਲ ਤੇ ਤਿੰਨਾਂ ਬੱਚਿਆਂ ਨੂੰ ਛੱਡ ਦਿੱਤਾ ਕਿਉਂਕਿ ਸਿੰਘਾਂ ਨੇ ਐਸ.ਐਸ.ਪੀ. ਤਿਵਾੜੀ ਦਾ ਬੱਚਾ ਚੁੱਕਿਆ ਸੀ ਤੇ ਭਾਈ ਹੁਸਨ ਸਿੰਘ ਦੇ ਯਤਨਾਂ ਨਾਲ ਬੱਚਾ ਸਹੀ ਸਲਾਮਤ ਸਿੰਘਾਂ ਤੋਂ ਛੁਡਾ ਕੇ ਵਾਪਸ ਕੀਤਾ ਸੀ। ਇਸ ਕਰਕੇ ਤਿਵਾੜੀ ਨੇ ਮਰਦਾਂ ਵਾਲੀ ਪੁਗਾਈ, ਉਹ ਹੁਸਨ ਸਿੰਘ ਦਾ ਆਪਣੇ ਸਿਰ ਅਹਿਸਾਨ ਮੰਨਦਾ ਸੀ।

ਸਵਾਲ : ਵੀਰ ਜੀ, ਰਿਹਾਈ ਤੋਂ ਪਿੱਛੋਂ ਕਿਥੇ ਤੇ ਕਿਵੇਂ ਦਿਨ ਲੰਘਾਏ ?

ਜਵਾਬ : ਭਾਜੀ, ਮੁਕਤਸਰ ਤੋਂ ਮਲੋਟ ਰੋਡ 'ਤੇ ਪਿੰਡ ਚੱਕ ਦੂਹੇ ਵਾਲਾ ਦੇ ਕਿਸਾਨ ਗੁਰਨਾਮ ਸਿੰਘ ਸਿੱਧੂ ਦੇ ਖੇਤੀਬਾੜੀ ਦਾ ਕੰਮ ਕਰਦੇ ਰਹੇ ਤੇ 11 ਸਾਲ ਉਸ ਦੇ ਖੇਤਾਂ ਵਿਚ ਕੰਮ ਕਰਕੇ ਲੰਘਾਏ ਤੇ ਫੇਰ ਇਥੇ ਵੀਰਾਨ ਪਏ ਆਪਣੇ ਥਾਂ ਵਿੱਚ ਕੋਠਾ ਪਾ ਕੇ ਰਹਿਣ ਲੱਗੇ ਹਾਂ। ਬੱਚੀਆਂ ਦਾ ਗਰੀਬੀ ਦਾਵ੍ਹੇ ਨਾਲ ਅਨੰਦ ਕਾਰਜ ਕਰ ਦਿੱਤਾ। ਆਪਣਾ ਦਿਹਾੜੀ ਟੱਪਾ ਕਰਕੇ ਸਮਾਂ ਲੰਘਾ ਰਹੇ ਹਾਂ। ਕੁਝ ਪੰਥਕ ਵੀਰਾਂ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਮਾਇਕੀ ਸਹਿਯੋਗ ਕੀਤਾ। ਚਲੋ ਜੇ ਸਿੱਖ ਸੰਘਰਸ਼ ਵਿੱਚ ਹਿੱਸਾ ਪਾਇਆ, ਕਿਸੇ ਨੇ ਤਾਂ ਪੰਥਕ ਪਰਿਵਾਰ ਸਮਝ ਕੇ ਯਾਦ ਕੀਤਾ।

ਸਵਾਲ : ਵੀਰ ਜੀ ਕੋਈ ਸਿੱਖ ਕੌਮ ਨੂੰ ਸੁਨੇਹਾ ਦੇਣਾ ਚਾਹੋਗੇ ?

ਜਵਾਬ : ਭਾਜੀ, ਤੁਸੀਂ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਮਿਲਦੇ ਰਹਿੰਦੇ ਹੋ, ਕਈ ਪਰਿਵਾਰ ਸਾਡੇ ਵਾਂਗ ਰੁਲ ਗਏ ਹਨ, ਕਿਸੇ ਪੰਥਕ ਧਿਰ ਨੇ ਸਾਰ ਨਹੀਂ ਲਈ। ਸਿੱਖ ਪੰਥ ਨੇ ਗਰੀਬ ਸ਼ਹੀਦ ਪਰਿਵਾਰਾਂ ਦੀ ਸੰਭਾਲ ਵੱਲ ਧਿਆਨ ਨਹੀਂ ਦਿੱਤਾ। ਇਸ ਕਰਕੇ ਸਿੱਖ ਸੰਘਰਸ਼ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, ਗਰੀਬ ਸਿੱਖ ਕਈ ਵਾਰ ਸੋਚਦਾ ਹੈ। ਇਹ ਗੱਲ ਨਹੀਂ ਕਿ ਗਰੀਬ ਸਿੱਖ ਕੁਰਬਾਨੀ ਕਰਨ ਤੋਂ ਪਿੱਛੇ ਹੱਟ ਜਾਣਗੇ। ਕੁਰਬਾਨੀ ਤੇ ਸੇਵਾ ਗੁਰੂ ਸਾਹਿਬ ਆਪਣੀ ਮਿਹਰ ਨਾਲ ਲੈਂਦੇ ਹਨ ਤੇ ਸਿੱਖ ਸਿੱਖੀ ਸਵੈਮਾਨ ਲਈ ਸਦਾ ਹੀ ਕੁਰਬਾਨੀਆਂ ਕਰਦੇ ਆਏ ਹਨ ਤੇ ਕਰਦੇ ਰਹਿਣਗੇ। ਸਾਨੂੰ ਸ਼ਹੀਦ ਸਿੰਘਾਂ ਦੇ ਰੁਲ ਰਹੇ ਪਰਿਵਾਰਾਂ ਬਾਰੇ ਵੀ ਸੋਚਣਾ ਚਾਹੀਦਾ ਹੈ। ਜੇ ਸ਼ਹੀਦ ਪਰਿਵਾਰਾਂ ਦੇ ਨਾਂ 'ਤੇ ਮਾਇਆ ਇਕੱਠੀ ਕਰਕੇ ਆੜ੍ਹਤਾਂ, ਫਾਈਨੈਂਸਰਾਂ ਤੇ ਕੋਠੀਆਂ ਪਾਉਂਦੇ ਰਹੇ ਤਾਂ ਇਸ ਤਰ੍ਹਾਂ ਰਾਜ ਕਰੇਗਾ ਖਾਲਸਾ ਦਾ ਸੰਕਲਪ ਪੂਰਾ ਨਹੀਂ ਹੋਵੇਗਾ।

ਸ਼ਹੀਦ ਭਾਈ ਹੁਸਨ ਸਿੰਘ ਦੇ ਭਰਾ ਨਿਰਮਲ ਸਿੰਘ ਦਿਹਾੜੀ ਵਿੱਚੇ ਛੱਡ ਕੇ ਆਇਆ ਸੀ, ਉਸਨੂੰ ਕਾਹਲ ਸੀ ਤੇ ਉਹ ਫਤਹਿ ਬੁਲਾ ਕੇ ਆਪਣੇ ਕੰਮ 'ਤੇ ਚਲਾ ਗਿਆ। ਅਸੀਂ ਜਿੰਨੀ ਕੁ ਗਰੀਬੀ ਚਾਅਵੇ ਦੀ ਮਦਦ ਕਰ ਸਕਦੇ, ਬੱਚੀਆਂ ਦੇ ਸਿਰ 'ਤੇ ਪਿਆਰ ਦੇ ਕੇ, ਮੋਟਰ ਸਾਈਕਲ 'ਤੇ ਪਿੰਡ ਡੱਲਾ ਤੋਂ ਮੋਗਾ ਨੂੰ ਚੱਲ ਪਏ। ਅਸੀਂ ਮੋਗਾ ਸ਼ਹਿਰ ਵਿੱਚ ਸ਼ਹੀਦ ਭਾਈ ਕੁਲਵੰਤ ਸਿੰਘ ਖੁਖਰਾਨਾ ਦੇ ਪਰਿਵਾਰ ਨੂੰ ਮਿਲਣਾ ਸੀ। ਇਸ ਦਿਨ ਮੋਗਾ ਸ਼ਹਿਰ ਵਿੱਚ ਸੌਦਾ ਸਾਧ ਸਿਰਸਾ ਵਾਲੇ ਦੇ ਚੇਲਿਆਂ ਨੇ,

ਸੀ.ਬੀ.ਆਈ. ਵਲੋਂ ਸੋਂਦਾ ਸਾਧ ਵਿਰੁੱਧ ਅਦਾਲਤ ਵਿੱਚ ਚਲਾਨ ਪੇਸ਼ ਕਰਨ 'ਤੇ ਸ਼ਹਿਰ ਵਿਚ ਸਾੜ-ਫੂਕ ਸ਼ੁਰੂ ਕਰ ਦਿੱਤੀ ਸੀ।

ਬਾਈ ਨਿਰਮਲ ਸਿੰਘ ਦੇ ਪਰਿਵਾਰ ਵਿੱਚ ਬੀਬੀ ਸ਼ਿੰਦਰਪਾਲ ਕੌਰ, ਚਾਰ ਬੱਚੀਆਂ ਤੇ ਇੱਕ ਬੇਟਾ ਜਗਸੀਰ ਸਿੰਘ ਹੈ ਜਿਸ ਦੀਆਂ ਜ਼ਿੰਮੇਵਾਰੀਆਂ ਨਿਭਾਅ ਰਿਹਾ ਹੈ। ਦਿਹਾੜੀ ਤੋਂ ਬਿਨਾਂ ਕੋਈ ਕਮਾਈ ਦਾ ਸਾਧਨ ਨਹੀਂ ਹੈ। ਸ਼ਹੀਦ ਭਾਈ ਹੁਸਨ ਸਿੰਘ ਦੇ ਪਰਿਵਾਰ ਦਾ ਪਤਾ ਹੈ :-

~~ਨਿਰਮਲ ਸਿੰਘ ਪੁੱਤਰ ਕਰਤਾਰ ਸਿੰਘ~~
ਪਿੰਡ ਡੱਲਾ, ਪੱਤੀ ਦਾਸੂਵਰਾ,
ਡਾਕ. ਡੱਲਾ, ਜ਼ਿਲ੍ਹਾ ਮੋਗਾ (ਪੰਜਾਬ)
ਭਾਰਤ
ਨਿਰਮਲ ਸਿੰਘ ਦਾ ਮੋਬਾਇਲ ਨੰਬਰ : 98149-12495

ਸ਼ਹੀਦ ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਵਾਲਿਆਂ ਦੀ ਕਹਾਣੀ ਉਸਦੇ ਸਾਥੀਆਂ ਦੀ ਜ਼ੁਬਾਨੀ

6 ਸਤੰਬਰ 2010 ਨੂੰ ਡਾਕਟਰ ਬਾਬਾ ਗੁਰਨਾਮ ਸਿੰਘ ਡਰੋਲੀ ਭਾਈ ਕੀ (ਕਾਰ ਸੇਵਾ ਸੰਪ੍ਰਦਾ ਬੀੜ ਸਾਹਿਬ) ਵਾਲਿਆਂ ਦਾ ਫੋਨ ਆਇਆ ਕਿ ਸੰਤ ਬਾਬਾ ਚਰਨ ਸਿੰਘ ਸ਼ਹੀਦ, ਬੀੜ ਬਾਬਾ ਬੁੱਢਾ ਸਾਹਿਬ ਵਾਲਿਆਂ ਨਾਲ ਸੇਵਾ ਕਰਨ ਵਾਲੇ ਗੁਰਸਿੱਖ ਬਾਪੂ ਸ਼ਬੇਗ ਸਿੰਘ ਬੀਮਾਰ ਹਨ ਤੇ ਉਨ੍ਹਾਂ ਨਾਲ ਬਾਬਾ ਚਰਨ ਸਿੰਘ ਦੇ ਜੀਵਨ ਬਾਰੇ ਜਾਨਣ ਲਈ ਮੁਲਾਕਾਤ ਕਰਨੀ ਹੈ, ਤੂੰ ਸਵੇਰੇ 8 ਵਜੇ ਤਲਵੰਡੀ ਭਾਈ ਪਹੁੰਚ ਜਾਣਾ, ਜੋ ਵੀ ਜ਼ਰੂਰੀ ਕੰਮ ਹੋਵੇ ਵਿੱਚੇ ਛੱਡ ਦੇਣਾ, ਘਰ ਦੇ ਕੰਮ ਤਾਂ ਹੁੰਦੇ ਰਹਿਣੇ ਆਂ ਆਪਣਾ ਬਾਪੂ ਸ਼ਬੇਗ ਸਿੰਘ ਨੂੰ ਮਿਲਣਾ ਜ਼ਰੂਰੀ ਹੈ। ਮੈਂ ਬਾਬਾ ਗੁਰਨਾਮ ਸਿੰਘ ਦਾ ਸੁਝਾਅ ਮੰਨਿਆ ਤੇ 7 ਸਤੰਬਰ 2010 ਨੂੰ ਸਵੇਰੇ 8 ਵਜੇ ਤਲਵੰਡੀ ਭਾਈ ਫਾਟਕ 'ਤੇ ਪਹੁੰਚ ਗਿਆ। ਬਾਬਾ ਜੀ ਨੇ ਮੇਰੇ ਪਿੰਡ ਬਾਜਾ ਮਰਾੜ ਦਾ ਮੇਰਾ ਛੋਟਾ ਵੀਰ ਮਨਜੀਤ ਸਿੰਘ ਬਾਜਾ ਗੱਡੀ ਦੇ ਕੇ ਭੇਜਿਆ ਸੀ ਤੇ ਉਹ ਮੇਰੀ ਉਡੀਕ ਕਰ ਰਿਹਾ ਸੀ। ਅਸੀਂ ਦੋਵੇਂ ਵੀਰ ਗੱਡੀ ਲੈ ਕੇ ਪਿੰਡ ਸਾਂਘਣਾ ਪਹੁੰਚ ਗਏ। ਬਾਪੂ ਸ਼ਬੇਗ ਸਿੰਘ ਜੀ ਮੰਜੇ 'ਤੇ ਪਏ ਸਨ ਤੇ ਗ੍ਰੰਥੀ ਸਿੰਘ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ। ਅਸੀਂ ਸੋਚ ਰਹੇ ਸੀ ਕਿ ਅਸੀਂ ਬਹੁਤ ਦੇਰ ਨਾਲ ਪਹੁੰਚੇ ਹਾਂ ਤੇ ਸ਼ਾਇਦ ਬਾਪੂ ਜੀ ਘੜੀ ਪਲ ਹੀ ਹਨ। ਮੈਂ ਸੱਚੇ ਪਾਤਸ਼ਾਹ ਵਾਹਿਗੁਰੂ ਨੂੰ ਹਾਜ਼ਰ ਸਮਝ ਕੇ ਲਿਖ ਰਿਹਾ ਹਾਂ ਕਿ ਸਾਡੇ ਨਾ ਚਾਹੁੰਦਿਆਂ ਵੀ ਪਰਿਵਾਰ ਨੇ ਸਾਨੂੰ ਪ੍ਰਸ਼ਾਦਾ ਛਕਣ ਲਈ ਲਿਆ ਦਿੱਤਾ। ਅਸੀਂ ਪ੍ਰਸ਼ਾਦਾ ਛਕ ਕੇ ਹਟੇ ਸੀ ਕਿ ਨੰਬਰਦਾਰ ਮੇਜਰ ਸਿੰਘ ਵੀ ਸਾਡੇ ਪਾਸ ਪਹੁੰਚ ਗਿਆ ਤੇ ਬਾਪੂ ਸ਼ਬੇਗ ਸਿੰਘ ਜੀ ਇਸ ਤਰ੍ਹਾਂ ਸਾਡੇ ਨਾਲ ਕੁਝ ਹੌਲੀ-ਹੌਲੀ ਗੱਲਾਂ ਕਰਨ ਲੱਗ ਪਏ ਕਿ ਜਿਵੇਂ ਉਹ ਬਹੁਤ ਛੇਤੀ ਤੰਦਰੁਸਤ ਹੋ ਜਾਣਗੇ ਤੇ ਅਸੀਂ ਜੋ ਬਾਪੂ ਸ਼ਬੇਗ ਸਿੰਘ ਸਾਂਘਣਾ, ਨੰਬਰਦਾਰ ਮੇਜਰ ਸਿੰਘ ਸਾਂਘਣਾ ਅਤੇ ਜਥੇਦਾਰ ਬਾਪੂ ਜੋਗਿੰਦਰ ਸਿੰਘ ਠੱਠਗੜ੍ਹ ਨਾਲ ਸ਼ਹੀਦ ਬਾਬਾ ਚਰਨ ਸਿੰਘ ਬੀੜ ਬਾਬਾ ਬੁੱਢਾ ਸਾਹਿਬ ਵਾਲਿਆਂ ਸਬੰਧੀ ਗੱਲਬਾਤ ਕੀਤੀ, ਉਸਨੂੰ ਸਿੱਖ ਸੰਗਤਾਂ ਦੀ ਸੇਵਾ ਵਿੱਚ ਪੇਸ਼ ਕਰ ਰਹੇ ਹਾਂ :

(ਪਹਿਲਾਂ ਗੱਲਬਾਤ ਨੰਬਰਦਾਰ ਮੇਜਰ ਸਿੰਘ ਸਾਂਘਣਾ ਨਾਲ)

ਸਵਾਲ : ਨੰਬਰਦਾਰ ਸਿਰਦਾਰ ਮੇਜਰ ਸਿੰਘ ਜੀ, ਸੰਤ ਬਾਬਾ ਚਰਨ ਸਿੰਘ ਜੀ ਬੀੜ ਬਾਬਾ ਬੁੱਢਾ ਸਾਹਿਬ ਵਾਲਿਆਂ ਦੀ ਸੰਗਤ ਵਿੱਚ ਕਦੋਂ ਆਏ ?

ਜਵਾਬ : ਅਸੀਂ, ਬਾਪੂ ਬਹਾਲ ਸਿੰਘ ਉਰਫ ਬਾਪੂ ਜੱਟ, ਇਹ ਆਪਣਾ ਜਥੇਦਾਰ ਸ਼ਬੇਗ ਸਿੰਘ, ਸੈਕਟਰੀ ਗੁਰਬਚਨ ਸਿੰਘ ਠੱਠਗੜ੍ਹ, ਜਥੇਦਾਰ ਜੋਗਿੰਦਰ ਸਿੰਘ ਠੱਠਗੜ੍ਹ ਤੇ ਦਾਸ (ਮੇਜਰ ਸਿੰਘ) ਪਿੰਡ ਸਾਂਘਣਾ ਅਤੇ ਠੱਠਗੜ੍ਹ ਦੀ ਸੰਗਤ ਸੰਤ ਬਾਬਾ ਚਰਨ ਸਿੰਘ ਜੀ ਤੋਂ ਪਹਿਲਾਂ ਸੰਤ ਬਾਬਾ ਖੜਕ ਸਿੰਘ ਜੀ ਨਾਲ ਸੇਵਾ ਕਰਦੇ ਸਾਂ। ਸਾਰਾ ਪਿੰਡ ਹੀ ਕਾਰਸੇਵਾ ਵਿਚ ਸਰਗਰਮ ਹਿੱਸਾ ਲੈਂਦਾ ਸੀ। ਉਦੋਂ ਬੀੜ ਸਾਹਿਬ ਸੇਵਾ ਚੱਲਦੀ ਸੀ। ਸੰਤ ਬਾਬਾ ਖੜਕ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਹੰਸਲੀ ਦੀ ਸੇਵਾ ਕਰਵਾ ਰਹੇ ਸਨ। ਗੁਰਦੁਆਰਾ ਸੰਤ ਸਾਹਿਬ, ਬਾਸਰਕੇ ਗਿੱਲਾਂ, ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵੀ ਚੱਲ ਰਹੀ ਸੀ।

ਸਵਾਲ : ਨੰਬਰਦਾਰ ਸਾਹਿਬ, ਬਾਬਾ ਚਰਨ ਸਿੰਘ ਜੀ ਨਾਲ ਮੇਲ ਕਿਵੇਂ ਹੋਇਆ ? ਉਨ੍ਹਾਂ ਵਿੱਚ ਕੀ ਖਾਸੀਅਤ ਸੀ ਤੇ ਉਨ੍ਹਾਂ ਦਾ ਪਿੰਡ ਕਿਹੜਾ ਸੀ ?

ਜਵਾਬ : ਬਾਬਾ ਚਰਨ ਸਿੰਘ ਜੀ ਪਿੰਡ ਪੰਡੋਰੀ ਰੋਮਾਣਾ ਤੋਂ ਸੇਵਾ ਕਰਨ ਆਇਆ ਕਰਦੇ ਸਨ ਤੇ ਬੜੀ ਸਖਤ ਸੇਵਾ ਕਰਕੇ ਖੁਸ਼ ਹੁੰਦੇ ਸਨ। ਉਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਲ ਦੀ ਡਿਉੜੀ ਦੀ ਕਾਰਸੇਵਾ ਸੰਤ ਬਾਬਾ ਖੜਕ ਸਿੰਘ ਜੀ ਕਰਵਾ ਰਹੇ ਸਨ। ਬਾਬਾ ਚਰਨ ਸਿੰਘ ਨੀਹਾਂ ਪੁੱਟਣ ਦੀ ਸੇਵਾ ਕਰਦੇ ਸਨ। ਜਦੋਂ ਪੱਕੇ ਥਾਂ 'ਤੇ ਕਹੀਂ ਦਾ ਟੱਪ ਮਾਰਦੇ ਸਨ ਤਾਂ ਚੰਗਿਆੜੇ ਨਿਕਲਦੇ ਸਨ। ਸਾਰੇ ਵੇਖ ਕੇ ਦੰਗ ਰਹਿ ਜਾਂਦੇ ਸਨ। ਬਾਬਾ ਚਰਨ ਸਿੰਘ ਸਿਰ 'ਤੇ ਮੜਾਸਾ ਕਰਦੇ ਸਨ ਤੇ ਬਾਬਾ ਖੜਕ ਸਿੰਘ ਜੀ, ਬਾਬਾ ਚਰਨ ਸਿੰਘ ਨੂੰ 'ਮੜਾਸੂ' ਕਹਿ ਕੇ ਬੁਲਾਉਂਦੇ ਸਨ। ਬਾਬਾ ਚਰਨ ਸਿੰਘ ਪੱਕੇ ਤੌਰ 'ਤੇ ਸੇਵਾ ਵਿੱਚ ਰਹਿਣ ਲੱਗੇ ਤੇ ਲਗਨ ਨਾਲ ਸੇਵਾ ਕਰਦਿਆਂ ਬਾਬਾ ਖੜਕ ਸਿੰਘ ਜੀ ਦੇ ਨਿਕਟਵਰਤੀ ਸੇਵਾਦਾਰਾਂ ਵਿੱਚ ਜਾਣੇ ਜਾਣ ਲੱਗੇ।

ਸਵਾਲ : ਨੰਬਰਦਾਰ ਸਾਹਿਬ, ਬਾਬਾ ਚਰਨ ਸਿੰਘ ਨੂੰ ਜਥੇਦਾਰੀ ਕਦੋਂ ਮਿਲੀ ?

ਜਵਾਬ : ਪਿੰਡ ਕੰਬੋਕੀ ਮਾੜੀ ਸ਼ਹੀਦ ਬਾਬਾ ਸੁੱਖਾ ਸਿੰਘ ਦੇ ਗੁਰਦੁਆਰਾ ਸਾਹਿਬ ਦੀ ਸੇਵਾ ਸ਼ੁਰੂ ਕਰਨ ਸਮੇਂ ਸੰਗਤਾਂ ਦੇ ਇਕੱਠ ਵਿੱਚ ਬਾਬਾ ਖੜਕ ਸਿੰਘ ਜੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਪਿੰਡ ਕੰਬੋਕੀ ਮਾੜੀ ਵਾਲਿਓ, ਮੈਂ ਅੱਜ ਜੋ ਕੁਝ ਮੇਰੇ ਕੋਲ ਸੋਨਾ ਸੀ ਉਹ ਤੁਹਾਨੂੰ ਦੇ ਚੱਲਿਆਂ, ਆਹ ਚਰਨ ਸਿੰਘ ਮੇਰੀ ਪੱਗ ਹੈ। ਉਹ ਤੁਹਾਨੂੰ ਦੇ ਚੱਲਿਆਂ। ਇਹ ਸ਼ਬਦ ਕਹਿੰਦਿਆਂ ਬਾਬਾ ਜੀ ਦੀਆਂ ਅੱਖਾਂ ਵਿੱਚ ਪਿਆਰ ਦੇ ਹੰਝੂ ਸਨ ਤੇ ਗਲਾ ਭਰ ਆਇਆ ਸੀ। ਇਸ ਸਮੇਂ ਸੇਵਾ ਸ਼ੁਰੂ ਕਰਨ ਵਿੱਚ ਸੰਤ ਬਾਬਾ ਸੰਤੋਖ ਦਾਸ ਜੀ ਮਾੜੀ ਕੰਬੋਕੀ ਦਾ ਵੀ ਵੱਡਾ ਸਹਿਯੋਗ ਸੀ ਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਵੀ ਜਥੇ ਸਮੇਤ ਪਹੁੰਚੇ ਸਨ ਤੇ ਕਾਰ ਸੇਵਾ ਸ਼ੁਰੂ ਕਰਨ ਸਮੇਂ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਸਨ। 13 ਅਪ੍ਰੈਲ 1978 ਨੂੰ ਨਕਲੀ ਨਿਰੰਕਾਰੀਆਂ ਹੱਥੋਂ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਸ਼ਹੀਦ ਗੰਜ ਬੀ-ਬਲਾਕ ਰੇਲਵੇ ਕਲੋਨੀ ਅੰਮ੍ਰਿਤਸਰ ਦੀ ਕਾਰ ਸੇਵਾ ਸ਼ੁਰੂ ਕਰਨ ਸਮੇਂ

ਸੰਤ ਬਾਬਾ ਖੜਕ ਸਿੰਘ ਜੀ ਨੇ ਬਾਬਾ ਚਰਨ ਸਿੰਘ ਜੀ ਨੂੰ ਕਿਹਾ ਕਿ ਮੜਾਸੂ! ਤੂੰ ਤਾਂ ਮੈਨੂੰ ਚੁਫੇਰਿਓਂ ਘੇਰੀ ਆਉਨਾਂ, ਫੜ ਕਹੀ ਤੇ ਲਾ ਟੱਪਾ, ਮੈਂ ਤੇਰੇ ਕਿੱਥੇ ਕਿੱਥੇ ਟੱਪਾ ਲਾਊਂ। ਹੁਣ ਆਪ ਹੀ ਟੱਪਾ ਲਾਇਆ ਕਰ। ਇਸ ਦਿਨ ਤੋਂ ਹੀ ਬਾਬਾ ਚਰਨ ਸਿੰਘ ਬੀੜ ਸਾਹਿਬ ਵਾਲੇ ਕਰਕੇ ਜਾਣੇ ਜਾਣ ਲੱਗੇ ਸਨ।

ਸਵਾਲ : ਨੰਬਰਦਾਰ ਸਾਹਿਬ, ਬਾਬਾ ਚਰਨ ਸਿੰਘ ਜੀ ਬਾਰੇ ਹੋਰ ਕੋਈ ਖਾਸ ਗੱਲ ?

ਜਵਾਬ : ਸੰਤ ਬਾਬੇ ਤਾਂ ਹੋਰ ਵੀ ਬਥੇਰੇ ਸੇਵਾ ਕਰਵਾਉਂਦੇ ਨੇ, ਪਰੰਤੂ ਬਾਬਾ ਚਰਨ ਸਿੰਘ ਜੀ ਦੀ ਸੇਵਾ ਵੱਖਰੀ ਸੀ। ਬਾਬਾ ਜੀ ਸਿੱਖ ਸੰਘਰਸ਼ ਦੇ ਹਮਾਇਤੀ ਸਨ ਤੇ ਜੁਝਾਰੂ ਸਿੰਘਾਂ ਦੀ ਹਰ ਪੱਖੋਂ ਸੇਵਾ ਤੇ ਮੱਦਦ ਕਰਦੇ ਸਨ। ਸ਼ਹੀਦ ਸਿੰਘਾਂ ਦੇ ਪਰਿਵਾਰਾਂ ਦੀ ਸੰਭਾਲ ਕਰਦੇ ਸਨ, ਸ਼ਹੀਦ ਸਿੰਘਾਂ ਦੇ ਨਿਸ਼ਾਨ ਸਾਹਿਬਾਂ ਦੀ ਸੇਵਾ ਕਰਵਾਉਂਦੇ ਸਨ। ਇਸ ਕਰਕੇ ਸਰਕਾਰ ਦੀਆਂ ਹਦਾਇਤਾਂ 'ਤੇ ਪੁਲਿਸ ਬਾਬਾ ਚਰਨ ਸਿੰਘ ਦੇ ਨਾਲ ਸੇਵਾ ਕਰਦੇ ਸੇਵਾਦਾਰਾਂ ਉੱਤੇ ਸਖਤੀ ਵਰਤ ਰਹੀ ਸੀ। ਇਕ ਵਾਰੀ ਮੈਨੂੰ (ਮੇਜਰ ਸਿੰਘ ਨੰਬਰਦਾਰ) ਤੇ ਰੇਸ਼ਮ ਸਿੰਘ ਸਾਂਘਣਾ ਨੂੰ ਪੁਲਿਸ ਘਰੋਂ ਫੜ੍ਹ ਕੇ ਲੈ ਗਈ। ਸਾਨੂੰ ਥਾਣਾ ਸਦਰ ਅੰਮ੍ਰਿਤਸਰ ਰੱਖਿਆ ਤੇ ਤਸ਼ੱਦਦ ਕਰਦੇ ਰਹੇ। ਉਥੋਂ ਮਾਡਲ ਸਕੂਲ ਵਿੱਚ ਲੈ ਗਏ, ਉਥੇ ਵੀ ਬਹੁਤ ਤਸੀਹੇ ਦਿੱਤੇ। 8 ਦਿਨਾਂ ਪਿੱਛੋਂ ਜਥੇਦਾਰ ਸ਼ਬੇਗ ਸਿੰਘ ਸਾਂਘਣਾ ਨੇ ਪੈਰਵਾਈ ਕਰਕੇ ਛੁਡਵਾਇਆ ਸੀ। ਅਸੀਂ 15 ਦਿਨ ਤੁਰ ਨਹੀਂ ਸੀ ਸਕੇ। ਪੁਲਿਸ ਸਾਨੂੰ ਕਹਿੰਦੀ ਖਾੜਕੂ ਸਿੰਘ ਫੜਾਉ, ਤੁਹਾਡੇ ਉਨ੍ਹਾਂ ਨਾਲ ਸਬੰਧ ਹਨ। ਪਰ ਅਸੀਂ ਕਹਿੰਦੇ ਸੀ, ਸਾਡੇ ਕਿਸੇ ਖਾੜਕੂ ਨਾਲ ਸਬੰਧ ਨਹੀਂ, ਅਸੀਂ ਤਾਂ ਬਾਬਾ ਚਰਨ ਸਿੰਘ ਨਾਲ ਕਾਰ ਸੇਵਾ ਕਰਦੇ ਹਾਂ। ਪੁਲਿਸ ਵਾਲੇ ਕਹਿੰਦੇ ਸਨ, ਬਾਬਾ ਚਰਨ ਸਿੰਘ ਸਿੰਘਾਂ ਦੀ ਮਾਂ ਹੈ। ਉਸਨੇ ਰੇਸ਼ਮ ਸਿੰਘ ਥਾਂਦੇ ਅਤੇ ਵੱਸਣ ਸਿੰਘ ਜ਼ਫਰਵਾਲ ਦੀ ਸੁਲ੍ਹਾ ਕਰਵਾਈ ਹੈ।

ਸਵਾਲ : ਨੰਬਰਦਾਰ ਸਾਹਿਬ, ਆਪ ਜੀ ਬਾਬਾ ਚਰਨ ਸਿੰਘ ਨਾਲ ਰਹਿੰਦੇ ਸਮੇਂ ਦੀ ਕੋਈ ਅਭੁੱਲ ਯਾਦ ਦੱਸੋ ?

ਜਵਾਬ : ਬਾਬਾ ਚਰਨ ਸਿੰਘ ਜੀ ਉੱਪਰ ਗੁਰੂ ਦੀ ਬਹੁਤ ਮਿਹਰ ਸੀ। ਝੁਲਣੇ ਮਹਿਲ ਗੁਰਦੁਆਰਾ ਠੱਠੀ ਖਾਰਾ ਬਾਬਾ ਜੀ ਦਾ ਹੈੱਡਕੁਆਟਰ ਸੀ, ਉਥੇ ਬਾਬਾ ਜੀ ਟਹਿਲ ਰਹੇ ਸੀ ਤੇ ਮੈਂ ਪਿੱਛੇ ਪਿੱਛੇ ਫਿਰ ਰਿਹਾ ਸੀ। ਬਾਬਾ ਜੀ ਗੱਡੀ ਵਿੱਚ ਬੈਠ ਕੇ ਸਾਂਘਣੇ ਨੂੰ ਚੱਲ ਪਏ। ਮੈਂ ਦੇਖਿਆ ਟਰੈਕਟਰ ਵਿੱਚ ਤੇਲ ਨਹੀਂ ਸੀ। ਮੈਂ ਕਿਹਾ ਕਿ ਬਾਬਾ ਜੀ ਟਰੈਕਟਰ ਵਿੱਚ ਤੇਲ ਨਹੀਂ ਹੈ। ਬਾਬਾ ਜੀ ਕਹਿੰਦੇ, ਮੇਜਰ ਸਿੰਘ ਤੇਲ ਬਹੁਤ ਆ, ਸਤਿਨਾਮ ਵਾਹਿਗੁਰੂ ਜਪ, ਉਹ ਆਪੇ ਬੰਨੇ ਲਾ ਦਿੰਦਾ। ਮੈਨੂੰ ਪਤਾ ਲੱਗਾ ਕਿ ਬਾਬਾ ਚਰਨ ਸਿੰਘ ਸਾਂਘਣੇ ਚਲੇ ਗਏ ਤੇ ਮੈਂ ਫੌਰਨ ਟਰੈਕਟਰ ਜੋ ਕਾਰ ਸੇਵਾ ਵਾਲਾ ਸੀ, ਸੈਲਫ ਮਾਰ ਕੇ ਸਾਂਘਣੇ ਨੂੰ ਚੱਲ ਪਿਆ। ਮੈਨੂੰ ਰਸਤੇ ਵਿੱਚ ਚੇਤਾ ਆਇਆ ਕਿ

ਟਰੈਕਟਰ ਵਿਚ ਤੇਲ ਨਹੀਂ ਸੀ ਤੇ ਬਾਬਾ ਜੀ ਨੂੰ ਕਿਹਾ ਤਾਂ ਉਨ੍ਹਾਂ ਵਾਹਿਗੁਰੂ ਦਾ ਜਾਪ ਕਰਨ ਲਈ ਕਹਿ ਦਿੱਤਾ। ਮੈਂ ਮੂਲ ਮੰਤਰ ਦਾ ਜਾਪ ਕਰਦਾ ਹੋਇਆ ਸਾਂਘਣੇ ਪਹੁੰਚ ਗਿਆ। ਬਾਬਾ ਜੀ ਨੇ ਗੁਰਦੁਆਰਾ ਸਾਹਿਬ ਆਪਣੇ ਗੜਵਈ ਨੂੰ ਕਿਹਾ ਕਿ ਮੇਜਰ ਸਿੰਘ ਨੰਬਰਦਾਰ ਆ ਗਿਆ ਈ, ਜਾ ਉਸਨੂੰ ਸੱਦ ਲਿਆ। ਗੜਵਈ ਕਹਿੰਦਾ, ਬਾਬਾ ਜੀ ਸਤਿ ਬਚਨ। ਨੰਬਰਦਾਰ ਤਾਂ ਆਪਾਂ ਠੱਠੀਖਾਰਾ ਛੱਡ ਕੇ ਆਏ ਹਾਂ। ਤੁਹਾਨੂੰ ਕਿਸ ਨੇ ਦੱਸਿਆ, ਭਾਈ ਨੰਬਰਦਾਰ ਆ ਗਿਆ। ਬਾਬਾ ਜੀ ਕਹਿੰਦੇ, ਜੇ ਘਰ ਨਾ ਪਹੁੰਚਿਆ ਹੋਇਆ ਤਾਂ ਫਿਰ ਗੱਲ ਕਰੀਂ। ਗੜਵਈ, ਮੈਨੂੰ ਘਰ ਆ ਕੇ ਕਹਿੰਦਾ, ਨੰਬਰਦਾਰਾ, ਬਾਬਾ ਜੀ ਬੁਲਾਉਂਦੇ ਨੇ, ਚੱਲ ਚੱਲੀਏ। ਮੈਂ ਗੜਵਈ ਨੂੰ ਟਰੈਕਟਰ 'ਤੇ ਨਾਲ ਬਿਠਾ ਕੇ ਗੁਰਦੁਆਰਾ ਸਾਹਿਬ ਬਾਬਾ ਜੀ ਕੋਲ ਪਹੁੰਚ ਗਿਆ। ਬਾਬਾ ਜੀ ਅੱਗੋਂ ਹੱਸ ਕੇ ਕਹਿੰਦੇ, ਮੇਜਰ ਸਿੰਘਾ ਤੂੰ ਕਹਿੰਦਾ ਸੀ, ਟਰੈਕਟਰ ਵਿੱਚ ਤੇਲ ਨਹੀਂ, ਹੁਣ ਕਿਵੇਂ ਆ ਗਿਆ ? ਮੈਂ ਕਿਹਾ ਬਾਬਾ ਜੀ, ਗੁਰੂ ਜੀ ਦਾ ਧਿਆਨ ਧਰ ਕੇ ਤੇ ਮੂਲ ਮੰਤਰ ਦਾ ਜਾਪ ਕਰਦਾ ਹੋਇਆ ਪਹੁੰਚ ਗਿਆ ਹਾਂ ਠੱਠੀਖਾਰਾ ਤੋਂ ਸਾਂਘਣਾ।

ਬਾਬਾ ਜੀ ਕਹਿੰਦੇ, ਜਿਵੇਂ ਮੂਲ ਮੰਤਰ ਦਾ ਪਾਠ ਕਰਦਾ ਹੋਇਆ ਇਥੇ ਪਹੁੰਚ ਗਿਆਂ, ਉਸੇ ਤਰ੍ਹਾਂ ਮੂਲ ਮੰਤਰ ਦਾ ਪਾਠ ਕਰਦਾ ਹੋਇਆ, ਵਾਹਿਗੁਰੂ ਦਾ ਧਿਆਨ ਧਰ ਕੇ ਟਰੈਕਟਰ ਲੈ ਕੇ ਠੱਠੀਖਾਰਾ ਪਹੁੰਚ ਜਾ। ਤੇਲ ਉਥੇ ਜਾ ਕੇ ਹੀ ਵੇਖਾਂਗੇ।

ਮੈਂ ਬਾਬਾ ਚਰਨ ਸਿੰਘ ਨੂੰ ਫਤਹਿ ਬੁਲਾ ਕੇ ਬਾਬਾ ਜੀ ਦੇ ਹੁਕਮ ਅਨੁਸਾਰ ਮੂਲ ਮੰਤਰ ਦਾ ਪਾਠ ਕਰਦਾ ਹੋਇਆ ਟਰੈਕਟਰ ਲੈ ਕੇ ਵਾਹਿਗੁਰੂ ਭਰੋਸੇ, ਸਾਂਘਣੇ ਤੋਂ ਠੱਠੀ ਖਾਰਾ ਨੂੰ ਚੱਲ ਪਿਆ। ਗੁਰੂ ਸਾਹਿਬ ਜੀ ਦੀ ਬਾਬਾ ਚਰਨ ਸਿੰਘ ਜੀ ਉੱਪਰ ਅਪਾਰ ਕ੍ਰਿਪਾ ਸੀ, ਜਿਸ ਸਦਕਾ ਬਾਬਾ ਜੀ ਦੇ ਬਚਨ ਸਤਿ ਸਨ।

ਸਵਾਲ : ਨੰਬਰਦਾਰ ਸਾਹਿਬ, ਬਾਬਾ ਚਰਨ ਸਿੰਘ ਜੀ ਦੀ ਪੁਲਿਸ ਵੱਲੋਂ ਕੀਤੀ ਗਈ ਗ੍ਰਿਫਤਾਰੀ ਬਾਰੇ ਕੋਈ ਜਾਣਕਾਰੀ ਹੈ ?

ਜਵਾਬ : ਨਹੀਂ ਜੀ, ਉਹ ਸਿੰਘ ਵੀ ਜਥੇਦਾਰ ਜੋਗਿੰਦਰ ਸਿੰਘ ਠੱਠਗੜ੍ਹ ਅਤੇ ਇਕ ਹੋਰ ਸਿੰਘ ਨਾਲ ਆ ਉਨ੍ਹਾਂ ਨਾਲ ਵੀ ਤੁਹਾਨੂੰ ਮਿਲਾ ਦੇਂਦੇ ਹਾਂ।

ਪੁਲਿਸ ਹਿਰਾਸਤ ਦੌਰਾਨ ਬਾਬਾ ਚਰਨ ਸਿੰਘ ਬੀੜ ਸਾਹਿਬ ਵਾਲਿਆਂ ਨੂੰ ਜਦੋਂ ਅਸੀਂ ਮਿਲੇ ਸੀ – ਸ੍. ਜੋਗਿੰਦਰ ਸਿੰਘ ਠੱਠਗੜ੍ਹ

ਸਵਾਲ : ਬਾਪੂ ਜੋਗਿੰਦਰ ਸਿੰਘ ਜੀ, ਬਾਬਾ ਚਰਨ ਸਿੰਘ ਨਾਲ ਆਪ ਦਾ ਮੇਲ ਕਦੋਂ ਹੋਇਆ ?

ਜਵਾਬ : ਸੰਤ ਬਾਬਾ ਖੜਕ ਸਿੰਘ ਜੀ ਦੇ ਵੇਲੇ ਤੋਂ ਹੀ ਮੇਲ ਹੈ। ਬਾਬਾ ਖੜਕ ਸਿੰਘ ਜੀ ਨੇ ਹੀ ਸਾਡੀ ਸੇਵਾ ਬਾਬਾ ਚਰਨ ਸਿੰਘ ਦੇ ਨਾਲ ਲਾ ਦਿੱਤੀ ਸੀ, ਜਿਸ ਨੂੰ ਅਸੀਂ ਹੁਣ ਤੱਕ ਨਿਭਾਉਂਦੇ ਆ ਰਹੇ ਹਾਂ ਤੇ ਆਖਰੀ ਸਵਾਸਾਂ ਤੱਕ ਨਿਭਾਵਾਂਗੇ।

ਸਵਾਲ : ਸਰਕਾਰ ਤੇ ਪੁਲਿਸ ਬਾਬਾ ਚਰਨ ਸਿੰਘ ਜੀ ਦੇ ਇੰਨਾ ਵੈਰ ਕਿਉਂ ਪਈ ਸੀ ਤੇ ਹੋਰ ਬਾਬਿਆਂ ਨਾਲ ਤਾਂ ਇਸ ਤਰ੍ਹਾਂ ਨਹੀਂ ਕਰਦੀ ?

ਜਵਾਬ : ਹੋਰ ਬਾਬੇ ਕਾਰ ਸੇਵਾ ਤਾਂ ਕਰਵਾਉਂਦੇ ਹਨ, ਇਕੋਤਰੀਆਂ ਅਖੰਡ ਪਾਠਾਂ ਦੀਆਂ ਵੀ ਕਰਾਉਂਦੇ ਹਨ, ਦੀਵਾਨ ਵੀ ਲਾਉਂਦੇ ਹਨ, ਪਰੰਤੂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਵੱਲ ਪਿੱਠ ਕਰੀ ਬੈਠੇ ਹਨ। ਉਨ੍ਹਾਂ ਦਾ ਆਪਣਾ ਹਲਵਾ-ਮੰਡਾ ਚੱਲਦਾ ਰਹੇ, ਸਿੱਖ ਕੌਮ ਦੀ ਤਕਦੀਰ ਨਾਲ ਉਨ੍ਹਾਂ ਦਾ ਕੋਈ ਵਾਹ-ਵਾਸਤਾ ਨਹੀਂ ਹੈ। ਬਾਬਾ ਚਰਨ ਸਿੰਘ ਜੀ, ਆਜ਼ਾਦੀ ਦੇ ਸੰਘਰਸ਼ ਦੇ ਹਮਾਇਤੀ ਸਨ ਤੇ ਜੁਝਾਰੂ ਸਿੰਘਾਂ ਦੀ ਨਿਡਰ ਹੋ ਕੇ ਮਦਦ ਕਰਦੇ ਸਨ। ਸ਼ਹੀਦ ਸਿੰਘਾਂ ਦੇ ਨਿਸ਼ਾਨ ਸਾਹਿਬ ਝੁਲਾਉਂਦੇ ਸਨ। ਸ਼ਹੀਦ ਸਿੰਘਾਂ ਦੇ ਪਰਿਵਾਰਾਂ ਦੀ ਸੰਭਾਲ ਕਰਦੇ ਸਨ। ਅਜਿਹੇ ਸੂਰਮੇ ਸੰਤ ਨੂੰ ਸਰਕਾਰ ਕਿਵੇਂ ਬਰਦਾਸ਼ਤ ਕਰ ਸਕਦੀ ਸੀ।

ਸਵਾਲ : ਬਾਬਾ ਚਰਨ ਸਿੰਘ ਜੀ ਨੂੰ ਕਦੋਂ ਗ੍ਰਿਫਤਾਰ ਕੀਤਾ ਤੇ ਕਿਸ ਦੋਸ਼ ਤਹਿਤ ਗ੍ਰਿਫਤਾਰ ਕੀਤਾ ?

ਜਵਾਬ : ਪੰਜਾਬ ਦੇ ਮੁੱਖ ਮੰਤਰੀ ਬੇਅੰਤ ਨੇ ਰਾਜਾਸਾਂਸੀ ਵਿਖੇ 'ਖੁਸ਼ਕ ਬੰਦਰਗਾਹ' ਦਾ ਉਦਘਾਟਨ ਕਰਨ ਆਉਣਾ ਸੀ। ਉਸ ਨੇ ਬਾਬਾ ਚਰਨ ਸਿੰਘ ਨੂੰ ਸੁਨੇਹਾ ਭੇਜਿਆ ਕਿ ਖੁਸ਼ਕ ਬੰਦਰਗਾਹ ਰਾਜਾਸਾਂਸੀ ਦੇ ਉਦਘਾਟਨ ਸਮਾਰੋਹ ਵਿੱਚ ਬਾਬਾ ਚਰਨ ਸਿੰਘ ਸ਼ਾਮਲ ਹੋਵੇ ਤੇ ਮੁੱਖ ਮੰਤਰੀ ਬੇਅੰਤ ਸਿਹੁੰ ਨੂੰ ਸਟੇਜ 'ਤੋਂ ਸਿਰੋਪਾ ਦੇ ਕੇ ਸਨਮਾਨਤ

ਕਰੇ, ਮੁੱਖ ਮੰਤਰੀ ਦੇ ਕੰਮਾਂ ਦੀ ਸਟੇਜ ਤੋਂ ਸ਼ਲਾਘਾ ਕਰੇ ਅਤੇ ਸਟੇਜ 'ਤੇ ਮੁੱਖ ਮੰਤਰੀ ਦੇ ਨਾਲ ਦੀ ਕੁਰਸੀ 'ਤੇ ਬੈਠੇ। ਮੁੱਖ ਮੰਤਰੀ ਦਾ ਸੁਨੇਹਾ ਦੇਣ ਵਾਲੇ ਏਲਚੀ ਨੂੰ ਬਾਬਾ ਚਰਨ ਸਿੰਘ ਨੇ ਜਵਾਬ ਦਿੱਤਾ ਕਿ ਅਸੀਂ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਵਾਲੇ ਜ਼ਕਰੀਏ ਨੂੰ ਨਾ ਤਾਂ ਸਿਰੋਪਾ ਦੇਣਾ ਤੇ ਨਾ ਹੀ ਉਸਦੀ ਸਟੇਜ 'ਤੇ ਜਾਣਾ ਹੈ। ਏਲਚੀ ਕਹਿੰਦਾ ਬਾਬਾ ਜੀ ਜੇ ਤੁਸੀਂ ਏਨਾ ਕੁ ਮੰਨ ਕੇ ਮੁੱਖ ਮੰਤਰੀ ਦਾ ਸਵਾਗਤ ਕਰ ਦੇਵੋ, ਜਿਹੜੀਆਂ ਅਖਬਾਰਾਂ ਤੇ ਪੱਤਰਕਾਰ ਮੁੱਖ ਮੰਤਰੀ ਦੇ ਖਿਲਾਫ ਪ੍ਰਚਾਰ ਕਰ ਰਹੇ ਹਨ, ਉਨ੍ਹਾਂ ਦੀ ਜ਼ੁਬਾਨ ਬੰਦ ਹੋ ਜਾਵੇਗੀ। ਸਿੱਖ ਭਾਈਚਾਰੇ ਵਿੱਚ ਮੁੱਖ ਮੰਤਰੀ ਦੀ ਇੱਜ਼ਤ ਵਧੇਗੀ। ਬਾਬਾ ਚਰਨ ਸਿੰਘ ਦੇ ਪੂਰੀ ਤਰ੍ਹਾਂ ਇਨਕਾਰ ਕਰਨ 'ਤੇ ਏਲਚੀ ਜੋ ਕਿ ਪੁਲਿਸ ਦਾ ਖਾਸ ਬੰਦਾ ਸੀ, ਉਨ੍ਹੇ ਮਾੜੇ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ ਤਾਂ ਬਾਬਾ ਚਰਨ ਸਿੰਘ ਜੀ ਨੇ ਕਿਹਾ ਕਿ ਅਸੀਂ ਵਾਹਿਗੁਰੂ ਦੇ ਹੁਕਮ ਵਿਚ ਹਰ ਤਰ੍ਹਾਂ ਦੇ ਦੁੱਖ-ਸੁਖ ਸਹਿਣ ਵਾਸਤੇ ਤਿਆਰ ਹਾਂ। ਮੁੱਖ ਮੰਤਰੀ ਬੇਅੰਤੇ ਨੇ ਹੁਕਮ ਅਦੂਲੀ ਤੋਂ ਖਫਾ ਹੋ ਕੇ ਬਾਬਾ ਚਰਨ ਸਿੰਘ ਨੂੰ ਸਬਕ ਸਿਖਾਉਣ ਲਈ ਐਸ.ਐਸ.ਪੀ. ਪੰਜਾਬ ਪੁਲਿਸ ਤਰਨ ਤਾਰਨ ਅਜੀਤ ਸੰਧੂ ਨੂੰ ਹੁਕਮ ਕੀਤਾ ਕਿ ਇਸ ਬਾਬਾ ਚਰਨ ਸਿੰਘ ਬਾਗੀ ਸਿੰਘਾਂ ਦੇ ਵੱਡੇ ਹਮਾਇਤੀ ਨੂੰ ਖਤਮ ਕਰ ਦਿੱਤਾ ਜਾਵੇ। ਪੰਜਾਬ ਪੁਲਿਸ ਦਾ ਐਸ.ਐਸ.ਪੀ. ਅਜੀਤ ਸਿੰਹੋਂ ਸੰਧੂ ਬਾਬਾ ਚਰਨ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਛਾਪੇ ਮਾਰਨ ਲੱਗਾ। ਬਾਬਾ ਚਰਨ ਸਿੰਘ ਮਾਲਵੇ ਨੂੰ ਗਏ ਹੋਏ ਸਨ। ਉਥੇ ਵੀ ਪੁਲਿਸ ਨੇ ਛਾਪੇ ਮਾਰੇ। ਬਾਬਾ ਜੀ ਕਿਸੇ ਸੇਵਾਦਾਰ ਕੋਲ ਠਹਿਰੇ ਸਨ। ਇਸ ਸਮੇਂ ਬਾਬਾ ਚਰਨ ਸਿੰਘ ਜੀ, ਕਾਰ ਸੇਵਾ ਵਾਲੇ ਸੁਰਿੰਦਰ ਹਰੀ ਸਿੰਘ ਸਰਾਂਏ ਨਾਂਗਾ ਨੂੰ ਮਿਲੇ। ਬਾਬਾ ਸੁਰਿੰਦਰ ਹਰੀ ਸਿੰਘ ਨੇ ਭਰੋਸਾ ਦਿਵਾਇਆ ਕਿ ਉਹ ਪੁਲਿਸ ਕੋਲ ਬਾਬਾ ਜੀ ਨੂੰ ਪੇਸ਼ ਕਰਵਾ ਕੇ ਨਿਬੇੜ ਦੇਣਗੇ। ਮਹੰਤ ਸੇਵਾ ਦਾਸ ਸਿੰਘ ਫਰੀਦਕੋਟ ਅਤੇ ਬਾਬਾ ਸੁਰਿੰਦਰ ਹਰੀ ਸਿੰਘ ਸਰਾਏ ਨਾਂਗਾ ਵਲੋਂ 7 ਲੱਖ ਰੁਪਏ ਐਸ.ਐਸ.ਪੀ. ਅਜੀਤ ਸੰਧੂ ਨੂੰ ਦੇਣ ਦੀ ਗੱਲ ਹੋਈ ਜੋ ਉਨ੍ਹਾਂ ਨੂੰ ਦਿੱਤੇ ਗਏ। ਇਨ੍ਹਾਂ ਦੋਵਾਂ ਵਿਚੋਲਿਆਂ ਰਾਹੀਂ ਬਾਬਾ ਚਰਨ ਸਿੰਘ ਨੂੰ ਐਸ.ਐਸ.ਪੀ. ਸੰਧੂ ਦੇ ਪੇਸ਼ ਕਰਨਾ ਸੀ ਇਹ ਦੋਵੇਂ ਬਾਬਾ ਚਰਨ ਸਿੰਘ ਜੀ ਨੂੰ ਆਪਣੇ ਨਾਲ ਲੈ ਕੇ ਐਸ.ਐਸ.ਪੀ. ਸੰਧੂ ਕੋਲ ਤਰਨ ਤਾਰਨ ਲੈ ਕੇ ਜਾ ਰਹੇ ਸਨ, ਹਰੀਕੇ ਤੋਂ ਤਰਨ ਤਾਰਨ ਰੋਡ 'ਤੇ ਰਸੂਲਪੁਰ ਨਹਿਰ ਦੇ ਪੁਲ 'ਤੇ ਪੁਲਿਸ ਨਾਕੇ 'ਤੇ ਪੰਜਾਬ ਪੁਲਿਸ ਦੇ ਏ.ਐਸ.ਆਈ ਬੇਦੀ ਨੇ ਗ੍ਰਿਫਤਾਰ ਕਰ ਲਿਆ ਤੇ ਪੁਲਿਸ ਵਾਲਿਆਂ ਬਾਬਾ ਜੀ ਨੂੰ ਤਰਨ ਤਾਰਨ ਸਟਾਫ ਵਿੱਚ 2 ਦਿਨ ਰੱਖਿਆ। ਉਥੋਂ ਕੱਚਾ ਪੱਕਾ ਚੌਂਕੀ ਵਿੱਚ ਲਿਜਾ ਕੇ ਬਾਬਾ ਚਰਨ ਸਿੰਘ ਜੀ ਉੱਤੇ ਪੁਲਿਸ ਨੇ ਤਸ਼ੱਦਦ ਕੀਤਾ। ਉਥੋਂ ਕੈਰੋਂ ਪੁਲਿਸ ਚੌਂਕੀ ਲਿਜਾਇਆ ਗਿਆ ਉਥੇ ਮੈਂ (ਜੋਗਿੰਦਰ ਸਿੰਘ ਪਿੰਡ ਠੱਠਗੜ੍ਹ), ਸ੍ਰ. ਬਲਕਾਰ ਸਿੰਘ ਸਰਪੰਚ ਠੱਠਗੜ੍ਹ, ਜੋ ਮੇਰੇ ਚਾਚੇ ਦਾ ਪੁੱਤਰ ਹੈ, ਪਿੰਡ ਸਾਂਘਣਾ ਦਾ ਸਰਪੰਚ ਬਲਦੇਵ ਸਿੰਘ ਪਹਿਲੀ ਵਾਰ ਅਸੀਂ ਤਿੰਨੇ ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਵਾਲਿਆਂ ਨੂੰ

ਕੈਰੋਂ ਪੁਲਿਸ ਚੌਂਕੀ ਵਿਚ ਪੁਲਿਸ ਹਿਰਾਸਤ ਵਿੱਚ ਮਿਲ ਕੇ ਆਏ ਸੀ।

ਸਵਾਲ : ਬਾਪੂ ਜੀ, ਉਦੋਂ ਬਾਬਾ ਜੀ ਦੀ ਹਾਲਤ ਕਿਹੋ ਜਿਹੀ ਸੀ ?

ਜਵਾਬ : ਬਾਬਾ ਜੀ ਦੀ ਹਾਲਤ ਬਹੁਤ ਮਾੜੀ ਸੀ, ਪੁਲਿਸ ਨੇ ਬਹੁਤ ਜ਼ਿਆਦਾ ਤਸ਼ੱਦਦ ਕੀਤਾ ਸੀ।

ਸਵਾਲ : ਬਾਪੂ ਜੀ, ਬਾਬਾ ਜੀ ਨਾਲ ਤੁਹਾਨੂੰ ਕਿਸ ਨੇ ਮਿਲਾਇਆ ਸੀ ?

ਜਵਾਬ : ਕੈਰੋਂ ਪੁਲਿਸ ਚੌਂਕੀ ਵਿੱਚ ਥਾਣੇਦਾਰ ਨਰੰਗ ਸਿਹੁੰ ਤੇ ਇਕ ਹੋਰ ਕੁਲਾਰ ਪਿੰਡ ਦਾ ਥਾਣੇਦਾਰ ਜੋ ਸਾਡਾ ਰਿਸ਼ਤੇਦਾਰ ਸੀ ਉਨ੍ਹਾਂ ਮਿਲਾਇਆ ਸੀ।

ਸਵਾਲ : ਬਾਪੂ ਜੀ, ਇਸ ਪਿੱਛੋਂ ਦੁਬਾਰਾ ਵੀ ਬਾਬਾ ਚਰਨ ਸਿੰਘ ਜੀ ਨੂੰ ਮਿਲੇ ਸੀ ?

ਜਵਾਬ : ਦੂਜੀ ਵਾਰੀ ਫਿਰ ਮੈਂ (ਜੋਗਿੰਦਰ ਸਿੰਘ) ਤੇ ਬਲਕਾਰ ਸਿੰਘ ਮਿਲੇ ਸੀ। ਤੀਜੀ ਵਾਰੀ ਸਾਡੇ ਨਾਲ ਸਾਂਘਣਾ ਪਿੰਡ ਵਾਲਾ ਸਰਪੰਚ ਬਲਦੇਵ ਸਿੰਘ ਵੀ ਸੀ। ਕੈਰੋਂ ਪੁਲਿਸ ਚੌਂਕੀ ਵਿੱਚ ਬਾਬਾ ਜੀ ਉੱਤੇ ਡੀ.ਐਸ.ਪੀ. ਕਸ਼ਮੀਰ ਸਿਹੁੰ ਤਸ਼ੱਦਦ ਕਰਦਾ ਹੁੰਦਾ ਸੀ। ਬਾਬਾ ਜੀ ਨੇ ਇਸ ਬਾਰੇ ਸਾਨੂੰ ਦੱਸਿਆ ਸੀ। ਬਾਬਾ ਜੀ ਨੇ ਸਾਨੂੰ ਇਹ ਵੀ ਦੱਸਿਆ ਕਿ ਇਹ ਪੁਲਿਸ ਅਫਸਰ ਕਸ਼ਮੀਰ ਸਿਹੁੰ ਮੀਰ ਮੰਨੂੰ ਵਾਂਗ, ਸਿੱਖ ਹੋ ਕੇ ਵੀ ਸ਼ਰਤਾਂ ਤੇ ਪਾਬੰਦੀਆਂ ਲਾ ਰਿਹਾ। ਮੈਂ ਪੁਲਿਸ ਮੁਲਾਜ਼ਮਾਂ ਨੂੰ ਕਿਹਾ ਕਿ ਕਈ ਦਿਨ ਹੋ ਗਏ, ਤੁਹਾਨੂੰ ਮੈਨੂੰ ਕੁੱਟਦਿਆਂ ਨੂੰ, ਤੁਸੀਂ ਮੈਨੂੰ ਮਾਰ ਤਾਂ ਦੇਣਾ ਈ ਆਂ, ਮੈਨੂੰ ਇਸ਼ਨਾਨ ਕਰ ਲੈਣ ਦਿਉ। ਮੁਲਾਜ਼ਮ ਕਹਿੰਦੇ, ਬਾਬਾ ਜੀ, ਵੱਡੇ ਅਫਸਰਾਂ ਦੇ ਹੁਕਮ ਦੇ ਬੱਝੇ ਹਾਂ, ਨਹੀਂ ਤਾਂ ਅਸੀਂ ਤੈਨੂੰ ਜ਼ਰੂਰ ਇਸ਼ਨਾਨ ਕਰਵਾ ਦੇਂਦੇ। ਇਕ ਮੁਲਾਜ਼ਮ ਨੇ ਡੀ.ਐਸ.ਪੀ. ਕਸ਼ਮੀਰ ਸਿੰਹੁ ਨੂੰ ਕਿਹਾ ਕਿ ਬਾਬਾ ਚਰਨ ਸਿੰਘ ਇਸ਼ਨਾਨ ਕਰਨ ਲਈ ਕਹਿੰਦਾ ਹੈ। ਡੀ.ਐਸ.ਪੀ. ਕਸ਼ਮੀਰ ਸਿੰਹੁ ਕਹਿੰਦਾ ਜਾ ਉਹਨੂੰ ਆਖ ਆਹ ਜਿਹੜਾ 40 ਲੀਟਰ ਦਾ ਕੈਨ ਪਾਣੀ ਦਾ ਭਰਿਆ, ਚੁੱਕ ਕੇ ਚੌਂਕੀ ਉਪਰਲੇ ਗੁਸਲਖਾਨੇ ਵਿੱਚ ਲੈ ਜਾਵੇ ਤੇ ਇਸ਼ਨਾਨ ਕਰ ਲਵੇ। ਮੁਲਾਜ਼ਮ ਨੇ ਬਾਬਾ ਜੀ ਨੂੰ ਡੀ.ਐਸ.ਪੀ. ਦਾ ਹੁਕਮ ਜਾ ਦੱਸਿਆ ਤਾਂ ਬਾਬਾ ਚਰਨ ਸਿੰਘ ਜੀ 40 ਲੀਟਰ ਦਾ ਪਾਣੀ ਦਾ ਭਰਿਆ ਕੈਨ ਇਕ ਹੱਥ ਨਾਲ ਚੁੱਕ ਕੇ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦੇ ਹੋਏ ਪੌੜੀਆਂ ਰਾਹੀਂ ਚੌਂਕੀ ਦੀ ਛੱਤ ਉੱਤੇ ਚੜ੍ਹ ਗਏ ਤਾਂ ਵੇਖਦੇ ਡੀ.ਐਸ.ਪੀ. ਕਸ਼ਮੀਰ ਸਿੰਹੁ ਕਹਿੰਦਾ, ਵੇਖੋ ਓਏ ਮੁੰਡਿਓ, ਸਾਧ ਵਿੱਚ ਰੱਬ ਹੈਗਾ ਜੇ, ਕਿਵੇਂ ਖਾਲੀ ਕੈਨ ਵਾਂਗ ਚੁੱਕ ਕੇ ਪੌੜੀਆਂ ਚੜ੍ਹ ਗਿਆ। ਇਹ ਗੱਲ ਸਾਨੂੰ ਕੈਰੋਂ ਚੌਂਕੀ ਦੇ ਮੁਲਾਜ਼ਮਾਂ ਵੀ ਦੱਸੀ ਤੇ ਮੁਲਾਕਾਤ 'ਤੇ ਬਾਬਾ ਚਰਨ ਸਿੰਘ ਨੇ ਵੀ ਦੱਸੀ ਸੀ। ਬਾਬਾ ਜੀ ਦੀਆਂ ਪੁਲਿਸ ਤਸ਼ੱਦਦ ਨਾਲ ਲੱਤਾਂ ਸੁੱਜੀਆਂ ਹੋਈਆਂ ਸਨ।

ਅਸਲ 'ਚ ਪੰਜਾਬ ਦੇ ਮੁੱਖ ਮੰਤਰੀ ਬੇਅੰਤੇ ਬੁੱਚੜ ਨੇ ਬਾਬਾ ਚਰਨ ਸਿੰਘ ਨੂੰ ਮਾਰ ਕੇ ਖਪਾ ਦੇਣ ਦੇ ਪੁਲਿਸ ਨੂੰ ਆਰਡਰ ਕੀਤੇ ਹੋਏ ਸਨ ਤੇ ਜਿਸ ਅਨੁਸਾਰ ਪੁਲਿਸ

ਦੇ ਜੱਲਾਦਾਂ ਨੇ ਬਾਬਾ ਚਰਨ ਸਿੰਘ ਜੀ ਦੀਆਂ ਲੱਤਾਂ ਬਾਹਵਾਂ ਜੂੜ ਕੇ ਪੱਥਰ ਬੰਨ੍ਹ ਕੇ ਹਰੀਕੇ ਪੱਤਣ ਦੀਆਂ ਨਹਿਰਾਂ ਵਿੱਚ ਜਿਊਂਦੇ ਨੂੰ ਸੁੱਟ ਕੇ ਸ਼ਹੀਦ ਕਰ ਦਿੱਤਾ ਸੀ। ਕਿਉਂਕਿ ਪੰਜਾਬ ਪੁਲਿਸ ਨੇ ਬਾਬਾ ਚਰਨ ਸਿੰਘ ਜੀ ਨੂੰ ਕਿਸੇ ਵੀ ਅਦਾਲਤ ਵਿੱਚ ਪੇਸ਼ ਨਹੀਂ ਸੀ ਕੀਤਾ ਤੇ ਨਾ ਹੀ ਹੁਣ ਤੱਕ ਬਾਬਾ ਚਰਨ ਸਿੰਘ ਜੀ ਬਾਰੇ ਪੰਜਾਬ ਪੁਲਿਸ ਕੋਈ ਜਾਣਕਾਰੀ ਦੇ ਰਹੀ ਹੈ। ਕੁਦਰਤ ਦੀ ਇੱਕ ਖੇਡ ਹੈ ਕਿ ਅਕਾਲ ਪੁਰਖ ਦੀ ਨਿਆਂ ਦੀ ਚੱਕੀ ਗਿੜਦੀ ਬਹੁਤ ਹੌਲੀ ਹੈ ਪਰ ਪੀਂਹਦੀ ਬਹੁਤ ਬਰੀਕ ਹੈ। ਜਿਸ ਪੁਲਿਸ ਅਫਸਰ ਨੇ ਪੁਲਿਸ ਵਰਦੀ ਦੇ ਹਕੂਮਤੀ ਨਸ਼ੇ ਵਿਚ ਬਾਬਾ ਚਰਨ ਸਿੰਘ ਜੀ ਨੂੰ ਜਿਊਂਦੇ ਨੂੰ ਲੱਤਾਂ ਬਾਹਵਾਂ ਜੂੜ ਕੇ ਪੱਥਰ ਬੰਨ੍ਹ ਕੇ ਜਿਸ ਥਾਂ 'ਤੇ ਹਰੀਕੇ ਪੱਤਣ ਨਹਿਰ ਵਿੱਚ ਸੁੱਟ ਕੇ ਸ਼ਹੀਦ ਕੀਤਾ ਸੀ ਉਸੇ ਥਾਂ 'ਤੇ ਉਸੇ ਨਹਿਰ ਵਿੱਚ ਉਸ ਅਫਸਰ ਦੇ ਬੇਟੇ ਦੀ ਜਿਪਸੀ ਡਿੱਗੀ ਸੀ ਤੇ ਮੌਤ ਹੋ ਗਈ ਸੀ। ਜਦੋਂ ਜਿਪਸੀ ਨੂੰ ਨਹਿਰ ਵਿਚੋਂ ਬਾਹਰ ਕੱਢਿਆ ਜਾ ਰਿਹਾ ਸੀ ਤਾਂ ਉਸ ਸਮੇਂ ਇਸ ਅਫਸਰ ਨੂੰ ਜ਼ਰੂਰ ਯਾਦ ਆਇਆ ਹੋਵੇਗਾ ਕਿ ਮੈਂ ਇਸੇ ਥਾਂ 'ਤੇ ਇਸ ਨਹਿਰ ਵਿਚ ਅਕਾਲ ਪੁਰਖ ਦੇ ਹੁਕਮ ਵਿੱਚ ਰਹਿਣ ਵਾਲੇ, ਗਰੀਬਾਂ ਦੇ ਹਮਦਰਦ ਤੇ ਮੱਦਦਗਾਰ ਰੱਬ ਵਰਗੇ ਸੰਤ ਬਾਬਾ ਚਰਨ ਸਿੰਘ ਨੂੰ ਸੁੱਟ ਕੇ ਸ਼ਹੀਦ ਕੀਤਾ ਸੀ ਤੇ ਅੱਜ ਉਸੇ ਥਾਂ ਤੋਂ ਮੈਂ ਆਪਣੇ ਪੁੱਤ ਦੀ ਲਾਸ਼ ਕੱਢ ਰਿਹਾ ਹਾਂ। ਅਸੀਂ ਹਕੂਮਤੀ ਨਸ਼ੇ ਵਿੱਚ ਫੈਸਲਾ ਤਾਂ ਮਨਮਰਜ਼ੀ ਦਾ ਕਰ ਲੈਂਦੇ ਹਾਂ ਪਰ ਇਨਸਾਫ ਦੀ ਤਾਕਤ ਅਕਾਲ ਪੁਰਖ ਨੇ ਆਪਣੇ ਹੱਥ ਵਿਚ ਰੱਖੀ ਹੈ।

ਸ਼ਹੀਦ ਭਾਈ ਨਿਰਮਲ ਸਿੰਘ ਸਮਾਲਸਰ

ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਬੇਨਤੀ ਕਰ ਕੇ ਆਰੰਭ ਕੀਤੇ ਮੌਜੂਦਾ ਸਿੱਖ ਸੰਘਰਸ਼ ਵਿੱਚ ਸ਼ਹੀਦ ਹੋਣ ਵਾਲੇ ਨੌਜਵਾਨਾਂ ਦੀ ਲੜੀ ਬਹੁਤ ਲੰਬੀ ਹੈ। ਉਨ੍ਹਾਂ ਵਿੱਚੋਂ ਭਾਈ ਨਿਰਮਲ ਸਿੰਘ ਵੀ ਇੱਕ ਹੈ। ਭਾਈ ਨਿਰਮਲ ਸਿੰਘ ਦਾ ਜਨਮ ਸ੍. ਕੇਹਰ ਸਿੰਘ ਦੇ ਘਰ ਮਾਤਾ ਗੁਰਦੇਵ ਕੌਰ ਦੀ ਕੁੱਖੋਂ ਇਕ ਸਾਧਾਰਨ ਕਿਸਾਨ ਪਰਿਵਾਰ ਵਿੱਚ ਪਿੰਡ ਸਮਾਲਸਰ ਵਿਖੇ ਸੰਨ 1957 ਨੂੰ ਹੋਇਆ। ਭਾਈ ਨਿਰਮਲ ਸਿੰਘ ਬਚਪਨ ਤੋਂ ਹੀ ਸੁਡੌਲ ਸਰੀਰ ਤੇ ਖੁੱਲ੍ਹੇ ਡੁੱਲ੍ਹੇ ਸੁਭਾਅ ਵਾਲਾ ਸੀ। ਭਾਈ ਨਿਰਮਲ ਸਿੰਘ ਦੇ ਦੋ ਭਰਾ ਅਤੇ ਤਿੰਨ ਭੈਣਾਂ ਹਨ। ਭਾਈ ਨਿਰਮਲ ਸਿੰਘ ਹਾਲੇ ਤੇਰਾਂ-ਚੌਦਾਂ ਸਾਲ ਦੇ ਹੀ ਸਨ ਕਿ ਉਨ੍ਹਾਂ ਦੇ ਪਿਤਾ ਜੀ ਦੀਆਂ ਦੋਵੇਂ ਲੱਤਾਂ ਇਕ ਕਾਰ ਐਕਸੀਡੈਂਟ ਵਿੱਚ ਟੁੱਟ ਗਈਆਂ ਤੇ ਫਿਰ ਉਹ ਸਾਰੀ ਜ਼ਿੰਦਗੀ ਚੰਗੀ ਤਰ੍ਹਾਂ ਤੁਰ-ਫਿਰ ਨਹੀਂ ਸਕੇ। ਇਸ ਤਰ੍ਹਾਂ ਘਰ ਦੇ ਕੰਮ ਧੰਦੇ ਦੀ ਸਾਰੀ ਜ਼ਿੰਮੇਵਾਰੀ ਭਾਈ ਨਿਰਮਲ ਸਿੰਘ 'ਤੇ ਪੈ ਗਈ। ਭਾਈ ਨਿਰਮਲ ਸਿੰਘ ਨੇ ਹੱਡ-ਤੋੜਵੀਂ ਸਖਤ ਮਿਹਨਤ ਕਰਕੇ ਪਰਿਵਾਰ ਦਾ ਪਾਲਣ ਪੋਸ਼ਣ ਕੀਤਾ ਤੇ ਗੁਰੂ ਨਾਨਕ ਪਾਤਸ਼ਾਹ ਦੇ ਕਿਰਤ ਕਰਨ ਦੇ ਸਿਧਾਂਤ ਨੂੰ ਜ਼ਿੰਦਗੀ ਦਾ ਅੰਗ ਬਣਾ ਲਿਆ। ਆਮ ਤੌਰ 'ਤੇ ਆਂਢੀ-ਗੁਆਂਢੀ ਪਿੰਡ ਵਾਸੀ ਇਹ ਕਹਿੰਦੇ ਸਨ ਕਿ ਨਿਰਮਲ ਸਿੰਘ ਜਿੰਨਾ ਕੰਮ ਤਾਂ ਤਿੰਨ ਬੰਦੇ ਵੀ ਨਹੀਂ ਕਰ ਸਕੇ। ਉਸ ਸਮੇਂ ਭਾਈ ਨਿਰਮਲ ਸਿੰਘ ਦੀ ਖੁਰਾਕ ਵੀ ਤਿੰਨ ਬੰਦਿਆਂ ਜਿੰਨੀ ਹੀ ਸੀ। ਕਈ ਵਾਰ 'ਚ ਉਹ ਪਾਈਆ ਦੇਸੀ ਘਿਉ ਰੁੱਖਾ ਖਾ ਜਾਂਦਾ ਸੀ। ਗੁਰੂ ਦੇ ਹੁਕਮ ਅਨੁਸਾਰ ਪੰਜਾਬ ਵਿਚ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਲਹਿਰ ਚੱਲੀ ਤੇ ਭਾਈ ਨਿਰਮਲ ਸਿੰਘ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸੱਜ ਗਿਆ ਤੇ ਸੇਵਾ ਸਿਮਰਨ ਵਾਲਾ ਜੀਵਨ ਬਤੀਤ ਕਰਨ ਲੱਗ ਪਿਆ। ਫਿਰ ਉਸ ਬਾਰੇ ਕਿਹਾ ਜਾਣ ਲੱਗਾ ਕਿ ਭਾਈ ਨਿਰਮਲ ਸਿੰਘ 'ਤੇ ਗੁਰੂ ਸਾਹਿਬ ਦੀ ਬਹੁਤ ਕਿਰਪਾ ਹੈ। ਸਿੱਖ ਸੰਘਰਸ਼ ਵਿੱਚ ਉਸ ਨੇ ਆਪਣੇ ਜੀਵਨ ਦੇ ਕਈ ਕੀਮਤੀ ਸਾਲ ਫਰੀਦਕੋਟ ਤੇ ਸੰਗਰੂਰ ਦੀਆਂ ਜੇਲ੍ਹਾਂ ਵਿਚ ਬਤੀਤ ਕੀਤੇ। ਉਸ ਨੇ ਸਮਰਪਿਤ ਤੇ ਨਿਸ਼ਕਾਮ ਭਾਵਨਾ ਨਾਲ ਸਿੱਖ ਕੌਮ ਦੀ ਸੇਵਾ ਕੀਤੀ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਕ ਸਿਪਾਹੀ ਵਜੋਂ ਖਾੜਕੂ ਸਿੰਘਾਂ ਦੇ ਕੇਸਾਂ ਦੀ ਪੈਰਵੀ ਕਰਨ, ਉਨ੍ਹਾਂ ਨੂੰ ਜੇਲ੍ਹਾਂ ਵਿਚ ਰਾਸ਼ਨ ਪਹੁੰਚਾਉਣ, ਉਨ੍ਹਾਂ ਦੇ ਪਰਿਵਾਰਾਂ ਦੀ

ਦੇਖ-ਭਾਲ ਕਰਨ ਦੀ ਸੇਵਾ ਕਰਦਾ ਰਿਹਾ। ਆਪ ਨੇ ਕਈ ਬਾਣੀਆਂ ਕੰਠ ਕੀਤੀਆਂ ਹੋਈਆਂ ਸਨ ਤੇ ਹਰ ਸਮੇਂ ਮੂੰਹ ਵਿੱਚ ਪਾਠ ਕਰਦੇ ਰਹਿੰਦੇ ਸਨ। ਆਪ ਨੇ ਕਈ ਮਹਾਂਪੁਰਖਾਂ ਜਿਵੇਂ ਕਿ ਬਾਬਾ ਜੋਗਿੰਦਰ ਸਿੰਘ ਜੀ ਖਾਲਸਾ, ਭਾਈ ਗੁਰਦੇਵ ਸਿੰਘ ਕਾਉਂਕੇ, ਬਾਬਾ ਠਾਕੁਰ ਸਿੰਘ ਜੀ, ਬਾਬਾ ਚਰਨ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਸੰਗਤ ਦਾ ਨਿੱਘ ਮਾਣਿਆ। ਕੁਝ ਗੁਰਮੁਖ ਪਿਆਰਿਆਂ ਅਨੁਸਾਰ ਭਾਈ ਨਿਰਮਲ ਸਿੰਘ ਦੇ ਹਿਰਦੇ ਵਿੱਚ ਹਮੇਸ਼ਾਂ ਵਾਹਿਗੁਰੂ ਨਾਮ ਦੀ ਧੁੰਨ ਗੂੰਜਦੀ ਰਹਿੰਦੀ ਸੀ। ਕਈ ਸੰਗੀ-ਸਾਥੀਆਂ ਨੇ ਉਸਨੂੰ ਸੁੱਤੇ ਪਏ ਨੂੰ ਨਾਮ ਜਪਦੇ ਵੀ ਦੇਖਿਆ। ਸਾਲ 1989 ਦੀਆਂ ਇਲੈਕਸ਼ਨਾਂ ਵਿੱਚ ਉਸ ਨੇ ਵੱਧ ਚੜ੍ਹ ਕੇ ਹਿੱਸਾ ਪਾਇਆ। ਉਹ ਉਮੀਦਵਾਰ ਜਿਨ੍ਹਾਂ ਦੀਆਂ 1989 ਦੀਆਂ ਵੋਟਾਂ ਵਿੱਚ ਜਮਾਨਤਾਂ ਜਬਤ ਹੋ ਗਈਆਂ ਸਨ, ਭਾਈ ਨਿਰਮਲ ਸਿੰਘ ਨਾਲ ਈਰਖਾ ਕਰਨ ਲੱਗ ਪਏ ਤੇ ਉਸ ਖਿਲਾਫ ਕਈ ਗੁਪਤ ਸਾਜ਼ਿਸ਼ਾਂ ਰਚੀਆਂ ਜਾਣ ਲੱਗੀਆਂ। ਇਨ੍ਹਾਂ ਸਾਜ਼ਿਸ਼ਾਂ ਦਾ ਹੀ ਸਿੱਟਾ ਸੀ ਕਿ ਉਹ 18 ਮਾਰਚ 1990 ਦੀ ਰਾਤ ਨੂੰ 10 ਵਜੇ ਘਰ ਦੀ ਸਫਾਈ ਦੇ ਨਾਮ 'ਤੇ ਆਰੰਭ ਕੀਤੀ ਭਰਾ-ਮਾਰੂ ਜੰਗ ਜਿਸ ਵਿਚੋਂ ਸਟਾਲਿਨਵਾਦੀ ਤੇ ਡੋਗਰਾਸ਼ਾਹੀ ਨੀਤੀਆਂ ਦੀ ਸਪੱਸ਼ਟ ਝਲਕ ਨਜ਼ਰ ਪੈਂਦੀ ਸੀ, ਦਾ ਸ਼ਿਕਾਰ ਹੋ ਗਿਆ।

ਇਸ ਤਰ੍ਹਾਂ ਭਾਈ ਨਿਰਮਲ ਸਿੰਘ ਉਨ੍ਹਾਂ ਖਾੜਕੂ ਵੀਰਾਂ ਦੇ ਵਿਸ਼ਵਾਸਪਾਤਰ ਦਾ ਸ਼ਿਕਾਰ ਹੋ ਗਿਆ ਜਿਨ੍ਹਾਂ ਦੀ ਖਾਤਰ ਉਹ ਦਿਨ ਰਾਤ ਇਕ ਕਰ ਕੇ ਨਿਸ਼ਕਾਮ ਭਾਵਨਾ ਨਾਲ ਸੇਵਾ ਕਰਦਾ ਰਿਹਾ ਤੇ ਖਾੜਕੂ ਵੀਰਾਂ ਵਾਸਤੇ ਕੇਡਰ ਤਿਆਰ ਕਰਦਾ ਰਿਹਾ ਸੀ। ਉਹ ਆਪਣੇ ਪਿੱਛੇ ਆਪਣੀ ਸਿੰਘਣੀ, ਦੋ ਭੁਝੰਗਣਾਂ ਤੇ ਇਕ ਭੁਝੰਗੀ ਛੱਡ ਗਿਆ। ਉਸ ਦੇ ਕਤਲ ਦੀ ਬਾਬਾ ਠਾਕੁਰ ਸਿੰਘ ਜੀ, ਬਾਬਾ ਜੋਗਿੰਦਰ ਸਿੰਘ ਜੀ, ਭਾਈ ਗੁਰਦੇਵ ਸਿੰਘ ਕਾਉਂਕੇ, ਬਾਬਾ ਚਰਨ ਸਿੰਘ ਜੀ ਕਾਰ ਸੇਵਾ ਵਾਲਿਆਂ ਵਰਗੇ ਸਿੰਘਾਂ ਨੇ ਪੁਰਜ਼ੋਰ ਨਿੰਦਾ ਕੀਤੀ। ਭਾਈ ਸਿਮਰਨਜੀਤ ਸਿੰਘ ਮਾਨ ਰਿਹਾਈ ਤੋਂ ਬਾਅਦ ਕਈ ਵਾਰ ਉਨ੍ਹਾਂ ਦੇ ਘਰ ਜਾ ਕੇ ਪਰਿਵਾਰ ਨੂੰ ਸਨਮਾਨਿਤ ਕਰ ਚੁੱਕੇ ਹਨ। ਭਾਈ ਨਿਰਮਲ ਸਿੰਘ ਦਾ ਪਰਿਵਾਰ ਵੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਰਹਿਨੁਮਾਈ ਵਿੱਚ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਤਿਲ ਫੁੱਲ ਹਿੱਸਾ ਪਾ ਰਿਹਾ ਹੈ। ਭਾਈ ਨਿਰਮਲ ਸਿੰਘ ਦੀ ਸੇਵਾ ਭਾਵਨਾ ਨੂੰ ਦੇਖਦਿਆਂ ਇਕ ਵਾਰ ਬਾਬਾ ਠਾਕੁਰ ਸਿੰਘ ਜੀ ਨੇ ਸਹਿਜ ਸੁਭਾਅ ਬਚਨ ਕੀਤੇ ਸਨ ਕਿ ਨਿਰਮਲ ਸਿੰਘ, ਜੇਕਰ ਸਾਰੇ ਸਿੰਘ ਤੇਰੇ ਵਰਗੇ ਬਣ ਜਾਣ ਤਾਂ ਗੁਰੂ ਸਾਹਿਬ ਬਹੁਤ ਛੇਤੀ ਖਾਲਿਸਤਾਨ ਦੀ ਬਖਸ਼ਿਸ਼ ਕਰ ਦੇਣਗੇ। ਅਸੀਂ ਸਾਰੇ ਜਾਣਦੇ ਹਾਂ ਕਿ ਭੈਰਾ-ਮਾਰੂ ਜੰਗ ਤੋਂ ਸਿੱਖ ਸੰਗਤਾਂ ਨੇ ਬਹੁਤ ਦੁੱਖ ਮਹਿਸੂਸ ਕੀਤਾ। ਪਰ ਇਨ੍ਹਾਂ ਕਾਰਵਾਈਆਂ 'ਤੇ ਕਾਮਰੇਡ ਜ਼ਰੂਰ ਖੁਸ਼ ਹੋਏ ਹੋਣਗੇ ਜੋ ਹਮੇਸ਼ਾਂ ਇਹ ਕਹਿੰਦੇ ਸਨ, "ਜੇਕਰ ਖਾੜਕੂ ਸੰਘਰਸ਼ ਨੂੰ ਖਤਮ ਕਰਨਾ ਹੈ ਤਾਂ ਭਿੰਡਰਾਂਵਾਲਾ ਜਲਦ ਖਤਮ ਕੀਤਾ ਜਾਣਾ ਚਾਹੀਦਾ ਹੈ।"

ਸਿੱਖ ਸੰਘਰਸ਼ ਦਾ ਨੀਤੀਵਾਨ ਸੂਰਮਾ

ਸ਼ਹੀਦ ਭਾਈ ਗੁਰਸਾਹਿਬ ਸਿੰਘ ਮੰਡਿਆਲਾ ਉਰਫ ਅਮਰਜੋਤ ਸਿੰਘ ਉਰਫ ਭਾਈ ਇੰਦਰਪਾਲ ਸਿੰਘ ਖਾਲਸਾ

20ਵੀਂ ਸਦੀ ਦੇ ਮਹਾਨ ਇਨਕਲਾਬੀ ਯੋਧੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਸਿੱਖ ਕੌਮ ਦੇ ਗਲੋਂ ਗੁਲਾਮੀ ਦੀਆਂ ਜ਼ੰਜੀਰਾਂ ਲਾਹੁਣ ਲਈ ਖਾਲਿਸਤਾਨ ਦੀ ਪ੍ਰਾਪਤੀ ਲਈ ਜਾਰੀ ਮੌਜੂਦਾ ਸਿੱਖ ਸੰਘਰਸ਼ਾਂ ਦੇ ਯੋਧਿਆਂ ਦੀ ਸ਼ਹੀਦੀ ਗਾਥਾਂ ਨੂੰ ਕਲਮ ਕਰਦਿਆਂ, ਸਿੱਖ ਸੰਘਰਸ਼ ਦੇ ਅਨਮੋਲ ਹੀਰੇ, ਨੀਤੀਵਾਨ ਸੂਰਮੇ ਤੇ ਬਹੁਤ ਹੀ ਸੋਹਣੇ ਨੈਣ ਨਕਸ਼ਾਂ ਵਾਲੇ ਸਿੱਖ ਨੌਜਵਾਨ ਸਿੱਖ ਸੰਘਰਸ਼ ਦੀ ਜੀਅ ਜਾਨ ਨਾਲ ਵਿਚਰਦੀ ਹੋਈ, ਸ਼ਹਾਦਤ ਦਾ ਰੁਤਬਾ ਪ੍ਰਾਪਤ ਕਰ ਚੁੱਕੀ ਸ਼ਖਸੀਅਤ ਭਾਈ ਗੁਰਸਾਹਿਬ ਸਿੰਘ ਮੰਡਿਆਲਾ ਦੀ ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ ਤੇ ਮੇਰੀ ਕਲਮ ਆਪ ਮੁਹਾਰੇ ਇਸ ਯੋਧੇ ਦੀਆਂ ਪੈੜਾਂ ਨੂੰ ਕੋਰੇ ਕਾਗਜ਼ਾਂ ਉੱਤੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਦਾ ਸ਼ਿੰਗਾਰ ਬਣਾਉਣ ਲਈ ਚੱਲ ਪੈਂਦੀ ਹੈ। ਸਿੱਖ ਸੰਘਰਸ਼ ਦੇ ਇਸ ਯੋਧੇ ਦੀ ਕੁਰਬਾਨੀ ਅੱਗੇ ਮੈਂ ਆਪਣਾ ਕੱਦ ਬਹੁਤ ਛੋਟਾ ਸਮਝਦਾ ਹੋਇਆ ਵੀ ਸ਼ਹੀਦੀ ਗਾਥਾ ਲਿਖਣ ਲਈ ਹੰਭਲਾ ਮਾਰਨ ਦਾ ਯਤਨ ਕਰ ਰਿਹਾ ਹਾਂ।

ਸ਼ਹੀਦ ਭਾਈ ਗੁਰਸਾਹਿਬ ਸਿੰਘ ਦਾ ਜਨਮ ਪਿਤਾ ਸ੍ਰ: ਅਜੀਤ ਸਿੰਘ ਦੇ ਘਰ ਮਾਤਾ ਲਖਵਿੰਦਰ ਕੌਰ ਦੀ ਕੁੱਖੋਂ ਸੰਨ 1965 ਵਿੱਚ ਪਿੰਡ ਮੰਡਿਆਲਾ, ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਦੇ ਨੇੜੇ ਹੋਇਆ। ਪਿੰਡ ਮੰਡਿਆਲਾ, ਅੰਮ੍ਰਿਤਸਰ ਸ਼ਹਿਰ ਤੋਂ ਦੱਖਣ-ਪੱਛਮ ਦੀ ਗੁੱਠ ਵਿੱਚ ਸਥਿਤ ਹੈ। ਗੁਰਸਾਹਿਬ ਸਿੰਘ ਦੇ ਛੋਟੇ ਭਰਾ ਜਸਬੀਰ ਸਿੰਘ, ਬਲਜਿੰਦਰ ਸਿੰਘ, ਨਰਿੰਦਰ ਸਿੰਘ ਅਤੇ ਭੈਣ ਰੁਪਿੰਦਰ ਕੌਰ ਹਨ।

ਗੁਰਸਾਹਿਬ ਸਿੰਘ ਬਚਪਨ ਤੋਂ ਹੀ ਗੁਰਸਿੱਖੀ ਵਿਚਾਰਧਾਰਾ ਦੇ ਸੱਚੇ ਆਸ਼ਕ ਸਨ ਅਤੇ ਬਚਪਨ ਵਿੱਚ ਹੀ ਪੰਜਾਂ ਪਿਆਰਿਆਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਵਿਚ ਪ੍ਰਪੱਕ ਹੋਏ।

ਜਨਵਰੀ 1984 ਵਿੱਚ ਭਾਈ ਗੁਰਸਾਹਿਬ ਸਿੰਘ ਹਿੰਦੂ ਕਾਲਜ ਤਰਨਤਾਰਨ ਦੇ ਵਿਦਿਆਰਥੀ ਸਨ। ਸਿੱਖ ਵਿਦਿਆਰਥੀ ਸ੍ਰੀ ਗੁਰੂ ਗੋਬਿੰਦ ਸਿਘ ਜੀ ਦੇ ਜਨਮ

ਦਿਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਾਉਣ ਦਾ ਵਿਚਾਰ ਰੱਖਦੇ ਸਨ। ਪਰ ਫਿਰਕੂ ਜਨੂੰਨੀ ਹਿੰਦੂ ਕਾਲਜ ਕਮੇਟੀ, ਸਿੱਖ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਨਹੀਂ ਸੀ ਕਰਨ ਦੇਣਾ ਚਾਹੁੰਦੀ। ਨਿਸਚੇ ਹੀ ਭਾਰੀ ਟਕਰਾਅ ਹੋਣ ਦੀ ਸੰਭਾਵਨਾ ਸੀ। ਸਿੱਖ ਵਿਦਿਆਰਥੀ ਗੁਰਸਾਹਿਬ ਸਿੰਘ ਨਾਲ ਇੱਕ-ਮੁੱਠ ਸਨ। ਗੁਰਸਾਹਿਬ ਸਿੰਘ ਨੇ ਹੋਰ ਵੀ ਸਿੱਖ ਜਥੇਬੰਦੀਆਂ ਤੇ ਆਗੂਆਂ ਨਾਲ ਸੰਪਰਕ ਕੀਤਾ ਤੇ ਆਪਣਾ ਉਦੇਸ਼ ਦੱਸਿਆ ਤੇ ਹਿੰਦੂ ਕਾਲਜ ਕਮੇਟੀ ਦੀ ਫਿਰਕੂ ਤੰਗਦਿਲੀ ਨੀਤੀ ਤੋਂ ਜਾਣੂ ਕਰਵਾਇਆ ਤੇ ਆਪਣੇ ਮਿਥੇ ਪ੍ਰੋਗਰਾਮ ਅਨੁਸਾਰ ਹਿੰਦੂ ਕਾਲਜ ਤਰਨ ਤਾਰਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਅਰੰਭ ਕੀਤਾ। ਭੋਗ ਵਾਲੇ ਦਿਨ ਹਿੰਦੂ ਕਾਲਜ ਵਿੱਚ ਸਿੱਖਾਂ ਦਾ ਬੜਾ ਭਾਰੀ ਇਕੱਠ ਹੋਇਆ ਜਿਸ ਵਿੱਚ ਸਿੱਖ ਵਿਦਵਾਨ ਬੁਲਾਰਿਆਂ ਵਲੋਂ ਸਿੱਖ ਸਿਧਾਂਤਾਂ ਉੱਤੇ ਚਾਨਣਾ ਪਾਇਆ ਗਿਆ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਬੁਲਾਰਿਆਂ ਵੱਲੋਂ ਵੀ ਇਸ ਸਮੇਂ ਸਿੱਖ ਸਿਧਾਂਤਾਂ ਤੇ ਸਮੇਂ ਦੇ ਹਾਲਾਤਾਂ, ਸਿੱਖ ਮਸਲਿਆਂ ਅਤੇ ਹਿੰਦੂ ਸਰਕਾਰ ਵੱਲੋਂ ਸਿੱਖ ਕੌਮ ਨਾਲ ਕੀਤੀਆਂ ਜਾ ਰਹੀਆਂ ਧੱਕੇਸ਼ਾਹੀਆਂ ਬਾਰੇ ਸਿੱਖ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ।

ਇਸ ਸਮੇਂ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਸਿੱਖ ਸੰਘਰਸ਼ ਬੁਲੰਦੀਆਂ 'ਤੇ ਸੀ। ਜਿਸ ਦੀ ਕਮਾਂਡ ਸਮੁੱਚੇ ਰੂਪ ਵਿੱਚ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਹੱਥ ਵਿੱਚ ਸੀ ਤੇ ਧਰਮ ਯੁੱਧ ਮੋਰਚੇ ਦਾ ਨਾਮ ਨਿਹਾਦ ਡਿਕਟੇਟਰ ਅਕਾਲੀ ਦਲ ਦਾ ਪ੍ਰਧਾਨ ਅਸੰਤ ਹਰਚੰਦ ਸਿੰਹੋਂ ਲੌਂਗੋਵਾਲ ਸੀ। ਉਸਦੀ ਜੁੰਡਲੀ ਬਾਦਲ-ਟੌਹੜਾ, ਬਲਵੰਤ-ਬਰਨਾਲਾ, ਰਾਮੂਵਾਲੀਆ ਆਦਿ ਕੇਂਦਰ ਸਰਕਾਰ ਨਾਲ ਕੁਝ ਰਿਆਇਤਾਂ ਲੈ ਕੇ, ਧਰਮ ਯੁੱਧ ਮੋਰਚੇ ਦਾ ਭੋਗ ਪਾਉਣਾ ਚਾਹੁੰਦੇ ਸਨ ਤੇ ਇਹ ਖੁਦਗਰਜ਼ੀ ਕੁਰਸੀ ਯੁੱਧ ਦੀ ਪ੍ਰਾਪਤੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਹੁੰਦਿਆਂ ਹੋਣੀ ਅਸੰਭਵ ਸੀ। ਜੇ ਸਿੱਖ ਸੰਘਰਸ਼ ਚੱਲ ਰਿਹਾ ਸੀ ਤਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਦ੍ਰਿੜ੍ਹ ਨਿਸਚੇ ਅਤੇ ਕੌਮੀ ਦਰਦ ਨੂੰ ਸਮਝਣ ਵਾਲੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਜੀ ਤੇ ਜਨਰਲ ਸ਼ਬੇਗ ਸਿੰਘ ਦੀ ਸੂਝ-ਬੂਝ ਤੇ ਸਹਿਯੋਗ ਸਦਕਾ ਚੱਲ ਰਿਹਾ ਸੀ।

ਆਖਰ ਜੂਨ 1984 ਵਿੱਚ 'ਕਾਲੀਆਂ ਦੀ ਗੱਦਾਰੀ / ਸੱਦੇ 'ਤੇ ਹਿੰਦੂ ਫਿਰਕਾਪ੍ਰਸਤ ਦੀ ਹਮਾਇਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ 'ਕਾਲੀਆਂ ਦੀ ਮਿਲੀਭੁਗਤ ਨਾਲ ਸ੍ਰੀ ਦਰਬਾਰ ਸਾਹਿਬ ਉੱਤੇ ਹਿੰਦੁਸਤਾਨੀ ਫੌਜ ਵੱਲੋਂ ਤੋਪਾਂ, ਟੈਂਕਾਂ ਨਾਲ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਲਈ, 37 ਹੋਰ ਗੁਰਧਾਮਾਂ ਉੱਤੇ ਹਮਲਾ ਕਰ ਦਿੱਤਾ ਤੇ ਹਜ਼ਾਰਾਂ ਦੀ ਗਿਣਤੀ ਵਿੱਚ

ਸਿੱਖ ਸੰਗਤਾਂ ਨੂੰ ਗੁਰਧਾਮਾਂ ਅੰਦਰ ਕਤਲੇਆਮ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ। ਸਿੰਘਾਂ ਵਲੋਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ, ਜਨਰਲ ਸ਼ਬੇਗ ਸਿੰਘ ਦੀ ਕਮਾਂਡ ਹੇਠ ਜੂਨ 84 ਦੇ ਘੱਲੂਘਾਰੇ ਸਮੇਂ ਹਿੰਦੁਸਤਾਨੀ ਫੌਜ ਦਾ ਮੁਕਾਬਲਾ ਕਰਦਿਆਂ ਸੱਥਰ ਵਿਛਾਏ ਤੇ ਸ਼ਹੀਦੀਆਂ ਪਾ ਕੇ ਸਿੱਖਾਂ ਦਾ ਸੁਨਹਿਰੀ ਇਤਿਹਾਸ ਸਿਰਜ ਕੇ ਸਿੱਖ ਇਤਿਹਾਸ ਵਿੱਚ ਸਦਾ ਲਈ ਅਮਰ ਹੋ ਗਏ। ਕੁਝ ਸਿੱਖ ਨੌਜਵਾਨਾਂ ਨੇ ਭਾਰਤੀ ਬੋਇੰਗ 737 ਦੇ ਦੋ ਜਹਾਜ਼ ਅਗਵਾਹ ਕਰਕੇ ਸਿੰਘਾਂ ਦੀ ਅਣਖ-ਗੈਰਤ ਤੇ ਮਰਦਾਨਗੀ ਦਾ ਮੁਜ਼ਾਹਰਾ ਕੀਤਾ ਕਿ ਸਿੰਘਾਂ ਦੇ ਹੌਂਸਲੇ ਬੁਲੰਦ ਹਨ।

31 ਅਕਤੂਬਰ 1984 ਨੂੰ ਭਾਈ ਬਿਅੰਤ ਸਿੰਘ, ਸਤਵੰਤ ਸਿੰਘ ਵੱਲੋਂ ਸਿੱਖ ਕੌਮ ਦੇ ਸਿਰ ਚੜ੍ਹੀ ਹਿੰਦੁਸਤਾਨੀ ਸਰਕਾਰ ਦੀ ਭਾਜੀ ਦਿਨ ਦਿਹਾੜੇ ਉਸ ਦੇ ਘਰ ਅੰਦਰ ਹੀ ਗੋਲੀਆਂ ਮਾਰ ਕੇ ਇੰਦਰਾ ਗਾਂਧੀ ਨੂੰ ਜਮਪੁਰੀ ਭੇਜ ਕੇ ਮੋੜੀ ਤਾਂ ਕਮੀਨੀ ਹਿੰਦੂ ਹਕੂਮਤ ਨੇ ਸਮੁੱਚੀ ਸਿੱਖ ਕੌਮ ਤੇ ਨਿਹੱਥੇ ਸ਼ਹਿਰੀਆਂ ਦਾ ਕਤਲੇਆਮ ਕਰਵਾ ਕੇ ਨਵੰਬਰ 1984 ਨੂੰ ਕਤਲੇਆਮ ਕਰ ਕੇ ਸਿੱਖ ਕੌਮ ਸਿਰ ਹੋਰ ਭਾਜੀ ਚਾੜ੍ਹ ਦਿੱਤੀ। ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪੰਜਾਬੀ ਭਾਵ ਹੈ—ਸਿੱਖ ਵਿਦਿਆਰਥੀ ਜਥੇਬੰਦੀ, ਤੇ ਸਿੱਖ ਵਿਦਿਆਰਥੀਆਂ ਨੂੰ ਲਾਮਬੰਦ ਕਰਨ ਲਈ ਸਿੱਖ ਜਥੇਬੰਦੀ ਦੀ ਲੋੜ ਸੀ। ਜਥੇਬੰਦੀ ਲਈ ਦੂਰ-ਅੰਦੇਸ਼ ਕੁਰਬਾਨੀ ਵਾਲੇ ਸਿਆਣੇ ਆਗੂ ਦੀ ਲੋੜ ਸੀ। ਇਸ ਬਿਖੜੇ ਸਮੇਂ ਵੀ ਭਾਈ ਗੁਰਸਾਹਿਬ ਸਿੰਘ ਨੇ ਹੌਂਸਲਾ ਨਹੀਂ ਸੀ ਹਾਰਿਆ। ਉਸਨੇ ਆਪਣੀ ਸੂਝ-ਬੂਝ ਸਦਕਾ ਇਸ ਦਾ ਹੱਲ ਕੱਢ ਹੀ ਲਿਆ। ਭਾਈ ਗੁਰਸਾਹਿਬ ਸਿੰਘ ਨੇ ਖਾਲਸਾ ਕਾਲਜ ਵਿੱਚ ਦਾਖਲਾ ਲਿਆ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵਰਕਰਾਂ ਨਾਲ ਸਲਾਹ ਕਰਕੇ ਨਵੀਂ ਜਥੇਬੰਦੀ ਖਾਲਸਾ ਸਟੂਡੈਂਟਸ ਯੂਨੀਅਨ ਬਣਾਈ ਗਈ। ਖਾਲਸਾ ਸਟੂਡੈਂਟਸ ਯੂਨੀਅਨ ਵੱਲੋਂ ਖਾਲਸਾ ਕਾਲਜ ਅੰਮ੍ਰਿਤਸਰ ਤੇ ਸਿੱਖ ਨੌਜਵਾਨਾਂ ਵਿੱਚ ਸੰਤ ਜਰਨੈਲ ਸਿੰਘ ਜੀ ਖਾਲਸਾ ਦੀ ਵਿਚਾਰਧਾਰਾ ਨੂੰ ਪ੍ਰਚਾਰਿਆ ਗਿਆ। ਬਹੁਤ ਸਾਰੇ ਸਿੱਖ ਨੌਜਵਾਨ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਬਾਹਰੀ ਖੇਤਰਾਂ ਵਿੱਚੋਂ ਭਰਤੀ ਕੀਤੇ ਗਏ। ਨਵੀਂ ਜਥੇਬੰਦੀ ਦੀਆਂ ਸਰਗਰਮੀਆਂ ਪਿੱਛੇ ਭਾਈ ਗੁਰਸਾਹਿਬ ਸਿੰਘ ਦਾ ਤੇਜ਼-ਤਰਾਰ ਦਿਮਾਗ ਕੰਮ ਕਰਦਾ ਸੀ। ਜਦ ਸਰਕਾਰ ਵਲੋਂ ਸਿੱਖ ਸਟੂਡੈਂਟਸ ਫੈਡਰੇਸ਼ਨ ਤੋਂ ਪਾਬੰਦੀ ਹਟਾਈ ਗਈ ਤਾਂ ਭਾਈ ਗੁਰਸਾਹਿਬ ਸਿੰਘ ਫੈਡਰੇਸ਼ਨ ਵਿੱਚ ਰਹਿ ਕੇ ਸੇਵਾਵਾਂ ਨਿਭਾਉਂਦੇ ਰਹੇ। ਜਦੋਂ ਖਾੜਕੂ ਸਿੰਘਾਂ ਵੱਲੋਂ ਭਾਈ ਗੁਰਜੀਤ ਸਿੰਘ ਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਬਣਾਇਆ ਗਿਆ ਤਾਂ ਭਾਈ ਗੁਰਸਾਹਿਬ ਸਿੰਘ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਦਾ ਪ੍ਰਧਾਨ ਬਣਾਇਆ ਗਿਆ। ਭਾਈ ਗੁਰਸਾਹਿਬ ਸਿੰਘ, ਪ੍ਰਧਾਨ ਦੀਆਂ ਸੇਵਾਵਾਂ ਅਮਰਜੋਤ ਸਿੰਘ ਦੇ ਨਾਂ ਉੱਤੇ ਨਿਭਾਉਂਦੇ ਰਹੇ। ਪੁਲਿਸ ਵਲੋਂ ਕਈ ਵਾਰ ਭਾਈ ਗੁਰਸਾਹਿਬ ਸਿੰਘ ਨੂੰ ਗ੍ਰਿਫਤਾਰ ਕਰਕੇ ਤਸ਼ੱਦਦ ਕੀਤਾ ਗਿਆ ਕਿ ਅਮਰਜੋਤ ਸਿੰਘ ਤੂੰ ਹੀ ਹੈਂ ਜਾਂ ਦੱਸ ਅਮਰਜੋਤ ਸਿੰਘ ਖਾਲਸਾ ਕਾਲਜ ਦਾ ਪ੍ਰਧਾਨ

ਕੌਣ ਹੈ ? ਪਰ ਭਾਈ ਗੁਰਸਾਹਿਬ ਸਿੰਘ ਆਪਣੇ ਮਿਸ਼ਨ ਤੋਂ ਪਿੱਛੇ ਨਾ ਹਟੇ। ਆਪਣੇ ਯਤਨਾਂ ਸਦਕਾ ਹਰ ਸਾਲ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਸ਼ਹੀਦੀ ਸਮਾਗਮ ਕੀਤਾ ਜਾਂਦਾ ਜਿਸ ਵਿੱਚ ਸ਼ਹੀਦ ਪਰਿਵਾਰਾਂ ਨੂੰ ਸਨਮਾਨਤ ਕੀਤਾ ਜਾਂਦਾ। ਸ਼ਹੀਦੀ ਸਮਾਗਮਾਂ ਦੌਰਾਨ ਪੰਜਾਬ ਪੁਲਿਸ ਘਰ ਛਾਪੇ ਮਾਰਨ ਲੱਗੀ ਤੇ ਪਰਿਵਾਰ, ਭਰਾਵਾਂ ਨੂੰ ਫੜ੍ਹ ਕੇ ਥਾਣੇ ਲੈ ਜਾਂਦੀ ਸੀ ਕਿ ਗੁਰਸਾਹਿਬ ਸਿੰਘ ਨੂੰ ਪੇਸ਼ ਕਰਾਉ। ਪਰ ਭਾਈ ਗੁਰਸਾਹਿਬ ਸਿੰਘ ਪੁਲਿਸ ਨਜ਼ਰਾਂ ਤੋਂ ਪਾਸੇ ਰਹਿ ਕੇ ਸ਼ਹੀਦੀ ਸਮਾਗਮਾਂ ਦੀ ਸਫਲਤਾ ਵਾਸਤੇ ਦਿਨ-ਰਾਤ ਕੰਮ ਕਰਦੇ ਰਹੇ। ਭਾਈ ਗੁਰਸਾਹਿਬ ਸਿੰਘ ਨੇ ਬਾਬਾ ਚਰਨ ਸਿੰਘ ਜੀ ਬੀੜ ਬਾਬਾ ਬੁੱਢਾ ਸਾਹਿਬ ਵਾਲਿਆਂ ਨਾਲ ਸਲਾਹ ਕਰ ਕੇ ਬਾਬਾ ਜੀ ਤੋਂ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਨਿਸ਼ਾਨ ਸਾਹਿਬ ਦੀ ਸੇਵਾ ਕਰਵਾਈ ਜੋ ਹੁਣ ਵੀ ਮੌਜੂਦ ਹੈ। ਸਿੰਘਾਂ ਵੱਲੋਂ ਭਾਈ ਗੁਰਸਾਹਿਬ ਸਿੰਘ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖ ਕੇ, ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਦੀ ਸੇਵਾ ਲਾਈ ਗਈ ਸੀ ਜਿਸ ਨੂੰ ਭਾਈ ਗੁਰਸਾਹਿਬ ਸਿੰਘ ਇੰਦਰਪਾਲ ਸਿੰਘ ਖਾਲਸਾ ਦੇ ਨਾਂ 'ਤੇ ਸੇਵਾ ਨਿਭਾਉਂਦੇ ਰਹੇ ਤੇ ਵੱਡੀ ਪੱਧਰ 'ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਲਾਮਬੰਦ ਕੀਤਾ। ਪੁਲਿਸ ਵੱਲੋਂ ਭਾਈ ਗੁਰਸਾਹਿਬ ਸਿੰਘ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਚੁੱਕ ਕੇ ਝੂਠਾ ਕੇਸ ਪਾ ਕੇ ਨੈਸ਼ਨਲ ਸਕਿਉਰਿਟੀ (ਐਨ.ਐਸ.) ਅਧੀਨ ਅੰਮ੍ਰਿਤਸਰ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਜੇਲ੍ਹ ਵਿੱਚੋਂ ਰਿਹਾਅ ਹੋ ਕੇ ਘਰ ਆਏ ਤਾਂ ਪਰਿਵਾਰ ਵਲੋਂ ਭਾਈ ਗੁਰਸਾਹਿਬ ਸਿੰਘ ਦਾ ਆਨੰਦ ਕਾਰਜ ਬੀਬੀ ਕੁਲਵਿੰਦਰ ਕੌਰ ਪੁੱਤਰੀ ਸ੍: ਗੁਰਦਿਆਲ ਸਿੰਘ ਵਾਸੀ ਕੋਟ ਖਾਲਸਾ ਅੰਮ੍ਰਿਤਸਰ ਨਾਲ ਹੋਇਆ। ਇਸ ਸੁਭਾਗੀ ਜੋੜੀ ਦੇ ਘਰ ਅਕਾਲ ਪੁਰਖ ਵਾਹਿਗੁਰੂ ਨੇ ਪੁੱਤਰ ਦੀ ਦਾਤ ਬਖਸ਼ਿਸ਼ ਕੀਤੀ ਜਿਸ ਦਾ ਨਾਂ ਅੰਮ੍ਰਿਤਪਾਲ ਸਿੰਘ ਹੈ। ਇਸ ਸਮੇਂ ਵੀ ਭਾਈ ਗੁਰਸਾਹਿਬ ਸਿੰਘ ਗੁਪਤ ਰੂਪ ਵਿੱਚ ਸਿੱਖ ਸੰਘਰਸ਼ ਨਾਲ ਜੁੜੇ ਰਹੇ। ਜੁਝਾਰੂ ਸਿੰਘਾਂ ਵੱਲੋਂ ਪ੍ਰੈਸ ਦੀ ਸੇਵਾ ਦੀ ਡਿਊਟੀ ਲਗਾਈ ਗਈ ਸੀ ਤੇ ਭਾਈ ਗੁਰਸਾਹਿਬ ਸਿੰਘ ਸਟੇਜਾਂ ਤੋਂ ਵੀ ਸੰਬੋਧਨ ਕਰਦੇ ਸਨ ਤੇ ਕਹਿੰਦੇ ਸਨ ਕਿ ਸਾਡੀ ਲੜਾਈ ਹਿੰਦੁਸਤਾਨੀ ਸਰਕਾਰ ਨਾਲ ਹੈ, ਕਿਸੇ ਫਿਰਕੇ ਨਾਲ ਨਹੀਂ। ਜੋ ਸਿੱਖ ਸੰਘਰਸ਼ ਦੇ ਰਾਹ ਵਿੱਚ ਰੋੜਾ ਬਣੇਗਾ, ਉਸਨੂੰ ਹਰ ਹਾਲਤ ਵਿੱਚ ਪਾਸੇ ਹਟਾਇਆ ਜਾਵੇਗਾ। ਹਿੰਦੂ ਪਰਿਵਾਰਾਂ ਨੂੰ ਮਿਲ ਕੇ ਉਨ੍ਹਾਂ ਨੂੰ ਹਿਜ਼ਰਤ ਕਰਨ ਤੋਂ ਰੋਕਿਆ ਗਿਆ। ਖਾਲਸਾ ਕਾਲਜ ਦੀ ਪ੍ਰਧਾਨਗੀ ਸਮੇਂ ਭਾਈ ਗੁਰਸਾਹਿਬ ਸਿੰਘ ਵੱਲੋਂ ਖਾਲਸਾ ਕਾਲਜ ਅੰਮ੍ਰਿਤਸਰ ਵਿਚੋਂ ਗੁੰਡਾਗਰਦੀ ਨੂੰ ਰੋਕਿਆ ਤੇ ਖਾਲਸਾ ਕਾਲਜ ਨੂੰ ਅਸਲੀ ਖਾਲਸਾ ਰੂਪ ਦਿੱਤਾ। ਜੁਝਾਰੂ ਸਿੰਘਾਂ ਵੱਲੋਂ ਭਾਈ ਗੁਰਸਾਹਿਬ ਸਿੰਘ ਦੀ ਡਿਊਟੀ ਸਿੱਖ ਸੰਘਰਸ਼ ਦੇ ਨੀਤੀ ਬਿਆਨ ਜਾਰੀ ਕਰਨ ਦੀ ਲਗਾਈ ਗਈ ਸੀ। ਭਾਈ ਰਣਜੀਤ ਸਿੰਘ ਰਾਣਾ ਠਰੂ, ਭਾਈ ਗੁਰਜੀਤ ਸਿੰਘ ਕਾਕਾ, ਵੱਸਣ ਸਿੰਘ ਜ਼ਫਰਵਾਲ, ਭਾਈ ਤਰਸੇਮ ਸਿੰਘ ਕੁਹਾੜ, ਭਾਈ ਸ਼ੇਰ ਸਿੰਘ ਸ਼ੇਰ, ਚਾਚਾ ਸੁਖਦੇਵ ਸਿੰਘ ਚੱਬਾ ਬੱਬਰ ਖਾਲਸਾ ਨਾਲ ਗੁਪਤ

ਤੌਰ 'ਤੇ ਸਿੱਖ ਸੰਘਰਸ਼ ਸਬੰਧੀ ਪ੍ਰੈਸ ਬਿਆਨ ਜਾਰੀ ਕਰਨ ਦੀ ਸੇਵਾ ਨਿਭਾਉਂਦੇ ਰਹੇ। ਦਸੰਬਰ 1990 ਵਿੱਚ ਭਾਈ ਗੁਰਸਾਹਿਬ ਸਿੰਘ ਨੂੰ ਪੁਲਿਸ ਨੇ ਗ੍ਰਿਫਤਾਰ ਕਰਕੇ ਬੇਇੰਤਹਾ ਤਸ਼ੱਦਦ ਕੀਤਾ। ਪੁਲਿਸ ਭਾਈ ਗੁਰਸਾਹਿਬ ਸਿੰਘ ਤੋਂ ਖਾਲਿਸਤਾਨੀ ਸੰਘਰਸ਼ ਦੇ ਸਿੰਘਾਂ ਦੇ ਭੇਤ ਲੈਣਾ ਚਾਹੁੰਦੀ ਸੀ ਪਰ ਭਾਈ ਗੁਰਸਾਹਿਬ ਸਿੰਘ ਨੇ ਪੁਲਿਸ ਤਸ਼ੱਦਦ ਬੜੀ ਸਿਦਕਦਿਲੀ ਨਾਲ ਆਪਣੇ ਸਰੀਰ ਉੱਤੇ ਝੱਲਿਆ ਤੇ ਸਿੱਖ ਸੰਘਰਸ਼ ਦਾ ਕੋਈ ਵੀ ਭੇਤ ਪੁਲਿਸ ਨੂੰ ਨਾ ਦਿੱਤਾ। ਕਈ ਦਿਨਾਂ ਬਾਅਦ ਪੁਲਿਸ ਤੋਂ ਭਾਈ ਗੁਰਸਾਹਿਬ ਸਿੰਘ ਨੂੰ ਛੁਡਵਾ ਕੇ ਘਰ ਲਿਆਂਦਾ ਗਿਆ। ਪੁਲਿਸ ਤਸ਼ੱਦਦ ਨਾਲ ਭਾਈ ਗੁਰਸਾਹਿਬ ਸਿੰਘ ਦੀ ਹਾਲਤ ਏਨੀ ਮਾੜੀ ਹੋ ਗਈ ਸੀ ਕਿ ਆਪਣੇ ਹੱਥ ਨਾਲ ਰੋਟੀ ਵੀ ਨਹੀਂ ਸੀ ਖਾ ਸਕਦੇ ਤੇ ਨਾ ਹੀ ਤੁਰ ਸਕਦੇ ਸੀ। ਹਾਲਾਂ ਪੂਰੀ ਤਰ੍ਹਾਂ ਭਾਈ ਗੁਰਸਾਹਿਬ ਸਿੰਘ ਠੀਕ ਵੀ ਨਹੀਂ ਸੀ ਹੋਏ ਕਿ 22 ਜਨਵਰੀ 1991 ਨੂੰ ਫਤਾਹਪੁਰ, ਝਬਾਲ ਰੋਡ 'ਤੇ ਪੈਟਰੋਲ ਪੰਪ 'ਤੇ ਆਪਣੇ ਕਿਸੇ ਸਾਥੀ ਨੂੰ ਮਿਲਣ ਲਈ ਉਡੀਕ ਕਰ ਰਹੇ ਸਨ। ਇਸ ਸਮੇਂ ਦੋ ਮੋਟਰਸਾਈਕਲਾਂ 'ਤੇ ਸਵਾਰ, ਪੁਲਿਸ ਦੇ ਬਲੈਕ ਕੈਟ (ਕਾਲੀਆਂ ਬਿੱਲੀਆਂ) ਸਿਵਲ ਕੱਪੜਿਆਂ ਵਿੱਚ ਪੁਲਿਸ ਵੱਲੋਂ ਛੱਡੇ ਗਏ ਕਾਤਲ ਟੋਲੇ ਨੇ ਭਾਈ ਗੁਰਸਾਹਿਬ ਸਿੰਘ ਨੂੰ ਨੇੜੇ ਤੋਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਸਰਕਾਰ ਤੇ ਪੁਲਿਸ ਭਾਈ ਗੁਰਸਾਹਿਬ ਸਿੰਘ ਨੂੰ ਖਾਲਿਸਤਾਨੀ ਸੰਘਰਸ਼ ਦਾ ਨੀਤੀਵਾਨ, ਜੁਝਾਰੂ ਸਿੰਘਾਂ ਦਾ ਮੱਦਦਗਾਰ ਮੰਨਦੀ ਸੀ ਤੇ ਉਸਨੂੰ ਹਰ ਹਾਲਤ ਵਿਚ ਖਤਮ ਕਰਨਾ ਚਾਹੁੰਦੀ ਸੀ ਜੋ ਉਸਨੇ ਆਪਣੀਆਂ ਕਾਲੀਆਂ ਬਿੱਲੀਆਂ ਰਾਹੀਂ ਕਰ ਵਿਖਾਇਆ। ਪੁਲਿਸ ਵਲੋਂ ਇਹ ਚਾਲ ਚੱਲੀ ਗਈ ਸੀ ਕਿ ਇਸ ਨੂੰ ਖਾੜਕੂਆਂ ਵੱਲੋਂ ਮਾਰਿਆ ਗਿਆ, ਪ੍ਰਚਾਰ ਕੇ ਸਿੱਖ ਸੰਘਰਸ਼ ਪ੍ਰਤੀ ਕੀਤੀ ਗਈ ਕੁਰਬਾਨੀ ਤੇ ਵਫਾਦਾਰੀ ਨੂੰ ਰੋਲਿਆ ਜਾ ਸਕੇ। ਖਾੜਕੂ ਸਿੰਘਾਂ ਵੱਲੋਂ ਭਾਈ ਗੁਰਸਾਹਿਬ ਸਿੰਘ ਦੀ ਸ਼ਹੀਦੀ ਦੇ ਰੋਸ ਵਜੋਂ 24 ਜਨਵਰੀ ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਕਸਬੇ ਸ਼ਹਿਰਾਂ ਨੂੰ ਬੰਦ ਰੱਖਣ ਦਾ ਸੱਦਾ ਦਿੱਤਾ ਗਿਆ। ਜਿਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ ਤੇ ਜ਼ਿਲ੍ਹਾ ਅੰਮ੍ਰਿਤਸਰ 31 ਜਨਵਰੀ ਨੂੰ ਵੀ ਬੰਦ ਦਾ ਸੱਦਾ ਦਿੱਤਾ ਗਿਆ ਸੀ ਤੇ ਭਾਈ ਗੁਰਸਾਹਿਬ ਸਿੰਘ ਦੇ ਨਮਿੱਤ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੇ ਭੋਗ ਸਮੇਂ ਅਰਦਾਸ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਸੀ।

22 ਜਨਵਰੀ ਨੂੰ ਹਰ ਸਾਲ ਪੰਥਕ ਜਥੇਬੰਦੀਆਂ ਵੱਲੋਂ ਭਾਈ ਗੁਰਸਾਹਿਬ ਸਿੰਘ ਮੰਡਿਆਲਾ ਦੀ ਯਾਦ ਵਿੱਚ ਪਿੰਡ ਮੰਡਿਆਲਾ ਵਿੱਚ ਸ਼ਹੀਦੀ ਸਮਾਗਮ ਕਰਕੇ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ ਤੇ ਸਿੱਖਾਂ ਦੇ ਕੌਮੀ ਘਰ ਦੀ ਆਜ਼ਾਦੀ ਦੀ ਪ੍ਰਾਪਤੀ 'ਤੇ ਵਿਚਾਰਾਂ ਕੀਤੀਆਂ ਜਾਂਦੀਆਂ ਹਨ।

ਬੱਲੋਵਾਲੀ ਦੇ ਮੁਕਾਬਲੇ ਵਿੱਚ ਹਿੰਦੁਸਤਾਨੀ ਫੋਰਸਾਂ ਨੂੰ
ਗੰਭੀਰ ਸਿੱਟੇ ਭੁਗਤਾਉਣ ਵਾਲਾ ਸੂਰਮਾ

ਸ਼ਹੀਦ ਗੁਰਮੁਖ ਸਿੰਘ ਬੱਗਾ ਉਰਫ ਗੰਭੀਰ ਸਿੱਟਾ

ਪਿੰਡ ਬੱਗਾ ਵਿੱਚ ਸ੍ਰ: ਮਿਹਰ ਸਿੰਘ ਪੁੱਤਰ ਸ.ਅਰਜਨ ਸਿੰਘ ਦਾ ਪਰਿਵਾਰ ਵੱਸਦਾ ਹੈ। ਮਿਹਰ ਸਿੰਘ ਸਾਧਾਰਨ ਕਿਸਾਨ ਹੈ। ਮਿਹਰ ਸਿੰਘ ਦੇ ਘਰ ਵੀਰ ਕੌਰ ਦੀ ਕੁੱਖੋਂ ਪੰਜ ਪੁੱਤਰਾਂ ਨੇ ਜਨਮ ਲਿਆ। ਵੱਡਾ ਪੁੱਤਰ ਹਰਭਜਨ ਸਿੰਘ, ਸੁਖਚੈਨ ਸਿੰਘ, ਕੁਲਵੰਤ ਸਿੰਘ, ਸ਼ਹੀਦ ਗੁਰਮੁਖ ਸਿੰਘ ਤੇ ਛੋਟਾ ਪੁੱਤਰ ਬਲਦੇਵ ਸਿੰਘ। ਗੁਰਮੁਖ ਸਿੰਘ ਦਾ ਜਨਮ ਸੰਨ 1973 ਵਿੱਚ ਹੋਇਆ ਤੇ ਸਕੂਲ ਦੀ ਪੜ੍ਹਾਈ ਪੰਜਵੀਂ ਤੱਕ ਪਿੰਡ ਦੇ ਸਕੂਲ ਤੋਂ ਕੀਤੀ ਤੇ ਪਿਤਾ- ਭਰਾਵਾਂ ਨਾਲ ਖੇਤੀ ਦੇ ਕੰਮ ਵਿਚ ਹੱਥ ਵਟਾਉਣ ਲੱਗਾ। ਗੁਰਮੁਖ ਸਿੰਘ ਦਾ ਸੁਭਾਅ ਬੜਾ ਸਾਊ ਤੇ ਮਿੱਠ ਬੋਲੜਾ ਸੀ। ਹਰ ਵੱਡੇ ਛੋਟੇ ਦੀ ਇੱਜ਼ਤ ਕਰਦਾ ਸੀ ਤੇ ਸਾਰੇ ਪਾਸੇ ਗੁਰਮੁਖ ਸਿੰਘ ਦੇ ਸਾਊਪੁਣੇ ਦੀਆਂ ਸਿਫ਼ਤਾਂ ਹੁੰਦੀਆਂ ਸਨ। ਗੁਰਮੁਖ ਸਿੰਘ ਖੇਡਾਂ ਵਿੱਚ ਬੜਾ ਫੁਰਤੀਲਾ ਸੀ ਤੇ ਕਬੱਡੀ ਦਾ ਚੰਗਾ ਉਭਰਦਾ ਖਿਡਾਰੀ ਸੀ ਜੋ ਸ਼ਰੀਕਾਂ ਨੂੰ ਚੰਗਾ ਨਹੀਂ ਸੀ ਲੱਗਦਾ। ਸ਼ਰੀਕਾਂ ਨੇ ਈਰਖਾ-ਵੱਸ ਗੁਰਮੁਖ ਸਿੰਘ ਨੂੰ ਹਰ ਹੀਲੇ ਖਤਮ ਕਰਵਾਉਣ ਦੀ ਪੱਕੀ ਨੀਤੀ ਧਾਰੀ ਹੋਈ ਸੀ। ਗੁਰਮੁਖ ਸਿੰਘ ਖਾੜਕੂਆਂ ਦਾ ਹਮਾਇਤੀ ਦੱਸ ਕੇ ਕਪੂਰਥਲਾ ਪੁਲਿਸ ਨੂੰ ਚੁਕਵਾ ਦਿੱਤਾ ਕਿ ਪੁਲਿਸ ਰਾਹੀਂ ਮਰਵਾਇਆ ਜਾ ਸਕੇ। ਪੁਲਿਸ ਵਾਲਿਆਂ ਗੁਰਮੁਖ ਸਿੰਘ ਦੇ ਪੱਟਾਂ ਉੱਤੇ ਘੋਟਣਾ ਲਾਇਆ ਪਰ ਗੁਰਮੁਖ ਸਿੰਘ ਦਾ ਕਿਸੇ ਵੀ ਖਾੜਕੂ ਜਾਂ ਕਾਰਵਾਈ ਨਾਲ ਕੋਈ ਸਬੰਧ ਨਹੀਂ ਸੀ ਤੇ ਉਹ ਪੁਲਿਸ ਨੂੰ ਦੱਸਦਾ ਵੀ ਕੀ। ਗੁਰਮੁਖ ਸਿੰਘ ਨੂੰ ਇਕ ਹੋਰ ਵਿਅਕਤੀ ਨਾਲ ਤਸ਼ੱਦਦ ਵਾਲੇ ਕਮਰੇ ਵਿੱਚ ਹੀ ਬੰਦ ਕੀਤਾ ਸੀ। ਜਿਸਦਾ ਰੋਸ਼ਨਦਾਨ ਬਾਹਰ ਨੂੰ ਸੀ ਤੇ ਰੋਸ਼ਨਦਾਨ ਸੀਮਿੰਟ ਦੀ ਜਾਲੀ ਦਾ ਸੀ। ਗੁਰਮੁਖ ਸਿੰਘ ਦੇ ਤੇਜ਼ ਦਿਮਾਗ ਨੇ ਕੰਮ ਕੀਤਾ ਤੇ ਉਸ ਨੇ ਨਾਲਦੇ ਬੰਦੀ ਨੂੰ ਕਿਹਾ ਕਿ ਪੁਲਿਸ ਨੇ ਮੈਨੂੰ ਮਾਰ ਦੇਣਾ ਹੈ। ਜੇ ਤੂੰ ਮੇਰੀ ਮਦਦ ਕਰੇਂ ਮੈਂ ਨਿਕਲ ਸਕਦਾ ਹਾਂ। ਬੰਦੀ ਕਹਿੰਦਾ, "ਭਰਾ ਮੈਂ ਤੇਰੀ ਕੀ ਮਦਦ ਕਰਾਂ ?" ਗੁਰਮੁਖ ਸਿੰਘ ਕਹਿੰਦਾ, "ਜੇ ਤੂੰ ਮੇਰੀ ਮਦਦ ਕਰੇਂ ਤਾਂ ਮੈਂ ਰੋਸ਼ਨਦਾਨ ਭੰਨ੍ਹ ਕੇ ਨਿਕਲ ਸਕਦਾ ਹਾਂ। ਤੂੰ ਦਿਨ ਤੱਕ ਚੁੱਪ ਰਹਿਣਾ ਤੇ ਰੌਲਾ ਨਹੀਂ ਪਾਉਣਾ। ਜੇ ਤੈਨੂੰ ਸਵੇਰੇ ਪੁੱਛਣਗੇ ਤਾਂ ਕਹਿ ਦੇਣਾ ਕਿ ਮੈਂ ਤਾਂ ਸੁੱਤਾ ਸੀ, ਮੈਨੂੰ ਪਤਾ

ਨਹੀਂ ਲੱਗਾ। ਦਾਬਿਆਂ ਤੋਂ ਵੱਧ ਤੇਰਾ ਪੁਲਿਸ ਵਾਲੇ ਕੁਝ ਨਹੀਂ ਵਿਗਾੜ ਸਕਣਗੇ। ਭਾਈ ਗੁਰਮੁਖ ਸਿੰਘ ਦੀ ਬੇਨਤੀ ਨੂੰ ਉਸ ਰਹਿਮ ਦਿਲ ਇਨਸਾਨ ਵੱਲੋਂ ਮੰਨ ਲਿਆ ਗਿਆ ਤੇ ਉਸ ਨੇ ਆਪਣੇ ਮੋਢਿਆਂ ਉੱਤੇ ਚੁੱਕ ਕੇ, ਹੇਠਾਂ ਖੜ੍ਹਾ ਹੋ ਗਿਆ ਤੇ ਅੱਧੀ ਰਾਤ ਵੇਲੇ ਗੁਰਮੁਖ ਸਿੰਘ ਮੁੱਕਿਆਂ ਨਾਲ ਰੋਸ਼ਨਦਾਨ ਦੀ ਸੀਮਿੰਟ ਦੀ ਜਾਲੀ ਤੋੜ ਕੇ ਉਸ ਦੇ ਮੋਢਿਆਂ 'ਤੇ ਖਲੋ ਕੇ ਔਖਾ ਸੌਖਾ, ਨਿਕਲ ਜਾਣ ਵਿੱਚ ਕਾਮਯਾਬ ਹੋ ਗਿਆ ਤੇ ਰਾਤ ਦੇ ਹਨੇਰੇ ਨੇ ਉਸ ਦਾ ਸਾਥ ਦਿੱਤਾ। ਰਾਤ ਹਨੇਰੇ ਵਿੱਚ ਹੀ ਗੁਰਮੁਖ ਸਿੰਘ ਸੁਰੱਖਿਅਤ ਥਾਂ 'ਤੇ ਪਹੁੰਚ ਗਿਆ। ਪੁਲਿਸ ਵਾਲਿਆਂ ਵੀ ਉਸ ਦੇ ਭੱਜਣ ਨੂੰ ਕੋਈ ਬਹੁਤੀ ਗੰਭੀਰਤਾ ਨਾਲ ਨਾ ਲਿਆ, ਉਹ ਜਾਣਦੇ ਸਨ ਕਿ ਐਹੋ ਜਿਹੇ ਨਿੱਜੀ ਰੰਜਸ਼ਾਂ ਵਾਲੇ ਕੇਸ ਸਾਡੇ ਕੋਲ ਆਉਂਦੇ ਹੀ ਰਹਿੰਦੇ ਆ। ਗੁਰਮੁਖ ਸਿੰਘ ਬਚਦਾ-ਬਚਾਉਂਦਾ ਘਰ ਪਹੁੰਚ ਗਿਆ। ਪੁਲਿਸ ਨੇ ਵੀ ਪਿੱਛਾ ਨਹੀਂ ਸੀ ਕੀਤਾ। ਪਰ ਜਿਨ੍ਹਾਂ ਦੀਆਂ ਅੱਖਾਂ ਵਿਚ ਗੁਰਮੁਖ ਸਿੰਘ ਦੀ ਸ਼ਰਾਫਤ ਤੇ ਚੜ੍ਹਤ ਚੁਭਦੀ ਸੀ, ਉਹ ਕਿਵੇਂ ਟਿਕ ਕੇ ਬੈਠ ਸਕਦੇ ਸਨ। ਉਨ੍ਹਾਂ ਨੇ ਖਾੜਕੂ ਸਿੰਘਾਂ ਤੋਂ ਮਰਵਾਉਣ ਦੀ ਨੀਤੀ ਸੋਚੀ। ਗੁਰਮੁਖ ਸਿੰਘ ਆਪਣੇ ਘਰ ਦੇ ਕੰਮ ਧੰਦੇ ਵਿੱਚ ਰੁਝ ਗਿਆ। ਉਸ ਨੇ ਤਾਂ ਕਦੀ ਕਿਸੇ ਦਾ ਦਿਲ ਦਿਖਾਉਣ ਦੀ ਸੋਚੀ ਵੀ ਨਹੀਂ ਸੀ। ਇਕ ਦਿਨ ਸ਼ਾਮ ਨੂੰ ਖਾੜਕੂ ਸਿੰਘ ਆਏ ਤੇ ਕਹਿੰਦੇ ਕਿ ਗੁਰਮੁਖ ਸਿੰਘ ਤੂੰ ਆਂ ? ਕਹਿੰਦਾ ਹਾਂ ਜੀ, ਬਾਬਾ ਜੀ। ਇਹ ਖਾੜਕੂ ਖਾਲਿਸਤਾਨ ਆਰਮਡ ਫੋਰਸ ਦੇ ਭਾਈ ਲਾਭ ਸਿੰਘ ਦੇ ਸਾਥੀ ਹਨ। ਖਾੜਕੂ ਕਹਿੰਦੇ ਤੂੰ ਵਿਰੁੱਧ ਬੋਲਦਾਂ ? ਅਸੀਂ ਤੈਨੂੰ ਦੱਸਦੇ ਆਂ ਸਿੰਘਾਂ ਵਿਰੁੱਧ ਕਿਵੇਂ ਬੋਲੀਦਾ ? ਗੁਰਮੁਖ ਸਿੰਘ ਕਹਿੰਦਾ, ਬਾਬਾ ਜੀ, ਮੈਂ ਤਾਂ ਸਿੰਘਾਂ ਵਿਰੁੱਧ ਬੋਲਣ ਦੀ ਸੋਚ ਵੀ ਨਹੀਂ ਸਕਦਾ। ਆਪ ਜੀ ਨੂੰ ਕਿਸੇ ਨੇ ਗਲਤ ਕਿਹਾ। ਗੁਰਮੁਖ ਸਿੰਘ ਦੇ ਪਿਤਾ-ਮਾਤਾ ਵੀ ਖਾੜਕੂ ਸਿੰਘਾਂ ਦੀਆਂ ਮਿੰਨਤਾਂ ਤਰਲੇ ਕਰ ਰਹੇ ਸਨ। ਦੋ ਖਾੜਕੂ, ਗੁਰਮੁਖ ਸਿੰਘ ਨੂੰ ਗੁਟੋਂ ਫੜ੍ਹ ਕੇ ਨਾਲ ਲੈ ਕੇ ਤੁਰ ਪਏ ਤੇ ਦੂਜਿਆਂ ਤਿੰਨਾਂ ਖਾੜਕੂਆਂ ਨੇ ਗੁਰਮੁਖ ਸਿੰਘ ਦੀ ਮਾਤਾ ਤੇ ਭਰਾਵਾਂ ਨੂੰ ਘਰ ਅੰਦਰ ਘੇਰਿਆ ਹੋਇਆ ਸੀ। ਕੱਚੇ ਕੋਠਿਆਂ ਦਾ ਘਰ ਤੇ ਕੋਈ ਕੰਧ ਕੌਲਾ ਵੀ ਨਹੀਂ ਸੀ। ਜਦੋਂ ਖਾੜਕੂ ਗੁਰਮੁਖ ਸਿੰਘ ਨੂੰ ਗੁੱਟ ਤੋਂ ਫੜ੍ਹ ਕੇ ਘਰੋਂ ਬਾਹਰ ਲੈ ਕੇ ਤੁਰੇ ਤਾਂ ਪਿਤਾ ਮਿਹਰ ਸਿੰਘ ਵੀ ਉਨ੍ਹਾਂ ਦੇ ਪਿੱਛੇ ਤੁਰ ਪਿਆ। ਘਰ ਤੋਂ ਅੱਗੇ ਪੱਛਮ ਦਿਸ਼ਾ ਵੱਲ ਫਿਰਨੀ ਦੇ ਕੰਢੇ ਪਾਣੀ ਵਾਲਾ ਖਾਲ ਸੀ ਤੇ ਇਕ ਖਾਲ ਵਾਹਵਾ ਚੌੜਾ ਹੈ ਤੇ ਸੰਘਣੇ ਰੁੱਖਾਂ ਦਾ ਓਹਲਾ ਵੀ ਹੈ। ਹੋ ਸਕਦੈ ਉਥੇ ਗੁਰਮੁਖ ਸਿੰਘ ਨੂੰ ਏਕੇ ਸੰਤਾਲੀ ਨਾਲ ਗੋਲੀਆਂ ਮਾਰ ਕੇ ਮਾਰ ਦਿੰਦੇ। ਇਸ ਸਮੇਂ ਗੁਰਮੁਖ ਸਿੰਘ ਘਬਰਾਇਆ ਨਹੀਂ ਸਗੋਂ ਬਹਾਦਰੀ ਵਾਲਾ ਕੰਮ ਕੀਤਾ। ਉਸ ਨੇ ਝਟਕਾ ਮਾਰ ਕੇ ਆਪਣਾ ਗੁੱਟ ਛੁਡਾ ਲਿਆ ਤੇ ਫੜਨ ਵਾਲਾ ਸਮੇਤ ਅਸਾਲਟ ਡਿੱਗ ਪਿਆ ਤੇ ਦੂਜੇ ਨੇ ਗੁਰਮੁਖ ਨੂੰ ਜੱਫਾ ਮਾਰਨ ਦੀ ਕੋਸ਼ਿਸ਼ ਕੀਤੀ। ਪਰ ਗੁਰਮੁਖ ਸਿੰਘ ਪੂਰੀ ਫੁਰਤੀ ਨਾਲ, ਵਗਦੇ ਪਾਣੀ ਵਾਲਾ ਖਾਲ ਛਾਲ ਮਾਰ ਕੇ ਟੱਪ ਗਿਆ ਤੇ ਉਨ੍ਹਾਂ ਦੇ ਸੰਭਲਦਿਆਂ ਨੂੰ ਰੁੱਖਾਂ ਦੇ ਓਹਲੇ

ਹੋ ਭੱਜ ਗਿਆ। ਖਾੜਕੂ ਆਪਸ ਵਿੱਚ ਖਹਿਬੜਦੇ ਹੋਏ ਚਲੇ ਗਏ। ਕੁਝ ਦਿਨ ਆਸੇ-ਪਾਸੇ ਰਹਿਣ ਪਿੱਛੋਂ ਗੁਰਮੁਖ ਸਿੰਘ ਪਿੰਡ ਬੱਗਾ ਆਪਣੇ ਘਰ ਆ ਗਿਆ। ਸ਼ਰੀਕ ਗੁਰਮੁਖ ਸਿੰਘ ਨੂੰ ਮਰਵਾਉਣ ਲਈ ਪੂਰੀ ਵਾਹ ਲਾ ਰਹੇ ਸਨ। ਗੁਰਮੁਖ ਸਿੰਘ ਜਿੰਨਾ ਕੁਝ ਹੋ ਸਕਦਾ ਸੀ ਹੁਸ਼ਿਆਰੀ ਨਾਲ ਰਹਿਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਰਾਤ ਨੂੰ ਘਰ ਘੱਟ ਹੀ ਸੌਂਦਾ ਸੀ। ਉਹ ਨੇੜੇ ਦੇ ਪਿੰਡ ਮੱਤੇਵਾਲ ਦੇ ਦਸਮੇਸ਼ ਰੈਜਮੈਂਟ ਦੇ ਖਾੜਕੂ ਜਰਨੈਲ ਭਾਈ ਸੀਤਲ ਸਿੰਘ ਮੱਤੇਵਾਲ, ਭਾਈ ਤਰਸੇਮ ਸਿੰਘ ਮੱਤੇਵਾਲ, ਭਾਈ ਗੁਰਨਾਮ ਸਿੰਘ ਸੈਕਟਰੀ ਮੱਤੇਵਾਲ ਆਦਿ ਸਿੰਘਾਂ ਨੂੰ ਮਿਲਿਆ ਤੇ ਆਪਣੀ ਹੱਡਬੀਤੀ ਦੱਸੀ। ਦਸਮੇਸ਼ ਰੈਜਮੈਂਟ ਦੇ ਮੁਖੀ ਭਾਈ ਸੀਤਲ ਸਿੰਘ ਮੱਤੇਵਾਲ ਨੇ ਪਿੰਡ ਵਿੱਚੋਂ ਪੜਤਾਲ ਕਰਨ ਤੋਂ ਬਾਅਦ ਉਸ ਨੂੰ ਆਪਣੇ ਨਾਲ ਰਲਾ ਲਿਆ ਤੇ ਹਦਾਇਤ ਕੀਤੀ ਕਿ 'ਗੁਰਮੁਖ ਸਿੰਘ, ਅੱਜ ਤੋਂ ਤੂੰ ਦਸਮੇਸ਼ ਰੈਜਮੈਂਟ ਦਾ ਸਿੰਘ ਹੋ ਗਿਆਂ। ਤੈਨੂੰ ਜਥੇਬੰਦੀ ਦੇ ਜਾਬਤੇ ਵਿੱਚ ਰਹਿਣਾ ਪਵੇਗਾ। ਜਥੇਬੰਦੀ ਦੀ ਆਗਿਆ ਲਏ ਬਿਨਾਂ ਕੋਈ ਐਕਸ਼ਨ ਨਹੀਂ ਕਰਨਾ। ਸੁਰੱਖਿਆ ਫੋਰਸਾਂ ਤੋਂ ਕੌਮੀ ਆਜ਼ਾਦ ਘਰ ਨੂੰ ਆਜ਼ਾਦ ਕਰਵਾਉਣ ਲਈ ਇਹਨਾਂ ਨਾਲ ਦੋ ਹੱਥ ਕਰਨ ਤੋਂ ਪਿੱਛੇ ਨਹੀਂ ਹੱਟਣਾ। ਨਿੱਜੀ ਰੰਜਿਸ਼ ਤੇ ਦੁਸ਼ਮਣੀ ਨੂੰ ਦਿਲ ਵਿੱਚੋਂ ਭੁਲਾ ਦੇਣਾ। ਭਾਈ ਗੁਰਮੁਖ ਸਿੰਘ ਨੂੰ ਖਾੜਕੂ ਜਰਨੈਲ ਸੀਤਲ ਸਿੰਘ ਮੱਤੇਵਾਲ ਨੇ ਆਪਣੇ ਨਾਲ ਅੰਗ-ਰੱਖਿਅਕ ਤੌਰ 'ਤੇ ਸਦਾ ਨਾਲ ਰਹਿਣ ਲਈ ਪੱਕਾ ਰੱਖ ਲਿਆ ਜਿਸਨੂੰ ਗੁਰਮੁਖ ਸਿੰਘ ਨੇ ਪੂਰੀ ਤਨਦੇਹੀ ਤੇ ਜ਼ਿੰਮੇਵਾਰੀ ਨਾਲ ਨਿਭਾਇਆ। ਭਾਈ ਸੀਤਲ ਸਿੰਘ ਮੱਤੇਵਾਲ, ਭਾਈ ਗੁਰਮੁਖ ਸਿੰਘ ਬੱਗਾ ਨੂੰ ਆਪਣੀ ਸੱਜੀ ਬਾਂਹ ਸਮਝਦਾ ਸੀ। ਭਾਈ ਗੁਰਮੁਖ ਸਿੰਘ ਕਿਹਾ ਕਰਦਾ ਸੀ ਜਿਹੜੇ ਸਿੰਘਾਂ ਦੀ ਮੁਖਬਰੀ ਕਰਦੇ ਆ, ਉਹ ਗੰਭੀਰ ਸਿੱਟੇ ਭੁਗਤਣ ਲਈ ਤਿਆਰ ਰਹਿਣ। ਜਿਹੜੇ ਅਫਸਰ ਸਿੰਘਾਂ ਦੇ ਪਰਿਵਾਰਾਂ ਉੱਤੇ ਜ਼ੁਲਮ ਕਰਦੇ ਹਨ ਉਹ ਵੀ ਗੰਭੀਰ ਸਿੱਟੇ ਭੁਗਤਣ ਲਈ ਤਿਆਰ ਰਹਿਣ। ਜੇ ਸਾਡਾ ਮੁਕਾਬਲਾ ਕਿਸੇ ਘਰ ਵਿੱਚ ਹੋਇਆ, ਤਾਂ ਸਾਇਆਨਾਈਡ ਖਾ ਕੇ ਸ਼ਹੀਦ ਹੋਵਾਂਗੇ ਤੇ ਜੇ ਖੁਲ੍ਹੇ ਮੈਦਾਨ ਵਿੱਚ ਹਿੰਦੁਸਤਾਨੀ ਫੋਰਸਾਂ ਨਾਲ ਮੁਕਾਬਲਾ ਹੋਇਆ ਤਾਂ ਵੇਖਿਓ ਸਹੀ ਕਿਵੇਂ ਹਿੰਦੁਸਤਾਨੀ ਫੋਰਸਾਂ ਨੂੰ ਗੰਭੀਰ ਸਿੱਟੇ ਭੁਗਤਾਉਂਦੇ ਆਂ। ਭਾਈ ਗੁਰਮੁਖ ਸਿੰਘ ਬੱਗਾ ਦੇ ਵਾਰ-ਵਾਰ ਆਪ ਮੁਹਾਰੇ 'ਗੰਭੀਰ ਸਿੱਟੇ' ਸ਼ਬਦ ਕਹਿਣ ਕਰਕੇ ਦਸਮੇਸ਼ ਰੈਜਮੈਂਟ ਵਿੱਚ ਉਸ ਦਾ ਨਾਂ 'ਗੰਭੀਰ ਸਿੱਟਾ' ਪੈ ਗਿਆ ਸੀ।

ਸਤੰਬਰ 1991 ਵਿਚ ਹਿੰਦੁਸਤਾਨੀ ਫੋਰਸਾਂ ਨੇ ਸਿੰਘਾਂ ਨੂੰ ਖ਼ਤਮ ਕਰਨ ਲਈ ਕੰਘਾ ਅਪਰੇਸ਼ਨ ਸ਼ੁਰੂ ਕੀਤਾ ਹੋਇਆ ਸੀ। ਸਿੰਘਾਂ ਦੀਆਂ ਠਾਹਰਾਂ 'ਤੇ ਪੁਲਿਸ ਫੋਰਸ ਛਾਪੇ ਮਾਰ ਰਹੀ ਸੀ। ਕੁਝ ਦਿਨਾਂ ਤੋਂ ਭਾਈ ਸੀਤਲ ਸਿੰਘ ਦੇ ਟਿਕਾਣਿਆਂ 'ਤੇ ਵੀ ਪੁਲਿਸ ਛਾਪੇ ਮਾਰ ਰਹੀ ਸੀ। ਸਿੰਘਾਂ ਦੇ ਹਮਦਰਦਾਂ ਨੇ ਕਿਹਾ ਕਿ ਬਾਬਾ ਜੀ, ਕੁਝ ਚਿਰ ਵਾਸਤੇ ਇਲਾਕਾ ਛੱਡ ਕੇ ਲਾਂਭੇ ਹੋ ਜਾਵੋ। ਸਰਕਾਰ ਨੇ ਬੜੀ ਸਖ਼ਤੀ ਕੀਤੀ ਹੋਈ ਹੈ। ਤਾਂ ਭਾਈ ਸੀਤਲ ਸਿੰਘ ਦਾ ਹਮਦਰਦਾਂ ਨੂੰ ਉੱਤਰ ਸੀ, "ਮੇਰੇ ਭਰਾਵੋ, ਤੁਹਾਡਾ

ਧੰਨਵਾਦ, ਤੁਸੀਂ ਆਪ ਸਰਕਾਰ ਦਾ ਜ਼ੁਲਮ ਸਹਿ ਕੇ ਵੀ ਮੇਰਾ ਸਾਥ ਦਿੰਦੇ ਹੋ। ਜੋ ਸਹਿਯੋਗ ਤੁਸੀਂ ਦਿੱਤਾ ਹੈ ਅਤੇ ਦੇ ਰਹੇ ਹੋ, ਇਹ ਹੋਰ ਕਿਤੋਂ ਨਹੀਂ ਮਿਲਣਾ। ਤੁਸੀਂ ਮੈਨੂੰ ਆਪਦਾ ਪੁੱਤ ਸਮਝਿਆ ਹੈ ਤੇ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਤੁਹਾਡੇ ਸਾਹਮਣੇ ਸ਼ਹੀਦ ਹੋਵਾਂਗਾ। ਬੰਦੇ ਤੋਂ ਬੰਦਾ ਡਰ ਕੇ ਭੱਜ ਕੇ ਕਿਤੇ ਹੋਰ ਥਾਂ ਜਾ ਸਕਦਾ ਹੈ, ਮੌਤ ਤੋਂ ਭੱਜ ਕੇ ਕਿਤੇ ਨਹੀਂ ਜਾਇਆ ਜਾ ਸਕਦਾ। ਮੌਤ ਅਟੱਲ ਹੈ ਤੇ ਅਕਾਲ ਪੁਰਖ ਦੇ ਹੱਥ ਵਿਚ ਹੈ। ਗੁਰਬਾਣੀ ਦਾ ਫੁਰਮਾਨ ਹੈ ਕਿ 'ਮਰਨ ਲਿਖਾਏ ਮੰਡਲ ਮਹਿ ਆਏ।' ਅਕਾਲ ਪੁਰਖ ਪਰਮੇਸ਼ਰ ਨੇ ਹਰ ਜੀਵ ਦੀ ਮੌਤ ਜਨਮ ਤੋਂ ਪਹਿਲਾਂ ਨਿਸਚਿਤ ਕੀਤੀ ਹੈ।" ਭਾਈ ਸੀਤਲ ਸਿੰਘ ਮੱਤੇਵਾਲ ਤੇ ਸਾਥੀ ਤਰਸੇਮ ਸਿੰਘ ਮੱਤੇਵਾਲ, ਭਾਈ ਗੁਰਨਾਮ ਸਿੰਘ ਸੈਕਟਰੀ ਮੱਤੇਵਾਲ, ਭਾਈ ਗੁਰਮੁਖ ਸਿੰਘ ਬੱਗਾ ਉਰਫ ਗੰਭੀਰ ਸਿੱਟਾ, ਭਾਈ ਗੁਰਦਿਆਲ ਸਿੰਘ ਮਾੜੀ ਪਨੂੰਆਂ ਦਾ ਆਪਣੇ ਸਨੇਹੀਆਂ ਕੋਲ ਐਲਾਨ ਸੀ ਕਿ ਜੇ ਸਾਨੂੰ ਕਿਸੇ ਪਿੰਡ ਵਿੱਚ, ਘਰ ਵਿਚ ਘੇਰਾ ਪੈ ਗਿਆ ਤਾਂ ਸਾਇਆਨਾਈਡ ਦਾ ਕੈਪਸੂਲ ਖਾ ਕੇ ਸ਼ਹੀਦੀ ਪ੍ਰਾਪਤ ਕਰਾਂਗੇ। ਜੇ ਕਿਤੇ ਮੈਦਾਨੇ-ਜੰਗ ਵਿੱਚ ਦੁਸ਼ਮਣ ਨੇ ਘੇਰਾ ਪਾਇਆ, ਫਿਰ ਚਮਕੌਰ ਦੀ ਕੱਚੀ ਗੜ੍ਹੀ ਦੇ ਨਜ਼ਾਰੇ ਵਿਖਾਵਾਂਗੇ। ਫਿਰ ਦਸਮੇਸ਼ ਪਿਤਾ ਜੀ ਵੀ ਖੁਸ਼ ਹੋਣਗੇ ਕਿ ਮੇਰੇ ਪੁੱਤਰਾਂ ਦਾ ਕਾਫਲਾ ਕੁੱਲ੍ਹੀ-ਕੁੱਲ੍ਹੀ ਨੂੰ ਕਿਲ੍ਹਾ ਬਣਾ ਸਕਦਾ ਹੈ ਤੇ ਅੱਜ ਦੇ ਨਾਹਰ ਖ਼ਾਨਾਂ ਨੂੰ ਗੱਡੀ ਵੀ ਚੜ੍ਹਾ ਰਿਹਾ ਹੈ; ਮਿਰਜ਼ਾ ਮਰਦੂਦਾਂ ਨੂੰ ਲੜਾਈ ਵਿਚੋਂ ਭਜਾ ਵੀ ਰਿਹਾ ਹੈ ਤੇ ਮੇਰੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਸ਼ਹੀਦੀਆਂ ਪ੍ਰਾਪਤ ਕਰ ਕੇ ਵੀ ਰਾਜ ਕਰੇਗਾ ਖ਼ਾਲਸਾ ਦਾ ਨਾਹਰਾ ਬੁਲੰਦ ਕਰ ਰਿਹਾ ਹੈ। ਭਾਈ ਗੁਰਮੁਖ ਸਿੰਘ ਪਿੰਡ ਬੱਗਾ ਦਾ ਨੌਜਵਾਨ, ਪਰਮਾਤਮਾ ਦੀ ਬੰਦਗੀ ਕਰਨ ਵਾਲਾ ਗੱਭਰੂ ਸੀ।

26 ਭਾਦਰੋਂ (10 ਸਤੰਬਰ) 1991 ਨੂੰ ਦਸਮੇਸ਼ ਰੈਜਮੈਂਟ ਦੇ ਪੰਜ ਜੁਝਾਰੂ ਸ਼ੇਰਦਿਲ—ਭਾਈ ਸੀਤਲ ਸਿੰਘ ਮੱਤੇਵਾਲ, ਭਾਈ ਤਰਸੇਮ ਸਿੰਘ ਮੱਤੇਵਾਲ, ਭਾਈ ਗੁਰਨਾਮ ਸਿੰਘ ਸੈਕਟਰੀ ਮੱਤੇਵਾਲ, ਭਾਈ ਗੁਰਦਿਆਲ ਸਿੰਘ ਮਾੜੀ ਪਨੂੰਆਂ, ਭਾਈ ਗੁਰਮੁਖ ਸਿੰਘ ਬੱਗਾ ਉਰਫ ਗੰਭੀਰ ਸਿੱਟਾ ਪਿੰਡ ਬੱਲੋਵਾਲੀ ਦੇ ਖੇਤਾਂ ਵਿਚ ਲੱਗੇ ਨਲਕੇ 'ਤੇ ਇਸ਼ਨਾਨ ਕਰ ਰਹੇ ਸਨ। ਲਾਗੇ ਦੇ ਪਿੰਡ ਦਾ ਨੌਜਵਾਨ ਜਿਹੜਾ ਗੱਲਾਂ ਚੰਗੀਆਂ ਕਰ ਲੈਂਦਾ ਸੀ ਤੇ ਹੋਮਗਾਰਡ ਦੀ ਨੌਕਰੀ ਵੀ ਕਰਦਾ ਸੀ, ਨਲਕਾ ਗੇੜ ਕੇ ਸਿੰਘਾਂ ਨੂੰ ਇਸ਼ਨਾਨ ਕਰਵਾ ਰਿਹਾ ਸੀ। ਸਿੰਘਾਂ ਦੇ ਕੋਲ ਉਸ ਵੇਲੇ ਇਕ ਏ.ਕੇ. 47 ਅਸਾਲਟ ਰਾਈਫਲ ਹੱਥ ਵਿਚ ਫੜੀ ਭਾਈ ਗੁਰਮੁਖ ਸਿੰਘ ਬੱਗਾ ਪਹਿਰਾ ਦੇ ਰਿਹਾ ਸੀ, ਸਿੰਘਾਂ ਨੇ ਦੂਜੇ ਹਥਿਆਰ ਤੇ ਗੋਲੀ ਸਿੱਕਾ ਕਮਾਦ ਦੇ ਖੇਤ ਵਿੱਚ ਰੱਖਿਆ ਹੋਇਆ ਸੀ। ਹੋਮਗਾਰਡੀਏ ਨੇ ਸੋਚਿਆ ਕਿ ਅੱਜ ਪੁਲਿਸ ਨੂੰ ਦੱਸ ਦੇਵਾਂ ਤਾਂ ਸੀਤਲ ਸਿੰਘ ਮੱਤੇਵਾਲ ਤੇ ਸਾਥੀ ਫੜਨੇ ਮੁਸ਼ਕਿਲ ਨਹੀਂ। ਇਨ੍ਹਾਂ ਕੋਲ ਇਕ ਏ.ਕੇ. 47 ਅਸਾਲਟ ਰਾਈਫਲ ਹੈ, ਕਿੰਨਾ ਕੁ ਚਿਰ ਇਸ ਨਾਲ ਮੁਕਾਬਲਾ ਕਰ ਲੈਣਗੇ। ਹੋਮਗਾਰਡ ਵਾਲੇ ਦੇ ਦਿਲ ਅੰਦਰੋਂ ਸਿੱਖੀ ਸਿਦਕ ਦੀ ਭਾਵਨਾ ਮਰ ਗਈ ਸੀ। ਲਾਲਚ ਭਾਰੂ ਹੋ ਗਿਆ। ਭਾਈ

ਸੀਤਲ ਸਿੰਘ ਦੇ ਸਿਰ ਦਾ ਇਨਾਮ ਪੂਰਾ 40 ਲੱਖ ਰੁਪਏ ਤੇ ਦੂਜੇ ਸਿੰਘਾਂ ਦਾ ਵੀ ਹੈ। ਮੈਨੂੰ ਸਰਕਾਰ ਇਨਾਮ ਦੇਵੇਗੀ, ਮੇਰੀ ਬੇਰੁਜ਼ਗਾਰੀ ਤੇ ਗਰੀਬੀ ਖਤਮ ਹੋ ਜਾਊ। ਇਨ੍ਹਾਂ ਸਿੰਘਾਂ ਨੇ ਤਾਂ ਇਕ ਦਿਨ ਪੁਲਿਸ ਦੇ ਹੱਥ ਆ ਈ ਜਾਣਾ ਹੈ। ਫਿਰ ਮੈਂ ਹੀ ਕਿਉਂ ਨਾ ਇਹ ਵੇਲਾ ਸੰਭਾਲ ਲਵਾਂ। ਉਹ ਸਿੱਖ ਕੌਮ ਨਾਲ ਗੱਦਾਰੀ ਕਰਨ ਲਈ ਸਿੰਘਾਂ ਨੂੰ ਇਸ਼ਨਾਨ ਕਰਾ ਕੇ ਪਿੰਡ ਨੂੰ ਤੁਰ ਪਿਆ। ਡੀ.ਐਸ.ਪੀ. ਅਪਰੇਸ਼ਨ ਨਰਿੰਦਰਪਾਲ ਸਿਹੁੰ ਨੂੰ ਸਿੰਘਾਂ ਦੇ ਬੱਲੋਵਾਲੀ ਦੇ ਖੇਤਾਂ ਵਿਚ ਬੈਠੇ ਹੋਣ ਦੀ ਇਤਲਾਹ ਦਿੱਤੀ।

26 ਭਾਦਰੋਂ (10 ਸਤੰਬਰ) 1991 ਨੂੰ ਦਿਨ ਦੇ 10 ਕੁ ਵੱਜੇ ਸਨ। ਪਿੰਡ ਬੱਲੋਵਾਲੀ ਦੇ ਸਰਪੰਚ ਸੰਤੋਖ ਸਿੰਘ ਦੇ ਘਰੋਂ ਸਿੰਘਾਂ ਲਈ ਰੋਟੀ ਲੈ ਕੇ ਉਸ ਦੀ ਘਰਵਾਲੀ ਆਪਣੇ ਖੇਤਾਂ ਨੂੰ ਚੱਲ ਪਈ। ਸਵੇਰੇ ਸੰਤੋਖ ਸਿੰਘ ਆਪਣੇ ਖੇਤਾਂ ਨੂੰ ਗੇੜਾ ਮਾਰਨ ਆਇਆ ਸੀ। ਭਾਈ ਸੀਤਲ ਸਿੰਘ ਹੁਰਾਂ ਨੂੰ ਮਿਲਿਆ ਤੇ ਗੱਲਾਂ ਕਰਦੇ ਰਹੇ। ਚਾਹ-ਪਾਣੀ ਦੀ ਸੇਵਾ ਪੁੱਛੀ। ਸਿੰਘਾਂ ਨੇ ਕਿਹਾ ਕਿ ਭਾਊ; .ਪਰਸ਼ਾਦੇ ਭੇਜ ਦੇਵੀਂ। ਭਾਈ ਸੀਤਲ ਸਿੰਘ ਤੇ ਸਰਪੰਚ ਸੰਤੋਖ ਸਿੰਘ ਦੋਵੇਂ ਪਿੰਡ ਉਦੋਕੇ ਵਿਆਹੇ ਹੋਏ ਸਨ। ਸਹੁਰਿਆਂ ਦੇ ਘਰ ਨਜ਼ਦੀਕ ਸਨ, ਉਂਜ ਵੀ ਭਾਈ ਸੀਤਲ ਸਿੰਘ ਮੱਤੇਵਾਲ ਨੂੰ ਇਲਾਕਾ ਆਪਣਾ ਆਗੂ ਸਮਝਦਾ ਸੀ। ਸੰਤੋਖ ਸਿੰਘ ਘਰ ਗਿਆ ਤੇ ਘਰਵਾਲੀ ਨੂੰ ਕਿਹਾ ਕਿ ਅੱਜ ਤੇਰਾ ਜੀਜਾ ਆਇਆ, ਪੈਲੀ 'ਤੇ ਬਾਗ ਵਿਚ ਬੈਠਾ। ਪੰਜ ਸਿੰਘਾਂ ਦਾ ਪ੍ਰਸ਼ਾਦਾ ਤਿਆਰ ਕਰ ਦੇ। ਸਰਪੰਚਣੀ ਕਹਿੰਦੀ—ਜੀ ਪ੍ਰਸ਼ਾਦਾ ਤਾਂ ਮੈਂ ਝੱਟ ਤਿਆਰ ਕਰ ਲੈਨੀ ਆਂ ਤੇ ਜੇ ਕਹੋ ਤਾਂ ਮੈਂ ਨਾਲੇ ਜੀਜੇ ਦੇ ਦਰਸ਼ਨ ਕਰ ਆਵਾਂ, ਨਾਲੇ ਰੋਟੀ ਲੈ ਜਾਵਾਂ। ਬੰਦੇ 'ਤੇ ਰੋਟੀ ਲੈ ਕੇ ਜਾਣ 'ਤੇ ਵੀ ਸ਼ੱਕ ਜ਼ਿਆਦਾ ਹੁੰਦਾ ਹੈ। ਮੈਂ ਤਾਂ ਨਰਿੰਦਰ ਨੂੰ ਵਿਆਹੁਣ ਗਏ ਨੂੰ ਹੀ ਸੀਤਲ ਨੂੰ ਵੇਖਿਆ ਹੈ। ਸਰਪੰਚ ਸੰਤੋਖ ਸਿੰਘ ਕਹਿੰਦਾ—ਠੀਕ ਹੈ। ਸ਼ੇਰਦਿਲ ਭਾਈ ਸੀਤਲ ਸਿੰਘ ਤੇ ਸਾਥੀ ਸਿੰਘ ਸੂਰਮੇ ਸਿੱਖ ਕੌਮ ਨੂੰ ਜ਼ਾਲਮ ਹਕੂਮਤ ਤੋਂ ਆਜ਼ਾਦ ਕਰਾਉਣ ਲਈ ਸਿਰਾਂ 'ਤੇ ਕਫ਼ਨ ਬੰਨ੍ਹ ਕੇ ਸੁੱਖਾਂ ਦਾ ਤਿਆਗ ਕਰ ਕੇ ਮੈਦਾਨੇ-ਜੰਗ ਵਿਚ ਜੂਝ ਰਹੇ ਹਨ। ਜਿੰਨੀ ਵੀ ਹੋ ਸਕੇ ਹਰ ਸਿੱਖ ਨੂੰ ਮਦਦ ਕਰਨੀ ਚਾਹੀਦੀ ਹੈ। ਸੰਤੋਖ ਸਿੰਘ ਦੀ ਘਰਵਾਲੀ ਰੋਟੀਆਂ ਪਾ ਕੇ, ਸਬਜ਼ੀ ਭਾਜੀ ਤਿਆਰ ਕਰ ਕੇ ਆਪਣੇ ਖੇਤਾਂ ਦੇ ਰਾਹੇ ਪੈ ਗਈ। ਸਰਪੰਚ ਸੰਤੋਖ ਸਿੰਘ ਵੱਲੋਂ ਸਰਪੰਚਣੀ ਨੂੰ ਸਿੰਘਾਂ ਦੀ ਰੋਟੀ ਦੇ ਕੇ ਭੇਜਣ ਤੋਂ ਪਤਾ ਲੱਗਦਾ ਹੈ ਕਿ ਦਸਮੇਸ਼ ਰੈਜਮੈਂਟ ਦੇ ਸਿੰਘਾਂ ਦਾ ਕਿਰਦਾਰ ਉੱਚਾ-ਸੁੱਚਾ ਤੇ ਬੇਦਾਗ ਸੀ।

10 ਸਤੰਬਰ 1991 ਦਾ ਦਿਨ ਸਿੱਖ ਇਤਿਹਾਸ ਦੇ ਪੰਨਿਆਂ ਵਿਚ ਆਪਣੀਆਂ ਪੈੜਾਂ ਸਿਰਜ ਗਿਆ ਹੈ। ਪਿੰਡ ਬੁੱਲੋਵਾਲੀ ਦੇ ਖੇਤਾਂ ਵਿੱਚ ਬਾਗ ਵਿਚ ਦਸਮੇਸ਼ ਰੈਜਮੈਂਟ ਦੇ ਜਰਨੈਲ ਸ਼ੇਰਦਿਲ ਭਾਈ ਸੀਤਲ ਸਿੰਘ ਮੱਤੇਵਾਲ ਸਾਥੀ ਸਿੰਘਾਂ ਨਾਲ ਬੈਠੇ ਸਨ। ਸੰਤੋਖ ਸਿੰਘ ਸਰਪੰਚ ਬੱਲੋਵਾਲੀ ਦੇ ਘਰੋਂ ਆਏ ਪ੍ਰਸ਼ਾਦੇ ਸਿੰਘ ਅਜੇ ਛਕਣ ਹੀ ਲੱਗੇ ਸਨ ਤੇ ਸਿੰਘਾਂ ਨੂੰ ਪ੍ਰਸ਼ਾਦੇ ਛਕਿਆਂ ਨੂੰ ਵੀ ਚੌਦਾਂ ਘੰਟੇ ਹੋ ਗਏ ਸਨ। ਅਜੇ ਪ੍ਰਸ਼ਾਦੇ

ਕਿਸੇ ਸਿੰਘ ਨੇ ਇਕ ਛਕਿਆ ਸੀ ਤੇ ਕਿਸੇ ਨੇ ਅਜੇ ਗਰਾਹੀ ਹੀ ਮੂੰਹ ਵਿੱਚ ਪਾਈ ਸੀ, ਰੋਟੀਆਂ ਲੈ ਕੇ ਆਈ ਭੈਣ ਦੀ ਨਿਗਾਹ ਪੁਲਿਸ ਦੀਆਂ ਗੱਡੀਆਂ 'ਤੇ ਪਈ। ਉਸ ਨੇ ਕਿਹਾ, "ਵੀਰ, ਪੁਲਿਸ ਆਉਂਦੀ ਜੇ, ਹੈ ਵੀ ਬੜੀ। ਕੋਈ ਚਾਰਾ ਕਰ ਲਵੋ।"

ਭਾਈ ਸੀਤਲ ਸਿੰਘ ਨੇ ਕਿਹਾ, "ਭੈਣ, ਤੂੰ ਚੱਲ ਬਾਗ ਵਿਚੋਂ ਦੀ ਪਿੰਡ ਨੂੰ ਤੁਰ ਜਾ, ਪੁਲਿਸ ਨਾਲ ਅਸੀਂ ਆਪੇ ਸਿੱਝ ਲਵਾਂਗੇ।" ਭੈਣ ਜਦੋਂ ਬਾਗ ਵਿਚੋਂ ਨਿਕਲੀ ਤਾਂ ਸੀ.ਆਰ.ਪੀ. ਨੇ ਘੇਰ ਲਿਆ। ਸਿੰਘਾਂ ਨੇ ਵੀ ਫ਼ਾਇਰ ਕਰ ਕੇ ਜੰਗ ਦਾ ਬਿਗਲ ਵਜਾ ਦਿੱਤਾ। ਸੀ.ਆਰ.ਪੀ. ਨੇ ਸਮਝ ਲਿਆ ਕਿ ਇਹ ਮੱਤੇਵਾਲ ਦੀ ਡਰੈਗਨ ਗੰਨ ਦਾ ਫ਼ਾਇਰ ਹੈ ਤੇ ਇਸ ਦਾ ਫ਼ਾਇਰ ਖ਼ਾਲੀ ਨਹੀਂ ਜਾਂਦਾ। ਸੀ.ਆਰ.ਪੀ. ਵਾਲੇ ਆਪਣੇ ਬਚਾਅ ਕਰਨ ਲਈ ਪਿੱਛੇ ਨੂੰ ਭੱਜ ਗਏ ਤੇ ਖਾਲਾਂ ਵੱਟਾਂ ਦੀ ਓਟ ਲੈ ਲਈ। ਰੋਟੀਆਂ ਲੈ ਕੇ ਆਈ ਭੈਣ ਖੇਤਾਂ ਵਿਚਦੀ ਬੱਲੋਵਾਲੀ ਪਹੁੰਚ ਗਈ। ਸੁਰੱਖਿਆ ਬਲਾਂ ਦੀ ਇਹ ਰਣਨੀਤੀ ਹੁੰਦੀ ਹੈ ਕਿ ਘੇਰੇ ਵਿਚ ਆਏ ਖਾੜਕੂਆਂ ਦੀ ਮਾਰ ਤੋਂ ਪਿੱਛੇ ਹਟ ਕੇ ਘੇਰਾਬੰਦੀ ਕੀਤੀ ਜਾਵੇ ਤੇ ਲੰਬਾ ਸਮਾਂ ਅੱਗੇ ਨਾ ਵਧਿਆ ਜਾਵੇ। ਖਾੜਕੂ ਸਿੰਘਾਂ ਦਾ ਅਸਲਾ ਵੱਧ ਤੋਂ ਵੱਧ ਖ਼ਤਮ ਹੋ ਜਾਵੇ। ਪਰ ਜਿਹੜੇ ਸਿੰਘਾਂ ਨੇ ਯੁੱਧਨੀਤੀ ਅਤੇ ਗੰਭੀਰ ਸਿੱਟੇ ਭੁਗਤਾਉਣ ਦਾ ਨਿਸ਼ਚਾ ਕੀਤਾ ਹੋਵੇ, ਉਹ ਇਕ ਵੀ ਗੋਲੀ ਅਜਾਈਂ ਨਹੀਂ ਗਵਾਉਣਾ ਚਾਹੁੰਦੇ। ਜਿਸ ਖੇਤ ਵਿਚ ਦਸਮੇਸ਼ ਰੈਜਮੈਂਟ ਦੇ ਪੰਜ ਸਿੰਘ ਮਰਦ ਦਲੇਰ ਘੇਰੇ ਹੋਏ ਸਨ, ਪੰਜ ਕਿੱਲੇ ਕਮਾਦ ਅਤੇ ਪੰਜ ਕਿੱਲੇ ਕਿਨੂੰਆਂ ਦਾ ਬਾਗ ਸੀ, ਕਮਾਦ ਵਿਚ ਇਕ ਧਰੇਕ ਦਾ ਰੁੱਖ ਸੀ ਤੇ ਹੇਠਾਂ ਬੋਰ ਵਾਲਾ ਟੋਆ ਵੀ ਸੀ, ਜੋ ਸਿੰਘਾਂ ਨੂੰ ਮੁਕਾਬਲਾ ਕਰਨ ਲਈ ਸਹਾਈ ਸਿੱਧ ਹੋ ਰਹੇ ਸਨ। ਧਰੇਕ ਉੱਪਰ ਚੜ੍ਹ ਕੇ ਦੁਸ਼ਮਣ ਦੇ ਟਿੱਡੀਦਲ ਨੂੰ ਫੁੰਡਣ ਦਾ ਅੰਦਾਜ਼ਾ ਲਾਉਂਦੇ ਸਨ, ਜਿਸ ਪਾਸੇ ਦੁਸ਼ਮਣ ਦਾ ਟਿੱਡੀ ਦਲ ਮਾਰ ਹੇਠਾਂ ਹੁੰਦਾ, ਸਿੰਘਾਂ ਦੀ ਡਰੈਗਨ ਗੰਨ ਉਸ ਪਾਸੇ ਗਰਜਦੀ ਤੇ ਵੈਰੀ ਦਲ ਦੇ ਸੱਥਰ ਵਿਛਾ ਦਿੰਦੀ। ਪੁਲਿਸ ਦੀਆਂ ਗੱਡੀਆਂ ਜ਼ਖ਼ਮੀ ਸੀ.ਆਰ.ਪੀ. ਤੇ ਪੁਲਿਸ ਵਾਲਿਆਂ ਦੀਆਂ ਲਾਸ਼ਾਂ ਨੂੰ ਲੈ ਕੇ ਅੰਮ੍ਰਿਤਸਰ ਨੂੰ ਭੱਜਦੀਆਂ ਸਨ। ਸੂਰਮੇ ਵੈਰੀ ਦੇ ਆਹੂ ਲਾਹ ਕੇ ਬੋਰ ਵਾਲੇ ਟੋਏ ਵਿਚ ਵੜ ਜਾਂਦੇ ਸਨ। ਸੁਰੱਖਿਆ ਫੋਰਸਾਂ ਆਪਣਾ ਗੋਲੀ ਸਿੱਕਾ ਅੰਨ੍ਹੇਵਾਹ ਬਰਬਾਦ ਕਰ ਰਹੇ ਸਨ। ਸਿੰਘਾਂ ਵੱਲੋਂ ਗੋਲੀਬੰਦੀ 'ਤੇ ਦੁਸ਼ਮਣ ਜੁਝਾਰੂ ਸਿੰਘਾਂ ਨੂੰ ਮਾਰੇ ਗਏ ਸਮਝ ਕੇ ਅੱਗੇ ਵਧਿਆ ਤਾਂ ਕਮਾਦ ਦੇ ਚਾਰਾਂ ਪਾਸਿਆਂ ਤੋਂ ਮੱਤੇਵਾਲ ਦੀ ਡਰੈਗਨ ਤੇ ਜਨਰਲ ਪਰਪਜ਼ ਮਸ਼ੀਨਗੰਨ ਤੇ ਅਸਾਲਟਾਂ ਨੇ ਸਵਾਗਤ ਕੀਤਾ। ਹੁਣ ਦੁਸ਼ਮਣ ਨੂੰ ਪਤਾ ਲੱਗ ਗਿਆ ਕਿ ਅੱਜ ਸਾਡਾ ਪਹਿਲੀ ਵਾਰ ਗੰਭੀਰ ਸਿੱਟੇ ਭੁਗਤਾਉਣ ਵਾਲਿਆਂ ਨਾਲ ਵਾਹ ਪੈ ਗਿਆ ਹੈ। ਦੁਸ਼ਮਣ ਦੇ ਜ਼ਖ਼ਮੀਆਂ ਦੀ ਕੁਰਲਾਹਟ ਅਤੇ ਜੁਝਾਰੂ ਸਿੰਘਾਂ ਦੇ ਸਤਿ ਸ੍ਰੀ ਅਕਾਲ ਤੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਅਨੋਖਾ ਹੀ ਨਜ਼ਾਰਾ ਪੇਸ਼ ਕਰ ਰਹੇ ਸਨ। ਨਰਿੰਦਰਪਾਲ ਸਿਹੁੰ ਪੁਲਿਸ ਮੁਖੀ ਨੂੰ ਕਹਿ ਰਿਹਾ ਸੀ ਕਿ ਸਾਹਿਬ, ਹੋਰ ਸੁਰੱਖਿਆ ਫ਼ੋਰਸਾਂ ਦੇ ਜਵਾਨ ਅਤੇ ਬੁਲੇਟ ਪਰੂਫ਼ ਟਰੈਕਟਰ ਭੇਜੇ ਜਾਣ। ਰਾਤ

ਦੇ ਹਨੇਰੇ ਵਿੱਚ ਖਾੜਕੂ ਘੇਰਾ ਤੋੜ ਕੇ ਨਿਕਲ ਸਕਦੇ ਹਨ। ਬੀ.ਐਸ.ਐਫ. ਤੇ ਸੀ.ਆਰ.ਪੀ. ਦੇ ਹਜ਼ਾਰਾਂ ਜਵਾਨ ਭੇਜ ਦਿੱਤੇ ਤੇ ਤਿੰਨ ਘੇਰੇ ਪਾ ਲਏ ਗਏ। ਰਾਤ ਪੈ ਗਈ, ਦੁਸ਼ਮਣ ਅੰਨ੍ਹੇਵਾਹ ਗੋਲੀ ਚਲਾ ਰਿਹਾ ਸੀ ਕਿ ਖਾੜਕੂ ਸਿੰਘਾਂ ਉੱਤੇ ਦਹਿਸ਼ਤ ਕਾਇਮ ਰੱਖੀ ਜਾ ਸਕੇ। ਜਦੋਂ ਰਾਤ ਸਿੰਘਾਂ ਨੇ ਅਚਾਨਕ ਘੇਰੇ 'ਤੇ ਹੱਲਾ ਬੋਲਿਆ, ਡਰੈਗਨ ਗੰਨ ਗਰਜੀ ਤਾਂ ਇਲਾਕੇ ਦੇ ਲੋਕ ਕਹਿੰਦੇ ਹਨ ਕਿ ਸੁਰੱਖਿਆ ਬਲਾਂ ਵਿਚ ਕੁਰਲਾਹਟ, ਮਾਰ ਡਾਲਾ, ਹਾਏ ਮਾਰ ਡਾਲਾ, ਬਚਾਉ-ਬਚਾਉ ਦੀਆਂ ਆਵਾਜ਼ਾਂ ਆਉਂਦੀਆਂ ਸਨ। ਸੁਰੱਖਿਆ ਫ਼ੋਰਸਾਂ ਨੇ ਚਾਨਣ ਕਰਨ ਵਾਲੇ ਯੰਤਰ ਅਕਾਸ਼ ਵਿਚ ਚਲਾ ਦਿੱਤੇ, ਜਿਸ ਨਾਲ ਸਾਰੇ ਇਲਾਕੇ ਵਿਚ ਚਾਨਣ ਹੋ ਗਿਆ ਕਿ ਜ਼ਖ਼ਮੀਆਂ ਨੂੰ ਚੁੱਕਿਆ ਜਾਵੇ।

ਅੱਧੀ ਰਾਤ ਵੇਲੇ ਤਿੰਨ ਪਾਸਿਆਂ ਤੋਂ ਦਸਮੇਸ਼ ਰੈਜਮੈਂਟ ਦੇ ਸਹਿਯੋਗ ਵਿਚ ਭਾਈ ਹਰਦੇਵ ਸਿੰਘ ਕਾਲੀਆ ਕਾਦਰਾਬਾਦ, ਭਾਈ ਬਲਵਿੰਦਰ ਸਿੰਘ ਸ਼ਾਹਪੁਰ ਨੇ ਆਪਣੇ ਜਥੇ ਦੇ ਸਿੰਘਾਂ ਨਾਲ ਘੇਰਾ ਤੋੜਨ ਲਈ ਹਮਲਾ ਕਰ ਦਿੱਤਾ ਤਾਂ ਤੀਜਾ ਘੇਰਾ ਪਾਈ ਬੈਠੀ ਸੀ.ਆਰ.ਪੀ. ਤੇ ਬੀ.ਐਸ.ਐਫ. ਵਿਚ ਹਾਹਾਕਾਰ ਮੱਚ ਗਈ। ਬੱਲੋਵਾਲੀ ਦੇ ਚੁਫੇਰੇ ਦਸ-ਦਸ ਕਿਲੋਮੀਟਰ ਤਕ ਪੁਲਿਸ ਮੁਕਾਬਲੇ ਦਾ ਘੇਰਾ ਉਝਲ ਗਿਆ ਸੀ। ਗਰਮੀ ਦੇ ਦਿਨਾਂ ਵਿਚ ਬਿਜਲੀ ਬੰਦ ਸੀ, ਭਾਦਰੋਂ ਦੇ ਮਹੀਨੇ ਮਰੋੜਾ ਲੱਗਾ ਸੀ। ਲੋਕ ਰਾਤ ਬਹਿ ਕੇ ਘਰਾਂ ਅੰਦਰ ਹੀ ਕੱਟ ਰਹੇ ਸਨ। ਪਾਣੀ ਦੀ ਵਾਰੀ ਲਾਉਣ ਵਾਲੇ ਕਿਸਾਨ ਵੀ ਰਾਤ ਬਾਹਰ ਨਹੀਂ ਸੀ ਜਾ ਰਹੇ। ਇੰਨੀ ਗੋਲੀ ਤਾਂ ਕਦੀ ਬਾਰਡਰ 'ਤੇ ਵੀ ਨਹੀਂ ਚੱਲੀ ਹੋਣੀ।

ਭਾਈ ਸੀਤਲ ਸਿੰਘ ਮੱਤੇਵਾਲ ਨੂੰ ਪਏ ਪੁਲਿਸ ਦੇ ਜ਼ਬਰਦਸਤ ਘੇਰੇ ਦੀ ਖ਼ਬਰ ਸਾਰੇ ਪੰਜਾਬ ਅੰਦਰ ਜੰਗਲ ਦੀ ਅੱਗ ਵਾਂਗ ਫੈਲ ਗਈ। ਸੁਣ ਕੇ ਜੁਝਾਰੂ ਸਿੰਘ ਵਹੀਰਾਂ ਘੱਤ ਤੁਰੇ ਕਿ ਜੇ ਅੱਜ ਦਾ ਦਿਨ ਸਿੰਘ ਚੜ੍ਹਦੀ ਕਲਾ ਵਿਚ ਕੱਢ ਗਏ ਤਾਂ 12 ਸਤੰਬਰ ਦੀ ਰਾਤ ਨੂੰ ਅਜਿਹਾ ਕਹਿਰੀ ਹੱਲਾ ਬੋਲਾਂਗੇ ਕਿ ਦੁਸ਼ਮਣ ਨੂੰ ਨਾਨੀ ਯਾਦ ਕਰਾ ਦੇਵਾਂਗੇ। ਹਰ ਹਾਲਤ ਵਿਚ ਦਸਮੇਸ਼ ਰੈਜਮੈਂਟ ਦੇ ਭਾਈ ਸੀਤਲ ਸਿੰਘ ਨੂੰ ਘੇਰੇ ਵਿਚੋਂ ਕੱਢ ਕੇ ਰਹਾਂਗੇ। ਲੋਕਾਂ ਦੇ ਦੱਸਣ ਅਨੁਸਾਰ ਚਾਰ ਸੌ ਤੋਂ ਵੱਧ ਸਿੰਘ ਰਾਤ ਨੂੰ ਹਮਲਾ ਕਰਨ ਲਈ ਪਹੁੰਚ ਗਏ ਸਨ। ਰਾਤ ਵੇਲੇ ਅਚਾਨਕ ਚਾਰੇ ਪਾਸਿਆਂ ਤੋਂ ਸੁਰੱਖਿਆ ਫ਼ੋਰਸਾਂ ਉਪਰ ਜ਼ਬਰਦਸਤ ਹਮਲਾ ਕਰਨ ਦੀ ਤਿਆਰੀ ਸੀ। 11 ਸਤੰਬਰ ਦੀ ਰਾਤ ਨੂੰ ਭਾਈ ਤਰਸੇਮ ਸਿੰਘ ਮੱਤੇਵਾਲ ਦੁਸ਼ਮਣ ਨਾਲ ਲੋਹਾ ਲੈਂਦਿਆਂ ਸ਼ਹਾਦਤ ਦਾ ਜਾਮ ਪੀ ਗਿਆ। ਦਿਨ ਚੜ੍ਹੇ ਤਕ ਸਿੰਘਾਂ ਨੇ ਗੋਲੀ ਚਲਾਉਣੀ ਬੰਦ ਰੱਖੀ। ਦਿਨੇ ਕਮਾਦ ਦੀ ਤਲਾਸ਼ੀ ਲੈਣੀ ਚਾਹੀ ਕਿ ਹੁਣ ਤਾਂ ਰਾਤ ਦੀ ਇਤਨੀ ਜ਼ਬਰਦਸਤ ਗੋਲੀਬਾਰੀ ਵਿਚ ਸਿੰਘ ਮਾਰੇ ਗਏ ਹੋਣਗੇ, ਦੁਸ਼ਮਣ ਨੂੰ ਭਾਈ ਤਰਸੇਮ ਸਿੰਘ ਦੀਆਂ ਗੋਲੀਆਂ ਨਾਲ ਛਲਣੀ ਹੋਈ ਸ਼ਹੀਦੀ ਦੇਹ ਬਾਹਰਲੀ ਵੱਟ ਤੋਂ ਕਮਾਦ ਵਿੱਚ ਮਿਲ ਗਈ। ਦੁਸ਼ਮਣ ਖੁਸ਼ੀ ਵਿਚ ਜੱਫੀਆਂ

ਪਾਉਣ ਲੱਗਾ। ਦੂਜੇ ਖਾੜਕੂਆਂ ਦੀਆਂ ਲਾਸ਼ਾਂ ਦੀ ਭਾਲ ਚਾਰੇ ਪਾਸੇ ਹੋਣ ਲੱਗੀ। ਖੁਸ਼ੀਆਂ ਕੁਰਲਾਹਟ ਵਿਚ ਬਦਲ ਗਈਆਂ, ਜਦੋਂ ਸਿੰਘਾਂ ਦੀਆਂ ਡਰੈਗਨ ਗੰਨਾਂ, ਜੀ.ਪੀ.ਐਮਾਂ. ਨੇ ਅੱਗ ਕੱਢੀ। ਭੱਜੇ ਜਾਂਦੇ ਸੁਰੱਖਿਆ ਜਵਾਨਾਂ ਦੇ ਗੋਲੀਆਂ ਲੱਗਣ ਨਾਲ ਸੱਥਰ ਵਿਛ ਗਏ। ਹੁਣ ਤਾਂ ਜ਼ਖਮੀਆਂ ਨੂੰ ਚੁੱਕਣ ਲਈ ਵੀ ਕੋਈ ਮਾਈ ਦਾ ਲਾਲ ਸਾਹਮਣੇ ਨਾ ਆਇਆ। ਫ਼ੌਜ ਨੂੰ ਸੱਦਣ ਲਈ ਸਲਾਹਾਂ ਹੋਣ ਲੱਗੀਆਂ। ਸੀ.ਆਰ.ਪੀ. ਦੇ ਕਮਾਡੈਂਟ ਭਾਨੂੰ ਪਰਤਾਪ ਸਿਹੁੰ ਤੇ ਐਸ.ਐਸ. ਯਾਦਵ ਬੁਲੇਟ ਪਰੂਫ਼ ਟਰੈਕਟਰਾਂ ਦਾ ਕਾਫ਼ਲਾ ਲੈ ਕੇ ਪਹੁੰਚ ਗਏ। ਹਾਕਮਾਂ ਨੂੰ ਬੁਲੇਟ ਪਰੂਫ਼ ਟਰੈਕਟਰਾਂ ਉੱਤੇ ਕੁਝ ਜ਼ਿਆਦਾ ਹੀ ਮਾਣ ਸੀ, ਉਹ ਸਮਝਦੇ ਸਨ ਕਿ ਸਿੰਘਾਂ ਨੂੰ ਜਿਉਂਦੇ ਹੀ ਕਮਾਦ ਵਿਚੋਂ ਫੜ ਲਵਾਂਗੇ। ਜਦੋਂ ਸੀ.ਆਰ.ਪੀ. ਦਾ ਕਮਾਡੈਂਟ ਭਾਨੂੰ ਪਰਤਾਪ ਬੁਲੇਟ ਪਰੂਫ਼ ਟਰੈਕਟਰ ਵਿਚ ਸਵਾਰ ਹੋ ਕੇ ਕਮਾਦ ਵਿਚ ਵੜਿਆ ਤਾਂ ਸ਼ੇਰਦਿਲ ਭਾਈ ਸੀਤਲ ਸਿੰਘ ਦੇ ਜੁਝਾਰੂ ਸਾਥੀਆਂ ਨੇ ਡਰੈਗਨ ਗੰਨ ਨਾਲ ਉਲਟ ਬਾਜ਼ੀਆਂ ਲਵਾ ਦਿੱਤੀਆਂ। ਭਾਨੂੰ ਪਰਤਾਪ ਸਿਹੁੰ ਚੀਕਾਂ ਮਾਰਦਾ ਕਮਾਦ ਦੇ ਖੇਤ ਵਿਚੋਂ ਭੱਜ ਉੱਠਿਆ। ਇਸ ਪਿੱਛੋਂ ਸੀ.ਆਰ.ਪੀ. ਦਾ ਅਫ਼ਸਰ ਐਸ.ਐਸ. ਯਾਦਵ ਬੁਲੇਟ ਪਰੂਫ਼ ਟਰੈਕਟਰ ਵਿਚ ਸਵਾਰ ਹੋ ਕੇ ਕਮਾਦ ਦੇ ਖੇਤ ਵਿਚ ਵੜ ਗਿਆ। ਬੁਲੇਟ ਪਰੂਫ਼ ਟਰੈਕਟਰ ਉਪਰ ਕਹਿੰਦੇ ਹਨ ਕਿ ਗੋਲੀ ਦਾ ਅਸਰ ਨਹੀਂ ਹੁੰਦਾ ਪਰ ਸਿੰਘਾਂ ਨੇ ਡਰੈਗਨ ਗੰਨ ਨਾਲ ਬੁਲੇਟ ਪਰੂਫ਼ ਟਰੈਕਟਰ ਦੀ ਬਾਰੀ ਦੇ ਕਬਜ਼ੇ 'ਤੇ ਅਜਿਹਾ ਨਿਸ਼ਾਨਾ ਮਾਰਿਆ ਕਿ ਬਾਰੀ ਦੇ ਕਬਜ਼ੇ ਟੁੱਟ ਗਏ ਤੇ ਬਾਰੀ ਡਿੱਗ ਪਈ। ਟਰੈਕਟਰ ਦਾ ਡਰਾਈਵਰ ਮਾਰਿਆ ਗਿਆ, ਐਸ.ਐਸ. ਯਾਦਵ ਸਖ਼ਤ ਜ਼ਖਮੀ ਹੋਇਆ। ਦਸਮੇਸ਼ ਰੈਜਮੈਂਟ ਦੇ ਸਿੰਘਾਂ ਨੇ ਬੁਲੇਟ ਪਰੂਫ਼ ਟਰੈਕਟਰਾਂ ਦਾ ਕਮਾਦ ਦੇ ਖੇਤ ਵਿਚ ਕਬਰਸਤਾਨ ਬਣਾ ਦਿੱਤਾ। ਕਮਾਦ ਦੇ ਖੇਤ ਵਿਚਲੇ ਜੁਝਾਰੂ ਧਰੇਕ ਦੇ ਰੁੱਖ ਨੂੰ ਟਾਵਰ ਦੇ ਤੌਰ 'ਤੇ ਵਰਤ ਰਹੇ ਸਨ, ਦੁਸ਼ਮਣ ਦੀਆਂ ਸਰਗਰਮੀਆਂ ਦਾ ਉਪਰ ਚੜ੍ਹ ਕੇ ਅੰਦਾਜ਼ਾ ਲਾਉਂਦੇ ਸਨ। ਹਾਕਮ ਨੇ ਇਸ ਗੱਲ ਦਾ ਅੰਦਾਜ਼ਾ ਲਾਇਆ, ਰੁੱਖ ਉੱਤੇ ਗੋਲੀਆਂ ਦੀ ਵਾਛੜ ਕੀਤੀ ਤਾਂ ਧਰੇਕ ਦੇ ਰੁੱਖ ਉਪਰ ਲੱਗਾ ਡੂਮਣਾ ਉੱਡ ਗਿਆ (ਇਸ ਤੋਂ ਪਹਿਲਾਂ ਜੁਝਾਰੂ ਸਿੰਘ ਕਈ ਵਾਰ ਰੁੱਖ ਉੱਪਰ ਚੜ੍ਹੇ-ਉਤਰੇ ਸਨ, ਡੂਮਣਾ ਉੱਡਿਆ ਨਹੀਂ ਸੀ) ਤੇ ਦੂਰ ਬੈਠੇ ਪੁਜ਼ੀਸ਼ਨਾਂ ਲੈ ਕੇ ਗੋਲੀਆਂ ਚਲਾ ਰਹੇ ਸੀ.ਆਰ.ਪੀ. ਦੇ ਜਵਾਨਾਂ ਨੂੰ ਲੜਨ ਲੱਗਾ ਤਾਂ ਸੀ.ਆਰ.ਪੀ. ਵਾਲੇ ਚੀਕਾਂ ਮਾਰ ਕੇ ਮੋਰਚੇ ਛੱਡ ਕੇ ਪਿਛਾਂਹ ਭੱਜ ਉੱਠੇ। ਐਸ.ਐਸ.ਪੀ. ਅਪਰੇਸ਼ਨ ਨਰਿੰਦਰਪਾਲ ਖ਼ਫ਼ਾ ਹੋ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਜੇ ਅੱਜ ਸ਼ਾਮ ਤਕ ਖਾੜਕੂ ਨਾ ਮਾਰੇ ਗਏ ਤਾਂ ਇਸ ਦੇ ਇਸ ਤੋਂ ਵੀ ਜ਼ਿਆਦਾ ਗੰਭੀਰ ਸਿੱਟੇ ਭੁਗਤਣੇ ਪੈਣਗੇ। ਸੀ.ਆਈ.ਡੀ. ਕਹਿ ਰਹੀ ਹੈ ਕਿ ਇਲਾਕੇ ਦੇ ਸਾਰੇ ਧੜੇ-ਗਰੁੱਪ ਖਾੜਕੂ ਇਕੱਠੇ ਹੋ ਕੇ ਦਸਮੇਸ਼ ਰੈਜਮੈਂਟ ਦੇ ਘਿਰੇ ਹੋਏ ਮੁਖੀ ਭਾਈ ਸੀਤਲ ਸਿੰਘ ਮੱਤੇਵਾਲ ਨੂੰ ਘੇਰੇ ਵਿੱਚੋਂ ਕੱਢਣ ਲਈ ਸੁਰੱਖਿਆ ਬਲਾਂ ਉੱਤੇ ਰਾਤ ਵੇਲੇ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਹਨ। ਫਿਰ ਤਾਂ ਸੁਰੱਖਿਆ ਬਲਾਂ ਨੂੰ

ਆਪਣੀ ਜਾਨ ਬਚਾ ਕੇ ਭੱਜਣਾ ਵੀ ਮੁਸ਼ਕਿਲ ਹੋ ਜਾਵੇਗਾ। ਦਸਮੇਸ਼ ਰੈਜਮੈਂਟ ਦੇ ਸਿੰਘਾਂ ਦੇ ਘੇਰੇ ਵਿਚ ਆ ਜਾਣ 'ਤੇ ਉਨ੍ਹਾਂ ਨੂੰ ਘੇਰੇ ਵਿਚੋਂ ਬਚਾਉਣ ਲਈ ਲੋਕਾਂ ਦੇ ਅੰਦਰ ਉੱਠ ਰਹੇ ਰੋਹ ਦੇ ਤੂਫ਼ਾਨ ਨੂੰ ਸ਼ਾਂਤ ਕਰਨ ਲਈ, ਇਹ ਅਫ਼ਵਾਹ ਵੀ ਫ਼ੈਲਾਈ ਗਈ ਕਿ ਭਾਈ ਸੀਤਲ ਸਿੰਘ ਮੱਤੇਵਾਲ ਕੁਝ ਸਾਥੀਆਂ ਨਾਲ ਰਾਤ ਵੇਲੇ ਘੇਰਾ ਤੋੜ ਕੇ ਨਿਕਲ ਗਏ ਹਨ। ਲੋਕਾਂ ਨੇ ਤਾਂ ਇਸ ਖੁਸ਼ੀ ਵਿੱਚ ਲੱਡੂ ਵੀ ਵੰਡ ਦਿੱਤੇ ਪਰ ਇਹ ਪ੍ਰਚਾਰ ਹਾਕਮਾਂ ਦੀ ਕੂਟਨੀਤੀ ਦਾ ਹਿੱਸਾ ਸੀ। ਸਖ਼ਤ ਹਿਦਾਇਤ 'ਤੇ ਤਿੰਨ ਬੁਲੇਟ ਪਰੂਫ਼ ਟਰੈਕਟਰ ਕਮਾਦ ਦੇ ਖੇਤ ਵਿੱਚ ਵਾੜੇ ਗਏ। ਭਾਈ ਗੁਰਨਾਮ ਸਿੰਘ ਸੈਕਟਰੀ ਮੱਤੇਵਾਲ ਗੋਲੀਆਂ ਲੱਗਣ ਨਾਲ ਜ਼ਖਮੀ ਹੋਏ ਨੂੰ ਬੁਲੇਟ ਪਰੂਫ਼ ਟਰੈਕਟਰ ਨਾਲ ਫੜਨ ਵਿਚ ਹਾਕਮ ਸਫਲ ਹੋ ਗਏ ਤੇ ਉਸ ਨੂੰ ਢਾਲ ਵਜੋਂ ਵਰਤਦਿਆਂ ਬਾਕੀ ਸਿੰਘਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਜੋ ਅੰਤਰ-ਰਾਸ਼ਟਰੀ ਕਾਨੂੰਨ ਅਨੁਸਾਰ ਜੰਗੀ ਕੈਦੀ ਨੂੰ ਢਾਲ ਵਜੋਂ ਵਰਤਣਾ ਗ਼ਲਤ ਹੈ।

ਭਾਈ ਗੁਰਮੁਖ ਸਿੰਘ ਬੱਗਾ ਤੇ ਭਾਈ ਗੁਰਦਿਆਲ ਸਿੰਘ ਮਾੜੀ ਪਨੂੰਆਂ ਨੇ ਤਿੰਨਾਂ ਬੁਲੇਟ ਪਰੂਫ਼ ਟਰੈਕਟਰਾਂ ਨੂੰ ਕਬਾੜ ਬਣਾ ਦਿੱਤਾ। ਡਰੈਗਨ ਗੰਨ ਨਾਲ ਟਰੈਕਟਰਾਂ ਦੇ ਕਬਜ਼ੇ ਤੋੜੇ ਤੇ ਉਲਟ ਬਾਜ਼ੀਆਂ ਲਵਾ ਦਿੱਤੀਆਂ। ਇਹ ਦ੍ਰਿਸ਼ ਵੀ ਚਮਕੌਰ ਦੀ ਕੱਚੀ ਗੜ੍ਹੀ ਵਿਚੋਂ ਬਾਹਰ ਨਿਕਲ ਕੇ ਪੰਜ ਸਿੰਘਾਂ ਦੇ ਦਸ ਲੱਖ ਫ਼ੌਜ ਨੂੰ ਵੰਗਾਰ ਕੇ ਸ਼ਹੀਦ ਹੋਣ ਦੇ ਬਰਾਬਰ ਸੀ। ਇਹ ਸਿੰਘਾਂ ਦਾ ਦੁਸ਼ਮਣ ਦੇ ਕਹਿਰੀ ਹਮਲੇ ਨੂੰ ਬਹਾਦਰੀ ਨਾਲ ਰੋਕ ਕੇ ਸ਼ਹਾਦਤ ਪਾਉਣ ਦਾ, ਜਾਂਬਾਜ਼ੀ ਦਾ ਸਿਖਰਾਂ ਛੂੰਹਦਾ ਸ਼ਹਾਦਤ ਦਾ ਅਲੌਕਾਰ ਕਾਰਨਾਮਾ ਸੀ। ਭਾਈ ਗੁਰਦਿਆਲ ਸਿੰਘ ਤੇ ਭਾਈ ਗੁਰਮੁਖ ਸਿੰਘ ਬੱਗਾ ਦਾ ਦੁਸ਼ਮਣ ਨੂੰ ਗੰਭੀਰ ਸਿੱਟੇ ਭੁਗਤਾਉਣ ਦਾ ਜਾਮੇ-ਸ਼ਹਾਦਤ ਪਾਉਣ ਦਾ ਜਜ਼ਬਾ ਸ਼ਹੀਦੀ ਪ੍ਰਾਪਤ ਕਰ ਕੇ ਪ੍ਰਵਾਨ ਚੜ੍ਹਿਆ। ਸ਼ੇਰਦਿਲ ਭਾਈ ਸੀਤਲ ਸਿੰਘ ਮੱਤੇਵਾਲ ਗੋਲੀਆਂ ਲੱਗਣ ਨਾਲ ਸਖ਼ਤ ਜ਼ਖ਼ਮੀ ਹੋ ਗਏ। ਉਹਨਾਂ ਡਰੈਗਨ ਗੰਨ ਨਾਲ ਪੁਜ਼ੀਸ਼ਨ ਸੰਭਾਲੀ ਹੋਈ ਸੀ ਤੇ ਧਰਤੀ 'ਤੇ ਵਿਛੇ ਹੋਏ ਕਮਾਦ ਵਿਚ ਪਏ ਸਨ। ਭਾਈ ਸੀਤਲ ਸਿੰਘ ਦੀ ਤਮੰਨਾ ਸੀ ਕਿ ਦੁਸ਼ਮਣ ਉਸ ਨੂੰ ਸ਼ਹੀਦ ਹੋਇਆ ਸਮਝ ਕੇ ਚੁੱਕਣ ਆਵੇਗਾ ਤੇ ਡਰੈਗਨ ਗੰਨ ਨਾਲ ਉਹ ਦੁਸ਼ਮਣ ਦੀ ਫ਼ੌਜ ਦੇ ਸੱਥਰ ਵਿਛਾ ਦੇਵੇਗਾ। ਬੁਲੇਟ ਪਰੂਫ਼ ਟਰੈਕਟਰਾਂ ਨਾਲ ਪੰਜ ਕਿੱਲੇ ਕਮਾਦ ਵਿਛ ਗਿਆ ਸੀ, ਟਰੈਕਟਰ ਵੀ ਵਿਚੇ ਹੀ ਕਬਾੜ ਬਣੇ ਪਏ ਸਨ। ਸੁਰੱਖਿਆ ਬਲਾਂ ਦੇ ਜਵਾਨ ਭਾਈ ਸੀਤਲ ਸਿੰਘ ਦੀ ਲਾਸ਼ ਚੁੱਕਣ ਲਈ ਅੱਗੇ ਵਧੇ ਤਾਂ ਭਾਈ ਸੀਤਲ ਸਿੰਘ ਦੀ ਡਰੈਗਨ ਗੰਨ ਫਿਰ ਗਰਜੀ, ਅੱਗ ਦੀ ਲਾਟ ਨਿਕਲੀ। ਸੀ.ਆਰ.ਪੀ. ਦੇ ਜਵਾਨਾਂ ਦੇ ਸੱਥਰ ਧਰਤੀ 'ਤੇ ਡਿੱਗੇ। ਦੁਸ਼ਮਣ ਨੇ ਨਿਸ਼ਾਨੇ ਸੇਧ ਕੇ ਭਾਰੀ ਗੋਲਾਬਾਰੀ ਕੀਤੀ, ਭਾਈ ਸੀਤਲ ਸਿੰਘ ਮੱਤੇਵਾਲ ਅੰਨ੍ਹੇਵਾਹ ਗੋਲੀਆਂ ਦੀ ਬੁਛਾੜ ਨਾਲ ਸ਼ਹੀਦ ਹੋ ਗਏ। ਭਾਈ ਸੀਤਲ ਸਿੰਘ ਮੱਤੇਵਾਲ ਦੀ ਡਰੈਗਨ ਗੰਨ ਆਖ਼ਰੀ ਗੋਲੀ ਤਕ ਚੱਲਦੀ ਰਹੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 'ਜ਼ਫਰਨਾਮੇ' ਵਿਚ ਫੁਰਮਾਨ ਹੈ :

ਹਮ ਆਖ਼ਿਰ ਚਿ ਮਰਦੀ ਕੁਨੱਦ ਕਾਰਜ਼ਾਰ ॥
ਕਿ ਬਰ ਚਿਹਲ ਤਨ ਆਇਦਸ਼ ਬੇਸ਼ੁਮਾਰ ॥੪੧॥

ਲੜਾਈ ਦੇ ਮੈਦਾਨ ਵਿਚ ਇਕੱਲੀ ਬਹਾਦਰੀ ਵੀ ਕੀ ਕਰਦੀ, ਜਦੋਂ ਕਿ ਦਸਮੇਸ਼ ਰੈਜਮੈਂਟ ਦੇ ਪੰਜ ਜੁਝਾਰੂ ਸਿੰਘਾਂ ਨੂੰ 30 ਹਜ਼ਾਰ ਤੋਂ ਵੱਧ ਹਿੰਦੁਸਤਾਨੀ ਫ਼ੌਰਸਾਂ ਨੇ ਘੇਰ ਲਿਆ। 36 ਘੰਟੇ ਦੇ ਜ਼ਬਰਦਸਤ ਮੁਕਾਬਲੇ ਵਿੱਚ ਸ਼ਹੀਦ ਹੋਏ ਸਿੰਘਾਂ ਦੇ ਸ਼ਹੀਦੀ ਸਰੀਰਾਂ ਨੂੰ ਸੀ.ਆਰ.ਪੀ. ਤੇ ਪੁਲਿਸ ਵਾਲੇ ਗੱਡੀਆਂ ਵਿੱਚ ਲੱਦ ਕੇ ਰਾਤ 12 ਸਤੰਬਰ ਨੂੰ ਅੰਮ੍ਰਿਤਸਰ ਲੈ ਗਏ। ਮੱਤੇਵਾਲ ਮੁਕਾਬਲੇ ਵਿੱਚ ਹਿੱਸਾ ਲੈ ਕੇ ਮੁੜ ਰਹੇ ਸੁਰੱਖਿਆ ਬਲਾਂ ਉੱਤੇ ਖਾੜਕੂ ਸਿੰਘਾਂ ਨੇ ਹਮਲੇ ਕੀਤੇ। 12 ਸਤੰਬਰ 1991 ਨੂੰ ਪਿੰਡ ਮੱਤੇਵਾਲ ਦੇ ਸਰਪੰਚ ਸ. ਅਮਰੀਕ ਸਿੰਘ ਨੇ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਤੱਕ ਪਹੁੰਚ ਕਰ ਕੇ ਸ਼ਹੀਦਾਂ ਦਾ ਹੱਥੀਂ ਸਸਕਾਰ ਕਰਨ ਦੀ ਇਜਾਜ਼ਤ ਲੈ ਲਈ। ਪ੍ਰਸ਼ਾਸਨ ਨੇ ਸ਼ਹੀਦਾਂ ਦੇ ਪੰਜ-ਪੰਜ ਵਾਰਸ (ਗੁਰਦੁਆਰਾ ਸ਼ਹੀਦਾਂ ਨੇੜੇ) ਸ਼ਮਸ਼ਾਨ ਘਾਟ ਅੰਮ੍ਰਿਤਸਰ ਵਿਚ ਸਸਕਾਰ ਮੌਕੇ ਹਾਜ਼ਰ ਹੋਣ ਦੀ ਆਗਿਆ ਦਿੱਤੀ। ਜਦੋਂ ਲੋਕਾਂ ਨੂੰ ਸਸਕਾਰ ਹੋਣ ਦਾ ਪਤਾ ਲੱਗਾ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤ ਪਹੁੰਚ ਗਈ। ਸਿੱਖ ਸੰਗਤਾਂ ਨੇ ਸ਼ਹੀਦ ਸਿੰਘਾਂ ਦੇ ਦਰਸ਼ਨ ਕੀਤੇ, ਕੇਸਰੀ ਦਸਤਾਰਾਂ ਸਜਾਈਆਂ, ਚਿੱਟੇ ਚੋਲੇ ਕਛਹਿਰੇ ਬਸਤਰ ਸਜਾ ਕੇ ਪੰਜ ਚਿਖਾਂ ਇਕੋ ਸੇਧ 'ਚ ਤਿਆਰ ਕੀਤੀਆਂ। ਸਿੱਖ ਧਰਮ ਦੀ ਰਹਿਤ ਮਰਿਆਦਾ ਅਨੁਸਾਰ ਅਰਦਾਸ ਕਰ ਕੇ ਅੰਤਿਮ ਸੰਸਕਾਰ ਕਰ ਦਿੱਤਾ। ਚਿਖਾ ਨੂੰ ਜਦੋਂ ਸ਼ਹੀਦਾਂ ਦੇ ਵਾਰਸਾਂ ਨੇ ਲਾਂਬੂ ਲਾਇਆ, ਸਿੱਖਾਂ ਨੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਤੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ। ਪੰਜਾਂ ਸ਼ਹੀਦ ਸਿੰਘਾਂ ਦੀ ਆਤਮਿਕ ਸ਼ਾਂਤੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਅਖੰਡ ਪਾਠਾਂ ਦੇ ਭੋਗ ਜਿਥੇ ਦਸਮੇਸ਼ ਰੈਜਮੈਂਟ ਦੇ ਪੰਜ ਜੁਝਾਰੂ ਸ਼ਹੀਦ ਹੋਏ ਸਨ, ਉਸ ਅਸਥਾਨ 'ਤੇ ਪਾਏ ਗਏ। ਲੱਖਾਂ ਸਿੱਖਾਂ ਦਾ ਇਕੱਠ ਅੰਤਿਮ ਅਰਦਾਸ ਵਿਚ ਸ਼ਾਮਲ ਸੀ। ਦਸਮੇਸ਼ ਰੈਜਮੈਂਟ ਦੇ ਸਿੰਘਾਂ ਨੇ ਕਥਾ-ਕੀਰਤਨ ਦੀ ਸੇਵਾ ਨਿਭਾਈ। ਕਵੀਸ਼ਰ ਸਿੰਘਾਂ ਨੇ ਬੀਰ-ਰਸ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਪੰਜਾਂ ਸਿੰਘਾਂ ਦੇ ਫੁੱਲ ਸ੍ਰੀ ਕੀਰਤਪੁਰ ਸਾਹਿਬ ਸੈਂਕੜੇ ਗੱਡੀਆਂ, ਟਰੱਕਾਂ, ਬੱਸਾਂ ਵਿਚ ਜਲੂਸ ਦੀ ਸ਼ਕਲ ਵਿੱਚ ਲਿਜਾ ਕੇ ਜਲ ਪ੍ਰਵਾਹ ਕੀਤੇ ਗਏ।

ਸ: ਹਰਬੰਸ ਸਿੰਘ ਹੌਲਦਾਰ (ਪੰਜਾਬ ਆਰਮਡ ਪੁਲਿਸ) ਕਾਲੀਆ ਸਕੱਤਰਾ

ਨੋਟ—ਲੇਖਕ ਦੀ ਹੇਠ ਲਿਖੀ ਪੇਸ਼ਕਾਰੀ ਨਾਲ ਸਾਡੇ ਸਿਧਾਂਤਕ ਮੱਤਭੇਦ ਹਨ। ਅਸੀਂ ਕਿਤਾਬ ਵਿਚ ਸ਼ਾਮਲ ਜੁਝਾਰੂ ਸਿੰਘਾਂ ਦੀ ਜੀਵਨ ਘਾਲਣਾਂ ਦਾ ਇਸ ਜੀਵਨੀ ਦੇ ਪਾਤਰ ਨਾਲੋਂ ਅਰਸ਼-ਫਰਸ਼ ਦਾ ਵਖਰੇਵਾਂ ਮੰਨਦੇ ਹਾਂ। ਸੰਖੇਪ ਸ਼ਬਦਾਂ ਵਿਚ ਸਿੱਖ ਸੰਘਰਸ਼ ਨਾਲ ਸਬੰਧਤ ਪੁਸਤਕ "ਖਾੜਕੂ ਯੋਧੇ ਭਾਗ ਦੂਜਾ" ਵਿੱਚ ਹਿੰਦੁਸਤਾਨੀ ਫੋਰਸ ਦੇ ਸਿਪਾਹੀ ਦੀ ਜੀਵਨੀ ਸ਼ਾਮਲ ਕਰਨ ਲਈ ਲੇਖਕ ਮਨਿੰਦਰ ਸਿੰਘ ਬਾਜਾ ਖੁਦ ਜਵਾਬਦੇਹ ਹੋਣਗੇ। (M): 94171-29956

ਬੇਨਤੀ ਕਰਤਾ—ਪ੍ਰਕਾਸ਼ਕ ਅਤੇ ਪਰੂਫ ਰੀਡਰ।

ਰਾਖੀ ਦੇਸ਼ ਦੀ ਹੋਵੇ, ਧਰਮ ਦੀ ਹੋਵੇ ਜਾਂ ਕੌਮ ਦੀ ਸਿੰਘ ਹਮੇਸ਼ਾਂ ਹੀ ਬਹਾਦਰੀ ਨਾਲ ਲੜ ਕੇ ਸ਼ਹੀਦ ਹੋਏ ਹਨ। ਜਿੱਥੇ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਪਿੰਡ ਕਾਲੀਆ ਸਕੱਤਰਾ ਦੇ ਸਿੱਖ ਗੱਭਰੂਆਂ ਨੇ ਬੜੀ ਬਹਾਦਰੀ ਨਾਲ ਮੈਦਾਨੇ ਜੰਗ ਵਿੱਚ ਜੂਝ ਕੇ ਸ਼ਹੀਦੀਆਂ ਪ੍ਰਾਪਤ ਕਰਕੇ ਸਿੱਖ ਇਤਿਹਾਸ ਦੇ ਪੰਨਿਆਂ ਵਿੱਚ ਪਿੰਡ ਕਾਲੀਆ ਸਕੱਤਰਾ ਦਾ ਨਾਂ ਲਿਖਿਆ ਹੈ, ਇਸੇ ਤਰ੍ਹਾਂ ਦੇਸ਼ ਦੀ ਸਰਹੱਦ ਕਸ਼ਮੀਰ ਦੇ ਕਾਰਗਿਲ ਸੈਕਟਰ 'ਤੇ ਸਿਰਦਾਰ ਹਰਬੰਸ ਸਿੰਘ ਹੌਲਦਾਰ ਪੰਜਾਬ ਆਰਮਡ ਪੁਲਿਸ ਨੇ ਆਪਣੇ ਤਿੰਨ ਹੋਰ ਸਾਥੀਆਂ ਨਾਲ ਦੇਸ਼ ਦੀ ਸਰਹੱਦ ਦੀ ਰਾਖੀ ਕਰਦਿਆਂ ਪਾਕਿਸਤਾਨੀ ਰੇਂਜਰ ਫੋਰਸ ਨਾਲ ਲੜਦਿਆਂ ਮਾਣਮੱਤਾ ਇਤਿਹਾਸਕ ਕਾਂਡ ਸਿਰਜਦਿਆਂ ਸ਼ਹਾਦਤ ਪ੍ਰਾਪਤ ਕੀਤੀ ਹੈ।

ਸ. ਹਰਬੰਸ ਸਿੰਘ ਦਾ ਜਨਮ ਪਿਤਾ ਸ. ਗੇਜਾ ਸਿੰਘ ਦੇ ਘਰ ਮਾਤਾ ਚੰਦ ਕੌਰ ਦੀ ਕੁੱਖੋਂ ਸੰਨ 1937 ਵਿੱਚ ਪਿੰਡ ਕਾਲੀਆ ਸਕੱਤਰਾ ਤਹਿਸੀਲ ਪੱਟੀ ਜ਼ਿਲ੍ਹਾ ਲਾਹੌਰ (1947) ਤੋਂ ਪਿੱਛੋਂ ਅੰਮ੍ਰਿਤਸਰ ਵਿੱਚ ਹੋਇਆ। ਸ. ਹਰਬੰਸ ਸਿੰਘ ਇਕ ਉੱਚੇ ਲੰਬੇ ਕੱਦ, ਭਰਵੇਂ ਸਰੀਰ ਵਾਲਾ ਗੱਭਰੂ ਹੋਇਆ ਜਿਸ ਸਦਕਾ ਉਹ ਪੀ.ਏ.ਪੀ. (ਪੰਜਾਬ ਆਰਮਡ ਪੁਲਿਸ) ਵਿੱਚ ਭਰਤੀ ਹੋ ਗਿਆ।

ਸ. ਹਰਬੰਸ ਸਿੰਘ ਦੀ ਸ਼ਾਦੀ ਬੀਬੀ ਗੁਰਮੇਜ ਕੌਰ ਪੁੱਤਰੀ ਸ. ਕੱਥਾ ਸਿੰਘ ਵਾਸੀ

ਮਹਿਦੀਪੁਰ ਨਾਲ ਹੋਈ। ਸ. ਹਰਬੰਸ ਸਿੰਘ ਤੇ ਬੀਬੀ ਗੁਰਮੇਜ ਕੌਰ ਦੀ ਸੁਭਾਗੀ ਜੋੜੀ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ। ਵੱਡੇ ਪੁੱਤਰ ਦਾ ਨਾਂ ਗੁਲਜ਼ਾਰ ਸਿੰਘ ਤੇ ਪੁੱਤਰੀ ਦਾ ਨਾਂ ਬਲਵਿੰਦਰ ਕੌਰ ਰੱਖਿਆ ਗਿਆ।

ਅਜੇ ਬੱਚੇ ਛੋਟੇ ਹੀ ਸਨ, ਜਦੋਂ ਸ. ਹਰਬੰਸ ਸਿੰਘ ਹੌਲਦਾਰ ਵਾਲੀ ਪੀ.ਏ.ਪੀ. ਦੀ ਬਟਾਲੀਅਨ ਨੂੰ ਕਸ਼ਮੀਰ ਵਿੱਚ ਕਾਰਗਿਲ ਸੈਕਟਰ ਵਿੱਚ ਤਾਇਨਾਤ ਕੀਤਾ ਗਿਆ ਸੀ।

ਸ. ਹਰਬੰਸ ਸਿੰਘ ਸੰਨ 1958 ਵਿੱਚ ਪੰਜਾਬ ਆਰਮਡ ਪੁਲਿਸ ਵਿੱਚ ਭਰਤੀ ਹੋਏ। ਉਸ ਸਮੇਂ ਪੀ.ਏ.ਪੀ. ਬਾਰਡਰ ਦੀ ਰਾਖੀ ਕਰਿਆ ਕਰਦੀ ਸੀ। ਬੀ.ਐਸ.ਐਫ. (ਬਾਰਡਰ ਸਕਿਉਰਿਟੀ ਫੋਰਸ) ਦੀ ਸਥਾਪਨਾ ਸੰਨ 1965 ਵਿੱਚ ਕੀਤੀ ਗਈ ਸੀ। ਕਸ਼ਮੀਰ ਵਿੱਚ ਸ਼ੇਖ ਅਬਦੁੱਲਾ ਕਸ਼ਮੀਰ ਨੂੰ ਆਜ਼ਾਦ ਕਸ਼ਮੀਰ ਬਣਾਉਣ ਲਈ ਬਗਾਵਤ ਕਰ ਰਿਹਾ ਸੀ ਤੇ ਪਾਕਿਸਤਾਨ ਉਸ ਦੀ ਹਮਾਇਤ ਤੇ ਉਤਸ਼ਾਹ ਦੇ ਰਿਹਾ ਸੀ। ਉਸ ਨੂੰ ਰੋਕਣ ਲਈ ਕਸ਼ਮੀਰ ਦੇ ਕਾਰਗਿਲ ਸੈਕਟਰ ਵਿੱਚ ਸਿੱਖ ਬਟਾਲੀਅਨਾਂ ਲਾਈਆਂ ਗਈਆਂ ਸਨ। ਉਸ ਸਮੇਂ ਪਾਕਿਸਤਾਨੀ ਰੇਂਜਰਾਂ ਵੱਲੋਂ ਭਾਰਤੀ ਬਾਰਡਰ ਸੁਰੱਖਿਆ ਬਲਾਂ ਉੱਪਰ ਕਾਰਗਿਲ ਦੇ ਪਹਾੜੀ ਇਲਾਕਾ ਹੋਣ ਕਰਕੇ ਘਾਤ ਲਾ ਕੇ ਹਮਲੇ ਕੀਤੇ ਜਾਂਦੇ ਸਨ ਤੇ ਹਮਲੇ ਦੌਰਾਨ ਮਾਰੇ ਜਾਣ ਵਾਲੇ ਭਾਰਤੀ ਸੁਰੱਖਿਆ ਬਲਾਂ ਦੇ ਜਵਾਨਾਂ ਦੇ ਸਿਰ ਵੱਢ/ਕੱਟ ਕੇ ਲੈ ਜਾਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਸਨ। ਇਹ ਅਜਿਹੀਆਂ ਘਟਨਾਵਾਂ ਸਨ ਜਿਨ੍ਹਾਂ ਨਾਲ ਭਾਰਤ ਵਿਰੋਧੀਆਂ ਦੇ ਹੌਂਸਲੇ ਵਧਦੇ ਸਨ ਤੇ ਭਾਰਤੀਆਂ ਵਾਸਤੇ ਨਮੋਸ਼ੀ ਦਾ ਕਾਰਨ ਸਨ।

ਜੁਲਾਈ 1964 ਦਾ ਵਾਕਿਆ ਹੈ ਕਿ ਪੀ.ਏ.ਪੀ. ਦੇ ਜਵਾਨ ਉੜੀ ਸੈਕਟਰ ਵਿੱਚ ਸਰਹੱਦ 'ਤੇ ਚਸ਼ਮੇ 'ਤੇ ਇਸ਼ਨਾਨ ਕਰਨ ਗਏ ਤੇ ਉਥੇ ਪਾਕਿਸਤਾਨੀ ਰੇਂਜਰਾਂ ਵੱਲੋਂ ਚਾਰ ਭਾਰਤੀ ਜਵਾਨਾਂ ਸ. ਹਰਬੰਸ ਸਿੰਘ ਹੌਲਦਾਰ, ਸਬ ਇੰਸਪੈਕਟਰ ਪ੍ਰੀਤਮ ਸਿੰਘ ਅਤੇ ਦੋ ਕਾਂਸਟੇਬਲਾਂ ਉੱਤੇ ਅਚਾਨਕ ਹਮਲਾ ਕਰ ਦਿੱਤਾ ਗਿਆ। ਪਾਕਿਸਤਾਨੀ ਰੇਂਜਰਾਂ ਵਲੋਂ ਪੀ.ਏ.ਪੀ. ਦੇ ਚਾਰ ਜਵਾਨਾਂ ਉੱਤੇ ਗੋਲੀਆਂ ਅਤੇ ਬੰਬ ਵਰਸਾਏ ਗਏ। ਇਸ ਗੋਲਾਬਾਰੀ ਵਿੱਚ ਪੀ.ਏ.ਪੀ. ਦੇ ਸਬ ਇੰਸਪੈਕਟਰ ਸ. ਪ੍ਰੀਤਮ ਸਿੰਘ ਤੇ ਦੋ ਕਾਂਸਟੇਬਲ ਸ਼ਹੀਦ ਹੋ ਗਏ ਤੇ ਹੌਲਦਾਰ ਸ. ਹਰਬੰਸ ਸਿੰਘ ਸਖਤ ਜ਼ਖਮੀ ਹੋ ਗਿਆ।

ਪਾਕਿਸਤਾਨੀ ਰੇਂਜਰ ਇਸ ਹਮਲੇ ਦਾ ਸ਼ਿਕਾਰ ਹੋਏ ਭਾਰਤੀ ਜਵਾਨਾਂ ਦੇ ਸਿਰ ਕੱਟ ਕੇ ਲਿਜਾਣਾ ਚਾਹੁੰਦੇ ਸਨ, ਜਦੋਂ ਪਾਕਿਸਤਾਨੀ ਰੇਂਜਰ ਨੇੜੇ ਆਏ ਤਾਂ ਹੌਲਦਾਰ ਸ. ਹਰਬੰਸ ਸਿੰਘ ਜੋ ਜ਼ਖਮੀ ਹੋਇਆ ਸੀ, ਨੇ ਆਪਣੀ ਗੰਨ ਨਾਲ ਫਾਇਰਿੰਗ ਕੀਤੀ, ਜਿਸ ਨਾਲ ਭਾਰਤੀ ਜਵਾਨਾਂ ਦਾ ਸਿਰ ਵੱਢ ਕੇ ਲਿਜਾਣ ਦੇ ਇਰਾਦੇ ਨਾਲ ਆਏ ਪਾਕਿਸਤਾਨੀ ਹਮਲਾਵਰ ਗੋਲੀਆਂ ਦਾ ਸ਼ਿਕਾਰ ਹੋ ਕੇ ਖੁਦ ਲਾਸ਼ਾਂ ਬਣ ਗਏ ਤੇ ਕੁਝ

ਨੇ ਭੱਜ ਕੇ ਜਾਨ ਬਚਾਈ। ਪ੍ਰੰਤੂ ਸ. ਹਰਬੰਸ ਸਿੰਘ ਹੌਲਦਾਰ ਜੋ ਸਰੀਰਕ ਪੱਖੋਂ ਬੜਾ ਜਵਾਨ ਤੇ ਤਕੜਾ ਸੀ ਉਸ ਨੇ ਸਖਤ ਜ਼ਖਮੀ ਹੋਣ ਦੇ ਬਾਵਜੂਦ ਦੁਸ਼ਮਣ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਆਪਣੇ ਹਥਿਆਰ ਦੇ ਨਾਲ ਪਾਕਿਸਤਾਨੀ ਰੇਂਜਰਾਂ ਨੂੰ ਅਜਿਹੀ ਭਾਜੜ ਪਾਈ ਕਿ ਉਹ ਆਪਣੇ ਜ਼ਖਮੀ ਤੇ ਮਾਰੇ ਗਏ ਸਾਥੀਆਂ ਨੂੰ ਵੀ ਚੁੱਕ ਕੇ ਨਾ ਲਿਜਾ ਸਕੇ। ਸ. ਹਰਬੰਸ ਸਿੰਘ ਹੌਲਦਾਰ ਸਖਤ ਜ਼ਖਮੀ ਹੋਣ ਦੇ ਬਾਵਜੂਦ ਦੋ ਘੰਟੇ ਗੋਲੀ ਚਲਾਉਂਦਾ ਰਿਹਾ। ਇੰਨੇ ਚਿਰ ਨੂੰ ਪੀ.ਏ.ਪੀ. ਆਰਮੀ ਦੇ ਹੋਰ ਜਵਾਨ ਪਹੁੰਚ ਗਏ, ਜਿਨ੍ਹਾਂ ਨੇ ਸ਼ਹੀਦ ਹੋਏ ਤਿੰਨਾਂ ਸਿੱਖ ਜਵਾਨਾਂ ਦੀਆਂ ਲਾਸ਼ਾਂ ਨੂੰ ਤੇ ਜ਼ਖਮੀ ਹੌਲਦਾਰ ਸ. ਹਰਬੰਸ ਸਿੰਘ ਨੂੰ ਸੰਭਾਲਿਆ। ਹੌਲਦਾਰ ਸ. ਹਰਬੰਸ ਸਿੰਘ ਨੂੰ ਉੜੀ ਸੈਕਟਰ ਤੋਂ 60 ਕਿਲੋਮੀਟਰ ਦੂਰ ਸ੍ਰੀਨਗਰ ਦੇ ਹਸਪਤਾਲ ਵਿੱਚ ਇਲਾਜ ਵਾਸਤੇ ਦਾਖਲ ਕਰਵਾਇਆ ਗਿਆ।

ਮਹਿਕਮੇ ਵਲੋਂ ਹੌਲਦਾਰ ਸ. ਹਰਬੰਸ ਸਿੰਘ ਦੇ ਜ਼ਖਮੀ ਹੋਣ ਦੀ ਤਾਰ ਪਿੰਡ ਕਾਲੀਆ ਸਕੱਤਰਾ ਵਿੱਚ ਪਿਤਾ ਸ. ਗੇਜਾ ਸਿੰਘ ਨੂੰ ਭੇਜੀ ਗਈ। ਤਾਰ ਮਿਲਣ 'ਤੇ ਪਿਤਾ ਸ. ਗੇਜਾ ਸਿੰਘ ਕਸ਼ਮੀਰ ਦੇ ਸ੍ਰੀਨਗਰ ਸ਼ਹਿਰ ਪਹੁੰਚੇ ਜਿਥੇ ਹੌਲਦਾਰ ਹਰਬੰਸ ਸਿੰਘ ਹਸਪਤਾਲ ਵਿੱਚ ਦਾਖਲ ਸੀ। ਪਿਤਾ ਸ. ਗੇਜਾ ਸਿੰਘ ਸ੍ਰੀਨਗਰ ਦੇ ਹਸਪਤਾਲ ਵਿਚ ਆਪਣੇ 27 ਸਾਲ ਦੇ ਪੁੱਤਰ ਸ. ਹਰਬੰਸ ਸਿੰਘ ਨੂੰ ਮਿਲਿਆ। ਪਿਤਾ-ਪੁੱਤਰ ਨੇ ਗੱਲਾਂ ਵੀ ਕੀਤੀਆਂ। ਪਰੰਤੂ ਹੌਲਦਾਰ ਸ. ਹਰਬੰਸ ਸਿੰਘ ਦੇ ਸਰੀਰ ਵਿੱਚ ਬਹੁਤ ਜ਼ਿਆਦਾ ਗੋਲੀਆਂ ਲੱਗੀਆਂ ਸਨ। ਡਾਕਟਰਾਂ ਦੇ ਇਲਾਜ ਕਰਨ ਦੇ ਬਾਵਜੂਦ ਪਿਤਾ ਜੀ ਦੀ ਮੌਜੂਦਗੀ ਵਿੱਚ ਹੀ ਹੌਲਦਾਰ ਸ. ਹਰਬੰਸ ਸਿੰਘ ਦੀ ਛੇਵੇਂ ਦਿਨ ਹਸਪਤਾਲ ਵਿੱਚ ਮੌਤ ਹੋ ਗਈ ਸੀ।

ਸ਼ਹੀਦ ਹੌਲਦਾਰ ਹਰਬੰਸ ਸਿੰਘ ਦੇ ਸਸਕਾਰ ਮੌਕੇ ਪਿਤਾ ਸ. ਗੇਜਾ ਸਿੰਘ ਮੌਜੂਦ ਸਨ ਤੇ ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਕਾਮਰੇਡ ਰਾਮ ਕ੍ਰਿਸ਼ਨ, ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਮੀਰ ਕਾਸਮ, ਪੀ.ਏ.ਪੀ. ਦੇ ਡਾਇਰੈਕਟਰ ਜਨਰਲ ਸ੍ਰੀ ਅਸ਼ਵਨੀ ਕੁਮਾਰ ਨੇ ਸਸਕਾਰ ਮੌਕੇ ਪਹੁੰਚ ਕੇ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਸਨ। ਸ. ਗੇਜਾ ਸਿੰਘ ਪੁੱਤਰ ਦਾ ਸਸਕਾਰ ਕਰਕੇ ਹੱਥੀਂ ਫੁੱਲ ਚੁਣ ਲਿਆਏ ਸਨ।

ਸ: ਗੇਜਾ ਸਿੰਘ ਨੇ ਆਪਣੇ ਪੁੱਤਰ ਸ਼ਹੀਦ ਹਰਬੰਸ ਸਿੰਘ ਹੌਲਦਾਰ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾ ਕੇ ਆਪਣੇ ਘਰ ਪਿੰਡ ਕਾਲੀਆ ਸਕੱਤਰਾ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਭੋਗ ਪਵਾਇਆ। ਉਸ ਸੰਮੇਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦੀ ਅਰਦਾਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਕਾਮਰੇਡ ਰਾਮ ਕ੍ਰਿਸ਼ਨ ਸ਼ਰਧਾਂਜਲੀ ਭੇਂਟ ਕਰਨ ਲਈ ਕਾਲੀਆ ਸਕੱਤਰਾ ਸ਼ਹੀਦ ਦੇ ਘਰ ਪਹੁੰਚੇ ਸਨ। ਜੱਗਬਾਣੀ ਅਖਬਾਰ ਦਾ ਪ੍ਰੈਸ ਰਿਪੋਟਰ ਜਗਦੀਸ਼

ਲਾਲ ਖੰਨਾ ਵੀ ਪਹੁੰਚਿਆ ਸੀ, ਜਿਸ ਨੇ ਸ਼ਹੀਦ ਹੌਲਦਾਰ ਹਰਬੰਸ ਸਿੰਘ ਦੇ ਪਾਠ ਦੇ ਭੋਗ ਦੀ ਅਰਦਾਸ ਮੌਕੇ ਸ਼ਰਧਾਂਜਲੀ ਸਮਾਗਮ ਦੀ ਅਖਬਾਰ ਨੂੰ ਰਿਪੋਰਟ ਭੇਜੀ ਸੀ। ਉਸ ਨੇ ਆਪਣੇ ਵੱਲੋਂ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਸੀ ਜਿਸ ਕੌਮ ਵਿੱਚ ਸ. ਹਰਬੰਸ ਸਿੰਘ ਵਰਗੇ ਬਹਾਦਰ ਸਿਰਲੱਥ ਯੋਧੇ ਹੋਣ ਉਹ ਕਿਸੇ ਦੇ ਦਬਾਇਆਂ ਨਹੀਂ ਦਬਾਈ ਜਾ ਸਕਦੀ। ਜਿਸ ਤਰ੍ਹਾਂ ਸ਼ਹੀਦ ਹਰਬੰਸ ਸਿੰਘ ਨੇ ਪਾਕਿਸਤਾਨੀ ਰੇਂਜਰਾਂ ਨੂੰ ਭਾਜੜਾਂ ਪਾ ਕੇ ਦਰਸਾ ਦਿੱਤਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਭਾਵੇਂ ਇਕੱਲਾ ਵੀ ਕਿਉਂ ਨਾ ਹੋਵੇ ਪਰੰਤੂ ਉਹ ਆਪਣੇ ਆਪ ਨੂੰ ਇਕੱਲਾ ਕਦੇ ਨਹੀਂ ਸ਼ਮਝਦਾ, ਉਸਦਾ ਗੁਰੂ ਸਦਾ ਉਸਦੇ ਨਾਲ ਹੁੰਦਾ ਹੈ ਤੇ ਉਹ ਆਪਣੇ ਗੁਰੂ ਦੇ ਦੱਸੇ ਰਾਹ 'ਤੇ ਚੱਲਦਿਆਂ ਮੈਦਾਨੇ ਜੰਗ ਵਿੱਚ ਲੱਖਾਂ ਨਾਲ ਮੁਕਾਬਲਾ ਕਰ ਸਕਦਾ ਹੈ। ਸ਼ਹੀਦ ਸ. ਹਰਬੰਸ ਸਿੰਘ ਹੌਲਦਾਰ ਦੀ ਦੇਸ਼ ਦੀ ਸਰਹੱਦ ਦੀ ਰਾਖੀ ਕਰਦਿਆਂ ਬਹਾਦਰੀ ਨਾਲ ਦੁਸ਼ਮਣ ਦਾ ਮੁਕਾਬਲਾ ਕਰਦਿਆਂ ਹੋਈ ਸ਼ਹਾਦਤ ਆਉਣ ਵਾਲੇ ਸਮੇਂ ਵਿੱਚ ਯੋਧਿਆਂ ਲਈ ਪ੍ਰੇਰਨਾ ਤੇ ਮਾਰਗ-ਦਰਸ਼ਨ ਕਰੇਗੀ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਹਰ ਪੱਖੋਂ ਸ਼ਹੀਦ ਦੇ ਪਰਿਵਾਰ ਦੀ ਮਦਦ ਕਰੇ ਕਿਉਂਕਿ ਸ਼ਹੀਦ ਦੇਸ਼ ਅਤੇ ਕੌਮ ਦਾ ਸਰਮਾਇਆ ਹੁੰਦੇ ਹਨ। ਸ਼ਹੀਦਾਂ ਦੇ ਪਰਿਵਾਰ ਦੀ ਸਾਰ ਲੈਣਾ ਸਰਕਾਰ ਦਾ ਫਰਜ਼ ਬਣਦਾ ਹੈ।

ਸ੍ਰੀਨਗਰ ਦੇ ਲਾਲ ਚੌਂਕ ਵਿੱਚ, ਸ਼ਹੀਦ ਹੌਲਦਾਰ ਸ. ਹਰਬੰਸ ਸਿੰਘ, ਸ਼ਹੀਦ ਇੰਸਪੈਕਟਰ ਸ. ਪ੍ਰੀਤਮ ਸਿੰਘ ਅਤੇ ਦੋ ਸ਼ਹੀਦ ਕਾਂਸਟੇਬਲਾਂ ਦੀ ਯਾਦਗਾਰ ਬਣੀ ਹੋਈ ਹੈ। ਸ਼ਹੀਦ ਹੌਲਦਾਰ ਸ. ਹਰਬੰਸ ਸਿਘ ਦੀ ਕੁਰਬਾਨੀ ਨੂੰ ਸਿਜਦਾ ਕਰਦਿਆਂ, ਜਿਸ ਥਾਂ 'ਤੇ ਚਾਰ ਜਵਾਨ ਸ਼ਹੀਦ ਹੋਏ ਸਨ, ਉਸ ਚੌਂਕੀ ਦਾ ਨਾਂ 11 ਸ਼ਹੀਦ ਹੌਲਦਾਰ ਸ. ਹਰਬੰਸ ਸਿੰਘ ਰੱਖਿਆ ਗਿਆ ਹੈ।

ਬੀ.ਐਸ.ਐਫ ਦੇ ਅਫਸਰਾਂ ਅਤੇ ਜਵਾਨਾਂ ਵੱਲੋਂ 26 ਜਨਵਰੀ 2007 ਨੂੰ ਪਿੰਡ ਕਾਲੀਆ ਸਕੱਤਰਾ ਦੇ ਸਰਕਾਰੀ ਸਕੂਲ ਵਿੱਚ ਗਣਤੰਤਰ ਦਿਵਸ ਮੌਕੇ ਸ਼ਹੀਦ ਹੌਲਦਾਰ ਸ. ਹਰਬੰਸ ਸਿੰਘ ਨੂੰ ਯਾਦ ਕਰਦਿਆਂ ਸਮਾਗਮ ਕੀਤਾ ਗਿਆ। ਇਸ ਮੌਕੇ 'ਤੇ ਅੱਜਕਲ੍ਹ ਖੇਮਕਰਨ ਤੋਂ ਪੱਤਰਕਾਰ ਦੀਆਂ ਸੇਵਾਵਾਂ ਨਿਭਾਅ ਰਹੇ ਜੱਗਬਾਣੀ ਦੇ ਪੱਤਰਕਾਰ ਜਗਦੀਸ਼ ਖੰਨਾ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਦਿਨ ਸ਼ਹੀਦ ਦੇ ਭੋਗ ਦੀ ਅਰਦਾਸ ਸੀ, ਮੈਂ ਉਸ ਦਿਨ ਅੰਮ੍ਰਿਤਸਰ ਤੋਂ ਇਥੇ ਰਿਪੋਰਟ ਤਿਆਰ ਕਰਨ ਆਇਆ ਸੀ ਤੇ ਅੱਜ ਫੇਰ 44 ਸਾਲ ਪਿੱਛੋਂ ਹੌਲਦਾਰ ਸ਼ਹੀਦ ਹਰਬੰਸ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਨ ਆਇਆ ਹਾਂ। ਸਕੂਲ ਵਿੱਚ ਜੁੜੇ ਇਲਾਕੇ ਦੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪੱਤਰਕਾਰ ਜਗਦੀਸ਼ ਖੰਨਾ ਨੇ ਕਿਹਾ—ਪਰਮ ਸਤਿਕਾਰ ਯੋਗ ਭੈਣੋ ਤੇ ਭਰਾਵੋ! ਗਣਤੰਤਰ ਦਿਵਸ ਦੀ ਮੈਂ ਤੁਹਾਨੂੰ ਸਾਰਿਆਂ ਨੂੰ ਵਧਾਈ ਦੇਂਦਾ ਹਾਂ। ਮੈਂ ਆਪ ਨੂੰ ਇਹ ਵੀ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਆਪਾਂ ਅੱਜ ਜਿਸ ਤਰੰਗੇ ਨੂੰ ਸਲਾਮੀ

ਦੇ ਰਹੇ ਹਾਂ, ਇਸ ਨੂੰ ਉੱਚਾ ਰੱਖਣ ਵਾਸਤੇ ਇਸ ਪਿੰਡ ਕਾਲੀਆ ਸਕੱਤਰਾ ਦੇ ਪੀ.ਏ.ਪੀ. ਦੇ ਹੌਲਦਾਰ ਸ਼ਹੀਦ ਸ. ਹਰਬੰਸ ਸਿੰਘ ਨੇ ਆਪਣੇ ਸਾਥੀ ਸ. ਪ੍ਰੀਤਮ ਸਿੰਘ ਸਬ ਇੰਸਪੈਕਟਰ ਅਤੇ ਦੋ ਹੋਰ ਜਵਾਨਾਂ ਦੇ ਨਾਲ, ਕਸ਼ਮੀਰ ਦੇ ਉੜੀ ਸੈਕਟਰ ਵਿੱਚ ਸੰਨ 1964 ਵਿੱਚ ਪਾਕਿਸਤਾਨੀ ਰੇਂਜਰਾਂ ਦੀਆਂ ਅਣਮਨੁੱਖੀ ਤੇ ਜ਼ਾਲਮਾਨਾ ਕਾਰਵਾਈਆਂ ਦਾ ਬੜੀ ਬਹਾਦਰੀ ਨਾਲ ਮੁਕਾਬਲਾ ਕਰਦਿਆਂ ਸ਼ਹਾਦਤਾਂ ਦਾ ਜਾਮ ਪੀਤਾ ਸੀ ਤੇ ਤਰੰਗੇ ਦੀ ਸ਼ਾਨ ਨੂੰ ਉੱਚਾ ਰੱਖਿਆ ਸੀ।

ਪਿੰਡ ਕਾਲੀਆ ਸਕੱਤਰਾ ਦੇ ਗੱਭਰੂਆਂ ਨੇ ਹਰ ਆਜ਼ਾਦੀ ਦੀ ਲਹਿਰ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ ਹੈ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ਆਜ਼ਾਦੀ ਲਹਿਰਾਂ ਦੀ ਰੂਪ ਰੇਖਾ ਵੱਖਰੀ-ਵੱਖਰੀ ਹੋ ਸਕਦੀ ਹੈ ਪਰੰਤੂ ਸ਼ਹੀਦ ਸ. ਹਰਬੰਸ ਸਿੰਘ ਨੂੰ ਪਿੰਡ ਕਾਲੀਆ ਸਕੱਤਰਾ ਦਾ ਪਹਿਲਾ ਸ਼ਹੀਦ ਮੰਨਦਾ ਹਾਂ ਤੇ ਇਸ ਸ਼ਹੀਦਾਂ ਦੀ ਧਰਤੀ ਨੂੰ ਪ੍ਰਣਾਮ ਕਰਦਾ ਹੋਇਆ ਸ਼ਹੀਦਾਂ ਨੂੰ ਸ਼ਰਧਾ ਦਾ ਫੁੱਲ ਭੇਂਟ ਕਰਦਾ ਹਾਂ।


ਸ਼ਹੀਦ ਸ. ਹਰਬੰਸ ਸਿੰਘ ਹੌਲਦਾਰ ਦਾ ਪੁੱਤਰ ਸ. ਗੁਲਜ਼ਾਰ ਸਿੰਘ ਪਿੰਡ ਦਾ ਨੰਬਰਦਾਰ ਹੈ ਤੇ ਗੁਰਸਿੱਖੀ ਜੀਵਨ ਵਾਲਾ ਪਰਿਵਾਰ ਹੈ।



ਸ਼ਹੀਦ ਭਾਈ ਸੁਖਦੇਵ ਸਿੰਘ ਝਾਮਕਾ, ਸ਼ਹੀਦ ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਸ਼ਹੀਦ ਭਾਈ ਗੁਰਬਚਨ ਸਿੰਘ ਮਾਨੋਚਾਹਲ,
ਸ਼ਹੀਦ ਬਾਪੂ ਮਲਕੀਤ ਸਿੰਘ ਰਾਜਸਥਾਨੀ, ਸ਼ਹੀਦ ਭਾਈ ਗੁਰਜੀਤ ਸਿੰਘ ਝੋਕ ਹਰੀਹਰ



ਪੰਥਕ ਕਮੇਟੀ ਮੈਂਬਰ ਭਾਈ ਧੰਨਾ ਸਿੰਘ, ਸ਼ਹੀਦ ਭਾਈ ਗੁਰਦੇਵ ਸਿੰਘ ਉਸਮਾਨ ਵਾਲਾ,
ਸ਼ਹੀਦ ਅਰੂੜ ਸਿੰਘ, ਭਾਈ ਵੱਸਣ ਸਿੰਘ ਜੱਫਰਵਾਲ ਅਤੇ ਸ਼ਹੀਦ ਭਾਈ ਗੁਰਬਚਨ ਸਿੰਘ ਮਾਨੋਚਾਹਲ



ਸ਼ਹੀਦ ਭਾਈ ਗੁਰਦੇਵ ਸਿੰਘ ਉਸਮਾਨ ਵਾਲਾ
ਦਮਦਮੀ ਟਕਸਾਲ



ਸ਼ਹੀਦ ਭਾਈ ਨਿਰਮਲ ਸਿੰਘ ਸਮਾਲਸਰ (ਦਮਦਮੀ ਟਕਸਾਲ)ਆਪਣੀ ਮਾਤਾ ਜੀ ਨਾਲ




ਸ਼ਹੀਦ ਭਾਈ ਨਿਰਮਲ ਸਿੰਘ ਸਮਾਲਸਰ (ਦਮਦਮੀ ਟਕਸਾਲ) ਦੇ ਅੰਤਿਮ ਸਸਕਾਰ ਸਮੇਂ




ਸੰਨ 1983 ਵਿਚ ਸ਼ਿਵ ਸੈਨਾ ਫਿਰੋਜ਼ਪੁਰ ਵੱਲੋਂ ਹਿੰਦੂ ਤੋਂ ਸਿੰਘ ਸਜੇ ਸ਼ਹੀਦ ਭਾਈ ਅਜੀਤ ਸਿੰਘ ਹਲਵਾਈ ਗੋਬਰਮੰਡੀ ਫਿਰੋਜ਼ਪੁਰ ਵਿਖੇ ਉਸਦੀ ਦੁਕਾਨ ਦੇ ਸਾਹਮਣੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਪੁਤਲਾ ਸਾੜਨ ਦਾ ਐਲਾਨ ਕੀਤਾ ਤਾਂ ਸ਼ਹੀਦ ਭਾਈ ਹਰਪ੍ਰੀਤ ਸਿੰਘ ਸਾਂਈਆਂ ਵਾਲਿਆਂ ਨੇ ਰਾਤ ਨੂੰ ਆ ਕੇ ਦੱਸਿਆ, ਸ਼ਹੀਦ ਭਾਈ ਦੁਰਗਾ ਸਿੰਘ ਪਰਸ਼ਾਦਾ ਛਕਣ ਲੱਗੇ ਸਨ ਤਾਂ ਸੁਣਦਿਆਂ ਹੀ ਉਨ੍ਹਾਂ ਕਿਹਾ ਕਿ ਪਰਸ਼ਾਦਾ ਫਿਰ ਹੀ ਛਕਾਂਗੇ, ਸੰਤ ਭਿੰਡਰਾਂਵਾਲਿਆਂ ਦੀ ਸ਼ਿਵ ਸੈਨਾ ਵੱਲੋਂ ਬੇਅਦਬੀ ਨਹੀਂ ਹੋਣ ਦਿਆਂਗੇ। ਟਰੈਕਟਰ 'ਤੇ ਰਾਤ ਵੇਲੇ ਹੀ ਸਿੰਘਾਂ ਨੂੰ ਇਕੱਤਰ ਕਰਦੇ ਹੋਏ।




ਸ਼ਹੀਦ ਭਾਈ ਦੁਰਗਾ ਸਿੰਘ
ਆਰਿਫਕੇ ਦਮਦਮੀ ਟਕਸਾਲ




ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ
ਮੁਖੀ ਕੇ.ਐਲ.ਐਫ.




ਸ਼ਹੀਦ ਭਾਈ ਰਸਾਲ ਸਿੰਘ ਆਰਿਫਕੇ
ਦਮਦਮੀ ਟਕਸਾਲ




ਸ਼ਹੀਦ ਭਾਈ ਪਿੱਪਲ ਸਿੰਘ ਉਰਫ ਤੂਫਾਨ
ਪਿੰਡ ਕਾਲੀਆਂ ਸਕੱਤਰਾਂ




ਸ਼ਹੀਦ ਭਾਈ ਸੁਖਵੰਤ ਸਿੰਘ
ਉਸਮਾਨ ਵਾਲਾ ਕੇ.ਸੀ.ਐਫ.



ਸ਼ਹੀਦ ਭਾਈ ਮਾਨ ਸਿੰਘ ਵੈਰੜ
ਪਿੰਡ ਪਿੰਡੀਬਲੋਚਾਂ




ਸ਼ਹੀਦ ਭਾਈ ਗੁਰਵਿੰਦਰ ਸਿੰਘ ਗੋਰਾ
ਦਮਦਮੀ ਟਕਸਾਲ ਪਿੰਡ ਪਿੰਡੀਬਲੋਚਾਂ



ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ
ਉਰਫ਼ ਮੁਸੀਬਤ ਸਿੰਘ ਵੈਰੜ ਕੇ.ਸੀ.ਐਫ.
ਪਿੰਡ ਪਿੰਡੀਬਲੋਚਾਂ




ਸ਼ਹੀਦ ਭਾਈ ਨਾਰ੍ਹ ਸਿੰਘ ਪਾੜਾ, ਭਾਈ ਪਿੱਪਲ ਸਿੰਘ, ਭਾਈ ਸਵਰਨ ਸਿੰਘ,
ਭਾਈ ਅਰਸਾਲ ਸਿੰਘ ਅਤੇ ਸ਼ਹੀਦ ਭਾਈ ਕੇਵਲ ਸਿੰਘ ਦੂਹਲ ਕੋਹਨਾਂ



ਸ਼ਹੀਦ ਭਾਈ ਸੁਖਦੇਵ ਸਿੰਘ
ਸੁੱਖਾ ਕਾਲੀਆਂ ਸਕੱਤਰਾਂ



ਸ਼ਹੀਦ ਭਾਈ ਵਿਰਸਾ ਸਿੰਘ
ਕਾਲੀਆਂ ਸਕੱਤਰਾਂ



ਸ਼ਹੀਦ ਭਾਈ ਗੁਰਮੁਖ ਸਿੰਘ
ਘੋਖਾ



ਸ਼ਹੀਦ ਭਾਈ ਸਵਰਨ ਸਿੰਘ
ਕਾਲੀਆਂ ਸਕੱਤਰਾਂ



ਸ਼ਹੀਦ ਭਾਈ ਸੁਰਜੀਤ ਸਿੰਘ ਦਮਦਮੀ
ਟਕਸਾਲ ਪਿੰਡ ਠੱਠੀ ਜੈਮਲ ਸਿੰਘ



ਸ਼ਹੀਦ ਭਾਈ ਸ਼ਿੰਦਰ ਸਿੰਘ
ਪਿੰਡ ਕਾਲੀਆਂ ਸਕੱਤਰਾਂ



ਸ਼ਹੀਦ ਡਾ. ਸੁਖਦੇਵ ਸਿੰਘ ਸੁੱਖਾ
ਭਾਊ ਕੇ.ਐਲ.ਐਫ.



ਹਵਲਦਾਰ ਹਰਬੰਸ ਸਿੰਘ
ਕਾਲੀਆਂ ਸਕੱਤਰਾਂ



ਸ਼ਹੀਦ ਭਾਈ ਅਕਬਰ ਸਿੰਘ
ਕਾਲੀਆਂ ਸਕੱਤਰਾਂ



ਸ਼ਹੀਦ ਭਾਈ ਬਗੀਚਾ ਸਿੰਘ
ਕਾਲੀਆਂ ਸਕੱਤਰਾਂ



ਸ਼ਹੀਦ ਭਾਈ ਬੋਹੜ ਸਿੰਘ
ਕਾਲੀਆਂ ਸਕੱਤਰਾਂ



ਸ਼ਹੀਦ ਭਾਈ ਗੁਰਮੁਖ ਸਿੰਘ
ਕਾਲੀਆਂ ਸਕੱਤਰਾਂ



ਸ਼ਹੀਦ ਭਾਈ ਗੁਰਨਾਮ ਸਿੰਘ
ਠੱਠੀ ਜੈਮਲ ਸਿੰਘ



ਸ਼ਹੀਦ ਭਾਈ ਗੁਰਸਾਹਿਬ ਸਿੰਘ
ਕਾਲੀਆਂ ਸਕੱਤਰਾਂ



ਸ਼ਹੀਦ ਭਾਈ ਜੋਗਾ ਸਿੰਘ
ਕਾਲਾ ਠੱਠੀ ਜੈਮਲ ਸਿੰਘ



ਸ਼ਹੀਦ ਭਾਈ ਕਾਰਜ ਸਿੰਘ
ਪਿੰਡ ਭੂਰਾ




ਸ਼ਹੀਦ ਭਾਈ ਪਰਗਟ ਸਿੰਘ ਫੌਜੀ
ਸੰਗਤਪੁਰਾ



ਸ਼ਹੀਦ ਭਾਈ ਕਾਰਜ ਸਿੰਘ
ਠੱਠੀ ਜੈਮਲ ਸਿੰਘ



ਸ਼ਹੀਦ ਭਾਈ ਛਿੰਦਾ ਸਿੰਘ
ਕਾਲੀਆਂ ਸਕੱਤਰਾਂ



ਸ਼ਹੀਦ ਭਾਈ ਸੁਖਬੀਰ ਸਿੰਘ
ਕਾਲਾ ਠੱਠੀ ਜੈਮਲ ਸਿੰਘ



ਸ. ਸੁਬੇਗ ਸਿੰਘ



ਸ. ਜੋਰਿੰਦਰ ਸਿੰਘ
ਪਿੰਡ ਠੱਠਗੜ੍ਹ




ਸ. ਕਾਲਾ ਮੇਜਰ ਸਿੰਘ
ਪਿੰਡ ਸਾਂਘਣਾ



ਬਾਪੂ ਜੱਟ
ਪਿੰਡ ਸਾਂਘਣਾ

ਇਹ ਚਾਰੇ ਸਿੰਘ ਬਾਬਾ ਚਰਨ ਸਿੰਘ ਜੀ ਨਾਲ ਸੇਵਾ ਅਤੇ ਉਨ੍ਹਾਂ ਨਾਲ ਮੁਲਾਕਾਤਾਂ ਕਰਦੇ ਰਹੇ।


ਖ਼ਾਲਿਸਤਾਨ ਦਾ ਨਕਸ਼ਾ





ਗੁਰਮਤਿ ਪੁਸਤਕ ਭੰਡਾਰ ਵੱਲੋਂ

ਲੇਖਕ ਮਨਿੰਦਰ ਸਿੰਘ ਬਾਜਾ ਦੀਆਂ ਪ੍ਰਕਾਸ਼ਿਤ ਹੋਰ ਕਿਤਾਬਾਂ



ਪ੍ਰਕਾਸ਼ਕ—

ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)

ਦੁਕਾਨ ਨੰ.: 154-155, ਨਿਊ ਘੰਟਾ ਘਰ ਮਾਰਕੀਟ, ਅੰਮ੍ਰਿਤਸਰ

ਫੋਨ : 0183-2558302 ਮੋਬਾਇਲ : 98726-58302, 98151-61234